# IKKIVIN SADI DE DOOJE DAHAAKE DI PUNJABI GHAZAL DA SAMAAJ-SHAASTARI ADHYAN
# (ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ .ਗਜ਼ਲ ਦਾ ਸਮਾਜ–ਸ਼ਾਸਤਰੀ ਅਧਿਐਨ)

Thesis Submitted for the Award of the Degree of

**DOCTOR OF PHILOSOPHY**

**In**

**PUNJABI**

**By**


**Jagpreet Kaur**

**Registration Number: 11511748**

**Supervised By**

**Dr. Sona (23036)**

**Punjabi (Assistant Professor)**

**Lovely Professional university**




**LOVELY PROFESSIONAL UNIVERSITY, PUNJAB**

**2024**

## ਘੋਸ਼ਣਾ ਪੱਤਰ

ਮੈਂ ਜਗਪ੍ਰੀਤ ਕੌਰ ਇਹ ਬਿਆਨ ਕਰਦੀ ਹਾਂ ਕਿ ‘ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਦਾ ਸਮਾਜ-ਸ਼ਾਸਤਰੀ ਅਧਿਐਨ’ ਵਿਸ਼ੇ ਉੱਤੇ ਕੀਤਾ ਗਿਆ ਖੋਜ-ਪ੍ਰਬੰਧ ਮੇਰਾ ਨਿਰੋਲ ਲਿਖਤੀ ਖੋਜ-ਕਾਰਜ ਹੈ ਅਤੇ ਇਸ ਵਿਚ ਮੇਰਾ ਕੋਈ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ ਹੈ ਜਿਸ ਲਈ ਕਿਸੇ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਇਸ ਤੋਂ ਪਹਿਲਾਂ ਕੋਈ ਡਿਗਰੀ ਜਾਂ ਡਿਪਲੋਮਾ ਪ੍ਰਦਾਨ ਕੀਤਾ ਗਿਆ ਹੋਵੇ।



ਖੋਜਾਰਥਣ
ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ
ਫਗਵਾੜਾ (ਪੰਜਾਬ)
ਰਜਿਸਟ੍ਰੇਸ਼ਨ ਨੰਬਰ: 11511748
ਮਿਤੀ: 20/07/2024

## ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਜਗਪ੍ਰੀਤ ਕੌਰ 'ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਦਾ ਸਮਾਜ-ਸ਼ਾਸਤਰੀ ਅਧਿਐਨ' ਵਿਸ਼ੇ ਉੱਤੇ ਪੀ. ਐਚ. ਡੀ (ਪੰਜਾਬੀ) ਦੀ ਡਿਗਰੀ ਲਈ ਖੋਜ-ਕਾਰਜ ਮੇਰੀ ਨਿਗਰਾਨੀ ਅਧੀਨ ਕੀਤਾ ਗਿਆ ਹੈ। ਇਹ ਖੋਜ-ਕਾਰਜ ਖੋਜਾਰਥਣ ਦਾ ਮੌਲਿਕ ਕਾਰਜ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਪੀ. ਐਚ. ਡੀ ਦੀ ਡਿਗਰੀ ਲਈ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਪ੍ਰਸਤੁਤ ਕਰਨ ਦੀ ਸਿਫ਼ਾਰਿਸ਼ ਕਰਦੀ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਲਈ ਪੇਸ਼ ਨਹੀਂ ਕੀਤਾ ਗਿਆ।

ਨਿਗਰਾਨ: ਡਾ. ਸੋਨਾ<br>
ਸਹਾਇਕ ਪ੍ਰੋਫ਼ੈਸਰ<br>
ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ<br>
ਫਗਵਾੜਾ (ਪੰਜਾਬ)<br>
ਮਿਤੀ:20/07/2024

## ਭੂਮਿਕਾ

ਇਸ ਖੋਜ-ਪ੍ਰਬੰਧ ਦਾ ਵਿਸ਼ਾ **'ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਦਾ ਸਮਾਜ-ਸ਼ਾਸਤਰੀ ਆਧਿਐਨ'** ਹੈ। ਗ਼ਜ਼ਲ ਇਕ ਅਜਿਹੀ ਵਿਧਾ ਹੈ ਜਿਸ ਵਿਚ ਇਕ ਸ਼ਿਅਰ ਵਿਚ ਹੀ ਪੂਰੇ ਵਿਸ਼ੇ ਨੂੰ ਪ੍ਰਗਟ ਕਰਨ ਦੀ ਸੂਝ-ਬੂਝ ਅਤੇ ਸਮਰੱਥਾ ਹੈ। ਗ਼ਜ਼ਲ ਇਕ ਸੁਹਜ ਤੇ ਸੂਖ਼ਮ ਭਾਵਾਂ ਦੀ ਧਾਰਨੀ ਹੈ। ਗ਼ਜ਼ਲ ਮੁੱਢ ਤੋਂ ਹੀ ਮਨੁੱਖ ਦੇ ਅੰਗ-ਸੰਗ ਰਹੀ ਹੈ। ਗ਼ਜ਼ਲ ਦਾ ਜਨਮ ਅਰਬੀ ਫ਼ਾਰਸੀ ਤੋਂ ਆਰੰਭ ਹੋਇਆ। ਇਹ ਆਪਣੇ ਮੁੱਢ ਤੋਂ ਹੁਣ ਤੱਕ ਵੱਖ-ਵੱਖ ਪੜਾਵਾਂ ਵਿਚੋਂ ਗੁਜ਼ਰਦੀ ਹੋਈ ਤਰੱਕੀ ਕਰਦੀ ਨਜ਼ਰ ਆਉਂਦੀ ਹੈ। ਆਰੰਭਲੇ ਦੌਰ ਦੀ ਗ਼ਜ਼ਲ ਔਰਤਾਂ ਦੇ ਹੁਸਨ ਦੀ ਤਾਰੀਫ਼ ਹੀ ਬਟੋਰਦੀ ਸੀ ਪਰ ਅਜੋਕੀ ਗ਼ਜ਼ਲ ਵਿਚ ਵਿਸ਼ੇ ਪੱਖੋਂ ਗਿਣਾਤਮਕ ਅਤੇ ਗੁਣਾਤਮਕ ਤਬਦੀਲੀ ਨਜ਼ਰ ਆਉਂਦੀ ਹੈ ਅਤੇ ਇਹ ਹੋਰ ਸਾਹਿਤਕ ਵਿਧਾਵਾਂ ਨਾਲੋਂ ਵਧੇਰੇ ਨਿਖ਼ਰਦੀ ਜਾ ਰਹੀ ਹੈ। ਪੰਜਾਬੀ ਗ਼ਜ਼ਲ ਵਿਚ ਸਮਾਜ ਵਿਚਲੀਆਂ ਘਟਨਾਵਾਂ ਨੂੰ ਆਪਣੇ ਕਲੇਵਰ ਵਿਚ ਰੱਖਣ ਦੀ ਸਮਰੱਥਾ ਹੈ। ਅਜੋਕੀ ਪੰਜਾਬੀ ਗ਼ਜ਼ਲ ਇਸ਼ਕਾਨਾ, ਪੈਮਾਨਾ, ਸ਼ਬਾਬ, ਸ਼ਰਾਬ ਆਦਿ ਤੋਂ ਕਿਤੇ ਉੱਪਰ ਉੱਠ ਚੁੱਕੀ ਹੈ ਅਤੇ ਸਮਾਜਿਕ ਸਮੱਸਿਆਵਾਂ ਨੂੰ ਆਪਣੇ ਕਲਾਵੇ ਵਿਚ ਸਾਂਭ ਰਹੀ ਹੈ। ਇਸ ਲਈ ਸਾਹਿਤ ਵਿਚ ਗ਼ਜ਼ਲ ਦਾ ਸਮਾਜ-ਸ਼ਾਸਤਰੀ ਅਧਿਐਨ ਵਿਸ਼ਾ ਅਨੁਕੂਲ ਹੈ ਕਿਉਂ ਕਿ ਗ਼ਜ਼ਲ ਸਮਾਜਿਕ ਸਮੱਸਿਆਵਾਂ ਨੂੰ ਪੇਸ਼ ਕਰਦੀ ਹੈ ਅਤੇ ਸਮਾਜ-ਸ਼ਾਸਤਰ ਰਾਹੀਂ ਉਹਨਾਂ ਸਮੱਸਿਆਵਾਂ ਦੇ ਹੱਲ ਵੀ ਲੱਭੇ ਗਏ ਹਨ। ਅਜੋਕੀ ਪੰਜਾਬੀ ਗ਼ਜ਼ਲ ਵਿਚ ਦੀਪਕ ਜੈਤੋਈ, ਸੁਲੱਖਣ ਸਰਹੱਦੀ, ਐਸ. ਤਰਸੇਮ, ਜਗਤਾਰ, ਸੁਰਜੀਤ ਪਾਤਰ, ਗੁਰਭਜਨ ਗਿੱਲ, ਸਤੀਸ਼ ਗੁਲਾਟੀ, ਵਿਜੇ ਵਿਵੇਕ, ਸੁਖਵਿੰਦਰ ਅੰਮ੍ਰਿਤ, ਜਗਵਿੰਦਰ ਜੋਧਾ, ਤਰਲੋਚਨ ਲੋਚੀ, ਅਨੁ ਬਾਲਾ ਆਦਿ ਗ਼ਜ਼ਲਕਾਰਾਂ ਦਾ ਪੰਜਾਬੀ ਗ਼ਜ਼ਲ ਦੇ ਮਿਆਰ ਨੂੰ ਉੱਚਾ ਚੁੱਕਣ ਵਿਚ ਮਹੱਤਵਪੂਰਣ ਹੱਥ ਹੈ। ਇਸ ਤੋਂ ਇਲਾਵਾ ਸਾਡੇ ਪੰਜਾਬੀ ਗ਼ਜ਼ਲਗੋ ਸੁਰਿੰਦਰ ਸੀਰਤ, ਸੁਰਜੀਤ ਸਖੀ, ਗੌਤਮ ਆਦਿ ਹਨ ਜਿਹੜੇ ਵਿਦੇਸ਼ੀ ਧਰਤੀ 'ਤੇ ਰਹਿ ਰਹੇ ਹਨ ਉਹਨਾਂ ਨੇ ਵੀ ਪੰਜਾਬੀ ਗ਼ਜ਼ਲ ਦੇ ਮਿਆਰ ਨੂੰ ਉੱਚਾ ਚੁੱਕਣ ਵਿਚ ਬਹੁਤ ਯੋਗਦਾਨ ਪਾਇਆ ਹੈ।

ਗ਼ਜ਼ਲ ਵਿਚਲੇ ਵਿਭਿੰਨ ਸਮਾਜਿਕ ਸਰੋਕਾਰਾਂ ਨੂੰ ਸਮਝਣ ਲਈ ਗ਼ਜ਼ਲ ਦਾ ਸਮਾਜ-ਸ਼ਾਸਤਰੀ ਅਧਿਐਨ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਸਾਹਿਤ ਦੀ ਉੱਤਪਤੀ ਸਮਾਜਿਕ ਜੀਵਨ ਤੋਂ ਹੁੰਦੀ ਹੈ ਇਸ ਲਈ ਉਸ ਦੀ ਪਰਖ ਅਤੇ ਪਹਿਚਾਣ ਲਈ ਸਮਾਜਿਕ ਪ੍ਰਤੀਮਾਨਾਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਕਿਸੇ ਵੀ ਸਾਹਿਤ ਵਿਧਾ ਦਾ ਸਮਾਜ-ਸ਼ਾਸਤਰੀ ਅਧਿਐਨ ਸਾਹਿਤ ਨੂੰ ਮਹਿਜ਼ ਆਨੰਦ ਦੀ ਵਸਤੂ ਨਾ ਮੰਨ ਕੇ ਉਸ ਨੂੰ ਇਕ ਸਮਾਜਿਕ ਕਰਮ ਮੰਨਦਾ ਹੈ ਅਤੇ ਸਮਾਜਿਕ ਕਰਮ ਹੋਣ ਕਰ ਕੇ ਹੀ ਇਹ ਸਮਾਜਿਕ ਜੀਵਨ ਦੀਆਂ ਅਧਾਰਭੂਤ ਸ਼ਕਤੀਆਂ ਤੋਂ ਪ੍ਰਭਾਵਿਤ ਹੁੰਦਾ ਹੋਇਆ ਸਮਾਜਿਕ ਜੀਵਨ ਦੇ ਰੂਪਾਂਤਰਣ ਵਿਚ ਆਪਣੀ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇਸ ਲਈ ਇਸ ਦਾ ਕਾਰਜ ਖੇਤਰ ਦੂਸਰੀਆਂ ਦ੍ਰਿਸ਼ਟੀਆਂ ਤੋਂ ਵਸੀਹ ਅਤੇ ਵਿਸਤ੍ਰਿਤ ਹੁੰਦਾ ਹੈ। ਸਮਾਜ-ਸ਼ਾਸਤਰ ਸਮਾਜ ਦਾ ਅਧਿਐਨ ਅਤੇ ਵਿਗਿਆਨ ਹੈ।ਸਮਾਜ-ਸ਼ਾਸਤਰ ਸ਼ਤਾਬਦੀਆਂ ਪੁਰਾਣਾ ਸ਼ਾਸਤਰ ਨਹੀਂ ਹੈ। ਬਲਕਿ ਇਹ ਕੁੱਝ ਕ ਦਹਾਕੇ ਪਹਿਲਾਂ ਹੀ ਹੋਂਦ ਵਿਚ ਆਇਆ ਮੰਨਿਆ ਜਾਂਦਾ ਹੈ। ਸਮਾਜ-ਸ਼ਾਸਤਰ ਨੂੰ ਇਕ ਸੁਤੰਤਰ ਵਿਸ਼ੇ ਦੇ ਰੂਪ ਵਿਚ 1837 ਇਸਵੀ ਵਿਚ ਫ਼ਰਾਂਸੀਸੀ ਦਾਰਸ਼ਨਿਕ 'ਅਗਸਤੇ ਕਾਮਤੇ' (Augste Comte)ਨੇ 'ਸਮਾਜ-ਸ਼ਾਸਤਰ' ਸ਼ਬਦ ਦੀ ਵਰਤੋਂ ਕੀਤੀ ਅਤੇ ਇਸ ਦੇ ਵਿਸ਼ੇ ਖੇਤਰ ਅਤੇ ਅਧਿਐਨ ਪ੍ਰਣਾਲੀ ਨੂੰ ਨਿਰਧਾਰਿਤ ਕੀਤਾ।

ਇਸ ਲਈ 'ਅਗਸਤੇ ਕਾਮਤੇ' ਨੂੰ ਸਮਾਜ-ਸ਼ਾਸਤਰ ਦਾ ਜਨਮਦਾਤਾ ਕਿਹਾ ਜਾਵੇ ਤਾਂ ਕੋਈ ਅਤਿਕਤਨੀ ਨਹੀਂ ਹੋਵੇਗੀ। ਉਹਨਾਂ ਨੇ ਆਪਣੀ ਪੁਸਤਕ 'Cours-de-Philosphic-Postive Philosphy' ਵਿਚ ਅਜਿਹੇ ਸਮਾਜਿਕ ਸ਼ਾਸਤਰ ਦੇ ਨਿਰਮਾਣ ਦੀ ਜ਼ਰੂਰਤ ਵੱਲ ਸੰਕੇਤ ਕੀਤਾ ਹੈ ਜੋ ਸਮਾਜਿਕ ਘਟਨਾਵਾਂ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਕਰ ਸਕੇ। ਇਸ ਨੇ ਮਨੁੱਖੀ ਸਮਾਜ ਦੇ ਸਰੂਪ, ਇਸ ਦੇ ਵਾਧੇ ਅਤੇ ਵਿਕਾਸ ਨੂੰ ਨਿਯਮਿਤ ਕਰਨ ਵਾਲੇ ਨਿਯਮਾਂ ਅਤੇ ਸਿਧਾਂਤਾਂ ਬਾਰੇ ਗਿਆਨ ਪ੍ਰਾਪਤ ਕਰਨ ਦੇ ਅਨੇਕ ਯਤਨ ਕੀਤੇ। ਇਹਨਾਂ ਦਾ ਦਾਅਵਾ ਸੀ ਕਿ ਭੌਤਿਕ ਵਰਤਾਰੇ ਦੀ ਤਰ੍ਹਾਂ ਸਮਾਜਿਕ ਵਰਤਾਰੇ ਦਾ ਅਧਿਐਨ ਕਰਨ ਲਈ ਸਾਕਾਰਾਤਮਕ ਢੰਗਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਇਸ ਲਈ 'ਅਗਸਤੇ ਕਾਮਤੇ' ਨੇ ਪਹਿਲਾਂ ਉਸ ਨੂੰ ਸਮਾਜਿਕ ਭੌਤਿਕ ਸ਼ਾਸਤਰ ਅਤੇ ਬਾਅਦ ਵਿਚ ਸਮਾਜ-ਸ਼ਾਸਤਰ ਦਾ ਨਾਮ ਦਿੱਤਾ। ਇਸ ਤੋਂ ਇਲਾਵਾ ਸਮਾਜ-ਸ਼ਾਸਤਰ ਨੂੰ ਹੋਂਦ ਵਿਚ ਲੈ ਕੇ ਆਉਣ ਵਾਲੇ 'ਹਰਬਰਟ ਸਪੈਂਸਰ', 'ਮੈਕਾਇਵਰ ਅਤੇ ਪੇਜ਼', 'ਮੈਕਸ ਵੈਬਰ' ਆਦਿ ਸਮਾਜ-ਸ਼ਾਸਤਰੀ ਹਨ ਜਿਹਨਾਂ ਨੇ 'ਅਗਸਤੇ ਕਾਮਤੇ' ਨੂੰ ਸਹੀ ਦੱਸਿਆ। ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਸਮਾਜ-ਸ਼ਾਸਤਰ ਦੂਜੇ ਸਮਾਜਿਕ ਸ਼ਾਸਤਰਾਂ ਦੇ ਮੁਕਾਬਲੇ ਵਿਚ ਇਕ ਨਵਾਂ ਵਿਗਿਆਨ ਹੈ।ਇਸ ਵਿਗਿਆਨ ਨੇ ਸਮਾਜਿਕ ਜੀਵਨ ਦੇ ਭਿੰਨ-ਭਿੰਨ ਪਹਿਲੂਆਂ ਸਮਾਜਿਕ, ਰਾਜਨੀਤਿਕ, ਆਰਥਿਕ, ਧਾਰਮਿਕ ਆਦਿ ਦਾ ਸੁਤੰਤਰ ਅਧਿਐਨ ਕਰ ਕੇ ਉਸ ਦੀ ਇਕ ਨਿਵੇਕਲੀ ਤਸਵੀਰ ਪੇਸ਼ ਕੀਤੀ।

ਪ੍ਰਸਤੁਤ ਖੋਜ ਕਾਰਜ 'ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਦਾ ਸਮਾਜ-ਸ਼ਾਸਤਰੀ ਅਧਿਐਨ' ਪਹਿਲਾ ਅਧਿਆਇ 'ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਅਤੇ ਸਮਾਜ-ਸ਼ਾਸਤਰ ਦਾ ਸਿਧਾਂਤਕ ਅਧਿਐਨ' ਹੈ। ਜਿਸ ਤਹਿਤ ਗ਼ਜ਼ਲ ਦੇ ਅਰਥ, ਪਰਿਭਾਸ਼ਾਵਾਂ ਅਤੇ ਸਿਧਾਂਤਕ ਪੱਖ ਨੂੰ ਪੇਸ਼ ਕੀਤਾ ਗਿਆ ਹੈ। ਗ਼ਜ਼ਲ ਦੇ ਸਿਧਾਂਤਕ ਪਪਿਪੇਖ ਨੂੰ ਪੇਸ਼ ਕਰਨ ਉਪਰੰਤ ਸਮਾਜ-ਸ਼ਾਸਤਰ ਦੇ ਅਰਥ, ਪਰਿਭਾਸ਼ਾਵਾਂ ਅਤੇ ਸਿਧਾਂਤਕ ਪੱਖ ਨੂੰ ਲਿਆ ਗਿਆ ਹੈ। ਇਸ ਦੇ ਸੰਦਰਭ ਵਿਚ ਸਾਹਿਤ ਦੇ ਸਮਾਜ-ਸ਼ਾਸਤਰ ਸਬੰਧੀ ਚਰਚਾ ਕਰਦਿਆਂ ਵਿਭਿੰਨ ਸਮਾਜ-ਸ਼ਾਸਤਰੀਆਂ ਦੀਆਂ ਪਰਿਭਾਸ਼ਾਵਾਂ ਤੋਂ ਸਮਾਜ-ਸ਼ਾਸਤਰ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

ਖੋਜ ਕਾਰਜ ਦਾ ਦੂਜਾ ਅਧਿਆਇ 'ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਦਾ ਸਮਾਜਿਕ ਅਧਿਐਨ' ਹੈ। ਜਿਸ ਵਿਚ ਸਮਾਜ, ਸਾਹਿਤ ਅਤੇ ਸਮਾਜ ਦਾ ਸਬੰਧਅਤੇ ਸਮਾਜਿਕ ਜੀਵਨ ਦੇ ਪਹਿਲੂਆਂ ਨੂੰ ਸਮਾਜ-ਸ਼ਾਸਤਰ ਦੀ ਕਸਵੱਟੀ 'ਤੇ ਪਰਖਣ ਦੀਆਂ ਵਿਧੀਆਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਭਿਆਚਾਰ, ਪਰਿਵਾਰ: ਬਦਲਦੇ ਰਿਸ਼ਤਿਆਂ ਦਾ ਸਮੀਕਰਨ, ਮਨੁੱਖ ਦਾ ਬਦਲਦਾ ਵਜੂਦ, ਨਿਗੂਣੇ ਰੀਤੀ ਰਿਵਾਜ਼ਾਂ ਦਾ ਖੰਡਨ, ਧਾਰਮਿਕ ਅੰਧ ਵਿਸ਼ਵਾਸਾਂ ਦਾ ਵਿਰੋਧ, ਸਿੱਖਿਆ ਸੰਸਥਾਵਾਂ ਦੀ ਸਮਾਜ ਨਿਰਮਾਣ ਵਿਚ ਭੂਮਿਕਾ ਅਤੇ ਨਾਰੀਵਾਦ ਆਦਿ ਵਿਸ਼ਿਆਂ ਨੂੰ ਲੈ ਕੇ ਵਿਸ਼ੇ ਨਾਲ ਸਬੰਧਤ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਵਿਚੋਂ ਨਿਰੂਪਣ ਕਰਨ ਦਾ ਯਤਨ ਕੀਤਾ ਹੈ। ਇਸ ਅਧਿਆਇ ਵਿਚ ਪੰਜਾਬੀ ਗ਼ਜ਼ਲ ਦਾ ਨਾਰੀਵਾਦ ਦੇ ਪੱਖ ਤੋਂ ਅਧਿਐਨ ਕੀਤਾ ਗਿਆ। ਜਿਸ ਵਿਚ ਅਜੋਕੀ ਔਰਤ ਦੀ ਸਥਿਤੀ ਅਤੇ ਦਲਿਤ ਤੇ ਦਮਿਤ ਔਰਤ ਦੀ ਸਥਿਤੀ ਨੂੰ ਵਿਸ਼ੇ ਨਾਲ ਸਬੰਧਤ ਗ਼ਜ਼ਲਕਾਰਾਂ ਨੇ ਕਿਵੇਂ ਪੇਸ਼ ਕੀਤਾ ਹੈ।

ਖੋਜ ਕਾਰਜ ਦੇ ਤੀਜੇ ਅਧਿਆਇ ਵਿਚ 'ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਦਾ ਆਰਥਿਕ ਪੱਖ ਤੋਂ ਅਧਿਐਨ'ਕੀਤਾ ਹੈ ਜਿਸ ਵਿਚ ਆਰਥਿਕਤਾ ਦੇ ਅਰਥ ਅਤੇ ਪਰਿਭਾਸ਼ਾ ਨੂੰ ਸਮਝਦੇ ਹੋਏ ਸਾਮਾਜਿਕ ਵਰਗ

ਵੰਡ ਅਤੇ ਕਿਰਤ ਦੀ ਲੁੱਟ ਜਿਹੇ ਭੱਖਦੇ ਵਿਸ਼ਿਆਂ ਨੂੰ ਲੈ ਕੇ ਅਜੋਕੀ ਗ਼ਜ਼ਲ ਵਿਚੋਂ ਰੂਪਮਾਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਅਧਿਆਇ ਵਿਚ ਪੰਜਾਬੀ ਗ਼ਜ਼ਲ ਦਾ ਪਰਵਾਸ ਪੱਖ ਤੋਂ ਵੀ ਅਧਿਐਨਕੀਤਾ ਗਿਆ ਜਿਸ ਵਿਚ ਪਰਵਾਸੀ ਸੰਵੇਦਨਾ, ਭੂ-ਹੇਰਵਾ, ਸਭਿਆਚਾਰਕ ਤਣਾਊ, ਪੀੜ੍ਹੀ-ਪਾੜਾ, ਨਸਲੀ ਵਿਤਕਰਾ ਆਦਿ ਵਿਸ਼ਿਆਂ ਨੂੰ ਪੰਜਾਬੀ ਗ਼ਜ਼ਲਕਾਰੀ ਵਿਚੋਂ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ।

ਖੋਜ ਕਾਰਜ ਦੇ ਚੌਥੇ ਅਧਿਆਇ ਵਿਚ 'ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਦਾ ਰਾਜਨੀਤਿਕ ਪੱਖ ਤੋਂ ਅਧਿਐਨ'ਕੀਤਾ ਗਿਆ ਹੈ। ਜਿਸ ਵਿਚ ਰਾਜਸੀ ਸੰਵੇਦਨਾ, ਭ੍ਰਿਸ਼ਟਾਚਾਰ, ਵੋਟ ਬੈਂਕ, ਫਿਰਕਾਪ੍ਰਸਤੀ ਜਿਹੇ ਰਾਜਨੀਤਿਕ ਵਿਸ਼ਿਆਂ ਨੂੰ ਲੈ ਕੇ ਪੰਜਾਬੀ ਗ਼ਜ਼ਲ ਨੂੰ ਸਮਝਣ ਦਾ ਯਤਨ ਕੀਤਾ ਹੈ।

ਖੋਜ ਕਾਰਜ ਦੇ ਅਧਿਆਇ ਪੰਜਵਾਂ ਵਿਚ 'ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਚੋਣਵੇਂ ਪੰਜਾਬੀ ਗ਼ਜ਼ਲਕਾਰਾਂ ਦਾ ਤੁਲਨਾਤਮਕ ਅਧਿਐਨ' ਵਿਚਤੁਲਨਾ ਦਾ ਅਰਥ, ਤੁਲਨਾ ਦੀ ਪਰਿਭਾਸ਼ਾ ਅਤੇ ਤੁਲਨਾ ਦਾ ਸਿਧਾਂਤਕ ਅਧਿਐਨ ਰਾਹੀਂ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਚੋਣਵੇਂ ਗ਼ਜ਼ਲਕਾਰਾਂ ਦੀ ਕਾਵਿ-ਭਾਸ਼ਾ: ਤੁਲਨਾਤਮਕ ਅਧਿਐਨ ਅਤੇ ਚੁਣੇ ਹੋਏ ਗ਼ਜ਼ਲਕਾਰਾਂ ਦੀਆਂ ਰਚਨਾਵਾਂ ਵਿਚ ਪ੍ਰਮੁੱਖ ਸਾਂਝਾਂ ਅਤੇ ਪ੍ਰਮੁੱਖ ਵੱਖਰਤਾਵਾਂ ਨੂੰ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਵਿਚੋਂ ਅਧਿਐਨ ਦਾ ਵਿਸ਼ਾ ਬਣਾਇਆ ਹੈ।

ਪੰਜ ਅਧਿਆਇ ਮੁਕੰਮਲ ਹੋਣ ਤੋਂ ਉਪਰੰਤ ਖੋਜ ਕਾਰਜ ਸਬੰਧੀ ਸਿੱਟੇ ਅਤੇ ਸਥਾਪਨਾਵਾਂ ਨੂੰ ਨਿਸ਼ਕਰਸ਼ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਜਿਹੜੀਆਂ ਪੁਸਤਕਾਂ ਰਾਹੀਂ ਖੋਜ-ਕਾਰਜ ਨੂੰ ਸੰਪੂਰਣ ਕਰਨ ਸਬੰਧੀ ਸਹਾਇਤਾ ਲਈ ਗਈ ਹੈ ਉਹਨਾਂ ਪੁਸਤਕਾਂ ਨੂੰ ਸਹਾਇਕ ਪੁਸਤਕ ਸੂਚੀ ਦੇ ਸੰਦਰਭ ਵਿਚ ਰੱਖਿਆ ਗਿਆ ਹੈ। ਉਪਰੋਕਤ ਖੋਜ-ਕਾਰਜ ਦੀ ਸਿਰਜਣਾ ਦੌਰਾਨ ਖੋਜ-ਵਿਧੀ ਦੀਆਂ ਸੀਮਾਵਾਂ ਵਿਚ ਰਹਿਣ ਦਾ ਯਤਨ ਕੀਤਾ ਗਿਆ ਹੈ ਅਤੇ ਖੋਜ ਵਿਸ਼ੇ ਦੀ ਸੀਮਾ ਵਿਚ ਰਹਿੰਦੇ ਹੋਏ ਆਪਣੀ ਯੋਗਤਾ ਅਤੇ ਸਮਰੱਥਾ ਅਨੁਸਾਰ ਖੋਜ-ਪ੍ਰਬੰਧ ਨੂੰ ਮੁਕੰਮਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਹੱਥਲੇ ਖੋਜ-ਪ੍ਰਬੰਧ ਦੇ ਵਿਸ਼ੇ ਅਤੇ ਇਸ ਦੇ ਮੁਕੰਮਲ ਹੋਣ ਤੱਕ ਦੀ ਪ੍ਰਕਿਰਿਆ ਦੌਰਾਨ ਸਭ ਤੋਂ ਪਹਿਲਾਂ ਤਾਂ ਮੈਂ ਉਸ ਵਾਹਿਗੁਰੂ ਜੀ ਦਾ ਬਹੁਤ-ਬਹੁਤ ਧੰਨਵਾਦ ਕਰਦੀ ਹਾਂ ਕਿ ਜਿਨ੍ਹਾਂ ਨੇ ਇਸ ਕਾਰਜ ਨੂੰ ਸੰਪੂਰਨ ਕਰਵਾਉਣ ਦਾ ਬਲ ਬਖ਼ਸ਼ਿਆ।

ਮੈਂ ਧੰਨਵਾਦ ਕਰਦੀ ਹਾਂ ਆਪਣੇ ਵਿਭਾਗ ਦੇ ਮੁਖੀ ਡਾ. ਕਿਰਨਦੀਪ ਸਿੰਘ ਜੀ ਅਤੇ ਡਾ. ਹਰਪ੍ਰੀਤ ਸਿੰਘ ਜੀ ਦਾ ਜਿਨ੍ਹਾਂ ਨੇ ਮੈਨੂੰ ਇਹ ਖੋਜ-ਕਾਰਜ ਦਾ ਵਿਸ਼ਾ ਸੁਝਾਉਣ ਵਿਚ ਮੇਰੀ ਮਦਦ ਕੀਤੀ, ਮੈਂ ਨਾਲ ਹੀ ਆਰ. ਡੀ. ਸੀ ਮੈਂਬਰਾਂ ਦਾ ਜਿਨ੍ਹਾਂ ਨੇ ਮੈਨੂੰ ਖੋਜ ਦੇ ਵਿਸ਼ੇ ਤੇ ਖੋਜ ਕਰਨ ਦੀ ਪ੍ਰਵਾਨਗੀ ਦਿੱਤੀ।

ਮੈਂ ਬਹੁਤ ਹੀ ਜ਼ਿਆਦਾ ਧੰਨਵਾਦੀ ਹਾਂ ਆਪਣੇ ਗਾਇਡ ਡਾ. ਸੋਨਾ ਜੀ ਦੀ ਜਿਨ੍ਹਾਂ ਨੇ ਮੈਨੂੰ ਇਹ ਖੋਜ-ਕਾਰਜ ਕਰਨ ਲਈ ਬਹੁਤ ਪ੍ਰੇਰਿਤ ਕੀਤਾ ਅਤੇ ਹਰ ਪਲ ਮੇਰਾ ਮਾਰਗ ਦਰਸ਼ਨ ਕੀਤਾ।

ਮੈਂ ਖ਼ਾਸ ਤੌਰ ਤੇ ਧੰਨਵਾਦੀ ਹਾਂ ਡਾ. ਪਵਿੱਤਰ ਪ੍ਰਕਾਸ਼ ਜੀ ਦਾ, ਡਾ. ਵਿਨੋਦ ਜੀ (ਮੁਖੀ, ਹਿੰਦੀ ਵਿਭਾਗ) ਦਾ ਅਤੇ ਮੈਂ ਹਮੇਸ਼ਾ ਰਿਣੀ ਰਹਾਂਗੀ ਆਪਣੇ ਪਿਤਾ ਜੀ ਸ. ਦਰਸ਼ਨ ਸਿੰਘ ਜੀ ਅਤੇ ਮਾਤਾ ਰਸ਼ਪਾਲ ਕੌਰ ਜੀ ਦਾ ਜਿਨ੍ਹਾਂ ਦੇ ਦਿੱਤੇ ਹੌਂਸਲੇ ਕਾਰਨ ਹੀ ਮੈਂ ਆਪਣੇ ਸੁਪਨੇ ਸਾਕਾਰ ਕਰ ਸਕਣ ਦੇ ਸਮਰੱਥ ਹੋਈ ਹਾਂ।ਉਪਰੋਕਤ ਵਿਦਵਾਨਾਂ,

ਪਰਿਵਾਰਿਕ ਮੈਂਬਰਾਂ ਤੋਂ ਮਿਲੀ ਪ੍ਰੇਰਣਾ ਸਦਕਾ ਹੀ ਇਹ ਖੋਜ-ਪ੍ਰਬੰਧ ਆਪਣੇ ਮੁਕੰਮਲ ਰੂਪ ਵਿਚ ਸਭ ਦੇ ਦ੍ਰਿਸ਼ਟੀਗੋਚਰ ਹੋਇਆ ਹੈ।

## ਤਤਕਰਾ

**ਭੂਮਿਕਾ:** 1-4

**ਅਧਿਆਇ ਪਹਿਲਾ**

1. **ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਅਤੇ ਸਮਾਜ-ਸ਼ਾਸਤਰ ਦਾ ਸਿਧਾਂਤਕ ਅਧਿਐਨ** 5-67

1.1 ਭੂਮਿਕਾ

1.2 ਖੋਜ ਦੇ ਉਦੇਸ਼

1.3 ਖੋਜ ਵਿਧੀਆਂ

1.4 ਖੋਜ ਨਾਲ ਸੰਬੰਧਤ ਪਹਿਲਾਂ ਹੋ ਚੁੱਕਿਆ ਖੋਜ-ਕਾਰਜ

1.5 ਗ਼ਜ਼ਲ: ਸਿਧਾਂਤਕ ਅਤੇ ਇਤਿਹਾਸਿਕ ਪਰਿਪੇਖ

1.5.1 ਗ਼ਜ਼ਲ: ਪਰਿਭਾਸ਼ਾਵਾਂ

1.5.2 ਗ਼ਜ਼ਲ ਦੀ ਸਿਧਾਂਤਕ ਉਸਾਰੀ

1.5.3 ਪੰਜਾਬੀ ਗ਼ਜ਼ਲ ਦਾ ਇਤਿਹਾਸ

1.6 ਸਮਾਜ ਸ਼ਾਸਤਰ: ਜਾਣ-ਪਛਾਣ

1.6.1 ਸਮਾਜ-ਸ਼ਾਸਤਰ: ਪਰਿਭਾਸ਼ਾਵਾਂ

1.6.2 ਸਮਾਜ-ਸ਼ਾਸਤਰ: ਵਿਸ਼ਾ ਖ਼ੇਤਰ

1.6.3 ਸਮਾਜ ਸ਼ਾਸਤਰੀ ਅਧਿਐਨ ਵਿਧੀ: ਵਿਗਿਆਨਕ ਉਸਾਰੀ

1.6.4 ਸਮਾਜ-ਸ਼ਾਸਤਰ ਅਤੇ ਮਨੋਵਿਗਿਆਨ

1.6.5 ਮਨੁੱਖ ਅਤੇ ਸਮਾਜ: ਅੰਤਰ ਸਬੰਧ

1.6.6 ਸਮਾਜ ਅਤੇ ਸਭਿਆਚਾਰ

1.6.7 ਸਮਾਜ-ਸ਼ਾਸਤਰ: ਸਿਧਾਂਤਕ ਪੱਖ

1.6.8 ਸਾਹਿਤ ਅਤੇ ਸਮਾਜ: ਅੰਤਰ ਸਬੰਧ

**ਅਧਿਆਇ ਦੂਜਾ**

2. **ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਦਾ ਸਮਾਜਿਕ ਅਧਿਐਨ** 68-138

2.1 ਮਨੁੱਖ ਅਤੇ ਸਮਾਜ

2.2 ਪਰਿਭਾਸ਼ਾ

2.3 ਪਰਿਵਾਰ: ਬਦਲਦੇ ਰਿਸ਼ਤਿਆਂ ਦਾ ਸਮੀਕਰਨ

2.4 ਮਨੁੱਖ ਦਾ ਬਦਲਦਾ ਵਜੂਦ

2.5 ਨਿਗੂਣੇ ਰੀਤੀ-ਰਿਵਾਜ਼ਾਂ ਦਾ ਖੰਡਨ

2.6 ਧਾਰਮਿਕ ਅੰਧ ਵਿਸ਼ਵਾਸਾਂ ਦਾ ਵਿਰੋਧ

2.7 ਸਿੱਖਿਆ ਸੰਸਥਾਵਾਂ ਦੀ ਸਮਾਜ ਨਿਰਮਾਣ ਵਿਚ ਭੂਮਿਕਾ

2.8 ਇਕੱਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਵਿਚ ਨਾਰੀਵਾਦੀ ਅਧਿਐਨ

**ਅਧਿਆਇ ਤੀਜਾ**

**3. ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਦਾ ਆਰਥਿਕ ਅਧਿਐਨ** 139-179

3.1 ਆਰਥਿਕਤਾ: ਅਰਥ ਅਤੇ ਪਰਿਭਾਸ਼ਾ

3.2 ਕਿਰਤ ਦੀ ਲੁੱਟ

3.3 ਮਜ਼ਦੂਰ ਵਰਗ

3.4 ਅਮੀਰ-ਗਰੀਬ ਵਿਚਲਾ ਪਾੜਾ

3.5 ਕਿਸਾਨੀ ਖ਼ੁਦਕੁਸ਼ੀ

3.6 ਪਰਵਾਸੀ ਸੰਵੇਦਨਾ

3.7 ਭੂ-ਹੇਰਵਾ

3.8 ਸਭਿਆਚਾਰਕ ਤਣਾਊ

**ਅਧਿਆਇ ਚੌਥਾ**

**4. ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਦਾ ਰਾਜਨੀਤਿਕ ਅਧਿਐਨ** 180-218

4.1 ਰਾਜਨੀਤੀ: ਅਰਥ ਅਤੇ ਪਰਿਭਾਸ਼ਾ

4.2 ਰਾਜਸੀ ਵਰਤਾਰਾ

4.3 ਭ੍ਰਿਸ਼ਟਾਚਾਰ

4.4 ਵੋਟਬੈਂਕ

4.5 ਫਿਰਕਾਪ੍ਰਸਤੀ

**ਅਧਿਆਇ ਪੰਜਵਾਂ**

**ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਚੋਣਵੇਂ ਪੰਜਾਬੀ ਗ਼ਜ਼ਲਕਾਰਾਂ ਦਾ ਤੁਲਨਾਤਮਕ ਅਧਿਐਨ** 219-264

5.1 ਤੁਲਨਾ: ਅਰਥ ਅਤੇ ਪਰਿਭਾਸ਼ਾ

5.2 ਤੁਲਨਾ: ਸਿਧਾਂਤਕ ਅਤੇ ਇਤਿਹਾਸਿਕ ਅਧਿਐਨ

5.3 ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਚੋਣਵੇਂ ਗ਼ਜ਼ਲਕਾਰਾਂ ਦੀ ਕਾਵਿ-ਭਾਸ਼ਾ: ਤੁਲਨਾਤਮਕ ਅਧਿਐਨ

5.3.1 ਚੁਣੇ ਹੋਏ ਗ਼ਜ਼ਲਕਾਰ: ਪ੍ਰਮੁੱਖ ਸਾਂਝਾਂ

5.3.2 ਚੁਣੇ ਹੋਏ ਗ਼ਜ਼ਲਕਾਰ:ਪ੍ਰਮੁੱਖ ਵੱਖਰਤਾਵਾਂ

**ਗ਼ਜ਼ਲਕਾਰਾਂ ਨਾਲ ਮੁਲਾਕਾਤਾਂ ਅਤੇ ਉਹਨਾਂ ਦਾ ਸਾਹਿਤਕ ਸਫ਼ਰ** 265-298

**ਸਿੱਟੇ ਅਤੇ ਸਥਾਪਨਾਵਾਂ** 299-302

**ਸਹਾਇਕ ਪੁਸਤਕ ਸੂਚੀ** 303-305

## ਅਧਿਆਇ: ਪਹਿਲਾ

## ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਅਤੇ ਸਮਾਜ-ਸ਼ਾਸਤਰ ਦਾ ਸਿਧਾਂਤਕ ਅਧਿਐਨ

### 1.1 ਭੂਮਿਕਾ

ਇਸ ਖੋਜ-ਪ੍ਰਬੰਧ ਦਾ ਵਿਸ਼ਾ **'ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਦਾ ਸਮਾਜ-ਸ਼ਾਸਤਰੀ ਅਧਿਐਨ'** ਹੈ। ਗ਼ਜ਼ਲ ਇਕ ਅਜਿਹੀ ਵਿਧਾ ਹੈ ਜਿਸ ਵਿਚ ਇਕ ਸ਼ਿਅਰ ਵਿਚ ਹੀ ਪੂਰੇ ਵਿਸ਼ੇ ਨੂੰ ਪ੍ਰਗਟ ਕਰਨ ਦੀ ਸੂਝ-ਬੂਝ ਅਤੇ ਸਮਰੱਥਾ ਨੂੰ ਪੇਸ਼ ਕੀਤਾ ਜਾਂਦਾ ਹੈ। ਗ਼ਜ਼ਲ ਸੁਹਜ ਤੇ ਸੂਖ਼ਮ ਭਾਵਾਂ ਦੀ ਧਾਰਨੀ ਹੈ। ਗ਼ਜ਼ਲ ਮੁੱਢ ਤੋਂ ਹੀ ਮਨੁੱਖ ਦੇ ਅੰਗ-ਸੰਗ ਰਹੀ ਹੈ। ਗ਼ਜ਼ਲ ਦਾ ਜਨਮ ਅਰਬੀ ਫ਼ਾਰਸੀ ਤੋਂ ਆਰੰਭ ਹੋਇਆ। ਇਹ ਆਪਣੇ ਮੁੱਢ ਤੋਂ ਹੁਣ ਤੱਕ ਵੱਖ-ਵੱਖ ਪੜਾਵਾਂ ਵਿਚੋਂ ਗੁਜ਼ਰਦੀ ਹੋਈ ਤਰੱਕੀ ਕਰਦੀ ਨਜ਼ਰ ਆਉਂਦੀ ਹੈ। ਆਰੰਭਲੇ ਦੌਰ ਦੀ ਗ਼ਜ਼ਲ ਔਰਤਾਂ ਦੇ ਹੁਸਨ ਦੀ ਤਾਰੀਫ਼ ਹੀ ਬਟੋਰਦੀ ਸੀ ਪਰ ਅਜੋਕੀ ਗ਼ਜ਼ਲ ਵਿਚ ਵਿਸ਼ੇ ਪੱਖੋਂ ਗਿਣਾਤਮਕ ਅਤੇ ਗੁਣਾਤਮਕ ਤਬਦੀਲੀ ਨਜ਼ਰ ਆਉਂਦੀ ਹੈ ਅਤੇ ਇਹ ਹੋਰ ਸਾਹਿਤਕ ਵਿਧਾਵਾਂ ਨਾਲੋਂ ਵਧੇਰੇ ਨਿਖ਼ਰਦੀ ਜਾ ਰਹੀ ਹੈ। ਪੰਜਾਬੀ ਗ਼ਜ਼ਲ ਵਿਚ ਸਮਾਜ ਵਿਚਲੀਆਂ ਘਟਨਾਵਾਂ ਨੂੰ ਆਪਣੇ ਕਲੇਵਰ ਵਿਚ ਰੱਖਣ ਦੀ ਸਮਰੱਥਾ ਹੈ। ਅਜੋਕੀ ਪੰਜਾਬੀ ਗ਼ਜ਼ਲ ਇਸ਼ਕਾਨਾ, ਪੈਮਾਨਾ, ਸ਼ਬਾਬ, ਸ਼ਰਾਬ ਆਦਿ ਤੋਂ ਕਿਤੇ ਉੱਪਰ ਉੱਠ ਚੁੱਕੀ ਹੈ ਅਤੇ ਸਮਾਜਿਕ ਸਮੱਸਿਆਵਾਂ ਨੂੰ ਆਪਣੇ ਕਲਾਵੇ ਵਿਚ ਸਾਂਭ ਰਹੀ ਹੈ। ਇਸ ਲਈ ਸਾਹਿਤ ਵਿਚ ਗ਼ਜ਼ਲ ਦਾ ਸਮਾਜ-ਸ਼ਾਸਤਰੀ ਅਧਿਐਨ ਵਿਸ਼ਾ ਅਨੁਕੂਲ ਹੈ ਕਿਉਂਕਿ ਗ਼ਜ਼ਲ ਸਮਾਜਿਕ ਸਮੱਸਿਆਵਾਂ ਨੂੰ ਪੇਸ਼ ਕਰਦੀ ਹੈ ਅਤੇ ਸਮਾਜ-ਸ਼ਾਸਤਰ ਰਾਹੀਂ ਉਹਨਾਂ ਸਮੱਸਿਆਵਾਂ ਦੇ ਹੱਲ ਵੀ ਲੱਭੇ ਗਏ ਹਨ। ਅਜੋਕੀ ਪੰਜਾਬੀ ਗ਼ਜ਼ਲ ਵਿਚ ਦੀਪਕ ਜੈਤੋਈ, ਸੁਲੱਖਣ ਸਰਹੱਦੀ, ਐਸ. ਤਰਸੇਮ, ਜਗਤਾਰ, ਸੁਰਜੀਤ ਪਾਤਰ, ਗੁਰਭਜਨ ਗਿੱਲ, ਸਤੀਸ਼ ਗੁਲਾਟੀ, ਵਿਜੇ ਵਿਵੇਕ, ਸੁਖਵਿੰਦਰ ਅੰਮ੍ਰਿਤ, ਜਗਵਿੰਦਰ ਜੋਧਾ, ਤਰਲੋਚਨ ਲੋਚੀ, ਅਨੂ ਬਾਲਾ ਆਦਿ ਗ਼ਜ਼ਲਕਾਰਾਂ ਦਾ ਪੰਜਾਬੀ ਗ਼ਜ਼ਲ ਦੇ ਮਿਆਰ ਨੂੰ ਉੱਚਾ ਚੁੱਕਣ ਵਿਚ ਮਹੱਤਵਪੂਰਣ ਹੱਥ ਹੈ। ਇਸ ਤੋਂ ਇਲਾਵਾ ਸਾਡੇ ਪੰਜਾਬੀ ਗ਼ਜ਼ਲਗੋ ਸੁਰਿੰਦਰ ਸੀਰਤ, ਸੁਰਜੀਤ ਸਖੀ, ਗੌਤਮ ਆਦਿ ਹਨ ਜਿਹੜੇ ਵਿਦੇਸ਼ੀ ਧਰਤੀ 'ਤੇ ਰਹਿ ਰਹੇ ਹਨ ਉਹਨਾਂ ਨੇ ਵੀ ਪੰਜਾਬੀ ਗ਼ਜ਼ਲ ਦੇ ਮਿਆਰ ਨੂੰ ਉੱਚਾ ਚੁੱਕਣ ਵਿਚ ਬਹੁਤ ਯੋਗਦਾਨ ਪਾਇਆ ਹੈ।

ਗ਼ਜ਼ਲ ਵਿਚਲੇ ਵਿਭਿੰਨ ਸਮਾਜਿਕ ਸਰੋਕਾਰਾਂ ਨੂੰ ਸਮਝਣ ਲਈ ਗ਼ਜ਼ਲ ਦਾ ਸਮਾਜ-ਸ਼ਾਸਤਰੀ ਅਧਿਐਨ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਸਾਹਿਤ ਦੀ ਉੱਤਪਤੀ ਸਮਾਜਿਕ ਜੀਵਨ ਤੋਂ ਹੁੰਦੀ ਹੈ ਇਸ ਲਈ ਉਸ ਦੀ ਪਰਖ ਅਤੇ ਪਹਿਚਾਣ ਲਈ ਸਮਾਜਿਕ ਪ੍ਰਤੀਮਾਨਾਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਕਿਸੇ ਵੀ ਸਾਹਿਤ ਵਿਧਾ ਦਾ ਸਮਾਜ-ਸ਼ਾਸਤਰੀ ਅਧਿਐਨ ਸਾਹਿਤ ਨੂੰ ਮਹਿਜ਼ ਆਨੰਦ ਦੀ ਵਸਤੂ ਨਾ ਮੰਨ ਕੇ ਉਸ ਨੂੰ ਇਕ ਸਮਾਜਿਕ ਕਰਮ ਮੰਨਦਾ ਹੈ ਅਤੇ ਸਮਾਜਿਕ ਕਰਮ ਹੋਣ ਕਰ ਕੇ ਹੀ ਇਹ ਸਮਾਜਿਕ ਜੀਵਨ ਦੀਆਂ ਅਧਾਰਭੂਤ ਸ਼ਕਤੀਆਂ ਤੋਂ ਪ੍ਰਭਾਵਿਤ ਹੁੰਦਾ ਹੋਇਆ ਸਮਾਜਿਕ ਜੀਵਨ ਦੇ ਰੂਪਾਂਤਰਣ ਵਿਚ ਆਪਣੀ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇਸ ਲਈ ਇਸ ਦਾ ਕਾਰਜ ਖੇਤਰ ਦੂਸਰੀਆਂ ਦ੍ਰਿਸ਼ਟੀਆਂ ਤੋਂ ਵਸੀਹ ਅਤੇ ਵਿਸਤ੍ਰਿਤ ਹੁੰਦਾ ਹੈ। ਸਮਾਜ-ਸ਼ਾਸਤਰ ਸਮਾਜ ਦਾ

ਅਧਿਐਨ ਅਤੇ ਵਿਗਿਆਨ ਹੈ। ਸਮਾਜ-ਸ਼ਾਸਤਰ ਸ਼ਤਾਬਦੀਆਂ ਪੁਰਾਣਾ ਸ਼ਾਸਤਰ ਨਹੀਂ ਹੈ। ਬਲਕਿ ਇਹ ਕੁੱਝ ਕੁ ਦਹਾਕੇ ਪਹਿਲਾਂ ਹੀ ਹੋਂਦ ਵਿਚ ਆਇਆ ਮੰਨਿਆ ਜਾਂਦਾ ਹੈ। ਸਮਾਜ-ਸ਼ਾਸਤਰ ਨੂੰ ਇਕ ਸੁਤੰਤਰ ਵਿਸ਼ੇ ਦੇ ਰੂਪ ਵਿਚ 1837 ਈਸਵੀ ਵਿਚ ਫ਼ਰਾਂਸੀਸੀ ਦਾਰਸ਼ਨਿਕ 'ਅਗਸਤੇ ਕਾਮਤੇ' (Augste Comte) ਨੇ 'ਸਮਾਜ-ਸ਼ਾਸਤਰ' ਸ਼ਬਦ ਦੀ ਵਰਤੋਂ ਕੀਤੀ ਅਤੇ ਇਸ ਦੇ ਵਿਸ਼ੇ ਖੇਤਰ ਅਤੇ ਅਧਿਐਨ ਪ੍ਰਣਾਲੀ ਨੂੰ ਨਿਰਧਾਰਿਤ ਕੀਤਾ। ਇਸ ਲਈ 'ਅਗਸਤੇ ਕਾਮਤੇ' ਨੂੰ ਸਮਾਜ-ਸ਼ਾਸਤਰ ਦਾ ਜਨਮਦਾਤਾ ਕਿਹਾ ਜਾਵੇ ਤਾਂ ਕੋਈ ਅਤਿਕਤਨੀ ਨਹੀਂ ਹੋਵੇਗੀ। ਉਹਨਾਂ ਨੇ ਆਪਣੀ ਪੁਸਤਕ 'Cours-de-Philosphic-Postive Philosphy' ਵਿਚ ਅਜਿਹੇ ਸਮਾਜਿਕ ਸ਼ਾਸਤਰ ਦੇ ਨਿਰਮਾਣ ਦੀ ਜ਼ਰੂਰਤ ਵੱਲ ਸੰਕੇਤ ਕੀਤਾ ਹੈ ਜੋ ਸਮਾਜਿਕ ਘਟਨਾਵਾਂ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਕਰ ਸਕੇ। ਇਸ ਨੇ ਮਨੁੱਖੀ ਸਮਾਜ ਦੇ ਸਰੂਪ, ਇਸ ਦੇ ਵਾਧੇ ਅਤੇ ਵਿਕਾਸ ਨੂੰ ਨਿਯਮਿਤ ਕਰਨ ਵਾਲੇ ਨਿਯਮਾਂ ਅਤੇ ਸਿਧਾਂਤਾਂ ਬਾਰੇ ਗਿਆਨ ਪ੍ਰਾਪਤ ਕਰਨ ਦੇ ਅਨੇਕ ਯਤਨ ਕੀਤੇ। ਇਹਨਾਂ ਦਾ ਦਾਅਵਾ ਸੀ ਕਿ ਭੌਤਿਕ ਵਰਤਾਰੇ ਦੀ ਤਰ੍ਹਾਂ ਸਮਾਜਿਕ ਵਰਤਾਰੇ ਦਾ ਅਧਿਐਨ ਕਰਨ ਲਈ ਸਾਕਾਰਾਤਮਕ ਢੰਗਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਇਸ ਲਈ 'ਅਗਸਤੇ ਕਾਮਤੇ' ਨੇ ਪਹਿਲਾਂ ਉਸ ਨੂੰ ਸਮਾਜਿਕ ਭੌਤਿਕ ਸ਼ਾਸਤਰ ਅਤੇ ਬਾਅਦ ਵਿਚ ਸਮਾਜ-ਸ਼ਾਸਤਰ ਦਾ ਨਾਮ ਦਿੱਤਾ। ਇਸ ਤੋਂ ਇਲਾਵਾ ਸਮਾਜ-ਸ਼ਾਸਤਰ ਨੂੰ ਹੋਂਦ ਵਿਚ ਲੈ ਕੇ ਆਉਣ ਵਾਲੇ 'ਹਰਬਰਟ ਸਪੈਂਸਰ', 'ਮੈਕਾਇਵਰ ਅਤੇ ਪੇਜ਼', 'ਮੈਕਸ ਵੈਬਰ' ਆਦਿ ਸਮਾਜ-ਸ਼ਾਸਤਰੀ ਹਨ ਜਿਹਨਾਂ ਨੇ 'ਅਗਸਤੇ ਕਾਮਤੇ' ਨੂੰ ਸਹੀ ਦੱਸਿਆ। ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਸਮਾਜ-ਸ਼ਾਸਤਰ ਦੂਜੇ ਸਮਾਜਿਕ ਸ਼ਾਸਤਰਾਂ ਦੇ ਮੁਕਾਬਲੇ ਵਿਚ ਇਕ ਨਵਾਂ ਵਿਗਿਆਨ ਹੈ। ਇਸ ਵਿਗਿਆਨ ਨੇ ਸਮਾਜਿਕ ਜੀਵਨ ਦੇ ਭਿੰਨ-ਭਿੰਨ ਪਹਿਲੂਆਂ ਸਮਾਜਿਕ, ਰਾਜਨੀਤਿਕ, ਆਰਥਿਕ, ਧਾਰਮਿਕ ਆਦਿ ਦਾ ਸੁਤੰਤਰ ਅਧਿਐਨ ਕਰ ਕੇ ਉਸ ਦੀ ਇਕ ਨਿਵੇਕਲੀ ਤਸਵੀਰ ਪੇਸ਼ ਕੀਤੀ।

## 1.2 ਖੋਜ-ਕਾਰਜ ਦੇ ਉਦੇਸ਼:

•ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਦੇ ਸਰੂਪ, ਇਤਿਹਾਸ ਅਤੇ ਸਮਾਜ-ਸ਼ਾਸਤਰੀ ਅਧਿਐਨ ਪ੍ਰਣਾਲੀ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ

•ਅਜੋਕੀ ਪੰਜਾਬੀ ਗ਼ਜ਼ਲ ਦੇ ਸਮਾਜਿਕ ਪਰਿਪੇਖ ਦਾ ਅਧਿਐਨ ਕੀਤਾ ਗਿਆ ਹੈ

•ਅਜੋਕੀ ਪੰਜਾਬੀ ਗ਼ਜ਼ਲ ਦੇ ਆਰਥਿਕ ਪਰਿਪੇਖ ਦਾ ਅਧਿਐਨ ਕੀਤਾ ਗਿਆ ਹੈ

•ਅਜੋਕੀ ਪੰਜਾਬੀ ਗ਼ਜ਼ਲ ਦੇ ਰਾਜਨੀਤਿਕ ਪਰਿਪੇਖ ਦਾ ਕੀਤਾ ਗਿਆ ਹੈ

•ਵਿਸ਼ੇ ਨਾਲ ਸਬੰਧਤ ਚੋਣਵੇਂ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ

## 1.3 ਖੋਜ-ਕਾਰਜ ਦੀਆਂ ਵਿਧੀਆਂ:

ਖੋਜ-ਕਾਰਜ ਦੀਆਂ ਵਿਧੀਆਂ ਉਪਰ ਹੁਣ ਤੱਕ ਜਿੰਨੀਂ ਵੀ ਚਰਚਾ ਹੋਈ ਹੈ, ਬਹੁਤੇ ਵਿਦਵਾਨਾਂ ਨੇ ਇਹੋ ਸਿੱਟਾ ਕੱਢਿਆ ਹੈ ਕਿ ਕਿਸੇ ਖੋਜ ਨੂੰ ਇਕੋ ਹੀ ਵਿਧੀ ਉਪਰ ਆਧਾਰਤ ਕਰ ਦੇਣਾ ਉੱਚਿਤ ਨਹੀਂ ਹੈ। ਇਸ ਤਰ੍ਹਾਂ ਕਰਨ ਦੇ

ਨਾਲ ਖੋਜ ਇਕ ਪਾਸੜ ਹੋ ਜਾਂਦੀ ਹੈ, ਕਿੰਨੇ ਹੀ ਪੱਖ ਅਛੂਹੇ ਰਹਿ ਜਾਂਦੇ ਹਨ। ਜ਼ਰੂਰਤ ਹੁੰਦੀ ਹੈ ਕਿ ਸਥਿਤੀ ਦੇ ਮੁਤਾਬਕ ਵਿਧੀ ਦੀ ਵਰਤੋਂ ਕੀਤੀ ਜਾਵੇ ਤੇ ਨਾਲ ਦੀ ਨਾਲ ਇਹ ਵੀ ਧਿਆਨ ਰੱਖਣਾ ਬਣਦਾ ਹੈ ਕਿ ਖੋਜ-ਵਿਧੀ ਨਿਰੋਲ ਪਰੰਪਰਾਵਾਦੀ ਨਾ ਹੋ ਕੇ ਵਿਗਿਆਨਕ ਮਾਡਲ ਉਪਰ ਆਧਾਰਤ ਹੋਵੇ। ਵਿਗਿਆਨਕ ਖੋਜ-ਵਿਧੀਆਂ ਦੀ ਵਰਤੋਂ ਵੀਹਵੀਂ ਸਦੀ ਵਿੱਚ ਹੀ ਹੋਣੀ ਆਰੰਭ ਹੋਈ ਹੈ, ਪਹਿਲਾਂ ਪ੍ਰਚੱਲਤ ਖੋਜ-ਵਿਧੀਆਂ ਨੂੰ ਵਿਗਿਆਨਕ ਨਹੀਂ ਮੰਨਿਆ ਜਾ ਸਕਦਾ, ਇਹ ਅੰਦਾਜ਼ੇ ਉਪਰ ਆਧਾਰਤ ਹੁੰਦੀਆਂ ਸਨ। ਵਿਗਿਆਨਕਤਾ ਤੋਂ ਭਾਵ ਸਾਹਿਤਕ ਖੋਜ ਨੂੰ ਮਕਾਨੀਕਤ ਕਰਨਾ ਹਰਗਿਜ਼ ਨਹੀਂ ਹੈ, ਕਿਉਂਕਿ ਇਹ ਮੰਨਣਯੋਗ ਹੈ ਕਿ ਸਾਹਿਤਕ ਲੱਭਤਾਂ ਨੂੰ ਪ੍ਰਯੋਗਸ਼ਾਲਾ ਵਿੱਚ ਸਿੱਧ ਨਹੀਂ ਕੀਤਾ ਜਾ ਸਕਦਾ, ਪਰੰਤੂ ਇਸ ਦਾ ਇਤਿਹਾਸਕ ਕਾਲ-ਕ੍ਰਮਕਤਾ ਵਿੱਚ ਦਲੀਲ ਸਹਿਤ ਪੂਰਾ ਉਤਰਨਾ ਲਾਜ਼ਮੀ ਹੈ। ਸਾਹਿਤਕ ਖੋਜ ਵਿੱਚ ਵਿਧੀਆਂ ਦੀ ਵਰਤੋਂ ਇਕ ਤੋਂ ਵਧੀਕ ਇਸ ਕਰਕੇ ਵੀ ਜ਼ਰੂਰੀ ਬਣ ਜਾਂਦੀ ਹੈ ਕਿ ਇਹ ਖੋਜ ਸਿਰਫ਼ ਇਕਹਿਰੇ ਆਸ਼ੇ ਦੇ ਸਨਮੁੱਖ ਨਹੀਂ ਕੀਤੀ ਜਾਂਦੀ। ਪ੍ਰਯੋਗਸ਼ਾਲਾ ਵਿੱਚ ਕੀਤੀ ਖੋਜ ਨਾਲੋਂ ਇਸ ਦੀ ਸਮੱਗਰੀ ਦਾ ਘੇਰਾ ਕਿਤੇ ਵਿਸ਼ਾਲ ਹੁੰਦਾ ਹੈ, ਜਿਸ ਦਾ ਸੂਤਰੀਕਰਨ ਕਰਨ ਲਈ ਵਿਭਿੰਨ ਪੈਰਾਮੀਟਰਾਂ ਦੀ ਲੋੜ ਪੈਂਦੀ ਹੈ।

ਪੰਜਾਬੀ ਗ਼ਜ਼ਲ ਦੀ ਖੋਜ ਉਪਰ ਇਕ ਹੀ ਵਿਧੀ ਨੂੰ ਲਾਗੂ ਕਰਨਾ ਮੁਸ਼ਕਲ ਨਹੀਂ, ਅਸੰਭਵ ਹੈ। ਇਸ ਦੇ ਪਾਸਾਰ ਬਹੁਤ ਸੂਖ਼ਮ ਤੇ ਖਿੰਡੇ ਹੋਏ ਹਨ, ਇੱਕੋ ਗ਼ਜ਼ਲਕਾਰ, ਇੱਕੋ ਸਮੇਂ ਕਿੰਨੀਆਂ ਹੀ ਪਹੁੰਚਾਂ ਨੂੰ ਅਖ਼ਤਿਆਰ ਕਰ ਰਿਹਾ ਹੁੰਦਾ ਹੈ। ਮੈਂ ਆਪਣੇ ਖੋਜ-ਕਾਰਜ '**ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਦਾ ਸਮਾਜ-ਸ਼ਾਸਤਰੀ ਅਧਿਐਨ (ਗੁਰਭਜਨ ਗਿੱਲ, ਜਸਵਿੰਦਰ, ਬਰਜਿੰਦਰ ਚੌਹਾਨ, ਸਤੀਸ਼ ਗੁਲਾਟੀ, ਜਗਵਿੰਦਰ ਜੋਧਾ, ਸੁਖਵਿੰਦਰ ਅੰਮ੍ਰਿਤ, ਅਜ਼ੀਮ ਸ਼ੇਖਰ, ਸੁਰਿੰਦਰ ਸੀਰਤ, ਸੁਰਜੀਤ ਸਖੀ, ਤਾਹਿਰਾ ਸਰਾ, ਗੌਤਮ ਦੇ ਸੰਦਰਭ ਵਿੱਚ)'** ਅਧਿਐਨ ਕਰਨ ਦਾ ਯਤਨ ਕੀਤਾ ਹੈ।

**ਸਮਾਜ-ਸ਼ਾਸਤਰੀ ਵਿਧੀ:** ਸਮਾਜ-ਸ਼ਾਸਤਰੀ ਵਿਧੀ ਸਮਾਜ ਦਾ ਹਰ ਇਕ ਪਹਿਲੂ ਤੋਂ ਅਧਿਐਨ ਕਰਨ ਵਾਲੀ ਵਿਧੀ ਹੈ। ਸਮਾਜ-ਸ਼ਾਸਤਰੀ ਵਿਧੀ ਸਮਾਜਿਕ ਕਿਰਿਆਵਾਂ, ਸਾਮੂਹਿਕ ਜੀਵਨ, ਸਮਾਜਿਕ ਸਮੱਸਿਆਵਾਂ ਅਤੇ ਸਮਾਜ ਨੂੰ ਡੂੰਘਾਈ ਨਾਲ ਪੇਸ਼ ਕਰਦੀ ਹੈ। ਸਮਾਜ ਸ਼ਾਸਤਰ ਦਾ ਸੌਖੇ ਸ਼ਬਦਾਂ ਵਿਚ ਅਰਥ ਹੈ: ਸਮਾਜ ਦਾ ਅਧਿਐਨ। ਸਮਾਜ ਸ਼ਾਸਤਰੀ ਨਾਮ ਦੇਣ ਵਾਲੇ ਫ਼ਰਾਂਸ ਦੇ ਵਿਦਵਾਨ 'ਅਗਸਤੇ ਕਾਮਤੇ' ਮੁੱਖ ਰੂਪ ਵਿਚ ਸਨ। ਉਸ ਤੋਂ ਬਾਅਦ ਮੈਕਸ ਵੈਬਰ, ਇਮਾਇਲ ਦੁਰਖ਼ੀਮ ਆਦਿ ਹੋਰ ਵਿਦਵਾਨ ਵੀ ਸਨ। ਭਾਰਤੀ ਸਮਾਜ ਸ਼ਾਸਤਰੀਆਂ ਵਿਚ ਐਮ. ਐਨ. ਸ਼੍ਰੀ ਨਿਵਾਸ, ਆਰ. ਦੇਸਾਈ, ਰਾਧਾ ਕਮਲ ਮੁਖ਼ਰਜੀ, ਡੀ. ਐਨ. ਮਜੂਮਦਾਰ ਆਦਿ ਹਨ। ਸਾਹਿਤ ਇਕ ਸਮਾਜਿਕ ਕਿਰਤ ਹੈ। ਜਿਸ ਵਿਚੋਂ ਸਮਾਜ ਦਾ ਪ੍ਰਤੀਬਿੰਬ ਉਭਰਦਾ ਹੈ। ਜਿਸ ਵਿਸ਼ੇਸ਼ ਸਮੇਂ ਨਾਲ ਸਾਹਿਤ ਰਚਨਾ ਸਬੰਧਿਤ ਹੁੰਦੀ ਹੈ। ਉਸ ਸਮੇਂ ਦੀਆਂ ਸਮਾਜਿਕ, ਰਾਜਨੀਤਿਕ ਅਤੇ ਇਤਿਹਾਸਿਕ ਘਟਨਾਵਾਂ ਦਾ ਪ੍ਰਤੀਬਿੰਬ ਉਸ ਵਿਚ ਸਹਿਜੇ ਹੀ ਦ੍ਰਿਸ਼ਟੀਮਾਨ ਹੁੰਦਾ ਹੈ। ਕਿਸੇ ਵੀ ਸਮੇਂ ਦਾ ਸਾਹਿਤ ਆਪਣੇ ਸਮਕਾਲੀ ਸਮਾਜ ਤੋਂ ਅਣਭਿੱਜ ਨਹੀਂ ਰਹਿ ਸਕਦਾ। ਉਸ ਵਿਚਲੀਆਂ ਸਮਾਜਿਕ, ਆਰਥਿਕ, ਰਾਜਨੀਤਿਕ ਆਦਿ ਵੱਖ-ਵੱਖ ਸਥਿਤੀਆਂ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। ਵਿਸ਼ੇ ਨਾਲ ਸਬੰਧਤ ਗ਼ਜ਼ਲਕਾਰਾਂ ਦੀਆਂ ਰਚਨਾਵਾਂ ਵਿਚ ਇਹ ਸਥਿਤੀਆਂ ਕਿਸ ਤਰ੍ਹਾਂ ਪੇਸ਼ ਹੋਈਆਂ ਹਨ ਇਹਨਾਂ ਨੂੰ ਅਸੀਂ ਸਮਾਜ-ਸ਼ਾਸਤਰੀ ਵਿਧੀ ਰਾਹੀਂ ਵਿਚਾਰਾਂਗੇ।

**ਇਤਿਹਾਸਕ ਵਿਧੀ:** ਇਤਿਹਾਸ ਅਤੀਤ ਦਾ ਅਧਿਐਨ ਕਰਦਾ ਹੈ। ਇਤਿਹਾਸ ਗਿਆਨ ਦੀ ਉਹ ਸ਼ਾਖ਼ਾ ਹੈ ਜੋ ਪੂਰਵਕਾਲ ਦੀਆਂ ਘਟਨਾਵਾਂ ਨਾਲ ਸਬੰਧਤ ਹੈ। ਇਹ ਤਿੱਥੀਆਂ, ਸਥਾਨਾਂ, ਘਟਨਾਵਾਂ ਅਤੇ ਸੰਘਰਸ਼ਾਂ ਦਾ ਅਧਿਐਨ ਹੈ। ਇਤਿਹਾਸ ਭੂਤਕਾਲ ਦੀਆਂ ਘਟਨਾਵਾਂ ਨਾਲ ਸਬੰਧਤ ਹੈ ਅਤੇ ਪੁਰਾਤਨ ਸਮਾਜ ਦਾ ਅਧਿਐਨ ਕਰਦਾ ਹੈ। ਇਹ ਇਕ ਵਿਆਖਿਆਤਮਕ ਵਿਧੀ ਹੈ। ਸਮਾਜ ਸ਼ਾਸਤਰੀ ਅਧਿਐਨ ਵਿਚ ਇਤਿਹਾਸਿਕ ਵਿਧੀ ਦਾ ਮਹੱਤਵਪੂਰਨ ਰੋਲ ਹੈ। ਇਸ ਵਿਧੀ ਦੀ ਵਰਤੋਂ ਨਾਲ ਸਾਨੂੰ ਸਮਾਜ ਸ਼ਾਸਤਰ ਅਤੇ ਗ਼ਜ਼ਲ ਦੇ ਇਤਿਹਾਸ ਬਾਰੇ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ।

**ਤੁਲਨਾਤਮਕ ਵਿਧੀ:** 'ਤੁਲਨਾ' ਸ਼ਬਦ ਦੀ ਉਤਪਤੀ 'ਤੁਲਾ' ਧਾਤੂ ਤੋਂ ਹੋਈ ਹੈ ਜਿਸ ਦੇ ਅਰਥ ਮਹਾਨਕੋਸ਼ ਵਿਚ 'ਤੋਲਨਾ' ਜਾਂ 'ਬਰਾਬਰੀ' ਤੋਂ ਲਏ ਗਏ ਹਨ। ਇਸ ਵਿਧੀ ਰਾਹੀਂ ਵੱਖ-ਵੱਖ ਵਸਤੂਆਂ, ਵਿਸ਼ਿਆਂ, ਸਾਹਿਤਕਾਰਾਂ ਦੀਆਂ ਲਿਖ਼ਤਾਂ ਆਦਿ ਦੀਆਂ ਸਮਾਨਤਾਵਾਂ, ਅਸਮਾਨਤਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਾਹਿਤ ਦੇ ਵਿਸ਼ੇ ਪੱਖ ਨੂੰ ਵੱਖ-ਵੱਖ ਰੂਪਾਂ ਤੋਂ ਤੁਲਨਾਤਮਕ ਅਧਿਐਨ ਰਾਹੀਂ ਪਰਖਣਾ, ਸਮਝਣਾ ਅਤੇ ਵਿਚਾਰਨਾ ਹੈ। ਇਸ ਨੂੰ ਪਰਖਣ ਅਤੇ ਸਮਝਣ ਲਈ 'ਤੁਲਨਾਤਮਕ ਵਿਧੀ' ਦੀ ਵਰਤੋਂ ਕੀਤੀ ਜਾਂਦੀ ਹੈ।

### 1.4 ਖੋਜ ਨਾਲ ਸਬੰਧਤ ਪਹਿਲਾਂ ਹੋ ਚੁੱਕਿਆ ਖੋਜ-ਕਾਰਜ:

ਕਿਸੇ ਵੀ ਖੋਜ-ਕਾਰਜ ਨੂੰ ਆਰੰਭ ਕਰਨ ਤੋਂ ਪਹਿਲਾਂ ਖੋਜਾਰਥੀ ਨੂੰ ਆਪਣੇ ਦ੍ਰਿਸ਼ਟੀਕੋਣ ਦੀ ਸਪੱਸ਼ਟਤਾ ਲਈ ਖੋਜ ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਕਰਨ ਲਈ ਖੋਜ-ਕਾਰਜ ਨਾਲ ਸਬੰਧਿਤ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ। ਇਸ ਨਾਲ ਸਾਨੂੰ ਜਿੱਥੇ ਸਿਰਜੇ ਗਏ ਸਾਹਿਤ ਦੀਆਂ ਵੰਨਗੀਆਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ, ਉਥੇ ਇਸ ਨਾਲ ਖੋਜਾਰਥੀ ਅੰਦਰ ਆਲੋਚਨਾਤਮਕ ਬਿਰਤੀ, ਸਾਹਿਤ ਦੇ ਵਿਭਿੰਨ ਪੱਧਰਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਖੋਜਾਰਥੀ ਸਮਾਜ ਵਿਚਲੀਆਂ ਸਮੱਸਿਆਵਾਂ 'ਤੇ ਪਕੜ ਵਧੇਰੇ ਗੰਭੀਰਤਾ ਨਾਲ ਕਰ ਸਕਦਾ ਹੈ। ਇਸਦੇ ਆਧਾਰ 'ਤੇ ਖੋਜਾਰਥੀ ਵਿਸ਼ੇ ਦੀ ਠੀਕ ਚੋਣ ਅਤੇ ਚੁਣੇ ਹੋਏ ਵਿਸ਼ੇ ਨੂੰ ਠੀਕ ਸਮੇਂ ਦੇ ਅੰਤਰਗਤ ਨਿਭਾ ਸਕਦਾ ਹੈ। ਹਥਲੇ ਵਿਸ਼ੇ ਦੀ ਖੋਜ ਕਰਨ ਲਈ ਸਾਹਿਤ ਅਧਿਐਨ ਕੀਤਾ ਗਿਆ ਹੈ, ਜਿਸ ਦਾ ਸੰਖਿਪਤ ਵਰਨਣ ਹੇਠ ਦਿੱਤੇ ਅਨੁਸਾਰ ਹੈ। ਇਸ ਅਧਿਐਨ ਵਿਚ ਖੋਜ ਕਾਰਜ ਨਾਲ ਸੰਬੰਧਤ ਖੋਜ-ਪ੍ਰਬੰਧ, ਖੋਜ-ਨਿਬੰਧ, ਆਲੋਚਨਾਤਮਕ ਪੁਸਤਕਾਂ ਆਦਿ ਵੇਰਵਾ ਹੇਠਾ ਦਿੱਤਾ ਹੈ।

**ਖੋਜ-ਪ੍ਰੰਬਧ:**

1. **ਸਾਧੂ ਸਿੰਘ ਹਮਦਰਦ, ਪੰਜਾਬੀ ਗ਼ਜ਼ਲ ਜਨਮ ਤੇ ਵਿਕਾਸ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981.**

ਡਾ. ਸਾਧੂ ਸਿੰਘ ਹਮਦਰਦ ਦਾ ਖੋਜ-ਪ੍ਰਬੰਧ 'ਪੰਜਾਬੀ ਗ਼ਜ਼ਲ ਜਨਮ ਤੇ ਵਿਕਾਸ' ਵਿਚ ਇਕ ਮੁੱਢਲਾ ਸਰੋਤ ਹੈ ਉਨ੍ਹਾਂ ਨੇ ਪੰਜਾਬੀ ਗ਼ਜ਼ਲ ਦੇ ਮੁੱਢ ਅਤੇ ਵਿਕਾਸ ਪੜਾਵਾਂ ਦੀ ਖੋਜ ਕੀਤੀ ਜਿਸ ਨਾਲ ਪੰਜਾਬੀ ਗ਼ਜ਼ਲ ਆਪਣੇ ਰੂਪ ਨੂੰ ਅਖਤਿਆਰ

ਕਰਦੀ ਹੈ।ਉਨ੍ਹਾਂ ਨੇ ਇਸ ਵਿਚ ਗ਼ਜ਼ਲਦੇ ਇਤਿਹਾਸਕ ਅਤੇ ਸਹਿਤਕ ਵੇਰਵਿਆਂ ਨੂੰ ਮੱਹਤਵਪੂਰਨ ਢੰਗ ਨਾਲ ਪੇਸ਼ ਕੀਤਾ ਹੈ।

2. **ਬਰਜਿੰਦਰ ਚੌਹਾਨ, ਪੰਜਾਬੀ ਗ਼ਜ਼ਲ: ਬਦਲਦੇ ਪਰਿਪੇਖ (ਡਾ. ਸਾਧੂ ਸਿੰਘ ਹਮਦਰਦ ਦੇ ਸੰਦਰਭ ਵਿਚ) ਦਿੱਲੀ ਯੂਨੀਵਰਸਿਟੀ, ਦਿੱਲੀ, 1997.**

'ਪੰਜਾਬੀ ਗ਼ਜ਼ਲ: ਬਦਲਦੇ ਪਰਿਪੇਖ' ਡਾ. ਬਰਜਿੰਦਰ ਚੌਹਾਨ ਦਾ ਖੋਜ-ਪ੍ਰਬੰਧ ਹੈ ਜਿਸ ਵਿਚ ਡਾ. ਚੌਹਾਨ ਨੇ ਪੰਜਾਬੀ ਗ਼ਜ਼ਲ ਵਿਚਲੇ ਸਰੋਕਾਰਾਂ ਨੂੰ ਬਾਖੂਬੀ ਪੇਸ਼ ਕੀਤਾ ਹੈ।

3. **ਸੁਸ਼ੀਲ ਕੁਮਾਰ, ਪੰਜਾਬੀ ਗ਼ਜ਼ਲ ਰੂਪ ਵਿਧਾਨ: ਇਕ ਵਿਸ਼ਲੇਸ਼ਣ, ਪੰਜਾਬ ਯੂਨੀਵਰਸਿਟੀ, ਚੰਡੀਗੜ, 1999.**

ਸੁਸ਼ੀਲ ਕੁਮਾਰ ਦੇ ਖੋਜ-ਪ੍ਰਬੰਧ 'ਪੰਜਾਬੀ ਗ਼ਜ਼ਲ ਰੂਪ ਵਿਧਾਨ: ਇਕ ਵਿਸ਼ਲੇਸ਼ਣ' ਰਾਹੀਂ ਸੁਸ਼ੀਲ ਕੁਮਾਰ ਨੇ ਪੰਜਾਬੀ ਗ਼ਜ਼ਲ ਦੇ ਰੂਪਕ ਪੱਖ ਤੇ ਚਾਨਣਾ ਪਾਇਆ ਹੈ ਕਿ ਪੰਜਾਬੀ ਗ਼ਜ਼ਲ ਦੀ ਮੁੱਖ ਰੂਪ-ਰੇਖਾ ਕੀ ਹੈ।

4. **ਰਾਬਿੰਦਰ ਸਿੰਘ, ਪੰਜਾਬੀ ਗ਼ਜ਼ਲ: ਪਰੰਪਰਾ ਤੇ ਪ੍ਰਯੋਗ, ਕੁਰਕਸ਼ੇਤਰ ਯੂਨੀਵਰਸਿਟੀ, ਕੁਰਕਸ਼ੇਤਰ, 2001.**

ਰਾਬਿੰਦਰ ਸਿੰਘ ਦੁਆਰਾ ਲਿਖੇ ਖੋਜ-ਪ੍ਰਬੰਧ 'ਪੰਜਾਬੀ ਗ਼ਜ਼ਲ: ਪਰੰਪਰਾ ਤੇ ਪ੍ਰਯੋਗ' ਵਿਚ ਰਾਬਿੰਦਰ ਸਿੰਘ ਨੇ ਪੰਜਾਬੀ ਗ਼ਜ਼ਲ ਦੀ ਰਵਾਇਤੀ ਪਰੰਪਰਾ ਨੂੰ ਆਪਣੀ ਖੋਜ ਦਾ ਵਿਸ਼ਾ ਬਣਾਇਆ ਹੈ।

5. **ਹਰਪਾਲ ਸਿੰਘ, 1980 ਤੋਂ ਬਾਅਦ ਦੀ ਪੰਜਾਬੀ ਗ਼ਜ਼ਲ ਦੇ ਸਰੋਕਾਰ ਤੇ ਸੰਚਾਰ ਜੁਗਤਾਂ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2005.**

'1980 ਤੋਂ ਬਾਅਦ ਦੀ ਪੰਜਾਬੀ ਗ਼ਜ਼ਲ ਦੇ ਸਰੋਕਾਰ ਤੇ ਸੰਚਾਰ ਜੁਗਤਾਂ' ਖੋਜ-ਪ੍ਰਬੰਧ ਹਰਪਾਲ ਸਿੰਘ ਦੀ ਖੋਜ ਰਚਨਾ ਹੈ ਜਿਸ ਵਿਚ ਹਰਪਾਲ ਸਿੰਘ ਨੇ 1980 ਤੋਂ ਬਾਅਦ ਦੀ ਪੰਜਾਬੀ ਗ਼ਜ਼ਲ ਵਿਚਲੇ ਸਰੋਕਾਰ ਅਤੇ ਉਸ ਦੇ ਰੂਪ ਵਿਧਾਨ ਭਾਵ ਸੰਚਾਰ ਜੁਗਤਾਂ ਦਾ ਅਧਿਐਨ ਕੀਤਾ ਹੈ।

6. **ਅਮਰਜੀਤ ਸਿੰਘ, ਨਵੀਂ ਪੰਜਾਬੀ ਗ਼ਜ਼ਲ: ਵਿਚਾਰਧਾਰਕ ਪਰਿਪੇਖ, ਕੁਰਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 2007.**

ਅਮਰਜੀਤ ਸਿੰਘ ਦੁਆਰਾ ਅਧਿਐਨ ਕੀਤੇ ਖੋਜ-ਪ੍ਰਬੰਧ 'ਨਵੀਂ ਪੰਜਾਬੀ ਗ਼ਜ਼ਲ: ਵਿਚਾਰਧਾਰਕ ਪਰਿਪੇਖ' ਵਿਚ ਉਹਨਾਂ ਨੇ ਪੰਜਾਬੀ ਗ਼ਜ਼ਲ ਦੀ ਵਿਚਾਰਧਾਰਾ ਅਤੇ ਉਸ ਦੇ ਨਵੇਂ ਬਦਲ ਰਹੇ ਸਰੂਪ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ।

7. **ਸ਼ਮਸ਼ੇਰ ਮੋਹੀ, ਪੰਜਾਬੀ ਗ਼ਜ਼ਲ ਦੀ ਬਦਲਦੀ ਕਾਵਿ-ਸ਼ਾਸਤਰੀ ਚੇਤਨਾ, ਪੰਜਾਬ ਯੂਨੀਵਰਸਿਟੀ, ਚੰਡੀਗੜ, 2007.**

'ਪੰਜਾਬੀ ਗ਼ਜ਼ਲ ਦੀ ਬਦਲਦੀ ਕਾਵਿ-ਸ਼ਾਸਤਰੀ ਚੇਤਨਾ' ਖੋਜ-ਪ੍ਰਬੰਧ ਸ਼ਮਸ਼ੇਰ ਮੋਹੀ ਦਾ ਰਚਿਤ ਖੋਜ-ਪ੍ਰਬੰਧ ਹੈ ਜਿਸ ਵਿਚ ਉਹਨਾਂ ਨੇ ਕਾਵਿ-ਸ਼ਾਸਤਰੀ ਚੇਤਨਾ ਦੇ ਪੱਖ ਤੋਂ ਪੰਜਾਬੀ ਗ਼ਜ਼ਲ ਵਿਚ ਬਦਲਾਅ ਦੇ ਪੜਾਅ ਪੇਸ਼ ਕੀਤੇ ਹਨ ਕਿ ਪੰਜਾਬੀ ਗ਼ਜ਼ਲ ਵਿਚ ਕਾਵਿ-ਸ਼ਾਸਤਰ ਦੇ ਪੱਖ ਤੋਂ ਕੀ ਬਦਲਾਅ ਆਏ ਹਨ।

8. **ਜਗਦੀਪ ਸਿੰਘ, ਡਾ. ਜਗਤਾਰ ਦੀ ਗ਼ਜ਼ਲ ਸੰਵੇਦਨਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2012.**

'ਡਾ. ਜਗਤਾਰ ਦੀ ਗ਼ਜ਼ਲ ਸੰਵੇਦਨਾ' ਜਗਦੀਪ ਸਿੰਘ ਦਾ ਖੋਜ-ਪ੍ਰਬੰਧ ਹੈ ਜਿਸ ਵਿਚ ਉਹਨਾਂ ਨੇ ਡਾ. ਜਗਤਾਰ ਦੀ ਗ਼ਜ਼ਲਕਾਰੀ ਨੂੰ ਆਪਣੀ ਖੋਜ ਦਾ ਵਿਸ਼ਾ ਬਣਾਇਆ ਹੈ। ਇਸ ਵਿਚ ਉਹਨਾਂ ਨੇ ਡਾ. ਜਗਤਾਰ ਦੀ ਗ਼ਜ਼ਲਕਾਰੀ ਵਿਚਲੇ ਸਰੂਪ ਅਤੇ ਰਚਨਾ ਵਿਧਾਨ ਉੱਤੇ ਚਰਚਾ ਕੀਤੀ ਹੈ।

**ਖੋਜ-ਨਿਬੰਧ**

1. **ਜਸਵੰਤ ਸਿੰਘ, ਪੰਜਾਬੀ ਗ਼ਜ਼ਲ ਦਾ ਨਿਕਾਸ ਤੇ ਵਿਕਾਸ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972.**

'ਪੰਜਾਬੀ ਗ਼ਜ਼ਲ ਦਾ ਨਿਕਾਸ ਤੇ ਵਿਕਾਸ' ਜਸਵੰਤ ਸਿੰਘ ਦਾ ਖੋਜ-ਨਿਬੰਧ ਹੈ ਜਿਸ ਵਿਚ ਉਹਨਾਂ ਨੇ ਪੰਜਾਬੀ ਗ਼ਜ਼ਲ ਦੇ ਜਨਮ ਅਤੇ ਵਿਕਾਸ ਬਾਰੇ ਚਾਨਣਾ ਪਾਇਆ ਹੈ ਕਿ ਪੰਜਾਬੀ ਗ਼ਜ਼ਲ ਵੀ ਕਿਸੇ ਪਾਸਿਓਂ ਉਰਦੂ ਗ਼ਜ਼ਲ ਤੋਂ ਘੱਟ ਨਹੀਂ ਹੈ। ਉਹਨਾਂ ਨੇ ਪੰਜਾਬੀ ਗ਼ਜ਼ਲ ਦੇ ਮੂਲ ਨਿਕਾਸ ਤੋਂ ਲੈ ਕੇ ਪੰਜਾਬੀ ਗ਼ਜ਼ਲ ਦੀ ਸਮੁੱਚੀ ਪ੍ਰਾਪਤੀ ਦਾ ਵਿਸ਼ਲੇਸ਼ਣ ਕੀਤਾ ਹੈ। ਉਹਨਾਂ ਦੇ ਵਿਸ਼ਲੇਸ਼ਣ ਦੇ ਅਨੁਸਾਰ ਪੰਜਾਬੀ ਗ਼ਜ਼ਲ ਨੇ ਹੁਣ ਤੱਕ ਜੋ ਮੁਕਾਮ ਹਾਸਿਲ ਕੀਤਾ ਹੈ ਨਿਰਸੰਦੇਹ ਕਿ ਇਹ ਪੰਜਾਬੀ ਗ਼ਜ਼ਲ ਦੀ ਇਕ ਮਹਾਨ ਪ੍ਰਾਪਤੀ ਮੰਨੀ ਜਾਂਦੀ ਹੈ।

2. **ਬਰਜਿੰਦਰ ਸਿੰਘ ਚੌਹਾਨ, ਪੰਜਾਬੀ ਗ਼ਜ਼ਲ ਦੇ ਨਵੇਂ ਝੁਕਾਅ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1984.**

'ਪੰਜਾਬੀ ਗ਼ਜ਼ਲ ਦੇ ਨਵੇਂ ਝੁਕਾਅ' ਬਰਜਿੰਦਰ ਸਿੰਘ ਚੌਹਾਨ ਦਾ ਖੋਜ-ਨਿਬੰਧ ਹੈ ਜਿਸ ਵਿਚ ਉਹਨਾਂ ਨੇ ਪੰਜਾਬੀ ਗ਼ਜ਼ਲ ਦੇ ਸਮੂਚੇ ਸਰੂਪ, ਗ਼ਜ਼ਲ ਦੇ ਇਤਿਹਾਸ ਅਤੇ ਵਿਕਾਸਾਤਮਕ ਗਤੀ, ਵਿਸ਼ੇ ਪੱਖ ਅਤੇ ਰੂਪਕ ਪੱਖ ਦੀਆਂ ਤਬਦੀਲੀਆਂ ਨੂੰ ਉਜਾਗਰ ਕੀਤਾ ਹੈ।

3. **ਗੁਰਜੰਟ ਸਿੰਘ, ਹਰਜਿੰਦਰ ਸਿੰਘ ਕੰਗ ਦੀਆਂ ਗ਼ਜ਼ਲਾਂ ਦੇ ਮੂਲ ਸਰੋਕਾਰ ਅਤੇ ਸੰਚਾਰ ਜੁਗਤਾਂ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2022.**

'ਹਰਜਿੰਦਰ ਸਿੰਘ ਕੰਗ ਦੀਆਂ ਗ਼ਜ਼ਲਾਂ ਦੇ ਮੂਲ ਸਰੋਕਾਰ ਅਤੇ ਸੰਚਾਰ ਜੁਗਤਾਂ' ਗੁਰਜੰਟ ਸਿੰਘ ਦਾ ਖੋਜ-ਨਿਬੰਧ ਹੈ ਜਿਸ ਵਿਚ ਖੋਜਾਰਥੀ ਨੇ ਹਰਜਿੰਦਰ ਕੰਗ ਦੀ ਪ੍ਰਕਾਸ਼ਿਤ ਸ਼ਾਇਰੀ ਦਾ ਵਿਸ਼ਲੇਸ਼ਣੀ ਕਾਰਜ ਉਲੀਕਿਆ ਹੈ। ਜਿਸ ਵਿਚ ਉਸ ਨੇ ਕੰਗ ਦੀਆਂ ਗ਼ਜ਼ਲਾਂ ਦੇ ਮੂਲ ਸਰੋਕਾਰਾਂ ਅਤੇ ਸੰਚਾਰ ਜੁਗਤਾਂ ਦਾ ਅਧਿਐਨ ਕੀਤਾ ਹੈ।

**ਆਲੋਚਨਾਤਮਕ-ਪੁਸਤਕਾਂ**

1. **ਪੰਜਾਬੀ ਗ਼ਜ਼ਲ ਦਾ ਸੁਹਜ ਸ਼ਾਸਤਰ, ਸੰਪਾਦਕ: ਸੁਲੱਖਣ ਸਰਹੱਦੀ, ਗਿੱਲ ਮੋਰਾਂਵਾਲੀ, ਤਰਲੋਚਨ ਪਬਲੀਸ਼ਰਜ਼ ਚੰਡੀਗੜ੍ਹ, 2012.**

ਇਸ ਪੁਸਤਕ ਵਿਚ ਸੰਪਾਦਕ ਨੇ ਗ਼ਜ਼ਲ ਨਾਲ ਸਬੰਧਿਤ ਵੱਖ-ਵੱਖ ਵਿਦਵਾਨਾਂ ਦੇ ਗ਼ਜ਼ਲ ਪ੍ਰਤੀ ਵਿਚਾਰਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਇਕ ਹੀ ਪੁਸਤਕ ਵਿਚ ਪਰੋਣ ਦਾ ਯਤਨ ਕੀਤਾ ਹੈ। ਜਿਸ ਨਾਲ ਪੰਜਾਬੀ ਗ਼ਜ਼ਲ ਦਾ ਸੁਹਜ ਸ਼ਾਸਤਰੀ ਅਧਿਐਨ ਸੰਪੂਰਣ ਕਰਨ ਦੀ ਇਕ ਵਧੀਆ ਕੋਸ਼ਿਸ਼ ਕੀਤੀ ਗਈ ਹੈ ਜੋ ਪਾਠਕਾਂ ਲਈ ਖ਼ਾਸ ਕਰ ਕੇ ਵਿਦਿਆਰਥੀ ਵਰਗ ਲਈ ਕਾਫ਼ੀ ਲਾਹੇਵੰਦ ਹੈ।

2. **ਪੰਜਾਬ ਗ਼ਜ਼ਲ ਗਲੋਬਲੀ ਸਮੀਖਿਆ, ਸੁਲੱਖਣ ਸਰਹੱਦੀ, ਤਰਲੋਚਨ ਪਬਲੀਸ਼ਰਜ਼ ਚੰਡੀਗੜ੍ਹ, 2017.**

ਇਸ ਵਿਚ ਸੰਪਾਦਕ ਨੇ ਲੇਖਕ ਦੁਆਰਾ ਇਕੱਠੇ ਕੀਤੇ ਵੱਖ-ਵੱਖ ਲੇਖਕਾਂ ਦੇ ਗ਼ਜ਼ਲ ਵਿਧਾ 'ਤੇ ਲੇਖ ਪਾਠਕਾਂ ਦੀ ਝੋਲੀ ਪਾਏ ਹਨ ਜੋ ਕਿ ਖੋਜਾਰਥੀਆਂ ਲਈ ਅਤੇ ਗ਼ਜ਼ਲ ਦੇ ਪਾਠਕਾਂ ਲਈ ਕਾਫ਼ੀ ਲਾਹੇਵੰਦ ਸਾਬਿਤ ਹੋ ਰਹੇ ਹਨ।

**1.5 ਗ਼ਜ਼ਲ ਦਾ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ:**

'ਗ਼ਜ਼ਲ' ਅਰਬ ਦੇਸ਼ ਤੋਂ ਆਈ ਹੈ। ਗ਼ਜ਼ਲ ਅਰਬੀ ਸਾਹਿਤ ਦੀ ਵਿਧਾ ਵਜੋਂ ਜਾਣੀ ਜਾਂਦੀ ਹੈ। ਇਸ ਨੇ ਫ਼ਾਰਸੀ, ਉਰਦੂ ਅਤੇ ਹਿੰਦੀ ਸਾਹਿਤ ਵਿਚ ਪ੍ਰਸਿੱਧੀ ਹਾਸਿਲ ਕੀਤੀ ਹੈ ਅਤੇ ਪੰਜਾਬੀ ਵਿਚ ਗ਼ਜ਼ਲ ਸਾਹਿਤ ਦੀ ਆਮਦ ਫ਼ਾਰਸੀ ਕਾਵਿ ਤੋਂ ਹੋਂਦ ਗ੍ਰਹਿਣ ਕਰ ਰਹੀ ਹੈ। ਪੰਜਾਬੀ ਵਿਚ ਗ਼ਜ਼ਲ ਦਾ ਇਤਿਹਾਸ ਨਾ ਤਾਂ ਜ਼ਿਆਦਾ ਪੁਰਾਣਾ ਹੈ ਅਤੇ ਨਾ ਹੀ ਨਵਾਂ। ਪੰਜਾਬੀ ਗ਼ਜ਼ਲ ਨੇ ਪਿਛਲੇ ਦੋ ਤਿੰਨ ਦਹਾਕਿਆਂ ਵਿਚ ਆਪਣੀ ਮੌਲਿਕ ਪਹਿਚਾਣ ਨੂੰ ਸਥਾਪਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਇਸ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਗ਼ਜ਼ਲ ਮੂਲ ਰੂਪ ਵਿਚ ਉਰਦੂ ਫ਼ਾਰਸੀ ਦੇ ਹੀ ਕਾਵਿ-ਰੂਪ ਦੇ ਤੌਰ 'ਤੇ ਜਾਣੀ ਜਾਂਦੀ ਰਹੀ ਹੈ ਅਤੇ ਬਹੁਤ ਸਮੇਂ ਤਕ ਪੰਜਾਬੀ ਗ਼ਜ਼ਲ ਰਵਾਇਤੀ ਵਿਸ਼ੇ ਅਤੇ ਰਵਾਇਤੀ ਸ਼ਬਦਾਵਲੀ/ਬਿੰਬਾਵਲੀ ਦੀ ਪਕੜ ਵਿਚ ਬੰਨੀ ਹੈ। ਪੰਜਾਬੀ ਦੇ ਕੁੱਝ ਪ੍ਰਤਿਭਾਸ਼ਾਲੀ ਕਵੀਆਂ ਦੀ ਕਲਮ ਛੋਹ ਪਾ ਕੇ ਨਾ ਕੇਵਲ ਪੰਜਾਬੀ ਗ਼ਜ਼ਲ ਸਭਿਆਚਾਰ ਦੇ ਸੁਭਾਅ ਨੂੰ ਗ੍ਰਹਿਣ ਕਰ ਕੇ ਪੰਜਾਬੀ ਪਾਠਕਾਂ ਲਈ ਮੌਲਿਕ ਕਾਵਿ ਰੂਪ ਬਣਨ ਦੇ ਸਮਰੱਥ ਹੀ ਨਹੀਂ ਹੋਈ ਸਗੋਂ ਜ਼ਿੰਦਗੀ ਦੇ ਬੁਨਿਆਦੀ ਸਰੋਕਾਰ ਵੀ ਆਧੁਨਿਕ ਪੰਜਾਬੀ ਗ਼ਜ਼ਲ ਦੇ ਆਰ-ਪਾਰ ਫੈਲੇ ਨਜ਼ਰ ਆਉਂਦੇ ਹਨ। ਸਮਾਜ ਅਤੇ ਸਭਿਆਚਾਰ, ਸੱਚ, ਝੂਠ, ਦੋਸਤੀ, ਜੀਵਨ, ਮੌਤ ਆਦਿ ਸਭ ਬੁਨਿਆਦੀ ਪ੍ਰਸ਼ਨਾਂ ਅਤੇ

ਸਰੋਕਾਰਾਂ ਨੂੰ ਗ਼ਜ਼ਲ ਦੇ ਸ਼ਿਅਰਾਂ ਵਿਚ ਬੰਨਿਆ ਗਿਆ ਹੈ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਸਰੋਕਾਰਾਂ ਨੂੰ ਪੇਸ਼ ਕਰਨ ਸਮੇਂ ਗ਼ਜ਼ਲਕਾਰਾਂ ਦੀ ਦ੍ਰਿਸ਼ਟੀ ਅਤੇ ਕਲਾ ਸਮਰੱਥਾ ਵੱਖੋ-ਵੱਖ ਹੈ।

ਗ਼ਜ਼ਲ ਬਹੁਤ ਹੀ ਨਾਜ਼ੁਕ ਸ਼ਬਦਾਂ ਦੀ ਘਾੜਤ ਹੈ। ਗ਼ਜ਼ਲ ਵਿਚ 'ਨਫ਼ਾਜ਼ਤ, ਨਜ਼ਾਕਤ, ਲਿਆਕਤ' ਹੋਣੀ ਜ਼ਰੂਰੀ ਖਿਆਲ ਕੀਤਾ ਗਿਆ ਹੈ। ਆਕਰਸ਼ਕ ਗ਼ਜ਼ਲ ਤਾਂ ਮਨੁੱਖੀ ਮਨ ਨੂੰ ਅਬਰੀਂ ਉਡਾਰੀਆਂ ਲਾਉਣ 'ਤੇ ਮਜਬੂਰ ਕਰ ਦਿੰਦੀ ਹੈ। ਗ਼ਜ਼ਲ ਵਿਚ ਮਨ ਨੂੰ ਸਰਾਬੋਰ ਕਰਨ ਦੀ ਕਲਾ ਹੋਣੀ ਚਾਹੀਦੀ ਹੈ। ਅਸਲੀ ਅਰਥਾਂ ਵਿਚ ਇਹ ਕਲਾ ਗ਼ਜ਼ਲਗੋ ਨੂੰ ਬਾਖ਼ੂਬੀ ਆਉਣੀ ਚਾਹੀਦੀ ਹੈ। ਅਰਬ ਦੇਸ਼ ਵਿਚ ਕਸੀਦੇ ਕਹਿਣ ਦਾ ਰਿਵਾਜ਼ ਸੀ। ਕਸੀਦੇ ਦੇ ਚਾਰ ਹਿੱਸੇ ਮੰਨੇ ਜਾਂਦੇ ਹਨ। ਤਸ਼ਬੀਬ: ਸ਼ਰਾਬ ਦੀਆਂ ਗੱਲਾਂ, ਗੁਰੇਜ: ਤਸਬੀਬ ਨੂੰ ਛੱਡ ਕੇ ਕਸੀਦੇ ਦੇ ਨਾਇਕ ਦੀਆਂ ਗੱਲਾਂ, ਮਦਹ: ਨਾਇਕ ਦੇ ਗੁਣਾਂ, ਬਹਾਦਰੀ, ਦਇਆ, ਦਰਿਆਦਿਲੀ ਦਾ ਉਲੇਖ ਕਰਨਾ, ਮਨੋਰਥ: ਮਨੋਰਥ ਵਿਚ ਕਵੀ ਪੈਸੇ, ਘੋੜੇ ਜਾਂ ਹੋਰ ਕੀਮਤੀ ਵਸਤਾਂ ਦੀ ਇੱਛਾ ਰੱਖਦਾ ਸੀ। ਕਸੀਦੇ ਦੇ ਪਹਿਲੇ ਹਿੱਸੇ ਨੂੰ ਤਸ਼ਬੀਬ ਕਿਹਾ ਜਾਂਦਾ ਸੀ। ਫਿਰ ਕਸੀਦੇ ਨਾਲੋਂ ਅਲੱਗ ਕਰ ਕੇ ਗ਼ਜ਼ਲ ਰੂਪੀ ਇੱਕ ਵੱਖਰੇ ਕਾਵਿ-ਰੂਪ ਦੀ ਆਮਦ ਹੋਈ। ਗ਼ਜ਼ਲ ਕੀ ਹੈ? ਕਿੱਥੋਂ ਆਈ ਹੈ? ਇਸ ਦੀ ਲਿਖਣ ਤਰਤੀਬ ਕੀ ਹੈ? ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਕੀ ਹਨ? ਆਦਿ ਨੂੰ ਇਸ ਸਿਧਾਂਤਕ ਅਧਿਆਇ ਰਾਹੀਂ ਜਾਨਣ ਦੀ ਕੋਸ਼ਿਸ਼ ਕੀਤੀ ਗਈ ਹੈ।

### 1.5.1 ਗ਼ਜ਼ਲ: ਪਰਿਭਾਸ਼ਾਵਾਂ

ਗ਼ਜ਼ਲ ਦੇ ਸੰਦਰਭ ਵਿਚ ਵੱਖ-ਵੱਖ ਵਿਦਵਾਨਾਂ ਨੇ ਆਪਣੇ ਵਿਚਾਰ ਦਿੱਤੇ ਹਨ। ਉਹਨਾਂ ਦੇ ਹੇਠ ਲਿਖੇ ਵਿਚਾਰ ਹਨ। ਸਾਧੂ ਸਿੰਘ ਹਮਦਰਦ '*ਗ਼ਜ਼ਲ ਜਨਮ ਅਤੇ ਵਿਕਾਸ*' ਵਿਚ ਦੱਸਦੇ ਹਨ "ਤਸ਼ਬੀਬ ਮਾਸ਼ੂਕ ਕੀ ਹਾਲਤ ਦਾ ਬਿਆਨ ਅਤੇ ਉਸ ਦੇ ਇਸ਼ਕ ਵਿਚ ਆਪਣੀ ਵਾਰਦਾਤ ਦਾ ਨਾਂਅ ਅਤੇ ਇਸ ਨੂੰ ਨਸੀਬ ਅਤੇ ਗ਼ਜ਼ਲ ਵੀ ਕਹਿੰਦੇ ਹਨ।"(22) ਭਾਈ ਕਾਨ੍ਹ ਸਿੰਘ ਨਾਭਾ ਦੇ '*ਗੁਰਸ਼ਬਦ ਰਤਨਾਕਰ ਮਹਾਨ ਕੋਸ਼*' ਵਿਚ 'ਗ਼ਜ਼ਲ' ਦਾ ਅਰਬੀ ਭਾਸ਼ਾ ਵਿਚ ਅਰਥ ਹੈ, "ਇਸਤਰੀਆਂ ਨਾਲ ਵਾਰਤਾਲਾਪ ਭਾਵ ਪ੍ਰੇਮ ਪੂਰਤ ਕਾਵਿ।"(392) ਮੌਲਾਨਾ ਅਲਤਾਫ਼ ਹੁਸੈਨ ਹਾਲੀ '*ਮੁੱਕਦਮਾ-ਏ-ਸ਼ਿਅਰੋ ਸ਼ਾਇਰੀ*' ਵਿਚ ਗ਼ਜ਼ਲ ਬਾਰੇ ਲਿਖਦੇ ਹਨ:

> "ਗ਼ਜ਼ਲ ਦਾ ਵਿਸ਼ਾ ਉਹ ਔਰਤਾਂ ਹੀ ਬਣ ਸਕਦੀਆਂ ਹਨ, ਜਿਨ੍ਹਾਂ ਦੇ ਹੁਸਨ ਦੀ ਪ੍ਰਸ਼ੰਸਾ ਉਨ੍ਹਾਂ ਦੇ ਸਾਹਮਣੇ ਜਾਂ ਪਿੱਠ ਪਿੱਛੇ ਕੀਤੀ ਜਾ ਸਕੇ, ਜਿਨ੍ਹਾਂ ਦੀ ਜੁਦਾਈ ਦਾ ਇਕ ਛਿਣ ਜੁਗਾਂ ਦੀ ਮੁੱਦਤ ਮਾਲੂਮ ਹੋਵੇ, ਜਿਨ੍ਹਾਂ ਦਾ ਮਿਲਨ ਜ਼ਿੰਦਗੀ ਪ੍ਰਦਾਨ ਕਰੇ ਤੇ ਵਿਛੋੜਾ ਮੌਤ ਦਾ ਪੈਗਾਮ ਹੋਵੇ, ਜਿਨ੍ਹਾਂ ਦੇ ਸਾਹਮਣੇ ਜ਼ੁਬਾਨ ਬੰਦ ਹੋ ਜਾਵੇ ਤੇ ਦਿਲ ਦੇ ਰਾਜ਼ ਪ੍ਰਗਟ ਕਰਨ ਲਈ ਅੱਖਾਂ ਬੋਲ ਪੈਣ।"(33)

ਗ਼ਜ਼ਲ ਹਰ ਤਰ੍ਹਾਂ ਨਾਲ ਹੁਸਨ ਇਸ਼ਕ ਨਾਲ ਸਬੰਧਤ ਕਾਵਿ ਰੂਪ ਹੈ ਜੋ ਪ੍ਰਮੁੱਖ ਤੌਰ 'ਤੇ ਮਹਿਬੂਬ ਨੂੰ ਮੁਖ਼ਾਤਬ ਹੁੰਦਾ ਹੈ। ਪਹਿਲਾਂ ਪਹਿਲ ਗ਼ਜ਼ਲ ਸਿਰਫ਼ ਸ਼ਰਾਬ, ਸਾਕੀ, ਆਸ਼ਿਕਾਨਾ ਅੰਦਾਜ਼ ਤਕ ਹੀ ਸੀ ਪਰ ਅਜੋਕੇ ਸਮੇਂ ਦੀਆਂ ਸਮਾਜਕ

ਪਰਿਸਥਤੀਆਂ, ਨੈਤਿਕ ਕਦਰਾਂ-ਕੀਮਤਾਂ ਅਤੇ ਮਨੁੱਖੀ ਸੰਦਰਭ ਦੇ ਬਦਲਣ ਨਾਲ ਗ਼ਜ਼ਲ ਦੇ ਅਰਥਾਂ ਵਿਚ ਵੀ ਬਹੁਤ ਪਰਿਵਰਤਨ ਆਉਣੇ ਸੰਭਵ ਹਨ। ਇਸ ਬਾਰੇ ਪ੍ਰੋ. ਮੋਹਨ ਸਿੰਘ *'ਪੰਜਾਬੀ ਦੁਨੀਆਂ ਪੱਤਰਕਾਰੀ ਅੰਕ'* ਵਿਚ ਲਿਖਦੇ ਹਨ:

> "ਪੁਰਾਣੇ ਕਵੀਆਂ ਨੇ ਲੋਕਾਂ ਦੇ ਮਨਾਂ ਵਿਚ ਇਹ ਭ੍ਰਾਂਤੀ ਪੈਦਾ ਕਰ ਦਿੱਤੀ ਸੀ ਕਿ ਗ਼ਜ਼ਲ ਰੂਪ ਦੇ ਨੁਕਤੇ ਤੋਂ ਨਹੀਂ ਸਗੋਂ ਵਿਸ਼ੇ ਦੇ ਨੁਕਤੇ ਤੋਂ ਗ਼ਜ਼ਲ ਕਹਾਉਂਦੀ ਹੈ...ਹੁਣ ਇਹ ਭ੍ਰਾਂਤੀ ਟੁੱਟ ਚੁੱਕੀ ਹੈ ਤੇ ਇਸ ਨਾਲ ਗ਼ਜ਼ਲ ਦਾ ਖੇਤਰ ਬਹੁਤ ਚੌੜਾ ਹੋ ਗਿਆ ਹੈ ਤੇ ਕੋਈ ਵਿਸ਼ਾ ਇਸ ਦੀ ਪਕੜ ਤੋਂ ਬਾਹਰ ਨਹੀਂ ਰਿਹਾ।"(1)

ਇਸ ਤੋਂ ਇਹ ਭਾਵ ਸਪੱਸ਼ਟ ਹੁੰਦਾ ਹੈ ਕਿ ਗ਼ਜ਼ਲ ਸਿਰਫ਼ ਔਰਤਾਂ ਨਾਲ ਪਿਆਰ, ਤਨਹਾਈ, ਵਸਲ, ਵਿਯੋਗ ਨਹੀਂ ਸਮਝ ਲੈਣਾ ਚਾਹੀਦਾ ਹੈ ਬਲਕਿ ਗ਼ਜ਼ਲ ਦੇ ਸਿਧਾਂਤਕ ਕਾਵਿ ਰੂਪ ਨੇ ਜੀਵਨ ਦੇ ਹੋਰ ਵੀ ਵਿਸ਼ਾਲ ਖੇਤਰ ਵਿਚੋਂ ਅਧਿਆਤਮਕ, ਸਮਾਜਕ, ਰਾਜਨੀਤਕ, ਆਰਥਿਕ, ਨਾਰੀਵਾਦੀ, ਪਰਵਾਸੀ ਆਦਿ ਅਨੇਕ ਹੀ ਵਿਸ਼ਿਆਂ ਨੂੰ ਆਪਣੇ ਸ਼ਿਅਰਾਂ ਵਿਚ ਪਰੋਇਆ ਹੈ। ਕੁੱਝ ਗ਼ਜ਼ਲ ਨੂੰ ਗ਼ਜ਼ਾਲ (ਹਰਨੋਟਾ) ਨਾਲ ਸੰਬੋਧਤ ਕਰਦੇ ਹਨ ਕਿ ਗ਼ਜ਼ਲ ਦੇ ਸ਼ਿਅਰਾਂ ਵਿਚ ਹਰਨੋਟੇ ਦੀ ਅੱਖ ਵਰਗੀ ਸੁੰਦਰਤਾ ਹੈ ਜਾਂ ਇਸ ਤਰ੍ਹਾਂ ਵੀ ਕਿਹਾ ਜਾਂਦਾ ਹੈ ਕਿ ਜਦੋਂ ਸ਼ਿਕਾਰੀ ਕੁੱਤੇ ਹਿਰਨ ਦੇ ਪਿੱਛੇ ਭੱਜਦੇ ਹਨ ਤਾਂ ਹਿਰਨ ਡਰ ਨਾਲ ਕੰਬਦਾ ਹੈ ਅਤੇ ਉਸ ਦੇ ਮੂੰਹੋਂ ਦਰਦ ਭਰੀ ਕੂਕ ਨਿਕਲਦੀ ਹੈ ਅਤੇ ਉਹੀ ਦਰਦ ਗ਼ਜ਼ਲ ਦੇ ਸ਼ਿਅਰਾਂ ਵਿਚ ਵੀ ਵਿਦਮਾਨ ਹੁੰਦਾ ਹੈ। ਇਸ ਤਰ੍ਹਾਂ ਵੀ ਕਹਿ ਲਿਆ ਜਾਂਦਾ ਹੈ ਕਿ ਹਿਰਨ ਦੀ ਛੜੱਪੇ ਮਾਰ ਕੇ ਚੱਲਣ ਦੀ ਆਦਤ ਹੁੰਦੀ ਹੈ, ਉਸੇ ਤਰ੍ਹਾਂ ਹੀ ਗ਼ਜ਼ਲ ਵੀ ਆਪ ਮੁਹਾਰੇ ਹੀ ਫੁਦਕ ਪੈਂਦੀ ਹੈ। ਗ਼ਜ਼ਲ ਦੇ ਸ਼ਿਅਰ ਆਪਣੇ ਆਪ ਵਿਚ ਸੁਤੰਤਰ ਹਨ। ਉਹਨਾਂ ਦਾ ਇਕ ਦੂਜੇ ਨਾਲ ਕੋਈ ਸਰੋਕਾਰ ਨਹੀਂ ਹੁੰਦਾ ਬਿਲਕੁਲ ਉਸੇ ਤਰ੍ਹਾਂ ਜਿਵੇਂ ਹਿਰਨ ਆਪਣਾ ਬਚਾਅ ਕਰਦਾ ਹੋਇਆ ਭੱਜਦਾ ਹੈ ਅਤੇ ਉਸ ਦੇ ਕਦਮਾਂ ਦੇ ਫ਼ਾਸਲੇ ਦਾ ਵੀ ਆਪਸ ਵਿਚ ਕੋਈ ਸਰੋਕਾਰ ਨਹੀਂ ਹੁੰਦਾ। ਸ਼ਾਇਦ ਗ਼ਜ਼ਲ ਦਾ ਨਾਮ 'ਗ਼ਜ਼ਲ' ਇਸ ਕਾਰਨ ਪਿਆ ਹੋਵੇ। ਗ਼ਜ਼ਲ ਦੇ ਸਿਧਾਂਤ ਅਤੇ ਗ਼ਜ਼ਲ ਨੂੰ ਕਸੀਦੇ ਵਿਚੋਂ ਉੱਪਜੀ ਹੋਈ ਮੰਨਦੇ ਹੋਏ ਸਾਧੂ ਸਿੰਘ ਹਮਦਰਦ ਦੇ ਆਪਣੀ ਪੁਸਤਕ *'ਗ਼ਜ਼ਲ ਜਨਮ ਤੇ ਵਿਕਾਸ'* ਵਿਚ ਵਿਚਾਰ ਹਨ

> "ਗ਼ਜ਼ਲ ਕਵਿਤਾ ਦਾ ਸਭ ਤੋਂ ਉੱਨਤ, ਉੱਤਮ ਅਤੇ ਨਿਖ਼ਰਿਆ ਹੋਇਆ ਰੂਪ ਹੈ। ਆਧੁਨਿਕ ਦੌਰ ਵਿਚ ਗ਼ਜ਼ਲ ਸਾਹਿਤ ਦੀ ਬਹੁਤ ਹਰਮਨ ਪਿਆਰੀ ਅਤੇ ਮਹੱਤਵਪੂਰਨ ਕਾਵਿ-ਵਿਧਾ ਹੈ। ਇਸ ਦੀ ਹੋਂਦ ਆਦਿ ਕਾਲ ਤੋਂ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਰਹੀ ਹੈ। ਗ਼ਜ਼ਲ ਅਰਬੀ ਭਾਸ਼ਾ ਦਾ ਸ਼ਬਦ ਹੈ ਅਤੇ ਫ਼ਾਰਸੀ ਦਾ ਸਰੋਦੀ ਵਿਸ਼ੇ ਵਾਲਾ ਕਾਵਿ ਰੂਪ ਹੈ। ਇਸ ਕਾਵਿ ਰੂਪ ਦਾ ਜਨਮ 'ਕਸੀਦੇ' ਦੀ ਕੁਖੋਂ ਹੋਇਆ।"(18)

ਡਾ. ਜਗਤਾਰ *'ਚਿੱਟਾ ਘਾਹ ਧੁਆਂਖੀਆਂ ਧੁੱਪਾਂ'* ਪੁਸਤਕ ਵਿਚ ਗ਼ਜ਼ਲ ਬਾਰੇ ਲਿਖਦੇ ਹਨ, "ਗ਼ਜ਼ਲ ਵੀ ਇਕ ਖਿਆਲ ਤੋਂ ਦੂਜੇ ਖਿਆਲ ਤਕ ਹਰਨੋਟੇ (ਮਿਰਗ) ਵਾਂਗ ਚੌਂਕੜੀਆਂ ਭਰਦੀ ਹੈ। ਇਸ ਲਈ ਇਸ ਦਾ ਨਿਕਾਸ ਅਰਬੀ ਫ਼ਾਰਸੀ ਦੇ 'ਗ਼ਜ਼ਲ' ਸ਼ਬਦ  ਵਿਚੋਂ ਹੋਇਆ।"(10)

ਇਸ ਲਈ ਗ਼ਜ਼ਲ ਅਤੇ ਗ਼ਜ਼ਾਲ ਦੀ ਚਾਲ ਸਮਾਨਤਾ ਕਾਰਨ ਹੀ ਇਸ ਕਾਵਿ ਰੂਪ ਦਾ ਨਾਮ 'ਗ਼ਜ਼ਲ' ਪਿਆ। ਮੁੱਢਲੇ ਦੌਰ ਦੀ ਗ਼ਜ਼ਲ ਕੇਵਲ ਔਰਤਾਂ ਦੀ ਖ਼ੂਬਸੂਰਤੀ ਦੀ ਬਿਆਨਕਾਰੀ ਹੀ ਪੇਸ਼ ਕਰਦੀ ਸੀ। ਇਸ ਵਿਚ ਪ੍ਰੇਮ, ਪਿਆਰ, ਭਾਵਨਾਵਾਂ ਤਾਂ ਸਮਾਈਆਂ ਸਨ ਪਰ ਹੌਲੀ-ਹੌਲੀ ਗ਼ਜ਼ਲ ਨੇ ਇਸ ਸੀਮਤ ਦਾਇਰੇ ਦੀ ਕੈਦ ਵਿਚੋਂ ਉਡਾਰੀ ਮਾਰੀ ਅਤੇ ਬਹੁ-ਵਿਸ਼ਿਆਂ ਨੂੰ ਆਪਣੀ ਪਕੜ ਵਿਚ ਲੈ ਲਿਆ। ਗ਼ਜ਼ਲ ਵਿਚਲੇ ਸ਼ਿਅਰਾਂ ਵਿਚ ਲੁੱਕਿਆ ਦਰਦ ਬਿਆਨ ਕਰਦੀਆਂ ਹਨ। ਹਿਰਨ ਨੂੰ ਸ਼ਿਕਾਰੀ ਹੱਥੋਂ ਸ਼ਿਕਾਰ ਹੋ ਜਾਣ ਦਾ ਦਰਦ ਅਤੇ ਪ੍ਰੇਮੀ ਨੂੰ ਪ੍ਰੇਮਿਕਾ ਹੱਥੋਂ ਖਤਮ ਹੁੰਦੇ ਪਿਆਰ ਦਾ ਦਰਦ ਪਰ ਹੁਣ ਸਮੇਂ ਦੇ ਬਦਲਣ ਕਾਰਨ ਗ਼ਜ਼ਲ ਵਿਚ ਵਿਸ਼ੇ ਅਤੇ ਰੂਪ ਪੱਖੋਂ ਬਹੁਤ ਬਦਲਾਅ ਆ ਗਏ ਹਨ। ਗ਼ਜ਼ਲ ਆਪਣੇ ਕਲਾਵੇ ਵਿਚ ਬਹੁਤ ਵਿਸ਼ੇ ਸਮੋਈ ਬੈਠੀ ਹੈ। ਇਹ ਹੁਸਨ ਇਸ਼ਕ ਦੀ ਸੀਮਾ ਨੂੰ ਪਾਰ ਕਰਦੀ ਹੋਈ ਜਾਤ ਤੋਂ ਕਾਇਨਾਤ ਦਾ ਸਫ਼ਰ ਤੈਅ ਕਰਦੀ ਹੈ। ਚਾਨਣ ਗੋਬਿੰਦਪੁਰੀ '*ਗ਼ਜ਼ਲ ਇਕ ਸਮੱਸਿਆ*' ਵਿਚ ਗ਼ਜ਼ਲ ਬਾਰੇ ਕਹਿੰਦੇ ਹਨ:

> "ਗ਼ਜ਼ਲ ਵਿਚ ਕੇਵਲ ਪਿਆਰ ਮੁਹੱਬਤ ਦੇ ਚੋਚਲੇ ਹੀ ਨਹੀਂ ਚਿਤਾਰੇ ਨਹੀਂ ਜਾਂਦੇ ਬਲਕਿ ਇਹ ਉਹ ਬ੍ਰਹਿਮੰਡ ਹੈ ਜਿਸ ਵਿਚ ਤਿੰਨ ਲੋਕ, ਨੌਂ ਖੰਡ ਤੇ ਚੌਦਾਂ ਭਵਨ ਸਮਾਏ ਹੋਏ ਹਨ। ਗ਼ਜ਼ਲ ਦਾ ਸ਼ਿਅਰ ਕਿਣਕੇ ਵਿਚ ਦੁਨੀਆਂ, ਤੁਪਕੇ ਵਿਚ ਸਮੁੰਦਰ, ਇਕ ਵਿਚ ਅਨੰਤ ਵਾਲੀ ਗੱਲ ਹੈ। ਇਸ ਲਈ ਗ਼ਜ਼ਲ ਬਾਰੇ ਕਹਿਣਾ ਕਿ ਗ਼ਜ਼ਲ ਦਾ ਮਤਲਬ ਕੇਵਲ ਔਰਤਾਂ ਨਾਲ ਆਸ਼ਕੀ, ਮਾਸ਼ੂਕੀ ਜਾਂ ਚੋਹਮਬਾਜ਼ੀ ਦੀਆਂ ਗੱਲਾਂ ਕਰਨਾ ਹੀ ਹੈ। ਇਹ ਕਿਸੇ ਪ੍ਰੋ. ਦਾ ਹੀ ਕਥਨ ਹੋ ਸਕਦਾ ਹੈ ਜਿਸ ਨੇ ਕਿਧਰੇ ਕੋਈ ਗ਼ਜ਼ਲ ਦਾ ਆਸ਼ਿਕਾਨਾ ਸ਼ਿਅਰ ਪੜ੍ਹ ਲਿਆ ਹੋਵੇਗਾ।"(222)

ਗ਼ਜ਼ਲ ਕਾਵਿ ਜਗਤ ਦਾ ਉਹ ਕਾਵਿ ਰੂਪ ਹੈ ਜਿਸ ਵਿਚ ਦੁੱਖ, ਦਰਦ, ਖੁਸ਼ੀ, ਗਮੀ, ਅਮੀਰੀ-ਗਰੀਬੀ, ਵਸਲ, ਵਿਯੋਗ, ਧਰਤੀ, ਆਕਾਸ਼ ਹਰ ਇਕ ਚੀਜ਼ ਜਾਂ ਹਰ ਇਕ ਵਿਸ਼ਾ ਇਸ ਦੇ ਕਲਾਵੇ ਦੀ ਸ਼ੋਭਾ ਵਧਾ ਰਿਹਾ ਹੈ। ਅਸੀਂ ਇਸ ਦੀ ਹੋਂਦ ਸਵੀਕਾਰਦੇ ਹਾਂ ਪਰ ਇਸ ਵਿਚ ਕੋਮਲਤਾ ਜ਼ਰੂਰ ਬਣੀ ਰਹਿਣੀ ਚਾਹੀਦੀ ਹੈ। ਚਾਨਣ ਗੋਬਿੰਦਪੁਰੀ '*ਪੰਜਾਬੀ ਦੁਨੀਆਂ ਗ਼ਜ਼ਲ ਅੰਕ*' ਵਿਚ ਗ਼ਜ਼ਲ ਦੀ ਖ਼ੂਬੀ ਬਿਆਨ ਕਰਦੇ ਹਨ, "ਗ਼ਜ਼ਲ ਦੀ ਇਹ ਵੀ ਖ਼ੂਬੀ ਹੈ ਕਿ ਉਹ ਉਨ੍ਹਾਂ ਗੁੰਝਲਦਾਰ 'ਤੇ ਗੰਭੀਰ ਸਮੱਸਿਆਵਾਂ ਨੂੰ ਦੋ-ਚਾਰ ਸ਼ਬਦਾਂ ਰਾਹੀਂ ਇੰਝ ਸੁਲਝਾ ਜਾਂਦੀ ਹੈ ਕਿ ਵੇਖ ਕੇ ਅਕਲ ਹੈਰਾਨ ਰਹਿ ਜਾਂਦੀ ਹੈ।"(36)

ਗ਼ਜ਼ਲ ਦੀ ਤਕਨੀਕ ਨੂੰ ਦੇਖਦੇ ਹੋਏ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਇਸ ਵਿਚ ਸੰਖੇਪਤਾ ਅਤੇ ਸਪੱਸ਼ਟਤਾ ਦੀ ਖ਼ਾਸੀਅਤ ਹੁੰਦੀ ਹੈ। ਗ਼ਜ਼ਲ ਦੇ ਸ਼ਿਅਰ ਦੀ ਇਕ ਪੰਗਤੀ (ਮਿਸਰਾ) ਹੀ ਸਾਡੇ ਹਾਵਾਂ-ਭਾਵਾਂ ਨੂੰ ਬਾਖ਼ੂਬੀ ਬਿਆਨ ਕਰ ਜਾਂਦੀ ਹੈ। ਵਿਰੋਧੀ ਉੱਤੇ ਵਾਰ ਗ਼ਜ਼ਲ ਰਾਹੀਂ ਰਮਜ਼ਾਂ ਅਤੇ ਸੰਕੇਤਾਂ ਦੇ ਤੀਰਾਂ ਦੁਆਰਾ ਹੀ ਕੀਤਾ ਜਾਂਦਾ ਹੈ। ਗ਼ਜ਼ਲ ਦੀ ਪ੍ਰਵਿਰਤੀ ਕੋਮਲ ਭਾਵਾਂ ਵਾਲੀ ਹੁੰਦੀ ਹੈ ਨਾ ਕਿ ਸਿੱਧਾ ਸੋਟਾ ਮਾਰਨ ਵਾਲੀ। ਗ਼ਜ਼ਲ ਵਿਚ ਗਾਏ ਜਾਣ ਦੀ ਵਿਸ਼ੇਸ਼ਤਾ ਅਤੇ ਸਰੋਦੀ ਅੰਸ਼ ਦੀ ਵਿਦਮਤਾ ਹੁੰਦੀ ਹੈ। ਇਸ ਲਹਿਜ਼ੇ ਤੋਂ ਇਹ ਗੀਤ ਨਾਲ ਵਧੇਰੇ ਮੇਲ ਖਾਂਦੀ ਹੈ ਅਤੇ ਕਵਿਤਾ ਨਾਲ ਘੱਟ

ਕਿਉਂ ਕਿ ਹਰ ਕਵਿਤਾ ਗਾਈ ਨਹੀਂ ਜਾ ਸਕਦੀ ਪਰ ਹਰ ਗ਼ਜ਼ਲ ਵਿਚ ਗਾਏ ਜਾਣ ਦੀ ਪ੍ਰਵਿਰਤੀ ਜ਼ਰੂਰ ਵਿਦਮਾਨ ਹੁੰਦੀ ਹੈ। ਇਸ ਸੰਦਰਭ ਵਿਚ ਪ੍ਰੋ. ਦੀਵਾਨ ਸਿੰਘ '*ਸੂਫ਼ੀਵਾਦ ਤੇ ਹੋਰ ਲੇਖ*' ਵਿਚ ਲਿਖਦੇ ਹਨ:

> "ਗ਼ਜ਼ਲ ਕਿਸੇ ਛੰਦ ਜਾਂ ਤੋਲ ਦਾ ਨਾਂ ਨਹੀਂ ਜਿਵੇਂ ਬੈਂਤ, ਕਬਿਤ ਆਦਿ। ਜੋ ਲੋਕ ਗ਼ਜ਼ਲ ਨੂੰ ਇਕ ਛੰਦ ਮੰਨਦੇ ਹਨ, ਉਹ ਭੁਲੇਖਾ ਖਾ ਜਾਂਦੇ ਹਨ। ਇਹ ਕਈ ਛੰਦਾਂ ਜਾਂ ਤੋਲਾਂ ਵਿਚ ਲਿਖੀ ਜਾਂਦੀ ਹੈ ਕਿਉਂ ਕਿ ਗ਼ਜ਼ਲ ਦਾ ਕੋਈ ਨਿਯਤ ਛੰਦ ਜਾਂ ਤੋਲ ਨਾ ਹੋਣ ਕਰ ਕੇ ਗ਼ਜ਼ਲ ਤਾਂਇਕ ਕਵਿਤਾ ਜਾਂ ਰੂਪ ਜਾਂ ਕਿਸਮ ਹੈ ਜਿਵੇਂ ਰੁਬਾਈ, ਕਸੀਦਾ, ਮਸਨਵੀ ਆਦਿ।"(64)

ਇਸ ਪਰਿਭਾਸ਼ਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗ਼ਜ਼ਲ ਕੋਈ ਛੰਦ ਨਹੀਂ ਬਲਕਿ ਇਕ ਕਾਵਿ ਰੂਪ ਹੈ। ਜਿਹੜਾ ਕਿਸੇ ਨਾ ਕਿਸੇ ਛੰਦਕ ਚਾਲ ਵਿਚ ਬੱਝਾ ਨਿਸ਼ਚਿਤ ਤੋਲ ਵਾਲਾ ਤੇ ਸੰਗੀਤਕ ਗੁਣਾਂ ਦਾ ਧਾਰਨੀ ਹੁੰਦਾ ਹੈ। ਛੰਦ ਕੋਈ ਵੀ ਅਪਨਾਇਆ ਜਾਵੇ ਉਹ ਗੁਣਾਂ ਵਜੋਂ ਪੂਰੀ ਤਰ੍ਹਾਂ ਨਿਭਾਇਆ ਜਾਣਾ ਚਾਹੀਦਾ ਹੈ। ਗ਼ਜ਼ਲ ਭਾਵੇਂ ਨਿਸ਼ਚਿਤ ਰੂਪ ਵਿਚ ਕਿਸੇ ਛੰਦ ਵਿਚ ਬੱਝੀ ਨਹੀਂ ਹੁੰਦੀ ਪਰ ਇਸ ਦੇ ਕਾਵਿਕ ਸ਼ਿਅਰ ਜ਼ਰੂਰ ਹੁੰਦੇ ਹਨ। ਇਨ੍ਹਾਂ ਸ਼ਿਅਰਾਂ ਰਾਹੀਂ ਹੀ ਗ਼ਜ਼ਲਗੋ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਕਰਦਾ ਹੈ। ਗ਼ਜ਼ਲ ਲਈ ਸ਼ਿਅਰਾਂ ਦੀ ਕੋਈ ਗਿਣਤੀ ਤਾਂ ਨਹੀਂ ਹੁੰਦੀ ਪਰ ਫਿਰ ਵੀ ਵਿਦਵਾਨਾਂ ਦੀਆਂ ਰਾਵਾਂ ਵੱਖਰੀਆਂ ਹਨ। ਹਿੰਦੀ ਸਾਹਿਤਯ ਕੋਸ਼ ਅਨੁਸਾਰ, "ਪੰਜ ਤੋਂ ਸਤਾਰਾਂ ਸ਼ਿਅਰਾਂ ਦੇ ਸੰਗ੍ਰਹਿ ਨੂੰ ਗ਼ਜ਼ਲ ਕਹਿੰਦੇ ਹਨ।"(*ਹਿੰਦੀ ਸਾਹਿਤਯ ਕੋਸ਼ ਗਿਆਨ ਮੰਡਲ* 15) ਇਸ ਤੋਂ ਬਿਨਾਂ ਗ਼ਜ਼ਲ ਦੇ ਸ਼ਿਅਰਾਂ ਬਾਰੇ ਪ੍ਰੋ. ਸੁਖਪਾਲਬੀਰ ਹਸਰਤ '*ਕਾਵਿ ਦਰਸ਼ਨ*' ਪੁਸਤਕ ਰਾਹੀਂ ਆਪਣੇ ਵਿਚਾਰ ਸਾਂਝੇ ਕਰਦੇ ਹਨ, "ਗ਼ਜ਼ਲ ਵਿਚ ਪੰਜ ਤੋਂ ਲੈ ਕੇ ਸਤਾਰਾਂ ਤੱਕ ਸ਼ਿਅਰ ਹੋ ਸਕਦੇ ਹਨ ਅਤੇ ਜੇ ਪੰਜ ਜਾਂ ਸੱਤ ਆਦਿ ਔਡ ਨੰਬਰ ਵਿਚ ਹੋਣ ਤਾਂ ਚੰਗਾ ਸਮਝਿਆ ਜਾਂਦਾ ਹੈ।"(203)

ਸ਼ਿਅਰਾਂ ਦੀ ਇਸ ਪਰਿਭਾਸ਼ਾ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਗ਼ਜ਼ਲ ਦੇ ਸ਼ਿਅਰਾਂ ਦੀ ਗਿਣਤੀ 'ਤੇ ਕੋਈ ਪਾਬੰਦੀ ਨਹੀਂ ਹੈ ਕਿਉਂ ਕਿ ਅੱਜ ਦੇ ਸਮੇਂ ਵਿਚ ਪੰਜਾਬੀ ਗ਼ਜ਼ਲਾਂ ਅਜਿਹੀਆਂ ਹਨ ਜਿਨ੍ਹਾਂ ਵਿਚ ਚਾਰ-ਚਾਰ ਸ਼ਿਅਰ ਹੀ ਹੁੰਦੇ ਹਨ ਅਤੇ ਕਈ ਗ਼ਜ਼ਲਾਂ ਵਿਚ ਸ਼ਿਅਰਾਂ ਦੀ ਗਿਣਤੀ ਵੀਹ ਜਾਂ ਬਾਈ ਵੀ ਹੋ ਜਾਂਦੀ ਹੈ। ਹਰ ਸ਼ਿਅਰ ਆਪਣੇ ਆਪ ਵਿਚ ਸੰਪੂਰਨ ਖਿਆਲ ਹੁੰਦਾ ਹੈ। ਕਈ ਵਾਰ ਤਾਂ ਇਕ ਸ਼ਿਅਰ ਦਾ ਦੂਜੇ ਨਾਲ ਕੋਈ ਸੰਬੰਧ ਨਹੀਂ ਹੁੰਦਾ। ਪਹਿਲੇ ਸ਼ਿਅਰਾਂ ਦੀਆਂ ਦੋ ਤੁਕਾਂ ਦਾ ਕਾਫ਼ੀਆ ਆਪਸ ਵਿਚ ਮਿਲਿਆ ਹੋਣਾ ਚਾਹੀਦਾ ਹੈ। ਜਿਸ ਨੂੰ ਮਤਲਾ ਕਿਹਾ ਜਾਂਦਾ ਹੈ। ਮਤਲਾ ਤੋਂ ਅਗਲਾ ਸ਼ਿਅਰ ਹੁਸਨੇ ਮਤਲਾ ਅਤੇ ਗ਼ਜ਼ਲ ਦਾ ਸਰਵੋਤਮ ਸ਼ਿਅਰ ਸ਼ਾਹਬੈਂਤ ਹੁੰਦਾ ਹੈ। ਗ਼ਜ਼ਲ ਦਾ ਆਖਰੀ ਸ਼ਿਅਰ ਮਕਤਾ ਕਹਾਉਂਦਾ ਹੈ ਜਿਸ ਵਿਚ ਗ਼ਜ਼ਲਗੋ ਦਾ ਨਾਮ ਜਾਂ ਉਪਨਾਮ ਤਖੱਲਸ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਰੁਬਾਈ ਅਤੇ ਮਸਨਵੀ ਬਹਿਰ ਨੂੰ ਛੱਡ ਕੇ ਗ਼ਜ਼ਲ ਬਾਕੀ ਬਹਿਰਾਂ ਵਿਚ ਰਚੀ ਜਾਂਦੀ ਹੈ। ਗ਼ਜ਼ਲ ਵਿਚ ਤੋਲ-ਤੁਕਾਂਤ ਦੀ ਨਿਪੁਨਤਾ ਅਤੇ ਤਕਨੀਕੀ ਪ੍ਰਬੀਨਤਾ ਇਕ ਜ਼ਰੂਰੀ ਲੱਛਣ ਹੈ। ਗ਼ਜ਼ਲ ਵਿਚ ਨਾਜ਼ੁਕ ਖਿਆਲ 'ਤੇ ਜ਼ੋਰ ਦਿੱਤਾ ਜਾਂਦਾ ਹੈ। '*ਦੀਵਾਨ-ਏ-ਕੁਸ਼ਤਾ*' ਦੇ ਚੌਥੇ ਐਡੀਸ਼ਨ ਦੇ ਮੁੱਖ ਬੰਦ ਵਿਚ ਮੁਹੰਮਦ ਅਫ਼ਜ਼ਲ ਖਾਨਨੇ ਗ਼ਜ਼ਲ ਦੇ ਲੱਛਣ ਬਿਆਨ ਕਰਦਿਆਂ ਲਿਖਿਆ ਹੈ:

> "ਗ਼ਜ਼ਲ ਵਿਚ ਭਾਵੇਂ ਲੱਖ ਐਬ ਹੋਣ ਪਰ ਇਸ ਵਿਚ ਬੜੀ ਵੱਡੀ ਖ਼ੂਬੀ ਵੀ ਹੈ। ਜਿਸ ਗੱਲੋਂ ਇਹ ਉਰਦੂ, ਫ਼ਾਰਸੀ ਵਿਚ ਹਰਮਨ ਪਿਆਰੀ ਹੋ ਗਈ ਹੈ। ਅਨਾੜੀ ਕਵੀਆਂ ਲਈ ਇਹ ਬੜੀ ਚੰਗੀ ਸ਼ੈਅ ਹੈ। ਮਜਮੂਨ ਨੂੰ ਛੋਟਾ ਕਰਨਾ, ਬਹੁਤੀ ਗੱਲ ਥੋੜੇ ਲਫ਼ਜ਼ਾਂ ਵਿਚ ਆਖਣਾ ਇਹ ਗ਼ਜ਼ਲ ਦਾ ਹੀ ਕੰਮ ਹੈ। ਸਾਰੀ ਦੁਨੀਆਂ ਦੇ ਕਵੀ ਪਹਿਲਾਂ ਮਜਮੂਨ ਸੋਚਦੇ ਹਨ ਅਤੇ ਫੇਰ ਉਸ ਲਈ ਕਾਫ਼ੀਏ ਤੇ ਰਦੀਫ਼ ਪਰ ਗ਼ਜ਼ਲ ਲਈ ਪਹਿਲਾਂ ਰਦੀਫ਼ ਅਤੇ ਕਾਫ਼ੀਏ ਸੋਚਦੇ ਹਨ ਫਿਰ ਮਜਮੂਨ। ਗ਼ਜ਼ਲ ਇਕ ਗੁਲਦਸਤਾ ਏ ਜਿਸ ਵਿਚ ਰੰਗ-ਬਿਰੰਗੇ ਫੁੱਲ ਇਕ ਮੁੱਠ ਬੱਝੇ ਹੋਣ। ਕਿਸੇ ਸ਼ਿਅਰ ਵਿਚ ਇਖ਼ਲਾਕ, ਕਿਸੇ ਵਿਚ ਤਸੱਵੁਫ਼, ਕਿਸੇ ਵਿਚ ਇਸ਼ਕ, ਕਿਸੇ ਵਿਚ ਫ਼ਲਸਫ਼ਾ ਤੇ ਕਿਸੇ ਵਿਚ ਸਿੱਖਿਆ। ਗ਼ਜ਼ਲ ਦਾ ਹਰ ਸ਼ਿਅਰ ਆਪਣੀ ਥਾਂ ਇਕ ਨਜ਼ਮ ਹੁੰਦਾ ਹੈ ਤੇ ਗ਼ਜ਼ਲ ਕਹਿਣ ਵਾਲੇ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਹ ਥੋੜੇ ਜਿਹੇ ਲਫ਼ਜ਼ਾਂ ਵਿਚ ਬਹੁਤ ਸਾਰਾ ਮਤਲਬ ਲਿਆਵੇ ਤੇ ਹਰ ਸ਼ਿਅਰ ਵਿਚ ਵੱਧ ਤੋਂ ਵੱਧ ਖਿਆਲ ਤੇ ਜਜ਼ਬਾਤ ਗੁੰਦੇ ਹੋਣ।"(7)

ਗ਼ਜ਼ਲ ਦੇ ਵੱਖ-ਵੱਖ ਸ਼ਿਅਰਾਂ ਵਿਚ ਵੱਖ-ਵੱਖ ਮਸਲਿਆਂ 'ਤੇ ਪੂਰੀ ਗੱਲ ਕੀਤੀ ਜਾ ਸਕਦੀ ਹੈ। ਗ਼ਜ਼ਲ ਇਕ ਸਵੈਪੂਰਨ ਅਤੇ ਰਸੇ ਹੋਏ ਫ਼ਲ ਦੀ ਤਰ੍ਹਾਂ ਹੈ ਜਿਸ ਵਿਚ ਇਸ਼ਕ, ਪਿਆਰ, ਮੁਹੱਬਤ ਆਦਿ ਲਫ਼ਜ਼ ਵਧੇਰੇ ਰੂਪਮਾਨ ਹੁੰਦੇ ਹਨ। ਗ਼ਜ਼ਲ ਵਿਚ ਗੰਭੀਰ ਮੁੱਦਿਆਂ 'ਤੇ ਘੱਟ ਸ਼ਬਦਾਂ ਵਿਚ ਗ਼ਜ਼ਲ ਕਹਿਣ ਦਾ ਗੁਣ ਹੈ। ਇਸ ਵਿਚ ਸਰੋਦੀ ਅੰਸ਼ ਵਿਦਮਾਨ ਹੁੰਦਾ ਹੈ। ਜੋ ਗੀਤ ਨਾਲ ਮੇਲ ਖਾਂਦਾ ਹੈ। ਗ਼ਜ਼ਲ ਵਿਚ ਕੋਈ ਨਿਯਤ ਛੰਦ ਦਾ ਪ੍ਰਗਟਾਉ ਨਹੀਂ ਹੁੰਦਾ। ਸਹੀ ਤੌਰ 'ਤੇ ਦੇਖਿਆ ਜਾਵੇ ਤਾਂ ਗ਼ਜ਼ਲ ਵਿਚ ਪੰਜ ਤੋਂ ਸਤਾਰਾਂ ਤਕ ਸ਼ਿਅਰ ਹੋਣੇ ਚਾਹੀਦੇ ਹਨ। ਗ਼ਜ਼ਲ ਨੂੰ ਸਿਰਫ਼ ਔਰਤਾਂ, ਪਿਆਰ ਜਾਂ ਤਨਹਾਈ ਆਦਿ ਵਿਸ਼ਿਆਂ ਨਾਲ ਗ੍ਰਸਤ ਹੀ ਨਹੀਂ ਮੰਨਿਆ ਗਿਆ ਬਲਕਿ ਗ਼ਜ਼ਲ ਦੇ ਸਿਧਾਂਤਕ ਕਾਵਿ ਰੂਪ ਨੇ ਜੀਵਨ ਦੇ ਵਿਸ਼ਾਲ ਖੇਤਰ ਵਿਚੋਂ ਹੋਰ ਵੀ ਸਮਾਜਕ, ਰਾਜਨੀਤਕ, ਧਾਰਮਿਕ, ਅਧਿਆਤਮਕ, ਵਿਸ਼ਵੀਕਰਨ ਆਦਿ ਵਿਸ਼ਿਆਂ ਨੂੰ ਆਪਣੇ ਸ਼ਿਅਰਾਂ ਵਿਚ ਜਗ੍ਹਾ ਦਿੱਤੀ ਹੈ। ਜਿਉਂ-ਜਿਉਂ ਸਮਾਂ ਲੰਘਦਾ ਗਿਆ ਗ਼ਜ਼ਲ ਦੇ ਵਿਸ਼ਿਆਂ ਵਿਚ ਵੀ ਬਦਲਾਅ ਆਉਂਦਾ ਗਿਆ। ਜਿਹੜੀ ਗ਼ਜ਼ਲ ਆਪਣੇ ਆਸ਼ਿਕਾਨਾ ਅੰਦਾਜ਼ ਕਾਰਨ ਸਦੀਆਂ ਤਕ ਰੁਮਾਂਟਿਕ ਘੇਰੇ ਵਿਚ ਬੰਨੀ ਹੋਈ ਸੀ। ਹੁਣ ਉਸ ਨੂੰ ਨਿਜ਼ਾਤ ਮਿਲ ਗਈ ਹੈ ਅਤੇ ਗ਼ਜ਼ਲ ਦੇ ਘੇਰੇ ਵਿਚ ਬਹੁਤ ਵਿਸ਼ੇ ਆਉਣ ਲੱਗ ਪਏ ਹਨ। ਇਨ੍ਹਾਂ ਵਿਸ਼ਿਆਂ ਦੇ ਪ੍ਰਗਟਾਅ ਲਈ ਨਵੀਨ ਪ੍ਰਤੀਕਾਂ, ਬਿੰਬਾਂ ਦੀ ਆਮਦ ਹੋਣ ਲੱਗ ਪਈ ਹੈ। ਗ਼ਜ਼ਲ ਹੁਣ ਨਵੇਂ ਰਾਹ ਦੀ ਪਾਂਧੀ ਬਣ ਚੁਕੀ ਹੈ ਅਤੇ ਉਸ ਨੇ ਆਪਣੇ ਕੋਸ਼ਗਤ ਅਰਥ 'ਸੁਖ਼ਨ-ਬ-ਜ਼ਨਾ-ਕਰਦਨ' ਨੂੰ ਮੂਲ ਰੂਪ ਵਿਚ ਤਿਆਗ ਦਿੱਤਾ ਹੈ ਜਿਸ ਦਾ ਅਰਥ ਸਿਰਫ਼ ਮੁਹੱਬਤ ਅਤੇ ਔਰਤਾਂ ਨਾਲ ਗੱਲਾਂ ਕਰਨਾ ਹੀ ਸੀ। ਇਸ ਲਈ ਇਹ ਗੱਲ ਸਪੱਸ਼ਟ ਹੈ ਕਿ ਗ਼ਜ਼ਲ 'ਕਸੀਦਾ' ਵਿਚੋਂ ਉਪਜੀ ਮੰਨੀ ਗਈ ਹੈ। ਉਰਦੂ ਅਤੇ ਫ਼ਾਰਸੀ ਗ਼ਜ਼ਲ ਵਿਚ ਪ੍ਰੇਮ ਅਤੇ ਕਾਮ ਨਾਲ ਸਬੰਧਤ ਭਾਵਨਾਵਾਂ ਦੀ ਸਿਰਜਣਕਾਰੀ ਹੁੰਦੀ ਸੀ। ਇਸ ਦਾ ਵਰਣਨ ਇਸ਼ਕਬਾਜ਼ੀ ਦੇ ਰੂਪ ਵਿਚ ਹੁੰਦਾ ਸੀ ਅਤੇ ਕਿਤੇ-ਕਿਤੇ ਥੋੜਾ ਬਹੁਤ ਦੇਸ਼ ਭਗਤੀ ਦਾ ਵਰਣਨ ਜ਼ਰੂਰ ਮਿਲ ਜਾਂਦਾ ਸੀ। ਪਰ ਸਮਾਂ ਪਾ ਕੇ ਪੰਜਾਬੀ ਗ਼ਜ਼ਲ ਦਾ ਸੁਭਾਅ ਤਬਦੀਲ ਹੋਣਾ ਸ਼ੁਰੂ ਹੋ ਗਿਆ। ਅਜੋਕੀ ਗ਼ਜ਼ਲ ਸਿਰਫ਼ ਪਰੰਪਾਰਿਕ ਵਿਸ਼ਿਆਂ ਤਕ ਹੀ ਨਹੀਂ ਸੀਮਤ ਰਹੀ ਬਲਕਿ ਇਸ ਵਿਚ

ਬੌਧਿਕਤਾ, ਰੁਮਾਂਸ, ਦਾਰਸ਼ਨਿਕਤਾ, ਅਜੋਕੇ ਮਨੁੱਖ ਦੀਆਂ ਸਮੱਸਿਆਵਾਂ ਨਾਲ ਸਬੰਧਤ ਹਰ ਤਰ੍ਹਾਂ ਦੇ ਵਿਸ਼ੇ ਆ ਗਏ ਹਨ।

ਗ਼ਜ਼ਲ ਦਾ ਵਿਸ਼ਾ ਪੱਖ ਸੀਮਤ ਨਹੀਂ ਹੈ। ਪੰਜਾਬੀ ਸਾਹਿਤ ਕੋਸ਼, ਡਾ. ਲਾਂਬਾ ਅਤੇ ਬਸ਼ਰ ਨਵਾਜ਼ ਦੇ ਕਥਨ ਇਸ ਨੂੰ ਹੋਰ ਵੀ ਡੂੰਘੀ ਤਰ੍ਹਾਂ ਨਾਲ ਸਪੱਸ਼ਟ ਕਰਦੇ ਹਨ ਕਿ ਅਜੋਕੀ ਗ਼ਜ਼ਲ ਹਰ ਤਰ੍ਹਾਂ ਦੀ ਵਿਸ਼ੇ ਸੰਕੀਰਣਤਾ ਤੋਂ ਮੁਕਤ ਹੈ ਅਤੇ ਵਿਸ਼ੇ ਦੇ ਨਾਲ-ਨਾਲ ਸਰੂਪ ਪੱਖੋਂ ਵੀ ਮੁਕਤ ਹੋ ਕੇ ਨਵੀਆਂ ਸਥਾਪਨਾਵਾਂ ਉਲੀਕਣ ਵੱਲ ਪਲਾਂਘਾਂ ਪੁੱਟ ਰਹੀ ਹੈ। ਗ਼ਜ਼ਲ ਆਪਣੇ ਪਰੰਪਰਿਕ ਅਰਥਾਂ 'ਸੁਖ਼ਨ-ਬ-ਜ਼ਨਾ-ਕਰਦਨ' ਤੋਂ ਵਿਕਾਸ ਕਰ ਕੇ ਲਗਭਗ ਹਰ ਵਿਸ਼ੇ ਵਿਚ ਆਪਣੀ ਸਮਰੱਥਾ ਪ੍ਰਗਟਾਉਣ ਵਿਚ ਅਗਰਸਰ ਹੈ। ਹੁਣ ਦੇ ਦੌਰ ਵਿਚ ਵਿਸ਼ਿਅਕ ਪੱਖੋਂ ਗ਼ਜ਼ਲ ਨੂੰ ਇਕ ਸੀਮਤ ਦਾਇਰੇ ਵਿਚ ਬੰਣਨਾ ਸਹੀ ਨਹੀਂ ਹੈ ਭਾਵੇਂ ਵਿਸ਼ਿਅਕ ਪੱਖ ਤੋਂ ਇਸ ਕਾਵਿ ਰੂਪ ਦੀ ਕੋਈ ਸੀਮਾ ਨਿਰਧਾਰਤ ਨਹੀਂ ਕੀਤੀ ਜਾ ਸਕਦੀ ਪਰ ਰੂਪਾਤਮਕ ਪੱਖੋਂ ਗ਼ਜ਼ਲ ਦਾ ਇਕ ਨਿਸ਼ਚਤ ਅਤੇ ਕਠੋਰ ਵਿਧਾਨ ਹੈ। ਸੁਚੱਜੇ ਗ਼ਜ਼ਲਗੋ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਇਸ ਵਿਧਾਨ ਦਾ ਪੂਰਨ ਢੰਗ ਨਾਲ ਪਾਲਨ ਕਰੇ।

ਗ਼ਜ਼ਲ ਦੀ ਪਰਿਭਾਸ਼ਾ ਦੇ ਆਧਾਰ 'ਤੇ ਜੇਕਰ ਗ਼ਜ਼ਲ ਦੇ ਸਰੂਪ ਬਾਰੇ ਚਰਚਾ ਕਰੀਏ ਤਾਂ ਵਿਦਵਾਨਾਂ ਨੇ ਗ਼ਜ਼ਲ ਦੇ ਵਿਸ਼ਾ ਖੇਤਰ ਨੂੰ ਬਹੁਤ ਆਸਾਨ ਦੱਸਿਆ ਹੈ ਕਿ ਗ਼ਜ਼ਲ ਵਿਚ ਸਿਰਫ਼ ਔਰਤਾਂ ਦੇ ਹੁਸਨੋ ਜਮਾਲ ਦੀ ਤਾਰੀਫ਼ ਕਰਨਾ ਪਰ ਗ਼ਜ਼ਲ ਵਿਚ ਅਜਿਹੇ ਹੋਰ ਵਿਸ਼ੇ ਵੀ ਲਏ ਜਾ ਸਕਦੇ ਹਨ ਜੋ ਗ਼ਜ਼ਲਗੋ ਦਿਲ ਦੀਆਂ ਗਹਿਰਾਈਆਂ ਤੋਂ ਮਹਿਸੂਸ ਕਰੇ ਭਾਵੇਂ ਉਹ ਇਸ਼ਕ-ਮੁਸ਼ਕ ਹੋਵੇ ਜਾਂ ਧਾਰਿਮਕ ਭਾਵਨਾ, ਰਾਜਨੀਤਕ ਮਸਲੇ, ਆਰਿਥਕਤਾ, ਵਿਸ਼ਵੀਕਰਨ ਆਦਿ ਕੁੱਝ ਵੀ ਹੋ ਸਕਦਾ ਹੈ। ਡਾ. ਨਰੇਸ਼ *'ਪੰਜਾਬੀ ਦੁਨੀਆਂ ਅਪ੍ਰੈਲ 1971'* ਵਿਚ ਇਸ ਸੰਦਰਭ ਵਿਚ ਕਹਿੰਦੇ ਹਨ:

> "ਗ਼ਜ਼ਲ ਅਰਬੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਔਰਤਾਂ ਨਾਲ ਗੱਲਾਂ ਕਰਨਾ, ਉਹਨਾਂ ਦੇ ਰੂਪ, ਹੁਸਨ ਅਤੇ ਜੋਬਨ ਦੀ ਚਰਚਾ ਕਰਨੀ, ਪ੍ਰੇਮਿਕਾ ਸੰਬੰਧੀ ਆਪਣੇ ਦੁੱਖਾਂ ਦਾ ਬਿਆਨ ਆਦਿ ਹੈ। ਪਰ ਗ਼ਜ਼ਲ ਦੀ ਅਸਲ ਕਸਵੱਟੀ ਉਤਪਾਦਿਕਤਾ ਹੈ ਭਾਵ ਦਿਲ ਦੀਆਂ ਗਹਿਰਾਈਆਂ ਤੋਂ ਨਿਕਲੀ ਉਹ ਆਵਾਜ਼ ਗ਼ਜ਼ਲ ਹੁੰਦੀ ਹੈ, ਜਿਸ ਵਿਚ ਕਵੀ ਦੇ ਅੰਦਰ ਦਾ ਦਰਦ ਭਰਿਆ ਹੋਵੇ।"(21)

ਅਜੋਕੀ ਗ਼ਜ਼ਲ ਇਸ਼ਕ-ਮੁਸ਼ਕ ਦੀਆਂ ਤੰਗ ਗਲੀਆਂ ਵਿਚੋਂ ਨਿਕਲ ਕੇ ਖੁੱਲੇ ਅੰਬਰਾਂ 'ਤੇ ਉਡਾਰੀਆਂ ਮਾਰਨ ਲੱਗ ਪਈ ਹੈ। ਪੰਜਾਬੀਆਂ ਦੇ ਖੁੱਲ੍ਹਾਂ ਮਾਣਦੇ ਸੁਭਾਅ ਅਨੁਸਾਰ ਇਸ ਦੇ ਵੀ ਅਨੇਕਾਂ ਹੀ ਵਿਸ਼ੇ ਬਣ ਗਏ ਹਨ। ਗ਼ਜ਼ਲ ਦੇ ਵਿਸ਼ੇ ਬਹੁਪੱਖੀ ਹੋ ਗਏ ਹਨ। ਸਮਾਂ ਪਾ ਕੇ ਗ਼ਜ਼ਲ ਦਾ ਵਿਸ਼ਾ ਖੇਤਰ ਇਸ਼ਕ-ਮੁਸ਼ਕ ਦੀਆਂ ਤੰਗ ਤੇ ਸੌੜੀਆਂ ਵਲਗਣਾਂ ਵਿਚੋਂ ਨਿਕਲ ਕੇ ਬਹੁਪੱਖੀ ਹੋ ਗਿਆ ਹੈ ਪਰ ਕਮਾਲ ਇਸ ਗੱਲ ਦਾ ਹੈ ਕਿ ਗ਼ਜ਼ਲ ਵਿਚ ਭਿੰਨ-ਭਿੰਨ ਵਿਸ਼ੇ ਪ੍ਰਗਟਾਏ ਜਾ ਸਕਦੇ ਹਨ ਜਦ ਕਿ ਬਾਕੀ ਕਾਵਿ-ਰੂਪਾਂ ਵਿਚ ਅਜਿਹਾ ਗੁਣ ਨਹੀਂ ਹੈ।

## 1.5.2 ਗ਼ਜ਼ਲ ਦੀ ਸਿਧਾਂਤਕ ਉਸਾਰੀ

ਗ਼ਜ਼ਲ ਦੇ ਸਵਰੂਪ ਅਤੇ ਪਰਿਭਾਸ਼ਾ ਤੋਂ ਸਾਨੂੰ ਗ਼ਜ਼ਲ ਦੀ ਤਾਸੀਰ ਬਾਰੇ ਜਾਣਕਾਰੀ ਮਿਲਦੀ ਹੈ ਕਿ ਅਸਲ ਵਿਚ ਗ਼ਜ਼ਲ ਕੀ ਹੈ ਤੇ ਇਸ ਵਿਚ ਕਿਹੜੇ ਵਿਸ਼ਿਆਂ 'ਤੇ ਗੱਲ ਕੀਤੀ ਜਾ ਸਕਦੀ ਹੈ। ਗ਼ਜ਼ਲ ਦੇ ਸਰੂਪ ਬਾਰੇ ਜਾਣਨ ਤੋਂ ਬਾਅਦ ਇਹ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਗ਼ਜ਼ਲ ਦੇ ਵਿਲੱਖਣ ਗੁਣਾਂ, ਲੱਛਣਾਂ, ਬਣਤਰ ਆਦਿ ਦਾ ਵੀ ਗਿਆਨ ਹਾਸਿਲ ਕੀਤਾ ਜਾ ਸਕੇ। ਗ਼ਜ਼ਲ ਨੂੰ ਕਾਵਿ ਰੂਪ ਤੋਂ ਨਿਖੇੜਿਆ ਜਾਂਦਾ ਹੈ। ਕਵਿਤਾ ਭਾਰੀ ਭਰਕਮ ਸ਼ਬਦਾਵਲੀ ਵਾਲੀ ਹੋ ਸਕਦੀ ਹੈ ਪਰ ਗ਼ਜ਼ਲ ਵਿਚ ਸ਼ਬਦਾਂ ਦੀ ਭਰਮਾਰ ਤੋਂ ਬਚਿਆ ਜਾਂਦਾ ਹੈ। ਗ਼ਜ਼ਲ ਆਪਣੇ ਆਪ ਵਿਚ ਨਾਜ਼ੁਕ ਸ਼ਬਦਾਂ ਦੀ ਧਾਰਨੀ ਹੁੰਦੀ ਹੈ। ਗ਼ਜ਼ਲ ਦੇ ਸੰਜਮਤਾ ਵਾਲੇ ਇਸ ਗੁਣ ਬਾਰੇ ਚਾਨਣ ਗੋਬਿੰਦਪੁਰੀ *'ਪੰਜਾਬੀ ਦੁਨੀਆਂ ਗ਼ਜ਼ਲ ਅੰਕ' ਵਿਚ* ਲਿਖਦੇ ਹਨ:

> "ਕਿਸੇ ਵਿਸ਼ੇ ਜਾਂ ਘਟਨਾ ਨੂੰ ਵਿਸਥਾਰ ਪੂਰਵਕ ਦਰਸਾਉਣ ਲਈ ਨਜ਼ਮ ਦਾ ਸਹਾਰਾ ਲੈਣਾ ਪੈਂਦਾ ਹੈ ਪਰ ਕਿਸੇ ਗੱਲ ਨੂੰ ਸੰਖੇਪ ਰੂਪ ਵਿਚ ਦਰਸਾਉਣ ਲਈ 'ਗ਼ਜ਼ਲ' ਦਾ ਸਹਾਰਾ ਲਿਆ ਜਾਂਦਾ ਹੈ...ਦਿਲੀ ਜਜ਼ਬਿਆਂ ਨੂੰ ਘੱਟ ਤੋਂ ਘੱਟ ਸ਼ਬਦਾਂ ਵਿਚ ਵੱਧ ਤੋਂ ਵੱਧ ਪ੍ਰਭਾਵ ਨਾਲ ਪ੍ਰਗਟਾਉਣ ਲਈ ਗ਼ਜ਼ਲ ਤੋਂ ਉੱਤਮ ਹੋਰ ਕੋਈ ਵਸੀਲਾ ਨਹੀਂ।"(31)

ਗ਼ਜ਼ਲ ਦਾ ਆਪਣਾ ਵਿਸ਼ੇਸ਼ ਆਕਾਰ ਹੈ, ਰਚਨਾ ਵਿਧਾਨ ਹੈ। ਕਿਸੇ ਵੀ ਰਚਨਾ ਦੇ ਆਪਣੇ ਕੁੱਝ ਨਿਯਮ ਹੁੰਦੇ ਹਨ ਜੋ ਉਸ ਵਿਚ ਵਿਲੱਖਣਤਾ ਭਰਨ ਦੀ ਕਾਬਲੀਅਤ ਰੱਖਦੇ ਹਨ। ਉਸ ਦੀ ਘਾੜਤ, ਵਿਧਾਨ ਜਾਂ ਰਚਨਾ ਵਿਚ ਇਨ੍ਹਾਂ ਨਿਯਮਾਂ ਜਾਂ ਵਿਧਾਇਕ ਤੱਤਾਂ ਦਾ ਭਾਰੀ ਹੱਥ ਹੁੰਦਾ ਹੈ। ਇਸ ਲਈ ਕਿਸੇ ਵੀ ਰਚਨਾ ਦੀ ਮੁਕੰਮਲ ਵਾਕਫ਼ੀਅਤ ਲਈ ਉਸ ਦੇ ਰਚਨਾਤਮਕ ਤੱਤਾਂ ਦੀ ਜਾਣਕਾਰੀ ਹੋਣੀ ਜ਼ਰੂਰੀ ਹੋ ਜਾਂਦੀ ਹੈ। ਡਾ. ਨਰੇਸ਼ ਗ਼ਜ਼ਲ ਆਪਣੀ ਇਕ ਹੋਰ ਪੁਸਤਕ *'ਪੰਜਾਬੀ ਗ਼ਜ਼ਲ ਪਰੰਪਰਾ ਸੀਮਾ ਤੇ ਸੰਭਾਵਨਾ'* ਦੇ ਸੰਦਰਭ ਵਿਚ ਗ਼ਜ਼ਲ ਦੇ ਰੂਪਾਕਾਰ 'ਤੇ ਆਪਣੀ ਟਿੱਪਣੀ ਕਰਦੇ ਹੋਏ ਕਹਿੰਦੇ ਹਨ:

> "ਗ਼ਜ਼ਲ ਦੀ ਸਿਹਤ ਦੋ ਗੱਲਾਂ 'ਤੇ ਨਿਰਭਰ ਕਰਦੀ ਹੈ ਪਹਿਲੀ ਇਹ ਕਿ ਉਸ ਦਾ ਸਰੀਰ ਦੁਰੁੱਸਤ ਹੋਵੇ ਅਤੇ ਦੂਜੀ ਇਹ ਕਿ ਉਸ ਦੀ ਆਤਮਾ ਨਿਰੋਗ ਹੋਵੇ। ਸਰੀਰ ਦੇ ਦਰੁੱਸਤ ਹੋਣ ਦਾ ਅਰਥ ਹੈ: ਰੂਪ ਪੱਖੋਂ ਗ਼ਜ਼ਲ ਦਾ ਦੋਸ਼ ਮੁਕਤ ਹੋਣਾ ਤੇ ਆਤਮਾ ਦੇ ਅਰੋਗ ਹੋਣ ਦਾ ਅਰਥ ਹੈ ਵਿਸ਼ੇ ਪੱਖੋਂ ਗ਼ਜ਼ਲ ਦਾ ਦਰੁੱਸਤ ਹੋਣਾ...ਅਰਥਾਤ ਗ਼ਜ਼ਲ ਨਾ ਸਿਰਫ਼ ਤੋਲ, ਤੁਕਾਂਤ, ਕਾਫ਼ੀਆ, ਰਦੀਫ਼ ਹੀ ਸਹੀ ਹੋਵੇ ਸਗੋਂ ਉਸ ਦੇ ਸ਼ਿਅਰਾਂ ਵਿਚ ਪਰੋਏ ਵਿਚਾਰ ਵੀ ਗੁੰਦਵੇਂ ਹੋਣੇ ਚਾਹੀਦੇ ਹਨ।"(7)

ਗ਼ਜ਼ਲ ਇਕ ਅਜਿਹਾ ਕਾਵਿ ਰੂਪ ਹੈ ਜਿਸ ਦੇ ਇਕ ਸ਼ਿਅਰ ਵਿਚ ਹੀ ਸੰਖੇਪ ਸ਼ਬਦਾਂ ਵਿਚ ਵੱਡੀ ਤੋਂ ਵੱਡੀ ਗੱਲ ਕਹਿਣ ਦੀ ਸਮਰੱਥਾ ਹੈ। ਇਸ ਦੀ ਸੰਖੇਪਤਾ ਵਿਚ ਹੀ ਇਸ ਦਾ ਵਿਸਥਾਰ ਛੁਪਿਆ ਹੁੰਦਾ ਹੈ। ਪਰ ਇਸ ਕਥਨ ਵਿਚੋਂ

ਅਸੀਂ ਗ਼ਜ਼ਲ ਦਾ ਵੱਡਾ ਗੁਣ 'ਸੰਖੇਪਤਾ' ਨੂੰ ਬਹੁਤੇ ਨੂੰ ਘੱਟ ਸ਼ਬਦਾਂ ਵਿਚ ਬਿਆਨ ਕਰਨਾ ਕਹਿ ਸਕਦੇ ਹਾਂ। ਭਾਵ ਕੁੱਜੇ ਵਿਚ ਸਮੁੰਦਰ ਬੰਦ ਕਰਨਾ ਵੀ ਕਿਹਾ ਜਾ ਸਕਦਾ ਹੈ। ਪੰਜਾਬੀ ਗ਼ਜ਼ਲ ਦੋ ਪ੍ਰਕਾਰ ਦੀ ਹੁੰਦੀ ਹੈ: ਮੁਸੱਲਸਲ ਗ਼ਜ਼ਲ ਤੇ ਗੈਰ-ਮੁਸੱਲਸਲ ਗ਼ਜ਼ਲ।

**ਮੁਸੱਲਸਲ ਗ਼ਜ਼ਲ:** ਗ਼ਜ਼ਲ ਦਾ ਇਕ ਸ਼ਿਅਰ ਆਪਣੇ ਆਪ ਵਿਚ ਮੁਕੰਮਲ ਹੋਣ ਕਰ ਕੇ ਪੂਰੀ ਨਜ਼ਮ ਦਾ ਪ੍ਰਭਾਵ ਦੇਣ ਦੇ ਸਮਰੱਥ ਹੈ। ਕਈ ਵਾਰ ਕਿਸੇ ਗ਼ਜ਼ਲ ਵਿਚ ਸਾਰੇ ਦੇ ਸਾਰੇ ਸ਼ਿਅਰ ਹੀ ਇਕ ਵਿਸ਼ੇ ਨਾਲ ਸਬੰਧਤ ਹੁੰਦੇ ਹਨ। ਅਜਿਹੀ ਗ਼ਜ਼ਲ ਨੂੰ 'ਮੁਸੱਲਸਲ ਗ਼ਜ਼ਲ' ਕਿਹਾ ਜਾਂਦਾ ਹੈ। ਅਜਿਹੀ ਗ਼ਜ਼ਲ ਵਿਚ ਇਕ ਦੂਜੇ ਨਾਲ ਬੰਨੇ ਹੋਣ ਕਾਰਨ ਵੀ ਹਰ ਇਕ ਸ਼ਿਅਰ ਆਪਣੇ ਆਪ ਵਿਚ ਸੁਤੰਤਰ ਹੁੰਦਾ ਹੈ। ਸਾਰੇ ਸ਼ਿਅਰਾਂ ਵਿਚ ਵਿਚਾਰ ਪੱਖੋਂ ਏਕਤਾ ਕਾਇਮ ਰਹਿੰਦੀ ਹੈ। ਜੋ ਇਕ ਕੜੀ ਦਾ ਰੂਪ ਲੈ ਲੈਂਦੀ ਹੈ। ਇਸ ਤਰ੍ਹਾਂ ਦੀ ਗ਼ਜ਼ਲ ਵਿਚ ਇਕ ਜਾਂ ਦੋ ਸ਼ਿਅਰਾਂ ਨੂੰ ਵੱਖ ਕਰਨ 'ਤੇ ਸਾਰੀ ਗ਼ਜ਼ਲ ਅਰਥਹੀਨ ਹੋ ਜਾਂਦੀ ਹੈ ਕਿਉਂ ਕਿ ਉਸ ਵਿਚਲੀ ਵਿਚਾਰਾਂ ਦੀ ਲੜੀ ਟੁੱਟ ਜਾਂਦੀ ਹੈ ਤੇ ਪ੍ਰਭਾਵ ਅਤੇ ਅਰਥਹੀਨ ਹੋ ਜਾਂਦਾ ਹੈ।

**ਗੈਰ-ਮੁਸੱਲਸਲ ਗ਼ਜ਼ਲ:** ਗੈਰ-ਮੁਸੱਲਸਲ ਗ਼ਜ਼ਲ ਦੇ ਸਾਰੇ ਸ਼ਿਅਰ ਇਕ ਦੂਜੇ ਤੋਂ ਵੱਖਰੇ ਹੁੰਦੇ ਹਨ ਭਾਵ ਹਰ ਇਕ ਸ਼ਿਅਰ ਸੁਤੰਤਰ ਰੂਪ ਵਿਚ ਵਿਚਰਦਾ ਹੈ। ਹਰ ਇਕ ਸ਼ਿਅਰ ਗ਼ਜ਼ਲ ਦੀ ਇਕਾਈ ਹੁੰਦਾ ਹੈ ਅਤੇ ਹਰ ਸ਼ਿਅਰ ਕੋਈ ਨਵਾਂ ਸੰਦੇਸ਼ ਲੈ ਕੇ ਆਉਂਦਾ ਹੈ। ਇਸ ਵਿਚ ਗ਼ਜ਼ਲ ਤੋਂ ਵੱਖ ਕੀਤੇ ਗਏ ਸ਼ਿਅਰ ਵੀ ਆਪਣੇ ਆਪ ਵਿਚ ਸੰਪੂਰਨ ਹੁੰਦੇ ਹਨ। ਗ਼ਜ਼ਲ ਵਿਚੋਂ ਕੋਈ ਸ਼ਿਅਰ ਕੱਢ ਲੈਣ ਨਾਲ ਪੂਰੀ ਗ਼ਜ਼ਲ ਦੀ ਭਾਵ ਏਕਤਾ ਜਾਂ ਅਰਥ ਸੰਚਾਰ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ ਅਤੇ ਨਾ ਹੀ ਅਸਪੱਸ਼ਟਤਾ ਜਾਂ ਧੁੰਦਲਾਪਨ ਲਗਦਾ ਹੈ।

**ਗ਼ਜ਼ਲ ਦੇ ਸ਼ਿਅਰ:** ਗ਼ਜ਼ਲ ਸ਼ਿਅਰਾਂ ਦਾ ਸੰਗ੍ਰਿਹ ਹੁੰਦਾ ਹੈ ਅਤੇ ਇਸ ਦਾ ਹਰ ਸ਼ਿਅਰ ਦੋ ਤੁਕਾਂ ਉਪਰ ਅਧਾਰਤ ਹੁੰਦਾ ਹੈ। ਭਾਵ ਦੋ ਤੁਕਾਂ ਦੇ ਸੁਮੇਲ ਤੋਂ ਸ਼ਿਅਰ ਦੀ ਉਤਪਤੀ ਹੁੰਦੀ ਹੈ। ਸ਼ਿਅਰ ਦੀ ਹਰ ਇਕ ਤੁਕ ਨੂੰ 'ਮਿਸਰਾ' ਕਿਹਾ ਜਾਂਦਾ ਹੈ। ਫ਼ਾਰਸੀ ਪਿੰਗਲ ਅਰੂਜ਼ ਅਨੁਸਾਰ ਕਿਹਾ ਜਾਂਦਾ ਹੈ ਕਿ ਕੁੱਝ ਅਜਿਹੇ ਲਫ਼ਜ਼ਾਂ ਦਾ ਇਕੱਠ, ਜੋ ਇਕ ਖਾਸ ਤੋਲ ਜਾਂ ਵਜ਼ਨ 'ਤੇ ਆਧਾਰਤ ਹੋਵੇ, ਮਿਸਰਾ ਅਖਵਾਉਂਦਾ ਹੈ। ਸ਼ਿਅਰ ਦੀ ਪਹਿਲੀ ਤੁਕ ਨੂੰ 'ਮਿਸਰਾ ਅੱਵਲ' ਅਤੇ ਦੂਜੀ ਤੁਕ ਨੂੰ 'ਮਿਸਰਾ ਸਾਨੀ' ਕਿਹਾ ਜਾਂਦਾ ਹੈ। ਇਕ ਗ਼ਜ਼ਲ ਵਿਚ ਸ਼ਿਅਰਾਂ ਦੀ ਗਿਣਤੀ ਕਿੰਨੀ ਹੋਣੀ ਚਾਹੀਦੀ ਹੈ? ਇਸ ਬਾਰੇ ਕੋਈ ਨਿਸ਼ਚਿਤ ਮਤ ਸਥਾਪਤ ਨਹੀਂ ਹੈ। ਕੁੱਝ ਵਿਦਵਾਨ ਇਨ੍ਹਾਂ ਦੀ ਗਿਣਤੀ ਤਿੰਨ ਤੋਂ ਸਤਾਰਾਂ ਤਕ ਮੰਨਦੇ ਹਨ, ਕੁੱਝ ਸੱਤ ਤੋਂ ਤੀਹ, ਕੁੱਝ ਤਿੰਨ ਤੋਂ ਇੱਕੀ ਅਤੇ ਕਈ ਪੰਜ ਤੋਂ ਪੰਦਰਾਂ ਦੱਸਦੇ ਹਨ। ਇਸ ਬਾਰੇ ਕੋਈ ਵੀ ਨਿਸ਼ਚਿਤ ਮਤ ਨਹੀਂ ਹੈ। ਸਿਰਫ਼ ਇਹੀ ਕਿਹਾ ਜਾ ਸਕਦਾ ਹੈ ਕਿ ਜਿੰਨੇ ਵੀ ਸ਼ਿਅਰ ਹੋਣ ਉਹ ਸ਼ਾਇਰ ਦੁਆਰੀ ਕਹੀ ਗੱਲ ਨੂੰ ਸੁਚੱਜੇ ਢੰਗ ਨਾਲ ਪੇਸ਼ ਕਰ ਸਕਦੇ ਹੋਣ। ਗ਼ਜ਼ਲ ਬਾਰੇ *'ਪੰਜਾਬੀ ਸਾਹਿਤ ਕੋਸ਼'* ਵਿਚ ਕਿਹਾ ਗਿਆ ਹੈ:

> "ਗ਼ਜ਼ਲ ਦਾ ਹਰ ਸ਼ਿਅਰ ਆਪਣੇ ਆਪ ਵਿਚ ਸੰਪੂਰਨ ਹੁੰਦਾ ਹੈ। ਇਸ ਤਰ੍ਹਾਂ ਸਾਰੇ ਸ਼ਿਅਰ ਰਲ ਕੇ ਇਕ ਪ੍ਰਭਾਵ ਬਣਾ ਦਿੰਦੇ ਹਨ। ਹਰ ਗ਼ਜ਼ਲ ਦੇ ਸ਼ਿਅਰ ਵਿਚ ਇਕ ਵਿਚਾਰ ਪੇਸ਼

> ਹੁੰਦਾ ਹੈ। ਇਸ ਦਾ ਪ੍ਰਗਟਾਅ ਅਚੰਭੇ ਦੀ ਸੂਰਤ ਵਿਚ ਹੁੰਦਾ ਹੈ। ਵਿਚਾਰ ਦਾ ਸਿਖ਼ਰ ਵੀ ਆਉਂਦਾ ਹੈ ਤੇ ਸੰਪੂਰਣਤਾ ਵੀ।"(248)

ਡਾ. ਨਰੇਸ਼ *'ਗ਼ਜ਼ਲ ਦਾ ਰਚਨਾ ਵਿਧਾਨ'* ਵਿਚ ਕਹਿੰਦੇ ਹਨ "ਸ਼ਿਅਰ ਉਹ ਕਾਵਿ ਰੂਪ ਹੈ ਜਿਸ ਵਿਚ ਕਵੀ ਨੇ ਕਾਫ਼ੀਏ ਦੀ ਬੰਦਿਸ਼ ਵਿਚ ਰਹਿ ਕੇ ਕੋਈ ਗੱਲ ਨਿਸ਼ਚੇ ਪੂਰਬਕ ਬਹਿਰ-ਵਜ਼ਨ (ਤੋਲ) ਵਿਚ ਆਖੀ ਹੋਵੇ।"(11) ਗ਼ਜ਼ਲ ਵਿਚਲੇ ਸ਼ਿਅਰ ਦੋ ਪ੍ਰਕਾਰ ਦੇ ਹੁੰਦੇ ਹਨ: ਬੈਂਤ-ਉਲ-ਗ਼ਜ਼ਲ ਅਤੇ ਬੈਂਤ ਪੁਰਕੁਨ।

**ਬੈਂਤ-ਉਲ-ਗ਼ਜ਼ਲ:** ਗ਼ਜ਼ਲਕਾਰੀ ਵਿਚ 'ਬੈਂਤ-ਉਲ-ਗ਼ਜ਼ਲ' ਦਾ ਅਰਥ ਸੋਹਣੇ ਸ਼ਿਅਰ ਤੋਂ ਲਿਆ ਜਾਂਦਾ ਹੈ। ਕਿਸੇ ਵੀ ਗ਼ਜ਼ਲਗੋ ਦੀ ਗ਼ਜ਼ਲ ਵਿਚ ਇਹ ਜ਼ਰੂਰੀ ਨਹੀਂ ਕਿ ਹਰ ਸ਼ਿਅਰ ਵਧੀਆ ਹੋਵੇ ਜਾਂ ਹਰ ਸ਼ਿਅਰ ਮਾੜਾ ਹੋਵੇ। ਪਰ ਜਿਹੜਾ ਇਕ ਬਹੁਤ ਸੋਹਣਾ ਸ਼ਿਅਰ ਹੁੰਦਾ ਹੈ ਉਸ ਨੂੰ ਬੈਂਤ-ਉਲ-ਗ਼ਜ਼ਲ ਜਾਂ ਸ਼ਾਹ ਬੈਂਤ ਕਿਹਾ ਜਾਂਦਾ ਹੈ।

**ਬੈਂਤ ਪੁਰਕੁਨ:** ਗ਼ਜ਼ਲਕਾਰੀ ਵਿਚ 'ਬੈਂਤ ਪੁਰਕੁਨ' ਦਾ ਅਰਥ ਮਾੜੇ ਸ਼ਿਅਰ ਤੋਂ ਲਿਆ ਜਾਂਦਾ ਹੈ। ਗ਼ਜ਼ਲ ਦੇ ਸਾਰੇ ਸ਼ਿਅਰਾਂ ਵਿਚੋਂ ਜਿਹੜਾ ਸ਼ਿਅਰ ਮਾੜਾ, ਬੇਰੰਗ, ਬੇਅਰਥ ਹੁੰਦਾ ਹੈ ਉਸ ਨੂੰ ਬੈਂਤ ਪੁਰਕੁਨ ਜਾਂ ਭਰਤੀ ਦਾ ਸ਼ਿਅਰ ਕਿਹਾ ਜਾਂਦਾ ਹੈ। ਗ਼ਜ਼ਲ ਦੇ ਸ਼ਿਅਰ ਇਕ ਦੂਜੇ ਤੋਂ ਨਿਰਪੇਖ ਹੁੰਦੇ ਹਨ। ਹਰ ਸ਼ਿਅਰ ਆਪਣੇ ਆਪ ਵਿਚ ਸੰਪੂਰਨ ਅਤੇ ਵੱਖਰੀ ਇਕਾਈ ਦਾ ਧਾਰਨੀ ਹੁੰਦਾ ਹੈ। ਇਕ ਸ਼ਿਅਰ ਦਾ ਦੂਜੇ ਸ਼ਿਅਰ ਨਾਲ ਸੰਬੰਧ ਤਕਨੀਕੀ ਹੁੰਦਾ ਹੈ ਨਾ ਕਿ ਵਿਸ਼ਾਗਤ। ਉਦਾਹਰਨ ਦੇ ਤੌਰ 'ਤੇ ਜੇ ਕਰ ਕਿਸੇ ਇਕ ਸ਼ਿਅਰ ਵਿਚ ਮਹਿਬੂਬ ਪਿਆਰ ਹੋਵੇ ਤਾਂ ਅਗਲਾ ਸ਼ਿਅਰ ਜ਼ਰੂਰੀ ਨਹੀਂ ਕਿ ਇਸ ਤਰ੍ਹਾਂ ਦਾ ਹੀ ਹੋਵੇਗਾ। ਦੂਜਾ ਧਾਰਮਿਕ ਰੰਗਤ ਵਾਲਾ ਵੀ ਹੋ ਸਕਦਾ ਹੈ ਅਤੇ ਤੀਜਾ ਰਾਜਸੀ ਮਸਲੇ ਨਾਲ ਭਰਪੂਰ ਆਦਿ ਕੁੱਝ ਵੀ ਹੋ ਸਕਦਾ ਹੈ। ਭਾਵ ਗ਼ਜ਼ਲ ਦੇ ਸਾਰੇ ਸ਼ਿਅਰ ਥੀਮਕ ਪੱਖੋਂ ਅਲੱਗ ਪ੍ਰਕਿਰਤੀ ਵਾਲੇ ਵੀ ਹੋ ਸਕਦੇ ਹਨ। ਗ਼ਜ਼ਲ ਦਾ ਹਰ ਸ਼ਿਅਰ ਆਪਣੇ ਆਪ ਵਿਚ ਪੂਰੀ ਨਜ਼ਮ ਹੋਣ ਦੀ ਕਾਬਲੀਅਤ ਰੱਖਦਾ ਹੈ।

**ਮਤਲਾ ਤੇ ਮਕਤਾ:** ਗ਼ਜ਼ਲ ਵਿਚ ਮਤਲਾ ਅਤੇ ਮਕਤਾ ਬਹੁਤ ਮਹੱਤਵਪੂਰਨ ਸਥਾਨ ਰੱਖਦਾ ਹੈ। ਗ਼ਜ਼ਲ ਦੇ ਪਹਿਲੇ ਸ਼ਿਅਰ ਨੂੰ ਮਤਲਾ ਕਿਹਾ ਜਾਂਦਾ ਹੈ ਅਤੇ ਆਖਰੀ ਸ਼ਿਅਰ ਨੂੰ ਮਕਤਾ। ਮਕਤਾ ਵਿਚ ਗ਼ਜ਼ਲਗੋ ਦਾ ਨਾਮ ਜਾਂ ਉਪਨਾਮ ਤਖੱਲਸ ਵਜੋਂ ਦਿੱਤਾ ਜਾਂਦਾ ਹੈ ਜੇ ਕਰ ਕੋਈ ਤਖੱਲਸ ਨਾ ਹੋਵੇ ਤਾਂ ਗ਼ਜ਼ਲ ਦੇ ਉਸ ਸ਼ਿਅਰ ਨੂੰ ਆਖਰੀ ਸ਼ਿਅਰ ਕਿਹਾ ਜਾਂਦਾ ਹੈ। ਗ਼ਜ਼ਲ ਦੇ ਇਸ ਰੂਪ ਵਿਧਾਨ ਬਾਰੇ ਡਾ. ਜਸਵੰਤ ਸਿੰਘ ਖੁਮਾਰ *'ਪੰਜਾਬੀ ਗ਼ਜ਼ਲ ਦਾ ਆਲੋਚਨਾਤਮਕ ਅਧਿਐਨ'* ਰਾਹੀਂ ਆਪਣੇ ਖ਼ੂਬਸੂਰਤ ਵਿਚਾਰ ਪੇਸ਼ ਕਰਦੇ ਕਹਿੰਦੇ ਹਨ:

> "ਗ਼ਜ਼ਲ ਵਿਚਲੇ ਪਹਿਲੇ ਸ਼ਿਅਰ ਨੂੰ 'ਮਤਲਾ' ਕਿਹਾ ਜਾਂਦਾ ਹੈ ਜਿਸ ਦਾ ਸ਼ਾਬਦਿਕ ਅਰਥ 'ਸੂਰਜ ਦੇ ਨਿਕਲਣ ਦੀ ਜਗ੍ਹਾ ਹੈ ਭਾਵ ਉਹ ਸਥਾਨ ਜਿੱਥੋਂ ਗ਼ਜ਼ਲ ਰੂਪੀ ਸੂਰਜ ਚੜਨਾ ਸ਼ੁਰੂ ਹੁੰਦਾ ਹੈ। ਮਤਲੇ ਦੇ ਦੋਵੇਂ ਮਿਸਰੇ ਹਮ-ਕਾਫ਼ੀਆ ਅਤੇ ਹਮ-ਰਦੀਫ਼ ਹੁੰਦੇ ਹਨ। ਗ਼ਜ਼ਲ ਦੇ ਬਾਕੀ ਸ਼ਿਅਰਾਂ ਵਿਚ ਸ਼ਿਅਰ ਦੇ ਦੂਸਰੇ ਮਿਸਰੇ ਦਾ ਕਾਫ਼ੀਆ (ਤੁਕਾਂਤ) ਮਤਲੇ ਦੇ ਕਾਫ਼ੀਏ ਨਾਲ ਰਲਦਾ ਹੈ। ਦੂਜੇ ਮਤਲੇ ਨੂੰ 'ਮਤਲਾ ਏ ਸਾਨੀ' ਕਿਹਾ ਜਾਂਦਾ ਹੈ। ਕੁੱਝ ਗ਼ਜ਼ਲਾਂ

ਅਜਿਹੀਆਂ ਵੀ ਲਿਖੀਆਂ ਮਿਲਦੀਆਂ ਹਨ ਜਿਸ ਦੇ ਸਾਰੇ ਸ਼ਿਅਰ ਮਤਲਾ ਹੀ ਹੁੰਦੇ ਹਨ। ਅਜਿਹੀ ਗ਼ਜ਼ਲ ਨੂੰ 'ਜਵਾਉਲ ਮਤਾਲਿਆ ਗ਼ਜ਼ਲ' ਕਿਹਾ ਜਾਂਦਾ ਹੈ।"(25)

**ਮਤਲਾ:** ਗ਼ਜ਼ਲ ਦਾ ਪਹਿਲਾ ਸ਼ਿਅਰ 'ਮਤਲਾ' ਹੁੰਦਾ ਹੈ ਜਿਸ ਦੇ ਦੋਵੇਂ ਮਿਸਰਿਆਂ ਦਾ ਤੁਕਾਂਤ ਮਿਲਦਾ ਹੋਵੇ ਉਹ ਮਤਲਾ ਹੈ। ਮਤਲਾ ਸ਼ਬਦ ਦੀ ਉਤਪਤੀ 'ਤਲੂਅ' ਸ਼ਬਦ ਤੋਂ ਹੋਈ ਮਿਲਦੀ ਹੈ। 'ਤਲੂਅ' ਦੇ ਕੋਸ਼ਗਤ ਅਰਥ ਹਨ 'ਉਦੈ ਹੋਣਾ' ਅਥਵਾ 'ਉਗਮਣਾ'। ਹਰ ਸ਼ਿਅਰ ਦੇ ਦੋਨੋਂ ਮਿਸਰਿਆਂ ਦਾ ਤੋਲ ਬਰਾਬਰ ਹੁੰਦਾ ਹੈ। ਕਾਫ਼ੀਆ ਮਿਲਦਾ-ਜੁਲਦਾ ਹੁੰਦਾ ਹੈ ਅਤੇ ਰਦੀਫ਼ ਇਕ ਹੀ ਹੁੰਦਾ ਹੈ। ਕਈ ਗ਼ਜ਼ਲਾਂ ਵਿਚ ਇਕ ਤੋਂ ਵਧੇਰੇ ਮਤਲੇ ਵੀ ਹੁੰਦੇ ਹਨ ਭਾਵ ਅਰੰਭਿਕ ਸ਼ਿਅਰ (ਮਤਲਾ) ਤੋਂ ਪਿੱਛੋਂ ਆਉਣ ਵਾਲੇ ਇਕ ਜਾਂ ਦੋ ਸ਼ਿਅਰਾਂ ਦਾ ਤੁਕਾਂਤ ਵੀ ਮੇਲਿਆ ਗਿਆ ਹੁੰਦਾ ਹੈ। ਇਕ ਮਤਲੇ ਪਿੱਛੋਂ ਦੂਜਾ ਮਤਲਾ ਆ ਜਾਵੇ ਤਾਂ ਉਸ ਨੂੰ 'ਮਤਲਾ ਸਾਨੀ' ਜਾਂ 'ਹੁਸਨੇ ਮਤਲਾ' ਕਿਹਾ ਜਾਂਦਾ ਹੈ। ਇਕ ਗ਼ਜ਼ਲ ਵਿਚ ਮਤਲਿਆਂ ਦੀ ਗਿਣਤੀ ਇਕ ਤੋਂ ਵਧੀਕ ਵੀ ਹੋ ਸਕਦੀ ਹੈ ਪਰ ਵਿਦਵਾਨਾਂ ਨੇ ਇਕ ਗ਼ਜ਼ਲ ਵਿਚ ਵੱਧ ਤੋਂ ਵੱਧ ਤਿੰਨ ਮਤਲਿਆਂ ਨੂੰ ਹੀ ਜਾਇਜ਼ ਕਿਹਾ ਹੈ। ਉਰਦੂ ਗ਼ਜ਼ਲ ਦੇ ਦੋ ਸੁਪ੍ਰਸਿੱਧ ਸਕੂਲ 'ਮੁਕੱਦਮੀਨ' ਅਤੇ 'ਮੁਤੱਖ਼ਰੀਨ' ਸਨ। 'ਮੁਕੱਦਮੀਨ' ਤਾਂ ਜ਼ਿਆਦਾਤਰ ਇਕ ਹੀ ਮਤਲੇ ਨੂੰ ਤਰਜ਼ੀਹ ਦਿੰਦੇ ਸਨ ਪਰ 'ਮੁਤੱਖ਼ਰੀਨ' ਸੱਤ-ਸੱਤ ਮਤਲੇ ਵੀ ਲਿਖਦੇ ਸਨ। ਕਈ ਵਾਰ ਤਾਂ ਪੂਰੀਆਂ ਗ਼ਜ਼ਲਾਂ ਵੀ ਮਤਲਿਆਂ ਵਿਚ ਰਚ ਦਿਆ ਕਰਦੇ ਸਨ। ਮਤਲੇ ਤੋਂ ਬਿਨਾਂ ਵੀ ਗ਼ਜ਼ਲ ਹੋ ਸਕਦੀ ਹੈ। ਕਾਵਿ-ਸ਼ਾਸਤਰ ਅਨੁਸਾਰ ਮਤਲੇ ਤੋਂ ਬਿਨਾਂ ਗ਼ਜ਼ਲ ਦਾ ਹੋਣਾ ਕੋਈ ਦੋਸ਼ ਵਾਲੀ ਗੱਲ ਨਹੀਂ ਰਹੀ ਪਰ ਮਤਲਾਹੀਨ ਗ਼ਜ਼ਲ ਰੂਪਕ ਪੱਖੋਂ ਫੱਬਦੀ ਨਹੀਂ। ਇਕ ਗ਼ਜ਼ਲ ਵਿਚ ਮਤਲਾ ਦੀ ਉਦਾਹਰਨ 'ਤੇ ਗੌਰ ਫਰਮਾਉ। ਗ਼ਜ਼ਲ ਇਕ ਸਰੀਰ ਦੀ ਤਰ੍ਹਾਂ ਹੈ ਜਿਸ ਵਿਚ ਸ਼ਿਅਰ, ਮਤਲਾ, ਮਕਤਾ, ਕਾਫ਼ੀਆ, ਰਦੀਫ਼ ਆਦਿ ਇਸ ਦੇ ਜ਼ਰੂਰੀ ਅੰਗ ਹਨ। ਗ਼ਜ਼ਲ ਦਾ ਪਲੇਠਾ ਸ਼ਿਅਰ ਜਿਸ ਦੇ ਦੋਵੇਂ ਮਿਸਰੇ ਹਮ-ਕਾਫ਼ੀਆ ਤੇ ਹਮ-ਰਦੀਫ਼ ਹੋਣ। ਮਤਲੇ ਦਾ ਅਰਥ: ਸੂਰਜ ਦੇ ਨਿਕਲਣ ਵਾਲੀ ਥਾਂ ਤੋਂ ਹੈ। ਗ਼ਜ਼ਲ ਵਿਚੋਂ ਨਿਕਲਣ ਵਾਲਾ ਪਹਿਲਾ ਸ਼ਿਅਰ ਵੀ ਗ਼ਜ਼ਲ ਦੇ ਆਗਾਜ਼ ਦਾ ਪੈਗਾਮ ਹੁੰਦਾ ਹੈ। ਇਸ ਕਾਰਨ ਗ਼ਜ਼ਲ ਦੇ ਪਹਿਲੇ ਸ਼ਿਅਰ ਨੂੰ 'ਮਤਲਾ' ਕਿਹਾ ਜਾਂਦਾ ਹੈ। ਕਈ ਗ਼ਜ਼ਲਗੋ ਮਤਲਿਆਂ ਵਿਚ ਹੀ ਸਾਰੀ ਗ਼ਜ਼ਲਕਾਰੀ ਕਰ ਦਿੰਦੇ ਹਨ। ਅਜਿਹੀ ਗ਼ਜ਼ਲ 'ਜ਼ੂ-ਉਲਮਤਲਾ' ਗ਼ਜ਼ਲ ਕਹਾਉਂਦੀ ਹੈ।

**ਹੁਸਨਿ-ਏ-ਮਤਲਾ:** ਕਈ ਗ਼ਜ਼ਲਗੋ ਪੂਰੀ ਗ਼ਜ਼ਲ ਵਿਚ ਮਤਲੇ ਤੋਂ ਬਾਅਦ ਇਕ ਹੋਰ ਮਤਲਾ ਲਿਖ ਦਿੰਦੇ ਹਨ। ਡਾ. ਨਰੇਸ਼ *'ਗ਼ਜ਼ਲ ਦਾ ਰਚਨਾ ਵਿਧਾਨ'* ਰਾਹੀਂ ਦੱਸਦੇ ਹਨ "...ਜੇਕਰ ਅਗਲਾ ਸ਼ਿਅਰ ਵੀ ਤੁਕਾਂਤ ਮਿਸਰਿਆਂ ਦਾ ਹੋਵੇ ਤਾਂ ਉਸ ਨੂੰ 'ਹੁਸਨਿ ਮਤਲਾ ਜਾਂ ਮਤਲਾ ਸਾਨੀ' ਕਿਹਾ ਜਾਂਦਾ ਹੈ।"(12) ਭਾਵ ਗ਼ਜ਼ਲ ਦੇ ਦੂਜੇ ਸ਼ਿਅਰ ਨੂੰ ਹੁਸਨਿ-ਏ-ਮਤਲਾ ਕਿਹਾ ਜਾਂਦਾ ਹੈ ਜਿਸ ਵਿਚ ਪਹਿਲੇ ਸ਼ਿਅਰ ਨੂੰ ਹੀ ਅੱਗੇ ਤੋਰਿਆ ਜਾਂਦਾ ਹੈ ਭਾਵ ਪਹਿਲੇ ਸ਼ਿਅਰ ਵਿਚਲੇ ਕਸੀਦਿਆਂ ਨੂੰ ਦੂਜੇ ਸ਼ਿਅਰ ਵਿਚ ਵੀ ਜਾਰੀ ਰੱਖਿਆ ਜਾਂਦਾ ਹੈ।

**ਮਕਤਾ:** ਗ਼ਜ਼ਲ ਦਾ ਆਖਰੀ ਸ਼ਿਅਰ 'ਮਕਤਾ' ਕਹਾਉਂਦਾ ਹੈ। 'ਮਕਤਾ' ਦਾ ਸ਼ਾਬਦਿਕ ਅਰਥ ਹੈ ਸਮਾਪਤੀ ਸਥਾਨ।'ਮਕਤਾ' ਅਤੇ 'ਆਖਰੀ ਸ਼ਿਅਰ' ਬਾਰੇ ਅੰਤਰ ਸਪੱਸ਼ਟ ਕਰਦੇ ਹੋਏ ਡਾ. ਨਰੇਸ਼ *'ਗ਼ਜ਼ਲ ਦਾ ਰਚਨਾ ਵਿਧਾਨ'* ਵਿਚ ਕਹਿੰਦੇ ਹਨ "ਗ਼ਜ਼ਲ ਦਾ ਉਹ ਅੰਤਿਮ ਸ਼ਿਅਰ 'ਮਕਤਾ' ਅਖਵਾਉਂਦਾ ਹੈ ਜਿਸ ਵਿਚ ਕਵੀ ਨੇ ਆਪਣੇ ਉਪਨਾਮ

ਦੀ ਵਰਤੋਂ ਕੀਤੀ ਹੋਵੇ ਅਤੇ 'ਮਕਤਾ' ਤੋਂ ਪਹਿਲਾ ਸ਼ਿਅਰ 'ਆਖਰੀ ਸ਼ਿਅਰ' ਹੁੰਦਾ ਹੈ।"(12) ਹਰ ਮਕਤਾ ਵਿਚ ਸ਼ਾਇਰ ਦਾ ਤਖ਼ੱਲਸ (ਨਾਮ ਜਾਂ ਉਪਨਾਮ) ਜ਼ਰੂਰ ਵਿਦਮਾਨ ਹੁੰਦਾ ਹੈ ਅਤੇ ਜੇਕਰ ਤਖ਼ੱਲਸ ਨਹੀਂ ਹੈ ਤਾਂ ਉਹ ਗ਼ਜ਼ਲ ਦਾ ਮਕਤਾ ਨਹੀਂ ਬਲਕਿ ਆਖਰੀ ਸ਼ਿਅਰ ਕਹਾਉਂਦਾ ਹੈ। ਕਈ ਵਾਰ ਕੁੱਝ ਵਿਦਵਾਨ ਗ਼ਜ਼ਲ ਦੇ ਆਖਰੀ ਸ਼ਿਅਰ ਬਿਨਾਂ ਤਖ਼ੱਲਸ ਨੂੰ ਮਕਤਾ ਕਹਿੰਦੇ ਹਨ ਜੋ ਸਹੀ ਨਹੀਂ ਹੈ। ਮਤਲਾ ਵਾਂਗ ਮਕਤਾ ਕਹਿਣਾ ਗ਼ਜ਼ਲ ਦੀ ਜ਼ਰੂਰੀ ਸ਼ਰਤ ਨਹੀਂ ਹੈ। ਕਈ ਵਾਰ ਅਜਿਹੀਆਂ ਗ਼ਜ਼ਲਾਂ ਵੀ ਮਿਲਦੀਆਂ ਹਨ ਜਿਨ੍ਹਾਂ ਵਿਚ ਮਕਤਾ ਦੀ ਥਾਂ ਆਖਰੀ ਸ਼ਿਅਰ ਹੀ ਕਿਹਾ ਗਿਆ ਹੁੰਦਾ ਹੈ। ਗ਼ਜ਼ਲ ਦਾ ਆਖਰੀ ਸ਼ਿਅਰ ਉਦੋਂ ਹੀ ਮਕਤਾ ਕਹਾਉਂਦਾ ਹੈ ਜਦੋਂ ਉਸ ਵਿਚ ਕਵੀ ਦਾ ਤਖ਼ੱਲਸ ਭਾਵ ਨਾਮ ਜਾਂ ਉਪਨਾਮ ਹੋਵੇ।

**ਕਾਫ਼ੀਆ:** ਗ਼ਜ਼ਲ ਵਿਚ 'ਕਾਫ਼ੀਆ' ਦੇ ਕੋਸ਼ਗਤ ਅਰਥ ਹਨ ਵਾਰ-ਵਾਰ ਅਤੇ ਪਿੱਛੇ ਆਉਣ ਵਾਲਾ। ਇਹ ਸ਼ਬਦ 'ਫਕੂ' ਤੋਂ ਬਣਿਆ ਹੈ। 'ਫਕੂ' ਦਾ ਅਰਥ ਹੈ ਵਾਰ-ਵਾਰ। ਜਿਹੜਾ ਅੱਖਰ ਬਾਰ-ਬਾਰ ਹਰ ਸ਼ਿਅਰ ਦੇ ਅੰਤ ਵਿਚ ਆ ਕੇ ਗ਼ਜ਼ਲ ਨੂੰ ਇਕ ਤਕਨੀਕ ਵਿਚ ਬੰਨਦਾ ਹੈ ਉਸ ਨੂੰ 'ਕਾਫ਼ੀਆ' ਕਹਿੰਦੇ ਹਨ। ਗ਼ਜ਼ਲ ਦੇ ਸ਼ਿਅਰਾਂ ਵਿਚ ਰਲਦੇ ਮਿਲਦੇ ਸ਼ਬਦ ਜੋ ਹਰ ਇਕ ਪੰਕਤੀ ਦੇ ਅੰਤ ਵਿਚ ਆਉਣ ਵਾਲੇ ਸ਼ਬਦਾਂ ਤੋਂ ਪਹਿਲਾਂ ਆਉਂਦੇ ਹਨ, ਉਹਨਾਂ ਨੂੰ 'ਕਾਫ਼ੀਆ' ਕਿਹਾ ਜਾਂਦਾ ਹੈ। ਭਾਵ ਮਤਲੇ ਦੀਆਂ ਦੋਵੇਂ ਤੁਕਾਂ ਦੇ ਅੰਤ ਉਪਰ ਅਤੇ ਹਰ ਸ਼ਿਅਰ ਦੀ ਦੂਜੀ ਤੁੱਕ ਭਾਵ ਮਿਸਰਾ ਸਾਨੀ ਦੇ ਅੰਤ ਉਪਰ ਜੋ ਤੁਕਾਂਤਕ ਸ਼ਬਦ ਆਉਂਦੇ ਹਨ, ਉਹ 'ਕਾਫ਼ੀਆ' ਕਹਾਉਂਦੇ ਹਨ। ਡਾ. ਨਰੇਸ਼ *'ਗ਼ਜ਼ਲ ਦਾ ਰਚਨਾ ਵਿਧਾਨ'* ਵਿਚ ਕਹਿੰਦੇ ਹਨ:

> "ਗ਼ਜ਼ਲ ਦੀ ਮਹੱਤਵਪੂਰਨ ਰੂਪਾਕਾਰਕ ਵਿਸ਼ੇਸ਼ਤਾ ਤੁਕਾਂਤ ਪ੍ਰਣਾਲੀ ਹੈ। ਤਕਨੀਕੀ ਸ਼ਬਦਾਵਲੀ ਵਿਚ ਇਸ ਨੂੰ 'ਕਾਫ਼ੀਆ' ਕਿਹਾ ਜਾਂਦਾ ਹੈ। ਇਹ ਸ਼ਬਦ 'ਫਕੂ' ਤੋਂ ਬਣਿਆ ਹੈ। 'ਫਕੂ' ਦਾ ਅਰਥ ਹੈ ਵਾਰ-ਵਾਰ। ਜਿਹੜਾ ਅੱਖਰ ਵਾਰ-ਵਾਰ ਹਰ ਸ਼ਿਅਰ ਦੇ ਅੰਤ ਵਿਚ ਆ ਕੇ ਗ਼ਜ਼ਲ ਨੂੰ ਇਕ ਤਕਨੀਕ ਵਿਚ ਬੰਨਦਾ ਹੈ ਉਸ ਨੂੰ 'ਕਾਫ਼ੀਆ' ਕਹਿੰਦੇ ਹਨ।" (14)

ਗ਼ਜ਼ਲ ਦੀ ਅਸਲ ਤੌਰ 'ਤੇ ਪਕਿਆਈ 'ਕਾਫ਼ੀਆ' ਨਾਲ ਹੀ ਬਣਦੀ ਹੈ। ਗ਼ਜ਼ਲ ਦਾ ਪਹਿਲਾ ਸ਼ਿਅਰ ਤਾਂ ਹੀ 'ਹਮ-ਕਾਫ਼ੀਆ ਜਾਂ ਹਮ-ਰਦੀਫ਼' ਹੁੰਦਾ ਹੈ। ਜੇਕਰ ਬਾਕੀ ਦੇ ਸ਼ਿਅਰਾਂ ਦਾ ਹਰ ਦੂਜਾ ਮਿਸਰਾ ਹਮ-ਵਜ਼ਨ ਹੋਵੇ। 'ਕਾਫ਼ੀਆ' ਵਜ਼ਨ ਨਾਲ ਰਲ ਕੇ ਸੰਗੀਤਾਤਮਕਤਾ ਪੈਦਾ ਕਰਦਾ ਹੈ। ਭਾਵ ਗ਼ਜ਼ਲ ਵਿਚ ਇਕ ਖਾਸ ਕਿਸਮ ਦਾ ਸੰਗੀਤ ਪੈਦਾ ਹੁੰਦਾ ਹੈ। ਇਸ ਗ਼ਜ਼ਲ ਵਿਚ ਇਤਰਾਜ਼, ਰਾਜ਼, ਨਿਸ਼ਾਨੇਬਾਜ਼, ਅੰਦਾਜ਼ 'ਕਾਫ਼ੀਆ' ਹਨ ਅਤੇ ਹੈ 'ਰਦੀਫ਼' ਹੈ। ਇਸ ਗ਼ਜ਼ਲ ਵਿਚ ਆਪਣੇ ਆਪ ਹੀ ਸੰਗੀਤਾਤਮਤਾ ਦਾ ਅੰਸ਼ ਪੈਦਾ ਹੋ ਰਿਹਾ ਹੈ।

**ਰਦੀਫ਼:** ਗ਼ਜ਼ਲ ਵਿਚ ਕੋਈ ਇਕ ਸ਼ਬਦ ਜਾਂ ਸ਼ਬਦ-ਸਮੂਹ ਅੁਜਹਾ ਹੁੰਦਾ ਹੈ ਜੋ ਹਰ ਸ਼ਿਅਰ ਦੇ ਅੰਤ ਉੱਤੇ ਕਾਫ਼ੀਏ ਤੋਂ ਬਾਅਦ ਦੁਹਰਾਉ ਹੁੰਦਾ ਹੈ। ਅਜਿਹੇ ਸ਼ਬਦਾਂ ਨੂੰ 'ਰਦੀਫ਼' ਕਿਹਾ ਜਾਂਦਾ ਹੈ। 'ਰਦੀਫ਼' ਦੇ ਕੋਸ਼ਗਤ ਅਰਥ

ਹਨ 'ਪਿੱਛਲੱਗ' ਭਾਵ 'ਪਿੱਛੇ ਲਗਣ ਵਾਲਾ'। ਰਦੀਫ਼ ਮਤਲਾ ਨਾਲ ਹੀ ਤੈਅ ਹੋ ਜਾਂਦਾ ਹੈ ਅਤੇ ਹਰ ਸ਼ਿਅਰ ਦੇ ਨਾਲ ਗ਼ਜ਼ਲ ਦੇ ਅੰਤ ਤਕ ਜਾਂਦਾ ਹੈ ਪਰ ਕਾਫ਼ੀਆ ਹਰ ਸ਼ਿਅਰ ਵਿਚ ਬਦਲ ਜਾਂਦਾ ਹੈ। ਸ਼ਿਅਰ ਵਿਚ ਰਦੀਫ਼ ਦੀ ਵਰਤੋਂ ਬਿਨਾਂ ਸ਼ਿਅਰ ਅਧੂਰਾ ਲੱਗਣਾ ਚਾਹੀਦਾ ਹੈ। ਜੇ ਕਰ ਸਿਰਫ਼ ਬੰਦਿਸ਼ ਨਿਭਾਉਣ ਲਈ ਇਸ ਦੀ ਵਰਤੋਂ ਕੀਤੀ ਜਾਵੇ ਤਾਂ ਸ਼ਿਅਰ ਆਪਣਾ ਮੁੱਲ ਖੋ ਬੈਠਦਾ ਹੈ। ਰਦੀਫ਼ ਦੇ ਬਾਰੇ ਵਿਚ ਕਾਹਨ ਸਿੰਘ ਨਾਭਾ *'ਮਹਾਨ ਕੋਸ਼'* ਵਿਚ ਲਿਖਦੇ ਹਨ "ਰਦੀਫ਼ ਦਾ ਗ਼ਜ਼ਲ ਵਿਚ ਬੜਾ ਸਥਾਨ ਹੈ। ਰਦੀਫ਼ ਸ਼ਬਦ ਦਾ ਕੋਸ਼ੀ ਅਰਥ ਹੈ 'ਪਿਛਲਗਾ, ਘੋੜ ਸਵਾਰ ਦੇ ਪਿੱਛੇ ਬੈਠਣ ਵਾਲਾ'।"(1022) ਭਾਵ ਰਦੀਫ਼ ਉਹ ਅੱਖਰ, ਸ਼ਬਦ ਜਾਂ ਸ਼ਬਦ ਸਮੂਹ ਹੈ ਜੋ ਕਿਸੇ ਗ਼ਜ਼ਲ ਦੇ ਹਰ ਸ਼ਿਅਰ ਵਿਚ ਕਾਫ਼ੀਏ ਤੋਂ ਬਾਅਦ ਲਗਾਤਾਰ ਅਤੇ ਨਿਸ਼ਚਿਤ ਰੂਪ ਵਿਚ ਦੋਹਰਾਇਆ ਜਾਵੇ। ਕਾਫ਼ੀਆ ਹਰ ਸ਼ਿਅਰ ਵਿਚ ਬਦਲ ਜਾਂਦਾ ਹੈ ਅਤੇ ਰਦੀਫ਼ ਉਸ ਤਰ੍ਹਾਂ ਹੀ ਰਹਿੰਦਾ ਹੈ। ਭਾਈ ਕਾਹਨ ਸਿੰਘ ਨਾਭਾ *'ਮਹਾਨ ਕੋਸ਼'* ਦਾ ਕਥਨ ਹੈ, "ਅਰਬੀ ਫ਼ਾਰਸੀ ਦੇ ਕਾਵਯ ਵਿਚ ਛੰਦ ਦਾ ਅੰਤਿਮ ਅੱਖਰ ਅਥਵਾ ਪਦ ਰਦੀਫ਼ ਹੈ।

ਜਿਵੇਂ ਪ੍ਰਕਾਸ਼ ਭਯਾ, ਹੁਲਾਾਸ ਭਯਾ

ਵਿਕਾਸ ਭਯਾ, ਨਿਵਾਸ ਭਯਾ

ਇੱਥੇ 'ਭਯਾ' ਸ਼ਬਦ ਰਦੀਫ਼ ਹੈ। 'ਪ੍ਰਕਾਸ਼, ਹੁਲਾਸ, ਵਿਕਾਸ, ਨਿਵਾਸ' ਸ਼ਬਦ 'ਕਾਫ਼ੀਯਹ' ਹੈ।"(828)

ਭਾਵ ਸ਼ਿਅਰ ਵਿਚ ਰਦੀਫ਼ ਇਸ ਤਰ੍ਹਾਂ ਸ਼ਿਅਰ ਨਾਲ ਜੁੜਿਆ ਹੁੰਦਾ ਹੈ ਕਿ ਉਸ ਦੀ ਗੈਰ ਮੌਜ਼ੂਦਗੀ ਵਿਚ ਸ਼ਿਅਰ ਆਪਣੇ ਅਰਥ ਪ੍ਰਦਾਨ ਕਰਨ ਵਿਚ ਪੂਰੀ ਤਰ੍ਹਾਂ ਨਾਲ ਅਸਮਰੱਥ ਹੋਣ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਗ਼ਜ਼ਲ ਵਿਚ 'ਕਾਫ਼ੀਆ' ਤੇ 'ਰਦੀਫ਼' ਦੀ ਹੋਂਦ ਗ਼ਜ਼ਲ ਵਿਚ ਸੰਗੀਤਾਤਮਕਤਾ ਦਾ ਅੰਸ਼ ਭਰਦੀ ਹੈ ਅਤੇ ਭਾਵ ਭਿੰਨਤਾ ਹੋਣ ਦੇ ਬਾਵਜੂਦ ਵੀ ਸਾਰੇ ਸ਼ਿਅਰ ਇਕ ਲੜੀ ਵਿਚ ਪਰੋਏ ਪ੍ਰਤੀਤ ਹੁੰਦੇ ਹਨ। ਜੇਕਰ ਗ਼ਜ਼ਲ ਵਿਚ ਰਦੀਫ਼ ਆਉਂਦਾ ਹੈ ਤਾਂ ਕਾਫ਼ੀਆ ਉਸ ਤੋਂ ਪਹਿਲਾਂ ਆਉਂਦਾ ਹੈ। ਕਈ ਵਾਰ ਗ਼ਜ਼ਲ ਕਹਿਣ ਲਈ ਗ਼ਜ਼ਲਗੋ ਬਹਿਰ, ਰਦੀਫ਼ ਜਾਂ ਕਾਫ਼ੀਆ ਨਹੀਂ ਦੇਖਦਾ। ਉਹ ਤਾਂ ਆਪਣੇ ਅੰਦਰਲੇ ਵਲਵਲੇ ਨੂੰ ਸ਼ਬਦਾਂ ਦਾ ਰੂਪ ਦੇਣ ਲਈ ਕਾਹਲਾ ਹੋ ਜਾਂਦਾ ਹੈ।

**ਪਿੰਗਲ ਅਤੇ ਅਰੂਜ਼:** ਭਾਈ ਕਾਹਨ ਸਿੰਘ ਨਾਭਾ ਨੇ ਆਪਣੇ *'ਮਹਾਨ ਕੋਸ਼'* ਵਿਚ ਪਿੰਗਲ ਅਤੇ ਅਰੂਜ਼ ਬਾਰੇ ਕਿਹਾ ਹੈ

> "ਪਿੰਗਲ ਸੰਸਕ੍ਰਿਤ-ਹਿੰਦੀ ਦੀਆਂ ਸਹਿਬੋਲੀਆਂ ਦਾ ਛੰਦ ਵਿਧਾਨ ਹੈ। ਜਿਵੇਂ ਪੰਜਾਬੀ ਦੇ ਛੰਦ ਵਿਧਾਨ ਜਾਂ ਛੰਦ ਪ੍ਰਬੰਧ ਨੂੰ 'ਪਿੰਗਲ' ਕਿਹਾ ਜਾਂਦਾ ਹੈ। ਇਵੇਂ ਹੀ ਫ਼ਾਰਸੀ ਦੇ ਛੰਦ ਵਿਧਾਨ ਨੂੰ 'ਅਰੂਜ਼' ਕਿਹਾ ਜਾਂਦਾ ਹੈ। ਇਨ੍ਹਾਂ ਦੋਹਾਂ ਵਿਚ ਛੰਦਾਂ ਜਾਂ ਬਹਿਰਾਂ ਦੇ ਅਸੂਲ ਤੈਅ ਕੀਤੇ ਗਏ ਹਨ। ਗ਼ਜ਼ਲ ਵਾਸਤੇ ਬਹਿਰਾਂ ਦਾ ਹੋਣਾ ਬਹੁਤ ਜ਼ਰੂਰੀ ਹੈ, ਬਹਿਰ ਦੇ ਕੋਸ਼ਗਤ ਅਰਥ ਹਨ 'ਚਾਲ'।"(828)

ਗ਼ਜ਼ਲ ਵਿਚ ਪਿੰਗਲ ਅਤੇ ਅਰੂਜ਼ ਇਕ ਅਜਿਹੇ ਸ਼ਬਦ ਹਨ ਜਿਨ੍ਹਾਂ ਦੇ ਅਰਥ ਇਕੋ ਜਿਹੇ ਹਨ ਪਰ ਵੱਖ-ਵੱਖ ਭਾਸ਼ਾਵਾਂ ਅਨੁਸਾਰ ਇਹਨਾਂ ਨੂੰ ਗ਼ਜ਼ਲ ਵਿਚ ਵਰਤਿਆ ਜਾਂਦਾ ਹੈ। ਭਾਵ ਪੰਜਾਬੀ ਵਿੱਚ ਗ਼ਜ਼ਲ ਦੇ ਛੰਦਾਂ ਨੂੰ ਪਿੰਗਲ ਕਹਿ ਲਿਆ ਜਾਂਦਾ ਹੈ ਅਤੇ ਫ਼ਾਰਸੀ ਵਿਚ ਛੰਦਾਂ ਨੂੰ ਅਰੂਜ਼ ਦਾ ਨਾਮ ਦੇ ਦਿੱਤਾ ਜਾਂਦਾ ਹੈ।ਗ਼ਜ਼ਲ ਦਾ ਹਰ ਸ਼ਿਅਰ ਬਹਿਰ ਅਧੀਨ ਰਚਿਆ ਜਾਣਾ ਚਾਹੀਦਾ ਹੈ। ਬਹਿਰ ਦੀ ਵਿਸ਼ੇਸ਼ਤਾ ਨਾਲ ਗ਼ਜ਼ਲ ਵਿਚ ਰਵਾਨੀ ਪੈਦਾ ਹੁੰਦੀ ਹੈ। ਬਹਿਰਾਂ ਦੀ ਗਿਣਤੀ 19 ਹੁੰਦੀ ਹੈ। ਹਰ ਸ਼ਿਅਰ ਦਾ ਖਿਆਲ ਜਾਂ ਵਿਸ਼ਾ ਆਜ਼ਾਦ ਹੈ ਪਰ ਗ਼ਜ਼ਲ ਦਾ ਬਹਿਰ ਸਾਂਝਾ ਹੁੰਦਾ ਹੈ। ਗ਼ਜ਼ਲ ਅਰੂਜ਼ ਵਿਚਲੇ ਬਹਿਰਾਂ ਦੀ ਵਰਤੋਂ ਨਾਲ ਸ਼ਬਦਾਂ ਦਾ ਠੀਕ ਉਚਾਰਨ ਕਰਦੀ ਹੈ। ਗ਼ਜ਼ਲ ਵਿਚ ਤਗ਼ਜ਼ਲ ਦਾ ਕਾਇਮ ਹੋਣਾ ਜ਼ਰੂਰੀ ਹੈ। ਨਾਟਕ ਵਿਚ ਜੋ ਸਥਾਨ ਨਾਟਕੀਅਤਾ ਦਾ ਹੈ, ਕਹਾਣੀ ਵਿਚ ਜੋ ਕਥਾਨਕ ਦਾ ਹੈ ਉਹੀ ਸਥਾਨ ਗ਼ਜ਼ਲ ਵਿਚ ਤਗ਼ਜ਼ਲ ਦਾ ਹੁੰਦਾ ਹੈ। ਗ਼ਜ਼ਲ ਦਾ ਆਪਣਾ ਵਿਸ਼ੇਸ਼ ਅੰਦਾਜ਼ ਬਿਆਨਕਾਰੀ ਹੈ। ਵੱਖਰਾ ਸੁਭਾਅ, ਵੱਖਰਾ ਲਹਿਜ਼ਾ ਜੋ ਬਾਕੀ ਕਾਵਿ-ਰੂਪਾਂ ਤੋਂ ਇਸ ਦੀ ਅਲੱਗ ਹੋਂਦ ਸਥਾਪਤ ਕਰਦਾ ਹੈ। ਗ਼ਜ਼ਲ ਦਾ ਤਾਂ ਹਰ ਇਕ ਸ਼ਿਅਰ ਅਚੰਭਤ ਹੋਵੇ ਅਤੇ ਧੁਰ ਅੰਦਰ ਤੱਕ ਹਿਲ ਜਾਵੇ। ਦਿਲ ਦਿਮਾਗ ਸੋਚਣ ਤੇ ਮਜਬੂਰ ਹੋ ਜਾਵੇ। ਗ਼ਜ਼ਲ ਦਾ ਇਕ-ਇਕ ਸ਼ਿਅਰ ਫੁੱਲ ਦੇ ਖਿੜਨ ਦੀ ਮਾਸੂਮੀਅਤ ਅਤੇ ਗੋਲੀ ਦੀ ਆਵਾਜ਼ ਵਰਗਾ ਹੈਰਾਨੀ ਭਰਿਆ ਹੋਵੇ। ਬੁਨਿਆਦੀ ਤੌਰ ’ਤੇ ਗ਼ਜ਼ਲ ਦਾ ਵਿਸ਼ਾ ਜੇਕਰ ਇਸ਼ਕ ਹੈ ਤਾਂ ਇਸ ਵਿਚ ਮਹਿਬੂਬ ਦੀ ਲਿੰਗ ਪ੍ਰਕਾਰਤਾ ਨੂੰ ਅਭੇਦ ਹੀ ਰਖਿਆ ਜਾਣਾ ਉੱਚਿਤ ਹੈ। ਗ਼ਜ਼ਲ ਦੇ ਰੂਪਾਕਾਰ ਵਿਚ ਇਕ ਮਹੱਤਵਪੂਰਨ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਵਿਚ ਸੰਬੋਧਤ ਲਿੰਗ ਦੀ ਪ੍ਰਕਿਰਤੀ ਰੂਪਮਾਨ ਨਹੀਂ ਹੁੰਦੀ। ਗ਼ਜ਼ਲ ਸਵੈ ਸੰਬੋਧਨ ਵੀ ਹੋ ਸਕਦੀ ਹੈ ਤੇ ਮਾਸ਼ੂਕ, ਪ੍ਰੇਮਿਕਾ ਜਾਂ ਕਿਸੇ ਹੋਰ ਨੂੰ ਵੀ ਸੰਬੋਧਤ ਹੋ ਸਕਦੀ ਹੈ। ਵਿਦਵਾਨਾਂ ਅਨੁਸਾਰ ਜਦ ਗ਼ਜ਼ਲ ਸ਼ਬਦ ਦੇ ਅਰਥ ਹੀ ਔਰਤਾਂ ਨਾਲ ਮੁਖ਼ਾਤਬ ਹੋਣਾ ਹੈ ਤਾਂ ਫਿਰ ਲਿੰਗ-ਪੁਲਿੰਗ ਨੂੰ ਸਪੱਸ਼ਟ ਕਰਨ ਦੀ ਜ਼ਰੂਰਤ ਹੀ ਨਹੀਂ ਹੈ। ਸਮਝਦਾਰ ਇਨਸਾਨ ਸ਼ਿਅਰ ਨੂੰ ਪੜ੍ਹ ਕੇ ਹੀ ਸਮਝ ਜਾਂਦਾ ਹੈ ਕਿ ਸ਼ਿਅਰ ਵਿਚ ਕੌਣ ਕੀ ਹੈ। ਇਸ ਬਾਰੇ ਪ੍ਰਸਿੱਧ ਆਲੋਚਕ ਮੌਲਾਨਾ ਅਲਤਾਫ਼ ਹੁਸੈਨ ਹਾਲੀ *‘ਮੁਕਦਮਾ-ਏ-ਸ਼ਿਅਰੋ ਸ਼ਾਇਰੀ’* ਲਿਖਦੇ ਹਨ,“...ਅਜਿਹਾ ਸ਼ਬਦ ਨਾ ਆਵੇ ਜਿਸ ਤੋਂ ਖੁੱਲਮ-ਖੁੱਲ੍ਹਾ ਤੀਵੀਂ ਹੋਣਾ ਸਿੱਧ ਹੋ ਸਕੇ ਜਿਵੇਂ ਕਿ ਟੋਪੀ, ਚੀਰਾ, ਪੱਗੜੀ, ਜਾਮਾ, ਦਾੜ੍ਹੀ, ਮੁੱਛ ਫੁੱਟਣਾ, ਕੁੜਤੀ, ਮਹਿੰਦੀ, ਚੂੜੀਆਂ, ਗੁੱਤ, ਡੋਰੀ, ਆਰਸੀ, ਝੂੰਮਰ ਆਦਿ।”(142)

ਗ਼ਜ਼ਲ ਵਿਚ ਗਾਏ ਜਾਣ ਦੀ ਵਿਸ਼ੇਸ਼ਤਾ ਅਤੇ ਸਰੋਦੀ ਅੰਸ਼ ਵਿਦਮਾਨ ਹੁੰਦਾ ਹੈ। ਇਸ ਪੱਖੋਂ ਇਹ ਗੀਤ ਨਾਲ ਜ਼ਿਆਦਾ ਮੇਲ ਖਾਂਦੀ ਹੈ ਅਤੇ ਕਵਿਤਾ ਨਾਲ ਘੱਟ ਕਿਉਂ ਕਿ ਹਰ ਕਵਿਤਾ ਗਾਈ ਨਹੀਂ ਜਾਂਦੀ ਪਰ ਹਰ ਗ਼ਜ਼ਲ ਵਿਚ ਇਹ ਗੁਣ ਜ਼ਰੂਰ ਹੁੰਦਾ ਹੈ। ਗ਼ਜ਼ਲ ਵਿਚਲਾ ਸੰਗੀਤਕ ਗੁਣ ਰਚਨਾਕਾਰ ਅਤੇ ਸਰੋਤਾ ਨੂੰ ਮਸਤੀ ਵਿਚ ਲਿਆ ਦਿੰਦਾ ਹੈ। ਗ਼ਜ਼ਲ ਅੱਧੀ-ਅਧੂਰੀ ਨਹੀਂ ਗਾਈ ਜਾਂਦੀ ਸਗੋਂ ਪੂਰੀ ਹੀ ਗਾਈ ਜਾਣੀ ਠੀਕ ਹੈ। ਪ੍ਰੇਮ ਪ੍ਰਕਾਸ਼ *‘ਕਾਵਿ ਦੇ ਤੱਤ’*ਰਾਹੀਂ ਸੰਗੀਤਕ ਗ਼ਜ਼ਲ ਬਾਰੇ ਕਹਿੰਦੇ ਹਨ “ਸੰਗੀਤਕ ਕਵਿਤਾ ਉਹ ਕਵਿਤਾ ਹੈ ਜਿਸ ਵਿਚ ਧੁਨੀਆਂ ਦਾ ਇਕ ਨਿਰੰਤਰ ਪ੍ਰਵਾਹ ਚਲਦਾ ਹੈ ਅਤੇ ਨਾਲ ਹੀ ਸ਼ਬਦਾਂ ਦੇ ਸੁਝਾਊ ਅਰਥਾਂ ਦਾ ਵੀ ਸੰਗੀਤਕ ਸੁਝਾਊ ਹੁੰਦਾ ਹੈ। ਇਹ ਦੋਵੇਂ ਪ੍ਰਵਾਹ ਆਪਸ ਵਿਚ ਜੁੜੇ ਰਹਿੰਦੇ ਹਨ।”(125, 126)

**ਸੰਖੇਪਤਾ:** ਇਕ ਵਧੀਆ ਗ਼ਜ਼ਲ ਦੀ ਨਿਸ਼ਾਨੀ ਉਸ ਵਿਚ ਸੰਖੇਪਤਾ ਦਾ ਅੰਸ਼ ਲਾਜ਼ਮੀ ਹੋਣਾ ਮੰਨਿਆ ਜਾਂਦਾ ਹੈ। ਗ਼ਜ਼ਲ ਵਿਚ ਵਾਧੂ ਲਫ਼ਜ਼ਾਂ ਦੇ ਭਾਰ ਤੋਂ ਮੁਕਤ ਹੋਣਾ ਚਾਹੀਦਾ ਹੈ। ਗ਼ਜ਼ਲਗੋ ਨੇ ਆਪਣੀ ਪੂਰੀ ਗੱਲ ਸੁਚੱਜੇ ਢੰਗ ਨਾਲ ਇਕ ਹੀ ਸ਼ਿਅਰ ਵਿਚ ਸਮੇਟਨੀ ਹੁੰਦੀ ਹੈ। ਸ਼ਿਅਰ ਦੋ ਸ਼ਬਦਾਂ ਦਾ ਹੁੰਦਾ ਹੈ ਜਿਸ ਵਿਚ ਸੀਮਤ ਸ਼ਬਦਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਸ਼ਿਅਰ ਦਾ ਸੰਖੇਪਤ ਰੂਪ ਅਨੇਕ ਸ਼ਬਦਾਂ ਦਾ ਵਾਹਕ ਵੀ ਬਣ ਸਕਦਾ ਹੈ ਜਾਂ ਦੋ ਅਰਥਾਂ ਦਾ ਵਾਹਕ ਵੀ ਬਣ ਸਕਦਾ ਹੈ। ਦੋ ਮਿਸਰਿਆਂ ਵਾਲੇ ਸ਼ਿਅਰ ਵਿਚ ਗ਼ਜ਼ਲਗੋ ਨੇ ਪੂਰੀ ਗੱਲ ਨੂੰ ਬਿਆਨ ਕਰਨਾ ਹੁੰਦਾ ਹੈ। ਵਧੀਆ ਗ਼ਜ਼ਲਗੋ ਦੀ ਇਹੀ ਪਹਿਚਾਣ ਹੁੰਦੀ ਹੈ ਕਿ ਉਹ ਕਿਵੇਂ ਗ਼ਜ਼ਲ ਦੇ ਇਕੋ ਸ਼ਿਅਰ ਵਿਚ ਕਿਸੇ ਇਕ ਵਿਸ਼ੇ ਨੂੰ ਅੰਕਿਤ ਕਰਦਾ ਹੈ ਭਾਵ ਕੁੱਜੇ ਵਿਚ ਸਮੁੰਦਰ ਬੰਦ ਕਰਦਾ ਹੈ।

**ਸ਼ਬਦਾਵਲੀ:** ਗ਼ਜ਼ਲ ਦੇ ਕਾਵਿ ਵਿਧਾਨ ਦੀ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਗ਼ਜ਼ਲ ਵਿਚਲੇ ਸ਼ਿਅਰ ਸਾਦਗੀ ਨਾਲ ਅਤੇ ਕੋਮਲ ਭਾਵਾਂ ਨਾਲ ਰਚੇ ਜਾਣ। ਗ਼ਜ਼ਲ ਵਿਚ ਨਾਜ਼ੁਕਤਾ ਅਤੇ ਸੰਵੇਦਨਸ਼ੀਲਤਾ ਦੇ ਅੰਸ਼ ਭਾਰੂ ਹਨ। ਸਾਦਗੀ ਨਾਲ ਕਹੀ ਗੱਲ ਵਧੇਰੇ ਪ੍ਰਭਾਵਿਤ ਕਰਦੀ ਹੈ। ਫ਼ਾਰਸੀ ਜਾਂ ਉਰਦੂ ਵਿਚ ਸਾਦਗੀ ਨਾਲ ਕਹੀ ਗ਼ਜ਼ਲ ਵਧੇਰੇ ਪ੍ਰਸਿੱਧ ਹੋਈ ਹੈ। ਗ਼ਜ਼ਲ ਵਿਚ ਅਜਿਹੇ ਸ਼ਬਦਾਂ ਤੋਂ ਬਚਣਾ ਚਾਹੀਦਾ ਹੈ ਜਿਸ ਨੂੰ ਸਮਾਜ ਰੋਜ਼ਮਰਾ ਦੀ ਜ਼ਿੰਦਗੀ ਵਿਚ ਵਰਤੋਂ ਵਿਚ ਨਾ ਲੈ ਕੇ ਆਉਂਦਾ ਹੋਵੇ। ਸ਼ਬਦਾਵਲੀ ਹਮੇਸ਼ਾ ਸੌਖੀ ਅਤੇ ਜਨ ਸਧਾਰਨ ਵਾਲੀ ਹੀ ਹੋਣੀ ਚਾਹੀਦੀ ਹੈ। ਗ਼ਜ਼ਲ ਵਿਚਲੀ ਭਾਸ਼ਾ ਸਾਦ-ਮੁਰਾਦੀ, ਸਾਫ਼ ਗੋਈ, ਸ਼ਬਦਾਂ ਦੀ ਖ਼ੂਬਸੂਰਤ ਅਤੇ ਸੁਚੱਜੀ ਜੜਤ ਵਾਲੀ ਹੋਣੀ ਚਾਹੀਦੀ ਹੈ। ਜੋ ਨਫ਼ਾਸਤ ਤੇ ਸੰਗੀਤ ਪੈਦਾ ਕਰਦੀ ਹੋਵੇ। ਗ਼ਜ਼ਲ ਇਕ ਸਮਰਪਤ ਕਾਵਿ ਰੂਪ ਹੈ ਇਸ ਲਈ ਇਹ ਖਰਵੀਂ ਜਾਂ ਕਰੜੀ ਭਾਸ਼ਾ ਬਰਦਾਸ਼ਤ ਨਹੀਂ ਕਰਦੀ। ਇਸ ਵਿਚਲੇ ਸ਼ਬਦ ਨਾਜ਼ੁਕ, ਮਿਠਾਸ ਭਰਪੂਰ, ਨਿਤ ਵਰਤੋਂ ਵਾਲੇ ਹੋਣੇ ਚਾਹੀਦੇ ਹਨ। ਜਿਨ੍ਹਾਂ ਵਿਚੋਂ ਸੰਗੀਤਕ ਲਹਿਰਾਂ ਨਿਕਲਦੀਆਂ ਹੋਣ। ਭਾਰੀ ਭਰਕਮ ਸ਼ਬਦਾਵਲੀ ਪਾਠਕ ਦੀ ਸਮਝ ਤੋਂ ਪਰੇ ਹੋ ਜਾਂਦੀ ਹੈ ਜੋ ਬੋਝਲ ਲਗਣ ਲੱਗ ਜਾਂਦੀ ਹੈ। ਔਖੇ ਸ਼ਬਦਾਂ ਦੇ ਅਰਥਾਂ ਲਈ ਪਾਠਕ ਨੂੰ ਪਹਿਲਾਂ ਕੋਸ਼ ਕੱਢਣਾ ਪਵੇਗਾ ਅਤੇ ਫਿਰ ਉਹ ਇਸ ਵਿਚੋਂ ਇਸ ਦੇ ਅਰਥਾਂ ਨੂੰ ਲੱਭੇਗਾ ਤਾਂ ਜਾ ਕੇ ਗ਼ਜ਼ਲ ਉਸ ਦੀ ਸਮਝ ਵਿਚ ਆਵੇਗੀ। ਪਰ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਇਸ ਤਰ੍ਹਾਂ ਗ਼ਜ਼ਲ ਵਿਚਲਾ ਸੁਆਦ ਖਤਮ ਹੋ ਜਾਂਦਾ ਹੈ। ਸ਼ਬਦ ਚੋਣ ਤਾਂ ਹਰ ਕਵੀ ਸ਼ਖ਼ਸੀਅਤ ਦਾ ਸ਼ੀਸ਼ਾ ਹੁੰਦਾ ਹੈ। ਕਿਸੇ ਕਵੀ ਦੀ ਰੁਚੀਆਂ ਅਤੇ ਉਸ ਦੀਆਂ ਮਨੋਪਰਵਰਤੀਆਂ ਨੂੰ ਜਾਣਨ ਲਈ ਸ਼ਬਦ ਚੋਣ ਤੋਂ ਵੱਧ ਕੇ ਹੋਰ ਕੋਈ ਵੀ ਸਾਧਨ ਭਰੋਸੇਯੋਗ ਨਹੀਂ ਹੈ।

ਇਸ ਸੰਬੰਧ ਵਿਚ ਦੀਪਕ ਜੈਤੋਈ ਆਪਣੀ ਪੁਸਤਕ *'ਗ਼ਜ਼ਲ ਕੀ ਹੈ?'* ਵਿਚ ਕਹਿੰਦੇ ਹਨ, "ਜਿਸ ਤਰ੍ਹਾਂ ਸੁਘੜਤਾ, ਸੁਚੱਜਤਾ, ਹਯਾਦਾਰੀ, ਚਰਿੱਤਰ ਸੰਪੰਨਤਾ ਨਾਲ ਮੁਟਿਆਰ ਦੀ ਵਿਅਕਤਿਤਵ ਵਿਚ ਉੱਚਤਾਈ ਪੈਦਾ ਹੋ ਜਾਂਦੀ ਹੈ। ਉਸੇ ਤਰ੍ਹਾਂ ਸੂਖ਼ਮਤਾ, ਸੰਕੋਚਤਾ, ਸੰਖ਼ੇਪਤਾ, ਸਰਲਤਾ ਅਤੇ ਪਾਕੀਜ਼ਗੀ ਦਾ ਪ੍ਰਗਟਾਅ ਗ਼ਜ਼ਲ ਵਿਚ ਬੁਲੰਦੀ ਪੈਦਾ ਕਰਦਾ ਹੈ।"(11)

ਸ਼ੈਲੀ ਬਾਰੇ ਡਾ. ਕਾਹਨ ਸਿੰਘ ਨਾਭਾ ਆਪਣੇ *'ਮਹਾਨ ਕੋਸ਼'* ਵਿਚ ਲਿਖਦੇ ਹਨ, "ਸ਼ੈਲੀ ਗ਼ਜ਼ਲ ਦੇ ਭਾਵਾਂ ਨੂੰ ਬੰਨਣ ਲਈ ਵਰਤੇ ਗਏ ਵਿਭਿੰਨ ਸਾਧਨਾਂ ਦਾ ਨਾਅ ਹੈ। ਲ਼ਤਾਫ਼ਤ ਵੀ ਇਸੇ ਦਾ ਹੀ ਨਾਂ ਹੈ। ਸ਼ੈਲੀ ਦੇ ਕੋਸ਼ਗਤ ਅਰਥ ਹਨ: ਰੀਤਿ, ਪਰਿਪਾਟੀ, ਕਾਵਯ ਰਚਨਾ ਦੀ ਰੀਤੀ, ਖਾਸ ਢੰਗ ਨਾਲ ਸ਼ਬਦ ਅਤੇ ਵਚਨਾਂ ਦੀ ਵਰਤੋਂ ਕਰਨੀ।"(230)

ਧੁਨੀਆਤਮਕ ਪੱਖੋਂ ਸ਼ਬਦਾਂ ਵਿਚ ਕੋਮਲਤਾ ਬਰਕਰਾਰ ਹੋਣੀ ਚਾਹੀਦੀ ਹੈ। ਜਿਵੇਂ ਗੁਰਬਾਣੀ ਵਿਚ ਮੂਰਧਨੀ ਧੁਨੀਆਂ ਨੂੰ ਬਦਲ ਕੇ ਸੰਗੀਤਕ ਧੁਨੀਆਂ ਵਿਚ ਪ੍ਰਗਟਾਇਆ ਗਿਆ। ਜਿਵੇਂ: 'ਮਰੋੜਿਓ' ਸ਼ਬਦ ਤੋਂ 'ਮਰੋਰਿਓ' ਆਦਿ। ਸ਼ਿਅਰ ਦੀ ਜਿੰਦ ਜਾਨ ਸੰਗੀਤ ਹੀ ਹੁੰਦਾ ਹੈ। ਗ਼ਜ਼ਲ ਦੀ ਭਾਸ਼ਾ ਬਾਰੇ ਇਹ ਵੀ ਗੱਲ ਹੈ ਕਿ ਇਸ (ਗ਼ਜ਼ਲ) ਦੀ ਬੋਲੀ ਆਮ ਬਾਜ਼ਾਰੀ ਬੋਲੀ ਤੋਂ ਵੱਖ ਹੁੰਦੀ ਹੈ, ਔਖੇ ਤੇ ਬੋਝਲ ਸ਼ਬਦ ਇਸ ਵਿਚ ਵਰਤੇ ਨਹੀਂ ਜਾਂਦੇ। ਕਈ ਗ਼ਜ਼ਲਗੋ ਵਿਅੰਗ ਵਿਚ ਆਪਣੀ ਗੱਲ ਜ਼ਿਆਦਾ ਵਧੀਆ ਢੰਗ ਨਾਲ ਕਹਿਣ ਦੇ ਸਮਰੱਥ ਹੁੰਦੇ ਹਨ। ਵਿਅੰਗ ਦੋ ਪ੍ਰਕਾਰ ਦਾ ਹੁੰਦਾ ਹੈ: ਸਿੱਧਾ ਤੇ ਗੰਭੀਰ ਵਿਅੰਗ। ਇਸ ਬਾਰੇ ਸਾਧੂ ਸਿੰਘ ਹਮਦਰਦ *'ਗ਼ਜ਼ਲ ਦਾ ਜਨਮ ਤੇ ਵਿਕਾਸ'* ਰਾਹੀਂ ਕਹਿੰਦੇ ਹਨ:

> "ਤਨਜ਼ (ਵਿਅੰਗ) ਗ਼ਜ਼ਲ ਦੀ ਜਾਨ ਹੈ। ਸਮੇਂ ਦੇ ਬਦਲਣ ਨਾਲ ਹਰ ਸਮਾਜ ਉੱਤੇ ਹਰ ਸਮਾਜ ਉੱਤੇ ਗਲਤ ਕੀਮਤਾਂ ਦਾ ਖਲੇਪੜ ਜਮ ਜਾਂਦਾ ਹੈ।......ਇਸ ਨੂੰ ਕੱਟਣ ਲਈ ਕਵੀ ਤਨਜ਼ ਦੀ ਤੇਸੀ ਵਰਤਦਾ ਹੈ, ਭਾਵੇਂ ਉਹ ਸਮਾਜ ਉਤੋਂ ਖਲੇਪੜ ਨਾ ਵੀ ਉਤਾਰ ਸਕੇ ਪਰ ਉਹ ਥਾਂ-ਥਾਂ ਰੱਖਨੇ ਪੈਦਾ ਕਰ ਕੇ ਝਰੋਖੇ ਬਣਾ ਲੈਂਦਾ ਹੈ। ਜਿਨ੍ਹਾਂ ਰਾਹੀਂ ਤਾਜ਼ਾ ਹਵਾ ਸਮਾਜ ਦੇ ਫ਼ੇਫ਼ੜਿਆਂ ਵਿਚ ਪੁੱਜਣੀ ਸ਼ੁਰੂ ਹੋ ਜਾਂਦੀ ਹੈ।"(222)

ਗ਼ਜ਼ਲ ਵਿਚ ਚੁਸਤੀ ਇਸ ਦੀ ਇਕ ਹੋਰ ਵਿਸ਼ੇਸ਼ਤਾ ਹੈ। ਗ਼ਜ਼ਲਕਾਰ ਦੁਆਰਾ ਕਹੀ ਗਈ ਗੱਲ ਬੇਰੋਕ ਸਿੱਧੇ ਸਰਲ ਢੰਗ ਨਾਲ ਪਾਠਕਾਂ ਤੱਕ ਪਹੁੰਚਣੀ ਚਾਹੀਦੀ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਗ਼ਜ਼ਲਕਾਰ ਸ਼ਬਦਾਂ ਦੇ ਜਾਲ ਵਿਚ ਉੱਲਝ ਕੇ ਰਹਿ ਜਾਂਦਾ ਹੈ ਅਤੇ ਅਰਥ ਅਲੋਪ ਹੋ ਜਾਂਦੇ ਹਨ। ਗ਼ਜ਼ਲਕਾਰ ਨੂੰ ਸ਼ਬਦਾਂ ਦੇ ਜਾਲ ਵਿਚ ਨਹੀਂ ਫੱਸਣਾ ਚਾਹੀਦਾ। ਉਸ ਨੂੰ ਤਾਂ ਗ਼ਜ਼ਲ ਦੇ ਸਾਧਾਰਨ ਅਰਥ ਬਾਰੇ ਗਿਆਨ ਹੋਣਾ ਚਾਹੀਦਾ ਹੈ। ਇਕ ਸੁਚੱਜੇ ਗ਼ਜ਼ਲਗੋ ਨੂੰ ਗ਼ਜ਼ਲ ਵਿਚ ਸ਼ਬਦਾਂ ਦੀ ਖ਼ੂਬਸੂਰਤੀ ਦੇ ਨਾਲ-ਨਾਲ ਇਸ ਦੇ ਅਰਥਾਂ ਵਲ ਵੀ ਵਿਸ਼ੇਸ਼ ਰੂਪ ਵਿਚ ਧਿਆਨ ਦੇਣ ਦੀ ਜ਼ਰੂਰਤ ਹੈ। ਗ਼ਜ਼ਲ ਵਿਚ ਸੰਕੇਤ ਦਾ ਹੋਣਾ ਅਤੀ ਜ਼ਰੂਰੀ ਹੈ। ਅਪ੍ਰਤੱਖ ਰੂਪ ਵਿਚ ਪਾਠਕ ਤੱਕ ਸੰਦੇਸ਼ ਪਹੁੰਚਾਣ ਲਈ 'ਸੰਕੇਤ' ਤੋਂ ਬਿਨਾਂ ਗੱਲ ਦੇ ਅਰਥ ਔਖੇ ਪ੍ਰਤੀਤ ਹੁੰਦੇ ਹਨ। ਗ਼ਜ਼ਲ ਵਿਚ ਵਿਰੋਧਾਭਾਸ ਦੀ ਭਾਵਨਾ ਦਾ ਹੋਣਾ ਵੀ ਅਤੀ ਲੋੜੀਂਦਾ ਹੁੰਦਾ ਹੈ। ਜਿਸ ਨਾਲ ਸ਼ਿਅਰ ਭਾਵਪੂਰਤ ਅਤੇ ਪ੍ਰਭਾਵ ਪੱਖੋਂ ਆਕਰਸ਼ਤ ਹੋ ਜਾਂਦਾ ਹੈ। ਜਦੋਂ ਸ਼ਿਅਰ ਦੇ ਦੋਵੇਂ ਮਿਸਰੇ ਇਕ ਦੂਜੇ ਦੇ ਵਿਰੋਧ ਵਿਚ ਖੜਦੇ ਹਨ ਤਾਂ ਉਨ੍ਹਾਂ ਦੇ ਟਕਰਾਉ ਵਿਚੋਂ ਤਬਾਹੀਕੁੰਨ ਮੰਜ਼ਰ (ਦ੍ਰਿਸ਼) ਹੀ ਨਹੀਂ ਸਗੋਂ ਸੂਖ਼ਮ ਅਤੇ ਕੋਮਲ ਭਾਵਾਂ ਦੀ ਅਭਿਵਿਅਕਤੀ ਹੁੰਦੀ ਹੈ। ਗ਼ਜ਼ਲ ਵਿਚ ਸੁਹਜ, ਕੋਮਲ ਭਾਵਾਂ ਦਾ ਹੋਣਾ ਗ਼ਜ਼ਲ ਨੂੰ ਹੋਰ ਵੀ ਸੁੰਦਰ ਅਤੇ ਦਿਲਚਸਪ ਬਣਾ ਦਿੰਦਾ ਹੈ। ਬਿੰਬਾਂ, ਪ੍ਰਤੀਕਾਂ, ਸੋਹਣੀ ਭਾਸ਼ਾ ਸ਼ੈਲੀ ਅਤੀ ਲੋੜੀਂਦੀ ਚੀਜ਼ ਹੈ। ਬਿੰਬ, ਪ੍ਰਤੀਕ ਤਾਂ ਗ਼ਜ਼ਲ ਵਿਚਲੇ ਸ਼ਿਅਰਾਂ ਨੂੰ ਗਹਿਣਿਆਂ ਦੀ ਤਰ੍ਹਾਂ ਸਜਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਜਿਸ ਨਾਲ ਗ਼ਜ਼ਲ ਦਾ ਰੂਪ ਨਿਖ਼ਰ ਕੇ ਉਭਰਦਾ ਹੈ ਅਤੇ ਸੂਖ਼ਮਤਾ ਬਣੀ ਰਹਿੰਦੀ ਹੈ।

**ਬਿੰਬ:** ਗ਼ਜ਼ਲ ਵਿਚ ਬਿੰਬਾਵਲੀ ਦੀ ਸਦਾ ਪ੍ਰਧਾਨਤਾ ਰਹੀ ਹੈ। ਪਹਿਲਾਂ ਸੂਫ਼ੀ ਕਵੀ ਆਪਣੇ ਕਾਵਿ ਵਿਚ ਚਰਖਾ, ਰੂਹ, ਬੁੱਤ, ਕਲਬੂਤ, ਤਿੰਝਣ, ਪਰਿੰਦੇ ਆਦਿ ਬਿੰਬਾਂ ਦੀ ਵਰਤੋਂ ਕਰਦੇ ਸਨ। ਫਿਰ ਉਸ ਤੋਂ ਮਗਰਲੇ ਸ਼ਾਇਰ ਆਪਣੀ ਸ਼ਾਇਰੀ ਵਿਚ ਮੈਖ਼ਾਨਾ, ਸਾਕੀ, ਸ਼ਬਾਬ ਆਦਿ ਸ਼ਬਦਾਂ ਨੂੰ ਲੈਂਦੇ ਹਨ। ਮੁੱਢਲੇ ਦੌਰ ਵਿਚ ਤਾਂ ਅਜਿਹੇ ਬਿੰਬਾਂ ਦੀ ਭਰਮਾਰ ਸੀ ਕਿਉਂ ਕਿ ਪੰਜਾਬੀ ਗ਼ਜ਼ਲ ਉੱਤੇ ਉਰਦੂ ਗ਼ਜ਼ਲ ਦਾ ਬਹੁਤ ਪ੍ਰਭਾਵ ਸੀ। ਜਿਵੇਂ-ਜਿਵੇਂ ਪੰਜਾਬੀ ਗ਼ਜ਼ਲ ਆਧੁਨਿਕ ਦੌਰ ਵਿਚ ਪ੍ਰਵੇਸ਼ ਕਰਦੀ ਗਈ ਉਸਦੀ ਬਿੰਬਾਵਲੀ ਅਤੇ ਸ਼ਬਦਾਵਲੀ ਵਿਚ ਨਵੀਨਤਾ ਆਉਣ ਲੱਗ ਪਈ। ਉਰਦੂ ਫ਼ਾਰਸੀ ਦੀ ਸ਼ਬਦਾਵਲੀ ਘੱਟ ਕੇ ਠੇਠ ਪੰਜਾਬੀ ਦੇ ਰੂਪ ਵਿਚ ਪ੍ਰਵਰਤਿਤ ਹੋ ਗਈ। ਅਜੋਕੇ ਗ਼ਜ਼ਲਗੋ ਨਦੀਆਂ, ਝਰਨੇ, ਬੱਦਲ, ਪਾਣੀ, ਆਥਣ, ਪਿੱਪਲ, ਬੋਹੜ, ਸੱਥ ਆਦਿ ਬਿੰਬਾਂ ਨੂੰ ਆਪਣੀ ਗ਼ਜ਼ਲਕਾਰੀ ਦਾ ਹਿੱਸਾ ਬਣਾਉਂਦੇ ਹਨ।

**ਸ਼ਬਦਾਂ ਦੀ ਜੜਤ:** ਗ਼ਜ਼ਲ ਵਿਚ ਵਾਧੂ ਅਤੇ ਬੇਲੋੜੇ ਸ਼ਬਦਾਂ ਦੀ ਕੋਈ ਜਗ੍ਹਾ ਨਹੀਂ ਹੁੰਦੀ ਕਿਉਂ ਕਿ ਲੈਆਤਮਕ ਕਾਵਿ ਵੰਨਗੀ ਹੈ ਜੋ ਇਕ ਵੀ ਵਾਧੂ ਸ਼ਬਦ ਤੋਂ ਗੁਰੇਜ ਕਰ ਜਾਂਦੀ ਹੈ। ਗ਼ਜ਼ਲਕਾਰੀ ਕਰਦਿਆਂ ਗ਼ਜ਼ਲਗੋ ਨੂੰ ਸ਼ਬਦ-ਚੋਣ, ਸ਼ਬਦ ਜੜਤ ਬਹੁਤ ਢੁੱਕਵੇਂ ਢੰਗ ਤਰੀਕੇ ਨਾਲ ਕਰਨੀ ਪੈਂਦੀ ਹੈ। ਸ਼ਬਦਾਂ ਦੀ ਜੜਤ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਐਸੀ ਹੁੰਦੀ ਹੈ ਕਿ ਇਕ ਵੀ ਅੱਖਰ ਇੱਧਰ-ਉੱਧਰ ਕਰ ਦੇਣ ਨਾਲ ਸ਼ਿਅਰ ਰਸਹੀਨ ਹੋ ਜਾਂਦਾ ਹੈ। ਉਪਰੋਕਤ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਗ਼ਜ਼ਲ ਵਿਚ ਉਪਰਲੇ ਹਰ ਪੱਖ ਦੀ ਵਰਤੋਂ ਢੁੱਕਵੇਂ ਢੰਗ ਨਾਲ ਹੋਣੀ ਚਾਹੀਦੀ ਹੈ। ਗ਼ਜ਼ਲ ਵਿਚ ਕਾਫ਼ੀਆ, ਰਦੀਫ਼, ਸ਼ਿਅਰ, ਤਗ਼ਜ਼ਲ, ਬਿੰਬ, ਪ੍ਰਤੀਕ, ਸ਼ਬਦਾਵਲੀ, ਬੰਦਿਸ਼, ਸਾਦਗੀ ਸਪੱਸ਼ਟਤਾ ਆਦਿ ਦੀ ਵਰਤੋਂ ਸੁਚੱਜੇ ਢੰਗ ਨਾਲ ਕੀਤੀ ਜਾਣੀ ਚਾਹੀਦੀ ਹੈ। ਜਿਸ ਨਾਲ ਗ਼ਜ਼ਲ ਬਹੁਤ ਹੀ ਦਿਲਕਸ਼ ਹੋਵੇਗੀ ਅਤੇ ਪਾਠਕ ਬਹੁਤ ਦਿਲਚਸਪੀ ਨਾਲ ਪੜਨਗੇ ਅਤੇ ਆਪ ਵੀ ਗ਼ਜ਼ਲਕਾਰੀ ਲਈ ਪ੍ਰੇਰਿਤ ਹੋਣਗੇ। ਇਹ ਗੱਲ ਵੀ ਜ਼ਰੂਰੀ ਹੋ ਜਾਂਦੀ ਹੈ ਕਿ ਨਵੇਂ ਗ਼ਜ਼ਲਕਾਰਾਂ ਨੂੰ ਤੋਲ-ਤੁਕਾਂਤ, ਲੈਅ, ਬਹਿਰ ਆਦਿ ਵਿਚ ਰਹਿ ਕੇ ਹੀ ਗ਼ਜ਼ਲਕਾਰੀ ਕਰਨੀ ਚਾਹੀਦੀ ਹੈ ਕਿਉਂ ਕਿ ਇਸ ਦੀ ਅਣਹੋਂਦ ਨਾਲ ਨਾਲ ਪੂਰਾ ਗ਼ਜ਼ਲ ਦਾ ਢਾਂਚਾ ਹੀ ਖਰਾਬ ਹੋ ਜਾਵੇਗਾ। ਡਾ. ਦੀਵਾਨ ਸਿੰਘ ਆਪਣੀ ਪੁਸਤਕ *'ਅੰਦਾਜ਼-ਏ-ਗ਼ਜ਼ਲ'* ਵਿਚ ਸਪੱਸ਼ਟ ਕਰਦੇ ਕਹਿੰਦੇ ਹਨ:

> "ਗ਼ਜ਼ਲ ਦੇ ਰੂਪਕ ਠੁੱਕ ਨੂੰ ਜੋ ਕਈ ਸਦੀਆਂ ਤੋਂ ਨਿਸ਼ਚਿਤ ਹੈ ਕਾਇਮ ਰੱਖਣਾ ਜ਼ਰੂਰੀ ਹੈ। ਇਹ ਰੂਪਕ ਠੁੱਕ ਤਿੰਨ-ਚਾਰ ਗੱਲਾਂ 'ਤੇ ਨਿਰਭਰ ਕਰਦਾ ਹੈ। 1. ਤੋਲ-ਤੁਕਾਂਤ ਦੀ ਸ਼ੁੱਧ ਵਰਤੋਂ 2. ਸੁਹਜਮਈ, ਕੋਮਲਭਾਵੀ, ਸੰਗੀਤਕ ਸ਼ਬਦਾਵਲੀ ਦੀ ਵਰਤੋਂ 3. ਭਾਵਾਂ ਅਤੇ ਵਿਚਾਰਾਂ ਦੀ ਕੋਮਲਤਾ ਤੇ ਸਰਲਤਾ 4.ਨਿੱਜੀ ਜਾਂ ਸਮਾਜਕ ਵਿਸ਼ਿਆਂ ਦਾ ਸਪੱਸ਼ਟ ਪ੍ਰਗਟਾਅ ਅਤੇ ਪਾਸਾਰ ਜੋ ਡੂੰਘੇ ਜੀਵਨ ਦੇ ਫ਼ਲਸਵਰੂਪ ਪ੍ਰਾਪਤ ਹੈ, ਅਤੇ 5. ਉਸਤਾਦ ਕਵੀਆਂ ਪਾਸੋਂ ਅਗਵਾਈ ਤੇ ਇਸਲਾਹ ਦੀ ਪ੍ਰਾਪਤੀ।" (14)

ਇਸ ਤਰ੍ਹਾਂ ਗ਼ਜ਼ਲ ਰੂਪਾਕਾਰ ਇਨ੍ਹਾਂ ਨੁਕਤਿਆਂ 'ਤੇ ਨਿਰਭਰ ਹੁੰਦਾ ਹੈ ਅਤੇ ਗ਼ਜ਼ਲ ਇਨ੍ਹਾਂ ਲਾਜ਼ਮੀ ਰੀਤੀਆਂ ਅਤੇ ਸ਼ੈਲੀਆਂ ਰਾਹੀਂ ਹੀ ਕਾਵਿ ਸਾਹਿਤ ਦੀ ਮਹੱਤਵਪੂਰਨ ਸਿਨਫ਼ ਬਣ ਕੇ ਸਾਡੇ ਸਾਹਵੇਂ ਰੂਪਾਂਕਿਤ ਹੁੰਦੀ ਹੈ। ਗ਼ਜ਼ਲ ਕਾਵਿ ਸਾਹਿਤ ਦੇ ਖੇਤਰ ਦੀ ਪੁਰਾਣੀ ਪਰੰਪਰਾ ਦੇ ਰੂਪ ਵਿਚ ਵਿਦਮਾਨ ਹੋਈ ਹੈ। ਗ਼ਜ਼ਲਕਾਰੀ ਲਈ ਕੁੱਝ ਨਿਯਮ

ਬੰਦਿਸ਼ਾਂ ਹਨ ਜਿਨਾਂ ਤੋਂ ਗ਼ਜ਼ਲ ਵਿਚਲੇ ਗੁਣ ਅਤੇ ਦੋਸ਼ ਮਿਲਦੇ ਹਨ। ਜੇ ਗ਼ਜ਼ਲ ਦੀ ਤੁਲਨਾ ਇਕ ਔਰਤ ਨਾਲ ਕੀਤੀ ਜਾਂਦੀ ਹੈ ਤਾਂ ਉਸ ਦਾ ਕੁਦਰਤੀ ਸੁਹੱਪਣ ਉਸ ਦਾ ਗੁਣ ਹੈ ਅਤੇ ਉਸ ਦਾ ਕੋਹਜਾਪਨ ਉਸ ਵਿਚਲਾ ਦੋਸ਼ ਬਣ ਜਾਂਦਾ ਹੈ। ਜੇ ਕੋਈ ਔਰਤ ਕੁਦਰਤੀ ਸੁੰਦਰ ਹੈ ਤਾਂ ਉਸ ਦੇ ਪਾਏ ਗਹਿਣੇ ਉਸ ਦੀ ਸੁੰਦਰਤਾ ਨੂੰ ਚਾਰ ਚੰਨ ਲਾ ਦਿੰਦੇ ਹਨ ਪਰ ਕੋਹਝੀ ਔਰਤ ਦਾ ਕੁਹਝਾਪਨ ਗਹਿਣਿਆਂ ਦੇ ਬਾਵਜੂਦ ਵੀ ਉਸ ਦੀ ਖ਼ੂਬਸੂਰਤੀ ਬਿਆਨ ਨਹੀਂ ਕਰ ਸਕਦਾ। ਬਿਲਕੁਲ ਹੀ ਇਸੇ ਤਰ੍ਹਾਂ ਗ਼ਜ਼ਲ ਵਿਚ ਵੀ ਇਹ ਸ਼ਰਤ ਲਾਗੂ ਹੁੰਦੀ ਹੈ ਕਿ ਜੇ ਕਰ ਗ਼ਜ਼ਲ ਕੁਦਰਤੀ ਸੋਹਣੀ ਹੈ ਤਾਂ ਅਲੰਕਾਰ ਰੂਪੀ ਗਹਿਣੇ ਉਸ ਨੂੰ ਹੋਰ ਸ਼ਿਗਾਰਨ ਵਿਚ ਮਦਦ ਕਰਨਗੇ ਪਰ ਜੇ ਕਰ ਗ਼ਜ਼ਲ ਬੇਤਰਤੀਬੀ ਹੈ ਤਾਂ ਅਲੰਕਾਰ ਰੂਪੀ ਸ਼ਿਗਾਰ ਵਿਅਰਥ ਹੈ ਭਾਵ ਗ਼ਜ਼ਲ ਦੀ ਖ਼ੂਬਸੂਰਤੀ ਨਹੀਂ ਵਧੇਗੀ। ਇਸ ਲਈ ਸੁਚੱਜੇ ਸਾਹਿਤ ਲਈ ਗ਼ਜ਼ਲ ਰੂਪੀ ਕੋਹਝਾਂ ਭਾਵ ਦੋਸ਼ਾਂ ਤੋਂ ਮੁਕਤ ਰਹਿਣਾ ਹੀ ਸਹੀ ਹੈ। ਗ਼ਜ਼ਲ ਸਕੂਲ ਦੇ ਉਸਤਾਦਾਂ ਨੇ ਗ਼ਜ਼ਲ ਵਿਚਲੇ ਗੁਣ ਅਤੇ ਦੋਸ਼ਾਂ ’ਤੇ ਬਾਖ਼ੂਬੀ ਚਾਨਣਾ ਪਾਇਆ ਹੈ। ਗ਼ਜ਼ਲ ਦੇ ਸ਼ਿਅਰਾਂ ਵਿਚਲੇ ਗੁਣ ਹਨ: ਤਗ਼ਜ਼ਲ, ਤਕਰਾਰ, ਤਕਾਬਲ, ਜਿੱਦਤ, ਤਮਸੀਲ, ਤਲਮੀਹ, ਸੰਖੇਪਤਾ, ਹੁਸਨੇ-ਤਰਤੀਬ, ਦ੍ਰਿਸ਼ ਵਰਨਣ, ਮੁਹਾਵਰਾਬੰਦੀ, ਸਾਦਗੀ, ਖ਼ੂਬਸੂਰਤੀ ਆਦਿ ਗ਼ਜ਼ਲ ਦੇ ਜ਼ਰੂਰੀ ਅੰਗ ਹਨ। ਗ਼ਜ਼ਲ ਦੇ ਸ਼ਿਅਰਾਂ ਵਿਚਲੇ ਦੋਸ਼ ਹਨ: ਬੇਲੁਤਫ਼, ਤਕਰਾਰ, ਤਨਾਫ਼ਿਰ, ਲ਼ਫ਼ਜ਼ੀ, ਤਅਕੀਦ, ਸ਼ਿਕਸਤੇ ਨਾਰਵਾ, ਅਬਹਾਮ, ਮੁਬਾਲਗਾ, ਜ਼ਮ, ਹਸ਼ਵ ਅਤੇ ਕਾਫ਼ੀਏ ਦੀ ਗਲਤ ਵਰਤੋਂ ਗ਼ਜ਼ਲ ਦੀ ਸੁੰਦਰਤਾ ਨੂੰ ਬਦਸੂਰਤੀ ਵਿਚ ਤਬਦੀਲ ਕਰ ਦਿੰਦੇ ਹਨ। ਇਨ੍ਹਾਂ ਬਾਰੇ ਸੰਖੇਪਤ ਜਾਣਕਾਰੀ ਹੋਣਾ ਆਵਸ਼ਕ ਹੈ। ਹੁਣ ਅਸੀਂ ਪਹਿਲਾਂ ਗ਼ਜ਼ਲ ਵਿਚਲੇ ਗੁਣਾਂ ਬਾਰੇ ਚਰਚਾ ਕਰਾਂਗੇ:

**ਤਕਰਾਰ:** ਤਕਰਾਰ ਤੋਂ ਭਾਵ ਹੈ ਕਿ ਇਕ ਮਿਸਰੇ ਵਿਚ ਜਾਂ ਇਕ ਸ਼ਿਅਰ ਵਿਚ ਕਿਸੇ ਇਕ ਸ਼ਬਦ ਦਾ ਪ੍ਰਯੋਗ ਦੋ ਜਾਂ ਇਸ ਤੋਂ ਵਧੇਰੇ ਵਾਰੀ ਇਸ ਤਰ੍ਹਾਂ ਕੀਤਾ ਜਾਵੇ ਕਿ ਉਹ ਸ਼ਿਅਰ ਦੀ ਖ਼ੂਬਸੂਰਤੀ ਵਿਚ ਚਾਰ ਚੰਨ ਲਗਾ ਦੇਵੇ। ਬਹੁਤ ਉਸਤਾਦ ਅਤੇ ਗ਼ਜ਼ਲ ਦੀ ਡੂੰਘੀ ਜਾਣਕਾਰੀ ਰੱਖਣ ਵਾਲਾ ਗ਼ਜ਼ਲਕਾਰ ਹੀ ‘ਤਕਰਾਰ’ ਨੂੰ ਬਾਖ਼ੂਬੀ ਵਰਤਣ ਵਿਚ ਸਮਰੱਥ ਹੋ ਸਕਦਾ ਹੈ। ਅਣਜਾਣ ਗ਼ਜ਼ਲਗੋ ਸ਼ਿਅਰ ਵਿਚ ਬੇਲੁਤਫ਼ ਤਕਰਾਰ ਨਾਲ ਗ਼ਜ਼ਲ ਦੀ ਆਭਾ ਨੂੰ ਖ਼ਰਾਬ ਕਰਦਾ ਹੈ। ਇਸ ਦੇ ਉਲਟ ਸ਼ਬਦਾਂ ਦਾ ਹੁਸੀਨ ਤਕਰਾਰ ਗ਼ਜ਼ਲ ਦੀ ਖ਼ੂਬਸੂਰਤੀ ਵਧਾਉਂਦਾ ਹੈ।

**ਤਕਾਬਲ:** ਤਕਾਬਲ ਦਾ ਅਰਥ ਹੈ ਦੋ ਵਿਰੋਧੀ ਭਾਵਾਂ ਨੂੰ ਇਕ ਦੂਸਰੇ ਦੇ ਟਾਕਰੇ ਇਸ ਤਰ੍ਹਾਂ ਪੇਸ਼ ਕਰਨਾ ਕਿ ਅਰਥਾਂ ਵਿਚ ਭਰਪੂਰਤਾ ਅਤੇ ਤੀਬਰਤਾ ਆਵੇ। ਗ਼ਜ਼ਲ ਵਿਚ ਮਿਸਰਿਆਂ, ਸ਼ਬਦਾਂ ਜਾਂ ਭਾਵਾਂ ਦੇ ‘ਤਕਾਬਲ’ ਨਾਲ ਸ਼ਿਅਰੀ ਹੁਸਨ ਪੈਦਾ ਹੁੰਦਾ ਹੈ। ‘ਤਕਾਬਲ’ ਯੁਕਤ ਸ਼ਿਅਰ ਦਾ ਪਾਠਕ ਉੱਤੇ ਡੂੰਘਾ ਮਨੋਵਿਗਿਆਨਕ ਅਸਰ ਪੈਣਾ ਲਾਜ਼ਮੀ ਹੈ। ਖ਼ੂਬਸੂਰਤ ਸ਼ਿਅਰ ਲਿਖਣ ਲਈ ‘ਤਕਾਬਲ’ ਦਾ ਸਥਾਨ ਅਹਿਮ ਹੈ। ਉਦਾਹਰਨ ਵਜੋਂ ਡਾ. ਐਸ ਤਰਸੇਮ ਦਾ ਸ਼ਿਅਰ:

**ਜਿੱਦਤ/ ਨੁਦਰਤ:** ਜਿੱਦਤ/ ਨੁਦਰਤ ਦੇ ਅਰਥ ਨਵੀਨਤਾ ਤੋਂ ਲਏ ਗਏ ਹਨ। ਸਾਹਿਤ ਦੇ ਖੇਤਰ ਵਿਚ ਕੋਈ ਵੀ ਵਿਸ਼ਾ ਜਿੱਦਤ ਨਹੀਂ ਹੁੰਦਾ ਕਿਉਂ ਕਿ ਸਦੀਆਂ ਤੋਂ ਤੁਰੀ ਆ ਰਹੀ ਸਾਹਿਤ ਦੀ ਪਰੰਪਰਾ ਲਗਭਗ ਹਰ ਵਿਸ਼ੇ ਨੂੰ ਹੀ ਆਪਣੇ ਕਲੇਵਰ ਵਿਚ ਸਮੇਟਣ ਦਾ ਦਮ ਰੱਖਦੀ ਹੈ। ਗ਼ਜ਼ਲੀ ਸ਼ਿਅਰਾਂ ਵਿਚਲੇ ਵਿਚਾਰ ਨਵੀਨਤਾ ਦਾ ਝਾਉਲਾ ਪਾਉਂਦੇ

ਹਨ। ਇਹ ਵਿਸ਼ੇ ਦੀ ਨਵੀਨਤਾ ਕਾਰਨ ਨਹੀਂ ਸਗੋਂ ਅਭਿਵਿਅਕਤੀ ਦੀ ਵਿਲੱਖਣਤਾ ਕਾਰਨ ਹੁੰਦਾ ਹੈ। ਗ਼ਜ਼ਲ ਦੀ ਸ਼ਾਇਰੀ ਵਿਚ ਇਸ਼ਕ ਦਾ ਵਿਸ਼ਾ ਮੁੱਢ ਤੋਂ ਹੀ ਚਰਚਿਤ ਰਿਹਾ ਹੈ। ਅਲੱਗ-ਅਲੱਗ ਗ਼ਜ਼ਲਕਾਰਾਂ ਦੇ ਕਲਾਮਾਂ ਵਿਚ ਇਹ ਵੱਖਰਾ ਪ੍ਰਤੀਤ ਹੁੰਦਾ ਹੈ।

**ਬਲਾਗਤ:** ਬਲਾਗਤ ਦਾ ਮਤਲਬ ਅਰਥ ਭਰਪੂਰਤਾ ਤੋਂ ਲਿਆ ਗਿਆ ਹੈ। ਅਕਸਰ ਅਸੀਂ ਇਹ ਦੇਖਦੇ ਹਾਂ ਕਿ ਕੋਈ ਸ਼ਿਅਰ ਅਜਿਹਾ ਹੁੰਦਾ ਹੈ ਜਿਸ ਨੂੰ ਪਹਿਲੀ ਵਾਰ ਪੜ੍ਹਨ 'ਤੇ ਉਹ ਸਾਧਾਰਨ ਜਿਹਾ ਲੱਗਦਾ ਹੈ ਅਤੇ ਦੂਜੀ ਵਾਰ ਪੜ੍ਹਨ ਨਾਲ ਪਹਿਲੀ ਵਾਰ ਨਾਲੋਂ ਅਰਥ ਡੂੰਘੇ ਪ੍ਰਤੀਤ ਹੋਣ ਲੱਗ ਜਾਂਦੇ ਹਨ। ਜਿੰਨੀ ਵਾਰ ਵੀ ਪੜ੍ਹਦੇ ਜਾਉ ਉਸ ਵਿਚ ਅਰਥ ਭਰਪੂਰਤਾ ਦਾ ਅਸਰ ਰਹਿੰਦਾ ਹੈ।

**ਤਮਸ਼ੀਲ:** ਤਮਸ਼ੀਲ ਦਾ ਅਰਥ 'ਉਦਾਹਰਨਾਂ ਦੇ ਕੇ ਸਮਝਾਉਣ' ਤੋਂ ਲਿਆ ਗਿਆ ਹੈ। ਇਹ ਇਕ ਮਨੋਵਿਗਿਆਨਕ ਸੱਚਾਈ ਹੈ ਕਿ ਜੇ ਕਰ ਕਿਸੇ ਨੂੰ ਕੋਈ ਗੱਲ ਸਮਝਾਉਣੀ ਹੋਵੇ ਜਾਂ ਕੋਈ ਨਸੀਹਤ ਦੇਣੀ ਹੋਵੇ ਤਾਂ ਉਦਾਹਰਨ ਦੇ ਕੇ ਸਮਝਾਇਆ ਜਾਂਦਾ ਹੈ ਤਾਂ ਜੋ ਜਲਦੀ ਸਮਝ ਵਿਚ ਆ ਸਕੇ ਅਤੇ ਭੁੱਲੇ ਨਾ। ਸ਼ਾਇਰੀ ਵਿਚ ਵੀ ਇਹ ਢੰਗ ਪੈਦਾ ਕੀਤਾ ਜਾਂਦਾ ਹੈ ਜਿਸ ਨਾਲ ਸ਼ਿਅਰ ਅਤਿ ਅਸਰਦਾਇਕ ਰੂਪ ਲੈ ਲੈਂਦਾ ਹੈ। ਸ਼ਾਇਰੀ ਭਾਸ਼ਾ ਵਿਚ ਇਹ 'ਤਮਸ਼ੀਲ' ਹੈ।

**ਇਖ਼ਤਿਸਾਰ:** ਇਸ ਦਾ ਅਰਥ ਸੰਖੇਪਤਾ ਤੋਂ ਲਿਆ ਜਾਂਦਾ ਹੈ। ਇਹ ਖ਼ੂਬੀ ਗ਼ਜ਼ਲ ਦਾ ਜ਼ਰੂਰੀ ਗੁਣ ਵਜੋਂ ਵੇਖੀ ਗਈ ਹੈ। ਗ਼ਜ਼ਲ ਰੂਪਕ ਪੱਖੋਂ ਬਹੁਤ ਸੰਖੇਪਤ ਹੋਣ ਦੇ ਬਾਵਜੂਦ ਵੀ ਹਰ ਵਿਸ਼ੇ ਨੂੰ ਆਪਣੇ ਵਿਚ ਸਮਾਉਣ ਦੀ ਤਾਕਤ ਰੱਖਦੀ ਹੈ। ਕਹਿਣ ਨੂੰ ਤਾਂ ਸ਼ਿਅਰ ਸਿਰਫ਼ ਦੋ ਮਿਸਰਿਆਂ ਦਾ ਹੀ ਹੁੰਦਾ ਹੈ ਪਰ ਦੋ ਮਿਸਰਿਆਂ ਦੇ ਸ਼ਿਅਰ ਵਿਚ ਇੰਨੀ ਕੁ ਸਮਰੱਥਾ ਹੁੰਦੀ ਹੈ ਕਿ ਕੋਈ ਵੀ ਵਿਸ਼ਾ ਪ੍ਰਭਾਵਸ਼ਾਲੀ ਢੰਗ ਨਾਲ ਪਰਿਪੂਰਨ ਹੋ ਜਾਂਦਾ ਹੈ। ਭਾਵ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਲੀ ਗੱਲ ਸਾਰਥਕ ਸਿੱਧ ਹੁੰਦੀ ਹੈ।

**ਤਲਮੀਹ:** ਤਲਮੀਹ ਦੁਆਰਾ ਗ਼ਜ਼ਲਕਾਰ ਆਪਣੀ ਗੱਲ ਨੂੰ ਉਘੜਵੇਂ ਤੇ ਢੁੱਕਵੇਂ ਰੂਪ ਵਿਚ ਪੇਸ਼ ਕਰਨ ਲਈ ਇਤਿਹਾਸ ਜਾਂ ਮਿਥਿਹਾਸ ਦਾ ਹਵਾਲਾ ਦੇ ਕੇ ਆਪਣੀ ਗੱਲ ਰੱਖਦਾ ਹੈ। ਜਿਸ ਨਾਲ ਸ਼ਿਅਰ ਪ੍ਰਭਾਵਪੂਰਨ ਹੋ ਜਾਂਦਾ ਹੈ। ਇਸ ਕਿਰਿਆ ਨੂੰ ਤਲਮੀਹ ਕਿਹਾ ਜਾਂਦਾ ਹੈ।

**ਖ਼ੂਬਸੂਰਤ ਟੁਕੜੀਆਂ:** ਖ਼ੂਬਸੂਰਤ ਸ਼ਬਦ ਟੁਕੜੀਆਂ ਰਾਹੀਂ ਸ਼ਿਅਰ ਨੂੰ ਭਾਵਪੂਰਨ ਬਣਾਇਆ ਜਾ ਸਕਦਾ ਹੈ। ਗ਼ਜ਼ਲ ਦੇ ਸ਼ਿਅਰਾਂ ਵਿਚ ਤਰਤੀਬ ਅਨੁਸਾਰ ਸੁਚੱਜੇ ਢੰਗ ਨਾਲ ਸ਼ਬਦ ਟੁਕੜੀਆਂ ਦੀ ਵਰਤੋਂ ਗ਼ਜ਼ਲ ਨੂੰ ਪ੍ਰਭਾਵਪੂਰਨ ਬਣਾ ਦਿੰਦੀ ਹੈ। ਕਈ ਸਾਲਾਂ ਦੀ ਮਿਹਨਤ ਅਤੇ ਡੂੰਘੀ ਜਾਣਕਾਰੀ ਨਾਲ ਹੀ ਗ਼ਜ਼ਲਗੋ ਆਪਣੀ ਰਚਨਾ ਦਿਲਕਸ਼ ਬਣਾ ਸਕਦਾ ਹੈ। ਇਸ ਲਈ ਕਠਿਨ ਅਭਿਆਸ ਦੀ ਜ਼ਰੂਰਤ ਹੁੰਦੀ ਹੈ।

**ਹੁਸਨੇ ਤਰਤੀਬ:** ਇਸ ਨੂੰ ਅਰਥ ਕ੍ਰਮ ਸੌਂਦਰਯ ਦੇ ਅਰਥਾਂ ਵਿਚ ਵੀ ਲਿਆ ਜਾ ਸਕਦਾ ਹੈ। ਭਾਵ ਲੜੀਵਾਰ, ਤਰਤੀਬ ਅਨੁਸਾਰ। ਇਸ ਦਾ ਸ਼ਿਅਰ ਵਿਚ ਖਾਸ ਮਹੱਤਵ ਹੁੰਦਾ ਹੈ। ਸ਼ਿਅਰ ਵਿਚ ਬੇਤਰਤੀਬ ਢੰਗ ਨਾਲ ਕਹੀ ਗੱਲ ਜੱਚਦੀ ਨਹੀਂ। ਇਸ ਦੇ ਤਰਤੀਬਵਾਰ ਜਾਂ ਕ੍ਰਮਵਾਰ ਕਹਿਣ ਨਾਲ ਸ਼ਿਅਰ ਦੀ ਖ਼ੂਬਸੂਰਤੀ ਵੱਧ ਜਾਂਦੀ ਹੈ।

**ਤਸਵੀਰਕਸ਼ੀ:** ਇਸ ਤੋਂ ਭਾਵ ਦ੍ਰਿਸ਼ ਚਿਤਰਣ ਤੋਂ ਲਿਆ ਜਾਂਦਾ ਹੈ। ਜਦੋਂ ਕੋਈ ਸ਼ਾਇਰ ਆਪਣੇ ਸ਼ਿਅਰਾਂ ਵਿਚ ਕਿਸੇ ਘਟਨਾ ਜਾਂ ਵਿਅਕਤੀ ਦਾ ਵਰਣਨ ਕਰਦਾ ਹੈ ਤਾਂ ਪਾਠਕ ਦੀਆਂ ਅੱਖਾਂ ਸਾਹਵੇਂ ਉਸ ਦ੍ਰਿਸ਼ ਦੀ ਪੂਰੀ ਤਸਵੀਰ ਉੱਭਰ ਜਾਂਦੀ ਹੈ ਤਾਂ ਇਸ ਨੂੰ ਸ਼ਾਇਰੀ ਭਾਸ਼ਾ ਵਿਚ 'ਤਸਵੀਰਕਸ਼ੀ' ਕਿਹਾ ਜਾਂਦਾ ਹੈ। ਮੁੱਖ ਤੌਰ 'ਤੇ ਇਸ ਦੀ ਵਰਤੋਂ ਵਾਤਾਵਰਨ ਉਸਾਰੀ ਲਈ ਕੀਤੀ ਜਾਂਦੀ ਹੈ।

**ਮੁਬਾਲਿਗਾ:** ਇਸ ਤੋਂ ਭਾਵ ਅਤਿਕਥਨੀ ਤੋਂ ਲਿਆ ਜਾਂਦਾ ਹੈ ਭਾਵ ਕੋਈ ਗੱਲ ਵਧਾ ਚੜ੍ਹਾ ਕੇ ਕਹਿਣੀ। ਜੇਕਰ ਇਸ ਦੀ ਵਰਤੋਂ ਸ਼ਿਅਰ ਵਿਚ ਸੁਚੱਜੇ ਢੰਗ ਨਾਲ ਕੀਤੀ ਜਾਵੇ ਤਾਂ ਹੀ ਇਹ ਪ੍ਰਭਾਵਸ਼ਾਲੀ ਰੂਪ ਲੈਂਦਾ ਹੈ ਨਹੀਂ ਤਾਂ ਇਸ ਦੇ ਅਰਥ ਅਨਰਥ ਵਿਚ ਤਬਦੀਲ ਹੋ ਜਾਂਦੇ ਹਨ। ਇਸ ਤੋਂ ਬਿਨਾਂ ਅਵਸਰ ਅਤੇ ਸਥਿਤੀ ਅਨੁਸਾਰ ਸ਼ਬਦ ਚੋਣ, ਸਾਦਾ ਅਤੇ ਸੁਚੱਜੀ ਸ਼ਬਦਾਵਲੀ, ਦਲੀਲ, ਸ਼ੋਖੀ, ਸ਼ਬਦਾਂ ਦਾ ਸੁੰਦਰ ਉਲਟ-ਫੇਰ, ਕੁੱਝ ਨਾ ਕਹਿੰਦੇ ਹੋਏ ਸਭ ਕੁੱਝ ਕਹਿ ਜਾਣ ਦੀ ਅਦਾ ਆਦਿ ਹੋਰ ਸ਼ਿਅਰੀ ਗੁਣ ਮੰਨੇ ਜਾਂਦੇ ਹਨ ਜੋ ਸ਼ਿਅਰ ਦੀ ਸੁੰਦਰਤਾ ਵਿਚ ਵਾਧਾ ਕਰਦੇ ਹਨ।

ਇਸ ਬਾਰੇ ਡਾ. ਨਰੇਸ਼ *'ਗ਼ਜ਼ਲ ਦੇ ਤੱਤ'* ਰਾਹੀਂ ਕਹਿੰਦੇ ਹਨ, "ਗ਼ਜ਼ਲ ਵਿਚ ਸੰਖੇਪਤਾ, ਵਿਅਕਤਿਕਤਾ, ਸੰਗੀਤਾਤਮਕਤਾ, ਕੋਮਲਤਾ, ਪ੍ਰਭਾਵਸ਼ੀਲਤਾ ਅਤੇ ਭਾਵਾਤਮਕਤਾ ਨੂੰ ਗ਼ਜ਼ਲ ਦੇ ਆਵਸ਼ਕ ਤੱਤ ਸਵੀਕਾਰ ਕੀਤਾ ਜਾਂਦਾ ਹੈ। ਪਰ ਇਹ ਤੱਤ ਵੀ ਉਪਰੋਕਤ ਵਰਣਨ ਵਿਚ ਆਏ ਗੁਣਾਂ ਤੋਂ ਬਾਹਰ ਨਹੀਂ ਸਗੋਂ ਉਨ੍ਹਾਂ ਦੇ ਅੰਤਰਗਤ ਹੀ ਰੱਖੇ ਜਾਂਦੇ ਹਨ।"(21)

ਗ਼ਜ਼ਲ ਲਿਖਣ ਲੱਗਿਆਂ ਜੋ ਗੁਣ ਹੋਣੇ ਚਾਹੀਦੇ ਹਨ। ਉਨ੍ਹਾਂ ਦਾ ਸੰਖੇਪਤ ਵਰਣਨ ਅਸੀਂ ਉਪਰ ਦਰਸਾ ਦਿੱਤਾ ਹੈ। ਹੁਣ ਅਸੀਂ ਗ਼ਜ਼ਲ ਦੇ ਦੋਸ਼ਾਂ ਦਾ ਵਰਣਨ ਕਰਾਂਗੇ ਜਿੰਨ੍ਹਾਂ ਦੀ ਹੋਂਦ ਤੋਂ ਹਰ ਗ਼ਜ਼ਲਗੋ ਨੂੰ ਬਚਣਾ ਚਾਹੀਦਾ ਹੈ।

**ਤਨਾਫ਼ਰ:** ਕਿਸੇ ਸ਼ਿਅਰ ਵਿਚ ਦੋ ਸ਼ਬਦਾਂ ਦੇ ਅੱਖਰਾਂ ਦੇ ਨਜ਼ਦੀਕ ਹੋਣ ਕਾਰਨ ਉਚਾਰਨ ਵਿਚ ਕਠਿਨਾਈ ਪੈਦਾ ਕਰੇ ਤਾਂ ਇਸ ਨੂੰ 'ਤਨਾਫ਼ਰ' ਰੂਪੀ ਦੋਸ਼ ਮੰਨਿਆ ਜਾਂਦਾ ਹੈ।

**ਲਫ਼ਜ਼ੀ ਤਅਕੀਦ:** ਇਸ ਤੋਂ ਬਾਵ ਲਫ਼ਜ਼ਾਂ ਦੀ ਉਚਿਤ ਜੜਤ ਤੋਂ ਹੈ। ਕਈ ਵਾਰ ਗ਼ਜ਼ਲਗੋ ਗ਼ਜ਼ਲ ਕਰਦਿਆਂ ਸਹੀ ਵਾਕ ਬਣਤਰ ਨਹੀਂ ਨਿਭਾ ਪਾਉਂਦਾ ਅਤੇ ਸ਼ਬਦ ਅਸਲੀ ਥਾਂ ਦੀ ਜਗ੍ਹਾ ਗਲਤ ਸਥਾਨ 'ਤੇ ਪਹੁੰਚ ਕੇ ਸ਼ਿਅਰ ਦੇ ਪ੍ਰਭਾਵ ਨੂੰ ਕੁਪ੍ਰਭਾਵ ਵਿਚ ਤਬਦੀਲ ਕਰ ਦਿੰਦੇ ਹਨ। ਕਈ ਗ਼ਜ਼ਲਗੋ ਇਸ ਨੂੰ ਮਾਮੂਲੀ ਦੋਸ਼ ਮੰਨ ਕੇ ਅੱਖੋਂ ਉਹਲੇ ਕਰ ਦਿੰਦੇ ਹਨ।

**ਸ਼ਿਕਸਤੇ ਨਾਰਵਾ:** ਗ਼ਜ਼ਲ ਵਿਚ ਇਕ ਮਿਸਰੇ ਦੇ ਦੋ ਬਰਾਬਰ ਹਿੱਸੇ ਹੁੰਦੇ ਹਨ ਪਰ ਕਈ ਵਾਰ ਗ਼ਜ਼ਲਗੋ ਦੀ ਗਲਤੀ ਕਾਰਨ ਮਿਸਰੇ ਦੇ ਪਹਿਲੇ ਹਿੱਸੇ ਵਾਲਾ ਲਫ਼ਜ਼ ਦੂਜੇ ਹਿੱਸੇ ਵੱਲ ਚਲਾ ਜਾਵੇ ਤਾਂ ਸ਼ਿਅਰ 'ਸ਼ਿਕਸਤੇ ਨਾਰਵਾ' ਦਾ ਦੋਸ਼ ਉਤਪੰਨ ਕਰਦਾ ਹੈ।

**ਜ਼ਮ:** ਕਈ ਵਾਰ ਗ਼ਜ਼ਲਕਾਰ ਰਚਨਾ ਕਰਦਿਆਂ ਸ਼ਬਦਾਂ ਦਾ ਬੇਧਿਆਨੀ ਨਾਲ ਪ੍ਰਯੋਗ ਕਰਦਾ ਹੈ। ਜਿਸ ਨਾਲ ਸ਼ਿਅਰ ਦੇ ਅਰਥ ਡਾਵਾਂਡੋਲ ਹੋ ਜਾਂਦੇ ਹਨ।

**ਹਸ਼ਵ:** ਕਈ ਵਾਰ ਸ਼ਿਅਰਾਂ ਵਿਚ ਵਾਧੂ ਸ਼ਬਦਾਂ ਦੀ ਵਰਤੋਂ ਹੋ ਜਾਂਦੀ ਹੈ ਜੋ ਨਹੀਂ ਹੋਣੀ ਚਾਹੀਦੀ ਅਤੇ ਉਸ ਦੀ ਵਰਤੋਂ ਤੋਂ ਬਿਨਾਂ ਵੀ ਸ਼ਿਅਰ ਢੁੱਕਵਾਂ ਅਤੇ ਖ਼ੂਬਸੂਰਤ ਬਣ ਸਕਦਾ ਹੁੰਦਾ ਹੈ। ਪਰ ਅਸੀਂ ਬੇਵਜਹ ਅਢੁੱਕਵੇਂ ਸ਼ਬਦ ਨੂੰ ਸ਼ਿਅਰ ਵਿਚ ਪਾਈ ਰੱਖਦੇ ਹਾਂ। ਅਕਸਰ ਇਹ ਦੋਸ਼ ਬਹਿਰ ਵਜ਼ਨ ਦੀ ਮਜਬੂਰੀ ਕਾਰਨ ਹੀ ਉਤਪੰਨ ਹੁੰਦਾ ਹੈ। ਸੁਚੱਜੇ ਗਿਆਨ ਦੀ ਅਣਹੋਂਦ ਇਸ ਦੋਸ਼ ਦਾ ਮੁਖ ਕਾਰਨ ਹੈ। ਇਸ ਤਰ੍ਹਾਂ ਇਸ ਨੂੰ ਭਰਤੀ ਦੋਸ਼ ਜਾਂ ਹਸ਼ਵ ਦੋਸ਼ ਕਿਹਾ ਜਾਂਦਾ ਹੈ। ਕਈ ਸ਼ਬਦ ਵਾਧੂ ਭਾਰ ਹੀ ਹੁੰਦੇ ਹਨ। ਉਹਨਾਂ ਤੋਂ ਬਿਨਾਂ ਵੀ ਸ਼ਿਅਰ ਵਧੀਆ ਹੋ ਸਕਦੇ ਹਨ। ਸਮੁੱਚੇ ਰੂਪ ਵਿਚ ਉਪਰੋਕਤ ਦੋਸ਼ਾਂ ਤੋਂ ਬਿਨਾਂ ਵੀ ਗ਼ਜ਼ਲ ਦੀ ਤਕਨੀਕੀ ਪੱਖੋਂ ਦੋਸ਼ ਹਨ। ਜਿਵੇਂ ਅਬਹਾਮ, ਬੇਲੁਤਫ਼ ਮੁਬਾਲਗਾ, ਅਢੁੱਕਵੀਂ ਸ਼ਬਦ ਚੋਣ, ਅੱਖਰ ਦਾ ਦੱਬਣਾ, ਗਲਤ ਕਾਫ਼ੀਆ ਆਦਿ ਜਿਨਾਂ ਕਾਰਨ ਗ਼ਜ਼ਲ ਅਰਥ ਦਾ ਬੇਅਰਥ ਰੂਪ ਲੈ ਲੈਂਦੀ ਹੈ। ਹਰ ਗ਼ਜ਼ਲਗੋ ਨੂੰ ਇਨਾਂ ਦੋਸ਼ਾ ਤੋਂ ਮੁਕਤ ਹੋ ਕੇ ਰਚਨਾ ਕਰਨੀ ਚਾਹੀਦੀ ਹੈ।

**ਬਹਿਰ:** ਗ਼ਜ਼ਲ ਪੰਜਾਬੀ ਸਾਹਿਤ ਤੋਂ ਹੋਂਦ ਵਿਚ ਆਈ ਹੈ। ਫ਼ਾਰਸੀ ਤੋਂ ਬਾਅਦ ਇਸ ਨੂੰ ਉਰਦੂ ਸਾਹਿਤ ਨੇ ਅਪਨਾਇਆ ਅਤੇ ਫਿਰ ਇਹ ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿਚ ਪ੍ਰਵੇਸ਼ ਕਰਦੀ ਹੈ। ਇਸ ਤਰ੍ਹਾਂ ਪੰਜਾਬੀ ਗ਼ਜ਼ਲ ਦਾ ਸੰਬੰਧ ਉਰਦੂ ਫ਼ਾਰਸੀ ਨਾਲ ਜੁੜਿਆ ਹੋਇਆ ਹੈ। ਜਿਨ੍ਹਾਂ ਨਿਯਮਾਂ ਅਤੇ ਆਧਾਰਾਂ ਉੱਤੇ ਫ਼ਾਰਸੀ ਅਤੇ ਉਰਦੂ ਗ਼ਜ਼ਲ ਨੂੰ ਪਰਖਿਆ ਜਾਂਦਾ ਹੈ। ਫ਼ਾਰਸੀ ਅਤੇ ਉਰਦੂ ਸ਼ਾਇਰੀ ਲਈ ਖਾਸ ਬਹਿਰਾਂ ਦਾ ਪ੍ਰਯੋਗ ਹੁੰਦਾ ਹੈ। ਪ੍ਰਮੁੱਖ ਰੂਪ ਵਿਚ 19 ਬਹਿਰਾਂ ਹਨ। ਬਹਿਰ ਤੋਂ ਅਰਥ 'ਇਕ ਨਿਸ਼ਚਿਤ ਵਜ਼ਨ' ਤੋਂ ਹੈ। ਜਿਸ ਨਾਲ ਗ਼ਜ਼ਲ ਵਿਚ ਲੈਅ ਦੀ ਪ੍ਰਧਾਨਤਾ ਰਹਿੰਦੀ ਹੈ। ਹਜ਼ਜ, ਰਜਜ਼, ਰਮਲ, ਕਾਮਿਲ, ਵਾਫ਼ਿਰ, ਮੁਤਕਾਰਿਬ, ਮੁਤਦਾਰਿਕ, ਸਰੀਅ, ਤਵੀਲ, ਮਦੀਦ, ਬਸੀਤ, ਖ਼ਫ਼ੀਫ਼, ਮੁਜੱਤਸ, ਮੁਨਸਰਿਹ, ਮੁਜ਼ਾਰਅ, ਮਕਤਜ਼ਬ, ਜਦੀਦ, ਕਰੀਬ, ਮੁਸ਼ਾਕਿਲ।

**ਹਜ਼ਜ:** ਹਜ਼ਜ ਦਾ ਸ਼ਾਬਦਿਕ ਅਰਥ 'ਖੁਸ਼ ਆਵਾਜ਼ ਜਾਂ ਸੁਰੀਲੀ ਆਵਾਜ਼' ਤੋਂ ਹੈ। ਜਿਵੇਂ ਸਰੋਦ ਦੀ ਸੁਰੀਲੀ ਆਵਾਜ਼। ਇਕ ਰੁਕਨ ਦੇ ਤਕਰਾਰ ਨਾਲ ਇਹ ਬਹਿਰ ਬਣਦੀ ਹੈ। ਇਹ ਬਹਿਰ ਅਰਬ ਵਿਚ ਪ੍ਰਸਿੱਧ ਸੀ। ਉਹਨਾਂ ਨੇ ਹੀ ਇਸ ਦਾ ਨਾਮ ਹਜ਼ਜ ਰੱਖਿਆ।

**ਰਜਜ਼:** ਰਜਜ਼ ਦਾ ਅਰਥ ਠਹਿਰਾਓ, ਬੇਚੈਨੀ ਤੋਂ ਵੀ ਲਿਆ ਜਾਂਦਾ ਹੈ। ਇਸ ਬਹਿਰ ਵਿਚ ਆਮਤੌਰ 'ਤੇ ਬੀਰ ਰਸੀ ਕਵਿਤਾਵਾਂ ਹੀ ਰਚੀਆਂ ਜਾਂਦੀਆਂ ਹਨ। ਜੰਗ ਵੇਲੇ ਅਰਬ ਲੋਕ ਇਸ ਬਹਿਰ ਅਧੀਨ ਆਉਂਦਿਆਂ ਕਵਿਤਾਵਾਂ ਹੀ ਪੜ੍ਹਦੇ ਸਨ।

**ਰਮਲ:** ਰਮਲ ਦਾ ਅਰਥ ਖੱਡੀ ਉੱਤੇ ਕੱਪੜੇ ਦੀ ਬੁਣਾਈ ਤੋਂ ਹੈ। ਰਮਲ ਇਕ ਰਾਗ ਦਾ ਵੀ ਨਾਮ ਹੈ। ਇਸ ਬਹਿਰ ਦੇ ਹਰਮਨ ਪਿਆਰਾ ਹੋਣ ਦਾ ਕਾਰਨ ਇਸ ਦਾ ਹੋਰ ਬਹਿਰਾਂ ਨਾਲੋਂ ਆਸਾਨ ਰੂਪ ਵਿਚ ਹੋਣਾ ਹੈ।

**ਕਾਮਿਲ:** ਇਸ ਦਾ ਸ਼ਾਬਦਿਕ ਅਰਥ 'ਸੰਪੂਰਣ' ਤੋਂ ਹੈ। ਇਹ ਬਹਿਰ ਇਕ ਰੁਕਨ ਦੇ ਤਕਰਾਰ ਤੋਂ ਬਣਦੀ ਹੈ। ਇਹ ਸ਼ੁਰੂ ਤੋਂ ਹੀ ਇਸ ਤਰ੍ਹਾਂ ਹੈ। ਇਸ ਵਿਚ ਕੋਈ ਬਦਲਾਅ ਨਹੀਂ ਕੀਤਾ ਗਿਆ। ਇਸ ਲਈ ਹੀ ਇਸ ਦਾ ਨਾਮ ਕਾਮਿਲ ਹੈ।

**ਵਾਫ਼ਿਰ:** ਇਸ ਦਾ ਅਰਥ ਅਧਿਕਤਾ ਜਾਂ ਵੱਧ ਤੋਂ ਹੈ। ਇਸ ਦੇ ਲੈਅ ਅਖੰਡ ਵਿਚ ਗਤੀਸ਼ੀਲਤਾ ਕਾਰਨ ਇਸ ਦਾ ਨਾਮ ਵਾਫ਼ਿਰ ਪੈ ਗਿਆ।

**ਮੁਤਕਾਰਿਬ:** ਇਸ ਦਾ ਅਰਥ ਨੇੜਤਾ ਤੋਂ ਹੈ। ਇਸ ਵਿਚ ਕਰਤਾ ਅਤੇ ਕਰਮ ਦੀ ਪਰਸਪਰ ਨੇੜਤਾ ਬਣੀ ਰਹਿੰਦੀ ਹੈ। ਇਸ ਲਈ ਇਸ ਨੂੰ ਮੁਤਕਾਰਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

**ਮੁਤਦਾਰਿਕ:** ਇਸ ਦਾ ਭਾਵ ਮੇਲ ਮਿਲਾਪ ਤੋਂ ਹੈ। ਪਹਿਲਾਂ ਪੰਦਰਾਂ ਬਹਿਰਾਂ ਸਨ ਪਰ ਅਬੁਅਲ ਹੁਸਨ ਅਖ਼ੁਸਫ਼ ਨੇ ਇਸ ਨੂੰ ਈਜਾਦ ਕਰ ਕੇ ਬਾਕੀ ਦੀਆਂ ਬਹਿਰਾਂ ਵਿਚ ਸ਼ਾਮਿਲ ਕੀਤਾ। ਜਿਸ ਕਾਰਨ ਇਸ ਦਾ ਨਾਮ ਮੁਤਦਾਰਿਕ ਪੈ ਗਿਆ।

**ਸਰੀਅ:** ਇਸ ਦਾ ਅਰਥ ਹੈ ਜਲਦੀ-ਜਲਦੀ ਜਾਂ ਕਾਹਲੀ-ਕਾਹਲੀ। ਇਸ ਬਹਿਰ ਦੇ ਰੁਕਨ ਕਾਹਲੀ ਨਾਲ ਪੜ੍ਹੇ ਜਾਂਦੇ ਹਨ। ਇਸ ਦੀ ਵਰਤੋਂ ਜ਼ਿਹਾਫ਼ਾਂ ਨਾਲ ਹੁੰਦੀ ਹੈ। ਇਸ ਤਰ੍ਹਾਂ ਇਸ ਦਾ ਨਾਮ ਸਰੀਅ ਪੈ ਗਿਆ।

**ਤਵੀਲ:** ਤਵੀਲ ਦੇ ਅਰਥ ਲੰਮਾ ਤੋਂ ਹਨ। ਇਸ ਬਹਿਰ ਦੇ ਲੈਅ-ਖੰਡ ਪਹਿਲਾਂ ਵਾਲੀਆਂ ਬਹਿਰਾਂ ਨਾਲੋਂ ਲੰਮੇਰੇ ਸਨ ਤਾਂ ਇਸ ਦਾ ਨਾਮ ਤਵੀਲ ਪਿਆ।

**ਮਦੀਦ:** ਮਦੀਦ ਦਾ ਸ਼ਾਬਦਿਕ ਅਰਥ ਕੱਢਣਾ ਤੋਂ ਹਨ। ਇਹ ਬਹਿਰ ਤਵੀਲ ਵਿਚੋਂ ਕੱਢੇ ਜਾਣ ਕਾਰਨ ਇਸ ਦਾ ਨਾਮ ਮਦੀਦ ਪੈ ਗਿਆ। ਇਹ ਦੋ ਰੁਕਨਾਂ ਦੇ ਤਕਰਾਰ ਤੋਂ ਹੋਂਦ ਵਿਚ ਆਉਂਦੀ ਹੈ। ਇਸ ਦੀ ਵਧੇਰੇ ਵਰਤੋਂ ਅਰਬੀ ਵਿਚ ਹੋਈ ਹੈ। ਪਰ ਫ਼ਾਰਸੀ ਅਤੇ ਉਰਦੂ ਵਿਚ ਇਹ ਹਰਮਨ ਪਿਆਰੀ ਨਹੀਂ ਹੋਈ।

**ਬਸੀਤ:** ਬਸੀਤ ਦਾ ਅਰਥ ਹੁੰਦਾ ਹੈ ਵਿਛਿਆ ਹੋਇਆ। ਇਸ ਬਹਿਰ ਵਿਚਲੀਆਂ ਰਚਨਾਵਾਂ ਲਮਕਾ ਕੇ ਅਤੇ ਹੋਲੀ-ਹੋਲੀ ਪੜ੍ਹੀਆਂ ਜਾਂਦੀਆਂ ਹਨ।

**ਖ਼ਫ਼ੀਫ:** ਇਸ ਦਾ ਅਰਥ ਹੋਲਾ ਕਰਨਾ ਜਾਂ ਵਜ਼ਨ ਘੱਟ ਕਰਨਾ ਹੈ। ਇਹ ਬਾਕੀ ਬਹਿਰਾਂ ਨਾਲੋਂ ਹਲਕੀ ਹੁੰਦੀ ਹੈ ਜੋ ਸ਼ਿਅਰ ਨੂੰ ਡੋਲਨ ਨਹੀਂ ਦਿੰਦੀ। ਜਿਸ ਕਾਰਨ ਇਸ ਦਾ ਨਾਮ ਖ਼ਫ਼ੀਫ ਹੈ।

**ਮੁਜੱਤਸ:** ਮੁਜੱਤਸ ਦਾ ਭਾਵ ਜੜ੍ਹੋਂ ਕੱਢਣਾ ਹੈ। ਇਸ ਬਹਿਰ ਨੂੰ ਖ਼ਫ਼ੀਫ ਵਿਚੋਂ ਕੱਢਿਆ ਗਿਆ ਹੈ ਤਾਂ ਹੀ ਇਸ ਦਾ ਨਾਮ ਮੁਜੱਤਸ ਪਿਆ।

**ਮੁਨਸਰਿਹ:** ਇਸ ਦਾ ਅਰਥ ਘਟਾਉਣ ਤੋਂ ਹੈ। ਇਸ ਬਹਿਰ ਦੇ ਜ਼ਿਹਾਫ਼ ਘੱਟ ਕੇ ਅੰਤ ਤਕ ਦੋ-ਚਾਰ ਰਹਿ ਜਾਂਦੇ ਹਨ।

**ਮੁਜ਼ਾਰਅ:** ਇਸ ਦਾ ਅਰਥ ਸਮਰੂਪ ਜਾਂ ਰਲਦਾ ਮਿਲਦਾ ਤੋਂ ਹਨ। ਇਸ ਬਹਿਰ ਦਾ ਲੈਅ-ਖੰਡ ਬਹਿਰੇ ਹਜ਼ਜ ਨਾਲ ਮਿਲਦਾ ਜੁਲਦਾ ਹੈ। ਇਸ ਦੀ ਆਮਦ ਦੋ ਰੁਕਨਾਂ ਦੇ ਤਕਰਾਰ ਵਜੋਂ ਹੁੰਦੀ ਹੈ। ਇਸ ਨੂੰ ਮੁਜ਼ਾਰਅ ਕਿਹਾ ਜਾਂਦਾ ਹੈ।

**ਮਕਤਜ਼ਬ:** ਇਸ ਦਾ ਭਾਵ 'ਕਟਣਾ' ਤੋਂ ਹਨ। ਇਸ ਬਹਿਰ ਦੀ ਹੋਂਦ ਮੁਨਸਰਿਹ ਦੇ ਰੁਕਨਾਂ ਦੇ ਫੇਰ ਬਦਲ ਨਾਲ ਹੁੰਦੀ ਹੈ। ਇਸ ਨੂੰ ਮਕਤਜ਼ਬ ਕਹਿੰਦੇ ਹਨ।

**ਜਦੀਦ:** ਜਦੀਦ ਦੇ ਕੋਸ਼ਗਤ ਅਰਥ 'ਨਵੀਨ ਜਾਂ ਨਵਾਂਪਨ' ਤੋਂ ਹੈ। ਕੁੱਝ ਵਿਦਵਾਨ ਇਸ ਦੀ ਆਮਦ ਖ਼ਲੀਲ ਬਿਨ ਅਹਿਮਦ ਤੋਂ ਹੋਈ ਮੰਨਦੇ ਹਨ ਪਰ ਇਸ ਦੀ ਹੋਂਦ ਤਾਂ ਅਹਿਮਦ ਤੋਂ ਪਿੱਛੋਂ ਹੋਈ ਹੈ ਅਤੇ ਇਸ ਨੂੰ ਈਰਾਨ ਦੇ ਬਾਦਸ਼ਾਹ ਨੋ-ਸ਼ੇਰਵਾ ਦੇ ਇਕ ਵਜ਼ੀਰ ਨੇ ਈਜਾਦ ਕੀਤਾ।

**ਕਰੀਬ:** ਕਰੀਬ ਦਾ ਭਾਵ 'ਨੇੜਤਾ' ਤੋਂ ਹੈ। ਇਹ ਮੁਜ਼ਾਰਅ ਦੇ ਨਜ਼ਦੀਕ ਹੈ। ਇਸ ਲਈ ਇਸ ਨੂੰ ਕਰੀਬ ਕਹਿੰਦੇ ਹਨ। ਮੌਲਾਨਾ ਯੂਸਫ਼ ਅਰੂਜ਼ੀ ਨੇ ਸਭ ਤੋਂ ਪਹਿਲਾਂ ਫ਼ਾਰਸੀ ਵਿਚ ਅਰੂਜ਼ੀ ਇਲਮ ਨੂੰ ਕਲਮਬੱਧ ਕੀਤਾ ਅਤੇ ਇਸ ਬਹਿਰ ਨੂੰ ਈਜਾਦ ਕੀਤਾ।

**ਮੁਸ਼ਾਕਿਲ:** ਮੁਸ਼ਾਕਿਲ ਦਾ ਅਰਥ ਮਿਲਦਾ-ਜੁਲਦਾ ਤੋਂ ਹੈ। ਇਹ ਬਹਿਰ ਕਰੀਬ ਨਾਲ ਮੇਲ ਖਾਂਦੀ ਹੈ। ਇਸ ਨੂੰ ਮੁਸ਼ਾਕਿਲ ਕਿਹਾ ਜਾਂਦਾ ਹੈ।ਉਪਰੋਕਤ ਬਹਿਰਾਂ ਫ਼ਾਰਸੀ, ਉਰਦੂ, ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿਚ ਗ਼ਜ਼ਲ ਦਾ ਆਧਾਰ ਹੁੰਦੀਆਂ ਹਨ। ਜੇਕਰ ਕੋਈ ਗ਼ਜ਼ਲ ਇਨ੍ਹਾਂ ਬਹਿਰਾਂ ਦੀ ਬੰਦਿਸ਼ ਨੂੰ ਤੋੜਦੀ ਹੈ ਤਾਂ ਉਸ ਵਿਚ ਤਕਨੀਕੀ ਘਾਟਾਂ ਨਜ਼ਰ ਆਉਣ ਲੱਗ ਜਾਂਦੀਆਂ ਹਨ ਅਤੇ ਉੱਤਮਤਾ ਦੇ ਘੇਰੇ ਵਿਚ ਆ ਜਾਂਦੀ ਹੈ। ਇਸ ਲਈ ਗ਼ਜ਼ਲ ਕਹਿਣ ਲਈ ਬਹਿਰਾਂ ਦਾ ਗਿਆਨ ਹੋਣਾ ਅਤੀ ਲੋੜੀਂਦਾ ਹੈ।

### 1.5.3 ਪੰਜਾਬੀ ਗ਼ਜ਼ਲ ਦਾ ਇਤਿਹਾਸ:

ਗ਼ਜ਼ਲ ਦੇ ਇਤਿਹਾਸ ਬਾਰੇ ਗੱਲ ਕਰਦੇ ਹੋਏ ਇਸ ਦੇ ਜਨਮ ਅਤੇ ਵਿਕਾਸ ਬਾਰੇ ਵਿਚਾਰ-ਚਰਚਾ ਕਰਾਂਗੇ ਅਤੇ ਪੰਜਾਬੀ ਵਿਚ ਗ਼ਜ਼ਲ ਦਾ ਇਤਿਹਾਸ ਕੀ ਹੈ? ਇਸ ਬਾਰੇ ਵੀ ਗੱਲ ਕਰਾਂਗੇ। ਇਹ ਵਿਸਤਰਿਤ ਸੰਭਾਵਨਾਵਾਂ ਵਾਲਾ, ਭਾਵਪੂਰਤ ਅਤੇ ਸੰਖੇਪਿਤ ਕਾਵਿ ਰੂਪ ਹੈ। ਪਿੱਛਲੇ ਕਈ ਸਮੇਂ ਤੋਂ ਗ਼ਜ਼ਲ ਦੀ ਫ਼ਾਰਸੀ, ਉਰਦੂ, ਹਿੰਦੀ ਅਤੇ ਕਈ ਹੋਰ ਭਾਸ਼ਾਵਾਂ ਵਿਚ ਵਿਸ਼ਾਲ ਪਰੰਪਰਾ ਰਹੀ ਹੈ। ਗ਼ਜ਼ਲ ਵਿਚਾਰਾਂ ਦੀ ਅਭਿਵਿਅਕਤੀ ਦਾ ਉੱਤਮ ਨਮੂਨਾ ਹੈ। ਗ਼ਜ਼ਲ ਵਧੇਰੇ ਉਰਦੂ ਜ਼ੁਬਾਨ ਵਿਚ ਬੇਹਦ ਪ੍ਰਸਿੱਧ ਹੋਈ। ਉਰਦੂ ਪੰਜਾਬੀ ਦੀ ਗੁਆਂਢੀ ਜ਼ੁਬਾਨ ਹੋਣ ਦੇ ਲਹਿਜ਼ੇ ਤੋਂ ਪੰਜਾਬੀ ਵਿਚ ਇਸ ਦਾ ਅਸਰ ਪੈਣਾ ਲਾਜ਼ਮੀ ਸੀ। ਵੇਖਿਆ ਜਾਵੇ ਤਾਂ ਪੰਜਾਬੀ ਕਵਿਤਾ ਦਾ ਇਤਿਹਾਸ ਸਾਹਿਤ ਵਿਚ ਬਹੁਤ ਪੁਰਾਣਾ ਹੈ। ਪਰ ਉਸ ਸਮੇਂ ਗ਼ਜ਼ਲ ਵੱਲ ਕਿਸੇ ਨੇ ਬਹੁਤਾ ਧਿਆਨ ਨਹੀਂ ਸੀ ਦਿੱਤਾ। ਉਸ ਸਮੇਂ ਦੇ ਸਾਹਿਤਕਾਰ ਵਾਰਾਂ, ਜੰਗਨਾਮਿਆਂ, ਕਿੱਸਿਆਂ ਵੱਲ ਵਧੇਰੇ ਅਗਰਸਰ ਰਹੇ। ਸੂਫ਼ੀ ਕਵੀਆਂ ਨੇ ਥੋੜੀਆਂ ਬਹੁਤ ਗ਼ਜ਼ਲ ਵਰਗੀਆਂ ਛੋਟੀਆਂ ਸੰਖੇਪਤ ਕਾਵਿ ਰਚਨਾਵਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਪਰ ਗ਼ਜ਼ਲ ਰਾਹੀਂ ਆਪਣੇ ਵਿਚਾਰਾਂ ਨੂੰ ਅਭਿਵਿਅਕਤ ਕਰਨ ਦਾ ਖ਼ਿਆਲ ਉਨਾਂ ਦੀ ਸਿਰਫ਼ ਸੋਚ ਤਕ ਹੀ ਸੀਮਤ ਰਿਹਾ, ਉਸ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਗਿਆ।ਬੇਸ਼ਕ ਗ਼ਜ਼ਲ ਅਰਬੀ ਜ਼ੁਬਾਨ ਦਾ ਸ਼ਬਦ ਹੈ ਪਰ ਗ਼ਜ਼ਲ ਨੂੰ ਇਕ ਸੁਤੰਤਰ ਕਾਵਿ ਰੂਪ ਵਜੋਂ ਪ੍ਰਸਤੁਤ ਕਰਨ ਦਾ ਸਿਹਰਾ ਈਰਾਨੀਆਂ ਸਿਰ ਬੱਝਦਾ ਹੈ। ਗ਼ਜ਼ਲ ਨੇ ਪੰਜਾਬੀ ਤਕ ਪਹੁੰਚਦਿਆਂ ਫ਼ਾਰਸੀ, ਉਰਦੂ ਅਤੇ ਪਸ਼ਤੋ ਕਈ ਭਾਸ਼ਾਵਾਂ ਵਿਚ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹਨ। ਗ਼ਜ਼ਲ ਦੀ ਪੰਜਾਬੀ ਵਿਚ ਆਮਦ ਹੋਇਆਂ ਨੂੰ ਭਾਵੇਂ ਥੋੜਾ ਵਕਤ ਹੀ ਹੋਇਆ ਹੈ ਪਰ ਜਿਸ ਰਫ਼ਤਾਰ ਨਾਲ ਇਹ ਪੁਖ਼ਤਗੀ ਦੀ ਬੁਲੰਦੀ ਵਲ ਵੱਧ ਰਹੀ ਹੈ ਇਹ ਤਸੱਲੀ ਵਾਲੀ ਤੇ ਹੈਰਾਨ ਕਰ ਦੇਣ ਵਾਲੀ ਗੱਲ ਹੈ।ਉਨੀਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਪੰਜਾਬੀ ਕਵੀ ਗ਼ਜ਼ਲ ਵਿਧਾ ਵਿਚ ਹੱਥ ਅਜਮਾਈ ਕਰਨ ਲੱਗ ਪਏ ਅਤੇ ਹੋਲੀ-ਹੋਲੀ ਪੰਜਾਬੀ ਗ਼ਜ਼ਲ ਵਿਕਾਸ ਦੀਆਂ ਲੀਹਾਂ 'ਤੇ ਤੁਰਦੀ ਨਜ਼ਰ ਆਉਣ ਲੱਗ ਪਈ। ਅੱਜ ਗ਼ਜ਼ਲ ਪੰਜਾਬੀ ਸਾਹਿਤ ਦੀ ਹਰਮਨ ਪਿਆਰੀ ਵਿਧਾ ਬਣ ਗਈ ਹੈ। ਗ਼ਜ਼ਲ ਦਾ ਪੰਜਾਬੀ ਭਾਸ਼ਾ ਵਿਚ ਆਰੰਭ ਉਰਦੂ ਦੇ ਪ੍ਰਭਾਵ ਸਦਕਾ ਹੋਇਆ। ਗ਼ਜ਼ਲ ਦਾ ਮੁੱਢ ਉਨਾਂ ਕਵੀਆਂ ਤੋਂ ਮੰਨਿਆ ਜਾਂਦਾ ਹੈ ਜਿਨ੍ਹਾਂ ਨੂੰ ਉਰਦੂ ਅਤੇ ਫ਼ਾਰਸੀ ਗ਼ਜ਼ਲ ਪਰੰਪਰਾ ਦੀ ਚੰਗੀ ਸੋਝੀ ਸੀ। ਪ੍ਰੋ. ਦੀਵਾਨ ਸਿੰਘ ਆਪਣੀ ਪੁਸਤਕ *'ਸੂਫ਼ੀਵਾਦ ਤੇ ਹੋਰ ਲੇਖ'* ਵਿਚ ਪੰਜਾਬੀ ਗ਼ਜ਼ਲ ਦਾ ਮੁੱਢ ਅੰਗਰੇਜ਼ੀ ਰਾਜ ਤੋਂ ਮੰਨਦੇ ਹੋਏ ਕਹਿੰਦੇ ਹਨ:

> "ਅੰਗਰੇਜ਼ੀ ਰਾਜ ਤੋਂ ਮੰਨਦੇ ਹਨ ਕਿਉਂ ਕਿ ਅੰਗਰੇਜ਼ੀ ਰਾਜ ਦੇ ਆਉਣ ਨਾਲ ਪੰਜਾਬੀ ਵਿਚ ਉਰਦੂ ਭਾਸ਼ਾ ਬਾਰੇ ਘੁਸਰ-ਮੁਸਰ ਸ਼ੁਰੂ ਹੋ ਗਈ ਸੀ। ਮੁਹੰਮਦ ਹੁਸੈਨ ਅਤੇ ਅਹਿਮਦ ਹਾਲੀ ਦੇ ਲਾਹੌਰ ਵਿਚ ਪ੍ਰਵੇਸ਼ ਨਾਲ ਉਰਦੂ ਮੁਸ਼ਾਹਰੇ ਆਰੰਭ ਹੋ ਗਏ। ਉਰਦੂ ਦੀ ਰੀਸ ਪੰਜਾਬੀ ਕਵੀ ਵੀ ਗ਼ਜ਼ਲਾਂ ਲਿਖਣ ਲੱਗ ਪਏ। ਉਰਦੂ ਗ਼ਜ਼ਲ ਦੀ ਨਕਲ ਵਿਚ ਪੰਜਾਬੀ ਗ਼ਜ਼ਲ ਦੀ ਰੂਪ-ਰੇਖਾ ਘੜੀ ਗਈ। ਦੋ ਘੜੀ ਦਾ ਸ਼ੁਗਲ ਮੇਲਾ ਪੰਜਾਬੀ ਕਵੀਆਂ ਦੇ ਹੱਥ ਆਇਆ।

> ਕਾਵਿਕ ਚੁੰਝਾਂ ਲੜਨ ਲਗੀਆਂ, ਰੰਗ-ਢੰਗ ਸਾਰਾ ਉਰਦੂ ਦਾ ਸੀ ਪਰ ਸ਼ਬਦਾਵਲੀ ਤੇ ਮੁਹਾਵਰਾ ਕੁੱਝ ਹੱਦ ਤਕ ਪੰਜਾਬੀ ਦਾ ਸੀ।"(51)

ਪੰਜਾਬੀ ਕਵੀਆਂ ਨੇ ਉਰਦੂ ਮੁਸ਼ਾਹਰਿਆਂ ਦੀ ਚਮਕ-ਦਮਕ, ਵਾਹ-ਵਾਹੀ ਤੋਂ ਪ੍ਰਭਾਵਿਤ ਹੋ ਕੇ ਪੰਜਾਬੀ ਵਿਚ ਗ਼ਜ਼ਲ ਰਚਨਾ ਆਰੰਭ ਤਾਂ ਕਰ ਦਿੱਤੀ ਪਰ ਸਿਰਫ਼ ਸ਼ੌਂਕ ਜਾਂ ਫੇਰ ਇੰਝ ਕਹਿ ਲਵੋ ਸ਼ੁਗਲ ਮੇਲੇ ਲਈ ਜਾਂ ਵਾਹ-ਵਾਹ ਖੱਟਣ ਲਈ। ਪਰ ਸਮੇਂ ਦੇ ਨਾਲ-ਨਾਲ ਸ਼ੌਂਕ ਤਾਂ ਜਾਰੀ ਰਿਹਾ ਪਰ ਸ਼ੁਗਲ ਮੇਲੇ ਨੇ ਸੰਜੀਦਗੀ ਦਾ ਰੂਪ ਵਟਾ ਲਿਆ। ਪੰਜਾਬੀ ਗ਼ਜ਼ਲ ਵਿਚ ਗੁਰਮੁੱਖੀ ਲਿੱਪੀ ਅਤੇ ਕੁੱਝ ਵਿਰਲੀ ਸ਼ਬਦਾਵਲੀ ਤੋਂ ਬਿਨਾਂ ਪੰਜਾਬੀਪੁਣੇ ਵਾਲੀ ਕੋਈ ਖ਼ਾਸ ਗੱਲ ਨਜ਼ਰੀਂ ਨਹੀਂ ਪਈ। ਪੰਜਾਬੀ ਗ਼ਜ਼ਲ ਵਿਚ ਫ਼ਾਰਸੀ, ਉਰਦੂ ਦੀ ਸ਼ਬਦਾਵਲੀ, ਪ੍ਰਤੀਕਾਂ, ਬਿੰਬਾਂ ਆਦਿ ਦਾ ਇਨਾਂ ਡੂੰਘਾ ਪ੍ਰਭਾਵ ਪਿਆ ਕਿ ਪੰਜਾਬੀ ਗ਼ਜ਼ਲ ਉਰਦੂ ਗ਼ਜ਼ਲ ਦਾ ਤਰਜ਼ਮਾ ਮਹਿਸੂਸ ਹੋਣ ਲੱਗ ਪਈ। ਕਿਧਰੇ ਵੀ ਮੌਲਿਕਤਾ ਦਾ ਅੰਸ਼ ਨਜ਼ਰ ਨਹੀਂ ਆਇਆ। ਪਰ ਅਜੋਕੀ ਪੰਜਾਬੀ ਗ਼ਜ਼ਲ ਇਸ ਉਰਦੂ, ਫ਼ਾਰਸੀ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਬਿੰਬ, ਪ੍ਰਤੀਕ, ਸ਼ਬਦਾਵਲੀ ਆਦਿ ਰਾਹੀਂ ਪੰਜਾਬੀਅਤ ਦੀ ਨੁਹਾਰ ਪੇਸ਼ ਕਰਦੀ ਹੈ। ਪੰਜਾਬੀ ਗ਼ਜ਼ਲ ਦੇ ਮੁੱਢ ਬੱਝਣ ਬਾਰੇ ਹਾਲੇ ਤਕ ਕੁੱਝ ਵੀ ਸਪੱਸ਼ਟ ਰੂਪ ਵਿਚ ਪ੍ਰਾਪਤ ਨਹੀਂ ਹੋਇਆ ਹੈ। ਇਸ ਬਾਰੇ ਵਿਦਵਾਨਾਂ ਵਿਚ ਆਪਸੀ ਮਤਭੇਦ ਹਨ। ਡਾ. ਨਰੇਸ਼ ਆਪਣੀ ਪੁਸਤਕ *'ਗ਼ਜ਼ਲ ਦੀ ਪਰਖ'* ਰਾਹੀਂ ਪੰਜਾਬੀ ਗ਼ਜ਼ਲ ਦਾ ਮੋਢੀ ਮੁਹੰਮਦ ਬਖ਼ਸ਼ ਨੂੰ ਸਿੱਧ ਕਰਦੇ ਕਹਿੰਦੇ ਹਨ:

> "ਪ੍ਰਾਪਤ ਸਾਹਿਤ ਦੇ ਆਧਾਰ 'ਤੇ ਪੰਜਾਬੀ ਵਿਚ ਗ਼ਜ਼ਲ ਕਹਿਣ ਵਾਲਾ ਪਹਿਲਾ ਕਵੀ 'ਮੁਹੰਮਦ ਬਖ਼ਸ਼' ਹੈ। ਮੁਹੰਮਦ ਬਖ਼ਸ਼ ਦੇ 1864 ਵਿਚ ਸੰਪੂਰਨ ਹੋਏ ਕਿੱਸਾ 'ਸੈਫ਼ਲ ਮਲੂਕ' ਵਿਚ ਦਸ ਗ਼ਜ਼ਲਾਂ ਸ਼ਾਮਿਲ ਹਨ। ਇਹ ਪਹਿਲਾ ਕਿੱਸਾਕਾਰ ਹੈ ਜਿਸ ਨੇ ਕਿੱਸਾ ਕਾਵਿ ਲਿਖਦਿਆਂ ਹੋਇਆਂ ਵੀ ਗ਼ਜ਼ਲ ਕਹਿਣ ਦੀ ਖੇਚਲ ਕੀਤੀ ਹੈ।"(67)

ਮੁਹੰਮਦ ਬਖ਼ਸ਼ ਦੀਆਂ ਦਸ ਗ਼ਜ਼ਲਾਂ ਕਿੱਸਾ *'ਸੈਫ਼ਲ ਮਲੂਕ'* ਵਿਚ ਦਰਜ਼ ਹਨ। ਇਹ ਗ਼ਜ਼ਲਾਂ ਕਿੱਸੇ ਦਾ ਹੀ ਅੰਗ ਹਨ ਅਤੇ ਸਿਰਲੇਖ *'ਗ਼ਜ਼ਲ'* ਹੇਠ ਛਪੀਆਂ ਹਨ। ਇਨ੍ਹਾਂ ਗ਼ਜ਼ਲਾਂ ਦੇ ਵਿਸ਼ੇ ਕਿੱਸੇ ਦੀ ਕਹਾਣੀ ਨੂੰ ਪ੍ਰਗਟਾਉਂਦੇ ਹਨ। ਮੁਹੰਮਦ ਬਖ਼ਸ਼ ਦਾ ਗ਼ਜ਼ਲ ਵਿਚ ਨਵਾਂ ਯਤਨ ਹੋਣ ਕਰ ਕੇ ਕਿੱਸਾ ਰੂਪੀ ਗ਼ਜ਼ਲਾਂ ਵਿਚ ਉਹ ਗੱਲਬਾਤ ਨਜ਼ਰ ਨਹੀਂ ਆਉਂਦੀ ਜਿਹੜੀ ਗ਼ਜ਼ਲ ਵਿਚ ਹੋਣੀ ਚਾਹੀਦੀ ਹੈ। ਪਰ ਉਨਾਂ ਨੇ ਗ਼ਜ਼ਲ ਲਿਖਣ ਦੇ ਯਤਨ ਵਧੀਆ ਕੀਤੇ। ਇਨ੍ਹਾਂ ਗ਼ਜ਼ਲਾਂ ਉਪਰ ਫ਼ਾਰਸੀ ਅਤੇ ਉਰਦੂ ਦੀ ਰੰਗਣ ਵਧੇਰੇ ਚੜੀ ਮਿਲਦੀ ਹੈ। ਪੰਜਾਬੀ ਗ਼ਜ਼ਲ ਦੇ ਆਰੰਭ ਬਾਰੇ ਸਭ ਤੋਂ ਪਹਿਲਾਂ ਪ੍ਰੋ. ਜੋਗਿੰਦਰ ਸਿੰਘ ਨੇ *'ਪੰਜਾਬੀ ਦੁਨੀਆਂ'* ਦੇ ਨਵੰਬਰ 1951 ਅੰਕ ਵਿਚ ਚਰਚਾ ਕੀਤੀ। ਉਨਾਂ ਨੇ ਆਪਣੇ ਲੇਖ ਵਿਚ ਮੁਹੰਮਦ ਬਖ਼ਸ਼ (1830-1904) ਨੂੰ ਪੰਜਾਬੀ ਦਾ ਮੋਢੀ ਗ਼ਜ਼ਲਗੋ ਮੰਨਿਆ ਹੈ। ਉਨ੍ਹਾਂ ਨੇ ਮੁਹੰਮਦ ਬਖ਼ਸ਼ ਰਚਿਤ ਕਿੱਸਾ *'ਸੈਫ਼ਲ ਮਲੂਕ'* ਵਿਚਲੀਆਂ ਪੰਜ ਗ਼ਜ਼ਲਾਂ ਨੂੰ ਆਧਾਰ ਬਣਾਇਆ ਹੈ। ਡਾ. ਪਿਆਰ ਸਿੰਘ ਨੇ ਵੀ 1954 ਵਿਚ ਰਚਿਤ ਪੁਸਤਕ 'ਪੰਜਾਬੀ ਫ਼ਾਰਸੀ ਬੋਧ' ਵਿਚ ਪ੍ਰੋ. ਜੋਗਿੰਦਰ ਸਿੰਘ ਦੇ ਉਪਰੋਕਤ ਮਤ ਦਾ ਸਮੱਰਥਨ ਕੀਤਾ। ਗੁਲਾਮ ਫ਼ਰੀਦ ਮੁਹੰਮਦ ਬਖ਼ਸ਼ ਦਾ ਹੀ ਸਮਕਾਲੀ ਗ਼ਜ਼ਲਗੋ ਹੈ। ਇਸ ਦੀਆਂ ਗ਼ਜ਼ਲਾਂ ਦਾ ਵਧੇਰੇ ਪ੍ਰਭਾਵ ਅਧਿਆਤਮਕ ਹੈ। ਇਸ ਨੇ ਵਿਸ਼ਿਅਕ ਪੱਖ ਤੋਂ ਤਸੱਵੁਫ਼ ਨੂੰ ਪਹਿਲ ਦਿੱਤੀ। ਗੁਲਾਮ ਫ਼ਰੀਦ ਦੀਆਂ ਗ਼ਜ਼ਲਾਂ ਨੂੰ ਭਾਸ਼ਾ ਵਿਭਾਗ ਨੇ 'ਕਾਫ਼ੀ' ਦਾ

ਸਿਰਲੇਖ ਦੇ ਕੇ ਪ੍ਰਭਾਵਿਤ ਕੀਤਾ ਪਰ ਇਹ ਕਾਫ਼ੀ ਤੋਂ ਵਧੇਰੇ ਗ਼ਜ਼ਲ ਦੀ ਤਕਨੀਕ ਦੇ ਵਧੇਰੇ ਨਜ਼ਦੀਕ ਹਨ। ਵਿਸ਼ਿਅਕ ਭਿੰਨਤਾ ਵੀ ਗ਼ਜ਼ਲ ਦੇ ਵੱਖ-ਵੱਖ ਸ਼ਿਅਰਾਂ ਵਾਂਗ ਦਿਸਦੀ ਹੈ। ਮਤਲਾ, ਮਕਤਾ, ਰਦੀਫ਼, ਕਾਫ਼ੀਆ ਦੀ ਪਾਬੰਦੀ ਨੂੰ ਵੀ ਮੁੱਖ ਰੱਖਿਆ ਗਿਆ ਹੈ। ਜਿਸ ਨਾਲ ਉਨ੍ਹਾਂ ਦੀ ਗ਼ਜ਼ਲ ਨਾਲ ਨੇੜਤਾ ਪ੍ਰਤੀਤ ਹੁੰਦੀ ਹੈ। ਉਪਰੋਕਤ ਪਰਿਭਾਸ਼ਾਵਾਂ ਤੋਂ ਅਸੀਂ ਡਾ. ਜਗਤਾਰ ਦੇ ਮਤ ਨਾਲ ਸਹਿਮਤ ਹੁੰਦੇ ਹਾਂ। ਹੁਣ ਤਕ ਹੋਈ ਖੋਜ ਦੇ ਆਧਾਰ 'ਤੇ ਇਹ ਸਿੱਧ ਕੀਤਾ ਜਾ ਚੁੱਕਾ ਹੈ ਕਿ ਸ਼ਾਹ ਮੁਰਾਦ ਹੀ ਪੰਜਾਬੀ ਦਾ ਪਹਿਲਾ ਗ਼ਜ਼ਲਗੋ ਹੈ। ਸ਼ਾਹ ਮੁਰਾਦ ਦੀਆਂ ਤੇਤੀ ਗ਼ਜ਼ਲਾਂ ਦੀ ਇੱਕ ਪੁਸਤਕ *'ਦੀਵਾਨ-ਗੁਲਜ਼ਾਰ-ਏ-ਸ਼ਾਹ ਮੁਰਾਦ'* ਮਿਲਦੀ ਹੈ। ਜਿਸ ਵਿਚ ਦਸ ਫ਼ਾਰਸੀ, ਨੌ ਉਰਦੂ ਅਤੇ ਚੌਦਾਂ ਪੰਜਾਬੀ ਦੀਆਂ ਗ਼ਜ਼ਲਾਂ ਪ੍ਰਾਪਤ ਹੁੰਦੀਆਂ ਹਨ। ਅਬਦੁਲ ਗਫ਼ੂਰ ਕੁਰੈਸ਼ੀ ਦੀ ਪੁਸਤਕ *'ਪੰਜਾਬੀ ਅਦਬ ਦੀ ਕਹਾਣੀ'* ਵਿਚ ਪੰਜਾਬੀ ਦਾ ਮੋਢੀ ਗ਼ਜ਼ਲਗੋ ਸ਼ਾਹ ਮੁਰਾਦ (1902) ਦੇ ਹੋਣ ਦੀ ਪੁਸ਼ਟੀ ਕੀਤੀ ਹੈ।"(264)

ਡਾ. ਜਗਤਾਰ ਨੇ ਵੀ ਆਪਣੀ ਪੁਸਤਕ *'ਚਿੱਟਾ ਘਾਹ ਧੁਆਂਖੀਆਂ ਧੁੱਪਾਂ'* ਵਿਚ ਸ਼ਾਹ ਮੁਰਾਦ ਦੇ ਪੰਜਾਬੀ ਗ਼ਜ਼ਲ ਦੇ ਮੋਢੀ ਹੋਣ ਦੀ ਗੱਲ ਕੀਤੀ ਹੈ। ਉਨ੍ਹਾਂ ਨੇ ਆਪਣੇ ਪੀ-ਐਚ.ਡੀ ਦੇ ਖੋਜ ਪ੍ਰਬੰਧ *'ਪਾਕਿਸਤਾਨੀ ਪੰਜਾਬੀ ਕਵਿਤਾ ਦਾ ਆਲੋਚਨਾਤਮਕ ਅਧਿਐਨ'* ਵਿਚ ਸ਼ਾਹ ਮੁਰਾਦ ਨੂੰ ਹੀ ਪੰਜਾਬੀ ਦਾ ਮੋਢੀ ਗ਼ਜ਼ਲਗੋ ਸ਼ਾਹ ਮੁਰਾਦ ਹੀ ਦੱਸਿਆ ਹੈ। ਡਾ. ਸਾਧੂ ਸਿੰਘ ਹਮਦਰਦ ਅਤੇ ਡਾ. ਕੰਚਨ ਸਿੰਘ ਦੇ ਖੋਜ ਪ੍ਰਬੰਧ ਵੀ ਸ਼ਾਹ ਮੁਰਾਦ ਨੂੰ ਹੀ ਪੰਜਾਬੀ ਦਾ ਮੋਢੀ ਗ਼ਜ਼ਲਕਾਰ ਪ੍ਰਵਾਨ ਕਰਦੇ ਹਨ।

**ਸ਼ਾਹ ਮੁਰਾਦ:** ਸ਼ਾਹ ਮੁਰਾਦ ਸੂਫ਼ੀ ਰੰਗਤ ਵਾਲਾ ਦਰਵੇਸ਼ ਸ਼ਾਇਰ ਸੀ। ਉਹ ਫ਼ਾਰਸੀ, ਉਰਦੂ ਸ਼ਾਇਰੀ ਵਿਚ ਆਪਣੀ ਵੱਖਰੀ ਪਛਾਣ ਬਣਾਉਣ ਵਾਲਾ ਸ਼ਾਇਰ ਤਾਂ ਹੈ ਹੀ ਸੀ ਪਰ ਇਸ ਦੇ ਨਾਲ ਉਹ ਪੰਜਾਬੀ ਵਿਚ ਵਿਭਿੰਨ ਕਾਵਿ ਵਿਧਾਵਾਂ ਵਿਚ ਰਚਨਾ ਕਰ ਕੇ ਮੱਧਕਾਲ ਦੇ ਪੰਜਾਬੀ ਸਾਹਿਤ ਵਿਚ ਨਵੇਂ ਪਾਸਾਰ ਜੋੜਨ ਵੱਲ ਅਗਰਸਰ ਰਹੇ। ਪੰਜਾਬੀ ਸਾਹਿਤ ਵਿਚ ਇਨ੍ਹਾਂ ਦੀ ਵਿਲੱਖਣਤਾ ਪੰਜਾਬੀ ਗ਼ਜ਼ਲ ਦੇ ਮੋਢੀ ਹੋਣ ਕਰ ਕੇ ਹੈ। ਇਨ੍ਹਾਂ ਦੀ ਪੰਜਾਬੀ ਭਾਸ਼ਾ ਵਿਚ 1708 ਵਿਚ *'ਗੁਲਜ਼ਾਰ ਸ਼ਾਹ ਮੁਹੰਮਦ'* ਨਾਂ ਹੇਠ ਰਚਨਾ ਛਪੀ। ਜਿਸ ਦਾ ਦੂਜਾ ਸੰਸਕਰਣ 1966 ਵਿਚ *'ਕਲਾਮ ਸ਼ਾਹ ਮੁਰਾਦ'* ਨਾਂ ਹੇਠ ਪ੍ਰਕਾਸ਼ਿਤ ਹੋਇਆ।ਸ਼ਾਹ ਮੁਰਾਦ ਦੀ ਪੰਜਾਬੀ ਗ਼ਜ਼ਲਕਾਰੀ ਬਾਰੇ ਡਾ. ਧਰਮਪਾਲ ਸਿੰਗਲ *'ਖੋਜ ਪੱਤ੍ਰਿਕਾ ਮਾਰਚ (1989)'* ਰਾਹੀਂ ਆਪਣੇ ਵਿਚਾਰ ਦੱਸਦੇ ਹਨ:

> "ਸ਼ਾਹ ਮੁਰਾਦ ਦੇ ਉੱਚ ਵਿਚਾਰਾਂ, ਕਾਵਿ ਗੁਣਾਂ, ਭਾਸ਼ਾ ਦੀ ਅਮੀਰੀ ਅਤੇ ਸ਼ੈਲੀਗਤ ਨਵੇਂ-ਨਵੇਂ ਤਜ਼ਰਬੇ ਉਸ ਨੂੰ ਪੰਜਾਬੀ ਸਾਹਿਤ ਵਿਚ ਉੱਚ ਦਰਜਾ ਦਿੰਦੇ ਹਨ। ਉਹ ਪੰਜਾਬੀ ਗ਼ਜ਼ਲ ਦਾ ਮੁੱਢ ਬੰਨਣ ਵਾਲਾ ਪਹਿਲਾ ਸ਼ਾਇਰ ਹੀ ਨਹੀਂ ਸਗੋਂ ਬੇਐਬ ਗ਼ਜ਼ਲ ਲਿਖਣ ਵਾਲਾ ਫ਼ਨਕਾਰ ਤੇ ਪੱਥ ਪ੍ਰਦਰਸ਼ਕ ਵੀ ਹੈ।"(196)

ਇਸ ਸੰਦਰਭ ਵਿਚ ਅੱਗੇ ਡਾ. ਸਾਧੂ ਸਿੰਘ ਹਮਦਰਦ *'ਗ਼ਜ਼ਲ ਦਾ ਜਨਮ ਤੇ ਵਿਕਾਸ'* ਵਿਚ ਲਿਖਦੇ ਹਨ,

"ਗ਼ਜ਼ਲ ਦੇ ਮੋਢੀ ਬਾਰੇ ਡਾ. ਜਗਤਾਰ ਵੀ 1980 ਵਿਚ ਸਮਾਪਤ ਆਪਣੇ ਖੋਜ ਪ੍ਰਬੰਧ ਵਿਚ ਲਗਭਗ ਇਸੇ ਨਤੀਜੇ ਉੱਤੇ ਪਹੁੰਚਿਆ ਹੈ ਕਿ ਪੰਜਾਬੀ ਗ਼ਜ਼ਲ ਦਾ ਮੋਢੀ ਸ਼ਾਹ ਮੁਰਾਦ ਹੀ ਹੈ। ਅਸੀਂ ਵੀ ਇਸੇ ਮਤ ਦੇ ਹਾਮੀ ਹਾਂ। ਸ਼ਾਹ ਮੁਰਾਦ ਦੇ ਸਾਹਮਣੇ ਆਉਣ ਨਾਲ ਨਾ ਕੇਵਲ ਮੌਲਾ ਬਖ਼ਸ਼ ਕੁਸ਼ਤਾ ਦੀ ਇਸ ਧਾਰਨਾ ਦਾ ਕਿ ਪੰਜਾਬੀ ਵਿਚ ਸਭ ਤੋਂ ਪਹਿਲੀ ਗ਼ਜ਼ਲ ਗਾਮੂੰ ਖਾਂ (1860-1916) ਨੇ ਲਿਖੀ ਇਸ ਦਾ ਖੰਡਨ ਹੋ ਜਾਂਦਾ ਹੈ ਅਤੇ ਮੁਹੰਮਦ ਬਖ਼ਸ਼ ਦੇ ਪਹਿਲੇ ਗ਼ਜ਼ਲਗੋ ਹੋਣ ਦਾ ਮਤ ਵੀ ਰੱਦ ਹੋ ਜਾਂਦਾ ਹੈ।"(203)

ਸ਼ਾਹ ਮੁਹੰਮਦ ਫ਼ਾਰਸੀ ਅਤੇ ਉਰਦੂ ਸ਼ਾਇਰੀ ਵਿਚ ਬਹੁਤੀ ਪਕੜ ਹੋਣ ਕਰ ਕੇ ਵੀ ਉਨ੍ਹਾਂ ਨੇ ਪੰਜਾਬੀ ਅਤੇ ਉਰਦੂ ਸ਼ਾਇਰੀ ਵਿਚ ਫ਼ਾਸਲਾ ਜ਼ਰੂਰ ਬਣਾਈ ਰੱਖਿਆ। ਉਨ੍ਹਾਂ ਦੀਆਂ ਪੰਜਾਬੀ ਗ਼ਜ਼ਲਾਂ ਅਰਬੀ, ਫ਼ਾਰਸੀ ਅਰੂਜ਼ ਦੀ ਰੰਗਤ ਹੋਣ ਦੀ ਥਾਂ 'ਤੇ ਪੰਜਾਬੀ ਦੇ ਦੇਸੀ ਛੰਦ ਦਵੱਈਆ ਵਿਚ ਮਿਲਦੀਆਂ ਹਨ ਅਤੇ ਬਿੰਬ, ਪ੍ਰਤੀਕ ਵੀ ਪੰਜਾਬੀਅਤ ਨੂੰ ਮੁਖ਼ਾਤਿਬ ਹੁੰਦੇ ਪ੍ਰਤੀਤ ਹੁੰਦੇ ਹਨ। ਪੰਜਾਬੀ ਗ਼ਜ਼ਲ ਵਿਚ ਪਹਿਲਾ ਗ਼ਜ਼ਲਗੋ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੀ ਪੰਜਾਬੀ ਗ਼ਜ਼ਲ ਰੂਪ-ਵਿਧਾਨ ਪੱਖ ਤੋਂ ਦੋਸ਼ ਮੁਕਤ ਵੇਖੀ ਜਾ ਸਕਦੀ ਹੈ।

**ਮੀਆਂ ਮਹੁੰਮਦ ਬਖ਼ਸ਼ (1830-1904):** ਮੁਹੰਮਦ ਬਖ਼ਸ਼ ਵੀ ਮੁੱਢਲੇ ਗ਼ਜ਼ਲਕਾਰਾਂ ਵਿਚੋਂ ਵਿਸ਼ੇਸ਼ ਸਥਾਨ ਰੱਖਦਾ ਹੈ। ਉਸ ਨੇ ਆਪਣੇ ਕਿੱਸੇ 'ਸੈਫ਼ਲ ਮਲੂਕ' ਵਿਚਲੇ ਪਾਤਰਾਂ ਦੇ ਮੂੰਹੋਂ ਗ਼ਜ਼ਲਾਂ ਕਹਾਈਆਂ। ਕਿੱਸੇ ਵਿਚ ਦਸ ਗ਼ਜ਼ਲਾਂ ਹਨ ਜੋ ਕਿੱਸਾਕਾਰੀ ਦੀ ਰੰਗਤ ਨਾਲ ਓਤਪ੍ਰੋਤ ਹੋਣ ਦੇ ਬਾਵਜੂਦ ਵੀ ਗ਼ਜ਼ਲ ਦੀ ਵਿਧਾਗਤ ਕਸਵਟੀ 'ਤੇ ਖ਼ਰੀਆਂ ਉਤਰਦੀਆਂ ਹਨ। ਜਿਸ ਦਾ ਸਿਰਲੇਖ 'ਗ਼ਜ਼ਲ' ਹੈ। ਕਿੱਸਾ 'ਸੈਫ਼ਲ ਮਲੂਕ' ਦਵੱਈਆ ਛੰਦ ਵਿਚ ਹੋਣ ਕਰ ਕੇ ਗ਼ਜ਼ਲਾਂ ਵੀ ਭਾਰਤੀ ਛੰਦ ਦਵੱਈਆ ਵਿਚ ਹੀ ਸਨ। ਇਸ ਕਿੱਸੇ ਵਿਚ ਪ੍ਰੋ .ਜੋਗਿੰਦਰ ਸਿੰਘ ਪੰਜ ਗ਼ਜ਼ਲਾਂ, ਡਾ. ਜਸਵੰਤ ਸਿੰਘ ਖ਼ੁਮਾਰ ਅਤੇ ਡਾ. ਸਾਧੂ ਸਿੰਘ ਦਸ ਗ਼ਜ਼ਲਾਂ ਮੰਨਦੇ ਹਨ।

**ਗੁਲਾਮ ਫ਼ਰੀਦ (1841-1901):** ਮਹੁੰਮਦ ਬਖ਼ਸ਼ ਦੇ ਸਮਕਾਲੀ ਗੁਲਾਮ ਫ਼ਰੀਦ ਦੇ ਦੀਵਾਨ ਵਿਚੋਂ ਛੇ ਕਾਫ਼ੀਆਂ ਨੂੰ ਡਾ. ਨਰੇਸ਼ ਨੇ ਗ਼ਜ਼ਲਾਂ ਮੰਨ ਲਿਆ ਹੈ। ਉਨ੍ਹਾਂ ਨੇ 'ਗ਼ਜ਼ਲ ਦੀ ਪਰਖ਼' ਪੁਸਤਕ ਵਿਚ ਦੱਸਿਆ ਹੈ "ਫ਼ਰੀਦ ਦੀਆਂ ਇਹਨਾਂ ਤੱਥਾਂ ਕਥਿਤ ਕਾਫ਼ੀਆਂ ਨੂੰ ਗਹੁ ਨਾਲ ਵੇਖੀਏ ਤਾਂ ਇਹ ਕਾਫ਼ੀ ਦੀ ਪਰਿਭਾਸ਼ਾ 'ਤੇ ਖ਼ਰੀਆਂ ਉਤਰਨ ਦੀ ਥਾਵੇਂ 'ਗ਼ਜ਼ਲ' ਦੀ ਪਰਿਭਾਸ਼ਾ 'ਤੇ ਖ਼ਰੀਆਂ ਉਤਰਦੀਆਂ ਹਨ।"(67)

**ਕਿਸ਼ਨ ਸਿੰਘ ਆਰਿਫ਼ (1836-1900):** ਕਿਸ਼ਨ ਸਿੰਘ ਆਰਿਫ਼ ਨੇ ਆਪਣੇ ਦੀਵਾਨ 'ਦੀਵਾਨ-ਏ-ਆਰਿਫ਼' ਜੋ ਕਿ 1887 ਵਿਚ ਛੱਪਿਆ ਸੀ ਵਿਚ ਦੋ ਲੰਬੀਆਂ ਕਾਫ਼ੀਆਂ ਨੂੰ ਪੰਜਾਬੀ ਗ਼ਜ਼ਲ ਦਾ ਨਾਂ ਦਿੱਤਾ ਹੈ। ਡਾ. ਪ੍ਰੀਤਮ ਸੈਣੀ ਦੀ ਪੀ-ਐਚ.ਡੀ ਦੀ ਖੋਜ ਦਾ ਵਿਸ਼ਾ ਕਿਸ਼ਨ ਸਿੰਘ ਆਰਿਫ਼ ਤੇ ਹੀ ਸੀ। ਉਹਨਾਂ ਨੇ ਉਹਨਾਂ ਦੀਆਂ ਲੰਮੀਆਂ ਕਾਫ਼ੀਆਂ ਨੂੰ ਗ਼ਜ਼ਲਾਂ ਨਹੀਂ ਮੰਨਿਆ ਹੈ ਕਿਉਂ ਕਿ ਉਨ੍ਹਾਂ ਅਨੁਸਾਰ ਉਸ ਲਿਖ਼ਤ ਦੀ ਸਰੰਚਨਾ ਗ਼ਜ਼ਲ ਸਾਬਿਤ ਨਹੀਂ ਹੁੰਦੀ।ਅਸੀਂ ਵੇਖਦੇ ਹਾਂ ਕਿ ਪੰਜਾਬੀ ਦੇ ਮੋਢੀ ਗ਼ਜ਼ਲਕਾਰਾਂ ਸ਼ਾਹ ਮੁਰਾਦ, ਸਾਅਦਤ ਰੰਗੀਨ, ਗਾਮੂੰ ਖਾਂ, ਗੁਲਾਮ ਫ਼ਰੀਦ ਆਦਿ ਨੇ ਪੰਜਾਬੀ

ਗ਼ਜ਼ਲ ਪਰੰਪਰਾ ਵਿਚ ਨਵੀਆਂ ਸਥਾਪਨਾਵਾਂ ਉਜਾਗਰ ਕੀਤੀਆਂ। ਜਿਨ੍ਹਾਂ ਦੇ ਯੋਗਦਾਨ ਨੂੰ ਅਸੀਂ ਅੱਖੋਂ ਪਰੋਖੇ ਨਹੀਂ ਕਰ ਸਕਦੇ ਪਰ ਪੰਜਾਬੀ ਵਿਚ ਗ਼ਜ਼ਲ ਵਿਧਾ ਨੂੰ ਸੁਚੇਤ ਪੱਧਰ 'ਤੇ ਵਿਸਥਾਰਨ ਵਾਲਾ ਪਹਿਲਾ ਗ਼ਜ਼ਲਗੋ 'ਮੌਲਾ ਬਖ਼ਸ਼ ਕੁਸ਼ਤਾ' ਸੀ। ਹੁਣ ਅਸੀਂ ਮੌਲਾ ਬਖ਼ਸ਼ ਕੁਸ਼ਤਾ ਅਤੇ ਉਸ ਦੇ ਸਮਕਾਲੀ ਹੋਰ ਕਵੀਆਂ ਬਾਰੇ ਸੰਖੇਪਤ ਜਾਣਕਾਰੀ ਲਵਾਂਗੇ।

**ਮੌਲਾ ਬਖ਼ਸ਼ ਕੁਸ਼ਤਾ (1875–1975):** ਮੌਲਾ ਬਖ਼ਸ਼ ਕੁਸ਼ਤਾ ਦੇ ਸਪੁੱਤਰ ਮੁਹੰਮਦ ਅਫ਼ਜ਼ਲ ਖਾਂ ਵਲੋਂ ਸੰਪਾਦਿਤ *'ਦੀਵਾਨ-ਏ-ਕੁਸ਼ਤਾ'* ਜੋ 1903 ਵਿਚ ਪ੍ਰਕਾਸ਼ਿਤ ਹੋਇਆ ਜਿਸ ਵਿਚ ਇਨ੍ਹਾਂ ਦੀਆਂ ਕੁਝ ਗ਼ਜ਼ਲਾਂ ਦਾ ਜ਼ਿਕਰ ਮਿਲਦਾ ਹੈ। ਜਿਸ ਵਿਚ 128 ਗ਼ਜ਼ਲਾਂ ਸਨ। ਇਸ ਦੀਵਾਨ ਦਾ ਹੀ ਦੂਜਾ ਸੰਸਕਰਣ ਕੁਝ ਤਬਦੀਲੀਆਂ ਨਾਲ 1932 ਵਿਚ ਪ੍ਰਕਾਸ਼ਿਤ ਹੋਇਆ। ਜਿਸ ਵਿਚ 139 ਗ਼ਜ਼ਲਾਂ ਸਨ। ਇਸ ਬਾਰੇ ਡਾ. ਸਾਧੂ ਸਿੰਘ ਹਮਦਰਦ *'ਗ਼ਜ਼ਲ ਦਾ ਜਨਮ ਤੇ ਵਿਕਾਸ'* ਵਿਚ ਲਿਖਦੇ ਹਨ, "ਇਨਾਂ ਗ਼ਜ਼ਲਾਂ ਵਿਚ ਕੁਸ਼ਤਾ ਜੀ ਨੇ ਵਿਵਿਧ ਵਿਸ਼ੇ ਬੰਨੇ ਹਨ: ਇਸ਼ਕ, ਤਸੱਵੁਫ਼, ਸਦਾਚਾਰ, ਦੇਸ਼ ਭਗਤੀ ਤੇ ਨੀਤੀ ਸਬ ਕੁੱਝ ਇਥੇ ਹੈ ਪਰ ਵਧੇਰੇ ਰੰਗ ਤਗ਼ਜ਼ਲ ਦਾ ਖੁੱਲਿਆ ਹੈ।"(184) ਇਸ ਦੇ ਨਾਲ ਹੀ ਪ੍ਰੋ. ਦੀਵਾਨ ਸਿੰਘ *'ਸੂਫ਼ੀਵਾਦ ਤੇ ਹੋਰ ਲੇਖ'* ਰਾਹੀਂ ਲਿਖਦੇ ਹਨ, "ਸੱਚ ਮੁੱਚ ਕੁਸ਼ਤਾ ਭਾਈ ਵੀਰ ਸਿੰਘ ਦਾ ਸਾਹਿਤ ਭਾਈ ਹੈ। ਇਕ ਨੇ ਨਵੀਨ ਪੰਜਾਬੀ ਸਾਹਿਤ ਦਾ ਮੁੱਢ ਬੱਧਾ ਤੇ ਦੂਜੇ ਨੇ ਪੰਜਾਬੀ ਗ਼ਜ਼ਲ ਦਾ।"(88)ਮੌਲਾ ਬਖ਼ਸ਼ ਕੁਸ਼ਤਾ ਦੀਆਂ ਰਚਨਾਵਾਂ 'ਤੇ ਉਰਦੂ ਫ਼ਾਰਸੀ ਦਾ ਗਹਿਰਾ ਪ੍ਰਭਾਵ ਹੈ ਅਤੇ ਮੌਲਿਕਤਾ ਦੀ ਘਾਟ ਹੈ। ਬਹੁਤੇ ਸ਼ਿਅਰ ਤਾਂ ਉਰਦੂ, ਫ਼ਾਰਸੀ ਦਾ ਤਰਜ਼ਮਾ ਹੀ ਨਜ਼ਰ ਆਉਂਦੇ ਹਨ।

ਡਾ. ਨਰੇਸ਼ *'ਗ਼ਜ਼ਲ ਦੀ ਪਰਖ਼'* ਰਾਹੀਂ ਕਹਿੰਦੇ ਹਨ, "ਕੁਸ਼ਤਾ ਜੀ ਦੇ ਦੀਵਾਨ ਵਿਚ ਇਹ ਬਿਗਾਨੀ ਧੀ ਰਚੀ ਮਿਚੀ ਨਜ਼ਰ ਨਹੀਂ ਆਉਂਦੀ। ਕੁਸ਼ਤਾ ਜੀ ਦੀ ਗ਼ਜ਼ਲ ਦਾ ਸਰੀਰ ਪੰਜਾਬੀ ਹੈ ਅਤੇ ਲਿਬਾਸ ਫ਼ਾਰਸੀ।"(68) ਮੌਲਾ ਬਖ਼ਸ਼ ਕੁਸ਼ਤਾ ਭਾਵਾਂ ਦੀ ਗਹਿਰਾਈ ਦੀ ਥਾਂ ਜ਼ਿਆਦਾ ਜ਼ੋਰ ਬਹਿਰ ਅਤੇ ਵਜ਼ਨ ਉੱਤੇ ਹੀ ਦਿੰਦੇ ਸਨ। ਉਹਨਾਂ ਨੇ ਗ਼ਜ਼ਲ ਵਿਚ ਰਦੀਫ਼ ਦਾ ਪ੍ਰਯੋਗ ਬਹੁਤ ਵਧੀਆ ਢੰਗ ਨਾਲ ਨਿਭਾਇਆ ਹੈ। ਉਨ੍ਹਾਂ ਦੀਆਂ ਜ਼ਿਆਦਾ ਖ਼ੂਬੀਆਂ ਕਾਰਨ ਹੀ ਪੰਜਾਬੀ ਸਾਹਿਤ ਵਿਚ ਉਨ੍ਹਾਂ ਦਾ ਸਥਾਨ ਮਾਣਯੋਗ ਰਿਹਾ ਹੈ।

**ਧਨੀ ਰਾਮ ਚਾਤ੍ਰਿਕ (1876–1954):** ਧਨੀ ਰਾਮ ਚਾਤ੍ਰਿਕ ਮੌਲਾ ਬਖ਼ਸ਼ ਕੁਸ਼ਤਾ ਦਾ ਸਮਕਾਲੀ ਕਵੀ ਹੈ। ਇਨ੍ਹਾਂ ਨੇ ਬਹੁਤੀਆਂ ਕਵਿਤਾਵਾਂ ਹੀ ਲਿਖੀਆਂ ਹਨ। ਪਰ ਗ਼ਜ਼ਲ ਵਿਚ ਜਿੰਨੀ ਵੀ ਕਲਮ ਅਜਮਾਈ ਕੀਤੀ ਹੈ ਉਹ ਕਾਬਿਲੇ ਤਾਰੀਫ਼ ਹੈ। ਆਧੁਨਿਕ ਸਾਹਿਤ ਵਿਚ ਇਨ੍ਹਾਂ ਦਾ ਇਕ ਕਵੀ ਦੇ ਤੌਰ 'ਤੇ ਵਿਸ਼ੇਸ਼ ਸਥਾਨ ਹੈ। ਗ਼ਜ਼ਲ ਨੂੰ ਪੰਜਾਬੀ ਰੰਗਤ ਪ੍ਰਦਾਨ ਕਰ ਕੇ ਗ਼ਜ਼ਲ ਪਰੰਪਰਾ ਨੂੰ ਅੱਗੇ ਤੋਰਨ ਵਿਚ ਅਹਿਮ ਯੋਗਦਾਨ ਪਾਇਆ ਹੈ। ਇਨ੍ਹਾਂ ਦੇ ਚਾਰ ਕਾਵਿ-ਸੰਗ੍ਰਹਿ ਹਨ: ਚੰਦਨਵਾੜੀ (1931), ਕੇਸਰ ਕਿਆਰੀ (1940), ਨਵਾਂ ਜਹਾਨ (1943), ਸੂਫ਼ੀਖਾਨਾ (1950) ਵਿਚ ਲਗਭਗ ਤਿੰਨ ਦਰਜਨ ਦੇ ਕਰੀਬ ਗ਼ਜ਼ਲਾਂ ਸ਼ਾਮਿਲ ਹਨ। ਇਨਾਂ ਦੀ ਗ਼ਜ਼ਲ ਵਿਚ ਨਵੇਂ ਪੁਰਾਣੇ ਰੰਗ ਹਨ। ਜਿਸ ਵਿਚ ਰਾਸ਼ਟਰ ਪ੍ਰੇਮ, ਮਿਥਿਹਾਸ, ਰੱਬੀ ਪ੍ਰੇਮ, ਸਮਾਜਵਾਦ ਆਦਿ ਵਿਸ਼ੇ ਹਨ।

**ਪਾਲ ਸਿੰਘ ਆਰਿਫ਼ (1874–1958):** ਪਾਲ ਸਿੰਘ ਆਰਿਫ਼ ਦੀਆਂ ਲਗਭਗ 61 ਗ਼ਜ਼ਲਾਂ ਉਨ੍ਹਾਂ ਦੇ ਹੀ ਗ੍ਰੰਥ 'ਆਰਿਫ਼ ਪ੍ਰਕਾਸ਼ (1949)' ਵਿਚ ਮਿਲਦੀਆਂ ਹਨ। ਜਿਸ ਵਿਚ ਉਰਦੂ ਰਚਨਾਵਾਂ ਦੇ ਨਾਲ-ਨਾਲ ਕੁੱਝ ਕ ਪੰਜਾਬੀ ਗ਼ਜ਼ਲਾਂ ਵੀ ਮਿਲਦੀਆਂ ਹਨ। ਇਨ੍ਹਾਂ ਗ਼ਜ਼ਲਾਂ ਦਾ ਮੁੱਖ ਵਿਸ਼ਾ ਇਸ਼ਕ ਹਕੀਕੀ ਨਾਲ ਸਬੰਧਤ ਹੈ। ਜਿਸ ਵਿਚਲੀ ਭਾਸ਼ਾ ਸਿੱਧੀ ਸਾਦੀ ਹੈ।

**ਫ਼ੀਰੋਜ਼ਦੀਨ ਸ਼ਰਫ਼ (1898–1935):** ਫ਼ੀਰੋਜ਼ਦੀਨ ਸ਼ਰਫ਼ ਦੀਆਂ ਗ਼ਜ਼ਲਾਂ ਵਿਚ ਮੌਲਾ ਬਖ਼ਸ਼ ਕੁਸ਼ਤਾ ਵਾਲੀ ਰੰਗਤ ਹੈ ਅਤੇ ਗ਼ਜ਼ਲਾਂ ਉਰਦੂ ਭਾਸ਼ਾ ਵਿਚ ਹਨ। ਉਨਾਂ ਨੇ ਲਗਭਗ ਦੋ ਦਰਜ਼ਨ ਦੇ ਕਰੀਬ ਗ਼ਜ਼ਲ ਰਚਨਾ ਕੀਤੀ। ਉਨਾਂ ਦੀਆਂ ਗ਼ਜ਼ਲਾਂ ਸਟੇਜੀ ਰੁਚੀ ਵਾਲੀ ਹੋਣ ਕਾਰਨ ਲੋੜੀਂਦੀ ਗਹਿਰਾਈ ਦੀ ਘਾਟ ਰਹਿ ਗਈ। ਸ਼ਰਫ਼ ਦੀਆਂ ਗ਼ਜ਼ਲਾਂ ਵਿਚਲੀ ਸ਼ਬਦਾਵਲੀ, ਅਰੂਜ਼ ਦੀਆਂ ਬਹਿਰਾਂ ਤੇ ਬੈਂਤ ਛੰਦ ਦੀ ਹੁਨਰੀ ਵਰਤੋਂ, ਗ਼ਜ਼ਲ ਵਿਚ ਤ.ਗ਼ਜ਼ਲ ਦੀ ਰੰਗਤ ਉਨਾਂ ਨੂੰ ਸਫ਼ਲ ਗ਼ਜ਼ਲਕਾਰ ਦੀ ਕਤਾਰ ਵਿਚ ਲਿਆ ਖੜਾ ਕਰਦੀ ਹੈ।

**ਚਰਨ ਸਿੰਘ ਸ਼ਹੀਦ (1874–1958):** ਚਰਨ ਸਿੰਘ ਸ਼ਹੀਦ ਇਕ ਸਟੇਜੀ ਕਵੀ ਹੋਣ ਦੇ ਨਾਲ-ਨਾਲ ਵਿਅੰਗਕਾਰ ਵੀ ਸਨ। ਇਨਾਂ ਦੀਆਂ ਦਸ ਗ਼ਜ਼ਲਾਂ ਹਨ ਜਿਨਾਂ ਵਿਚ ਤਨਜ਼ ਤੇ ਕਟਾਖ਼ਸ਼ ਵਿਦਮਾਨ ਹੈ। ਇਸ ਤੋਂ ਬਿਨਾਂ ਹੀਰਾ ਸਿੰਘ ਦਰਦ, ਈਸ਼ਰ ਸਿੰਘ ਈਸ਼ਰ, ਵਿਧਾਤਾ ਸਿੰਘ ਤੀਰ, ਗੁਰਮੁੱਖ ਸਿੰਘ ਮੁਸਾਫ਼ਰ, ਉਜਾਗਰ ਸਿੰਘ ਉਲਫ਼ਤ ਆਦਿ ਗ਼ਜ਼ਲਕਾਰਾਂ ਦੇ ਹੱਥਾਂ ਵਿਚੋਂ ਲੰਘਦੀ ਹੋਈ ਪੰਜਾਬੀ ਗ਼ਜ਼ਲ ਪੰਜਾਬੀ ਸਾਹਿਤ ਵਿਚ ਆਪਣੀ ਸੁਤੰਤਰ ਹੋਂਦ ਅਤੇ ਪਛਾਣ ਬਣਾਉਂਦੀ ਹੈ। ਇਨ੍ਹਾਂ ਗ਼ਜ਼ਲਕਾਰਾਂ ਦੀ ਸੁਚੱਜੀ ਲਿਖਤ ਕਾਰਨ ਹੀ ਦੂਜੇ ਦੌਰ ਦੇ ਗ਼ਜ਼ਲਕਾਰ ਗ਼ਜ਼ਲ ਰਚਨਾ ਵਿਚ ਅਗਰਸਰ ਹੁੰਦੇ ਹਨ। ਵੀਹਵੀਂ ਸਦੀ ਦੇ ਪਿਛਲੇ ਅੱਧ ਦੇ ਆਰੰਭ ਨਾਲ ਹੀ ਪ੍ਰੋ. ਮੋਹਨ ਸਿੰਘ, ਬਾਵਾ ਬਲਵੰਤ ਅਤੇ ਈਸ਼ਵਰ ਚਿੱਤਰਕਾਰ ਆਦਿ ਨਾਲ ਹੀ ਪੰਜਾਬੀ ਗ਼ਜ਼ਲ ਦੇ ਆਧੁਨਿਕ ਦੌਰ ਦਾ ਆਰੰਭ ਹੋ ਜਾਂਦਾ ਹੈ। ਇਸ ਪੜਾਅ 'ਤੇ ਆ ਕੇ ਪੰਜਾਬੀ ਗ਼ਜ਼ਲ ਪਹਿਲਾਂ ਨਾਲੋਂ ਵੀ ਵਧੇਰੇ ਗਰਮਜੋਸ਼ੀ ਅਤੇ ਉਤਸ਼ਾਹ ਨਾਲ ਅੱਗੇ ਵੱਧਦੀ ਹੈ। ਇਸ ਦੌਰ ਦੀ ਗ਼ਜ਼ਲ ਜੇਕਰ ਰਵਾਇਤ ਨਾਲ ਜੁੜੀ ਹੋਈ ਹੈ ਤਾਂ ਸਮੇਂ ਦੀ ਮੰਗ ਅਨੁਸਾਰ ਨਵੀਆਂ ਸੰਭਾਵਨਾਵਾਂ ਨੂੰ ਸਥਾਪਤ ਕਰਦੀ ਨਜ਼ਰ ਆਉਂਦੀ ਹੈ। ਇਸ ਦੌਰ ਦਾ ਮੋਢੀ ਗ਼ਜ਼ਲਕਾਰ ਮੋਹਨ ਸਿੰਘ 'ਮਾਹਿਰ' ਹੈ। ਉਸ ਨੇ ਹੀ ਸਭ ਤੋਂ ਪਹਿਲਾਂ ਗ਼ਜ਼ਲ ਨੂੰ ਆਧੁਨਿਕਤਾ ਵੱਲ ਮੋੜਨ ਦਾ ਯਤਨ ਕੀਤਾ। ਉਸ ਦੀਆਂ ਗ਼ਜ਼ਲਾਂ ਵਿਚ ਗ਼ਾਲਿਬ ਵਾਂਗ ਭਾਵਾਂ ਦੀ ਗਹਿਰਾਈ ਵਧੇਰੇ ਨਜ਼ਰ ਆਉਂਦੀ ਹੈ। ਇਸ ਤੋਂ ਇਲਾਵਾ ਹੋਰ ਗ਼ਜ਼ਲਗੋ ਸੋਹਣ ਸਿੰਘ ਜੋਸ਼, ਸੰਤ ਸਿੰਘ ਸੇਖੋਂ, ਪ੍ਰਿ. ਸੁਜਾਨ ਸਿੰਘ, ਬਾਵਾ ਬਲਵੰਤ, ਪ੍ਰੋ. ਮੋਹਨ ਸਿੰਘ, ਸੰਤੋਖ ਸਿੰਘ ਧੀਰ ਆਦਿ। ਇਹਨਾਂ ਗ਼ਜ਼ਲਕਾਰਾਂ ਦਾ ਪੰਜਾਬੀ ਗ਼ਜ਼ਲ ਵਿਚ ਯੋਗਦਾਨ ਬਾਰੇ ਸੰਖੇਪ ਰੂਪ ਵਿਚ ਜਾਣਾਂਗੇ।

**ਬਾਵਾ ਬਲਵੰਤ (1905–1972):** ਬਾਵਾ ਬਲਵੰਤ ਗ਼ਜ਼ਲਕਾਰੀ ਵਿਚ ਪ੍ਰੋ. ਮੋਹਨ ਸਿੰਘ ਤੋਂ ਪਹਿਲਾਂ ਆ ਗਿਆ ਸੀ। ਉਨਾਂ ਨੇ ਆਪਣੇ ਕਾਵਿ ਸਫ਼ਰ ਦੌਰਾਨ ਲਗਭਗ ਤਿੰਨ ਦਰਜਨ ਗ਼ਜ਼ਲਾਂ ਦੀ ਰਚਨਾ ਕੀਤੀ ਪਰ ਸਿਰਲੇਖ ਸਿਰਫ਼ ਸੋਲਾਂ ਗ਼ਜ਼ਲਾਂ ਨੂੰ ਹੀ ਦਿੱਤਾ ਗਿਆ। ਉਸ ਦੀਆਂ ਕੁੱਝ ਕਵਿਤਾਵਾਂ ਅਤੇ ਗੀਤਾਂ ਵਿਚ ਗ਼ਜ਼ਲ ਦਾ ਰੂਪ ਵੇਖਣ ਨੂੰ ਮਿਲਦਾ ਹੈ। ਉਸ ਦੀਆਂ ਕਵਿਤਾਵਾਂ ਦੀਆਂ ਪੁਸਤਕਾਂ ਵਿਚ ਗ਼ਜ਼ਲ ਨਿਮਨਲਿਖਤ ਪੰਨਾ ਨੰਬਰ 'ਤੇ ਦਰਜ ਹਨ। 'ਕਿਸੇ ਨੂੰ ਕੀ

(ਪੰਨਾ-91), ਆਜ਼ਾਦ ਗੀਤ (ਪੰਨਾ-362), ਉਸ ਦਾ ਹਾਰ (ਪੰਨਾ-347), ਔਰਤ (ਪੰਨਾ-99), ਕਿਨਾਰੇ ਕਿਨਾਰੇ (ਪੰਨਾ-355), ਕੋਸ਼ਿਸ਼ 'ਚ ਹਾਂ (ਪੰਨਾ-375) ਆਦਿ ਵਿਚ ਗ਼ਜ਼ਲ ਦੇ ਰੂਪ ਵਿਧਾਨ ਨੂੰ ਹੀ ਪ੍ਰਮੁੱਖਤਾ ਦਿੱਤੀ ਗਈ ਹੈ। ਉਸ ਦੀ ਗ਼ਜ਼ਲ ਦੇ ਬਿੰਬ, ਪ੍ਰਤੀਕ, ਸਮਾਸ, ਤਗ਼ਜ਼ਲ ਆਦਿ ਉਸ ਦੀ ਗ਼ਜ਼ਲ ਵਿਧਾ ਨੂੰ ਪੇਸ਼ ਕਰਦੇ ਹਨ।

**ਪ੍ਰੋ. ਮੋਹਨ ਸਿੰਘ (1905–1979):** ਪ੍ਰੋ.ਮੋਹਨ ਸਿੰਘ ਗ਼ਜ਼ਲ ਖੇਤਰ ਵਿਚ ਕਿਸੇ ਪਛਾਣ ਦਾ ਮੁਥਾਜ ਨਹੀਂ ਹੈ। ਭਾਵੇਂ ਉਸ ਨੇ ਕਾਵਿ ਸਿਰਜਣਾ ਵਧੇਰੇ ਕੀਤੀ ਪਰ ਗ਼ਜ਼ਲਕਾਰੀ ਵਿਚ ਵੀ ਉਸ ਨੂੰ ਵਧੇਰੇ ਪਛਾਣ ਹਾਸਿਲ ਹੋਈ। ਉਸ ਦੀ ਸਮੁੱਚੀ ਰਚਨਾ ਵਿਚ ਪ੍ਰਗਤੀਵਾਦ ਤੇ ਰੁਮਾਂਸਵਾਦ ਦੀਆਂ ਪੈੜਾਂ ਨਜ਼ਰ ਆਉਂਦੀਆਂ ਹਨ।ਭਾਵੇਂ ਉਹਨਾਂ ਨੇ ਉਰਦੂ, ਫ਼ਾਰਸੀ ਦੀ ਸ਼ਬਦਾਵਲੀ ਵੀ ਵਰਤੀ ਹੈ ਪਰ ਗ਼ਜ਼ਲ ਦਾ ਬਹੁਤਾ ਮਿਜਾਜ਼ ਪੰਜਾਬੀ ਹੈ।

**ਈਸ਼ਵਰ ਚਿੱਤਰਕਾਰ (1912–1968):** ਈਸ਼ਵਰ ਚਿੱਤਰਕਾਰ ਗ਼ਜ਼ਲਕਾਰੀ ਦੇ ਖੇਤਰ ਵਿਚ ਪੈਰ ਧਰਨ ਤੋਂ ਪਹਿਲਾਂ ਚਿੱਤਰਕਾਰੀ ਦੇ ਖੇਤਰ ਵਿਚ ਪ੍ਰਸਿੱਧੀ ਪ੍ਰਾਪਤ ਕਰ ਚੁੱਕਾ ਸੀ। ਉਸ ਨੇ ਕਾਵਿ ਰਚਨਾ ਕਰਦਿਆਂ ਉਸ ਵਿਚ ਸੁਹਜ ਦੇ ਚਿੱਤਰ ਭਰ ਦਿੱਤੇ। ਉਹ ਨਿੱਜੀ ਪੀੜਾ ਅਤੇ ਲੋਕ ਪੀੜਾ ਨੂੰ ਦਾਰਸ਼ਨਿਕ ਗਹਿਰਾਈ ਪ੍ਰਦਾਨ ਕਰਦਾ ਹੋਇਆ ਦੋਵਾਂ ਵਿਚ ਸਮਤੋਲ ਬਣਾਈ ਰੱਖਦਾ ਹੈ। ਉਸ ਦੀ ਕਾਵਿ ਕਲਾ ਅਤੇ ਚਿੱਤਰਕਾਰੀ ਇਕ ਦੂਜੇ ਦੀਆਂ ਪੂਰਕ ਬਣ ਬੈਠੀਆਂ ਹਨ।

**ਪ੍ਰਿ. ਤਖ਼ਤ ਸਿੰਘ (1914–1990):** ਪ੍ਰਿ. ਤਖ਼ਤ ਸਿੰਘ ਉਰਦੂ ਸ਼ਾਇਰੀ ਤੋਂ ਪੰਜਾਬੀ ਵਿਚ ਆਉਣ ਵਾਲਾ ਸ਼ਾਇਰ ਹੈ। ਉਨਾਂ ਦੇ ਉਰਦੂ ਭਾਸ਼ਾ ਵਿਚ ਤਿੰਨ ਕਾਵਿ-ਸੰਗ੍ਰਹਿ ਹਨ ਅਤੇ ਉਰਦੂ ਦੇ ਪ੍ਰਤੀਭਾਵਾਨ ਕਵੀਆਂ ਵਿਚ ਉਨ੍ਹਾਂ ਦਾ ਰੁਤਬਾ ਸੀ। ਚਾਰ ਕਾਵਿ ਸੰਗ੍ਰਹਿਆਂ ਵਿਚ 29 ਗ਼ਜ਼ਲਾਂ ਦਰਜ ਹਨ ਪਰ ਇਨ੍ਹਾਂ ਦੇ ਨਿਰੋਲ ਗ਼ਜ਼ਲ ਸੰਗ੍ਰਹਿ *'ਲਿਸ਼ਕੋਰਾਂ'* (1962) ਪ੍ਰਕਾਸ਼ਿਤ ਹੋਣ ਤੋਂ ਬਾਅਦ *'ਮੇਰੀ ਗ਼ਜ਼ਲ ਯਾਤਰਾ'*(1974) ਵਿਚ ਅਤੇ *'ਗ਼ਜ਼ਲ ਕਾਵਿ'* (1980) ਵਿਚ ਪ੍ਰਕਾਸ਼ਿਤ ਹੋਏ। ਇਨਾਂ ਦੀ ਮੌਤ ਤੋਂ ਬਾਅਦ ਸਮੁੱਚੀਆਂ ਗ਼ਜ਼ਲਾਂ ਦੀ ਪੁਸਤਕ ਵਿਚ *'ਪ੍ਰਿ. ਤਖ਼ਤ ਸਿੰਘ ਦੀਆਂ ਗ਼ਜ਼ਲਾਂ'* (ਸੰਪਾ. ਕਰਨਲ ਗੁਰਦੀਪ ਜਗਰਾਉਂ) ਵਿਚ ਇਨਾਂ ਦੀਆਂ 48 ਅਣਪ੍ਰਕਾਸ਼ਿਤ ਗ਼ਜ਼ਲਾਂ ਸ਼ਾਮਿਲ ਹਨ। ਇਸ ਤੋਂ ਇਲਾਵਾ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਬਿਸ਼ਨ ਸਿੰਘ ਉਪਾਸ਼ਕ, ਹਰਿਭਜਨ ਸਿੰਘ, ਸੰਤ ਸਿੰਘ ਸੇਖੋਂ ਆਦਿ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਮਿਲਦੀਆਂ ਹਨ। ਜਿਨਾਂ ਦਾ ਸੰਖੇਪਤ ਵਰਣਨ ਇਸ ਤਰ੍ਹਾਂ ਹੈ।

**ਹਰਿਭਜਨ ਸਿੰਘ:** ਹਰਿਭਜਨ ਸਿੰਘ ਦੀਆਂ ਗ਼ਜ਼ਲਾਂ ਵਿਚ ਰੁਮਾਂਟਿਕਤਾ ਦੇ ਨਾਲ-ਨਾਲ ਦਾਰਸ਼ਨਿਕ ਛੋਹਾਂ ਵੀ ਮਿਲਦੀਆਂ ਹਨ। ਉਸ ਦੀਆਂ ਗ਼ਜ਼ਲਾਂ ਵਿਚ ਬੌਧਿਕਤਾ ਤੇ ਸੁਹਜਤਾ ਦੀ ਰੰਗਤ ਮਿਲਦੀ ਹੈ। ਉਸ ਨੇ ਪੰਜਾਬੀ ਵਿਚ ਲਗਭਗ ਇਕ ਦਰਜਨ ਗ਼ਜ਼ਲਾਂ ਲਿਖਣ ਤੋਂ ਬਾਅਦ ਗ਼ਜ਼ਲ ਨਾਲੋਂ ਰਿਸ਼ਤਾ ਖਤਮ ਕਰ ਦਿੱਤਾ ਜੋ ਕਿ ਗ਼ਜ਼ਲ ਸਾਹਿਤ ਲਈ ਘਾਟੇ ਵਾਲੀ ਗੱਲ ਰਹੀ ਹੈ। ਪ੍ਰੋ.ਮੋਹਨ ਸਿੰਘ, ਬਾਵਾ ਬਲਵੰਤ, ਪ੍ਰਿ. ਤਖ਼ਤ ਸਿੰਘ ਆਦਿ ਗ਼ਜ਼ਲਕਾਰਾਂ ਨੇ ਪੰਜਾਬੀ ਗ਼ਜ਼ਲ ਸਾਹਿਤ ਵਿਚ ਸਲਾਹੁਣਯੋਗ ਯੋਗਦਾਨ ਪਾਇਆ। ਸਹੀ ਮਾਇਨੇ ਵਿਚ ਪੰਜਾਬੀ ਗ਼ਜ਼ਲ ਲਹਿਰ ਦਾ ਰੂਪ ਉਸ ਸਮੇਂ ਧਾਰਦੀ ਹੈ ਜਦੋਂ ਪੰਜਾਬੀ ਗ਼ਜ਼ਲ ਦੇ ਪਿੜ ਵਿਚ ਸੱਠਵਿਆਂ ਤੇ ਸਤਰਵਿਆਂ ਵਿਚ ਗੁਰਦੇਵ ਨਿਰਧਨ, ਅਜਾਇਬ ਚਿੱਤਰਕਾਰ, ਸ.ਸ

ਮੀਸ਼ਾ, ਕੰਵਰ ਚੌਹਾਨ, ਦੇਵਿੰਦਰ ਜੋਸ਼, ਤਿਰਲੋਕ ਸਿੰਘ ਆਨੰਦ, ਰਣਧੀਰ ਚੰਦ, ਅਮਰੀਕ ਸਿੰਘ ਪੁਨੀ ਅਤੇ ਡਾ. ਜਗਤਾਰ ਜਿਹੇ ਗ਼ਜ਼ਲਕਾਰਾਂ ਦਾ ਗ਼ਜ਼ਲ ਸਾਹਿਤ ਵਿਚ ਆਗਮਨ ਹੁੰਦਾ ਹੈ। ਇਹਨਾਂ ਦੀ ਸ਼ਾਇਰੀ ਕਿਸੇ ਵੀ ਵਿਚਾਰਧਾਰਾ ਦੀ ਬੰਦਿਸ਼ ਵਿਚ ਨਹੀਂ ਹੈ। ਇਹਨਾਂ ਨੇ ਪਹਿਲਾਂ ਵਾਲੇ ਪਰੰਪਰਕ ਗ਼ਜ਼ਲ ਸਾਹਿਤ ਤੋਂ ਕੁੱਝ ਹੱਟ ਕੇ ਕਰਨ ਦੀ ਕੋਸ਼ਿਸ਼ ਕੀਤੀ।1960 ਤੋਂ ਬਾਅਦ ਪੰਜਾਬੀ ਗ਼ਜ਼ਲ ਤੀਜੇ ਦੌਰ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਇਸ ਪੜਾਅ ਤਕ ਪਹੁੰਚ ਕੇ ਪੰਜਾਬੀ ਗ਼ਜ਼ਲ ਨੂੰ ਬਹੁਤ ਪ੍ਰਸਿੱਧੀ ਮਿਲ ਚੁੱਕੀ ਹੈ। ਹੁਣ ਤਾਂ ਇਹ ਹੋਰ ਕਾਵਿ-ਰੂਪਾਂ ਨੂੰ ਪਿੱਛੇ ਛੱਡਦੀ ਪ੍ਰਤੀਤ ਹੁੰਦੀ ਹੈ। ਜਿਹੜੇ ਗ਼ਜ਼ਲਗੋ ਪਿੱਛਲੇ ਦੌਰ ਵਿਚ ਆਪਣੀ ਪ੍ਰਤਿਭਾ ਨਹੀਂ ਪੇਸ਼ ਕਰ ਸਕੇ ਉਹ ਵੀ ਇਸ ਦੌਰ ਵਿਚ ਗ਼ਜ਼ਲ ਪ੍ਰਤੀ ਅਗਰਸਰ ਹੁੰਦੇ ਪ੍ਰਤੀਤ ਹੁੰਦੇ ਹਨ। ਇਸ ਦੌਰ ਦੇ ਪ੍ਰਮੁੱਖ ਗ਼ਜ਼ਲਗੋ ਹਨ: ਠਾਕੁਰ ਭਾਰਤੀ, ਦੀਪਕ ਜੈਤੋਈ, ਸਾਧੂ ਸਿੰਘ ਹਮਦਰਦ, ਡਾ. ਐਸ. ਤਰਸੇਮ ਆਦਿ ਹਨ।

**ਸਾਧੂ ਸਿੰਘ ਹਮਦਰਦ:** ਸਾਧੂ ਸਿੰਘ ਹਮਦਰਦ ਇਕ ਪੱਤਰਕਾਰ ਅਤੇ ਨਾਵਲਕਾਰ ਵੀ ਰਹੇ ਹਨ। ਪਰ ਉਹਨਾਂ ਨੂੰ ਸਭ ਤੋਂ ਵੱਧ ਪ੍ਰਸਿੱਧੀ ਗ਼ਜ਼ਲਗੋ ਦੇ ਤੌਰ 'ਤੇ ਹੀ ਮਿਲੀ ਕਿਉਂ ਕਿ ਇਹਨਾਂ ਨੇ ਗ਼ਜ਼ਲ ਨੂੰ ਬਹੁਤ ਸੰਜ਼ੀਦਗੀ ਨਾਲ ਅਪਣਾਇਆ ਅਤੇ ਨਿਭਾਇਆ। ਪੰਜਾਬੀ ਗ਼ਜ਼ਲ ਵਿਚ ਨਵੇਂ ਆਯਾਮ ਸਿਰਜੇ ਹਨ। ਉਹਨਾਂ ਨੇ ਪੰਜਾਬੀ ਗ਼ਜ਼ਲਕਾਰੀ ਅੰਦਰ ਨਵੇਂ ਅਰਥ ਭਰੇ। ਉਹਨਾਂ ਬਾਰੇ ਡਾ. ਨਰੇਸ਼ ਦਾ *'ਗ਼ਜ਼ਲ ਦੀ ਪਰਖ'* ਪੁਸਤਕ ਰਾਹੀਂ ਕਹਿਣਾ ਹੈ,

> "ਹਮਦਰਦ ਦੀ ਗ਼ਜ਼ਲ ਵੀ ਹੁਸਨ ਇਸ਼ਕ ਦੀ ਉਸੇ ਰਵਾਇਤ ਦੀ ਹਾਮਿਲ ਹੈ, ਜਿਸ ਨੂੰ ਆਮ ਕਰਕੇ ਜ਼ਿਹਨੀ ਅੱਯਾਸ਼ੀ ਕਿਹਾ ਜਾਂਦਾ ਹੈ ਕਿਉਂ ਕਿ ਹਮਦਰਦ ਜੀ ਸੁਚੱਜੀ ਪੱਤਰਕਾਰਿਤਾ ਅਤੇ ਰਾਜਸੀ ਚੇਤੰਨਤਾ ਦੇ ਮਾਲਿਕ ਹਨ, ਇਸ ਲਈ ਉਹਨਾਂ ਦੀ ਗ਼ਜ਼ਲ ਦੋਹਰਾ ਪਿਛੋਕੜ ਲੈ ਕੇ ਤੁਰਦੀ ਹੈ। ਇਹ ਗ਼ਜ਼ਲ ਇਕ ਪਾਸੇ ਰਵਾਇਤ ਦਾ ਭਾਰ ਢੋਂਹਦੀ ਹੈ ਅਤੇ ਦੂਜੇ ਪਾਸੇ ਅਜੋਕੀ ਸਮਾਜੀ ਅਤੇ ਰਾਜਸੀ ਜੀਵਨ 'ਤੇ ਟਕੋਰਾਂ ਕਰਦੀ ਹੈ।"(71)

ਡਾ. ਹਮਦਰਦ ਨੇ ਪੰਜਾਬੀ ਗ਼ਜ਼ਲ ਸਾਹਿਤ ਨੂੰ ਕਈ ਗ਼ਜ਼ਲ ਸੰਗ੍ਰਹਿ ਦਿੱਤੇ ਅਤੇ ਗ਼ਜ਼ਲ ਤੇ ਖੋਜ-ਕਾਰਜ ਕਰ ਕੇ ਆਲੋਚਕ ਵੀ ਸਾਬਿਤ ਹੋ ਗਏ। ਉਹਨਾਂ ਦੀ ਗ਼ਜ਼ਲ ਵਿਚ ਸਧਾਰਨਤਾ ਅਤੇ ਸਰਲਤਾ ਹੋਣ ਕਰ ਕੇ ਵੀ ਕਈ ਗ਼ਜ਼ਲਾਂ ਤੁਕ ਬੰਦੀ ਤੋਂ ਬਾਹਰ ਨਹੀਂ ਜਾਂਦੀਆਂ।

**ਠਾਕੁਰ ਭਾਰਤੀ:** ਠਾਕੁਰ ਭਾਰਤੀ ਭਾਵੇਂ ਗ਼ਜ਼ਲ ਵਿਚ ਇਸ਼ਕ ਨੂੰ ਪ੍ਰਧਾਨ ਵਿਸ਼ਾ ਲੈ ਕੇ ਤੁਰਦਾ ਹੈ ਪਰ ਅਜੋਕੀ ਗ਼ਜ਼ਲ ਵਿਚ ਉਸ ਨੇ ਵਿਅੰਗਾਤਮਕ ਸ਼ੈਲੀ ਰਾਹੀਂ ਰਾਜਸੀ ਮਸਲਿਆਂ ਨੂੰ ਬਾਖ਼ੂਬੀ ਪੇਸ਼ ਕਰਦਾ ਹੈ। ਉਸ ਦੀ ਗ਼ਜ਼ਲ ਵਿਚ ਜਾਨ ਹੁੰਦੀ ਹੈ। ਉਹ ਆਪਣੇ ਵਿਅੰਗਮਈ ਲਹਿਜ਼ੇ ਨਾਲ ਰਾਜਨੀਤਕ ਅਸੰਗਤੀ ਦੇ ਨਾਲ-ਨਾਲ ਨਵੀਂ ਸਭਿਅਤਾ ਦੇ ਖੋਖਲੇਪਨ ਉਪਰ ਚੋਟ ਕਰਦਾ ਹੈ। ਉਸ ਨੇ ਗਿਣਾਤਮਕ ਅਤੇ ਗੁਣਾਤਮਕ ਦੋਵੇਂ ਪੱਖਾਂ ਤੋਂ ਹੀ ਗ਼ਜ਼ਲ ਦੇ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

**ਦੀਪਕ ਜੈਤੋਈ:** ਦੀਪਕ ਜੈਤੋਈ ਦਾ ਪੂਰਾ ਨਾਮ ਗੁਰਸ਼ਰਨ ਸਿੰਘ ਸੀ। ਉਹਨਾਂ ਨੇ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਗ਼ਜ਼ਲਗੋਈ ਵਿਚ ਬਤੀਤ ਕੀਤਾ। ਉਹਨਾਂ ਨੇ ਗ਼ਜ਼ਲ ਦੇ ਅਰੂਜ਼ੀ ਨਿਯਮਾਂ ਬਾਰੇ ਪੁਸਤਕ 'ਗ਼ਜ਼ਲ ਕੀ ਹੈ?' ਲਿਖੀ ਹੈ। ਜਿਸ ਕਾਰਨ ਉਸ ਦਾ ਸਥਾਨ ਚੋਟੀ ਦੇ ਗ਼ਜ਼ਲ ਆਲੋਚਕਾਂ ਵਿਚ ਵੀ ਹੁੰਦਾ ਹੈ। ਉਹਨਾਂ ਨੇ ਗ਼ਜ਼ਲ ਸਕੂਲ ਵੀ ਖੋਲੇ ਹਨ। ਉਹਨਾਂ ਨੇ ਪੰਜਾਬੀ ਗ਼ਜ਼ਲ ਨੂੰ ਉਰਦੂ ਮਿਆਰ ਤਕ ਲੈ ਜਾਣ ਲਈ ਹਰ ਸੰਭਵ ਯਤਨ ਕੀਤੇ। ਉਹਨਾਂ ਨੇ ਤਕਰੀਬਨ ਹਰ ਬਹਿਰ ਵਿਚ ਗ਼ਜ਼ਲ ਰਚਨਾ ਕੀਤੀ।

**ਚਾਨਣ ਗੋਬਿੰਦਪੁਰੀ:** ਚਾਨਣ ਗੋਬਿੰਦਪੁਰੀ ਦਾ ਗ਼ਜ਼ਲ ਸਾਹਿਤ ਵਿਚ ਖਾਸ ਯੋਗਦਾਨ ਰਿਹਾ ਹੈ। ਉਹਨਾਂ ਨੇ ਗ਼ਜ਼ਲ ਸਾਹਿਤ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਅਰੂਜ਼ੀ ਬਹਿਰਾਂ ਦੀ ਤਾਲੀਮ ਹਾਸਿਲ ਕੀਤੀ। ਇਸ ਕਰ ਕੇ ਉਹਨਾਂ ਦੀ ਰਚਨਾ ਵਿਚ ਰੂਪਕ ਪੱਖੋਂ ਕੋਈ ਊਣਤਾਈ ਨਜ਼ਰ ਨਹੀਂ ਆਉਂਦੀ। ਉਹਨਾਂ ਦੀਆਂ ਗ਼ਜ਼ਲਾਂ ਵਿਚ ਵਰਤਮਾਨ ਸਮੇਂ ਵਿਚ ਵਿਚਰ ਰਹੇ ਮਨੁੱਖ ਦੀ ਮਾਨਸਿਕਤਾ ਨੂੰ ਦਰਸਾਉਣ ਦਾ ਸਫ਼ਲ ਯਤਨ ਹੈ।

**ਡਾ. ਨਰੇਸ਼:** ਡਾ. ਨਰੇਸ਼ ਗ਼ਜ਼ਲਗੋ ਹੋਣ ਦੇ ਨਾਲ-ਨਾਲ ਗ਼ਜ਼ਲ ਆਲੋਚਕ ਵੀ ਹਨ। ਉਹ ਗ਼ਜ਼ਲ ਦੇ ਤਕਨੀਕੀ ਪੱਖ ਤੋਂ ਚੰਗੀ ਤਰ੍ਹਾਂ ਜਾਣੂ ਸਨ। ਇਸ ਲਈ ਅਰੂਜ਼ੀ ਪਾਬੰਦੀਆਂ ਨੂੰ ਸੁਚੱਜੇ ਢੰਗ ਨਾਲ ਨਿਭਾਉਂਦਾ ਹੈ। ਉਸ ਦੀਆਂ ਗ਼ਜ਼ਲਾਂ ਵਿਚਲੇ ਪ੍ਰਤੀਕ ਆਮ ਜ਼ਿੰਦਗੀ ਵਿਚੋਂ ਹੁੰਦੇ ਹਨ।

**ਸ.ਸ ਮੀਸ਼ਾ:** ਮੀਸ਼ਾ ਦਾ ਨਾਮ ਗ਼ਜ਼ਲ ਦੇ ਖੇਤਰ ਵਿਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਮੀਸ਼ਾ ਨੇ ਭਾਵੇਂ ਘੱਟ ਲਿਖਿਆ ਹੈ ਪਰ ਜਿਨ੍ਹਾਂ ਵੀ ਲਿਖਿਆ ਹੈ ਉੱਚ ਕੋਟੀ ਦਾ ਲਿਖਿਆ ਹੈ। ਸਾਦ ਮੁਰਾਦੀ ਸ਼ਬਦਾਵਲੀ ਹੋਣ ਕਾਰਨ ਉਹਨਾਂ ਦੀਆਂ ਗ਼ਜ਼ਲਾਂ ਹਰਮਨ ਪਿਆਰੀਆਂ ਹੋ ਗਈਆਂ। ਉਹਨਾਂ ਦੀ ਗ਼ਜ਼ਲ ਵਿਚ ਸਮੇਂ ਦੇ ਬਦਲਾਓ ਦਾ ਅੰਸ਼ ਸਾਫ਼ ਸਪੱਸ਼ਟ ਝਲਕਦਾ ਹੈ। ਡਾ. ਜਸਵੰਤ ਸਿੰਘ ਖ਼ੁਮਾਰ ਦੇ ਵਿਚਾਰ ਉਹਨਾਂ ਦੀ ਪੁਸਤਕ '*ਯਥਾਰਥਵਾਦ*'ਅਨੁਸਾਰ, "ਮਨੁੱਖੀ ਪ੍ਰਸੰਗ ਦੇ ਅਨੁਕੂਲ ਬਦਲਦੀਆਂ ਨੈਤਿਕ ਕੀਮਤਾਂ ਤੇ ਸਮਾਜਕ ਰਿਸ਼ਤਿਆਂ ਨੂੰ ਉਹ ਯਥਾਰਥਵਾਦੀ ਦ੍ਰਿਸ਼ਟੀ ਨਾਲ ਵੇਖਦਾ ਹੈ।"(23)

**ਗੁਰਦੇਵ ਨਿਰਧਨ:** ਗ਼ਜ਼ਲ ਦੇ ਖੇਤਰ ਵਿਚ ਗੁਰਦੇਵ ਨਿਰਧਨ ਨੇ ਆਪਣੀ ਮੌਲਿਕ ਸ਼ੈਲੀ ਸਥਾਪਤ ਕੀਤੀ ਹੈ। ਸਮੇਂ ਦੇ ਬਦਲਾਅ ਨਾਲ ਨਵੀਂ ਸਭਿਅਤਾ ਅਧੀਨ ਆਮ ਬੋਲ ਚਾਲ ਵਿਚ ਆ ਚੁੱਕੇ ਸ਼ਬਦਾਂ ਨੂੰ ਗੁਰਦੇਵ ਨਿਰਧਨ ਨੇ ਆਪਣੀ ਲਿਖਤ ਵਿਚ ਬਾਖ਼ੂਬੀ ਨਿਭਾਇਆ ਹੈ। ਡਾ. ਜਗਜੀਤ ਬਰਾੜ ਅਨੁਸਾਰ, "ਰੌਸ਼ਨ ਸ਼ਹਿਰਾਂ ਵਿਚ ਉਸ ਨੂੰ ਲੋਕਾਂ ਦੇ ਮਨਾਂ ਤੇ ਘਰਾਂ ਵਿਚ ਇਕ ਹਨੇਰਾ ਪ੍ਰਤੀਤ ਹੁੰਦਾ ਹੈ।...ਇਨ੍ਹਾਂ ਹੀ ਹਨੇਰਿਆਂ ਦਾ ਪ੍ਰਤੀਕਰਮ ਹੈ ਕਿ ਉਸ ਦੇ ਸ਼ਿਅਰਾਂ ਵਿਚ ਰੌਸ਼ਨੀ ਲੱਭ ਲੈਣ ਵਰਗਾ ਸਾਹਸ ਹੈ।"(ਸੁੰਨੀਆਂ ਪਗਡੰਡੀਆਂ ਵਾਲਾ ਪੱਥ 37)

**ਅਜਾਇਬ ਚਿੱਤਰਕਾਰ:** ਅਜਾਇਬ ਚਿੱਤਰਕਾਰ ਉਰਦੂ ਤੋਂ ਪੰਜਾਬੀ ਵੱਲ ਆਇਆ ਸ਼ਾਇਰ ਹੈ। ਇਸ ਦੀ ਵਿਚਾਰਧਾਰਾ ਵਿਅਕਤੀ ਮੁਖੀ ਨਹੀਂ ਸਗੋਂ ਸਾਮੂਹਿਕ ਹੈ। ਉਸ ਨੇ ਰੁਮਾਂਸਵਾਦ ਤੋਂ ਪਿੱਛੇ ਹੋ ਕੇ ਸਮਾਜਕ ਨਾ ਬਰਾਬਰੀ ਦੇ ਦੁਖਾਂਤ ਨੂੰ ਪੇਸ਼ ਕੀਤਾ ਹੈ। ਉਸ ਬਾਰੇ ਕ੍ਰਿਸ਼ਨ ਅਦੀਬ *'ਅਜਾਇਬ ਚਿੱਤਰਕਾਰ: ਇਕ ਝਾਤ'* ਵਿਚਲੇ ਵਿਚਾਰ ਹਨ,

"ਬਹੁਤ ਚੁਪ-ਚਾਪ ਸੰਜੀਦਾ ਸਾਰੀ ਦੁਨੀਆਂ ਸੇ ਬੇਖ਼ਬਰ ਸਾਇਕਲ ਚਲਾਨੇ ਵਾਲਾ ਅਜਾਇਬ ਚਿੱਤਰਕਾਰ ਜਬ ਆਪਨੀ ਲਿਖਤ ਕੇ ਗਹਿਰੇ ਸਮੁੰਦਰ ਮੇਂ ਗੋਤਾ ਜਨ ਹੋਤਾ ਹੈ ਤੋ ਗ਼ਜ਼ਲ ਕੇ ਸੁੱਚੇ ਮੋਤੀ ਲੇ ਕਰ ਆਤਾ ਹੈ।"(4)

**ਅਜਾਇਬ ਹੁੰਦਲ:** ਗ਼ਜ਼ਲ ਦੇ ਖੇਤਰ ਵਿਚ ਅਜਾਇਬ ਹੁੰਦਲ ਨੂੰ ਇਕ ਵਿਸ਼ੇਸ਼ ਸਥਾਨ ਹਾਸਿਲ ਹੈ। ਉਹ ਆਪਣੀ ਗੱਲ ਕਹਿਣ ਲਈ ਬਹੁਤੇ ਸ਼ਬਦਾਂ ਦੇ ਉਚੇਚ ਤੋਂ ਬੱਚਦਾ ਹੈ ਅਤੇ ਸਾਦਗੀ ਨਾਲ ਗੱਲ ਕਹਿ ਜਾਣ ਵਾਲਾ ਗ਼ਜ਼ਲਗੋ ਹੈ। ਉਸ ਦੀਆਂ ਗ਼ਜ਼ਲਾਂ ਵੇਖਣ ਨੂੰ ਤਾਂ ਸਿੱਧੀਆਂ-ਸਾਦੀਆਂ ਹਨ ਪਰ ਉਹਨਾਂ ਵਿਚਲੇ ਭਾਵ ਵਧੇਰੇ ਡੂੰਘੇ ਹਨ।

**ਡਾ. ਜਗਤਾਰ:** ਗ਼ਜ਼ਲ ਦੇ ਖੇਤਰ ਵਿਚ ਜੇਕਰ ਡਾ. ਜਗਤਾਰ ਦਾ ਜ਼ਿਕਰ ਨਾ ਕੀਤਾ ਜਾਵੇ ਤਾਂ ਗ਼ਜ਼ਲ ਸਾਹਿਤ ਅਧੂਰਾ ਮੰਨਿਆ ਜਾਂਦਾ ਹੈ। ਗ਼ਜ਼ਲ ਸਾਹਿਤ ਵਿਚ ਮੌਲਿਕਤਾ ਅਤੇ ਬਹੁਤ ਦੇਣ ਹੋਣ ਕਾਰਨ ਗ਼ਜ਼ਲ ਸਾਹਿਤ ਵਿਚ ਉਹਨਾਂ ਦੇ ਨਾਮ ਤੋਂ ਵਾਂਝੇ ਨਹੀਂ ਰਿਹਾ ਜਾਂਦਾ। ਉਹਨਾਂ ਨੇ ਗ਼ਜ਼ਲ ਸਾਹਿਤ ਵਿਚ 'ਸ਼ੀਸ਼ੇ ਦੇ ਜੰਗਲ' ਰਾਹੀਂ ਪ੍ਰਵੇਸ਼ ਕੀਤਾ। ਉਹਨਾਂ ਦੀਆਂ ਗ਼ਜ਼ਲਾਂ ਵਿਚ ਕੋਈ-ਕੋਈ ਉਰਦੂ ਦਾ ਅੰਸ਼ ਵੀ ਮਿਲ ਜਾਂਦਾ ਹੈ। ਦਰਦ ਨਾਲ ਕੁੰਠਾ ਮਨੁੱਖ, ਆਧੁਨਿਕ ਮਨੁੱਖ ਦੀ ਤ੍ਰਾਸਦੀ ਵਿਸ਼ੇ ਉਸ ਦੀਆਂ ਗ਼ਜ਼ਲਾਂ ਵਿਚ ਮੁਖ ਤੌਰ 'ਤੇ ਵੇਖੇ ਜਾ ਸਕਦੇ ਹਨ। ਡਾ. ਸਾਧੂ ਸਿੰਘ ਹਮਦਰਦ ਆਪਣੀ ਪੁਸਤਕ '*ਗ਼ਜ਼ਲ ਜਨਮ ਤੇ ਵਿਕਾਸ*' ਵਿਚ ਡਾ. ਜਗਤਾਰ ਬਾਰੇ ਲਿਖਦੇ ਹਨ,

> "ਜਗਤਾਰ ਦੀ ਗ਼ਜ਼ਲ ਅੱਜ ਦੀ ਗ਼ਜ਼ਲ ਦੇ ਸਾਰੇ ਵਿਸ਼ੇ ਅਤੇ ਰੰਗ ਸਮੋਈ ਬੈਠੀ ਹੈ। ਉਹ ਪੁਰਾਣੀ ਤੇ ਆਧੁਨਿਕ ਦੋਹਾਂ ਤਰ੍ਹਾਂ ਦੀ ਸ਼ਬਦਾਵਲੀ ਵਰਤਦਾ ਹੈ, ਪੁਰਾਣੀ ਰਵਾਇਤ ਵੀ ਕਾਇਮ ਹੈ ਤੇ ਨਵੇਂ ਖ਼ਿਆਲਾਤ ਵੀ ਆਏ ਹਨ। ਅਸੀਂ ਖੁਸ਼ ਹਾਂ ਕਿ ਉਹ ਉਸ ਰਸਤੇ 'ਤੇ ਤੁਰ ਰਿਹਾ ਹੈ ਜੋ ਮਿਅਯਾਰੀ ਪੰਜਾਬੀ ਗ਼ਜ਼ਲ ਦਾ ਜ਼ਾਮਿਨ ਹੈ।"(339)

**ਕੰਵਰ ਚੌਹਾਨ:** ਪੰਜਾਬੀ ਗ਼ਜ਼ਲ ਖੇਤਰ ਵਿਚ ਕੰਵਰ ਚੌਹਾਨ ਇਕ ਵਿਸ਼ੇਸ਼ ਹਸਤਾਖ਼ਰ ਤੇ ਤੌਰ 'ਤੇ ਜਾਣਿਆ ਜਾਂਦਾ ਹੈ। ਇਹ ਵੀ ਹੋਰ ਕਈ ਸ਼ਾਇਰਾਂ ਵਾਂਗ ਉਰਦੂ ਸ਼ਾਇਰੀ ਤੋਂ ਪੰਜਾਬੀ ਵਿਚ ਆਏ ਸ਼ਾਇਰ ਹਨ। ਇਹਨਾਂ ਨੇ ਕਦੀ ਵੀ ਕਿਤਾਬ ਦੇ ਰੂਪ ਵਿਚ ਕੁੱਝ ਨਹੀਂ ਲਿਖਿਆ ਅਤੇ ਨਾ ਹੀ ਗਿਣਾਤਮਕ ਪੱਖੋਂ ਲਿਖਿਆ ਹੈ। ਇਨਾਂ ਨੇ ਗੁਣਾਤਮਕ ਪੱਖੋਂ ਗ਼ਜ਼ਲ ਸਾਹਿਤ ਵਿਚ ਆਪਣਾ ਯੋਗਦਾਨ ਪਾਇਆ ਹੈ। ਇਨ੍ਹਾਂ ਦੇ ਅਕਾਲ ਚਲਾਨਾ ਕਰਨ ਤੋਂ ਮਗਰੋਂ ਇਨ੍ਹਾਂ ਦੇ ਸਪੁਤਰਾਂ ਨੇ ਇਹਨਾਂ ਦੀਆਂ ਹੱਥ ਲਿਖਤ ਗ਼ਜ਼ਲ ਰਚਨਾਵਾਂ ਨੂੰ ਪੁਸਤਕ ਦਾ ਰੂਪ ਦਿੱਤਾ। ਉਰਦੂ ਗ਼ਜ਼ਲਕਾਰੀ ਵਿਚ ਹੋਣ ਕਰ ਕੇ ਇਹਨਾਂ ਨੂੰ ਗ਼ਜ਼ਲ ਦੀ ਤਕਨੀਕੀ ਬਾਰੀਕੀਆਂ ਦਾ ਪਤਾ ਹੈ। ਗ਼ਜ਼ਲਾਂ ਦੇ ਵਿਸ਼ੇ ਪਿਆਰ, ਵਿਯੋਗ, ਮਨੁੱਖ ਦੀ ਖੰਡਿਤ ਹੋਂਦ ਆਦਿ ਹਨ। ਮਨੁੱਖੀ ਜ਼ਿੰਦਗੀ ਨਾਲ ਜੁੜੀਆਂ ਹਰ ਸਮੱਸਿਆ ਉਹਨਾਂ ਦੀ ਗ਼ਜ਼ਲ ਦਾ ਵਿਸ਼ਾ ਹੈ।

ਡਾ. ਨਰੇਸ਼ '*ਗ਼ਜ਼ਲ ਦੀ ਪਰਖ਼*' ਵਿਚ ਉਹਨਾਂ ਬਾਰੇ ਕਹਿੰਦੇ ਹਨ, "ਕੰਵਰ ਚੌਹਾਨ ਨੂੰ ਅੱਜ ਦੇ ਖਿਲਰੇ ਵਿਅਕਤਿਤਵ ਵਾਲੇ ਆਦਮੀ ਦੀਆਂ ਰਗਾਂ ਦੀ ਪਛਾਣ ਹੈ। ਉਹਨਾਂ ਦੀਆਂ ਗ਼ਜ਼ਲਾਂ ਵਿਚ ਇਸੇ ਖ਼ਿਲਰੀ ਸ਼ਖਸੀਅਤ ਦਾ ਚਿਤਰਣ, ਅਨੁਭਵ ਦੀ ਤੀਬਰਤਾ ਅਤੇ ਦ੍ਰਿਸ਼ਟੀ ਦੀ ਵਿਸ਼ਾਲਤਾ ਨਾਲ ਹੋਇਆ ਹੈ।"(73)

**ਸੁਲੱਖਣ ਸਰਹੱਦੀ:** ਸੁਲੱਖਣ ਸਰਹੱਦੀ ਪੰਜਾਬੀ ਗ਼ਜ਼ਲ ਖੇਤਰ ਵਿਚ ਪਿੰਗਲ ਤੇ ਅਰੂਜ਼ ਦਾ ਵਧੀਆ ਜਾਣਕਾਰ ਹੈ ਅਤੇ ਉਸ ਨੇ ਪੰਜਾਬੀ ਗ਼ਜ਼ਲ ਨੂੰ ਉਰਦੂ ਫ਼ਾਰਸੀ ਤੋਂ ਮੁਕਤ ਰੱਖਿਆ। ਉਸ ਦੀ ਸ਼ਾਇਰੀ ਧਨਵਾਨ, ਸ਼ਾਹੂਕਾਰਾਂ, ਜਾਗੀਰਦਾਰਾਂ ਦੇ ਵਿਰੋਧ ਵਿਚ ਹੈ ਅਤੇ ਮਜ਼ਲੂਮਾਂ, ਕਿਰਤੀਆਂ ਦੇ ਹੱਕ ਵਿਚ ਹੈ।

**ਡਾ. ਐਸ.ਤਰਸੇਮ:** ਐਸ. ਤਰਸੇਮ ਇਕ ਗ਼ਜ਼ਲਗੋ ਅਤੇ ਗ਼ਜ਼ਲ ਆਲੋਚਕ ਹੈ। ਪ੍ਰੋ. ਕਿਰਪਾਲ ਸਿੰਘ ਕਸੇਲ *'ਗ਼ਜ਼ਲ ਸੰਵੇਦਨਾ ਦੀ ਸਿਖ਼ਰ: ਢਾਈ ਅੱਖ਼ਰ ਪੰਜਾਬੀ ਦੁਨੀਆਂ ਜੁਲਾਈ 2001'* ਵਿਚ ਕਹਿੰਦੇ ਹਨ, "ਉਸ ਵਿਚ ਵਿਚਾਰਧਾਰਕ ਪੱਖ ਤੋਂ ਨਾ ਕੋਈ ਡਾਵਾਂਡੋਲਤਾ, ਨਾ ਅਨਿਸ਼ਚਤਤਾ ਅਤੇ ਨਾ ਹੀ ਵਿਅਕਤੀਗਤ ਧੁੰਦੂਕਾਰ ਹੈ, ਸਗੋਂ ਉਹ ਆਪਣੀ ਮਾਨਵਾਦੀ ਵਿਚਾਰਧਾਰਾ 'ਤੇ ਪ੍ਰਗਤੀਸ਼ੀਲ ਚਿੰਤਨ ਕਾਰਨ ਸੁਨਿਸ਼ਚਿਤ ਮਾਰਗ ਜੋ ਯੁਗਾਂ ਅਨੁਕੂਲ ਵੀ ਹੈ 'ਤੇ ਦ੍ਰਿੜਤਾ ਨਾਲ ਤੁਰਨ ਵਾਲਾ ਸੂਝਵਾਨ ਅਤੇ ਅਨੁਭਵੀ ਕਵੀ ਹੈ।"(15)

**ਸੁਰਜੀਤ ਪਾਤਰ:** ਸੁਰਜੀਤ ਪਾਤਰ ਪੰਜਾਬੀ ਗ਼ਜ਼ਲ ਸਾਹਿਤ ਵਿਚ ਵਿਸ਼ੇਸ ਸਥਾਨ ਰੱਖਦਾ ਹੈ। ਉਸ ਦੀ ਪੰਜਾਬੀ ਗ਼ਜ਼ਲ ਸਾਹਿਤ ਨੂੰ ਵਿਸ਼ੇਸ਼ ਦੇਣ ਹੈ। ਗ਼ਜ਼ਲ ਦੇ ਸ਼ੁਰੂਆਤੀ ਦੌਰ ਵਿਚ ਸੁਰਜੀਤ ਪਾਤਰ ਦੀ ਗ਼ਜ਼ਲ ਵਿਚ ਕੁੱਝ ਊਣਤਾਈਆਂ ਸਨ ਜਿਸ ਕਰ ਕੇ ਗ਼ਜ਼ਲ ਸਾਹਿਤ ਦੇ ਉੱਚ ਗ਼ਜ਼ਲਕਾਰਾਂ ਨੇ ਉਹਨਾਂ ਦੀਆਂ ਗ਼ਜ਼ਲਾਂ 'ਤੇ ਟਿੱਪਣੀਆਂ ਕਰ ਕੇ ਉਸ ਨੂੰ ਹੇਂਠਲੇ ਦਰਜੇ ਦੀ ਗ਼ਜ਼ਲਕਾਰੀ ਸਾਬਿਤ ਕਰਨ ਦੀਆਂ ਨਾਕਾਮ ਕੋਸ਼ਿਸ਼ਾਂ ਕੀਤੀਆਂ। ਪਰ ਪਾਤਰ ਨੇ ਆਪਣੀ ਸੂਝ-ਬੂਝ ਸਦਕਾ ਅਤੇ ਨਿਵੇਕਲੀ ਕਾਵਿ ਸ਼ੈਲੀ ਰਾਹੀਂ ਆਪਣੀ ਵੱਖਰੀ ਪਛਾਣ ਬਣਾਈ। ਉਸ ਦੀਆਂ ਰਚਨਾਵਾਂ ਮਾੜੀ ਸਮਾਜਕਤਾ 'ਤੇ ਕਟਾਖ਼ਸ਼ ਕਰਦੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਪੰਜਾਬ ਸੰਕਟ ਬਾਰੇ ਉਹ ਬੇਬਾਕੀ ਨਾਲ ਲਿਖਦੇ ਹਨ। ਡਾ. ਜਸਵਿੰਦਰ *'ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ'* ਵਿਚ ਕਹਿੰਦੇ ਹਨ,

> "ਪਾਤਰ ਦੇ ਆਧੁਨਿਕ ਮਨੁੱਖੀ ਮਨ ਦੇ ਅੰਦਰਲੇ ਭੇੜਾਂ ਅਤੇ ਭੈੜਾਂ, ਅੂਲਾਨਾਂ 'ਤੇ ਅਸਲਿਆਂ ਦੇ ਪਾੜਿਆਂ, ਮੂਲ ਮੰਤਵਾਂ ਅਤੇ ਪੋਚਵੇਂ ਕਾਰ ਵਿਹਾਰਾਂ ਦੇ ਵਖ਼ਰੇਵਿਆਂ ਫ਼ਿਤਰਤੀ ਉਲਾਰਾਂ ਅਤੇ ਚਰਿਤ੍ਰਕ ਨਿਘਾਰਾਂ ਬਾਰੇ ਪੜਚੋਲਵਾਂ ਰਵੱਈਆ ਹੈ। ਸਮਾਜਿਕ ਭੇੜਾਂ ਬਾਰੇ ਤਾਂ ਪੰਜਾਬੀ ਕਵਿਤਾ ਵਿਚ ਬਹੁਤ ਉੱਚੀ ਸੁਰ ਹਾਜ਼ਰ ਹੈ, ਪਰ ਸਵੈ ਦੇ ਭੇੜਾਂ ਅਤੇ ਭੈੜਾਂ ਬਾਰੇ ਇਹ ਉਨੀ ਹੀ ਸਖ਼ਤੀ ਅਤੇ ਦ੍ਰਿੜਤਾ ਜਾਂ ਚਲਾਕੀ ਨਾਲ ਪਾਸਾ ਵੱਟਦੀ ਰਹੀ ਹੈ।"(86)

**ਗੁਰਭਜਨ ਗਿੱਲ:** ਗੁਰਭਜਨ ਗਿੱਲ ਅੱਜ ਦੇ ਪੰਜਾਬੀ ਗ਼ਜ਼ਲਕਾਰਾਂ ਵਿਚੋਂ ਇੱਕ ਜਾਣਿਆ-ਪਛਾਣਿਆ ਹਸਤਾਖ਼ਰ ਹੈ।ਗੁਰਭਜਨ ਗਿੱਲ ਇੱਕ ਵਧੀਆ ਗ਼ਜ਼ਲਗੋ ਹੋਣ ਦੇ ਨਾਲ-ਨਾਲ, ਕਵੀ ਤੇ ਗੀਤਕਾਰ ਵੀ ਹਨ। ਉਹਨਾਂ ਨੇ ਗਿਣਤੀ ਪੱਖੋਂ ਪੰਜਾਬੀ ਸਾਹਿਤ ਨੂੰ ਬਹੁਤ ਯੋਗਦਾਨ ਦਿੱਤਾ। ਉਹਨਾਂ ਦੇ ਸੱਤ ਗ਼ਜ਼ਲ-ਸੰਗ੍ਰਹਿ, ਅੱਠ ਕਾਵਿ-ਸੰਗ੍ਰਹਿ, ਇੱਕ ਗੀਤ ਸੰਗ੍ਰਹਿ ਅਤੇ ਇੱਕ ਵਾਰਤਕ ਸੰਗ੍ਰਿਹ ਸ਼ਾਮਲ ਹੈ।ਉਸ ਦੀਆਂ ਗ਼ਜ਼ਲਾਂ ਵਿਚ ਲੋਕ-ਤ੍ਰਾਸਦੀ, ਚਿਣਗ, ਮਸਲੇ ਅਤੇ ਮਾਨਵੀ ਸਰੋਕਾਰ ਵਿਦਮਾਨ ਹਨ। ਉਸ ਦੀ ਗ਼ਜ਼ਲਕਾਰੀ ਵਿਚ ਇਕ ਪੂਰਾ ਪੰਜਾਬ ਵੱਸਦਾ ਹੈ।ਉਸ ਦੇ ਸਮੁੱਚੇ ਸ਼ਿਅਰਾਂ ਵਿਚ ਪੰਜਾਬ ਦਾ ਜਨ-ਜੀਵਨ ਅਤੇ ਉਸ ਦੀ ਸਮੁੱਚੀ ਜੀਵਨ ਸ਼ੈਲੀ ਦਾ ਪ੍ਰਤੌਅ ਹੈ।ਸੁਰਜੀਤ ਪਾਤਰ *'ਹਰ ਧੁੱਖਦਾ ਪਿੰਡ ਮੇਰਾ'* (ਭੂਮਿਕਾ)

ਵਿਚ ਗੁਰਭਜਨ ਗਿੱਲ ਬਾਰੇ ਕਹਿੰਦੇ ਹਨ "ਗੁਰਭਜਨ ਦੀ ਪੰਜਾਬੀ ਗ਼ਜ਼ਲ ਦੇ ਪਿੰਡ-ਪਰਾਣ ਨੂੰ ਪੰਜਾਬੀਪਨ ਦਾ ਜਾਮਾ ਪਹਿਨਾਉਣ ਦੀ ਕੋਸ਼ਿਸ਼ ਬੜੀ ਉੱਘੜਵੀਂ ਤੇ ਮੁੱਲਵਾਨ ਹੈ।"(15)

ਆਧੁਨਿਕ ਦੌਰ ਜੋ ਹੁਣ ਤਕ ਲਗਾਤਾਰ ਚਲ ਰਿਹਾ ਹੈ। ਇਸ ਦੌਰ ਦੇ ਗ਼ਜ਼ਲਗੋ ਪੂਰੀ ਨਿਸ਼ਠਾ ਨਾਲ ਗ਼ਜ਼ਲ ਸਾਹਿਤ ਵਿਚ ਆਪਣੀ ਕਲਮ ਅਜਮਾਈ ਕਰ ਰਹੇ ਹਨ। ਅੱਜ ਦੇ ਦੌਰ ਵਿਚ ਗ਼ਜ਼ਲਕਾਰੀ ਆਪਣੇ ਭੱਖਦੇ ਦੌਰ ਵਿਚ ਪਹੁੰਚਣੀ ਸ਼ੁਰੂ ਹੋ ਗਈ ਹੈ। ਖਾਸ ਕਰ ਕੇ ਸੁਰਜੀਤ ਪਾਤਰ, ਗੁਰਭਜਨ ਗਿੱਲ ਆਦਿ ਦੇ ਯੋਗਦਾਨ ਸਦਕਾ ਨਵੀਂ ਪੀੜੀ ਵੀ ਗ਼ਜ਼ਲਕਾਰੀ ਵਿਚ ਨਿਤ-ਪ੍ਰਤੀ-ਦਿਨ ਅਗਰਸਰ ਰਹਿਣ ਲੱਗ ਪਈ ਹੈ। ਇਸ ਲੀਹ ਨੂੰ ਅੱਗੇ ਤੋਰਦਿਆਂ ਬਹੁਤ ਸਾਰੇ ਗ਼ਜ਼ਲਗੋ ਹਨ ਜਿਹਨਾਂ ਨੇ ਗ਼ਜ਼ਲ ਸਾਹਿਤ ਵਿਚ ਆਪਣਾ ਯੋਗਦਾਨ ਪਾਇਆ ਹੈ ਜਾਂ ਪਾ ਰਹੇ ਹਨ। ਸੁਰਜੀਤ ਪਾਤਰ, ਪ੍ਰੋ. ਜਸਪਾਲ ਘਈ, ਕ੍ਰਿਸ਼ਨ ਭਨੋਟ, ਰਬਿੰਦਰ ਮਸਰੂਰ, ਲਖਵਿੰਦਰ ਜੌਹਲ, ਗੁਰਭਜਨ ਗਿੱਲ, ਪ੍ਰੋ. ਸੁਰਜੀਤ ਜੱਜ, ਬਲਵਿੰਦਰ ਰਿਸਿ, ਬਰਜਿੰਦਰ ਚੌਹਾਨ, ਹਰਜਿੰਦਰ ਕੰਗ, ਜਸਵਿੰਦਰ, ਗੁਰਤੇਜ, ਵਿਜੇ ਵਿਵੇਕ, ਸਤੀਸ਼ ਗੁਲਾਟੀ, ਜਗਵਿੰਦਰ ਜੋਧਾ, ਸ਼ਮਸ਼ੇਰ ਮੋਹੀ, ਸੁਰਜੀਤ ਸਖੀ, ਸੁਖਵਿੰਦਰ ਅਮ੍ਰਿਤ, ਅਨੂ ਬਾਲਾ, ਕਮਲਪ੍ਰੀਤ ਸਿੱਧੂ ਆਦਿ। ਇਹ ਸਾਰੇ ਗ਼ਜ਼ਲਗੋ ਕਿਸੇ ਇਕ ਵਾਦ ਜਾਂ ਵਿਚਾਰਧਾਰਾ ਦੇ ਸਮੱਰਥਕ ਨਹੀਂ ਹਨ। ਡਾ. ਸੁਖਦੇਵ ਸਿੰਘ *'ਕਾਵਿ ਸਰੋਕਾਰ'* ਰਾਹੀਂ ਲਿਖਦੇ ਹਨ

> "ਸਮਕਾਲੀ ਪੰਜਾਬੀ ਕਵਿਤਾ ਭਾਵੇਂ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ 'ਤੇ ਵਾਪਰਦੀਆਂ ਘਟਨਾਵਾਂ, ਰਾਜਸੀ ਉੱਥਲ-ਪੁਥਲ, ਵਿਚਾਰਧਾਰਕ ਤਬਦੀਲੀਆਂ, ਆਰਿਥਕ, ਸਮਾਜਕ, ਸਭਿਆਚਾਰਕ ਸਰੰਚਨਾਵਾਂ ਵਿਚਲੇ ਬਦਲਾਅ ਤੋਂ ਪ੍ਰਭਾਵਿਤ ਹੋ ਰਹੀ ਹੈ, ਪਰ ਇਹ ਕਿਸੇ ਵਿਚਾਰਧਾਰਾ, ਵਾਦ, ਲਹਿਰ ਜਾਂ ਸੰਗਠਨ ਦੇ ਨਿਸ਼ਚਤ ਚੌਖਟੇ ਨੂੰ ਆਪਣਾ ਰਚਨਾਤਮਕ ਸਰੋਤ ਨਹੀਂ ਬਣਾਉਂਦੀ।"(64-65)

**ਜਸਵਿੰਦਰ:** ਜਸਵਿੰਦਰ ਆਪਣੀ ਸ਼ਾਇਰੀ ਰਾਹੀਂ ਪੰਜਾਬੀ ਕਾਵਿ ਦੀ ਮੁੱਖ ਧਾਰਾ ਦੇ ਆਉਣ ਵਾਲੇ ਵਿਕਾਸ ਦਾ ਮੁਖ ਪਾਸਾਰ ਬਣ ਕੇ ਸਾਹਮਣੇ ਆਉਂਦਾ ਹੈ। ਉਸ ਦੀ ਰਚਨਾ ਸਮਾਜਕ ਪਰਿਪੇਖਾਂ ਨੂੰ ਦਰਸਾਉਂਦੀ ਹੋਈ ਵਿਅਕਤੀ ਵਿਸ਼ੇਸ਼ ਦੀ ਗੱਲ ਕਰਦੀ ਹੈ ਅਤੇ ਫਿਰ ਉਥੋਂ ਹੀ ਆਪਣਾ ਸਫ਼ਰ ਸ਼ੁਰੂ ਕਰ ਕੇ ਉਸ ਦੇ ਆਲੇ-ਦੁਆਲੇ ਦੇ ਵਰਤਾਰਿਆਂ ਨੂੰ ਆਪਣੇ ਕਲੇਵਰ ਵਿਚ ਸਮੇਟਦੀ ਹੈ। ਜ਼ਿਆਦਾਤਰ ਉਸ ਦੀ ਗ਼ਜ਼ਲਕਾਰੀ ਵਾਸਤਵਿਕਤਾ 'ਤੇ ਕੇਂਦਰਤ ਰਹਿੰਦੀ ਹੈ। ਉਹ ਸਮਾਜਕ ਮਨੁੱਖ ਦੇ ਵਿਭਿੰਨ ਪਹਿਲੂਆਂ ਨੂੰ ਮਾਨਵ ਮੁਖੀ ਦ੍ਰਿਸ਼ਟੀ ਤੋਂ ਆਲੋਚਨਾਤਮਕ ਦ੍ਰਿਸ਼ਟੀ ਨਾਲ ਵੇਖਦਾ, ਘੋਖਦਾ ਅਤੇ ਸਿਰਜਦਾ ਹੋਇਆ ਬਹੁਤ ਸਾਰੀਆਂ ਪਰਤਾਂ ਫਰੋਲ ਜਾਂਦਾ ਹੈ।

**ਪ੍ਰੋ. ਸੁਰਜੀਤ ਜੱਜ:** ਸੁਰਜੀਤ ਜੱਜ ਪੰਜਾਬੀ ਸ਼ਾਇਰੀ ਦਾ ਉਹ ਹਸਤਾਖ਼ਰ ਹੈ। ਜਿਸ ਲਈ ਸ਼ਾਇਰੀ ਕਰਨੀ ਸਿਰਫ਼ ਮਨ ਪ੍ਰਚਾਵੇ ਦਾ ਨਾਮ ਹੀ ਨਵੀਂ ਬਲਕਿ ਜ਼ਿਦਗੀ ਦਾ ਦੂਜਾ ਨਾਮ ਹੈ। ਉਸ ਦੀ ਸ਼ਾਇਰੀ ਜ਼ਿੰਦਗੀ ਨੂੰ ਸੁਆਰਨ, ਸ਼ਿੰਗਾਰਨ ਅਤੇ ਜਿਊਣ ਜੋਗੀ ਬਣਾਉਣ ਲਈ ਰਾਹ ਦਸੇਰੇ ਦਾ ਕੰਮ ਕਰਦੀ ਹੈ। ਉਸ ਦੀ ਗ਼ਜ਼ਲਕਾਰੀ ਸਿਰਫ਼ ਇਧਰੋਂ-

ਉਧਰੋਂ ਸ਼ਬਦ ਚੁਣ ਕੇ ਗ਼ਜ਼ਲ ਬੁਣਨ ਦਾ ਕੰਮ ਨਹੀਂ ਬਲਕਿ ਉਹ ਤਾਂ ਸਮਾਜ ਦੀ ਵਰਤਮਾਨ ਸਥਿਤੀ ਤੋਂ ਪੂਰੀ ਤਰ੍ਹਾਂ ਨਾਲ ਜਾਗਰੂਕ ਹੈ। ਉਨ੍ਹਾਂ ਦੀ ਸ਼ਾਇਰੀ ਵਿਅਕਤੀ ਮੁਖੀ ਨਾ ਹੋ ਕੇ ਸਮੁੱਚ ਨੂੰ ਸੰਬੋਧਤ ਹੈ।

**ਸਤੀਸ਼ ਗੁਲਾਟੀ:** ਸਤੀਸ਼ ਗੁਲਾਟੀ 'ਚੁੱਪ' ਨਾਲ ਸੰਵਾਦ ਰਚਾਉਂਦਾ ਹੋਇਆ ਪੰਜਾਬੀ ਗ਼ਜ਼ਲਕਾਰੀ ਵਿਚ ਆਪਣਾ ਯੋਗਦਾਨ ਪਾ ਰਿਹਾ ਹੈ। ਉਸ ਦੀਆਂ ਗ਼ਜ਼ਲ ਰਚਨਾਵਾਂ 'ਚੁੱਪ' ਤੋਂ ਹੀ ਸ਼ੁਰੂ ਹੁੰਦੀਆਂ ਹੋਈਆਂ 'ਚੁੱਪ' 'ਤੇ ਕੇਂਦਰਤ ਹੋ ਕੇ ਆਖਿਰ 'ਚੁੱਪ' 'ਤੇ ਹੀ ਮੁੱਕ ਜਾਂਦੀਆਂ ਹਨ। ਉਹ 'ਚੁੱਪ' ਦੇ ਵਿਰੋਧ ਵਿਚ ਕਿਸੇ ਨੂੰ ਹੋਕਾ ਦੇਣ ਦੀ ਥਾਂ ਖੁਦ ਉਸ 'ਚੁੱਪ' ਨਾਲ ਜੂਝਦਾ ਦਿਸਦਾ ਹੈ। ਉਸ ਦੀ 'ਚੁੱਪ' ਵਿਚ ਹੀ ਸਮਾਜਕ ਪਰਤਾਂ ਪਰਤ-ਦਰ-ਪਰਤ ਖੁਲ੍ਹਦੀਆਂ ਜਾਂਦੀਆਂ ਹਨ। 'ਚੁੱਪ' ਨੂੰ ਬੋਲਾਂ ਦਾ ਰੂਪ ਦੇਣਾ ਗ਼ਜ਼ਲਗੋ ਗੁਲਾਟੀ ਨੂੰ ਬਹੁਤ ਸੁਚਾਰੂ ਢੰਗ ਨਾਲ ਆਉਂਦਾ ਹੈ। ਇਹ ਉਸ ਨੂੰ ਦੂਜੇ ਸ਼ਾਇਰਾਂ ਤੋਂ ਵਿਲੱਖਣ ਰੂਪ ਦਿੰਦੀ ਹੈ। ਉਹ ਆਪਣੀਆਂ 'ਚੁੱਪ' ਰਚਨਾਵਾਂ ਰਾਹੀਂ ਬਹੁਤ ਹੀ ਡੂੰਘੇ ਅਰਥ ਸਿਰਜਣ ਦੀ ਸਮਰੱਥਾ ਰੱਖਦਾ ਹੈ।

**ਬਰਜਿੰਦਰ ਚੌਹਾਨ:** ਡਾ. ਬਰਜਿੰਦਰ ਚੌਹਾਨ ਪੰਜਾਬੀ ਗ਼ਜ਼ਲ ਵਿਚ ਇੱਕ ਉੱਭਰਦਾ ਨਾਮ ਹੈ। ਸਾਹਿਤ ਜਗਤ ਵਿਚ ਭਾਵੇਂ ਉਹਨਾਂ ਦੀਆਂ ਦੋ ਹੀ ਕਿਤਾਬਾਂ ਆਈਆਂ ਹਨ ਪਰ ਦੋ ਹੀ ਕਿਤਾਬਾਂ ਵਿਚ ਉਹਨਾਂ ਨੇ ਜ਼ਿੰਦਗੀ ਦੇ ਸਾਰੇ ਪੱਖਾਂ ਨੂੰ ਪੇਸ਼ ਕੀਤਾ ਹੈ। ਜੇ ਕਰ ਇੰਝ ਕਹਿ ਲਿਆ ਜਾਵੇ ਕਿ ਉਹਨਾਂ ਦਾ ਯੋਗਦਾਨ ਭਾਵੇਂ ਪੰਜਾਬੀ ਸਾਹਿਤ ਵਿਚ ਗਿਣਾਤਮਕ ਪੱਖੋਂ ਘੱਟ ਹੈ ਪਰ ਗੁਣਾਤਮਕ ਪੱਖੋਂ ਭਰਪੂਰ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਉਹਨਾਂ ਦਾ ਪਹਿਲਾ ਗ਼ਜ਼ਲ ਸੰਗ੍ਰਿਹ *'ਪੌਣਾਂ ਉੱਤੇ ਦਸਤਖ਼ਤ'* ਹੈ ਜੋ 1995 ਵਿਚ ਪ੍ਰਕਾਸ਼ਿਤ ਹੋਇਆ ਅਤੇ 2016 ਵਿਚ ਦੂਜਾ ਗ਼ਜ਼ਲ ਸੰਗ੍ਰਿਹ *'ਸਫ਼ਰ ਦੀ ਖ਼ੁਸ਼ਬੋ'* ਪ੍ਰਕਾਸ਼ਿਤ ਹੋਇਆ। ਭਾਵ ਪੂਰੇ ਇੱਕੀ ਸਾਲਾਂ ਬਾਅਦ ਉਹਨਾਂ ਨੇ ਦੂਜਾ ਗ਼ਜ਼ਲ ਸੰਗ੍ਰਿਹ ਪੰਜਾਬੀ ਸਾਹਿਤ ਦੀ ਝੋਲੀ ਪਾਇਆ। ਇੰਨੇ ਲੰਬੇ ਅਰਸੇ ਬਾਅਦ ਦੂਜੇ ਗ਼ਜ਼ਲ ਸੰਗ੍ਰਿਹ ਦੇ ਪ੍ਰਕਾਸ਼ਿਤ ਹੋਣ ਦੇ ਕੀ ਕਾਰਨ ਹਨ ਤਾਂ ਇਸ ਦਾ ਜਵਾਬ ਉਹਨਾਂ ਨਾਲ ਹੋਈ ਮੁਲਾਕਾਤ ਵਿਚ ਸਾਨੂੰ ਮਿਲ ਜਾਂਦਾ ਹੈ। ਉਹਨਾਂ ਦਾ ਕਹਿਣਾ ਹੈ

> "ਮੈਨੂੰ ਗ਼ਜ਼ਲ ਲਿਖਣ ਵਿਚ ਸਮਾਂ ਲੱਗਦਾ ਹੈ ਭਾਵੇਂ ਗ਼ਜ਼ਲ ਆਪ-ਮੁਹਾਰੇ ਫੁੱਟਦੀ ਹੈ ਪਰ ਉਸ ਵਿਚ 'ਨਫ਼ਾਜ਼ਤ, ਨਜ਼ਾਕਤ ਤੇ ਲਿਆਕਤ' ਬਰਕਰਾਰ ਰੱਖਣੀ ਪੈਂਦੀ ਹੈ। ਕਈ ਸ਼ਾਇਰ ਤਾਂ ਦਿਹਾੜੀ ਵਿਚ ਦੋ-ਤਿੰਨ ਗ਼ਜ਼ਲਾਂ ਲਿਖ ਦਿੰਦੇ ਹਨ ਪਰ ਮੇਰੇ ਤੋਂ ਤਾਂ ਮਸਾਂ ਹੀ ਇੱਕ ਜਾਂ ਦੋ ਸ਼ਿਅਰ ਹੀ ਲਿਖੇ ਜਾਂਦੇ ਹਨ।"

(ਡਾ. ਬਰਜਿੰਦਰ ਚੌਹਾਨ ਇਕ ਮੁਲਾਕਾਤ)

ਡਾ. ਬਰਜਿੰਦਰ ਚੌਹਾਨ ਦੇ ਦੋਵੇਂ ਗ਼ਜ਼ਲ ਸੰਗ੍ਰਿਹ ਪੜ੍ਹਨ ਤੋਂ ਬਾਅਦ ਇੰਝ ਮਹਿਸੂਸ ਹੁੰਦਾ ਹੈ ਕਿ ਉਹਨਾਂ ਦੀ ਗ਼ਜ਼ਲਕਾਰੀ ਵਿਚ ਚੰਗੀ ਪਕੜ ਹੈ ਅਤੇ ਗ਼ਜ਼ਲ ਦੀਆਂ ਬਾਰੀਕੀਆਂ ਦਾ ਬਾਖ਼ੂਬੀ ਗਿਆਨ ਹੈ। ਇਸ ਗਿਆਨ ਦਾ ਮਾਹੌਲ ਉਹਨਾਂ ਨੂੰ ਬਚਪਨ ਵਿਚ ਘਰ ਤੋਂ ਹੀ ਪ੍ਰਾਪਤ ਹੁੰਦਾ ਹੈ। ਉਹਨਾਂ ਦੇ ਪਿਤਾ ਸ. ਕੰਵਰ ਚੌਹਾਨ ਵੀ ਆਪਣੇ ਵੇਲੇ ਦੇ ਸਿਰਕੱਢ ਗ਼ਜ਼ਲਗੋ ਰਹੇ ਸਨ।

**ਸੁਖਵਿੰਦਰ ਅਮ੍ਰਿਤ:** ਸੁਖਵਿੰਦਰ ਅੰਮ੍ਰਿਤ ਪੰਜਾਬੀ ਗ਼ਜ਼ਲਕਾਰੀ ਵਿਚ ਇਕ ਵਿਸ਼ੇਸ਼ ਨਾਮ ਹੈ। ਉਸ ਨੂੰ ਗ਼ਜ਼ਲ ਦੀ ਤਕਨੀਕ ਦਾ ਭਲੀ ਭਾਂਤ ਇਲਮ ਹੈ। ਉਹ ਅਰੂਜ਼ੀ ਬਹਿਰਾਂ, ਛੰਦ, ਛੋਟੀ ਬਹਿਰ, ਵੱਡੀ ਬਹਿਰ, ਕਾਫ਼ੀਆ, ਰਦੀਫ਼ ਆਦਿ ਤੋਂ ਬਾਖ਼ੂਬੀ ਜਾਣੂ ਹੈ। ਉਸ ਨੇ ਨਾਰੀਵਾਦ ਦੇ ਹੱਕ ਵਿਚ ਲਿਖਿਆ ਜ਼ਰੂਰ ਹੈ ਪਰ ਔਰਤ ਨੂੰ ਰੋਣ-ਧੋਣ ਜਾਂ ਭੋਗਣ ਦੀ ਸਥਿਤੀ ਵਿਚ ਲਿਆ ਕੇ ਖੜਾ ਨਹੀਂ ਕੀਤਾ ਸਗੋਂ ਨਾਰੀ ਦੀ ਹੋਂਦ ਨੂੰ ਬਰਕਰਾਰ ਰੱਖਦੇ ਹੋਏ, ਉਸ ਦੇ ਜਜ਼ਬਿਆਂ ਨੂੰ ਸੋਹਣੇ ਮੁਹਾਵਰਿਆਂ, ਸ਼ਬਦਾਵਲੀ ਰਾਹੀਂ ਰੂਪਮਾਨ ਕੀਤਾ ਹੈ।

**ਅਨੂ ਬਾਲਾ:** ਅਨੂ ਬਾਲਾ ਵੀ ਪੰਜਾਬੀ ਗ਼ਜ਼ਲਕਾਰੀ ਵਿਚ ਇਸਤਰੀ ਗ਼ਜ਼ਲਕਾਰਾਂ ਦੀ ਕਤਾਰ ਵਿਚ ਅਹਿਮ ਸਥਾਨ ਰੱਖਦੀ ਹੈ। ਉਸ ਦੀ ਸ਼ਾਇਰੀ ਸੱਜਰੇ ਫੁੱਲ ਖਿੜਾਉਣ ਦਾ ਹੁਨਰ ਰੱਖਦੀ ਹੈ। ਉਸ ਦੀ ਗ਼ਜ਼ਲ ਵਿਚ ਕਾਵਿਕ ਬਿੰਬਾਂ ਨੂੰ ਬਹੁਤ ਸੰਜ਼ੀਦਗੀ ਨਾਲ ਨਿਭਾਇਆ ਗਿਆ ਹੈ। ਉਸ ਦੀ ਸ਼ਾਇਰੀ ਵਿਚ ਬੌਧਿਕਤਾ ਦੇ ਨਾਲ-ਨਾਲ ਜਜ਼ਬਾਤੀ ਅੰਸ਼ ਵੀ ਵਿਦਮਾਨ ਹਨ।

**ਤਾਹਿਰਾ ਸਰਾ:** ਤਾਹਿਰਾ ਸਰਾ ਪਾਕਿਸਤਾਨ ਦੇ ਲਾਹੌਰ ਦੀ ਜੰਮਪਲ ਪੰਜਾਬੀ ਗ਼ਜ਼ਲਕਾਰਾ ਹੈ। ਜਿਨ੍ਹਾਂ ਦਾ ਅਜੋਕੀ ਪੰਜਾਬੀ ਗ਼ਜ਼ਲ ਵਿਚ ਇਕ ਉੱਭਰਦਾ ਨਾਮ ਹੈ। ਉਹਨਾਂ ਨੇ ਆਪਣੀਆਂ ਰਚਨਾਵਾਂ ਵਿਚ ਸਮਾਜ ਵਿਚਲੀਆਂ ਹਰ ਇਕ ਪਰਤਾਂ ਨੂੰ ਛੋਹਿਆ ਹੈ ਸਿਰਫ਼ ਛੋਹਿਆ ਹੀ ਨਹੀਂ ਬਲਕਿ ਬਹੁਤ ਬੇਬਾਕੀ ਨਾਲ ਇਸ ਦੇ ਹਰ ਪਹਿਲੂ ਨੂੰ ਪਾਠਕਾਂ ਸਮਨੁੱਖ ਪੇਸ਼ ਕੀਤਾ ਹੈ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਗ਼ਜ਼ਲ ਤਿੰਨ ਸਦੀਆਂ ਤੋਂ ਵੀ ਵੱਧ ਦਾ ਸਫ਼ਰ ਤੈਅ ਕਰਦੀ ਹੋਈ ਨਿਰੰਤਰ ਰੂਪ ਵਿਚ ਪੰਜਾਬੀ ਸਾਹਿਤ ਦੀ ਇਕ ਹਰਮਨ ਪਿਆਰੀ ਤੇ ਮਹੱਤਵਪੂਰਨ ਵਿਧਾ ਬਣ ਗਈ ਹੈ। ਅੱਜ ਦੀ ਗ਼ਜ਼ਲ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ ਉਸ ਦੀ ਤਿੱਖੀ ਸਮਾਜਕ ਤੇ ਰਾਜਨੀਤਕ ਚੇਤਨਾ, ਮਾਨਵ ਜਾਤੀ ਦਾ ਵਰਤਮਾਨ ਤੇ ਭਵਿੱਖ, ਭੁੱਖ, ਯੁੱਧ, ਗਰੀਬੀ ਅਤੇ ਸ਼ਾਂਤੀ ਉਸ ਦੀ ਚਿੰਤਾ ਦੇ ਕੇਂਦਰੀ ਵਿਸ਼ੇ ਹਨ। ਇਸ ਅਤਿਅੰਤ ਸ਼ਕਤੀਸ਼ਾਲੀ ਕਾਵਿ ਵਿਧਾ ਵਿਚ ਉੱਚ ਵਰਗ ਤੋਂ ਲੈ ਕੇ ਨਿਮਨ ਵਰਗ ਤਕ ਹਰ ਕਿਸੇ ਦੇ ਮਨ ਨੂੰ ਤਰੰਗਤ ਕਰਨ ਦੀ ਸਮਰੱਥਾ ਹੈ। ਗ਼ਜ਼ਲ ਆਪਣੇ ਆਪ ਵਿਚ ਲਾਜਵਾਬ ਅਤੇ ਸੁਤੰਤਰ ਹੈ। ਗ਼ਜ਼ਲ ਮਤਲਾ ਤੋਂ ਸ਼ੁਰੂ ਹੋ ਕੇ ਕਾਫ਼ੀਆ ਅਤੇ ਰਦੀਫ਼ ਦੀ ਬੰਦਿਸ਼ ਨਿਭਾਉਂਦੇ ਹੋਏ ਹਰ ਸ਼ਿਅਰ ਨੂੰ ਖਿਆਲ ਪੱਖੋਂ ਸੁਤੰਤਰ ਰੂਪ ਵਿਚ ਪੇਸ਼ ਕਰਦਿਆਂ ਮਕਤਾ 'ਤੇ ਜਾ ਕੇ ਸਮਾਪਤ ਸਮਝੀ ਜਾਂਦੀ ਹੈ। ਨਵੇਂ ਗ਼ਜ਼ਲਕਾਰਾਂ ਨੇ ਸ਼ਿਅਰ ਕਹਿਣ ਲਈ ਵਰਤੋਂ ਵਿਚ ਲਿਆਂਦੇ ਸ਼ਬਦ ਜੋ ਕਿਸ ਤਰ੍ਹਾਂ ਦੀ ਸੁੰਦਰਤਾ ਦੀ ਮਾਲਕੀ ਰੱਖਦੇ ਹਨ ਅਤੇ ਸ਼ਿਅਰ ਵਿਚ ਉਨ੍ਹਾਂ ਦੀ ਜੜ੍ਹਤ ਕਿੰਨੀ ਖੂਬਸੂਰਤੀ ਨਾਲ ਪੇਸ਼ ਕੀਤੀ ਗਈ ਹੈ ਇਸ ਤਰ੍ਹਾਂ ਦੇ ਨਿਯਮਾਂ ਰਾਹੀਂ ਗ਼ਜ਼ਲ ਵਿਚ ਨਵੀਨਤਾ ਦਾ ਅੰਸ਼ ਪੇਸ਼ ਕੀਤਾ ਹੈ। ਉਹਨਾਂ ਨੇ ਸ਼ਰਾਬ, ਸ਼ਬਾਬ ਤੋਂ ਕੁੱਝ ਵੱਖਰਾ ਕੀਤਾ ਹੈ।

ਆਧੁਨਿਕ ਗ਼ਜ਼ਲਕਾਰਾਂ ਨੇ ਗ਼ਜ਼ਲ ਵਿਚ ਸਮਾਜਿਕ ਵਿਸ਼ਿਆਂ ਨੂੰ ਆਪਣੀਆਂ ਰਚਨਾਵਾਂ ਦਾ ਹਿੱਸਾ ਬਣਾਇਆ। ਉਹਨਾਂ ਨੇ ਆਸ਼ਕਾਨਾ ਪ੍ਰਵਿਰਤੀ ਤੋਂ ਉਪਰ ਉੱਠ ਕੇ ਸਮਾਜਿਕ ਵਿਸ਼ਿਆਂ ਨੂੰ ਆਪਣੀਆਂ ਰਚਨਾਵਾਂ ਵਿਚ ਛੂਹਿਆ ਹੈ।ਸੰਸਾਰ ਵਿਚ ਬਹੁਤ ਸਾਰੀਆਂ ਘਟਨਾਵਾਂ ਵਾਪਰਦੀਆਂ ਹਨ, ਹਰ ਲੇਖਕ ਦੇ ਮਨ ਵਿਚ ਇਨ੍ਹਾਂ ਘਟਨਾਵਾਂ ਦਾ ਅਲੱਗ-

ਅਲੱਗ ਪ੍ਰਤੀਕਰਮ ਹੁੰਦਾ ਹੈ। ਇਹ ਜ਼ਰੂਰੀ ਨਹੀਂ ਕਿ ਇਕੋ ਦ੍ਰਿਸ਼ ਦਾ ਸਭ ਉੱਪਰ ਇਕੋ ਜਿਹਾ ਪ੍ਰਭਾਵ ਪਵੇ ਹਰ ਇਕ ਦਾ ਆਪੋ ਆਪਣਾ ਦੇਖਣ ਦਾ ਨਜ਼ਰਿਆ ਹੁੰਦਾ ਹੈ। ਕਿਸੇ ਵੀ ਸਾਹਿਤਕਾਰ ਦੀ ਰਚਨਾ ਵਿਚ ਜੋ ਜੀਵਨ ਪਰਸਥਿਤੀ ਰੂਪਮਾਨ ਹੁੰਦੀ ਹੈ, ਉਹ ਜ਼ਿੰਦਗੀ ਦਾ ਹੂ-ਬ-ਹੂ ਤੱਥ ਨਹੀਂ ਹੁੰਦੀ, ਸਗੋਂ ਸਾਹਿਤਕਾਰ ਦੁਆਰਾ ਵੇਖੀ, ਸਮਝੀ ਤੇ ਯੋਜਨਾਬੱਧ ਜੀਵਨ ਪਰਸਥਿਤੀ ਹੁੰਦੀ ਹੈ। ਉਸ ਨੂੰ ਪੇਸ਼ਕਾਰੀ ਵਿਚ ਤਬਦੀਲ਼ ਕਰਨ ਲਈ ਸਾਹਿਤਕਾਰ ਦਾ ਆਪਣਾ ਖਾਸ ਦ੍ਰਿਸ਼ਟੀਕੋਣ ਹੁੰਦਾ ਹੈ। ਆਧੁਨਿਕ ਪੰਜਾਬੀ ਗ਼ਜ਼ਲ ਦਾ ਮੁੱਖ ਸਰੋਕਾਰ ਸਮਕਾਲ ਵਿਚ ਦਰਪੇਸ਼ ਮਸਲਿਆਂ ਦਾ ਬਹੁਪਰਤੀ, ਬਹੁਰੰਗਾ ਪੁਨਰ ਸਿਰਜਣ ਹੈ। ਕਵੀ ਨੇ ਸਮਾਜ ਦੀ ਅਜੋਕੀ ਤ੍ਰਾਸਦੀ ਤੇ ਜ਼ਿੰਦਗੀ ਦੇ ਹਰ ਪਹਿਲੂ ਨੂੰ ਆਪਣੀ ਰਚਨਾ ਦਾ ਵਿਸ਼ਾ ਬਣਾਇਆ ਹੈ। ਇੱਕੀਵੀਂ ਸਦੀ ਦੀ ਪੰਜਾਬੀ ਗ਼ਜ਼ਲ ਦੇ ਮੁੱਖ ਥੀਮ ਆਧੁਨਿਕ ਮਨੁੱਖ ਦੀ ਟੁੱਟ-ਭੱਜ, ਸਹਿਮ, ਇੱਕਲਤਾ ਤੇ ਘੁੱਟਨ ਆਦਿ ਹਨ। ਜਿਸ ਵਿਚ ਘਰ, ਪਿਆਰ, ਪਤੀ-ਪਤਨੀ ਦੇ ਆਪਸੀ ਸੰਬੰਧਾਂ ਬਾਰੇ ਨਵੀਂ ਦ੍ਰਿਸ਼ਟੀ ਤੋਂ ਪੁਨਰ ਸਿਰਜਣ ਹੋਇਆ ਹੈ। ਆਧੁਨਿਕ ਪੰਜਾਬੀ ਗ਼ਜ਼ਲ ਵਿਚ ਬਾਹਰ-ਮੁੱਖੀ ਯਥਾਰਥ ਦੇ ਨਾਲ-ਨਾਲ ਮਨੋ-ਯਥਾਰਥ ਦੀ ਪੇਸ਼ਕਾਰੀ ਉੱਤੇ ਵਧੇਰੇ ਬਲ ਹੈ। ਅਜੋਕੇ ਮਨੁੱਖ ਦੀ ਅੰਦਰੂਨੀ ਘੁੱਟਨ ਨੂੰ ਅਜੋਕੇ ਗ਼ਜ਼ਲਕਾਰਾਂ ਨੇ ਸਮਝ ਕੇ ਕਲਮਬੱਧ ਕਰਨ ਦੀ ਚੇਸ਼ਟਾ ਕੀਤੀ ਹੈ। ਅਜੋਕੇ ਸਮੇਂ ਦੀ ਗ਼ਜ਼ਲ ਵਿਚ ਵਿਸ਼ੇ ਪੱਖੋਂ ਬਹੁਤ ਵਿਸਥਾਰ ਹੋਇਆ ਹੈ। ਗ਼ਜ਼ਲ ਜਾਂ ਕਵਿਤਾ ਇਕ ਸਿਰਜਣਾਤਮਕ ਵਰਤਾਰਾ ਹੈ। ਜਿਸ ਵਿਚ ਸਮਾਜ ਵਿਚੋਂ ਹੀ ਪੈਦਾ ਹੋ ਕੇ ਉਸ ਤੋਂ ਪਾਰ ਜਾਣ ਦੀ ਸਮਰੱਥਾ ਨਿਹਿਤ ਰਹਿੰਦੀ ਹੈ। ਕਾਵਿ-ਜਗਤ ਲਈ ਜੀਵਨ ਵਿਚੋਂ ਹੀ ਸਮੱਗਰੀ ਦੀ ਚੋਣ ਕਰਦੇ ਸਮੇਂ ਲੇਖਕ ਚੇਤ-ਅਚੇਤ ਹੀ ਪ੍ਰਤੱਖ ਤੋਂ ਅਪ੍ਰਤੱਖ ਦੀ ਯਾਤਰਾ ਕਰ ਰਿਹਾ ਹੁੰਦਾ ਹੈ ਅਤੇ ਇਹਨਾਂ ਯਾਤਰਾਵਾਂ ਵਿਚਲੇ ਅਨੁਭਵ ਨੂੰ ਆਪਣੀ ਲੇਖਣੀ ਦਾ ਹਿੱਸਾ ਬਣਾਉਂਦਾ ਹੈ। ਗ਼ਜ਼ਲ ਦੀ ਰਚਨਾ ਕੋਮਲ ਅਤੇ ਮਿੱਠੇ-ਮਿੱਠੇ ਭਾਵਾਂ ਵਿਚੋਂ ਹੀ ਉੱਪਜਦੀ ਹੈ।ਪੰਜਾਬੀ ਗ਼ਜ਼ਲ ਦੇ ਇਤਿਹਾਸ ਵੱਲ ਵਖੀਏ ਤਾਂ ਇਹ ਗੱਲ ਸਹਿਜੇ ਹੀ ਪ੍ਰਗਟ ਹੋ ਜਾਂਦੀ ਹੈ ਕਿ ਹਰ ਪੜਾਅ ਦੇ ਸ਼ਾਇਰਾਂ ਦਾ ਇਕ ਵੱਡਾ ਹਿੱਸਾ ਅਜਿਹੀ ਗ਼ਜ਼ਲ ਰਚਨਾ ਵੱਲ ਰੁਚਿਤ ਹੋ ਰਿਹਾ ਹੈ ਜੋ ਫ਼ਾਰਸੀ, ਉਰਦੂ ਮੁਹਾਵਰੇ, ਸ਼ਬਦਾਵਲੀ, ਬਿੰਬ, ਪ੍ਰਤੀਕ ਆਦਿ ਦੀ ਵਰਤੋਂ ਕਰਦਿਆਂ ਗ਼ਜ਼ਲ ਦੇ ਸਾਰ ਨੂੰ ਪਰੰਪਰਾ ਮੁਖੀ ਨੁਹਾਰ ਪੇਸ਼ ਕਰਦਾ ਹੈ।

## 1.6 ਸਮਾਜ ਸ਼ਾਸਤਰ: ਜਾਣ-ਪਛਾਣ

ਸਮਾਜ ਸ਼ਾਸਤਰ ਸ਼ਬਦ ਅੰਗਰੇਜ਼ੀ ਦੇ ਸ਼ਬਦ *'ਸ਼ੋਸ਼ਾਲਜੀ'* ਦਾ ਸਮਾਨਾਰਥੀ ਹੈ ਜੋ ਲਾਤੀਨੀ ਭਾਸ਼ਾ ਦੇ ਸ਼ਬਦ *'ਸੋਸ਼ਸ'* ਜਿਸ ਦਾ ਅਰਥ *'ਸਮਾਜ'* ਹੈ ਅਤੇ ਗ੍ਰੀਕ ਭਾਸ਼ਾ ਦੇ ਸ਼ਬਦ *'ਲੋਗੋਸ'* ਜਿਸਦਾ ਅਰਥ *'ਅਧਿਐਨ'* ਤੋਂ ਲਿਆ ਗਿਆ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਸਮਝਿਆ ਜਾਂਦਾ ਹੈ ਕਿ ਸਮਾਜ ਸ਼ਾਸਤਰ ਦਾ ਅਰਥ 'ਸਮਾਜ ਦਾ ਅਧਿਐਨ' ਹੈ। ਸਮਾਜ ਸ਼ਾਸਤਰ ਆਧੁਨਿਕ ਸਮਾਜਿਕ ਵਿਗਿਆਨ ਹੈ ਅਤੇ ਸਮਾਜ ਦਾ ਵਿਗਿਆਨਕ ਢੰਗ ਨਾਲ ਅਧਿਐਨ 1838-1839 ਵਿਚ ਸ਼ੁਰੂ ਹੋਇਆ ਜਦੋਂ ਅਗਸਤੇ ਕਾਮਤੇ ਨੇ 'ਸਮਾਜ ਸ਼ਾਸਤਰ' ਸ਼ਬਦ ਮਨੁੱਖੀ ਸਮਾਜ ਅਤੇ ਸਮਾਜਿਕ ਵਿਹਾਰ ਦਾ ਵਿਧੀ ਪੂਰਵਕ ਅਧਿਐਨ ਕਰਨ ਲਈ ਵਰਤੋਂ ਵਿਚ ਲਿਆਂਦਾ। ਸਮਾਜ-ਸ਼ਾਸਤਰ ਦਾ ਉਦੇਸ਼ ਕਿਸੇ ਸਮਾਜ ਵਿਚ ਰਹਿੰਦੇ ਲੋਕਾਂ ਦੇ ਆਚਾਰ-ਵਿਹਾਰ ਨੂੰ ਸਮਝਣਾ ਅਤੇ ਇਕ ਵਿਗਿਆਨ ਦਾ ਵਿਕਾਸ ਕਰਨਾ ਹੈ।ਸਮਾਜ-ਸ਼ਾਸਤਰ ਜਾਂ ਸਮਾਜ ਵਿਗਿਆਨ ਸਮੁੱਚੇ ਰੂਪ ਵਿਚ ਸਮਾਜ ਦਾ ਕ੍ਰਮ-ਬੱਧ ਵਰਣਨ ਜਾਂ ਵਿਆਖਿਆ ਹੈ।ਸਮਾਜ ਸ਼ਾਸਤਰ ਵਿਚ ਮਨੁੱਖ

ਸਮਾਜ ਨਾਲ ਜੁੜਿਆ ਹੁੰਦਾ ਹੈ। ਉਹ ਸਮਾਜ ਵਿਚਲੀਆਂ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਕ ਵਰਤਾਰਿਆਂ ਨਾਲ ਬੰਨਿਆ ਹੁੰਦਾ ਹੈ। ਉਹ ਸਮਾਜ ਵਿਚ ਵਿਚਰਦਾ ਹੈ ਅਤੇ ਸਮਾਜ ਵਿਚਲੀਆਂ ਘਟਨਾਵਾਂ ਉਸ ਨੂੰ ਪ੍ਰਭਾਵਿਤ ਕਰਦੀਆਂ ਹਨ। ਸਮਾਜ ਵਿਚਲੀਆਂ ਘਟਨਾਵਾਂ ਵਿਚ ਜੋ ਕੁੱਝ ਵੀ ਵਾਪਰਦਾ ਹੈ ਸਮਾਜ ਵਿਗਿਆਨ ਦਾ ਕੰਮ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਕ ਤੱਥਾਂ ਅਤੇ ਘਟਨਾਵਾਂ ਆਦਿ ਦੇ ਵਿਸ਼ਿਆਂ ਦੀ ਪਰਖ਼ ਪੜਚੋਲ ਕਰ ਕੇ ਸੱਚ ਦੀ ਖੋਜ ਕਰਨਾ ਹੁੰਦਾ ਹੈ। ਸਮਾਜ ਸ਼ਾਸਤਰ ਕੋਈ ਬਹੁਤਾ ਪੁਰਾਣਾ ਵਿਸ਼ਾ ਨਹੀਂ ਹੈ ਇਹ ਕੁੱਝ ਸਮਾਂ ਪਹਿਲਾਂ ਹੀ ਹੋਂਦ ਵਿਚ ਆਇਆ। ਇਸ ਦੀ ਉਤਪਤੀ ਨੂੰ ਉਨੀਵੀਂ ਸਦੀ ਵਿਚ ਫ਼ਰਾਂਸ ਵਿਚ ਹੋਣ ਵਾਲੀ ਤਬਦੀਲੀ ਨਾਲ ਜੋੜਿਆ ਜਾਂਦਾ ਹੈ। ਕਈ ਵਿਚਾਰਕ ਅਗਸਤੇ ਕਾਮਤੇ, ਹਰਬਰਟ ਸਪੈਂਸਰ, ਮੈਕਸ ਵੈਬਰ, ਈਮਾਇਲ ਦੁਰਖ਼ੀਮ ਆਦਿ ਨੇ ਸਭ ਤੋਂ ਪਹਿਲਾਂ ਕਈ ਤਰ੍ਹਾਂ ਦੇ ਮਸਲੇ ਸਮਾਜਿਕ ਵਿਵਸਥਾ, ਸੰਘਰਸ਼, ਸਥਿਰਤਾ ਅਤੇ ਪਰਿਵਰਤਨ ਉੱਤੇ ਆਪਣਾ ਧਿਆਨ ਕੇਂਦਰਿਤ ਕੀਤਾ ਜਿਸ ਦੇ ਨਤੀਜੇ ਵਜੋਂ ਸਮਾਜ ਸ਼ਾਸਤਰ ਸ਼ਬਦ ਸੁਨਣ ਵਿਚ ਆਇਆ।ਸਮਾਜ-ਸ਼ਾਸਤਰੀਆਂ ਨੇ ਸਮਾਜ, ਸਮਾਜਕ ਵਿਵਸਥਾ ਅਤੇ ਇਸ ਵਿਵਸਥਾ ਦੇ ਅੰਤਰਗਤ ਮਨੁੱਖ ਦੇ ਵਿਵਹਾਰ ਨੂੰ ਚਿਤਵਨ ਦਾ ਸੁਚੇਤ ਯਤਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਰਤ ਵਿਚ ਸਮਾਜ-ਸ਼ਾਸਤਰ ਦਾ ਵਿਸ਼ੇ ਦੇ ਰੂਪ ਵਿਚ ਅਧਿਐਨ ਪੱਛਮੀ ਸਮਾਜ-ਸ਼ਾਸਤਰੀਆਂ ਦੀ ਦੇਣ ਹੈ। ਸਮਾਜ-ਸ਼ਾਸਤਰ ਦਾ ਵਿਸ਼ਾ 'ਸਮਾਜ' ਹੈ।

ਸਮਾਜ ਸ਼ਾਸਤਰੀ ਸਮਾਜ ਦੀਆਂ ਵਿਭਿੰਨ ਸਮਾਜਿਕ ਸਮੱਸਿਆਵਾਂ ਦਾ ਇਕ ਵਿਸ਼ੇਸ਼ ਰੂਪ ਤੋਂ ਵਿਗਿਆਨਕ ਢੰਗ ਤੋਂ ਅਧਿਐਨ ਕਰਦੇ ਹਨ। ਇਹ ਇਕ ਆਧੁਨਿਕ ਸਮਾਜ ਵਿਗਿਆਨ ਹੈ ਅਤੇ ਸਮਾਜ ਦਾ ਵਿਗਿਆਨਕ ਢੰਗ ਤੋਂ ਅਧਿਐਨ ਕਰਦਾ ਹੈ। ਸਮਾਜ ਸ਼ਾਸਤਰ ਸ਼ਬਦ ਦਾ ਪ੍ਰਯੋਗ ਸਭ ਤੋਂ ਪਹਿਲਾਂ ਇਕ ਫ਼ਰਾਂਸੀਸੀ ਦਾਰਸ਼ਨਿਕ ਅਗਸਤੇ ਕਾਮਤੇ ਦੁਆਰਾ 1838-1839 ਈ. ਵਿਚ ਦਿੱਤਾ ਗਿਆ ਸੀ। ਇਸ ਲਈ ਇਹਨਾਂ ਨੂੰ ਸਮਾਜ ਸ਼ਾਸਤਰ ਦਾ ਜਨਮਦਾਤਾ ਜਾਂ ਪਿਤਾਮਾ ਵੀ ਕਿਹਾ ਜਾਂਦਾ ਹੈ। ਉਹਨਾਂ ਨੇ ਸਮਾਜ ਸ਼ਾਸਤਰ ਵਿਸ਼ੇ ਦੀ ਕਲਪਨਾ ਫ਼ਰਾਂਸ ਦੀ ਉਦਯੋਗਿਕ ਕ੍ਰਾਂਤੀ ਤੋਂ ਪੈਦਾ ਸਮਾਜਿਕ ਸਮੱਸਿਆਵਾਂ ਦੇ ਅਧਿਐਨ ਤੋਂ ਕੀਤੀ। ਸਮਾਜ ਸ਼ਾਸਤਰ ਦਾ ਕੇਂਦਰ 'ਸਮੂਹ' ਹੁੰਦਾ ਹੈ। ਸਮਾਜ ਸ਼ਾਸਤਰੀ ਲੋਕਾਂ ਦੀ ਅੰਤਰ ਕਿਰਿਆ ਵਿਚ ਦਿਲਚਸਪੀ ਰੱਖਦਾ ਹੈ ਅਤੇ ਲੋਕਾਂ ਦੇ ਇਕ ਦੂਜੇ ਪ੍ਰਤੀ ਵਿਵਹਾਰ ਨੂੰ ਘੋਖਦਾ ਅਤੇ ਪਰਖਦਾ ਹੈ। ਸਮਾਜ ਸ਼ਾਸਤਰ ਦੇ ਅੰਤਰਗਤ ਵਿਭਿੰਨ ਸਮਾਜਿਕ ਪ੍ਰਕਿਰਿਆਵਾਂ ਦਾ ਅਧਿਐਨ ਹੁੰਦਾ ਹੈ ਅਤੇ ਇਹਨਾਂ ਪ੍ਰਕਿਰਿਆਵਾਂ ਦੇ ਮਨੁੱਖਾਂ ਉੱਤੇ ਪੈਂਦੇ ਪ੍ਰਭਾਵਾਂ ਨੂੰ ਸਮਾਜ ਸ਼ਾਸਤਰੀ ਆਪਣੇ ਨਜ਼ਰੀਏ ਨਾਲ ਦੇਖਦਾ ਹੈ। ਉਹ ਆਪਣੇ ਅਧਿਐਨ ਦੁਆਰਾ ਇਹ ਦੇਖਣ ਦੀ ਕੋਸ਼ਿਸ਼ ਕਰਦਾ ਹੈ ਕਿ ਕਿਸ ਤਰ੍ਹਾਂ ਸਮਾਜਿਕ ਸਰੰਚਨਾਵਾਂ ਦੀਆਂ ਵਿਭਿੰਨ ਇਕਾਈਆਂ ਮਨੁੱਖ ਦੇ ਆਪਸੀ ਵਿਹਾਰ 'ਤੇ ਅਸਰ ਪਾਉਂਦੀਆਂ ਹਨ।

### 1.6.1 ਸਮਾਜ ਸ਼ਾਸਤਰ: ਪਰਿਭਾਸ਼ਾਵਾਂ

ਸਮਾਜ-ਸ਼ਾਸਤਰ ਬਾਰੇ ਭਾਰਤੀ ਅਤੇ ਪੱਛਮੀ ਵਿਦਵਾਨ ਆਪਣੀ ਸਮਝ ਅਨੁਸਾਰ ਵਿਚਾਰ ਦਿੰਦੇ ਹਨ। ਉਹਨਾਂ ਦੇ ਵਿਚਾਰ ਪਰਿਭਾਸ਼ਾਵਾਂ ਦੇ ਰੂਪ ਵਿਚ ਹੇਠ ਲਿਖੇ ਹਨ।ਸਮਾਜ-ਸ਼ਾਸਤਰ ਦੀ ਪਰਿਭਾਸ਼ਾ ਪੱਛਮੀ ਵਿਦਵਾਨ ਹੇਠ ਲਿਖੇ ਅਨੁਸਾਰ ਦਿੰਦੇ ਹਨ। ਆਗਬਰਨ ਐਂਡ ਨਿਮਕਾਫ 'Ogburn and Nimcaf' ਨੇ ਆਪਣੀ ਪੁਸਤਕ *'A Hand book of*

*Sociology'* ਦੇ ਸੰਦਰਭ ਵਿਚ ਕਿਹਾ ਹੈ, "ਸਮਾਜ ਸ਼ਾਸਤਰ ਵਿਅਕਤੀ ਦੇ ਸਮਾਜਕ ਜੀਵਨ, ਉਸ ਦੀ ਪ੍ਰਕਿਰਤੀ/ਸੰਸਕ੍ਰਿਤੀ ਅਤੇ ਸਮੂਹ ਦੇ ਨਾਲ ਉਸ ਦੇ ਸਬੰਧਾਂ ਦਾ ਅਧਿਐਨ ਹੈ।"(19) ਮੈਕਸਵੈਬਰ Maxweber ਆਪਣੀ ਪੁਸਤਕ *'Social and Economic Organisation'* ਰਾਹੀਂ ਸਮਾਜ-ਸ਼ਾਸਤਰ ਨੂੰ ਪਰਿਭਾਸ਼ਤ ਕਰਦਾ ਹੈ,

> "ਸਮਾਜ-ਸ਼ਾਸਤਰ ਉਹ ਵਿਗਿਆਨ ਹੈ ਜਿਹੜਾ ਕਿ ਸਮਾਜਕ ਕਿਰਿਆ ਦਾ ਅਰਥ-ਪੂਰਨ ਬੋਧ ਕਰਵਾਉਣ ਦਾ ਯਤਨ ਕਰਦਾ ਹੈ, ਜਿਸ ਨਾਲ ਇਸ ਦੀ ਸਮਾਜਕ ਕਿਰਿਆ ਦੀ ਗਤੀਵਿਧੀ ਅਤੇ ਇਸ ਦੇ ਪ੍ਰਭਾਵਾਂ ਦੀ ਵਿਆਖਿਆ ਕਾਰਣ-ਕਾਰਜ ਰੂਪ ਵਿਚ ਪ੍ਰਸਤੁਤ ਕੀਤੀ ਜਾ ਸਕੇ।"(80)

ਮੈਕਸਵੈਬਰ ਸਮਾਜਕ ਕਿਰਿਆ ਦੀ ਵਿਆਖਿਆਤਮਕ ਪਹਿਲੂ ਅਤੇ ਉਸ ਦੇ ਕਾਰਜ-ਪਰਿਣਾਮ ਸਬੰਧਾਂ ਦੇ ਸਪੱਸ਼ਟੀਕਰਨ ਉੱਤੇ ਵਧੇਰੇ ਬਲ ਦਿੰਦਾ ਹੈ। ਸਮਾਜ-ਸ਼ਾਸਤਰ ਸਿਰਫ ਸਿਧਾਂਤਕ ਪੱਧਰ 'ਤੇ ਹੀ ਨਹੀਂ ਵਿਚਰਦਾ ਸਗੋਂ ਵਿਹਾਰਕ ਪਹੁੰਚ ਨੂੰ ਵੀ ਆਪਣੇ ਵਿਚ ਸਮੇਟ ਲੈਂਦਾ ਹੈ। ਇਸ ਸੰਦਰਭ ਵਿਚ ਅਮਰੀਕੀ ਸਮਾਜ-ਸ਼ਾਸਤਰੀ Kimball Young ਆਪਣੀ ਪੁਸਤਕ *'Sociology a study of society and culture'* ਰਾਹੀਂ ਆਪਣੇ ਵਿਚਾਰ ਦਿੰਦੇ ਹੋਏ ਕਹਿੰਦੇ ਹਨ,

> "ਸਮਾਜ-ਸ਼ਾਸਤਰ ਸਮਾਜ ਵਿਚ ਮਨੁੱਖ ਦਾ ਇਕ ਨਿਯਮਬੱਧ ਅਤੇ ਵਿਵਸਥਿਤ ਅਧਿਐਨ ਹੈ। ਸਮਾਜ ਵਿਚ ਮਨੁੱਖ ਦਾ ਅਰਥ ਹੈ-ਸਮੂਹਿਕ ਜੀਵਨ। ਸਮਾਜ-ਸ਼ਾਸਤਰ ਦੇ ਅਧਿਐਨ ਵਿਚ ਰੀਤੀ-ਰਿਵਾਜ਼, ਪਰੰਪਰਾਵਾਂ, ਸੰਸਥਾਵਾਂ ਅਤੇ ਸਾਮੂਹਿਕ ਜੀਵਨ ਨਾਲ ਸਬੰਧਿਤ ਸੋਚਣ ਅਤੇ ਜੀਵਨ ਦੇ ਢੰਗ ਵੀ ਸ਼ਾਮਲ ਹਨ।"(4)

*Iilustrated World Encyclopaeida* 'Bobley Roger' ਦਾ ਸਮਾਜ-ਸ਼ਾਸਤਰ ਬਾਰੇ ਉਲੇਖ ਹੈ,

> "ਸਮਾਜ-ਸ਼ਾਸਤਰ ਇਸ ਗੱਲ ਦਾ ਅਧਿਐਨ ਕਰਦਾ ਹੈ ਕਿ ਮਨੁੱਖੀ ਜੀਵ ਵੱਖ-ਵੱਖ ਪ੍ਰਕਾਰ ਦੇ ਸਮੂਹਾਂ ਵਿਚ ਕਿਵੇਂ ਇਕੱਠੇ ਰਹਿੰਦੇ ਹਨ? ਇਹ ਉਸ ਦਾ ਇਕ ਮਹੱਤਵਪੂਰਨ ਵਿਗਿਆਨ ਹੈ ਕਿਉਂ ਕਿ ਸਭਿਅਤਾ ਅਤੇ ਪ੍ਰਗਤੀ ਲੋਕਾਂ ਦੇ ਸਮੂਹਾਂ ਵਿਚ ਇਕੱਠੇ ਰਹਿਣ ਦੇ ਸਹਿਯੋਗ ਉਪਰ ਨਿਰਭਰ ਕਰਦੀ ਹੈ। ਜਦੋਂ ਸਮਾਜ-ਸ਼ਾਸਤਰ ਮਨੁੱਖ ਦੇ ਸਾਮੂਹਿਕ ਜੀਵਨ ਦਾ ਅਧਿਐਨ ਕਰਦਾ ਹੈ ਤਾਂ ਇਹ ਨੈਤਿਕ-ਸ਼ਾਸਤਰ ਨਾਲ ਵੀ ਸਬੰਧਿਤ ਹੋ ਜਾਂਦਾ ਹੈ। ਇਸ ਦਾ ਸਬੰਧ ਅਪਰਾਧ ਸ਼ਾਸਤਰ ਨਾਲ ਵੀ ਹੈ ਜੋ ਦੱਸਦਾ ਹੈ ਕਿ ਅਪਰਾਧ ਕੀ ਹੈ ਅਤੇ ਮਨੁੱਖ ਅਪਰਾਧ ਕਿਉਂ ਕਰਦੇ ਹਨ? ਇਹ ਮਨੋਵਿਗਿਆਨ ਬਾਰੇ ਵੀ ਗਿਆਨ ਦਿੰਦਾ ਹੈ। ਜਿੱਥੇ ਇਹ ਰਾਜਨੀਤਕ ਸੰਗਠਨ ਦਾ ਅਧਿਐਨ ਕਰਦਾ ਹੈ, ਉੱਥੇ ਇਹ ਮਨੁੱਖੀ ਸਾਮੂਹਿਕ ਵਿਵਹਾਰ ਦੇ ਹੋਰਨਾਂ ਪਹਿਲੂਆਂ ਦੇ ਅਧਿਐਨ ਨੂੰ ਵੀ ਆਪਣੇ ਵਿਚ ਸਮੋਂਦਾ ਹੈ।"(359)

ਇਸ ਸੰਦਰਭ ਵਿਚ Arnold W. Green *'Sociology: An Analysis of life in Modern Society'* ਦਾ ਕਥਨ ਹੈ, "ਸਮਾਜ-ਸ਼ਾਸਤਰ ਮਨੁੱਖ ਦਾ ਉਸ ਦੇ ਸਮੱਸਤ ਸਮਾਜਕ ਸਬੰਧਾਂ ਦੇ ਰੂਪ ਵਿਚ ਸੰਸਲੇਸ਼ਣ ਕਰਨ ਵਾਲਾ ਅਤੇ ਸਾਧਾਰਨੀਕਰਨ ਵਾਲਾ ਵਿਗਿਆਨ ਹੈ।(4) ਇਸ ਪਰਿਭਾਸ਼ਾ ਰਾਹੀਂ Arnold W. Green ਸਮਾਜਕ ਸਬੰਧਾਂ ਦੇ ਸੰਸਲੇਸ਼ਣ (Synthesizing) ਵੱਲ ਸੰਕੇਤ ਕਰਦਾ ਹੋਇਆ ਇਸ ਨੂੰ ਸਧਾਰਨੀਕਰਨ ਦਾ ਵਿਗਿਆਨ ਵੀ ਦੱਸਦਾ ਹੈ ਅਤੇ ਸਮਾਜ ਨੂੰ ਸਿਧਾਂਤਕ ਪਰਿਪੇਖ ਵਿਚ ਪਰਖਦਾ ਹੈ। ਅਮਰੀਕੀ ਸਮਾਜ-ਸ਼ਾਸਤਰੀ Pascual Gilbert 'Fundamentalsof Sociology' ਅਨੁਸਾਰ, "ਸਮਾਜ-ਸ਼ਾਸਤਰ ਸਮਾਜ ਦਾ ਵਿਗਿਆਨ ਹੈ।"(8) Ogburn Nimkoff ਆਪਣੀ ਪੁਸਤਕ*'A Hand Book Of Sociology'* ਵਿਚ ਸਮਾਜ-ਸ਼ਾਸਤਰ ਨੂੰ ਸਮਾਜਕ ਜੀਵਨ ਦੇ ਅਧਿਐਨ ਵਜੋਂ ਮੰਨਦਾ ਹੈ। ਉਸ ਦਾ ਮੰਨਣਾ ਹੈ, "ਸਮਾਜ-ਸ਼ਾਸਤਰ ਸਮਾਜਕ ਜੀਵਨ ਦਾ ਵਿਗਿਆਨਕ ਅਧਿਐਨ ਹੈ। Sociology is the scientific study of social life." (13)

Samuel Koeings ਆਪਣੀ ਪੁਸਤਕ *'Sociology and Introduction to the science of society'* ਸਮਾਜ-ਸ਼ਾਸਤਰ ਨੂੰ ਪਰਿਭਾਸ਼ਤ ਕਰਦਾ ਹੋਇਆ ਕਹਿੰਦਾ ਹੈ,

> "ਸਮਾਜ-ਸ਼ਾਸਤਰ ਗਰੁੱਪਾਂ ਵਿਚ ਰਹਿੰਦੇ ਮਨੁੱਖ ਦੇ ਵਿਹਾਰ ਜਾਂ ਮਨੁੱਖੀ ਭਾਈਚਾਰੇ ਦੇ ਅੰਤਰ ਸਬੰਧਾਂ ਦਾ ਅਧਿਐਨ ਹੈ। ਇਹ ਮਨੁੱਖੀ ਸਬੰਧਾਂ ਦੇ ਸੁਭਾਅ ਅਤੇ ਮਨੋਰਥ ਦੇ ਇਨ੍ਹਾਂ ਢੰਗਾਂ ਨੂੰ ਵੀ ਸਮਝਣ ਦੇ ਆਹਰ ਵਿਚ ਰਹਿੰਦਾ ਹੈ। ਇਨ੍ਹਾਂ ਸਬੰਧਾਂ ਦੀਆਂ ਕਿਹੜੀਆਂ ਵਿਭਿੰਨ ਵੰਨਗੀਆਂ ਹਨ, ਇਹ ਕਿਵੇਂ ਪੈਦਾ ਹੁੰਦੇ ਹਨ, ਵਿਕਾਸ ਕਰਦੇ ਹਨ ਅਤੇ ਤਬਦੀਲ ਹੁੰਦੇ ਹਨ? ਉਨ੍ਹਾਂ ਅਕੀਦਿਆਂ ਅਤੇ ਪ੍ਰਥਾਵਾਂ ਨੂੰ ਵੀ ਸਮਝਣ ਦੇ ਯਤਨ ਵਿਚ ਰਹਿੰਦਾ ਹੈ ਜਿਹੜੀਆਂ ਇਨ੍ਹਾਂ ਨੂੰ ਰੂਪ ਪ੍ਰਦਾਨ ਕਰਦੀਆਂ ਹਨ।"(7)

ਸਮਾਜ-ਸ਼ਾਸਤਰੀ ਸਮਾਜ ਨੂੰ ਵਿਅਕਤੀਆਂ ਦਾ ਸਮੂਹ ਨਹੀਂ ਸਗੋਂ ਇਕ ਅਜਿਹਾ ਤਾਣਾ ਮੰਨਦੇ ਹਨ ਜੋ ਮਨੁੱਖਾਂ ਦੇ ਸਮਾਜਕ ਸੰਬੰਧਾਂ ਨਾਲ ਬੰਨਿਆ ਹੁੰਦਾ ਹੈ।ਸਮਾਜ-ਸ਼ਾਸਤਰ ਇਕ ਅਜਿਹਾ ਵਿਗਿਆਨ ਹੈ ਜਿਹੜਾ ਸਮਾਜਕ ਸਮੂਹ, ਉਨ੍ਹਾਂ ਦੇ ਅੰਦਰੂਨੀ ਰੂਪਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਪ੍ਰਕਿਰਿਆਵਾਂ ਨਾਲ ਸਬੰਧਤ ਹੈ। Max Weber ਦੇ ਸਮਾਜ ਸ਼ਾਸਤਰ ਸ਼ਬਦ ਦੇ ਅਰਥ ਗਤ ਰੂਪ ਅਤੇ ਇਸ ਦੀ ਉੱਤਪਤੀ ਬਾਰੇ ਵਿਚਾਰ ਉਸ ਦੀ ਆਪਣੀ ਪੁਸਤਕ *'Socialand Economics Organisation*' ਵਿਚ ਇਸ ਤਰ੍ਹਾਂ ਹਨ। ਸਮਾਜ-ਸ਼ਾਸਤਰ ਉਹ ਵਿਗਿਆਨ ਹੈ ਜਿਹੜਾ ਸਮਾਜਕ ਕਿਰਿਆਵਾਂ ਦਾ ਵਿਸ਼ਲੇਸ਼ਣਾਤਮਕ ਬੋਧ ਕਰਾਉਣ ਦਾ ਯਤਨ ਕਰਦਾ ਹੈ ਤਾਂ ਜੋ ਇਸ ਦੇ ਸਮਾਜਕ ਸਿਲਸਿਲੇ ਅਤੇ ਉਹਨਾਂ ਦੇ ਸਿੱਟਿਆਂ ਦੀ ਕਾਰਨ ਸਹਿਤ ਵਿਆਖਿਆ ਕੀਤੀ ਜਾ ਸਕੇ। ਸਮਾਜ-ਸ਼ਾਸਤਰ ਸਮਾਜਕ ਸਮੂਹਾਂ ਦਾ ਵਿਗਿਆਨ ਹੈ। ਸਮਾਜ-ਸ਼ਾਸਤਰ ਜਾਂ ਸਮਾਜ-ਵਿਗਿਆਨ ਸਮਾਜਕ ਘਟਨਾਵਾਂ ਦੇ ਆਪਸੀ ਸਬੰਧਾਂ ਅਤੇ ਲੋਕਾਂ ਦੇ ਸਮਾਜਕ ਆਚਰਣ ਨੂੰ ਸਮਾਜਕ ਤੱਥਾਂ ਦੇ ਸੰਦਰਭ ਵਿਚ ਪ੍ਰਗਟਾਅ ਵਿਆਖਿਆ ਅਤੇ ਵਿਸ਼ਲੇਸ਼ਣਾਤਮਕ ਕਰਨ ਵਾਲਾ ਵਿਗਿਆਨ ਹੈ। ਸਮਾਜ

ਦਾ ਸਮਾਜ ਸ਼ਾਸਤਰ ਤੋਂ ਅਧਿਐਨ ਕਰਨ ਦੇ ਮਹੱਤਵਪੂਰਨ ਕਦਮ ਸਮਾਜ ਵਿਗਿਆਨੀ 'ਮਾਰਕਸ' ਅਤੇ 'ਏਂਗਲਜ਼' ਦੁਆਰਾ ਵੀ ਚੁੱਕੇ ਗਏ।

ਭਾਰਤ ਵਿਚ ਸਮਾਜ ਸ਼ਾਸਤਰ ਦਾ ਆਗਾਜ਼ 1900 ਤੋਂ 1950 ਤੱਕ ਦੇ ਕਾਲ ਨੂੰ ਮੰਨਿਆ ਜਾਂਦਾ ਹੈ। ਇਸ ਦਾ ਆਰੰਭ ਐਮ.ਐਨ. ਸ਼੍ਰੀਨਿਵਾਸ ਦੇ ਸਮਾਜਿਕ ਸਬੰਧਾਂ, ਰਿਸ਼ਤੇਦਾਰੀ, ਨਾਤਾ ਪ੍ਰਣਾਲੀ ਅਤੇ ਜਾਤੀ ਪ੍ਰਥਾ ਦੇ ਸਿਧਾਂਤ ਤੋਂ ਹੁੰਦਾ ਹੈ। ਇਸ ਤੋਂ ਬਾਅਦ ਤਾਂ ਸਮਾਜ ਸ਼ਾਸਤਰ ਨੂੰ ਵਿਸ਼ੇ ਦੇ ਰੂਪ ਵਿਚ ਮੁੰਬਈ ਯੂਨੀਵਰਸਿਟੀ, ਲਖਨਊ ਯੂਨੀਵਰਸਿਟੀ ਅਤੇ ਇਕ ਹੋਰ ਸਮਾਜ ਸ਼ਾਸਤਰੀ ਬੀ. ਐਨ. ਸੀਲ ਦੇ ਯੋਗਦਾਨ ਨਾਲ ਕਲਕੱਤਾ ਯੂਨੀਵਰਸਿਟੀ ਵਿਚ ਹੋਣਾ ਸ਼ੁਰੂ ਹੋਇਆ। ਇਸ ਤੋਂ ਬਾਅਦ ਜੀ. ਐਸ. ਘੂਰੇ, ਕੇ. ਐਮ.ਕਪਾੜੀਆ, ਰਾਧਾ ਕਮਲ ਮੁਖ਼ਰਜੀ, ਵਿਨੈ ਕੁਮਾਰ ਆਦਿ ਭਾਰਤੀ ਸਮਾਜ ਸ਼ਾਸਤਰੀਆਂ ਨੇ ਇਸ ਲੀਹ ਨੂੰ ਅੱਗੇ ਤੋਰਿਆ।ਭਾਰਤੀ ਵਿਦਵਾਨਾਂ ਨੇ ਸਮਾਜ ਨੂੰ ਅਤੇ ਸਮਾਜ-ਸ਼ਾਸਤਰ ਨੂੰ ਆਪਣੀਆਂ ਪਰਿਭਾਸ਼ਾਵਾਂ ਰਾਹੀਂ ਬਹੁਤ ਸੰਖੇਪ ਰੂਪ ਵਿਚ ਵਿਅਕਤ ਕੀਤਾ ਹੈ। ਭਾਰਤੀ ਸਮਾਜ-ਸ਼ਾਸਤਰੀ ਐਮ. ਐਨ ਸ਼੍ਰੀਨਿਵਾਸ, ਡਾ. ਬੀ. ਆਰ ਅੰਬੇਦਕਰ, ਮਹਾਤਮਾ ਗਾਂਧੀ, ਰਾਮ ਕ੍ਰਿਸ਼ਨ ਮੁਖ਼ਰਜੀ, ਬੀ.ਕੇ ਨਾਗਲਾ, ਡੀ.ਪੀ. ਮੁਖ਼ਰਜੀ ਆਦਿ। ਭਾਰਤ ਵਿਚ ਹਿੰਦੀ ਵਿਦਵਾਨ ਜੇ. ਪੀ. ਸਿੰਘ ਆਪਣੀ ਪੁਸਤਕ 'ਸਮਾਜ ਸ਼ਾਸਤਰ ਅਵਧਾਰਣਾਏਂ ਏਵਮ ਸਿਧਾਂਤ' ਵਿਚ ਸਮਾਜ ਸ਼ਾਸਤਰ ਦੇ ਸੰਦਰਭ ਵਿਚ ਲਿਖਦੇ ਹਨ, "ਇਕ ਸਮਾਜ ਸ਼ਾਸਤਰੀ ਦਾ ਸਬੰਧ ਕਿਸੀ ਸਮੱਸਿਆ ਦੀ ਪ੍ਰਕਿਰਿਆਵਾਂ ਦੇ ਅਧਿਐਨ ਤੋਂ ਹੁੰਦਾ ਹੈ ਨਾ ਕਿ ਕਿਸੀ ਸਮੱਸਿਆਵਾਂ ਦੀ ਉੱਤਪਤੀ ਦੇ ਕਾਰਣਾਂ ਜਾਂ ਪਰਿਣਾਮਾਂ ਤੋਂ।"(37)

ਸਮਾਜ ਸ਼ਾਸਤਰ ਦੀ ਆਪਣੀ ਪਹੁੰਚ ਵਿਧੀ ਹੈ। ਆਪਣਾ ਇਕ ਅਲੱਗ ਕਾਰਜ ਖੇਤਰ ਹੈ ਜਿਸ ਦੇ ਆਧਾਰ ਤੇ ਉਹ ਸਮਾਜਿਕ ਸਮੱਸਿਆਵਾਂ ਦਾ ਸਮਾਜ ਸ਼ਾਸਤਰੀ ਪੱਖ ਤੋਂ ਅਧਿਐਨ ਕਰਦਾ ਹੈ। ਇਸ ਸੰਦਰਭ ਵਿਚ ਹਿੰਦੀ ਦੇ ਸੁਪ੍ਰਸਿੱਧ ਵਿਦਵਾਨ ਜੇ. ਪੀ. ਸਿੰਘ ਦਾ ਕਹਿਣਾ ਹੈ:

> "ਭਾਰਤੀ ਸਮਾਜ ਵਿਚ ਅਨੇਕ ਤਰ੍ਹਾਂ ਦੀਆਂ ਸਮੱਸਿਆਵਾਂ ਦੇਖੀਆਂ ਜਾ ਸਕਦੀਆਂ ਹਨ ਜਿਵੇਂ ਜਾਤੀਵਾਦ, ਸਮਾਜਿਕ ਅਸਮਾਨਤਾ, ਰਿਸ਼ਵਤਖੋਰੀ, ਗਰੀਬੀ, ਔਰਤਾਂ ਦੀ ਨਿਮਨ ਸਮਾਜਿਕ ਸਥਿਤੀ ਅਤੇ ਸ਼ੋਸ਼ਣ ਆਦਿ। ਇਹਨਾਂ ਸਮੱਸਿਆਵਾਂ ਦੇ ਨਿਦਾਨ ਲਈ ਇਹਨਾਂ ਨੂੰ ਸਮਝਣਾ ਹੋਵੇਗਾ ਅਤੇ ਇਸ ਨੂੰ ਸਮਝਣ ਲਈ ਸਭ ਤੋਂ ਪਹਿਲਾਂ ਸਾਨੂੰ ਆਪਣੇ ਸਮਾਜ ਨੂੰ ਡੂੰਘਾਈ ਨਾਲ ਸਮਝਣਾ ਹੋਵੇਗਾ। ਇਸ ਖੇਤਰ ਵਿਚ ਸਮਾਜ ਸ਼ਾਸਤਰ ਸਾਡੀ ਮਦਦ ਕਰ ਸਕਦਾ ਹੈ।"(22)

ਇਸ ਤੋਂ ਬਿਨਾਂ ਜੇ. ਪੀ. ਸਿੰਘ ਆਪਣੀ ਪੁਸਤਕ 'ਸਮਾਜ ਸ਼ਾਸਤਰ ਅਵਧਾਰਣਾਏਂ ਏਵਮ ਸਿਧਾਂਤ' ਵਿਚ ਲਿਖਦੇ ਹਨ:

> "ਹਮਾਰਾ ਸਮਾਜ ਅਨੇਕ ਸਮੱਸਿਆਓਂ ਸੇ ਘਿਰਾ ਹੁਆ ਹੈ ਜਿਸ ਮੇਂ ਭ੍ਰਿਸ਼ਟਾਚਾਰ, ਜਾਤੀਵਾਦ, ਦਲਿਤ ਏਵੰ ਪਛੜੀ ਜਾਤੀ ਕੇ ਸਾਥ ਅਨਿਆ, ਬਾਲ ਮਜਦੂਰੀ, ਰਾਜਨੀਤਿਕ ਅਪਰਾਧ, ਗ੍ਰਾਮੀਣੋਂ ਕੀ

ਸਮੱਸਿਆਏਂ ਆਦਿ। ਇਨ ਸਮੱਸਿਆਏਂ ਕੇ ਸਮਾਜਿਕ ਕਾਰਣੋਂ ਕੀ ਖੋਜ ਕਰ ਕੇ ਹਮ ਸਮਾਜ ਸ਼ਾਸਤਰ ਕੇ ਦੁਆਰਾ ਇਸ ਕੀ ਨਿਸ਼ਪਕਸ਼ ਵਿਆਿਖਿਆ ਕਰ ਸਕਤੇ ਹੈ।"(22)

ਪੰਜਾਬੀ ਸਮਾਜ-ਸ਼ਾਸਤਰੀ ਬਲਦੇਵ ਸਿੰਘ ਪੁਸਤਕ *'ਸਮਾਜ ਵਿਗਿਆਨ'* ਵਿਚ ਲਿਖਦੇ ਹਨ, "ਸਮਾਜਕ ਵਿਕਾਸ ਸਿਧਾਂਤ ਦਾ ਬਦਲਿਆ ਹੋਇਆ ਰੂਪ ਨਵ-ਵਿਕਾਸਵਾਦ ਹੈ। ਇਸ ਨੂੰ ਲਿਜ਼ਲੇ ਏ ਵਾਈਟ ਅਤੇ ਵੀ ਗੋਡਵਿਨ ਚਾਈਲਡ ਨੇ ਪੇਸ਼ ਕੀਤਾ। ਇਸ ਅਨੁਸਾਰ ਸੰਸਕ੍ਰਿਤੀ ਤਿੰਨ ਪੜ੍ਹਾਵਾਂ ਵਿਚੋਂ ਗੁਜ਼ਰਦੀ ਹੈ- ਜੰਗਲੀ, ਅਸਭਿਯ, ਸਭਿਯ।"(25)

ਮਨੁੱਖੀ ਸਮਾਜ ਦਾ ਵਸਤੂਗਤ ਚਿੰਤਨ ਕਰਨ ਵਾਲਾ ਸਮਾਜ-ਸ਼ਾਸਤਰ ਹੈ। ਸਮਾਜ ਵਿਚ ਮਨੁੱਖ ਇਕ ਸਦੱਸਯ ਦੇ ਰੂਪ ਵਿਚ ਵਿਚਰਦਾ ਹੈ। ਇਸ ਰੂਪ ਵਿਚ ਵਿਚਰਦਿਆਂ ਉਸ ਨੂੰ ਹਰੇਕ ਦੁੱਖ-ਸੁੱਖ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਆਰਥਿਕਤਾ ਕਾਰਨ ਸੰਘਰਸ਼, ਰਾਜਸੀ ਸੰਕਟ ਅਤੇ ਧਾਰਮਿਕ ਸੰਗਠਨਾਂ ਵਿਚਲੇ ਟਕਰਾਅ ਆਦਿ। ਮਨੁੱਖ ਦਾ ਇਕ ਦੂਜੇ ਮਨੁੱਖ ਨਾਲ ਕੰਮ ਪੈਂਦਾ ਰਹਿੰਦਾ ਹੈ ਜਿਸ ਕਾਰਨ ਸਥਿਤੀ ਟਕਰਾਅ 'ਤੇ ਵੀ ਪਹੁੰਚ ਜਾਂਦੀ ਹੈ ਅਤੇ ਸੰਕਟ ਦੀ ਸਥਿਤੀ ਬਣ ਜਾਂਦੀ ਹੈ। ਸਮਾਜ-ਸਾਸਤਰ ਦਾ ਅਧਿਐਨ ਇਹਨਾਂ ਸੰਕਟਾਂ ਦੀ ਗਹਿਰਾਈ ਅਤੇ ਦਿਸ਼ਾ ਦੀ ਸੂਝ-ਬੂਝ ਦੱਸਦਾ ਹੈ। ਸਮਾਜ-ਸ਼ਾਸਤਰ ਲਾਜ਼ਮੀ ਤੌਰ 'ਤੇ ਸਮਾਜ ਵਿਚ ਸਥਿਤ ਮਨੁੱਖ ਦਾ ਵਿਗਿਆਨਕ ਅਤੇ ਵਸਤੂਗਤ ਅਧਿਐਨ ਹੈ।ਇਹਨਾਂ ਸਮਾਜ ਸ਼ਾਸਤਰੀਆਂ ਦੀਆਂ ਪਰਿਭਾਸ਼ਾਵਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਅਸੀਂ ਸਮਾਜ ਸ਼ਾਸਤਰ ਰਾਹੀਂ ਮਨੁੱਖ ਦੇ ਸਮਾਜਿਕ ਜੀਵਨ ਨਾਲ ਸਬੰਧਿਤ ਲਗਭਗ ਹਰੇਕ ਪੱਖਾਂ ਦਾ ਇਸ ਵਿਧੀ ਰਾਹੀਂ ਅਧਿਐਨ ਕਰ ਸਕਦੇ ਹਾਂ। ਸਮਾਜ ਸ਼ਾਸਤਰ ਦੇ ਅੰਤਰਗਤ ਵਿਭਿੰਨ ਸਮਾਜਿਕ ਪ੍ਰਕਿਰਿਆਵਾਂ ਦਾ ਅਧਿਐਨ ਹੁੰਦਾ ਹੈ ਅਤੇ ਉਸ ਦੇ ਦੁਆਰਾ ਮਨੁੱਖ ਉੱਤੇ ਪੈਣ ਵਾਲੇ ਪ੍ਰਭਾਵਾਂ ਨੂੰ ਵੇਖਿਆ, ਪਰਖਿਆ ਅਤੇ ਘੋਖਿਆ ਜਾਂਦਾ ਹੈ। ਇਹਨਾਂ ਵਿਦਵਾਨਾਂ ਨੇ ਸਮਾਜ-ਸ਼ਾਸਤਰ ਨੂੰ ਮਾਨਵੀ ਜੀਵਨ ਦੇ ਹਰ ਇਕ ਪਹਿਲੂ ਦਾ ਅਧਿਐਨ ਸਵੀਕਾਰ ਕੀਤਾ ਹੈ। ਸਮਾਜ-ਸ਼ਾਸਤਰ ਮਾਨਵੀ ਜੀਵਨ ਦੇ ਵਿਭਿੰਨ ਪੱਖਾਂ ਸਮਾਜਕ, ਆਰਥਿਕ, ਧਾਰਮਿਕ, ਰਾਜਨੀਤਕ ਆਦਿ ਦਾ ਵਿਵੇਚਨ ਕਰਦਾ ਹੈ। ਸਮਾਜ ਅੰਦਰ ਵੱਖ-ਵੱਖ ਤਰ੍ਹਾਂ ਦੇ ਰੀਤੀ-ਰਿਵਾਜ਼, ਸਹਿਯੋਗ-ਅਸਹਿਯੋਗ ਆਦਿ ਤੱਤ ਮੌਜ਼ੂਦ ਹੁੰਦੇ ਹਨ ਜੋ ਕਿਸੇ ਨਾ ਕਿਸੇ ਰੂਪ ਵਿਚ ਸਮਾਜਕ ਸਬੰਧਾਂ ਉੱਪਰ ਆਧਾਰਤ ਹਨ। ਸਮਾਜ-ਸ਼ਾਸਤਰ ਇਨ੍ਹਾਂ ਸਮਾਜਕ ਸਬੰਧਾਂ ਦਾ ਵਿਸ਼ਲੇਸ਼ਣ ਕਰਦਾ ਹੈ।

ਜੇ. ਪੀ. ਸਿੰਘ ਦੀ ਪੁਸਤਕ 'ਸਮਾਜ ਸ਼ਾਸਤਰ ਅਵਧਾਰਣਾਏਂ ਏਵਮ ਸਿਧਾਂਤ' ਵਿਚ ਪੀ. ਏ. ਸ਼ੋਰੋਕਿਨ ਨੇ ਸਮਾਜ ਸ਼ਾਸਤਰ ਬਾਰੇ ਬਹੁਤ ਹੀ ਢੁੱਕਵੇਂ ਵਿਚਾਰ ਦਿੱਤੇ ਹਨ ਜੋ ਸਾਡੇ ਖੋਜ ਪ੍ਰਬੰਧ ਵਿਚ ਢੁੱਕਵੇਂ ਰੂਪ ਵਿਚ ਮਿਲਦੇ ਹਨ। ਪੀ. ਏ. ਸੋਰੋਕਿਨ ਨੇ ਸਮਾਜ ਸ਼ਾਸਤਰੀ ਵਿਧੀ ਅਤੇ ਸਿਧਾਂਤ ਬਾਰੇ ਜੋ ਵਿਚਾਰ ਦਿੱਤੇ ਹਨ ਉਹ ਹੇਠ ਲਿਖੇ ਹਨ: "ਨਿਮਨਲਿਖਿਤ ਸਮਾਜਿਕ ਤੱਥਯ ਸਮਾਜ ਸ਼ਾਸਤਰ ਕੀ ਵਿਸ਼ਯ ਵਸਤੂ ਹੈ- ਧਾਰਮਿਕ, ਰਾਜਨੀਤਿਕ, ਸਮਾਜਿਕ, ਆਰਥਿਕ ਆਦਿ ਘਟਨਾਔਂ ਔਰ ਉਨਕੇ ਬੀਚ ਪਾਏ ਜਾਨੇ ਵਾਲੇ ਸਹਿਸਬੰਧ।"(8)

ਇਸ ਤੋਂ ਅੱਗੇ ਜੇ. ਪੀ. ਆਪਣੀ ਪੁਸਤਕ ਵਿਚ ਅਮਰੀਕੀ ਸਮਾਜ ਸ਼ਾਸਤਰੀ Max Weber ਦੇ ਵਿਚਾਰਾਂ ਨੂੰ ਸਪੱਸ਼ਟ ਕਰਦੇ ਹਨ। ਉਹ ਲਿਖਦੇ ਹਨ ਕਿ ਕਿਵੇਂ ਵਿਦੇਸ਼ੀ ਸਮਾਜ ਸ਼ਾਸਤਰੀ ਸਮਾਜ ਸ਼ਾਸਤਰ ਦੇ ਸਿਧਾਂਤ ਨੂੰ ਸਪੱਸ਼ਟ ਕਰਦੇ ਹਨ ਤਾਂ ਜੋ ਕੋਈ ਵੀ ਸ਼ੰਕੇ ਨਾ ਰਹਿਣ। ਮੈਕਸ ਵੈਬਰ ਦੇ ਸ਼ਬਦਾਂ ਰਾਹੀਂ:

"ਸਮਾਜ ਸ਼ਾਸਤਰ ਵਹ ਵਿਗਿਆਨ ਹੈ ਜੋ ਸਮਾਜਿਕ ਕਿਰਿਆ ਕਾ ਵਿਗਿਆਨਿਕ ਵਿਸ਼ਲੇਸ਼ਣ ਕਰਤਾ ਹੈ। ਧਰਮ, ਆਰਥਿਕ ਕਾਰਯਕਲਾਪ, ਸੱਤਾ, ਸ਼ਾਸਨਤੰਤਰ ਆਦਿ ਕੋ ਸਮਾਜ ਸ਼ਾਸਤਰ ਕੇ ਅੰਤਰਗਤ ਰੱਖਾ ਜਾ ਸਕਤਾ ਹੈ।"(8)

ਇਸ ਤੋਂ ਬਿਨਾਂ ਵਿਦੇਸ਼ੀ ਸਮਾਜ ਸ਼ਾਸਤਰੀ Herbert Spencer ਆਪਣੀ ਪੁਸਤਕ *'Principle of Sociology'* ਵਿਚ ਲਿਖਦੇ ਹਨ: "ਸਮਾਜ ਸ਼ਾਸਤਰ ਦੇ ਅੰਤਰਗਤ ਪਰਿਵਾਰ, ਰਾਜਨੀਤੀ, ਧਰਮ, ਸਾਮਾਜਿਕ ਨਿਯੰਤਰਣ ਆਦਿ ਨੂੰ ਰੱਖਿਆ ਜਾ ਸਕਦਾ ਹੈ।"(22) Morris Ginsburg ਆਪਣੀ ਪੁਸਤਕ *'Sociology'* ਰਾਹੀਂ ਆਪਣੇ ਵਿਚਾਰ ਦਿੰਦੇ ਹੋਏ ਕਹਿੰਦੇ ਹਨ:

> "ਸਮਾਜ ਸ਼ਾਸਤਰ ਦੇ ਅਧਿਐਨ ਦਾ ਇਕ ਉਦੇਸ਼ ਇਹ ਵੀ ਪਤਾ ਲਗਾਉਣਾ ਹੈ ਕਿ ਸਮਾਜਿਕ ਜੀਵਨ ਵਿਭਿੰਨ ਪ੍ਰਕਾਰ ਦੇ ਕਾਰਨਾਂ ਕਰ ਕੇ ਕਿਸ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ ਅਤੇ ਵਿਭਿੰਨ ਪ੍ਰਕਾਰ ਦੇ ਸਮਾਜਿਕ ਕਾਰਕਾਂ ਜਿਵੇਂ-ਆਰਥਿਕ, ਰਾਜਨੀਤਿਕ, ਨੈਤਿਕ, ਧਾਰਮਿਕ, ਕਾਨੂੰਨੀ, ਬੌਧਿਕ ਕਾਰਕਾਂ ਵਿਚਕਾਰ ਕਿਸ ਤਰ੍ਹਾਂ ਦਾ ਅੰਤਰ ਸਬੰਧ ਹੈ।" (17-18)


ਇਕ ਹੋਰ ਵਿਦੇਸ਼ੀ ਲੇਖਕ Jonathan H Turner ਆਪਣੀ ਪੁਸਤਕ'The Structure Of Sociological Theory' ਵਿਚ ਸਮਾਜ ਸ਼ਾਸਤਰ ਬਾਰੇ ਆਪਣੇ ਵਿਚਾਰ ਦਿੰਦੇ ਹੋਏ ਲਿਖਦੇ ਹਨ:"The goal of sociology is the grain knowledge about the nature of human organization." (1)

> "Sociology as a science is to examine where all kinds of belief system that have been used to interpret events and to generate knowledge about human affairs.'' (2)

Lala Hardayal Hints for self culture ਲਾਲਾ ਹਰਦਿਆਲ ਜਿਹੇ ਪ੍ਰਸਿੱਧ ਚਿੰਤਕ ਨੇ ਸਮਾਜ ਵਿਚਲੇ ਪੰਜ ਤੱਤ ਸਮਾਜਿਕ ਬਣਤਰ ਲਈ ਚੁਣੇ ਹਨ। 1. ਪਰਿਵਾਰ 2. ਰਿਸ਼ਤੇਦਾਰ 3. ਪਿੰਡ ਜਾਂ ਸ਼ਹਿਰ 4. ਕੌਮ 5. ਵਿਸ਼ਵ ਰਾਜ।"(229) ਇਸ ਤੋਂ ਬਿਨਾਂ ਹਿੰਦੀ ਵਿਦਵਾਨ ਡਾ. ਸੀ. ਪੀ ਭਟਨਾਗਰ 'C.P. Bhatnagar The Crisis in Indian Society' ਦੁਆਰਾ ਕੀਤੀ ਸਮਾਜ ਬਣਤਰ ਦੀ ਵੰਡ ਵਧੇਰੇ ਢੁੱਕਵੀਂ ਪ੍ਰਤੀਤ ਹੁੰਦੀ ਹੈ। 1. ਮਨੁੱਖ, 2. ਪਰਿਵਾਰ, 3. ਵਾਤਾਵਰਣ, 4. ਕੌਮ, 5. ਅਨੁਸ਼ਾਸਨ, 6. ਵਿਰਸਾ, 7. ਸਾਂਝਾ ਮੰਤਵ, 8. ਸਾਂਝੀ ਚੇਤਨਾ, 9. ਨੈਤਿਕ ਦ੍ਰਿਸ਼ਟੀ।"(17)

ਇਹਨਾਂ ਤੱਤਾਂ ਨੂੰ ਸਮਾਜਕ ਬਣਤਰ ਲਈ ਮੂਲ ਆਧਾਰ ਮੰਨਣਾ ਠੀਕ ਹੈ ਕਿਉਂ ਕਿ ਇਹਨਾਂ ਤੱਤਾਂ ਦੇ ਆਧਾਰ ’ਤੇ ਹੀ ਅਸੀਂ ਸਮਾਜਕ ਬਣਤਰ ਨੂੰ ਸੁਚੱਜੇ ਢੰਗ ਨਾਲ ਜਾਣ ਸਕਦੇ ਹਾਂ। ‘ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਦਾ ਸਮਾਜ ਸ਼ਾਸਤਰੀ ਅਧਿਐਨ’ ਵਿਚ ਵਿਸ਼ੇ ਨਾਲ ਸਬੰਧਤ ਪੰਜਾਬੀ ਗ਼ਜ਼ਲਕਾਰਾਂ ਨੇ ਇਹਨਾਂ ਸਮਾਜਿਕ ਮਸਲਿਆਂ ਦਾ ਆਪਣੀਆਂ ਰਚਨਾਵਾਂ ਵਿਚ ਬਖ਼ਾਨ ਕੀਤਾ ਹੈ ਜਿਸ ਦਾ ਅਸੀਂ ਆਪਣੀ ਸਮਝ ਅਨੁਸਾਰ ਸਮਾਜ ਸ਼ਾਸਤਰੀ ਅਧਿਐਨ ਕਰਦੇ ਹਾਂ।

ਹੇਠਾਂ ਦਿੱਤੇ ਚਿਤਰ ਵਿਚ ਸਮਾਜ-ਸ਼ਾਸ਼ਤਰ ਵਿਧੀ ਬਾਰੇ ਬਿਆਨ ਕੀਤਾ ਗਿਆ ਹੈ




**ਖਾਕਾ ਨੰ-1**

### 1.6.2 ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ

ਕਿਸੇ ਵੀ ਵਿਸ਼ੇ ਖੇਤਰ ਤੋਂ ਭਾਵ ਅਧਿਐਨ ਦੇ ਖੇਤਰ ਨੂੰ ਮੰਨਿਆ ਜਾਂਦਾ ਹੈ। ਕਿਸੇ ਵੀ ਵਿਗਿਆਨ ਦੀ ਜਾਣਕਾਰੀ ਦਾ ਆਪਣਾ ਇਕ ਕੇਂਦਰ ਹੁੰਦਾ ਹੈ। ਜਦੋਂ ਤੱਕ ਇਸ ਕੇਂਦਰ ਦੀ ਤਹਿ ਤੱਕ ਨਾ ਪਹੁੰਚਿਆ ਜਾਵੇ ਤਾਂ ਕਿਸੇ ਵੀ ਵਿਗਿਆਨ ਦਾ ਅਧਿਐਨ ਔਖਾ ਹੋ ਜਾਂਦਾ ਹੈ। ਸਮਾਜ ਸ਼ਾਸਤਰ ਇਕ ਵਿਗਿਆਨ ਹੈ ਅਤੇ ਇਸ ਦੀ ਆਪਣੀ ਸੀਮਾ, ਖੇਤਰ ਅਤੇ ਕੇਂਦਰ ਹੈ। ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ ਵਿਅਕਤੀਆਂ ਦੀ ਆਪਸੀ ਅੰਤਰ ਕਿਰਿਆ ਹੈ ਜਿਵੇਂ ਕਿਸੇ ਵਿਅਕਤੀ ਦਾ ਸਮਾਜ ਨਾਲ ਸਬੰਧ, ਦੁਕਾਨਦਾਰ ਦਾ ਗ੍ਰਾਹਕ ਨਾਲ ਸਬੰਧ, ਅਧਿਆਪਕ ਦਾ ਵਿਦਿਆਰਥੀ ਨਾਲ ਸਬੰਧ ਅਤੇ ਵਿਅਕਤੀਆਂ ਦਾ ਪਰਿਵਾਰ ਨਾਲ, ਸਮਾਜ ਨਾਲ ਆਪਸੀ ਅੰਤਰ ਕਿਰਿਆ ਨੂੰ ਵੇਖਿਆ ਜਾ ਸਕਦਾ ਹੈ। ਸਮਾਜ ਸ਼ਾਸਤਰ ਦੇ ਮੋਢੀ ਅਗਸਤੇ ਕਾਮਤੇ, ਹਰਬਰਟ ਸਪੈਂਸਰ, ਇਮਾਈਲ ਦੁਰਖ਼ੀਮ, ਗਿੰਡਿਗਸ ਆਦਿ ਹੋਰ ਸਮਾਜ ਸ਼ਾਸਤਰੀਆਂ ਨੇ ਸਮਾਜ ਸ਼ਾਸਤਰ ਦੀ ਖੋਜ ਵਿਚ ਇਕ ਦਾਇਰਾ ਨਿਸ਼ਚਿਤ ਕੀਤਾ ਹੈ ਜਿਸ ਦੇ ਦਾਇਰੇ ਵਿਚ ਸਮਾਜ ਸ਼ਾਸਤਰ ਦੇ ਵਿਸ਼ੇ ਖੇਤਰ ਵਿਚ ਦੋ ਸਕੂਲ ਆਉਂਦੇ ਹਨ: ਸਰੂਪਆਤਮਕ ਸਕੂਲ (Formalistic School), ਮਿਸ਼ਰਤ ਸਕੂਲ (Synthetic School)।

**ਸਰੂਪਆਤਮਕ ਸਕੂਲ (Formalistic School):** ਸਰੂਪਆਤਮਕ ਸਕੂਲ ਦੇ ਵਿਚਾਰਕ ਜਾਰਜ ਸਿਮਲ (George Simmel), ਫ਼ਰਡੀਨੈਂਟ ਟੋਨਿਸ (Ferdinent Tonniz), ਮੈਕਸ ਵੈਬਰ (Mex Weber), ਐਲਫ਼ਰਡ ਵੀਰਕਾਂਤ, ਲਿਓਪਰਡ ਵੈਨਵੀਸ (Leopord Venveice) ਹਨ। ਇਹ ਵਿਚਾਰਕ ਸਮਾਜ ਸ਼ਾਸਤਰ ਨੂੰ ਇਕ ਸਮਾਜ ਵਿਗਿਆਨ ਵਜੋਂ ਤਵੱਜੋ ਦਿੰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਇਸ ਦਾ ਆਪਣਾ ਇਕ ਵਿਸ਼ੇਸ਼ ਅਤੇ ਨਿਸ਼ਚਿਤ ਖ਼ੇਤਰ ਹੈ ਜਿਸ ਵਿਚ ਸਮੁੱਚੇ ਸਮਾਜਿਕ ਜੀਵਨ ਦਾ ਅਧਿਐਨ ਸੰਭਵ ਨਹੀਂ ਹੈ ਕਿਉਂਕਿ ਇਸਦਾ ਵਿਸ਼ਾ ਖ਼ੇਤਰ ਸੀਮਿਤ ਹੈ। ਸਭ ਤੋਂ ਖ਼ਾਸ ਗੱਲ ਹੈ ਕਿ ਸਰੂਪਆਤਮਕ ਸਕੂਲ ਦਾ ਵਿਚਾਰਕ ਸਮਾਜ ਸ਼ਾਸਤਰ ਨੂੰ ਸਮਾਜਿਕ ਸਬੰਧਾਂ ਦੇ ਵੱਖ-ਵੱਖ ਰੂਪਾਂ ਨਾਲ ਸਬੰਧਤ ਮੰਨਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਸਮਾਜ ਸ਼ਾਸਤਰ ਦਾ ਵਿਸ਼ਾ ਖ਼ੇਤਰ ਮਨੁੱਖ ਦੇ ਸਮਾਜਿਕ ਸਬੰਧਾਂ ਦੇ ਵਿਸ਼ੇਸ਼ ਰੂਪਾਂ, ਵਿਵਹਾਰਾਂ ਅਤੇ ਕਿਰਿਆਵਾਂ ਦੇ ਅਧਿਐਨ ਨਾਲ ਤਾਲਮੇਲ ਰੱਖਦਾ ਹੈ। ਇਸ ਸਬੰਧ ਵਿਚ ਅਮਰੀਕੀ ਸਮਾਜ ਸ਼ਾਸਤਰੀ 'ਜਾਰਕ ਸਿਮਲ' ਇਸ ਸੰਦਰਭ ਵਿਚ ਆਪਣੇ ਵਿਚਾਰ ਦਿੰਦੇ ਹਨ ਕਿ ਸਮਾਜ ਸ਼ਾਸਤਰ ਮਨੁੱਖ ਦੇ ਅੰਤਰ ਸਬੰਧਾਂ ਦਾ ਵਿਗਿਆਨ ਹੈ। ਜਰਮਨ ਸਮਾਜ ਸ਼ਾਸਤਰੀ ਫ਼ਰਡੀਨੈਂਟ ਟੋਨਿਜ਼ ਕਹਿੰਦੇ ਹਨ ਕਿ ਸਮਾਜ ਨੂੰ ਸਮਾਜ ਦੇ ਮੈਂਬਰਾਂ ਵਿਚਲੀ ਨੇੜਤਾ ਅਤੇ ਅੰਤਰ ਕਿਰਿਆ ਦੇ ਆਧਾਰ ਤੇ ਦੋ ਸ਼੍ਰੇਣੀਆਂ 'ਸਮੁਦਾਇ' ਅਤੇ 'ਸਭਾ' ਵਿਚ ਵੰਡਿਆ ਗਿਆ ਹੈ। ਸਮਾਜ ਸ਼ਾਸਤਰ ਇਹਨਾਂ ਦੋ ਸ਼੍ਰੇਣੀਆਂ ਵਿਚਲੇ ਸਮਾਜਿਕ ਸਬੰਧਾਂ ਦਾ ਅਧਿਐਨ ਕਰਦਾ ਹੈ। ਇਸ ਸੰਦਰਭ ਵਿਚ ਮੈਕਸ ਵੈਬਰ ਦੇ ਵਿਚਾਰ ਵੀ ਸਾਹਮਣੇ ਆਉਂਦੇ ਹਨ ਸਮਾਜ ਸ਼ਾਸਤਰ ਵਿਗਿਆਨ ਹੈ ਜੋ ਸਮਾਜਿਕ ਕਿਰਿਆਵਾਂ ਦੀ ਵਿਆਖਿਆ ਕਰਦਾ ਹੈ ਅਤੇ ਸਮਝਦਾ ਹੈ। ਸਮਾਜਿਕ ਕਿਰਿਆਵਾਂ ਮਨੁੱਖੀ ਸਬੰਧਾਂ ਦੇ ਸਮੁੱਚੇ ਖ਼ੇਤਰਾਂ ਨੂੰ ਸ਼ਾਮਿਲ ਨਹੀਂ ਕਰਦੀਆਂ ਭਾਵੇਂ ਕਿ ਸਾਰੀਆਂ ਮਨੁੱਖੀ ਅੰਤਰ ਕਿਰਿਆਵਾਂ ਸਮਾਜਿਕ ਨਹੀਂ ਹੁੰਦੀਆਂ।

**ਮਿਸ਼ਰਤ ਸਕੂਲ (Synthetic School):** ਮਿਸ਼ਰਤ ਸਕੂਲ ਦੇ ਵਿਚਾਰਕ ਇਮਾਈਲ ਦੁਰਖ਼ੀਮ (Emille Durkheim), ਐਲ. ਟੀ. ਹਾਬਹਾਊਸ (L.T Hobbhouse), ਪੀ. ਸੋਰੋਕਿਨ (P. Sorokin) ਆਦਿ ਹਨ ਜੋ ਸਮਾਜ ਸ਼ਾਸਤਰ ਨੂੰ ਸਾਰੇ ਸਮਾਜ ਵਿਗਿਆਨਾਂ ਦਾ ਮਿਸ਼ਰਨ ਮੰਨਦੇ ਹਨ। ਉਹ ਮੰਨਦੇ ਹਨ ਕਿ ਸਮਾਜ ਸ਼ਾਸਤਰ ਦੂਜੇ ਵਿਗਿਆਨਾਂ ਤੋਂ ਪ੍ਰਭਾਵਿਤ ਵੀ ਹੁੰਦਾ ਹੈ ਅਤੇ ਉਹਨਾਂ ਨੂੰ ਪ੍ਰਭਾਵਿਤ ਵੀ ਕਰਦਾ ਹੈ। ਮਿਸ਼ਰਤ ਸਕੂਲ ਦੇ ਵਿਚਾਰਕਾਂ ਦੀ ਇਹ ਧਾਰਨਾ ਹੈ ਕਿ ਸਮਾਜਿਕ ਜੀਵਨ ਦੇ ਸਾਰੇ ਪਹਿਲੂ ਹੀ ਅੰਤਰ ਸਬੰਧਤ ਹੁੰਦੇ ਹਨ। ਇਸ ਲਈ ਸਮਾਜ ਸ਼ਾਸਤਰ ਸਮਾਜਿਕ ਜੀਵਨ ਦਾ ਅਧਿਐਨ ਕਰਦਾ ਹੈ। ਇਹ ਅਜਿਹਾ ਸ਼ਾਸਤਰ ਹੈ ਜੋ ਸਮਾਜਿਕ ਜੀਵਨ ਦੇ ਸਾਰੇ ਤੱਥਾਂ ਦਾ ਅਧਿਐਨ ਕਰਦਾ ਹੈ। ਇਸ ਸੰਦਰਭ ਵਿਚ ਐਲ. ਟੀ. ਹਾਬਹਾਊਸ ਦੇ ਵਿਚਾਰਾਂ ਨੂੰ ਦੇਖਦੇ ਹਾਂ। ਉਹ ਕਹਿੰਦੇ ਹਨ ਕਿ ਸਮਾਜ ਸ਼ਾਸਤਰ ਵਿਗਿਆਨ ਹੈ ਜੋ ਮਨੁੱਖ ਦੇ ਪੂਰੇ ਸਮਾਜਿਕ ਜੀਵਨ ਨੂੰ ਆਪਣਾ ਖ਼ੇਤਰ ਬਣਾਉਂਦੇ ਹਨ। ਇਸ ਦਾ ਦੂਜੇ ਸਮਾਜਿਕ ਵਿਗਿਆਨਾਂ ਨਾਲ ਸਬੰਧ ਆਪਸੀ ਲੈਣ-ਦੇਣ ਅਤੇ ਉਤਸ਼ਾਹ ਕਾਰਨ ਹੈ। ਉਦਾਹਰਨ ਦੇ ਤੌਰ ਤੇ ਅਸੀਂ ਪਰਿਵਾਰ ਦੇ ਅਸੰਗਠਨ ਦੇ ਕਾਰਨਾਂ ਦਾ ਅਧਿਐਨ ਅਤੇ ਵਰਗੀਕਰਨ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਅਰਥ ਸ਼ਾਸਤਰ, ਮਨੋਵਿਗਿਆਨ ਅਤੇ ਦੂਜੇ ਸਮਾਜਿਕ ਵਿਗਿਆਨਾਂ ਦੀ ਮਦਦ ਲੈਣੀ ਪਵੇਗੀ। ਹਾਬਹਾਊਸ ਦੀ ਪਰਿਭਾਸ਼ਾ ਤੋਂ ਸਾਨੂੰ ਇਸ ਬਾਰੇ ਹੋਰ ਵੀ ਸਪੱਸ਼ਟੀਕਰਨ ਮਿਲ ਜਾਂਦਾ ਹੈ।

### 1.6.3 ਸਮਾਜ ਸ਼ਾਸਤਰੀ ਅਧਿਐਨ ਵਿਧੀ : ਵਿਗਿਆਨਕ ਉਸਾਰੀ

ਸਮਾਜ ਸ਼ਾਸਤਰ ਵਿਗਿਆਨਕ ਵਿਧੀ ਨੂੰ ਲਾਗੂ ਕਰਦਾ ਹੈ ਅਤੇ ਇਹ ਸਮਝਾਉਣ ਦਾ ਯਤਨ ਕਰਦਾ ਹੈ ਕਿ ਸਮੂਹ ਦੇ ਲੋਕ ਕਿਸ ਤਰ੍ਹਾਂ ਆਪਣੇ ਜੀਵਨ ਵਿਚ ਵਿਚਰਦੇ ਹਨ ਅਤੇ ਸਮਾਜਿਕ ਘਟਨਾਵਾਂ ਤੋਂ ਕਿਵੇਂ ਪ੍ਰਭਾਵਿਤ ਹੁੰਦੇ ਹਨ। ਇਸ ਤਰ੍ਹਾਂ ਵਿਗਿਆਨਕ ਵਿਸ਼ਲੇਸ਼ਣ ਕਰਨ ਨਾਲ ਸਾਨੂੰ ਸਮਾਜਿਕ ਮਾਪਦੰਡਾਂ ਨੂੰ ਸਮਝਣ ਵਿਚ ਮਦਦ ਮਿਲਦੀ ਹੈ।

ਸਮਾਜ ਸ਼ਾਸਤਰ ਵਿਚ ਸਮਾਜਿਕ ਸਬੰਧਾਂ, ਸਮਾਜਿਕ ਅੰਤਰ ਕਿਰਿਆਵਾਂ, ਸਮਾਜਿਕ ਵਿਹਾਰ ਅਤੇ ਸਮਾਜ ਦਾ ਅਧਿਐਨ ਮਹਿਜ਼ ਕਲਪਨਾ ਦੇ ਆਧਾਰ 'ਤੇ ਨਹੀਂ ਕੀਤਾ ਜਾ ਸਕਦਾ। ਇਸ ਦਾ ਅਧਿਐਨ ਕਰਨ ਲਈ ਵਿਗਿਆਨਕ ਪੱਧਤੀ ਦਾ ਸਹਾਰਾ ਲੈਣਾ ਪੈਂਦਾ ਹੈ। ਵਿਗਿਆਨਕ ਪੱਧਤੀ ਦੁਆਰਾ ਹੀ ਪਰਖ਼-ਪੜਚੋਲ ਅਤੇ ਸਮਾਜਿਕ ਨਿਯਮਾਂ ਜਾਂ ਸਿਧਾਂਤਾਂ ਦਾ ਨਿਰਮਾਣ ਕੀਤਾ ਜਾਂਦਾ ਹੈ।

ਸਮਾਜ ਸ਼ਾਸਤਰ ਦਾ ਗਿਆਨ ਪਰਮਾਣਾਂ 'ਤੇ ਆਧਾਰਿਤ ਹੈ ਕਿਉਂ ਕਿ ਸਮਾਜ ਸ਼ਾਸਤਰੀ ਹਰ ਗੱਲ ਨੂੰ ਬੱਲਪੂਰਵਕ ਮੰਨਣ ਨੂੰ ਸਹੀ ਨਹੀਂ ਸਮਝਦੇ ਬਲਕਿ ਉਹ ਤੱਥਾਂ ਅਤੇ ਪਰਮਾਣਾਂ ਦੇ ਆਧਾਰ 'ਤੇ ਇਸ ਦੀ ਵਿਆਖਿਆ ਕਰਦੇ ਹਨ ਅਤੇ ਇਸ ਨੂੰ ਮੰਨਦੇ ਹਨ।

ਸਮਾਜ ਸ਼ਾਸਤਰ ਸਿਰਫ਼ ਤੱਥਾਂ ਦੇ ਆਧਾਰ 'ਤੇ ਇਸ ਦਾ ਵਰਣਨ ਹੀ ਨਹੀਂ ਕਰਦਾ ਸਗੋਂ ਵਿਆਖਿਆ ਵੀ ਕਰਦਾ ਹੈ। ਵਿਗਿਆਨਕ ਪੱਧਤੀ ਦੁਆਰਾ ਤੱਥਾਂ ਨੂੰ ਕਲਪਨਾ ਦੀ ਰੰਗਣ ਵਿਚ ਵਧਾ-ਚੜਾ ਕੇ ਪੇਸ਼ ਨਹੀਂ ਕੀਤਾ ਜਾਂਦਾ ਸਗੋਂ

ਵਾਸਤਵਿਕ ਘਟਨਾਵਾਂ ਦਾ (ਜਿਨ੍ਹਾਂ ਨੂੰ ਮਨੁੱਖ ਆਪਣੇ ਆਲੇ-ਦੁਆਲੇ ਵਿਚ ਘਟਿਤ ਹੁੰਦਾ ਵੇਖਦਾ ਹੈ) ਦਾ ਵਿਗਿਆਨਕ ਪੱਖੋਂ ਅਧਿਐਨ ਕਰਦਾ ਹੈ।

ਸਮਾਜ ਸ਼ਾਸਤਰ ਵਿਚ ਵਿਗਿਆਨਕ ਪੱਧਤੀ ਦੁਆਰਾ ਇਕੱਠੇ ਕੀਤੇ ਅੰਕੜਿਆਂ ਨੂੰ ਇਕ ਲੜੀ ਵਿਚ ਪਰੋਣ ਲਈ ਵਿਗਿਆਨਕ ਵਰਗੀਕਰਨ ਕੀਤਾ ਜਾਂਦਾ ਹੈ ਅਤੇ ਤੱਥਾਂ ਦੇ ਆਧਾਰ ’ਤੇ ਉਸ ਦੇ ਸਿੱਟੇ ਕੱਢੇ ਜਾਂਦੇ ਹਨ। ਜੋ ਕਿ ਸਮਾਜ ਸ਼ਾਸਤਰ ਨੂੰ ਇਕ ਵਿਗਿਆਨ ਦੇ ਰੂਪ ਵਿਚ ਸਵੀਕਾਰ ਕਰਦੇ ਹਨ।

ਸਮਾਜ ਸ਼ਾਸਤਰ ਆਪਣੇ ਵਿਸ਼ੇ ਵਸਤੂ ਵਿਚ ਆਪਸੀ ਸਬੰਧਾਂ ਦੀ ਖੋਜ ਕਰਦਾ ਹੈ। ਇਸ ਦਾ ਉਦੇਸ਼ ਵਿਭਿੰਨ ਸਮਾਜਿਕ ਘਟਨਾਵਾਂ ਦੇ ਅੰਕੜੇ ਇਕੱਠੇ ਕਰਨਾ ਹੀ ਨਹੀਂ ਹੈ ਬਲਕਿ ਉਹਨਾਂ ਤੋਂ ਹੋਣ ਵਾਲੇ ਸਿੱਟਿਆਂ ਨੂੰ ਵੀ ਪੇਸ਼ ਕਰਨਾ ਹੈ। ਸਮਾਜ ਸ਼ਾਸਤਰ ਵਿਚ ਇਹ ਸਭ ਕੁੱਝ ਤੁਲਨਾਤਮਕ ਪੱਧਤੀ ’ਤੇ ਹੀ ਸੰਭਵ ਹੁੰਦਾ ਹੈ।

ਸਮਾਜ ਸ਼ਾਸਤਰ ਵਿਚ ਵਿਗਿਆਨਕ ਪੱਧਤੀ ਦੁਆਰਾ ਅਧਿਐਨ ਕੀਤੇ ਜਾਂਦੇ ਹਨ ਅਤੇ ਸਮਾਜਿਕ ਵਾਸਤਵਿਕਤਾ ਨੂੰ ਸਮਝਣ ਦਾ ਯਤਨ ਕੀਤਾ ਜਾਂਦਾ ਹੈ।

ਜਰਮਨ ਵਿਦਵਾਨ ਰੋਬਰਟ ਬੀਰਸਟੀਡ **(Robert Bierstedt)** ਦਾ ਮੰਨਣਾ ਹੈ ਕਿ ਸਮਾਜ ਸ਼ਾਸਤਰ ਦੀ ਵਾਸਤਵਿਕ ਪ੍ਰਕ੍ਰਿਤੀ ਵਿਗਿਆਨਕ ਹੈ।

**ਸਮਾਜ ਸ਼ਾਸਤਰ ਸਮਾਜਿਕ ਵਿਗਿਆਨ:** ਰੋਬਰਟ ਮੰਨਦੇ ਹਨ ਕਿ ਸਮਾਜ ਸ਼ਾਸਤਰ ਪ੍ਰਾਕ੍ਰਿਤਕ ਵਿਗਿਆਨ ਨਾ ਹੋ ਕੇ ਇਕ ਸਮਾਜਿਕ ਵਿਗਿਆਨ ਹੈ ਕਿਉਂ ਕਿ ਇਸ ਦੀ ਵਿਸ਼ੇ ਵਸਤੂ ਮੌਲਿਕ ਰੂਪ ਵਿਚ ਸਮਾਜਿਕ ਹੈ। ਇਸ ਵਿਚ ਸਮਾਜ ਅਤੇ ਸਮਾਜ ਵਿਚਲੀਆਂ ਘਟਨਾਵਾਂ, ਸਮਾਜਿਕ ਪ੍ਰਕਿਰਿਆਵਾਂ, ਸਮਾਜਿਕ ਸਬੰਧਾਂ ਅਤੇ ਸਮਾਜਿਕ ਤੱਥਾਂ ਦਾ ਅਧਿਐਨ ਕੀਤਾ ਜਾਂਦਾ ਹੈ। ਇਹਨਾਂ ਦਾ ਭੌਤਿਕਤਾ ਨਾਲ ਕੋਈ ਸਬੰਧ ਨਹੀਂ ਹੈ। ਸਮਾਜ ਸ਼ਾਸਤਰ ਸਮਾਜਿਕ ਵਿਗਿਆਨ ਨਹੀਂ ਹੈ ਪਰ ਸਮਾਜਿਕ ਵਿਗਿਆਨਾਂ ਵਿਚੋਂ ਇਕ ਵਿਗਿਆਨ ਜ਼ਰੂਰ ਹੈ।

**ਸਮਾਜ ਸ਼ਾਸਤਰ ਵਾਸਤਵਿਕ ਵਿਗਿਆਨ ਹੈ:** ਰੋਬਰਟ ਸਮਾਜ ਸ਼ਾਸਤਰ ਨੂੰ ਇਕ ਆਦਰਸ਼ਾਤਮਕ ਵਿਗਿਆਨ ਨਾ ਮੰਨਦੇ ਹੋਏ ਇਕ ਵਾਸਤਵਿਕ ਵਿਗਿਆਨ ਮੰਨਦੇ ਹਨ ਕਿਉਂ ਕਿ ਇਸ ਵਿਚ ਵਾਸਤਵਿਕ ਘਟਨਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਉਹ ਇਸ ਗੱਲ ’ਤੇ ਬਲ ਨਹੀਂ ਦਿੰਦਾ ਕਿ ਵਾਸਤਵਿਕ ਸਥਿਤੀ ਕੀ ਹੈ।

ਸਮਾਜ ਸ਼ਾਸਤਰ ਸਮਾਜ ਦਾ ਵਿਗਿਆਨ ਹੈ। ਇਹ ਇਕ ਅਜਿਹਾ ਵਿਸ਼ਾ ਹੈ ਜਿਸ ਵਿਚ ਮਾਨਵ ਸਮਾਜ ਦੇ ਵਿਭਿੰਨ ਸਰੂਪਾਂ, ਸੰਰਚਨਾਵਾਂ, ਪ੍ਰਕਿਰਿਆਵਾਂ ਆਦਿ ਦਾ ਇਕ ਲੜੀਬੱਧ ਰੂਪ ਵਿਚ ਅਧਿਐਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਜਦੋਂ ਅਸੀਂ ਸਮਾਜ ਸ਼ਾਸਤਰ ਨੂੰ ਸਮਾਜ ਦਾ ਵਿਗਿਆਨ ਕਹਿੰਦੇ ਹਾਂ ਤਾਂ ਇਸ ਦਾ ਮੰਤਵ ਇਕ ਅਜਿਹੇ ਵਿਗਿਆਨ ਤੋਂ ਹੈ ਜੋ ਸਮਾਜ ਅਤੇ ਇਸ ਦੇ ਵਿਭਿੰਨ ਪਹਿਲੂਆਂ ਦਾ ਲੜੀਬੱਧ ਅਧਿਐਨ ਕਰਦਾ ਹੈ। ਇਹ ਕ੍ਰਮਬੱਧ ਅਧਿਐਨ ਹੀ ਸਮਾਜ ਵਿਚ ਵਿਚਰਦਿਆਂ ਸਮਾਜਿਕ ਘਟਨਾਵਾਂ ਨੂੰ ਸਮਝਣ ਵਿਚ ਮਦਦ ਕਰਦਾ ਹੈ।

### 1.6.4 ਸਮਾਜ ਸ਼ਾਸਤਰ ਅਤੇ ਮਨੋਵਿਗਿਆਨ

ਸਮਾਜ ਸ਼ਾਸਤਰ ਅਤੇ ਮਨੋਵਿਗਿਆਨ ਦਾ ਇਕ ਦੂਜੇ ਨਾਲ ਗੂੜਾ ਸਬੰਧ ਹੈ। ਦੋਨੋਂ ਹੀ ਵਿਗਿਆਨ ਹਨ ਅਤੇ ਇਕ ਦੂਜੇ 'ਤੇ ਨਿਰਭਰ ਕਰਦੇ ਹਨ। ਪ੍ਰਸਿੱਧ ਮਨੋਵਿਗਿਆਨੀ ਪੀਅਰਸਨ ਦੋਨਾਂ ਨੂੰ ਇਕ ਵਿਗਿਆਨ ਦੇ ਰੂਪ ਵਿਚ ਸਵੀਕਾਰ ਕਰਦੇ ਹਨ। ਦੋਨਾਂ ਦੇ ਆਪਸੀ ਸਬੰਧ ਨਜ਼ਦੀਕੀ ਵਾਲੇ ਅਤੇ ਗਹਿਰੇ ਹਨ। ਸਮਾਜ ਸ਼ਾਸਤਰ ਮਨੁੱਖ ਦੇ ਸਮਾਜਿਕ ਸਬੰਧਾਂ ਦਾ ਵਿਗਿਆਨ ਹੈ ਅਤੇ ਮਨੋਵਿਗਿਆਨ ਮਨੁੱਖ ਦੀ ਮਾਨਸਿਕ ਪ੍ਰਕਿਰਿਆ ਦਾ ਵਿਗਿਆਨ ਹੈ। ਇਹ ਮਨੁੱਖ ਦੀ ਮਨੋਬਿਰਤੀ, ਭਾਵਨਾਵਾਂ, ਸੂਝ-ਬੂਝਅਤੇ ਸਿੱਖਣ ਦੀ ਪ੍ਰਕਿਰਿਆ ਦਾ ਵਿਸ਼ਲੇਸ਼ਣ ਕਰਦਾ ਹੈ। ਇਸ ਸੰਦਰਭ ਵਿਚ ਹਿੰਦੀ ਲੇਖਕ ਜੇ. ਪੀ. ਸਿੰਘ ਦੀ ਪਰਿਭਾਸ਼ਾ ਤੋਂ ਸਾਨੂੰ ਮਨੋਵਿਗਿਆਨ ਅਤੇ ਸਮਾਜ ਸ਼ਾਸਤਰ ਦੇ ਸਬੰਧਾਂ ਦਾ ਪਤਾ ਲੱਗਦਾ ਹੈ। ਉਹ ਆਪਣੀ ਪੁਸਤਕ *'ਸਮਾਜ ਸ਼ਾਸਤਰ ਅਵਧਾਰਣਾਏਂ ਏਵਮ ਸਿਧਾਂਤ'* ਵਿਚ ਲਿਖਦੇ ਹਨ, "ਮਨੋਵਿਗਿਆਨ ਕੇ ਅੰਤਰਗਤ ਵਿਅਕਤੀ ਕੀ ਮਾਨਸਿਕ ਵਿਸ਼ੇਸ਼ਤਾਏਂ ਏਵਮ ਵਿਅਕਤੀਗਤ ਵਿਵਹਾਰ ਕਾ ਅਧਿਐਨ ਹੋਤਾ ਹੈ ਜਬ ਕਿ ਸਮਾਜ ਸ਼ਾਸਤਰ ਮੇਂ ਸਮੂਹ, ਸੰਸਥਾ, ਸਮਾਜਿਕ ਪਰਿਵਰਤਨ ਆਦਿ ਕਾ ਅਧਿਐਨ ਹੋਤਾ ਹੈ।"(26)

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਮਾਜ ਦੇ ਬਹੁਤੇ ਪਹਿਲੂਆਂ ਦਾ ਅਧਿਐਨ ਕਰਨ ਲਈ ਸਮਾਜ ਸ਼ਾਸਤਰ ਮਨੋਵਿਗਿਆਨ ਦਾ ਸਹਾਰਾ ਲੈਂਦਾ ਹੈ।ਬਿਲਕੁਲ ਇਸੇ ਤਰ੍ਹਾਂ ਹੀ ਮਨੋਵਿਗਿਆਨ ਵੀ ਭਿੰਨ-ਭਿੰਨ ਵਰਤਾਰਿਆਂ ਨੂੰ ਸਮਝਣ ਲਈ ਸਮਾਜ ਸ਼ਾਸਤਰ ਤੇ ਨਿਰਭਰ ਕਰਦਾ ਹੈ। ਮਨੋਵਿਗਿਆਨ ਮਨੁੱਖੀ ਸਮਾਜਿਕ ਸਬੰਧਾਂ, ਵਿਵਹਾਰਾਂ ਅਤੇ ਗਤੀਵਿਧੀਆਂ ਨੂੰ ਸਮਝਣ ਲਈ ਸਮਾਜ ਸ਼ਾਸਤਰ ਦੀ ਮਦਦ ਕਰਦਾ ਹੈ।

### 1.6.5 ਮਨੁੱਖ ਅਤੇ ਸਮਾਜ ਦਾ ਅੰਤਰ-ਸਬੰਧ

ਸਭ ਤੋਂ ਪਹਿਲਾਂ ਮਨੁੱਖ ਹੋਂਦ ਵਿਚ ਆਇਆ ਅਤੇ ਉਸ ਦੀ ਹੋਂਦ ਨਾਲ ਜਿਸ ਸੰਗਠਨ ਦਾ ਨਿਰਮਾਣ ਹੋਇਆ ਉਸ ਨੂੰ ਸਮਾਜ ਕਿਹਾ ਜਾਂਦਾ ਹੈ। ਮਨੁੱਖ ਹੀ ਅਜਿਹਾ ਜੀਵ ਹੈ ਜੋ ਸਮਾਜ ਦੀ ਸਿਰਜਣਾ ਕਰਦਾ ਹੈ। ਇਸ ਲਈ ਮਨੁੱਖ ਨੂੰ ਸਮਾਜਿਕ ਜੀਵ ਕਿਹਾ ਜਾਂਦਾ ਹੈ। ਮਨੁੱਖ ਸਮਾਜ ਵਿਚ ਰਹਿ ਕੇ ਹੀ ਆਪਣੀਆਂ ਲੋੜਾਂ ਅਤੇ ਸੁਪਨਿਆਂ ਨੂੰ ਵਾਸਤਵਿਕ ਰੂਪ ਵਿਚ ਸਿਰਜਦਾ ਹੈ।

**ਮਨੁੱਖ:** ਮਨੁੱਖ ਇਕ ਸਮਾਜਕ ਪ੍ਰਾਣੀ ਹੈ। ਮੁੱਢ ਕਦੀਮ ਤੋਂ ਹੀ ਉਸਦਾ ਸੁਭਾਅ ਆਪਣੇ ਆਲੇ-ਦੁਆਲੇ ਅਤੇ ਬ੍ਰਹਿਮੰਡ ਨੂੰ ਸਮਝਣ ਲਈ ਲੋਚਦਾ ਰਹਿੰਦਾ ਹੈ। ਮਨੁੱਖ ਲਈ ਸਾਰਾ ਕੁੱਝ ਰਹੱਸਮਈ ਬਣਿਆ ਹੋਇਆ ਹੈ। ਇਸ ਰਹੱਸ ਨੂੰ ਜਾਨਣ ਲਈ ਉਹ ਬਹੁਤ ਪ੍ਰਯਤਨਸ਼ੀਲ ਹੈ। ਉਹ ਆਪਣੀ ਅੰਦਰੂਨੀ ਚੇਤਨਾ ਰਾਹੀਂ ਇਸ ਰਹੱਸ ਨੂੰ ਬੇਪਰਦਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਮਨੁੱਖ ਸਾਹਿਤ ਅਤੇ ਕਲਾ ਦੇ ਮਾਧਿਅਮ ਦੁਆਰਾ ਸੰਸਾਰ ਨੂੰ ਸੰਚਾਰਨ ਲਈ ਯਤਨਸ਼ੀਲ ਰਿਹਾ ਹੈ। ਉਸ ਨੇ ਸੰਸਾਰ ਵਿਚ ਵਿਚਰਦਿਆਂ ਸਾਹਿਤ ਨੂੰ ਕਲਾਤਮਕ ਰੂਪ ਦਿੱਤਾ। ਸਾਧਾਰਨ ਸ਼ਬਦਾਂ ਵਿਚ ਸਮਾਜ ਵਿਗਿਆਨ ਸਮਾਜ ਦਾ ਵਿਗਿਆਨਕ ਅਧਿਐਨ ਹੈ। ਜਿਸ ਦੇ ਅੰਤਰਗਤ ਮਨੁੱਖ ਦੇ ਸਮਾਜਿਕ ਸਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ।

**ਸਮਾਜ:** ਆਮ ਬੋਲ-ਚਾਲ ਵਿਚ ਸਮਾਜ ਸ਼ਬਦ ਦਾ ਪ੍ਰਯੋਗ ਮਨੁੱਖ ਦੇ ਸਮੂਹ ਤੋਂ ਲਿਆ ਜਾਂਦਾ ਹੈ। ਸਮਾਜ ਸ਼ਬਦ 'ਸਮ' ਉਪਸਰਗ 'ਅਜ' ਧਾਤੂ ਤੋਂ ਬਣਿਆ ਹੈ। ਸਮ ਦਾ ਅਰਥ ਹੈ-ਸਾਂਝੇ ਤੌਰ 'ਤੇ ਅਤੇ 'ਅਜ' ਦਾ ਅਰਥ ਹੈ-ਜਾਣਾ। ਸਮਾਜ ਸ਼ਾਸਤਰ ਦਾ ਮੰਨਣਾ ਹੈ ਕਿ ਸਮਾਜ ਮਨੁੱਖਾਂ ਦਾ ਇਕ ਸਮੂਹ ਹੈ ਅਤੇ ਅਗੋਂ ਸਮੂਹ ਦਾ ਵੀ ਵੱਡਾ ਸਮੁਦਾਯ ਹੈ। ਮਨੁੱਖ ਦਾ ਸਮਾਜ ਤੋਂ ਬਿਨਾਂ ਜੀਣਾ ਸੰਭਵ ਨਹੀਂ ਹੈ। ਮਨੁੱਖ ਮਨੋਵਿਰਤੀ ਦਾ ਇਕ ਹਿੱਸਾ ਵਿਕਾਸ ਲਈ ਪ੍ਰਯਤਨਸ਼ੀਲ ਰਹਿਣਾ ਹੈ। ਜਿਸ ਲਈ ਇਕ ਦੂਜੇ ਨਾਲ ਸਹਿਯੋਗ ਦੀ ਸਥਿਤੀ ਹਮੇਸ਼ਾ ਬਣੀ ਰਹਿੰਦੀ ਹੈ। ਹਰ ਸਮਾਜ ਦੇ ਆਪਣੇ ਰੀਤੀ-ਰਿਵਾਜ਼, ਪਰੰਪਰਾਵਾਂ ਉਸ ਨੂੰ ਇਕ ਸੂਤਰ ਵਿਚ ਬੰਨੀ ਰੱਖਦੀਆਂ ਹਨ। ਜਿਸ ਵਿਚ ਸਮੇਂ ਅਨੁਸਾਰ ਪਰਿਵਰਤਨ ਹੁੰਦੇ ਰਹਿੰਦੇ ਹਨ। ਇਸ ਤਰ੍ਹਾਂ ਇਹ ਪਰਿਵਰਤਨ ਸਮਾਜ ਨੂੰ ਗਤੀਸ਼ੀਲ ਬਣਾਈ ਰੱਖਦੇ ਹਨ। ਇਨ੍ਹਾਂ ਪਰਿਵਰਤਨਾਂ ਤੋਂ ਬਿਨਾਂ ਸਮਾਜ ਦੀ ਕੋਈ ਅਹਿਮੀਅਤ ਨਹੀਂ ਹੈ। ਮਨੁੱਖਾਂ ਦੇ ਸਮੂਹ ਨੂੰ ਸਮਾਜ ਕਿਹਾ ਜਾਂਦਾ ਹੈ। "ਆਕਸਫੋਰਡ ਹਿੰਦੀ, ਇੰਗਲਿਸ਼ ਡਿਕਸ਼ਨਰੀ ਵਿਚ ਸਮਾਜ ਸ਼ਬਦ ਦਾ ਅਰਥ 'ਸਭਾ' (Association) ਦਿੱਤਾ ਗਿਆ ਹੈ।" (M.C Gregor The Oxford Hindi English Dictionary 986)

ਸਮਾਜ ਦਾ ਅਰਥ ਹੁੰਦਾ ਹੈ ਆਪਸੀ ਸਹਿਯੋਗ ਉੱਪਰ ਆਧਾਰਤ ਮਨੁੱਖੀ ਸਮਾਜ। ਸਮਾਜ ਸੁਤੰਤਰ ਵਿਹਾਰ ਦਾ ਇਕ ਅਜਿਹਾ ਜਾਲ ਹੈ ਜਿੱਥੇ ਸਮਾਜਕ ਸੰਬੰਧ ਹਮੇਸ਼ਾ ਬਦਲਦੇ ਰਹਿੰਦੇ ਹਨ। ਸਮਾਜ ਨੂੰ ਆਪਸੀ ਸਬੰਧਾਂ ਦਾ ਅਜਿਹਾ ਸਮੂਹ ਮੰਨਦੇ ਹਨ ਜਿਸ ਕਾਰਨ ਸਾਰੇ ਮਨੁੱਖ ਆਪਸ ਵਿਚ ਜੁੜੇ ਰਹਿੰਦੇ ਹਨ। ਭਾਰਤੀ ਵਿਦਵਾਨ ਡਾ. ਰਤਨਾਕਰ ਪਾਂਡੇ *'ਹਿੰਦੀ ਸਾਹਿਤ: ਸਮਾਜਕ ਚੇਤਨਾ'* ਦੇ ਸੰਦਰਭ ਵਿਚ ਰਾਹੀਂ ਦੱਸਦੇ ਹਨ ਕਿ ਸਾਹਿਤ ਸਮਾਜਕ ਚੇਤਨਾ ਵਿਚ ਸਮਾਜ ਦਾ ਅਰਥ ਸਮੂਹ, ਸੰਘ, ਗਿਰੋਹ ਦਾ ਕਿਸੇ ਖਾਸ ਸਥਾਨ ਉੱਤੇ ਖਾਸ ਉਦੇਸ਼ ਨੂੰ ਪੂਰਨ ਕਰਨ ਲਈ ਇਕੱਠੇ ਹੋਏ ਮਨੁੱਖਾਂ ਦਾ ਸਮੂਹ।'(154) *'ਡਿਕਸ਼ਨਰੀ ਆਫ ਟਰਮਜ਼'* ਵਿਚ ਲਿਖਿਆ ਹੈ "ਸਮਾਜ ਮਨੁੱਖਾਂ ਦਾ ਉਹ ਸਮੂਹ ਹੈ ਜਿਸ ਵਿਚ ਲੋਕ ਸੁਤੰਤਰ ਰੂਪ ਨਾਲ ਆਪਣੇ ਸਭਿਆਚਾਰਕ ਦਰਜੇ ਅਤੇ ਆਪਣੀ ਜਾਤ ਨੂੰ ਜ਼ਿੰਦਾ ਅਤੇ ਕਾਇਮ ਰੱਖਣ ਵਿਚ ਸਮਰੱਥ ਹੋ ਸਕਦੇ ਹਨ।" (ਡਿਕਸ਼ਨਰੀ ਆਫ ਟਰਮਜ਼ 157) ਇਸ ਸੰਦਰਭ ਵਿਚ ਰਾਈਟ ਦੀ ਪਰਿਭਾਸ਼ਾ ਰਿਸ ਤਰ੍ਹਾਂ ਹੈ, "ਮਨੁੱਖਾਂ ਦੇ ਸਮੂਹ ਨੂੰ ਸਮਾਜ ਨਹੀਂ ਕਿਹਾ ਜਾਂਦਾ ਬਲਕਿ ਸਮੂਹ ਵਿਚਲੇ ਵਿਅਕਤੀਆਂ ਦੇ ਰਿਸ਼ਤਿਆਂ ਭਾਵ ਸਬੰਧਾਂ ਦੀ ਵਿਵਸਥਾ ਦਾ ਨਾਮ ਸਮਾਜ ਹੈ।"

> (Its not a group of people. It's the system of relationship that exists between the individuals of the group.)Wright Elements Of Society 5)

ਡਾ. ਸਵਿੰਦਰਜੀਤ ਕੌਰ ਆਪਣੀ ਪੁਸਤਕ *'ਸਮਾਜ ਵਿਗਿਆਨ ਨਾਲ ਜਾਣ-ਪਛਾਣ'* ਵਿਚ ਲਿਖਦੇ ਹਨ "ਜਿੱਥੇ ਵੀ ਮਨੁੱਖਾਂ ਵਿਚਕਾਰ ਚੰਗੇ, ਭੈੜੇ, ਉੱਚਿਤ ਜਾਂ ਅਣਉੱਚਿਤ ਸਬੰਧ ਹਨ ਉੱਥੇ ਸਮਾਜ ਹੈ।"(66) ਮੈਕਾਇਵਰ ਐਂਡ ਪੇਜ਼ ਆਪਣੀ ਪੁਸਤਕ *'Society'* ਕਹਿੰਦੇ ਹਨ, "ਸਮਾਜ ਸਮਾਜਕ ਸਬੰਧਾਂ ਦਾ ਤਾਣਾ ਹੈ।"(5)

ਹਰੇਕ ਵਿਅਕਤੀ ਦਾ ਇਕ ਦੂਜੇ ਨਾਲ ਸੰਬੰਧ ਹੁੰਦਾ ਹੈ। ਇਹ ਜ਼ਰੂਰੀ ਨਹੀਂ ਕਿ ਸਮਾਜਕ ਸਬੰਧ ਸਹਿਯੋਗ ਵਾਲੇ ਹੀ ਹੋਣ ਕਈ ਵਾਰ ਇਹ ਸਬੰਧ ਸੰਘਰਸ਼ ਵਾਲੇ ਵੀ ਹੁੰਦੇ ਹਨ। ਅੱਜਕਲ ਹਰੇਕ ਮਨੁੱਖ ਦਾ ਆਪਸੀ ਸਬੰਧ ਲੋੜਾਂ ਤਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਇਕ ਵਿਅਕਤੀ ਇਕ ਹੀ ਸਮੇਂ ਕਈ ਰਿਸ਼ਤਿਆਂ ਵਿਚ ਬੱਝਾ ਹੁੰਦਾ ਹੈ। ਸਮਾਜ ਵਿਚ ਵਿਅਕਤੀਆਂ ਦੇ ਅਣਗਿਣਤ ਸਬੰਧ ਸਥਾਪਤ ਹੁੰਦੇ ਹਨ। ਜਿਨ੍ਹਾਂ ਕਾਰਨ ਉਹ ਆਪਣੇ ਸਮੂਹ ਨਾਲ ਸਬੰਧਿਤ ਹੁੰਦੇ ਹਨ। ਇਨ੍ਹਾਂ ਸਬੰਧਾਂ ਕਾਰਨ ਹੀ ਸਮਾਜ ਦਾ ਨਿਰਮਾਣ ਹੁੰਦਾ ਹੈ। ਬਚਪਨ ਤੋਂ ਲੈ ਕੇ ਮਨੁੱਖ ਜਿਉਂ-ਜਿਉਂ ਵੱਡਾ ਹੁੰਦਾ ਹੈ ਉਸ ਦੀਆਂ ਜ਼ਰੂਰਤਾਂ ਵੀ ਵੱਧਦੀਆਂ ਜਾਂਦੀਆਂ ਹਨ। ਇਨ੍ਹਾਂ ਜ਼ਰੂਰਤਾਂ ਨੂੰ ਪੂਰੀਆਂ ਕਰਨ ਲਈ ਉਹ ਲੋਕਾਂ 'ਤੇ ਨਿਰਭਰ ਹੁੰਦਾ ਹੈ ਜਿਸ ਨਾਲ ਉਸ ਦੇ ਸਮਾਜਕ ਸਬੰਧਾਂ ਦਾ ਦਾਇਰਾ ਵਿਸ਼ਾਲ ਹੋ ਜਾਂਦਾ ਹੈ। ਇਹੀ ਸਮਾਜਕ ਸਬੰਧ ਸਮਾਜ ਦਾ ਨਿਰਮਾਣ ਕਰਦੇ ਹਨ।ਮਨੁੱਖ ਆਪਣੀਆਂ ਲੋੜਾਂ ਦੀ ਪੂਰਤੀ ਲਈ ਸਮਾਜ 'ਤੇ ਨਿਰਭਰ ਕਰਦਾ ਹੈ। ਇਸ ਨਿਰਭਰਤਾ ਕਾਰਨ ਸਮਾਜਕ ਸਬੰਧ ਪੈਦਾ ਹੁੰਦੇ ਹਨ ਜੋ ਸਮਾਜ ਦੀ ਹੋਂਦ ਨੂੰ ਸੰਭਵ ਬਣਾਉਂਦੇ ਹਨ।


### 1.6.6 ਸਮਾਜ ਅਤੇ ਸਭਿਆਚਾਰ

ਕਿਸੇ ਸਮਾਜ ਦੇ ਸਭਿਆਚਾਰ ਰਾਹੀਂ ਕਿਸੇ ਸਮਾਜ ਦੇ ਬਾਰੇ ਚੰਗੀ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ ਕਿਉਂ ਕਿ ਸਭਿਆਚਾਰ ਵਿਚ ਉਸ ਸਮਾਜ ਦਾ ਰਹਿਣ-ਸਹਿਣ, ਖਾਣ-ਪੀਣ, ਪਹਿਰਾਣਾ, ਰੀਤੀ-ਰਿਵਾਜ਼ ਆਦਿ ਦਾ ਪੂਰਾ ਵੇਰਵਾ ਹੁੰਦਾ ਹੈ। ਮਾਨਵੀ ਸਮਾਜ ਦੇ ਇਤਿਹਾਸ ਨੂੰ ਆਧਾਰ ਬਣਾ ਕੇ ਹਰ ਕਾਲ ਵਿਚ ਜੋ ਸਮਾਜ ਦਾ ਸੰਗਠਨ ਬਣਦਾ ਰਿਹਾ ਹੈ। ਉਸ ਦੇ ਵਿਭਿੰਨ ਨੇਮਾਂ ਦੀ ਤਲਾਸ਼ ਕਰਨਾ ਸਮਾਜ-ਸ਼ਾਸਤਰ ਦਾ ਮੂਲ ਪ੍ਰਕਾਰਜ਼ ਹੈ। ਸਮਾਜ ਵਿਅਕਤੀਆਂ ਦੀ ਅਜਿਹੀ ਸੰਸਥਾ ਹੈ, ਜਿਸ ਵਿਚ ਰਹਿੰਦੇ ਹੋਏ ਉਹ ਆਪਣੇ ਸਭਿਆਚਾਰ ਅਨੁਸਾਰ ਜੀਵਨ ਬਤੀਤ ਕਰਦੇ ਹਨ। E. B. Tylor *'Primitive Culture'* ਕਹਿੰਦੇ ਹਨ, "ਸਭਿਆਚਾਰ ਉਹ ਜਟਿਲ-ਸਮੁੱਚ ਹੈ, ਜਿਸ ਵਿਚ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ, ਰਿਵਾਜ਼ ਅਤੇ ਉਹ ਸਾਰੀਆਂ ਆਦਤਾਂ ਸ਼ਾਮਲ ਹਨ, ਜਿਹੜੀਆਂ ਮਨੁੱਖ ਨੇ ਸਮਾਜ ਦਾ ਮੈਂਬਰ ਹੁੰਦਿਆਂ ਗ੍ਰਹਿਣ ਕੀਤੀਆਂ ਹਨ।"(1) ਅਸੀਂ ਜਦੋਂ ਮਨੁੱਖੀ ਸੱਭਿਅਤਾ ਦੇ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਇਹ ਪਤਾ ਲੱਗਦਾ ਹੈ ਕਿ ਮਨੁੱਖ ਕਈ ਪੜ੍ਹਾਵਾਂ ਦੇ ਸਫ਼ਰ ਤੋਂ ਬਾਅਦ ਇਸ ਅਜੋਕੇ ਮੁਕਾਮ ਨੂੰ ਹਾਸਿਲ ਕਰ ਸਕਿਆ ਹੈ। ਸਮਾਜ ਦਾ ਨਿਰਮਾਣ ਉਸ ਦੇ ਇਸ ਸਫ਼ਰ ਦੀ ਹੀ ਕਾਢ ਹੈ। ਸਮਾਜ ਮਨੁੱਖਾਂ, ਇਸਤਰੀਆਂ ਅਤੇ ਬੱਚਿਆਂ ਦਾ ਉਹ ਸਮੂਹ ਹੈ, ਜਿਸ ਵਿਚ ਲੋਕ ਸੁਤੰਤਰ ਰੂਪ ਨਾਲ ਆਪਣੇ ਸਭਿਆਚਾਰਕ ਦਰਜੇ ਤੇ ਆਪਣੀ ਜਾਤ ਨੂੰ ਜ਼ਿੰਦਾ ਅਤੇ ਕਾਇਮ ਰੱਖਣ ਵਿਚ ਸਮਰੱਥ ਹੋ ਸਕਦੇ ਹੋਣ। ਮਨੁੱਖ ਸਭਿਆਚਾਰ ਵਿਚ ਹੀ ਵੱਧਦਾ-ਫੁੱਲਦਾ ਹੈ ਅਤੇ ਆਪਣੇ ਆਲੇ-ਦੁਆਲੇ ਤੋਂ ਪ੍ਰਭਾਵਿਤ ਹੋ ਕੇ ਬਹੁਤ ਕੁੱਝ ਸਿੱਖਦਾ ਹੈ। ਮਨੁੱਖ ਦੀ ਵਿਸ਼ੇਸ਼ ਜੀਵਨ ਸ਼ੈਲੀ ਸਭਿਆਚਾਰ ਹੈ। ਮਨੁੱਖ ਦੇ ਭੂਤ, ਵਰਤਮਾਨ ਅਤੇ ਆਗਾਮੀ ਜੀਵਨ ਦੀ ਸਮੁੱਚੀ ਵਿਧੀ ਨੂੰ ਸਭਿਆਚਾਰ ਮੰਨਿਆ ਜਾਂਦਾ ਹੈ, ਅਥਵਾ ਸਾਡੇ ਜੀਵਨ ਦਾ ਢੰਗ ਹੀ ਸਾਡਾ ਸਭਿਆਚਾਰ ਹੈ।

## 1.6.7 ਸਮਾਜ ਸ਼ਾਸਤਰ ਸਿਧਾਂਤਕ ਪੱਖ

ਸਮਾਜ ਸ਼ਾਸਤਰੀ ਵਿਧੀ ਨੂੰ ਸਮਝਦੇ ਹੋਏ ਵੱਖ-ਵੱਖ ਵਿਦਵਾਨਾਂ ਦੇ ਵਿਚਾਰਾਂ ਦਾ ਨਿਚੋੜ ਜੋ ਸਮਾਜ ਸ਼ਾਸਤਰੀ ਵਿਧੀ ਦੇ ਸਿਧਾਂਤਕ ਪੱਖ ਨੂੰ ਸਮਝਣ ਦਾ ਉਪਰਾਲਾ ਹੋਇਆ ਹੈ ਉੱਥੇ ਸਮਾਜ ਵਿਚ ਰਹਿੰਦੇ ਮਨੁੱਖ ਦੀਆਂ ਸਮਾਜਿਕ ਸਮੱਸਿਆਵਾਂ ਜਿਵੇਂ ਅਜੋਕੇ ਪਰਿਵਾਰਿਕ ਰਿਸ਼ਤਿਆਂ ਵਿਚ ਟੁੱਟ-ਭੱਜ, ਰਾਜਨੀਤਿਕ, ਧਾਰਮਿਕ, ਆਰਥਿਕ, ਨਾਰੀਵਾਦੀ,ਪਰਵਾਸ ਨਾਲ ਸਬੰਧਤ ਸਮੱਸਿਆਵਾਂ ਤੇ ਵੀ ਚਾਨਣਾ ਪਾਇਆ ਗਿਆ ਹੈ। ਅਸੀਂ ਆਪਣੇ ਖੋਜ ਪ੍ਰਬੰਧ ਵਿਚ ਅਜੋਕੇ ਪਰਿਵਾਰਿਕ ਰਿਸ਼ਤਿਆਂ ਵਿਚ ਮਨੁੱਖੀ ਵਿਚਾਰਧਾਰਾ (ਮਨੁੱਖ ਦਾ ਬਦਲਦਾ ਵਜੂਦ, ਖ਼ੂਨ ਦੇ ਰਿਸ਼ਤਿਆਂ ਵਿਚ ਬਦਲਾਵ, ਪਰਿਵਾਰ ਵਿਚ ਰਿਸ਼ਤਿਆਂ ਦੇ ਬਦਲਦੇ ਸਮੀਕਰਨ), ਰਾਜਨੀਤਿਕ (ਵੋਟ ਬੈਂਕ, ਭ੍ਰਿਸ਼ਟਾਚਾਰ), ਧਾਰਮਿਕ (ਨਿਗੂਣੇ ਰੀਤੀ ਰਿਵਾਜ਼ਾਂ ਦਾ ਖੰਡਨ, ਧਾਰਮਿਕ ਅੰਧ ਵਿਸ਼ਵਾਸਾਂ ਦਾ ਖ਼ਾਤਮਾ), ਆਰਥਿਕ (ਕਿਰਤੀ ਦੀ ਲੁੱਟ), ਨਾਰੀਵਾਦੀ (ਮੁੱਢਲੇ ਦੌਰ ਵਿਚਲੀ ਨਾਰੀ ਦੀ ਸਥਿਤੀ, ਅਜੋਕੀ ਨਾਰੀ ਦੀ ਸਥਿਤੀ), ਪਰਵਾਸ (ਭੂ ਹੇਰਵਾ, ਸਭਿਆਚਾਰ ਵਿਗੋਚਾ, ਨਸਲਵਾਦ) ਨਾਲ ਸਬੰਧਤ ਸਮੱਸਿਆਵਾਂ ਤੇ ਖੋਜ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਸ ਨੂੰ ਅਸੀਂ ਅੱਗੇ ਇਸ ਖਾਕੇ ਰਾਹੀਂ ਚਿਤਰ ਰਹੇ ਹਾਂ।

**ਖਾਕਾ ਨੰ.-2**



ਉਪਰੋਕਤ ਦਿੱਤੇ ਖਾਕੇ ਅਨੁਸਾਰ ਅਜੋਕੇ ਰਿਸ਼ਤਿਆਂ ਵਿਚ ਬਦਲਾਅ ਦਾ ਸਿਧਾਂਤ ਸਮਾਜ ਸ਼ਾਸਤਰ ਵਿਚ ਵਿਦੇਸ਼ੀ ਸਮਾਜ ਸ਼ਾਸਤਰੀ 'ਅਗਸਤੇ ਕਾਮਤੇ, 'ਮੈਕਾਈਵਰ ਐਂਡ ਪੇਜ਼', ਸੀ. ਐਚ. ਕੂਲੇ, ਜੀ. ਪੀ. ਮੋਡਰਕ ਅਤੇ ਪੰਜਾਬੀ ਵਿਚ ਡਾ. ਸਵਿੰਦਰਜੀਤ ਕੌਰ, ਡਾ. ਆਤਮਾ ਸਿੰਘ ਆਦਿ ਹੋਰ ਵੀ ਕਈ ਵਿਦਵਾਨਾਂ ਨੇ ਦਿੱਤਾ। ਮੁੱਖ ਤੌਰ 'ਤੇ ਜੇ ਕਰ ਗੱਲ ਕੀਤੀ ਜਾਵੇ ਰਿਸ਼ਤਿਆਂ ਵਿਚ ਅਲਗਾਵ ਦੀ ਤਾਂ ਉਸਦਾ ਸਿਧਾਂਤ Iliet and Meril, William J. Goode ਨੇ ਦਿੱਤਾ। ਰਿਸ਼ਤਿਆਂ ਵਿਚ ਪੈਸਾ ਬਹੁਤ ਅਹਿਮ ਭੂਮਿਕਾ ਨਿਭਾਉਂਦਾ ਹੈ। ਪੈਸਾ ਬੇਸ਼ਕ ਮਨੁੱਖ ਦੀ ਜ਼ਰੂਰਤ ਹੈ ਪਰ ਇਸ ਨੇ ਆਪਣਿਆਂ ਨੂੰ ਆਪਣਿਆਂ ਤੋਂ ਵੱਖ ਕਰ ਦਿੱਤਾ। ਇਸ ਦਾ ਸਿਧਾਂਤ ਜਰਮਨੀ ਸਮਾਜ ਸ਼ਾਸਤਰੀ T. Parson, Richard R. Clayton ਨੇ ਦਿੱਤਾ। ਰਾਜਨੀਤਿਕ ਅਧਿਐਨ ਵਿਚ ਰਾਜਨੀਤਿਕ ਸਮਾਜ ਸ਼ਾਸਤਰ ਦੇ ਮੁੱਖ ਸੰਸਥਾਪਕ ਹਨ: Max Weber, Robert Micchel, Emille Durkheim ਨੂੰ ਮੰਨਿਆ ਜਾਂਦਾ ਹੈ। ਇਹਨਾਂ ਨੇ ਰਾਜਨੀਤਿਕ ਸਮਾਜ ਸ਼ਾਸਤਰੀ ਅਧਿਐਨਨੂੰ ਇਕ ਵਿਸ਼ੇ ਦੇ ਰੂਪ ਵਿਚ ਪੇਸ਼ ਕੀਤਾ। ਆਰਥਿਕਤਾ ਦੇ ਸਮਾਜ ਸ਼ਾਸਤਰੀ ਅਧਿਐਨ ਨੂੰ ਅਮਰੀਕੀ ਸਮਾਜ ਸ਼ਾਸਤਰੀ 'William Stenly Jones ਦੁਆਰਾ 1879 ਈ ਵਿਚ ਦਿੱਤਾ ਗਿਆ। ਜਿਸ ਨੂੰ ਬਾਅਦ ਵਿਚ 1890 ਵਿਚ Emille Durkheim ਅਤੇ 1920 ਵਿਚ 'George Micchel ਅਤੇ Max Weberਨੇ ਵੀ ਅਪਣਾਇਆ। ਇਸ ਤੋਂ ਬਾਅਦ ਭਾਰਤੀ ਸਮਾਜ ਸ਼ਾਸਤਰੀਆਂ ਨੇ ਇਹਨਾਂ ਲੀਹਾਂ ਨੂੰ ਅੱਗੇ ਤੋਰਿਆ। ਸਮਾਜ ਸ਼ਾਸਤਰ ਵਿਚ ਨਾਰੀਵਾਦ ਦੇ ਸਿਧਾਂਤ ਦੀ ਪੁਸ਼ਟੀ ਫ਼ਰਾਂਸੀਸੀ ਸਮਾਜ ਸ਼ਾਸਤਰੀ Merry Volstencraft ਅਤੇ ਫ਼ਰਾਂਸ ਦੀ ਨਾਰੀਵਾਦੀ ਲੇਖਿਕਾ Simon D Buaor, ਜਰਮਨ ਸਮਾਜ ਸ਼ਾਸਤਰੀ J. S. Mill, ਅਮਰੀਕੀ ਸਮਾਜ ਸ਼ਾਸਤਰੀ Bettie Fridon, Karol Petman ਨੇ ਅਤੇ ਭਾਰਤੀ ਸਮਾਜ ਸ਼ਾਸਤਰੀ ਰਾਜਾ ਰਾਮ ਮੋਹਨ ਰਾਏ, ਜੋਤਿਬਾ ਫੂਲੇ, ਸਵਾਮੀ ਵਿਵੇਕਾਨੰਦ, ਸਵਾਮੀ ਦਯਾਨੰਦ ਸਰਸਵਤੀ, ਅਤੇ ਪੰਜਾਬੀ ਵਿਚ ਉਰਵਸ਼ੀ ਬੁਟਾਲੀਆ, ਪਾਲ ਕੌਰ, ਨਿੰਦਰ ਗਿੱਲ ਆਦਿ ਸਮਾਜ ਸ਼ਾਸਤਰੀਆਂ ਨੇ ਕੀਤੀ ਹੈ। ਪਰਵਾਸ ਅਜੋਕੇ ਦੌਰ ਦਾ ਇਕ ਭੱਖਵਾਂ ਮੁੱਦਾ ਹੈ। ਭਾਰਤ ਵਿਚ ਪਰਵਾਸ ਦਾ ਪ੍ਰਚਲਨ ਕਾਫ਼ੀ ਜ਼ਿਆਦਾ ਹੈ ਖ਼ਾਸ ਕਰ ਕੇ ਪੰਜਾਬ ਵਿਚ ਤਾਂ ਬਹੁਤ ਵੇਖਣ ਨੂੰ ਮਿਲਦਾ ਹੈ। ਪੰਜਾਬ ਵਿਚ ਤਾਂ ਪਰਵਾਸ ਦੀ ਚਕਾਚੌਂਧ ਨੇ ਪਿੰਡਾਂ ਦੇ ਪਿੰਡ ਖਾਲੀ ਕਰ ਦਿੱਤੇ ਹਨ। ਪਰਵਾਸ ਦੇ ਵਿਸ਼ੇ ਨੂੰ ਸਮਾਜ ਸ਼ਾਸਤਰੀ ਰੂਪ ਤੋਂ ਅਧਿਐਨ ਕਰਨ ਵਾਲਾ ਹਰ ਇਕ ਵਿਦਵਾਨ ਹੈ ਕਿਉਂ ਕਿ ਸਮਾਜ ਸ਼ਾਸਤਰ ਵਿਚ ਸਮਾਜਿਕ ਸਮੱਸਿਆਵਾਂ ਦੀ ਗੱਲ ਕੀਤੀ ਜਾਂਦੀ ਹੈ ਅਤੇ ਪਰਵਾਸ ਦਾ ਮਸਲਾ ਇੱਕੀਵੀਂ ਸਦੀ ਦਾ ਇਕ ਭੱਖਵਾਂ ਮਸਲਾ ਹੈ। ਪਰਵਾਸ ਵੀ ਸਮਾਜ ਦਾ ਹੀ ਹਿੱਸਾ ਹੈ ਇਹ ਸਮਾਜ ਤੋਂ ਅਲੱਗ ਨਹੀਂ ਹੈ ਇਸ ਲਈ ਹਰ ਇਕ ਸਮਾਜ ਸ਼ਾਸਤਰੀਆਂ ਲਈ ਇਹ ਇਕ ਅਧਿਐਨ ਦਾ ਵਿਸ਼ਾ ਬਣਦਾ ਹੈ। ਮਨੁੱਖ ਨੇ ਸਮਾਜਕ ਜੀਵ ਹੋਣ ਦੇ ਨਾਤੇ ਸਮਾਜ ਦਾ ਨਿਰਮਾਣ ਕੀਤਾ ਹੈ ਅਤੇ ਅੱਗੋਂ ਆਪਣੀਆਂ ਜ਼ਰੂਰਤਾਂ ਮੁਤਾਬਕ ਕਰ ਵੀ ਰਿਹਾ ਹੈ। ਮਨੁੱਖ ਦੀਆਂ ਜ਼ਰੂਰਤਾਂ ਸਥਿਰ ਨਹੀਂ ਰਹਿੰਦੀਆਂ। ਇਹ ਤਾਂ ਸਮੇਂ-ਸਮੇਂ ਅਨੁਸਾਰ ਬਦਲਦੀਆਂ ਹੀ ਰਹਿੰਦੀਆਂ ਹਨ। ਜਿਸ ਨਾਲ ਸਮਾਜ ਵਿਚ ਬਦਲਾਅ ਦੀ ਲਹਿਰ ਆਉਂਦੀ ਹੈ। ਕਈ ਵਾਰ ਪਰਸਥਿਤੀਆਂ ਅਜਿਹੀਆਂ ਹੋ ਜਾਂਦੀਆਂ ਹਨ ਕਿ ਮਨੁੱਖ ਅਤੇ ਸਮਾਜ ਵਿਚ ਟਕਰਾਉ ਦੀ ਸਥਿਤੀ ਉਤਪੰਨ ਹੋ ਜਾਂਦੀ ਹੈ। ਜਿਸ ਨਾਲ ਸਮਾਜ ਵਿਚ ਪਰਿਵਰਤਨ ਪੈਦਾ ਹੋ ਜਾਂਦਾ ਹੈ। ਪਰਿਵਰਤਨ ਦੁਆਰਾ ਆਉਂਦੀ ਚੰਗੀ-ਮਾੜੀ ਸਥਿਤੀ ਨੂੰ ਸਮੇਂ ਦਾ ਸਾਹਿਤਕਾਰ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰਦਾ ਹੈ।

### 1.6.8 ਸਾਹਿਤ ਅਤੇ ਸਮਾਜ ਦਾ ਅੰਤਰ-ਸਬੰਧ

ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਜਿਸ ਵਿਚ ਸਮਾਜ ਦੇ ਹਰ ਪਹਿਲੂ ਪ੍ਰਤੀਬਿੰਬਤ ਹੁੰਦੇ ਹਨ।ਸਾਹਿਤ ਅਤੇ ਸਮਾਜ ਇਕ ਦੂਜੇ ਦੇ ਪੂਰਕ ਹਨ। ਸਾਹਿਤ ਅਤੇ ਸਮਾਜ ਦੀ ਇਕ ਦੂਜੇ ਬਿਨਾਂ ਹੋਂਦ ਸੰਭਵ ਨਹੀਂ ਹੈ। ਸਾਹਿਤ ਸਮਾਜ ਦਾ ਬਿੰਬ ਪੇਸ਼ ਕਰਦਿਆਂ ਸਮਾਜ ਦੀ ਵਿਆਖਿਆ ਕਰਦਾ ਹੈ ਅਤੇ ਮਨੁੱਖੀ ਜੀਵਨ ਦੇ ਕਾਰਜਾਂ ਦੀ ਤਹਿ ਤੱਕ ਪਹੁੰਚਦਾ ਹੈ।ਸਾਹਿਤ ਮਨੁੱਖ ਅਤੇ ਸਮਾਜ ਵਿਚਲੀ ਕੜੀ ਬਣ ਕੇ ਕੰਮ ਕਰਦਾ ਹੈ। ਪਰਿਵਰਤਨਸ਼ੀਲ ਸਮਾਜਕ ਸਬੰਧਾਂ ਦੀ ਪ੍ਰਕਿਰਤੀ ਦਾ ਨਿਰੂਪਣ ਕਰਨਾ ਹੀ ਇਸ ਦਾ ਮੁੱਖ ਕਾਰਜ ਮੰਨਿਆ ਗਿਆ ਹੈ। ਮਾਨਵੀ ਆਸ਼ਾਵਾਂ ਦਾ ਸਮੇਂ-ਸਮੇਂ ਸਿਰ ਸਾਹਿਤ ਵਿਚ ਪ੍ਰਤੀਬਿੰਬਤ ਹੋਣਾ ਕੁਦਰਤੀ ਹੈ। ਮਨੁੱਖੀ ਚੇਤਨਾ ਦੀ ਸਿਰਜਣਾ ਸਾਹਿਤ ਹੈ ਅਤੇ ਇਹ ਚੇਤਨਾ ਆਪਣੇ ਆਸ-ਪਾਸ ਦੇ ਸੰਘਰਸ਼ ਵਿਚੋਂ ਉਪਜਦੀ ਹੈ। ਸਾਹਿਤ ਦੀ ਹੋਂਦ ਸਮਾਜਕ ਸੰਦਰਭ ਵਿਚੋਂ ਹੀ ਹੁੰਦੀ ਹੈ। ਕਈ ਕਲਾਤਮਕ ਰੂਪ ਹਨ ਜਿਨ੍ਹਾਂ ਵਿਚੋਂ, ਸਮਾਜਕ ਜੀਵਨ ਨੂੰ ਵਿਸਤ੍ਰਿਤ ਅਤੇ ਵਿਸ਼ਾਲ ਪੱਧਰ ਉੱਤੇ ਅਭਿਵਿਅਕਤ ਕਰਨ ਲਈ ਸਾਹਿਤ ਨੂੰ ਪ੍ਰਮੁੱਖ ਮੰਨਿਆ ਗਿਆ ਹੈ। ਸਮਾਜਕ ਰਸਮ-ਰਿਵਾਜ਼, ਸਭਿਆਚਾਰ ਅਤੇ ਸੰਸਕ੍ਰਿਤੀ ਸਾਹਿਤ ਵਿਚੋਂ ਹੀ ਜਨਮ ਲੈਂਦੇ ਹਨ। ਸਮਾਜ ਵਿਚਲੀਆਂ ਯੁੱਗ-ਪਰਸਥਿਤੀਆਂ ਤੋਂ ਸਾਹਿਤਕਾਰ ਮਨੁਕਰ ਨਹੀਂ ਹੋ ਸਕਦਾ। ਸਾਹਿਤ ਅਤੇ ਸਮਾਜ ਦਾ ਸਬੰਧ ਅਨਿੱਖੜ ਹੈ। ਇਨ੍ਹਾਂ ਦੇ ਆਪਸੀ ਸਬੰਧਾਂ ਬਾਰੇ ਹਿੰਦੀ ਦੇ ਵਿਦਵਾਨ ਮੈਨੇਜਰ ਪਾਂਡੇ *'ਸਾਹਿਤਯ ਕੇ ਸਮਾਜ-ਸ਼ਾਸਤਰ ਕੀ ਭੂਮਿਕਾ'* ਵਿਚ ਕਥਨ ਹੈ, "ਸਾਹਿਤ ਵਿਚ ਸਦਾ ਸਮਕਾਲੀਨ ਜੀਵਨ ਪ੍ਰਤੀਬਿੰਬਤ ਹੁੰਦਾ ਹੈ। ਸਾਹਿਤ ਸਮਾਜ ਨੂੰ ਸੁਚਾਰੂ ਅਤੇ ਸੁਵਿਵਸਥਿਤ ਢੰਗ ਨਾਲ ਪ੍ਰਭਾਵਿਤ ਕਰਦਾ ਹੈ। ਸਮਾਜਕ ਸੰਸਕਾਰਾਂ ਦਾ ਪ੍ਰਤੀਬਿੰਬ ਸਾਹਿਤ ਤੇ ਅਵੱਸ਼ ਪੈਂਦਾ ਹੈ।"(4)

ਸਾਹਿਤ ਦੀ ਸਿਰਜਣਾ ਸਮਾਜ ਤੋਂ ਅਲੱਗ ਰਹਿ ਕੇ ਆਧਾਰਹੀਨ ਹੁੰਦੀ ਹੈ। ਸਮਾਜ ਵਿਚ ਨਾ ਵਿਚਰਨ ਕਾਰਨ ਸਾਹਿਤ ਬੇਬੁਨਿਆਦ ਸਿੱਧ ਹੁੰਦਾ ਹੈ ਕਿਉਂਕਿ ਜੇਕਰ ਅਸੀਂ ਸਮਾਜ ਵਿਚਲੀ ਗਤੀਵਿਧੀਆਂ ਨੂੰ ਨਹੀਂ ਦੇਖਦੇ, ਪਰਖਦੇ ਤਾਂ ਸਾਹਿਤ ਸਿਰਜਣਾ ਦਾ ਕੀ ਆਧਾਰ ਲਵਾਂਗੇ? ਇਸ ਕਾਰਨ ਸਾਹਿਤਕਾਰ ਸਮਾਜ ਦਾ ਹਿੱਸਾ ਹੁੰਦਾ ਹੈ ਉਸ ਦੀਆਂ ਰਚਨਾਵਾਂ ਵਿਚ ਸਮਾਜਕ ਘਟਨਾਵਾਂ ਦਾ ਪ੍ਰਤੀਬਿੰਬਤ ਹੋਣਾ ਲਾਜ਼ਮੀ ਹੋ ਜਾਂਦਾ ਹੈ। ਸਾਹਿਤਕਾਰ ਦੇ ਲਈ ਜਿਸ ਸਮਾਜ ਵਿਚ ਉਹ ਰਹਿੰਦਾ ਹੈ, ਜਿਸ ਪਰਵੇਸ਼ ਵਿਚ ਉਹ ਵਿਕਸਿਤ ਹੁੰਦਾ ਹੈ, ਉਸ ਤੋਂ ਆਪਣੇ ਆਪ ਨੂੰ ਅਤੇ ਆਪਣੀਆਂ ਰਚਨਾਵਾਂ ਨੂੰ ਅਲੱਗ-ਥਲੱਗ ਰੱਖਣਾ ਅਸਭੰਵ ਹੁੰਦਾ ਹੈ। ਸਾਹਿਤਕਾਰ ਆਪਣੀਆਂ ਰਚਨਾਵਾਂ ਦੇ ਵਿਸ਼ਿਆਂ ਦੀ ਚੋਣ ਸਮਾਜ ਤੋਂ ਹੀ ਕਰਦਾ ਹੈ ਕਿਉਂ ਕਿ ਉਹ ਆਪਣੇ ਆਲੇ-ਦੁਆਲੇ ਦੀਆਂ ਘਟਨਾਵਾਂ ਨੂੰ ਵਾਚਦਾ ਹੈ। ਇਸ ਸੰਦਰਭ ਵਿਚ ਡਾ. ਟੀ. ਆਰ.ਵਿਨੋਦ ਦੇ *'ਪੰਜ ਨਾਵਲ ਇਕ ਮੁਲਾਂਕਣ'* ਰਾਹੀਂ ਵਿਚਾਰ ਇਸ ਤਰ੍ਹਾਂ ਹਨ,

> "ਸਾਹਿਤਕਾਰ ਸੰਸਕ੍ਰਿਤੀ ਦੇ ਕਿਸੇ ਅੰਗ ਨੂੰ ਪੂਰੇ, ਭਰਵੇਂ ਅਤੇ ਪ੍ਰਭਾਵਸ਼ਾਲੀ ਰੂਪ ਵਿਚ ਤਾਂ ਹੀ ਚਿਤਰ ਸਕਦਾ ਹੈ, ਜੇ ਉਸ ਨੂੰ ਉਸ ਜ਼ਿੰਦਗੀ ਦਾ ਅਨੁਭਵ ਹੋਵੇ, ਜਿਸ ਵਿਚੋਂ ਉਹ ਅੰਗ ਪੈਦਾ ਹੋਇਆ ਹੈ। ਅਨੁਭਵ ਵਾਸਤਵਿਕ ਜੀਵਨ ਦੀ ਕਿਸੇ ਘਟਨਾ, ਪਾਤਰ ਜਾਂ ਵਸਤੂ ਪ੍ਰਤੀ ਲੇਖਕ ਦਾ ਨਿੱਜੀ ਪ੍ਰਤੀਕਰਮ ਹੈ।"(16)

ਪ੍ਰੋ. ਕਿਸ਼ਨ ਸਿੰਘ *'ਸਾਹਿਤ ਦੀ ਸਮਝ'* ਅਨੁਸਾਰ, "ਕਿਸੇ ਨਾ ਕਿਸੇ ਸ਼ਕਲ ਵਿਚ ਕਵਿਤਾ ਦਾ ਸੰਬੰਧ ਸਮਾਜ ਨਾਲ ਉਸ ਤਰ੍ਹਾਂ ਹੀ ਸਦੀਵੀ ਹੈ ਜਿਸ ਤਰ੍ਹਾਂ ਮਨੁੱਖ ਦੀ ਕੁਦਰਤ ਨਾਲ ਜਦੋ ਜਹਿਦ। ਸਾਹਿਤ ਤੇ ਕਵਿਤਾ ਮਨੁੱਖੀ ਜ਼ਿੰਦਗੀ ਦੀ ਵਾਸਤਵਿਕ ਤਸਵੀਰ ਹੁੰਦੇ ਹਨ।"(243-244) ਇਸ ਤੋਂ ਬਿਨਾਂ ਡਾ. ਅਤਰ ਸਿੰਘ *'ਸਮਦਰਸ਼ਨ'* ਅਨੁਸਾਰ ਸਾਹਿਤ ਬਾਰੇ ਲਿਖਦੇ ਹਨ,

> " ਸਾਹਿਤ ਇਕ ਕਲਾ ਹੈ ਤੇ ਕਲਾ ਹੋਣ ਦੇ ਨਾਤੇ ਕਲਾ ਦੀ ਪ੍ਰਕਿਰਤੀ ਨੂੰ ਸਾਧਣ ਦੀ ਇਹ ਸਾਰੀ ਪ੍ਰਕਿਰਿਆ ਰੂਪਾਂ-ਰੰਗਾਂ ਦੇ ਬਾਹਰਲੇ ਜਗਤ ਤੋਂ ਸੁਤੰਤਰ ਹੋਣ ਦੀ ਅਤੇ ਪ੍ਰਤੀਕਰਮਾ ਭਾਵਨਾਵਾਂ ਦੇ ਅੰਦਰਲੇ ਜਗਤ ਨੂੰ ਪ੍ਰਤੱਖ ਕਰਨ ਦੀ ਕਿਰਿਆ ਸਾਹਿਤ ਵਿਚ ਨਿਹਿਤ ਹੈ।" (47)

ਉਪਰੋਕਤ ਵਿਚਾਰ ਚਰਚਾ ਨੇ ਜੀਵਨ ਅਨੁਭਵਾਂ ਦੀ ਮਹੱਤਤਾ ਤੋਂ ਜਾਣੂ ਕਰਵਾਉਂਦੇ ਹੋਏ ਮਨੁੱਖ ਅਤੇ ਸਮਾਜ ਦੇ ਅਟੁੱਟ ਸਬੰਧਾਂ ਨੂੰ ਦਰਸਾਇਆ ਹੈ। ਸਮਾਜਕ ਵਿਕਾਸ ਦੀ ਪ੍ਰਤੀਕਿਰਿਆ ਹਰੇਕ ਸਾਹਿਤਕ ਰੂਪ ਵਿਚ ਵਿਦਮਾਨ ਹੁੰਦੀ ਹੈ। ਸਮਾਜਕ ਮਨੋਵਿਗਿਆਨਕ ਲੋੜਾਂ ਦੀ ਪੂਰਤੀ ਲਈ ਉਸਾਰੂ ਭੂਮਿਕਾ ਨਿਭਾਉਣ ਵਿਚ ਸ਼ੁਰੂ ਤੋਂ ਹੀ ਸਾਹਿਤ ਦਾ ਮੁੱਖ ਯੋਗਦਾਨ ਰਿਹਾ ਹੈ। ਸਮਾਜ ਸ਼ਾਸਤਰ ਜੀਵਨ ਦੇ ਵੱਖ-ਵੱਖ ਪਹਿਲੂਆਂ ਦੀ ਵਿਆਖਿਆ ਕਰਨ ਵਾਲੇ ਵਿਭਿੰਨ ਅਨੁਸ਼ਾਸਨਾਂ ਤੋਂ ਵਿਚਾਰ ਗ੍ਰਹਿਣ ਕਰ ਕੇ ਨਵੀਨ ਸ਼ਾਖਾਵਾਂ ਦੇ ਰੂਪ ਵਿਚ ਆਪਣਾ ਵਿਸਤਾਰ ਕਰਦਾ ਰਹਿੰਦਾ ਹੈ। ਸਾਹਿਤ ਦਾ ਸਮਾਜ ਸ਼ਾਸਤਰ ਇਕ ਅਜਿਹੀ ਸ਼ਾਖਾ ਹੈ ਜਿਸ ਦਾ ਮੰਤਵ ਸਾਹਿਤ ਰਾਹੀਂ ਸਮਾਜ ਨੂੰ ਸਮਝਣਾ ਹੈ। ਸਮਾਜ ਸ਼ਾਸਤਰ ਸਮਾਜਕ ਜੀਵਨ ਦੀਆਂ ਮੁੱਢਲੀਆਂ ਇਕਾਈਆਂ-ਸਮਾਜਿਕ ਕਿਰਿਆ, ਸਮਾਜਕ ਸਬੰਧ, ਮਨੁੱਖੀ ਸ਼ਖ਼ਸੀਅਤ, ਸਮੂਹ, ਸਮੁਦਾਇ, ਸਮਾਜਕ ਸੰਸਥਾਵਾਂ (ਪਰਿਵਾਰ, ਰਿਸ਼ਤੇਦਾਰੀ ਪ੍ਰਣਾਲੀ, ਅੰਗ-ਸਾਕ, ਆਰਥਿਕ, ਰਾਜਨੀਤਕ ਸੰਸਥਾਵਾਂ) ਆਦਿ ਰਾਹੀਂ ਮਨੁੱਖੀ ਜੀਵਨ ਦਾ ਵਿਗਿਆਨਕ ਅਧਿਐਨ ਕਰਨ ਵਾਲਾ ਸ਼ਾਸਤਰ ਹੈ। ਸਮਾਜ-ਸ਼ਾਸਤਰ ਇਸ ਗੱਲ ਦਾ ਅਧਿਐਨ ਕਰਦਾ ਹੈ ਕਿ ਮਨੁੱਖੀ ਜੀਵ ਵੱਖ-ਵੱਖ ਪ੍ਰਕਾਰ ਦੇ ਸਮੂਹਾਂ ਵਿਚ ਕਿਵੇਂ ਵਿਚਰਦੇ ਹਨ। ਇਹ ਇਕ ਮਹੱਤਵਪੂਰਨ ਵਿਗਿਆਨ ਹੈ ਕਿਉਂ ਕਿ ਸਭਿਅਤਾ ਅਤੇ ਪ੍ਰਗਤੀ ਲੋਕਾਂ ਦੇ ਸਮੂਹਾਂ ਵਿਚ ਇਕੱਠੇ ਰਹਿਣ ਦੇ ਸਹਿਯੋਗ ਉੱਤੇ ਨਿਰਭਰ ਕਰਦੀ ਹੈ। ਜਦੋਂ ਸਮਾਜ ਸ਼ਾਸਤਰ ਮਨੁੱਖ ਦੇ ਸਾਮੂਹਿਕ ਜੀਵਨ ਦਾ ਅਧਿਐਨ ਕਰਦਾ ਹੈ ਤਾਂ ਇਹ ਨੈਤਿਕ ਸ਼ਾਸਤਰ (ਜੋ ਠੀਕ ਜਾਂ ਗਲਤ ਦਾ ਗਿਆਨ ਦੇਵੇ) ਨਾਲ ਸਬੰਧਤ ਹੋ ਜਾਂਦਾ ਹੈ। ਮਨੋਵਿਗਿਆਨ ਸ਼ਾਸਤਰ, ਰਾਜਨੀਤਕ ਸੰਗਠਨ ਆਦਿ ਦਾ ਅਧਿਐਨ ਕਰਦਾ ਹੈ ਅਤੇ ਇਹ ਮਨੁੱਖੀ ਸਾਮੂਹਿਕ ਵਿਵਹਾਰ ਦੇ ਹੋਰਨਾਂ ਪਹਿਲੂਆਂ ਦੇ ਅਧਿਐਨ ਨੂੰ ਵੀ ਆਪਣੇ ਵਿਚ ਸਮਾ ਲੈਂਦਾ ਹੈ।

ਸੰਖੇਪ ਰੂਪ ਵਿਚ ਜੇਕਰ ਗੱਲ ਸਮਾਜ-ਸ਼ਾਸਤਰ ਦੀ ਕਰੀਏ ਤਾਂ ਸਮਾਜ-ਸ਼ਾਸਤਰ ਸਮਾਜ ਦਾ ਹਰ ਇਕ ਪਹਿਲੂ ਤੋਂ ਅਧਿਐਨ ਕਰਨ ਵਾਲਾ ਸ਼ਾਸਤਰ ਹੈ। ਸਮਾਜ-ਸ਼ਾਸਤਰ ਦੇ ਵੱਖ-ਵੱਖ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਅਨੁਸਾਰ ਸਮਾਜ-ਸ਼ਾਸਤਰ ਸਮਾਜਿਕ ਕਿਰਿਆਵਾਂ, ਸਾਮੂਹਿਕ ਜੀਵਨ, ਸਮਾਜਿਕ ਸਮੱਸਿਆਵਾਂ ਅਤੇ ਸਮਾਜ ਨੂੰ ਡੂੰਘਾਈ ਨਾਲ ਪੇਸ਼ ਕਰਨ ਵਾਲਾ ਸ਼ਾਸਤਰ ਹੈ। ਸਮਾਜ-ਸ਼ਾਸਤਰ ਵਿਭਿੰਨ ਸਮਾਜਿਕ ਵਰਗਾਂ ਦੇ ਅੰਤਰ ਸਬੰਧਾਂ ਦਾ ਅਧਿਐਨ ਕਰਦਾ ਹੈ ਜਿਸ ਵਿਚ

ਪਰਿਵਾਰਿਕ ਘਟਨਾਵਾਂ, ਆਰਥਿਕ ਗਤੀਸ਼ੀਲਤਾ, ਧਾਰਮਿਕ ਪਹਿਲੂ ਅਤੇ ਰਾਜਨੀਤਿਕ ਘਟਨਾਕ੍ਰਮ ਜਾਂ ਇਹੋ ਜਿਹੇ ਹੋਰ ਸਬੰਧ ਹੁੰਦੇ ਹਨ ਜਿਨ੍ਹਾਂ ਦੇ ਆਧਾਰ 'ਤੇ ਇਕ ਸਮਾਜ-ਸ਼ਾਸਤਰੀ ਪਰਖ਼ ਪੜਚੋਲ ਕਰ ਕੇ ਅਧਿਐਨ ਕਰਦੇ ਹਨ। ਜਿਹਨਾਂ ਨੂੰ ਸਮਾਜ ਸ਼ਾਸਤਰ ਵਿਚ ਇਕ ਮਾਰਗ ਦਰਸ਼ਕ ਵਜੋਂ ਜਾਣਿਆ ਜਾਂਦਾ ਹੈ ਉਹ ਪੱਛਮੀ ਵਿਦਵਾਨ ਅਗਸਤੇ ਕਾਮਤੇ, ਕਾਰਲ ਮਾਰਕਸ, ਇਮਾਇਲ ਦੁਰਖ਼ੀਮ ਅਤੇ ਮੈਕਸ ਵੈਬਰ ਵਰਗੇ ਪ੍ਰਤਿਭਾਸ਼ਾਲੀ ਵਿਚਾਰਕ ਅਤੇ ਸਮਾਜ ਸ਼ਾਸਤਰੀ ਹਨ ਅਤੇ ਇਹਨਾਂ ਤੋਂ ਹੀ ਪ੍ਰਭਾਵਿਤ ਭਾਰਤੀ ਸਮਾਜ-ਸ਼ਾਸਤਰੀ ਐਮ.ਐਨ. ਸ਼੍ਰੀਨਿਵਾਸ, ਰਾਧਾ ਕਮਲ ਮੁਖ਼ਰਜੀ, ਮਹਾਤਮਾ ਗਾਂਧੀ, ਬੀ.ਕੇ ਨਾਗਲਾ ਆਦਿ ਹਨ। ਸਮਾਜ ਸ਼ਾਸਤਰ ਨੂੰ ਅਧਿਐਨ ਕਰਨ ਦੇ ਨਿਯਮ ਸਭ ਤੋਂ ਪਹਿਲਾਂ ਪੱਛਮੀ ਵਿਦਵਾਨ ਅਗਸਤੇ ਕਾਮਤੇ ਅਤੇ ਇਮਾਇਲ ਦੁਰਖ਼ੀਮ ਨੇ ਬਣਾਏ ਜਿਹਨਾਂ ਨੂੰ ਸਮਾਜ ਸ਼ਾਸਤਰ ਦਾ ਪਹਿਲਾ ਵਿਦਵਾਨ ਮੰਨਿਆ ਜਾਂਦਾ ਹੈ।ਪੱਛਮੀ ਸਮਾਜ ਦੇ ਇਤਿਹਾਸ ਦੇ ਵਿਸ਼ਲੇਸ਼ਣ ਤੋਂ ਜਾਣੂ ਕਰਵਾਉਣ ਵਾਲੇ ਮੈਕਸ ਵੈਬਰ ਮੰਨੇ ਜਾਂਦੇ ਹਨ ਜਿਸ ਵਿਚ ਪੱਛਮੀ ਸੰਸਥਾਵਾਂ ਜਿਸ ਵਿਚ ਅਰਥ ਵਿਵਸਥਾ, ਰਾਜਨੀਤੀ, ਧਰਮ, ਪਰਿਵਾਰ ਆਦਿ ਸ਼ਾਮਿਲ ਹਨ। ਅਜੋਕੇ ਮਨੁੱਖੀ ਰਿਸ਼ਤਿਆਂ ਵਿਚ ਬਦਲਾਅ ਦਾ ਸਿਧਾਂਤ ਸਮਾਜ ਸ਼ਾਸਤਰ ਵਿਚ ਵਿਦੇਸ਼ੀ ਸਮਾਜ ਸ਼ਾਸਤਰੀ 'ਅਗਸਤੇ ਕਾਮਤੇ, 'ਮੈਕਾਈਵਰ ਐਂਡ ਪੇਜ', ਸੀ. ਐਚ. ਕੂਲੇ, ਜੀ. ਪੀ. ਮੋਡਰਕ ਅਤੇ ਪੰਜਾਬੀ ਵਿਚ ਡਾ. ਸਵਿੰਦਰਜੀਤ ਕੌਰ, ਡਾ. ਆਤਮਾ ਸਿੰਘ ਆਦਿ ਹੋਰ ਵੀ ਕਈ ਵਿਦਵਾਨਾਂ ਨੇ ਦਿੱਤਾ। ਮਨੁੱਖੀ ਰਿਸ਼ਤਿਆਂ ਵਿਚ ਅਲਗਾਵ ਦਾ ਸਿਧਾਂਤ Iliet and Meril, William J. Goode ਨੇ ਦਿੱਤਾ। ਪੈਸੇ ਕਾਰਨ ਰਿਸ਼ਤਿਆਂ ਵਿਚ ਬਦਲਾਅ ਇਸ ਦਾ ਸਿਧਾਂਤ ਜਰਮਨੀ ਸਮਾਜ ਸ਼ਾਸਤਰੀ T. Parson, Richard R. Clayton ਨੇ ਦਿੱਤਾ। ਰਾਜਨੀਤਿਕ ਅਧਿਐਨ ਵਿਚ ਰਾਜਨੀਤਿਕ ਸਮਾਜ ਸ਼ਾਸਤਰ ਦੇ ਮੁੱਖ ਸੰਸਥਾਪਕ ਹਨ: Max Weber, Robert Micchel, Emille Durkheim ਨੂੰ ਮੰਨਿਆ ਜਾਂਦਾ ਹੈ। ਇਹਨਾਂ ਨੇ ਰਾਜਨੀਤਿਕ ਸਮਾਜ ਸ਼ਾਸਤਰੀ ਅਧਿਐਨ ਨੂੰ ਇਕ ਵਿਸ਼ੇ ਦੇ ਰੂਪ ਵਿਚ ਪੇਸ਼ ਕੀਤਾ। ਆਰਥਿਕਤਾ ਦੇ ਸਮਾਜ ਸ਼ਾਸਤਰੀ ਅਧਿਐਨ ਨੂੰ ਅਮਰੀਕੀ ਸਮਾਜ ਸ਼ਾਸਤਰੀ 'William Stenly Jones ਦੁਆਰਾ 1879 ਈ ਵਿਚ ਦਿੱਤਾ ਗਿਆ। ਜਿਸ ਨੂੰ ਬਾਅਦ ਵਿਚ 1890 ਵਿਚ Emille Durkheim ਅਤੇ 1920 ਵਿਚ 'George Micchel, Max Weber ਅਤੇ Karl Max ਨੇ ਵੀ ਅਪਣਾਇਆ। ਇਸ ਤੋਂ ਬਾਅਦ ਭਾਰਤੀ ਸਮਾਜ ਸ਼ਾਸਤਰੀਆਂ ਨੇ ਇਹਨਾਂ ਲੀਹਾਂ ਨੂੰ ਅੱਗੇ ਤੋਰਿਆ। ਸਮਾਜ ਸ਼ਾਸਤਰ ਵਿਚ ਨਾਰੀਵਾਦ ਦੇ ਸਿਧਾਂਤ ਦੀ ਪੁਸ਼ਟੀ ਫ਼ਰਾਂਸੀਸੀ ਸਮਾਜ ਸ਼ਾਸਤਰੀ Merry Volstencraft ਅਤੇ ਫ਼ਰਾਂਸ ਦੀ ਨਾਰੀਵਾਦੀ ਲੇਖਿਕਾ Simon D Buaor, ਜਰਮਨ ਸਮਾਜ ਸ਼ਾਸਤਰੀ J. S. Mill, ਅਮਰੀਕੀ ਸਮਾਜ ਸ਼ਾਸਤਰੀ Bettie Fridon, Karol Petman ਨੇ ਅਤੇ ਭਾਰਤੀ ਸਮਾਜ ਸ਼ਾਸਤਰੀ ਰਾਜਾ ਰਾਮ ਮੋਹਨ ਰਾਏ, ਜੋਤਿਬਾ ਫੂਲੇ, ਸਵਾਮੀ ਵਿਵੇਕਾਨੰਦ, ਸਵਾਮੀ ਦਯਾਨੰਦ ਸਰਸਵਤੀ, ਜੇ. ਪੀ. ਸਿੰਘ ਅਤੇ ਪੰਜਾਬੀ ਵਿਚ ਉਰਵਸ਼ੀ ਬੁਟਾਲੀਆ, ਪਾਲ ਕੌਰ, ਨਿੰਦਰ ਗਿੱਲ ਆਦਿ ਸਮਾਜ ਸ਼ਾਸਤਰੀਆਂ ਨੇ ਕੀਤੀ ਹੈ। ਭਾਰਤ ਵਿਚ ਪਰਵਾਸ ਦਾ ਪ੍ਰਚਲਨ ਕਾਫ਼ੀ ਜ਼ਿਆਦਾ ਹੈ ਖ਼ਾਸ ਕਰ ਕੇ ਪੰਜਾਬ ਵਿਚ ਤਾਂ ਬਹੁਤ ਵੇਖਣ ਨੂੰ ਮਿਲਦਾ ਹੈ। ਪੰਜਾਬ ਵਿਚ ਤਾਂ ਪਰਵਾਸ ਦੀ ਚਕਾਚੌਂਧ ਨੇ ਪਿੰਡਾਂ ਦੇ ਪਿੰਡ ਖਾਲੀ ਕਰ ਦਿੱਤੇ ਹਨ। ਪਰਵਾਸ ਦੇ ਵਿਸ਼ੇ ਨੂੰ ਸਮਾਜ ਸ਼ਾਸਤਰੀ ਰੂਪ ਤੋਂ ਅਧਿਐਨ ਕਰਨ ਵਾਲਾ ਹਰ ਇਕ ਵਿਦਵਾਨ ਹੈ ਕਿਉਂ ਕਿ ਸਮਾਜ ਸ਼ਾਸਤਰ ਵਿਚ ਸਮਾਜਿਕ ਸਮੱਸਿਆਵਾਂ ਦੀ ਗੱਲ ਕੀਤੀ ਜਾਂਦੀ ਹੈ ਅਤੇ ਪਰਵਾਸ ਦਾ ਮਸਲਾ ਸਮਾਜਿਕ ਸਮੱਸਿਆਵਾਂ ਦਾ ਹੀ ਹਿੱਸਾ ਹੈ। ਇਹ ਇੱਕੀਵੀਂ ਸਦੀ ਦਾ ਇਕ ਭੱਖਵਾਂ ਮਸਲਾ ਹੈ। ਪਰਵਾਸ ਵੀ ਸਮਾਜ ਦਾ ਹੀ ਹਿੱਸਾ

ਹੈ ਇਹ ਸਮਾਜ ਤੋਂ ਅਲੱਗ ਨਹੀਂ ਹੈ ਇਸ ਲਈ ਹਰ ਇਕ ਸਮਾਜ ਸ਼ਾਸਤਰੀਆਂ ਲਈ ਇਹ ਇਕ ਅਧਿਐਨ ਦਾ ਵਿਸ਼ਾ ਬਣਦਾ ਹੈ। ਇਸ ਲਈ ਅਸੀਂ ਆਪਣੇ ਖੋਜ ਪ੍ਰਬੰਧ ਵਿਚ ਇਹਨਾਂ ਸਮਾਜਿਕ ਮਸਲਿਆਂ ਦੀ ਗ਼ਜ਼ਲ ਰਾਹੀਂ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਸਮਾਜ ਵਿਚਲੇ ਇਹਨਾਂ ਭੱਖਵੇਂ ਮਸਲਿਆਂ ਨੂੰ ਸਮਾਜ ਸ਼ਾਸਤਰੀ ਵਿਧੀ ਰਾਹੀਂ ਅਸੀਂ ਆਪਣੇ ਖੋਜ ਪ੍ਰਬੰਧ ਵਿਚ ਗ਼ਜ਼ਲ ਉੱਤੇ ਆਧਾਰ ਬਣਾਇਆ ਹੈ। ਜਿਸ ਵਿਚ ਗ਼ਜ਼ਲ ਦੇ ਵੱਖ-ਵੱਖ ਵਿਸ਼ਿਆਂ ਨੂੰ ਸਮਾਜ-ਸ਼ਾਸਤਰੀ ਅਧਿਐਨ ਵਿਧੀ ਰਾਹੀਂ ਪਰਖਿਆ ਗਿਆ ਹੈ।

## ਅਧਿਆਇ ਦੂਜਾ

## ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ: ਸਮਾਜਿਕ ਅਧਿਐਨ

### 2.1 ਮਨੁੱਖ ਅਤੇ ਸਮਾਜ

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਸਮਾਜ ਤੋਂ ਬਿਨਾਂ ਮਨੁੱਖ ਪ੍ਰਾਣੀ ਤਾਂ ਹੋ ਸਕਦਾ ਹੈ ਪਰ ਸਮਾਜਿਕ ਨਹੀਂ ਹੋ ਸਕਦਾ। ਜਿੱਥੇ ਜੀਵਨ ਹੈ ਉੱਥੇ ਸਮਾਜ ਹੈ। ਉਸ ਦੇ ਵਜੂਦ ਲਈ ਸਮਾਜ ਇਕ ਮਹੱਤਵਪੂਰਣ ਇਕਾਈ ਵਜੋਂ ਕੰਮ ਕਰਦਾ ਹੈ। ਮਨੁੱਖ ਅਤੇ ਸਮਾਜ ਇਕ ਦੂਜੇ ਦੇ ਪੂਰਕ ਹਨ। ਮਨੁੱਖ ਲਈ ਸਮਾਜ ਅਤੇ ਸਮਾਜ ਲਈ ਮਨੁੱਖ ਬਹੁਤ ਜ਼ਰੂਰੀ ਹਨ। ਭਾਵ ਦੋਨੋਂ ਹੀ ਇਕ ਦੂਜੇ ਦੇ ਪੂਰਕ ਹਨ। ਮਨੁੱਖ ਨੂੰ ਸਮਾਜ ਹੀ ਸਹਾਰਾ ਦਿੰਦਾ ਹੈ। ਸਾਧਾਰਣ ਮਨੁੱਖ ਲਈ ਸਮਾਜ ਦਾ ਅਰਥ 'ਵਿਅਕਤੀਆਂ ਦਾ ਸਮੂਹ' ਤੋਂ ਮੰਨਿਆ ਜਾਂਦਾ ਹੈ। ਸਮਾਜ ਸਮਾਜਿਕ ਸਬੰਧਾਂ ਦਾ ਜਾਲ ਹੈ। ਮਨੁੱਖ ਦੀਆਂ ਬਹੁਤ ਲੋੜਾਂ ਹੁੰਦੀਆਂ ਹਨ। ਇਹਨਾਂ ਲੋੜਾਂ ਦੀ ਪੂਰਤੀ ਲਈ ਉਹ ਇਕ ਦੂਜੇ ਨਾਲ ਸਬੰਧ ਸਥਾਪਿਤ ਕਰਦੇ ਹਨ ਅਤੇ ਆਦਾਨ ਪ੍ਰਦਾਨ ਦੀ ਕਿਰਿਆ ਹੁੰਦੀ ਹੈ। ਇਸ ਪ੍ਰਕਿਰਿਆ ਦੇ ਅੰਤਰਗਤ ਮਨੁੱਖ ਵਿਚ ਸਬੰਧਾਂ ਦੀ ਜੋ ਵਿਵਸਥਾ ਸਥਾਪਿਤ ਹੁੰਦੀ ਹੈ ਉਸ ਨੂੰ ਹੀ ਸਮਾਜ ਕਿਹਾ ਜਾਂਦਾ ਹੈ। ਮਨੁੱਖ ਦੀ ਇਕ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਹ ਸਮਾਜ ਤੋਂ ਅੱਡ ਹੋ ਕੇ ਆਪਣਾ ਜੀਵਨ ਨਿਰਵਾਹ ਸਹੀ ਢੰਗ ਨਹੀਂ ਚਲਾ ਸਕਦਾ ਕਿਉਂ ਕਿ ਮਨੁੱਖ ਦੀਆਂ ਲੋੜਾਂ ਪੂਰੀਆਂ ਕਰਨਾਇਕ ਇਕੱਲੇ ਇਨਸਾਨ ਦੇ ਵੱਸ ਦਾ ਕੰਮ ਨਹੀਂ ਹੈ। ਇਸ ਲਈ ਮਨੁੱਖ ਆਪਸ ਵਿਚ ਰਲ ਕੇ ਸਮਾਜ ਦਾ ਨਿਰਮਾਣ ਕਰਦੇ ਹਨ। ਸਮਾਜ ਤੋਂ ਬਿਨਾਂ ਮਨੁੱਖ ਸਭਿਅਕ ਨਹੀਂ ਹੋ ਸਕਦਾ ਸਗੋਂ ਉਹ ਜਾਂਗਲੀ ਕਿਸਮ ਦਾ ਜੀਵਨ ਬਤੀਤ ਕਰਦਾ ਹੈ। ਸਮਾਜ ਹੀ ਇਕ ਅਜਿਹੀ ਸਮੂਹਿਕ ਇਕਾਈ ਹੈ ਜੋ ਮਨੁੱਖ ਨੂੰ ਮਨੁੱਖ ਬਣਾਉਣ ਵਿਚ ਕਾਰਗਰ ਸਾਬਿਤ ਹੋਈ ਹੈ।

ਪੰਜਾਬੀ ਦਾ ਸਭਿਆਚਾਰ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਕਲਚਰ ਅਤੇ ਹਿੰਦੀ ਭਾਸ਼ਾ ਦੇ ਸ਼ਬਦ ਸੰਸਕ੍ਰਿਤ ਦੇ ਪਰਿਆਇ ਰੂਪ ਵਜੋਂ ਵਰਤਿਆ ਜਾਂਦਾ ਹੈ। ਸਭਿਆਚਾਰ ਅਤੇ ਸੰਸਕ੍ਰਿਤਕ ਵਿਰਸੇ ਨੂੰ ਇਕ ਪੀੜੀ ਤੋਂ ਦੂਜੀ ਪੀੜੀ ਤਕ ਪਹੁੰਚਾਉਣ ਦਾ ਕਾਰਜ ਪਰਿਵਾਰ ਦੁਆਰਾ ਹੀ ਸੰਪੰਨ ਹੁੰਦਾ ਹੈ। ਸਮਾਜ, ਮਨੁੱਖ ਅਤੇ ਸਭਿਆਚਾਰ ਆਪਸ ਵਿਚ ਅੰਤਰ ਸਬੰਧਤ ਸੰਕਲਪ ਹਨ ਅਤੇ ਮਨੁੱਖ ਇਨ੍ਹਾਂ ਦਾ ਧੁਰਾ ਹੈ। ਆਰੰਭ ਵਿਚ ਮਨੁੱਖ ਦੀਆਂ ਸਮੁੱਚੀਆਂ ਲੋੜਾਂ ਪ੍ਰਾਕਿਰਤਕ ਸਨ ਅਤੇ ਮਨੁੱਖ ਨੂੰ ਦਰਪੇਸ਼ ਸਮੱਸਿਆਵਾਂ ਦੇ ਸਮੂਹਿਕ ਰੂਪ ਧਾਰਨ ਕਰਨ ਨਾਲ ਉਹਨਾਂ ਦੇ ਸਮਾਧਾਨ ਲਈ ਸਮੂਹਿਕ ਯਤਨਾਂ ਦੀ ਲੋੜ ਪਈ। ਜਿਸ ਕਾਰਨ ਮਨੁੱਖੀ ਮਨ ਵਿਚ ਸਭਿਆਚਾਰ ਦੀ ਭਾਵਨਾ ਦਾ ਵਿਕਾਸ ਹੋਇਆ। ਮਨੁੱਖ ਨੇ ਇਸ ਲੰਮੇਰੀ ਵਿਕਾਸ ਪ੍ਰਕਿਰਿਆ ਦੌਰਾਨ ਮਨੁੱਖੀ ਜੀਵਨ ਪੱਧਤੀ ਦੀਆਂ ਲੋੜਾਂ ਦੀ ਪੂਰਤੀ ਅਤੇ ਸਵੈ ਸੁਰੱਖਿਆ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਸਮਾਜ ਦੀ ਸਿਰਜਣਾ ਕੀਤੀ। ਆਰੰਭ ਤੋਂ ਹੀ ਮਨੁੱਖ ਸਭਿਆਚਾਰਕ ਵਿਕਾਸ ਲਈ ਨਿਰੰਤਰ ਯਤਨਸ਼ੀਲ ਰਿਹਾ ਹੈ। ਇਸ ਕਾਰਨ ਉਹ ਸਮੂਹਿਕ ਅਤੇ ਸਾਮਾਜਿਕ ਭਾਵਨਾਵਾਂ ਦਾ ਸਤਿਕਾਰ ਕਰਦਾ ਹੈ। ਮਨੁੱਖ ਨੇ ਸਾਮਾਜਿਕ ਸਿਰਜਣਾ ਦੌਰਾਨ ਖਾਣ-ਪੀਣ, ਭੁੱਖ, ਤ੍ਰੇਹ, ਕਾਮ ਆਦਿ ਬੁਨਿਆਦੀ ਪ੍ਰਵਿਰਤੀਆਂ ਦੀ ਤ੍ਰਿਪਤੀ ਲਈ ਕੁੱਝ ਨਿਯਮਾਂ ਦੀ ਸਿਰਜਣਾ ਕੀਤੀ।

## 2.2 ਵੱਖ-ਵੱਖ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ:

ਵਿਦਵਾਨਾਂ ਨੇ ਬਾਅਦ ਵਿਚ ਇਨ੍ਹਾਂ ਨਿਯਮਾਂ ਦੇ ਸਮੂਹ ਨੂੰ ਸਭਿਆਚਾਰ ਵਜੋਂ ਪਰਿਭਾਸ਼ਤ ਕੀਤਾ ਹੈ। ਸਭਿਆਚਾਰ ਦੀ ਹੋਂਦ ਕਾਰਨ ਹੀ ਮਨੁੱਖ ਅਤੇ ਪਸ਼ੂਆਂ ਵਿਚਕਾਰ ਨਿਖੇੜਾ ਕੀਤਾ ਜਾਂਦਾ ਹੈ। ਕਿੰਗਜ਼ਲੇ ਡੈਵਿਸ (ਅਨੁਵਾਦ: ਪ੍ਰਕਾਸ਼ ਸਿੰਘ ਜੰਮੂ) ਦੁਆਰਾ ਉਸ ਦੀ ਪੁਸਤਕ *'ਮਨੁੱਖੀ ਸਮਾਜ'* ਵਿਚ ਕਿਹਾ ਗਿਆ ਹੈ,

> "ਸਭਿਆਚਾਰ ਉਹ ਮਹੱਤਵਪੂਰਨ ਮਲਕੀਅਤ ਹੈ ਜੋ ਸਾਰੇ ਮਨੁੱਖੀ ਜੀਵਨ ਵਿਚ ਖਿਲਰੀ ਰਹਿੰਦੀ ਹੈ ਅਤੇ ਮਨੁੱਖ ਦੇ ਸਾਰੇ ਬੇ-ਮੇਚ ਗੁਣ ਇਸ ਉੱਪਰ ਆਧਾਰਿਤ ਹਨ। ਇਹ ਮਨੁੱਖੀ ਹੋਂਦ ਵਿਚ ਇਕ ਹੋਰ ਵਾਧਾ ਕਰਦੀ ਹੈ ਕਿ ਉਸ ਨੂੰ ਮਨੁੱਖ ਬਣਾਉਂਦੀ ਹੈ ਜਿਸ ਨੇ ਇਸ ਦੀ ਅਣਹੋਂਦ ਵਿਚ ਪਸ਼ੂ ਹੋਣਾ ਸੀ।"(2)

ਇਹ ਵੀ ਕਿਹਾ ਜਾਣਾ ਠੀਕ ਹੈ ਕਿ ਸਭਿਆਚਾਰ ਮਨੁੱਖ ਨੂੰ ਪਸ਼ੂਆਂ ਤੋਂ ਵਖਰਿਆਉਣ ਵਾਲੀ ਮਨੁੱਖ ਦੀ ਉੱਚਤਮ ਪ੍ਰਾਪਤੀ ਹੈ। ਜੋ ਮਨੁੱਖ ਨੂੰ ਪਸ਼ੂਆਂ ਦੇ ਸੁਭਾਅ ਵਿਚ ਰਲਗੱਡ ਨਹੀਂ ਹੋਣ ਦਿੰਦਾ ਅਤੇ ਪਸ਼ੂ ਜਾਤ ਤੋਂ ਵਖ਼ਰਿਆਉਂਦਾ ਹੈ। ਸਭਿਆਚਾਰ ਮਨੁੱਖ ਨੂੰ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਸਮਾਜਿਕ ਸਬੰਧਾਂ ਵਿਚੋਂ ਚੇਤਨ ਅਤੇ ਅਵਚੇਤਨ ਰੂਪ ਵਿਚ ਪੀੜ੍ਹੀ-ਦਰ-ਪੀੜ੍ਹੀ ਚਿੰਨਾਤਮਕ ਪ੍ਰਵਹਿਣ ਰਾਹੀਂ ਪ੍ਰਾਪਤ ਹੁੰਦਾ ਹੈ। ਇਸ ਦਾ ਇਤਿਹਾਸ ਮਨੁੱਖੀ ਸਭਿਅਤਾ ਜਿੰਨਾ ਹੀ ਪੁਰਾਣਾ ਹੈ। ਸਭਿਆਚਾਰ ਦੀਆਂ ਧਾਰਨਾਵਾਂ ਵਿਚ ਸਮੇਂ, ਸਥਾਨ ਅਤੇ ਪਰਸਥਿਤੀਆਂ ਅਨੁਸਾਰ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ ਪਰ ਇਹ ਤਬਦੀਲੀਆਂ ਰੇਖਾਂਕਿਤ ਹੱਦਾਂ ਤੋਂ ਪਾਰ ਨਹੀਂ ਜਾ ਸਕਦੀਆਂ। ਇਹ ਪੂਰਵ ਸਥਾਪਿਤ ਧਾਰਨਾਵਾਂ ਦਾ ਵਿਕਾਸ ਮਾਤਰ ਹੁੰਦੀਆਂ ਹਨ। ਇਸ ਸੰਦਰਭ ਵਿਚ ਡਾ. ਭੁਪਿੰਦਰ ਸਿੰਘ ਖਹਿਰਾ ਆਪਣੀ ਪੁਸਤਕ *'ਲੋਕਧਾਰਾ ਤੇ ਸਭਿਆਚਾਰ'* ਵਿਚ ਕਹਿੰਦੇ ਹਨ

> "ਸਭਿਆਚਾਰ ਇਹਨਾਂ ਧਾਰਨਾਵਾਂ ਦੇ ਪਰਿਵਰਤਨ ਦੇ ਬਾਵਜੂਦ ਆਪਣੇ ਮੂਲ ਨਾਲੋਂ ਟੁੱਟ ਕੇ ਵਿਕਾਸ ਨਹੀਂ ਕਰ ਸਕਦਾ। ਸਭਿਆਚਾਰ ਕਾਫੀ ਹੱਦ ਤੱਕ ਖੁਦਮੁਖਤਿਆਰ ਵੀ ਹੁੰਦਾ ਹੈ। ਇਸ ਨੂੰ ਬਦਲਣ ਲਈ ਇਸ ਦੀ ਸਿਰਜਣਾ ਦੀ ਤਰ੍ਹਾਂ ਮਨੁੱਖੀ ਅਭਿਆਸ ਤੇ ਕਿਰਤ ਦੀ ਲੋੜ ਪੈਂਦੀ ਹੈ।"(185)

ਇਹ ਤੱਥ ਵੀ ਮਹੱਤਵਪੂਰਨ ਹੈ ਕਿ ਕਬੀਲੇ ਤੋਂ ਲੈ ਕੇ ਜਾਗੀਰਦਾਰੀ ਵਿਵਸਥਾ ਤਕ ਪਰਿਵਾਰ ਸਾਂਝੇ ਰਹੇ ਹਨ। ਸਾਂਝੇ ਪਰਿਵਾਰ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਅਤੇ ਸੀਮਾਵਾਂ ਹਨ। ਇਹਨਾਂ ਵੱਲ ਜਿਆਦਾ ਨਾ ਜਾਂਦੇ ਹੋਏ ਅਸੀਂ ਸੰਯੁਕਤ ਪਰਿਵਾਰ ਤੋਂ ਨਿੱਜੀ ਪਰਿਵਾਰ ਤੱਕ ਦੀ ਗੱਲ ਸੰਖੇਪ ਵਿਚ ਹੀ ਕਰਾਂਗੇਕਿਉਂ ਕਿ ਦੋਹਾਂ ਤਰ੍ਹਾਂ ਦੇ ਪਰਿਵਾਰਾਂ ਨੇ ਲੋਕ ਸਾਹਿਤ ਵਿਚ ਆਪਣਾ ਪ੍ਰਭਾਵ ਛੱਡਿਆ ਹੈ। ਸਰਮਾਏਦਾਰੀ ਪ੍ਰਬੰਧ ਵਿਚ ਸਾਂਝੇ ਪਰਿਵਾਰ ਟੁੱਟ ਰਹੇ ਹਨ ਅਤੇ ਉਹ ਸਾਂਝਾਂ ਸਮਾਪਤ ਹੋ ਰਹੀਆਂ ਹਨ ਜਿਹੜੀਆਂ ਭਾਈਚਾਰੇ ਨੂੰ ਮਜਬੂਤੀ ਪ੍ਰਦਾਨ ਕਰਦੀਆਂ ਹਨ। ਅਜੋਕਾ ਸਮਾਜ ਵਿਅਕਤੀ ਨੂੰ ਖੁੱਲ੍ਹ ਦਿੰਦਾ ਹੈ ਪਰ ਕਈ ਵਾਰੀ ਇਹ ਖੁੱਲ੍ਹ ਵਿਅਕਤੀਵਾਦੀ ਹੱਦ ਤਕ ਪਹੁੰਚ ਜਾਂਦੀ ਹੈ। ਸਾਂਝੇ ਪਰਿਵਾਰ ਵਿਚ ਕਈ

ਪੀੜੀਆਂ ਸ਼ਾਮਿਲ ਹੁੰਦੀਆਂ ਹਨ। ਇਸ ਵਿਚ ਬਾਬੇ ਦਾਦੇ ਤੋਂ ਲੈ ਕੇ ਮਾਂ-ਪਿਉ, ਪੁੱਤਰ, ਨੂੰਹਾਂ, ਭੈਣ-ਭਰਾ ਅਤੇ ਪੋਤੇ-ਪੋਤੀਆਂ ਸਭ ਸ਼ਾਮਿਲ ਹੁੰਦੇ ਹਨ। ਘਰੇਲੂ ਜੀਵਨ ਵਿਚ ਔਰਤਾਂ ਸਾਰਾ ਕੰਮ ਰਲ ਮਿਲ ਕੇ ਕਰਦੀਆਂ ਹਨ ਅਤੇ ਮਰਦ ਜਾਇਦਾਦ ਸਬੰਧੀ ਸਾਰੇ ਮਾਮਲੇ ਨਿਜੱਠਦੇ ਹਨ। ਆਰਥਿਕਤਾ ਸਾਂਝੀ ਹੋਣ ਕਰ ਕੇ ਪਰਿਵਾਰਕ ਸਾਂਝ ਬਣੀ ਰਹਿੰਦੀ ਹੈ। ਸਾਂਝੇ ਪਰਿਵਾਰ ਵਿਚ ਇਕ ਬਜ਼ੁਰਗ ਹੁੰਦਾ ਹੈ ਜੋ ਕਿ ਮੁਖੀ ਦਾ ਰੋਲ ਨਿਭਾਉਂਦਾ ਹੈ ਅਤੇ ਸਾਰੇ ਜੀਅ ਉਸ ਦੀ ਗੱਲ ਖਿੜੇ ਮੱਥੇ ਮੰਨਦੇ ਹਨ। ਕਮਾਈ ਅਤੇ ਖ਼ਰਚਿਆਂ ਉੱਪਰ ਘਰ ਦੇ ਮੁਖੀ ਦਾ ਕੰਟਰੋਲ ਹੁੰਦਾ ਹੈ। ਹਰ ਕੰਮ ਵਿਚ ਉਸ ਦੀ ਸਲਾਹ ਮੁਖ ਹੁੰਦੀ ਹੈ। ਪਿਤਾ ਦੀ ਜਾਇਦਾਦ ਉੱਪਰ ਸਾਰੇ ਪੁੱਤਰਾਂ ਦਾ ਸਮਾਨ ਅਧਿਕਾਰ ਹੁੰਦਾ ਹੈ। ਪਿਤਾ ਦੀ ਮੌਤ ਤੋਂ ਬਾਅਦ ਘਰ ਦੀ ਜ਼ਿੰਮੇਵਾਰੀ ਸਭ ਤੋਂ ਵੱਡਾ ਪੁੱਤਰ ਨਿਭਾਉਂਦਾ ਹੈ।ਭਾਰਤੀ ਪਰਿਵਾਰਕ ਸਬੰਧਾਂ ਦਾ ਜ਼ਿਕਰ ਹੁੰਦਾ ਹੈ ਤਾਂ ਉਸ ਵਿਚ ਭਾਰਤੀ ਸਮਾਜਕ ਵਿਕਾਸ ਦੇ ਪੜਾਵਾਂ ਵਿਚ ਸਾਂਝੇ ਪਰਿਵਾਰ ਦੀ ਹੋਂਦ ਹੁੰਦੀ ਹੈ। ਐਸ. ਐਸ. ਅਮੋਲ *'ਭਾਰਤੀ ਸਮਾਜਕ ਸੰਸਥਾਵਾਂ'* ਅਨੁਸਾਰ, "ਭਾਰਤ ਦੇ ਸਬੰਧ ਵਿਚ ਪਰਿਵਾਰ ਦਾ ਭਾਵ ਸਦਾ ਹੀ ਸਾਂਝਾ ਪਰਿਵਾਰ ਹੀ ਲਿਆ ਜਾਂਦਾ ਹੈ। ਜਿੱਥੇ ਪੀੜ੍ਹੀਆਂ ਤੋਂ ਇਕ ਟੱਬਰ ਦੀ ਸਾਂਝੀ ਜਾਇਦਾਦ ਜਾ ਕਮਾਈ ਉੱਤੇ ਝੱਟ ਲੰਘਾਉਂਦੀ ਹੈ। ਉੱਥੇ ਹੀ ਉਹਨਾਂ ਦੀਆਂ ਪਤਨੀਆਂ ਅਤੇ ਉਹਨਾਂ ਦੇ ਮਾਪੇ ਰਹਿੰਦੇ ਹਨ।"(97)

ਕਈ ਸਾਂਝੇ ਪਰਿਵਾਰਾਂ ਵਿਚ ਰੋਟੀ-ਪਾਣੀ ਭਾਵੇਂ ਵੱਖਰਾ ਹੁੰਦਾ ਹੈ ਪਰ ਖੇਤੀਬਾੜੀ ਦਾ ਕੰਮ ਸਾਂਝਾ ਹੁੰਦਾ ਹੈ। ਘਰ ਵਿਚ ਅਜਿਹੀ ਭਿੰਨਤਾ ਦੇ ਕਈ ਆਰਥਿਕ ਕਾਰਣ ਵੀ ਹੋ ਸਕਦੇ ਹਨ। ਸਰਮਾਏਦਾਰੀ ਉਤਪਾਦਨ ਦੇ ਦੌਰ ਵਿਚ ਰਿਸ਼ਤਿਆਂ ਦੇ ਆਰੰਭ ਹੋਣ ਨਾਲ ਅਜਿਹੇ ਪਰਿਵਾਰਾਂ ਦੀ ਹੋਂਦ ਸਥਾਪਤ ਹੁੰਦੀ ਹੈ। ਜਿਨ੍ਹਾਂ ਵਿਚ ਕੇਵਲ ਪਤੀ-ਪਤਨੀ ਤੇ ਉਹਨਾਂ ਦੇ ਬੱਚੇ ਸ਼ਾਮਿਲ ਹੁੰਦੇ ਹਨ। ਇਸੇ ਯੁੱਗ ਨੇ ਸ਼ਹਿਰੀਕਰਣ ਅਤੇ ਮਸ਼ੀਨੀਕਰਣ ਦਾ ਆਰੰਭ ਵੀ ਕੀਤਾ ਅਤੇ ਵਿਅਕਤੀਗਤ ਸੁਤੰਤਰਤਾ ਪ੍ਰਦਾਨ ਵੀ ਕੀਤੀ। ਇਹਨਾਂ ਦੇ ਸਿੱਟੇ ਅਜੋਕੇ ਪਰਿਵਾਰਾਂ ਵਿਚ ਵੇਖੇ ਜਾ ਸਕਦੇ ਹਨ। ਪਰਿਵਾਰ ਦੇ ਸਾਂਝੇ ਰੂਪ ਨੇ ਇਕ ਲੰਬੀ ਯਾਤਰਾ ਤੈਅ ਕਰ ਕੇ ਅਜੋਕੇ ਇਕਹਿਰੇ ਪਰਿਵਾਰ ਦਾ ਰੂਪ ਧਾਰਣ ਕੀਤਾ ਹੈ ਅਤੇ ਅੱਜ ਵੀ ਇਸ ਵਿਚ ਸਾਂਝੇ ਪਰਿਵਾਰ ਦੇ ਅੰਸ਼ ਵੇਖੇ ਜਾ ਸਕਦੇ ਹਨ।ਸਾਡੀ ਉਪਰੋਕਤ ਚਰਚਾ ਵਿਚ ਵੀ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਵਰਗ ਸਮਾਜ ਵਿਚ ਪਰਿਵਾਰ ਅਤੇ ਪਰਿਵਾਰਕ ਰਿਸ਼ਤੇ ਵਿਸ਼ੇਸ਼ ਪ੍ਰਕਾਰ ਦੇ ਹੁੰਦੇ ਹਨ।

ਵੀ. ਜੀ. ਅਫਨਾਸਯੇਵ Afnasyev Marxist Philosphy ਦੇ ਕਹਿਣ ਅਨੁਸਾਰ, "ਵਰਗ ਸਮਾਜ ਵਿਚ ਪਰਿਵਾਰ ਇਕ ਮੁੱਢਲੀ ਆਰਥਿਕ ਇਕਾਈ ਹੈ ਜਿਸ ਦੀ ਆਪਣੀ ਸਾਪੇਖ ਸੁਤੰਤਰਤਾ ਵੀ ਹੈ। ਸਮਾਜਕ, ਆਰਥਿਕ ਸਬੰਧਾਂ ਦੇ ਸਿਸਟਮ ਵਿਚ ਪਰਿਵਾਰ ਇਕ ਵੱਖਰਾ ਭਾਗ ਵੀ ਹੈ।"(277)

ਅਫਨਾਸਯੇਵ ਨੇ ਸਮਾਜਵਾਦੀਸਮਾਜ ਵਿਚ ਪਰਿਵਾਰ ਦੇ ਵੱਖਰੇ ਰੂਪ ਅਤੇ ਵੱਖਰੇ ਪਰਿਵਾਰਕ ਰਿਸ਼ਤਿਆਂ ਨੂੰ ਵੀ ਪਰਖਣ ਦਾ ਯਤਨ ਕੀਤਾ ਹੈ ਕਿਉਂ ਕਿ ਇਸ ਸਮਾਜ ਵਿਚ ਇਸਤਰੀ ਦੀ ਸਮਾਨਤਾ ਖਤਮ ਹੋ ਜਾਂਦੀ ਹੈ। ਨਿੱਜੀ ਜਾਇਦਾਦ ਦੀ ਸਮਾਪਤੀ ਹੋ ਜਾਂਦੀ ਹੈ। ਭਾਰਤੀ ਸਮਾਜ ਵਿਚ ਰਿਸ਼ਤੇਦਾਰੀ ਪ੍ਰਬੰਧ ਸਮੁੱਚੇ ਸਮਾਜਕ ਸਾਕਾਦਾਰੀ ਸਬੰਧਾਂ ਦਾ ਇਕ ਸਿਲਸਿਲੇਵਾਰ ਰੂਪ ਹੈ। ਇਸੇ ਕਾਰਨ ਹੀ ਇਹ ਇਕ ਸੰਗਠਿਤ ਅਤੇ ਨਿਰੰਤਰ ਹੈ। ਇਹੀ ਇਸ ਦੀ ਵਿਸ਼ੇਸ਼ਤਾ ਹੈ। ਡਾ. ਆਤਮਜੀਤ ਆਪਣੀ ਪੁਸਤਕ *'ਸਾਹਿਤਕੀ'* ਰਾਹੀਂ ਲਿਖਦੇ ਹਨ:

"ਪਰਿਵਾਰ ਤੇ ਵਿਆਹ ਪ੍ਰਥਾ ਨਾਲ ਜੁੜੀਆਂ ਸੰਸਥਾਵਾਂ ਹੋਰ ਸਮਾਜਕ ਅਤੇ ਰਾਜਸੀ ਸੰਸਥਾਵਾਂ ਦੇ ਟਾਕਰੇ ਵਿਚ ਵਧੇਰੇ ਬੁਨਿਆਦੀ ਹਨ ਅਤੇ ਇਨ੍ਹਾਂ ਦੀਆਂ ਭਾਵਨਾਤਮਕ ਜੜ੍ਹਾਂ ਵੀ ਡੂੰਘੀਆਂ ਹੁੰਦੀਆਂ ਹਨ। ਇਸੇ ਕਾਰਨ ਕਿਸੇ ਵੀ ਸਮਾਜ ਵਿਚ ਸਾਕੇਦਾਰੀ ਪ੍ਰਬੰਧ ਅਤਿਅੰਤ ਸੰਗਠਿਤ, ਨਿਰੰਤਰ ਅਤੇ ਪਰੰਪਰਕ ਬਣਿਆ ਰਹਿੰਦਾ ਹੈ ਅਤੇ ਇਤਿਹਾਸ ਦੀਆਂ ਸਮੇਂ-ਸਮੇਂ ਸਿਰ ਪੈਦਾ ਹੋਣ ਵਾਲੀਆਂ ਰੋਆਂ ਦਾ ਇਸ ਉੱਤੇ ਬਹੁਤ ਘੱਟ ਪ੍ਰਭਾਵ ਪੈਂਦਾ ਹੈ।"(128)

ਭਾਰਤੀ ਸਮਾਜ ਵਿਚ ਕਬੀਲਾ ਸਮਾਜ, ਜਾਗੀਰਦਾਰੀ ਸਮਾਜ, ਸਰਮਾਏਦਾਰੀ ਸਮਾਜ ਦੇ ਸਾਰੇ ਰਿਸ਼ਤੇ ਨਾਤੇ ਸਭ ਨਾਲੋ-ਨਾਲ ਚਲਦੇ ਵੇਖੇ ਜਾ ਸਕਦੇ ਹਨ। ਉੱਥੇ ਇਸ ਸਾਕੇਦਾਰੀ ਪ੍ਰਬੰਧ ਨੂੰ ਪਛਾਣਿਆ ਜਾ ਸਕਦਾ ਹੈ। ਇਸ ਕਾਰਨ ਹੀ ਭਿੰਨ-ਭਿੰਨ ਇਲਾਕਿਆਂ ਵਿਚ ਵੱਖ-ਵੱਖ ਸਦਾਚਾਰਕ ਮਾਪਦੰਡ ਵੀ ਪ੍ਰਾਪਤ ਹੋ ਜਾਂਦੇ ਹਨ। ਭਾਰਤੀ ਸਮਾਜ ਅਤੇ ਪੰਜਾਬੀ ਸਮਾਜ ਦਾ ਸਾਕੇਦਾਰੀ ਪ੍ਰਬੰਧ ਤਕਰੀਬਨ ਇਕੋ ਜਿਹਾ ਹੀ ਹੈ। ਕਿਤੇ-ਕਿਤੇ ਪੰਜਾਬੀ ਸਮਾਜ ਉੱਪਰ ਬਾਹਰੀ ਪ੍ਰਭਾਵ ਦੀ ਝਲਕ ਵੀ ਮਿਲ ਜਾਂਦੀ ਹੈ। ਜਿਵੇਂ: ਮੁਸਲਮਾਨੀ ਪ੍ਰਭਾਵ ਅਧੀਨ ਕੁੱਝ ਪੰਜਾਬੀ ਹਿੱਸਿਆਂ ਵਿਚ ਦੁੱਧ ਦੇ ਰਿਸ਼ਤੇ ਨੂੰ ਛੱਡ ਕੇ ਬਾਕੀ ਰਿਸ਼ਤੇਦਾਰੀਆਂ ਵਿਚ ਵਿਆਹ ਹੋ ਜਾਂਦੇ ਹਨ। ਪੱਛਮੀ ਪੰਜਾਬ ਤੋਂ ਹਿਜਰਤ ਕਰ ਕੇ ਆਏ ਪੰਜਾਬੀਆਂ ਵਿਚ ਇਹ ਅੰਸ਼ ਆਮ ਵੇਖੇ ਜਾ ਸਕਦੇ ਹਨ। ਭਾਰਤੀ ਸਮਾਜ ਵਿਚ ਪੀੜ੍ਹੀਆਂ ਦੀ ਗੱਲ ਹੁੰਦੀ ਹੈ। ਇਨ੍ਹਾਂ ਪੀੜ੍ਹੀਆਂ ਨੂੰ ਕਲੰਕਿਤ ਕਰਨਾ ਸਮਾਜਕ ਤੌਰ 'ਤੇ ਨੀਚ ਕੰਮ ਮੰਨਿਆ ਜਾਂਦਾ ਹੈ। ਕੋਈ ਸਦਾਚਾਰਕ ਪੁਰਸ਼ ਸਮਾਜਕ ਤੌਰ 'ਤੇ ਕੁੱਝ ਵਿਸ਼ੇਸ਼ ਸਾਧਨਾਂ ਰਾਹੀਂ ਇਨ੍ਹਾਂ ਪੀੜ੍ਹੀਆਂ ਦਾ ਉਦਾਰ ਕਰਦਾ ਵੀ ਨਜ਼ਰ ਆਉਂਦਾ ਹੈ। ਸ਼ਰਾਧਾਂ ਵਿਚ ਤਾਂ ਇਸ ਤੋਂ ਵੀ ਅਗਾਂਹ ਸਮੁੱਚੀਆਂ ਪੀੜ੍ਹੀਆਂ ਦੇ ਵਡੇਰਿਆਂ ਨੂੰ ਸ਼ਾਮਿਲ ਕਰ ਲਿਆ ਜਾਂਦਾ ਹੈ।ਇਨ੍ਹਾਂ ਰਿਸ਼ਤੇਦਾਰੀਆਂ ਵਿਚੋਂ ਹੀ ਸਾਰੇ ਰਿਸ਼ਤੇ ਉਪਜਦੇ ਹਨ। ਸਾਰੀਆਂ ਸਾਕਾਦਾਰੀਆਂ ਇਕ ਦੂਜੇ ਨਾਲ ਸਮਾਜਕ ਤੌਰ 'ਤੇ ਜੁੜੀਆਂ ਹੋਈਆਂ ਹਨ। ਇਨ੍ਹਾਂ ਰਿਸ਼ਤੇਦਾਰੀਆਂ ਦੇ ਆਪਸੀ ਦਵੰਦ, ਪਰਸਪਰ ਪਿਆਰ ਆਦਿ ਵੀ ਲੋਕ ਗੀਤਾਂ ਵਿਚ ਰੂਪ ਗ੍ਰਹਿਣ ਕਰਦੇ ਹਨ। ਇੱਥੇ ਇਹ ਸਪੱਸ਼ਟ ਹੈ ਕਿ ਇਹ ਸਾਕਾਦਾਰੀ ਪ੍ਰਬੰਧ ਇਕ ਗੁੰਝਲਦਾਰ ਪ੍ਰਬੰਧ ਹੈ। ਆਮਤੌਰ 'ਤੇ ਅਜਿਹੇ ਸੰਗਠਿਤ ਪਰਿਵਾਰ ਕਿਸੇ ਤਰ੍ਹਾਂ ਦੀ ਵੀ ਸਦਾਚਾਰਕ ਉਲੰਘਣਾਂ ਨੂੰ ਪ੍ਰਵਾਨਗੀ ਨਹੀਂ ਦਿੰਦੇ। ਜੇ ਕਿਤੇ ਅਜਿਹੇ ਸੰਗਠਿਤ ਪਰਿਵਾਰਾਂ ਦਾ ਦੂਸਰੇ ਪਰਿਵਾਰਾਂ ਨਾਲ ਵੈਰ ਵਿਰੋਧ ਉਤਪੰਨ ਹੋ ਵੀ ਜਾਵੇ ਤਾਂ ਇਹ ਕਈ ਪੀੜ੍ਹੀਆਂ ਤਕ ਖਤਮ ਨਹੀਂ ਹੁੰਦੇ। ਇਕ ਅਖਾਣ ਅਨੁਸਾਰ 'ਭਾਈ ਕਿਆਂ ਦੇ ਚੱਠੇ ਖਾਣ-ਪੀਣ ਨੂੰ ਵੱਖੋ-ਵੱਖਰੇ, ਲੜਣ ਭਿੜਨ ਨੂੰ ਕੱਠੇ' ਤੋਂ ਇਹ ਸੰਕੇਤ ਪ੍ਰਾਪਤ ਹੁੰਦਾ ਹੈ ਕਿ ਪਰਿਵਾਰ ਅੰਦਰ ਭਾਵੇਂ ਰਿਸ਼ਤੇ-ਨਾਤੇ ਸੌ ਤਰ੍ਹਾਂ ਦੀ ਲੜ੍ਹਾਈ ਝਗੜਾ ਆਦਿ ਹੋ ਜਾਣ ਪਰ ਬਾਹਰੀ ਦੁਸ਼ਮਣ ਦੇ ਹਮਲੇ ਸਮੇਂ ਸਾਰੇ ਇਕੱਠੇ ਹੋ ਜਾਂਦੇ ਹਨ। ਇਹ ਵਿਸ਼ੇਸ਼ਤਾ ਸਾਂਝੇ ਪਰਿਵਾਰਾਂ ਦੀ ਹੋ ਸਕਦੀ ਹੈ। ਅਜੋਕੇ ਵਿਅਕਤੀਵਾਦੀ ਸਮਾਜ ਵਿਚ ਇਸ ਤਰ੍ਹਾਂ ਦੀਆਂ ਗੱਲਾਂ ਸੰਭਵ ਨਹੀਂ। ਇਹ ਰਿਸ਼ਤੇ ਨਾਤੇ ਹੋਰ ਵੀ ਵਧੇਰੇ ਗੁੰਝਲਦਾਰ ਰੂਪ ਧਾਰਣ ਕਰ ਲੈਂਦੇ ਹਨ ਜਦੋਂ ਕਿ ਵਿਆਹ ਨਜ਼ਦੀਕੀ ਰਿਸ਼ਤੇਦਾਰੀਆਂ ਵਿਚ ਹੋਣ ਲੱਗ ਜਾਂਦੇ ਹਨ ਜਾਂ ਵੱਟੇਦੇ ਸਾਕ ਹੁੰਦੇ ਹਨ। ਚਾਦਰ ਪਾਉਣ ਦੀਆਂ ਰਸਮਾਂ ਸਿਰੇ ਚੜ੍ਹਦੀਆਂ ਹਨ ਜਾਂ ਮੁੱਲ ਦੇ ਸਾਕ ਲਿਆਂਦੇ ਜਾਂਦੇ ਹਨ। **According to John E. Conklin,** "A family is a socially defined set of relationship between at least two people who are related by birth, marriage or adoption." Sociology (249)G. P. Murdock 'Social Structure' ਅਨੁਸਾਰ,

> "ਪਰਿਵਾਰ ਇਕ ਵਿਸ਼ਵਵਿਆਪੀ ਸਮਾਜਿਕ ਵਿਵਸਥਾ ਹੈ। ਉਹਨਾਂ ਨੇ ਆਪਣੀ ਪੁਸਤਕ ਵਿਚ ਦੱਸਿਆ ਹੈ ਕਿ ਹਰੇਕ ਸਮਾਜ ਵਿਚ ਪਰਿਵਾਰ ਦੇ ਚਾਰ ਬੁਨਿਆਦੀ ਕੰਮ ਹਨ ਜੋ ਸਮਾਜ ਦੇ ਵਜੂਦ ਨੂੰ ਬਣਾਉਣ ਵਿਚ ਮਹੱਤਵਪੂਰਨ ਯੋਗਦਾਨ ਦਿੰਦੇ ਹਨ-ਯੌਨ ਵਿਵਹਾਰ ਤੇ ਰੋਕ, ਪ੍ਰਜਨਨ, ਪਰਿਵਾਰ ਦੇ ਮੈਂਬਰਾਂ ਨੂੰ ਆਰਥਿਕ ਸਹਿਯੋਗ ਅਤੇ ਸਿੱਖਿਆ।"(215)

ਸਾਡੇ ਪਰਿਵਾਰਾਂ ਵਿਚ ਬਹੁਤ ਬਦਲਾਅ ਆ ਰਹੇ ਹਨ। ਦੇਖਿਆ ਜਾਵੇ ਤਾਂ ਪਰੰਪਰਾਗਤ ਮੂਲ ਪਰਿਵਾਰਾਂ ਦਾ ਭਵਿੱਖ ਖਤਰੇ ਵਿਚ ਹੈ। ਇਸ ਦਾ ਮੁਖ ਕਾਰਨ ਤਲਾਕ ਵਿਚ ਵਾਧਾ ਹੋਣ ਤੋਂ ਹੈ। ਵਿਕਸਿਤ ਦੇਸ਼ਾਂ ਵਿਚ ਲੋਕ ਵਿਆਹ ਤੋਂ ਪਹਿਲਾਂ ਹੀ ਯੌਨ ਸਬੰਧਾਂ ਦੀ ਪੂਰਤੀ ਕਰ ਲੈਂਦੇ ਹਨ ਤੇ ਬਿਨਾਂ ਵਿਆਹ ਤੋਂ ਹੀ ਨਾਲ ਰਹੀ ਜਾਂਦੇ ਹਨ। ਪੱਛਮੀ ਦੇਸ਼ਾਂ ਦੇ ਬਾਰੇ ਇਕ ਸਵਾਲ ਇਹ ਹੈ ਕਿ ਕੀ ਭਵਿੱਖ ਵਿਚ ਪਰਿਵਾਰ ਖਤਮ ਹੋ ਜਾਣਗੇ? ਪਰ ਕੁੱਝ ਸਮਾਜ ਸ਼ਾਸਤਰੀ ਇਸ ਨੂੰ ਸਹੀ ਨਾ ਮੰਨਦੇ ਹੋਏ ਆਪਣੇ ਤਰਕ ਦਿੰਦੇ ਹਨ।

ਸਮਾਜ-ਸ਼ਾਸਤਰੀ Jessie Bernard ਆਪਣੀ ਪੁਸਤਕ The Future Of Marriage ਅਨੁਸਾਰ, "ਪੱਛਮੀ ਦੇਸ਼ਾਂ ਵਿਚ ਪਰਿਵਾਰ ਦਾ ਭਵਿੱਖ ਬਿਲਕੁਲ ਵੀ ਖਤਰੇ ਵਿਚ ਨਹੀਂ ਹੈ।" ਇਸ ਦਾ ਸਮਰੱਥਨ ਹੋਰ ਸਮਾਜ-ਸ਼ਾਸਤਰੀ ਵੀ ਕਰਦੇ ਹਨ।Levitan and Richard S. Belous ਆਪਣੀ ਪੁਸਤਕ What's Happening to the American Family? , "ਅਮਰੀਕਾ ਵਿਚ ਪਰਿਵਾਰ ਨਹੀਂ ਟੁੱਟ ਰਹੇ ਬਲਕਿ ਉਹ ਤਾਂ ਦਿਨ-ਬ-ਦਿਨ ਵਿਕਸਿਤ ਹੁੰਦੇ ਜਾ ਰਹੇ ਹਨ।"

ਮਾਨਵੀ ਰਿਸ਼ਤਿਆਂ ਬਾਰੇ ਪ੍ਰਿਤਪਾਲ ਸਿੰਘ ਮਹਿਰੋਕ *'ਪੰਜਾਬੀ ਗ਼ਜ਼ਲ ਸਰੋਕਾਰ ਅਤੇ ਸੰਚਾਰ'* ਦਾ ਕਹਿਣਾ ਹੈ,

> "ਪੈਸਾ ਦੁਨੀਆਂ ਦੀ ਮਹਾਂਸ਼ਕਤੀ ਬਣ ਜਾਣ ਕਾਰਨ ਕਿਸੇ ਦਾ ਸਮਾਜਕ ਰੁਤਬਾ ਪੈਸੇ ਨਾਲ ਮਿਣਿਆ ਜਾਂਦਾ ਹੈ। ਇਸ ਨਾਲ ਮਨੁੱਖੀ ਰਿਸ਼ਤਿਆਂ ਵਿਚ ਮੋਹ ਦੀ ਥਾਂ ਪੈਸੇ ਨੇ ਲੈ ਲਈ ਹੈ। ਪੈਸਾ ਰਿਸ਼ਤਿਆਂ ਦਾ ਆਧਾਰ ਬਨਣ ਨਾਲ ਰਿਸ਼ਤੇ ਟੁੱਟਣੇ ਆਰੰਭ ਹੋਏ ਅਤੇ ਅਪਣੱਤ ਦੀ ਥਾਂ ਪਰਾਏਪਨ ਦਾ ਅਹਿਸਾਸ ਭਾਰੂ ਹੋਣ ਲੱਗ ਪਿਆ। ਇਹ ਰਿਸ਼ਤੇ ਹੁਣ ਨਿੱਘ ਨਹੀਂ ਦੇ ਰਹੇ ਸਗੋਂ ਇਹ ਤਾਂ ਸੁਲਘ ਰਹੇ ਹਨ।"(139)

ਸਾਡੇ ਅਧਿਆਇ ਦਾ ਮਕਸਦ ਇੱਕੀਵੀਂ ਸਦੀ ਦੀ ਪੰਜਾਬੀ ਗ਼ਜ਼ਲ ਵਿਚ ਚੁਣੇ ਹੋਏ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਦਾ ਸਮਾਜਿਕ ਪੱਖ ਤੋਂ ਅਧਿਐਨ ਵਿਸ਼ਲੇਸ਼ਣ ਕਰਨਾ ਹੈ। ਇਸ ਅਧੀਨ ਅਸੀਂ ਸਭ ਤੋਂ ਪਹਿਲਾਂ ਗੁਰਭਜਨ ਗਿੱਲ, ਜਸਵਿੰਦਰ, ਬਰਜਿੰਦਰ ਚੌਹਾਨ, ਸਤੀਸ਼ ਗੁਲਾਟੀ, ਜਗਵਿੰਦਰ ਜੋਧਾ, ਸੁਖਵਿੰਦਰ ਅੰਮ੍ਰਿਤ, ਅਜ਼ੀਮ ਸ਼ੇਖਰ, ਸੁਰਿੰਦਰ ਸੀਰਤ, ਸੁਰਜੀਤ ਸਖੀ, ਤਾਹਿਰਾ ਸਰਾ(ਪਾਕਿਸਤਾਨੀ ਗ਼ਜ਼ਲਕਾਰਾ) ਅਤੇ ਗੌਤਮ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਦਾ ਅਧਿਐਨ ਕੀਤਾ ਅਤੇ ਉਹਨਾਂ ਦੀਆਂ ਗ਼ਜ਼ਲਾਂ ਰਾਹੀਂ ਮਨੁੱਖ, ਪਰਿਵਾਰ: ਬਦਲਦੇ ਰਿਸ਼ਤਿਆਂ ਦਾ ਸਮੀਕਰਨ, ਮਨੁੱਖ ਦਾ ਬਦਲਦਾ ਵਜੂਦ, ਨਿਗੂਣੇ ਰੀਤੀ ਰਿਵਾਜ਼ਾਂ ਦਾ ਖੰਡਨ, ਧਾਰਮਿਕ ਅੰਧ ਵਿਸ਼ਵਾਸਾਂ ਦਾ ਵਿਰੋਧ ਅਤੇ ਸਿੱਖਿਆ ਸੰਸਥਾਵਾਂ ਦੀ ਸਮਾਜ ਨਿਰਮਾਣ ਵਿਚ ਭੂਮਿਕਾ ਆਦਿ ਸਰੋਕਾਰਾਂ ਨੂੰ ਗ਼ਜ਼ਲਾਂ ਰਾਹੀਂ ਦੇਖਿਆ ਹੈ। ਸਮਾਜ ਨੂੰ ਚਲਾਉਣ ਲਈ ਮੁੱਖ ਰੂਪ

ਵਿਚ ਹੇਠ ਲਿਖੀਆਂ ਇਕਾਈਆਂ (ਮਨੁੱਖ, ਪਰਿਵਾਰ, ਰਿਸ਼ਤਾ-ਨਾਤਾ ਪ੍ਰਣਾਲੀ) ਕੰਮ ਆਉਂਦੀਆਂ ਹਨ। ਜਿਨ੍ਹਾਂ ਉੱਤੇ ਪੂਰੇ ਸਮਾਜ ਦਾ ਢਾਂਚਾ ਖੜਾ ਹੁੰਦਾ ਹੈ।

ਅਸੀਂ ਪਹਿਲੇ ਅਧਿਆਇ 'ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ: ਸਿਧਾਂਤਕ ਅਧਿਐਨ' ਵਿਚ ਜੋ ਅਸੀਂ ਖਾਕਾ ਬਣਾਇਆ ਸੀ, ਉਸ ਵਿਚ ਸਮਾਜ ਸ਼ਾਸਤਰ ਦੀਆਂ ਵਿਧੀਆਂ ਨੂੰ ਲਿਆ ਗਿਆ ਹੈ ਪਰ ਅਸੀਂ ਆਪਣੀ ਅਤੇ ਹੋਰ ਖੋਜ ਵਿਦਿਆਰਥੀਆਂ ਦੀ ਸੁਵਿਧਾ ਲਈ ਹਰ ਅਧਿਆਇ ਵਿਚ ਉਸ ਨੂੰ ਛੋਟੇ ਰੂਪ ਵਿਚ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਜਿਸ ਨਾਲ ਹਰ ਅਧਿਆਇ ਸਮਾਜਿਕ, ਰਾਜਨੀਤਿਕ, ਆਰਥਿਕ, ਨਾਰੀਵਾਦ, ਪਰਵਾਸ ਦੇ ਸ਼ੁਰੂ ਵਿਚ ਹੀ ਇਹ ਪਤਾ ਲੱਗ ਜਾਵੇ ਕਿ ਇਸ ਅਧਿਐਨ ਵਿਚ ਕਿਹੜੇ ਪਹਿਲੂਆਂ ਨੂੰ ਆਧਾਰ ਬਣਾ ਕੇ ਗ਼ਜ਼ਲ ਦਾ ਅਧਿਐਨ ਕੀਤਾ ਗਿਆ ਹੈ।

### 2.3 ਪਰਿਵਾਰ ਬਦਲਦੇ ਰਿਸ਼ਤਿਆਂ ਦਾ ਸਮੀਕਰਣ:

ਮਨੁੱਖ ਸਮਾਜ-ਸ਼ਾਸਤਰ ਦੀ ਪਹਿਲੀ ਇਕਾਈ ਹੈ।ਜਦੋਂ ਮਨੁੱਖ ਧਰਤੀ ਤੇ ਜਨਮ ਲੈਂਦਾ ਹੈ ਤਾਂ ਉਹ ਉਸ ਸਮੇਂ ਤੋਂ ਹੀ ਕਈ ਰਿਸ਼ਤਿਆਂ ਵਿਚ ਬੰਨਿਆ ਹੁੰਦਾ ਹੈ। ਜਿਸ ਤੋਂ ਅੱਗੇ ਜਾ ਕੇ ਪਰਿਵਾਰ ਦਾ ਨਿਰਮਾਣ ਹੁੰਦਾ ਹੈ। ਦੋ ਜਾਂ ਦੋ ਤੋਂ ਵੱਧ ਮਨੁੱਖਾਂ ਤੋਂ ਪਰਿਵਾਰ ਬਣਦਾ ਹੈ। ਮਨੁੱਖ ਤੋਂ ਪਰਿਵਾਰ ਬਣਦਾ ਹੈ ਅਤੇ ਪਰਿਵਾਰ ਤੋਂ ਸਮਾਜ ਦਾ ਨਿਰਮਾਣ ਹੁੰਦਾ ਹੈ।ਪਰਿਵਾਰ ਸ਼ਬਦ ਦੀ ਉੱਤਪਤੀ ਲੈਟਿਨ ਸ਼ਬਦ ਤੋਂ ਹੋਈ ਮੰਨੀ ਜਾਂਦੀ ਹੈ। ਮੂਲ ਰੂਪ ਵਿਚ ਇਸ ਦਾ ਅਰਥ ਮਾਤਾ-ਪਿਤਾ, ਬੱਚਿਆਂ ਨਾਲ ਹੈ। ਪਰਿਵਾਰ ਸਿਰਫ਼ ਇਕ ਜੈਵਿਕ ਸਮੂਹ ਹੀ ਨਹੀਂ ਹੈ ਬਲਕਿ ਪਤੀ-ਪਤਨੀ ਅਤੇ ਬੱਚਿਆਂ ਨੂੰ ਮਿਲਾ ਕੇ ਬਣੀ ਇਕ ਸਾਮਾਜਿਕ ਇਕਾਈ ਵੀ ਹੈ। ਪਰਿਵਾਰ ਸਮਾਜ ਦਾ ਇਕ ਛੋਟਾ ਜਿਹਾ ਗਰੁੱਪ ਹੁੰਦਾ ਹੈ ਜੋ ਬਹੁਤ ਹੀ ਮਹੱਤਵਪੂਰਨ ਹੁੰਦਾ ਹੈ ਕਿਉਂ ਕਿ ਪਰਿਵਾਰ ਨਾਲ ਹੀ ਸਮਾਜ ਬਣਦਾ ਹੈ। ਇਕ ਪਰਿਵਾਰ ਵਿਚ ਪਤੀ, ਪਤਨੀ ਬੱਚਿਆਂ ਸਮੇਤ ਰਹਿੰਦੇ ਹਨ ਅਤੇ ਬੱਚਿਆਂ ਤੋਂ ਬਿਨਾਂ ਵੀ ਰਹਿੰਦੇ ਹਨ। ਪਰਿਵਾਰ ਦੇ ਸਾਰੇ ਮੈਂਬਰ ਇਕ ਦੂਜੇ ਨਾਲ ਰਿਸ਼ਤੇ ਵਿਚ ਬੰਨੇ ਹੁੰਦੇ ਹਨ। ਸਮਾਜ ਦੀ ਹੋਂਦ ਪਰਿਵਾਰ ਤੋਂ ਬਿਨਾਂ ਅਸੰਭਵ ਹੈ। ਪਰਿਵਾਰ ਰਿਸ਼ਤਿਆਂ-ਨਾਤਿਆਂ ਦਾ ਇਕ ਸਮੂਹ ਹੈ ਜਿਸ ਦੇ ਮੈਂਬਰਾਂ ਦੇ ਇਕ ਦੂਜੇ ਪ੍ਰਤੀ ਕਈ ਫ਼ਰਜ਼ ਹੁੰਦੇ ਹਨ। ਪਰਿਵਾਰ ਇਕ ਸੰਸਥਾ ਦੇ ਰੂਪ ਵਿਚ ਮੈਂਬਰਾਂ ਦੇ ਵਿਹਾਰ ਨੂੰ ਨਿਯਮਤ ਕਰਨ ਲਈ ਨਿਯਮਾਂ ਦਾ ਨਿਰਧਾਰਨ ਕਰਦਾ ਹੈ। ਪਰਿਵਾਰ ਅਜਿਹੇ ਮਨੁੱਖਾਂ ਦਾ ਸਮੂਹ ਹੈ ਜੋ ਆਪਣੇ ਵਿਚ ਰਿਸ਼ਤੇ-ਨਾਤਿਆਂ ਦੀ ਭਾਲ ਕਰਦੇ ਹਨ ਅਤੇ ਆਪਸ ਵਿਚ ਭਾਵਾਤਮਕ ਸਾਂਝ ਰੱਖਦੇ ਹਨ। ਡਾ. ਗੁਰਇਕਬਾਲ *'ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਵੇਚਨ'* ਦੇ ਇਸ ਬਾਰੇ ਵਿਚਾਰ ਹਨ,

> "ਆਰਥਿਕ ਬਾਜ਼ਾਰ ਵਿਚ ਮਨੁੱਖੀ ਰਿਸ਼ਤੇ, ਧਰਮ, ਸਭਿਆਚਾਰ ਅਤੇ ਭਾਸ਼ਾ ਮਹਿਜ ਸੌਦਾ ਬਣ ਕੇ ਰਹਿ ਗਏ ਹਨ। ਇਸ ਵਰਤਾਰੇ ਨੇ ਸਮਾਜ ਵਿਚ ਸ਼ਹਿਰੀ ਭੀੜ, ਇਕੱਲਤਾ, ਸ਼ਨਾਖ਼ਤਹੀਨਤਾ ਮਾਨਵੀ ਸਰੋਕਾਰਾਂ ਨੂੰ ਜੀਵੰਤਤਾ ਪ੍ਰਦਾਨ ਕਰਨ ਦੀ ਕੋਸ਼ਿਸ਼ ਵਿਚ ਮਰ ਰਹੇ ਜਿਸ ਨੇ ਮਨੁੱਖ ਅੰਦਰ ਸੰਤਾਪੇ ਮਨੁੱਖ ਦੀ ਪੈੜ ਅਤੇ ਦਰਦ ਨੂੰ ਜਨਮ ਦਿੱਤਾ ਹੈ।"(23-24)

ਪਰਿਵਾਰ ਮਾਨਵੀ ਵਤੀਰੇ ਅਤੇ ਸਮਾਜਕ ਸਬੰਧਾਂ ਦੀ ਪ੍ਰਥਮ ਅਤੇ ਮਹੱਤਵਪੂਰਨ ਸੰਸਥਾ ਹੈ। ਜੀਵਨ ਦੇ ਸਾਰੇ ਸਮਾਜਕ ਲੱਛਣਾਂ ਦਾ ਗਿਆਨ ਪਰਿਵਾਰਕ ਸੰਸਥਾ ਵਿਚ ਹੀ ਨਿਹਿਤ ਹੈ। ਪਰਿਵਾਰ ਬੱਚੇ ਦੇ ਸਮਾਜੀਕਰਨ ਵਿਚ ਮੁੱਖ ਭੂਮਿਕਾ ਨਿਭਾਉਂਦਾ ਹੈ। ਪਰਿਵਾਰ ਦੀ ਅਣਹੋਂਦ ਵਿਚ ਸਮਾਜਕ ਜੀਵਨ ਦੀ ਨਿਰੰਤਰਤਾ ਅਸੰਭਵ ਹੈ। ਪਰਿਵਾਰ ਬੱਚਿਆਂ ਦੇ ਪਾਲਣ-ਪੋਸ਼ਣ ਅਤੇ ਵਰਤ-ਵਰਤਾਰੇ ਦੀ ਆਧਾਰ ਸ਼ਿਲਾ ਹੈ। ਮਨੁੱਖ ਅਸਲ ਵਿਚ ਜੀਵਨ-ਜਾਚ ਪਰਿਵਾਰ ਵਿਚੋਂ ਹੀ ਸਿਖਦਾ ਹੈ। ਪਰਿਵਾਰ ਸਮਾਜ ਦੀ ਅਜਿਹੀ ਇਕਾਈ ਹੈ ਜਿਸ ਉੱਪਰ ਸਮੁੱਚੀ ਮਾਨਵਤਾ ਦਾ ਵਿਕਾਸ ਹੋਇਆ ਹੈ। ਸਮੁੱਚੇ ਪਰਿਵਾਰਕ ਰਿਸ਼ਤੇਦਾਰੀ ਪ੍ਰਬੰਧ ਦੀ ਨੀਂਹ ਵੀ ਪਰਿਵਾਰ ਹੀ ਹੈ। ਰਿਸ਼ਤੇਦਾਰੀ ਪ੍ਰਬੰਧ ਪਰਿਵਾਰ ਵਿਚ ਪੈਦਾ ਹੋ ਕੇ ਸਮਾਜਕ ਪੱਧਰ ਤਕ ਉਜਾਗਰ ਹੁੰਦਾ ਹੈ ਅਤੇ ਪਰਿਵਾਰ ਦਾ ਆਰੰਭ ਵਿਆਹ ਤੋਂ ਹੁੰਦਾ ਹੈ। ਸਮਾਜਿਕ ਮਰਿਯਾਦਾ ਅਨੁਸਾਰ ਪਤੀ-ਪਤਨੀ ਦੇ ਆਪਸੀ ਸਹਿਯੋਗ ਨਾਲ ਸੰਤਾਨ ਦੀ ਉਤਪਤੀ ਹੁੰਦੀ ਹੈ। ਸਮਾਜ ਵਿਚ ਵਿਆਹ ਦਾ ਮੁੱਖ ਉਦੇਸ਼ ਵੀ ਇਹੀ ਹੈ ਕਿ ਮਨੁੱਖ ਜਾਤੀ ਨੂੰ ਅਗਾਂਹ ਤੋਰਿਆ ਜਾਵੇ। ਸੰਤਾਨ ਦਾ ਪਹਿਲਾ ਰਿਸ਼ਤਾ ਮਾਂ-ਬਾਪ ਨਾਲ ਜੁੜਦਾ ਹੈ। ਉਸ ਤੋਂ ਬਾਅਦ ਭੈਣ-ਭਰਾਵਾਂ ਨਾਲ ਹੁੰਦਾ ਹੈ। ਇਹ ਰਿਸ਼ਤਾ ਬਾਅਦ ਵਿਚ ਜ਼ਿੰਦਗੀ ਦੇ ਵਿਕਸਿਤ ਹੁੰਦੇ ਪੜਾਵਾਂ ਉੱਪਰ ਦੂਜੀਆਂ ਸਬੰਧਤ ਰਿਸ਼ਤੇਦਾਰੀਆਂ ਨਾਲ ਜਾ ਜੁੜਦੀਆਂ ਹਨ। ਪਰਿਵਾਰ ਦੇ ਇਨ੍ਹਾਂ ਪ੍ਰਮੁਖ ਲੱਛਣਾਂ ਨੂੰ ਧਿਆਨ ਵਿਚ ਰੱਖਦਿਆਂ ਸਮਾਜ-ਸ਼ਾਸਤਰੀਆਂ ਨੇ ਪਰਿਵਾਰ ਦੀ ਪਰਿਭਾਸ਼ਾ ਦਿੱਤੀ ਹੈ। ਮੈਕਾਇਵਰ ਅਤੇ ਪੇਜ *'ਸਮਾਜ'* ਅਨੁਸਾਰ "ਪਰਿਵਾਰ ਇਕ ਅਜਿਹਾ ਸਮੂਹ ਹੈ ਜੋ ਲਿੰਗਕ ਸਬੰਧਾਂ ਉੱਤੇ ਆਧਾਰਿਤ ਹੈ ਅਤੇ ਇੰਨਾ ਛੋਟਾ ਅਤੇ ਸਥਾਈ ਹੈ ਕਿ ਇਸ ਵਿਚ ਬੱਚਿਆਂ ਦੀ ਉਤਪਤੀ ਅਤੇ ਉਹਨਾਂ ਦਾ ਪਾਲਣ-ਪੋਸ਼ਣ ਹੋ ਸਕਦਾ ਹੈ।"(238)

ਪਰਿਵਾਰ ਦੀ ਸੰਸਥਾ ਹਰ ਇਕ ਮਨੁੱਖੀ ਸਮਾਜ ਵਿਚ ਮਿਲਦੀ ਹੈ। ਸੱਚਮੁਚ ਹੀ ਜਾਪਦਾ ਹੈ ਕਿ ਇਹ ਸੰਸਥਾ ਮਨੁੱਖ ਨਾਲੋਂ ਵੀ ਪੁਰਾਣੀ ਹੈ ਕਿਉਂ ਕਿ ਇਹ ਜਾਨਵਰਾਂ ਦੀਆਂ ਬਹੁਤ ਸਾਰੀਆਂ ਜਾਤੀਆਂ ਵਿਸ਼ੇਸ਼ ਕਰ ਕੇ ਥਣਧਾਰੀ ਜੀਵਾਂ ਵਿਚ ਆਮ ਦੇਖਣ ਨੂੰ ਮਿਲਦੀ ਹੈ। ਪਰਿਵਾਰ ਇਕ ਸਮਾਜਕ ਸਮੂਹ ਹੈ ਜਿਸ ਦੀ ਪਛਾਣ ਸਾਂਝੀ ਰਿਹਾਇਸ਼, ਆਰਥਿਕ ਮਿਲਵਰਤਨ ਅਤੇ ਪੁਨਰ ਉਤਪਾਦਨ ਰਾਹੀਂ ਹੁੰਦੀ ਹੈ। ਪਰਿਵਾਰ ਵਿਚ ਦੋਨਾਂ ਸੈਕਸਾਂ ਦੇ ਨੌਜਵਾਨ ਵੀ ਸ਼ਾਮਿਲ ਹੁੰਦੇ ਹਨ। ਪਰਿਵਾਰ ਵਿਚ ਘਟੋ-ਘੱਟ ਦੋ ਵਿਅਕਤੀ ਅਜਿਹੇ ਹੁੰਦੇ ਹਨ ਜਿਹੜੇ ਸਮਾਜਕ ਪ੍ਰਵਾਨਗੀ ਅਨੁਸਾਰ ਜਿਨਸੀ ਸਬੰਧਾਂ ਨਾਲ ਜੁੜੇ ਹੁੰਦੇ ਹਨ। ਪਰਿਵਾਰ ਵਿਚ ਇਕ ਜਾਂ ਇਕ ਤੋਂ ਵਧੀਕ ਬੱਚੇ ਹੁੰਦੇ ਹਨ, ਜਿਨ੍ਹਾਂ ਵਿਚ ਆਪਣੇ ਬੱਚੇ ਅਤੇ ਗੋਦ ਲਏ ਬੱਚੇ ਵੀ ਸ਼ਾਮਿਲ ਹੁੰਦੇ ਹਨ। ਈ.ਬੀ ਬਰਗੈਸ ਅਤੇ ਲਾਕ ਆਪਣੀ ਪੁਸਤਕ *'ਇੰਡੀਅਨ ਸੋਸ਼ਲ ਪਰਾਬਲਮਸ'* ਅਨੁਸਾਰ:

> "ਪਰਿਵਾਰ ਵਿਅਕਤੀਆਂ ਦਾ ਉਹ ਸਮੂਹ ਹੈ ਜੋ ਵਿਆਹ ਸਬੰਧਾ ਰਾਹੀਂ ਜਾਂ ਖ਼ੂਨ ਦੇ ਰਿਸ਼ਤਿਆਂ ਰਾਹੀਂ ਜੁੜਿਆ ਹੋਇਆ ਹੈ। ਇਸ ਤਰ੍ਹਾਂ ਇਕ ਘਰ ਦੀ ਸਥਾਪਨਾ ਹੁੰਦੀ ਹੈ। ਇਨ੍ਹਾਂ ਸਬੰਧਾਂ ਨਾਲ ਜੁੜੇ ਵਿਅਕਤੀ ਇਕ ਦੂਜੇ ਉੱਪਰ ਪ੍ਰਭਾਵ ਪਾਉਂਦੇ ਹਨ ਤੇ ਪ੍ਰਭਾਵ ਗ੍ਰਹਿਣ ਕਰਦੇ ਹਨ। ਪਤੀ-ਪਤਨੀ, ਮਾਂ-ਬਾਪ, ਭੈਣ-ਭਰਾ, ਪੁੱਤਰ-ਪੁੱਤਰੀ ਸਮਾਜਕ ਰੋਲ ਨਿਭਾਉਂਦੇ ਹੋਏ ਇਕ ਸਾਂਝੇ ਸਭਿਆਚਾਰ ਨੂੰ ਪੈਦਾ ਕਰਦੇ ਹਨ ਅਤੇ ਅੱਗੋਂ ਇਸ ਦੀ ਰੱਖਿਆ ਵੀ ਕਰਦੇ ਹਨ।"(356)

ਡੀ. ਐਨ. ਮਜੂਮਦਾਰ *'ਭਾਰਤੀ ਸੰਸਕ੍ਰਿਤੀ ਅਤੇ ਜਾਤੀਆਂ'* ਨੇ ਪਰਿਵਾਰਕ ਸੰਸਥਾ ਨੂੰ ਪਰਿਵਰਤਨਸ਼ੀਲ ਸੰਸਥਾ ਮੰਨਦੇ ਹੋਏ ਸਮਾਜਕ ਪਰਿਵਰਤਨ ਵਿਚ ਇਸ ਦੀ ਭੂਮਿਕਾ ਨੂੰ ਵੀ ਧਿਆਨ ਵਿਚ ਰੱਖਿਆ ਹੈ। ਉਹਨਾਂ ਦੇ ਸ਼ਬਦਾਂ ਵਿਚ,

> "ਪਰਿਵਾਰ ਇਕ ਪਰਿਵਰਤਨਸ਼ੀਲ ਸੰਸਥਾ ਹੈ। ਅਸੀਂ ਇਸ ਗ਼ਤੀਆਤਮਕ ਲੱਛਣ ਨੂੰ ਕੇਵਲ ਉਦੋਂ ਹੀ ਸਮਝ ਸਕਦੇ ਹਾਂ ਜਦੋਂ ਅਸੀਂ ਪਰਿਵਾਰ ਦੇ ਭੂਤਕਾਲ ਅਤੇ ਵਰਤਮਾਨ ਬਾਰੇ ਜਾਣਦੇ ਹੋਈਏ ਅਤੇ ਸਾਨੂੰ ਇਸ ਦੇ ਭਵਿੱਖ ਦੇ ਝੁਕਾਵਾਂ ਬਾਰੇ ਵੀ ਪਤਾ ਹੋਵੇ। ਇਹੀ ਢੰਗ ਹੈ ਜਿਸ ਦੁਆਰਾ ਦਿਸ਼ਾ ਸਬੰਧੀ ਪਰਿਵਰਤਨਾਂ ਨੂੰ ਪਰਿਕਲਪਿਤ ਕੀਤਾ ਜਾ ਸਕਦਾ ਹੈ। ਪਰਿਵਾਰ ਸਮਾਜਕ ਪਰਿਵਰਤਨ ਵਿਚ ਮੁੱਖ ਭਾਗ ਅਦਾ ਕਰਦਾ ਹੈ। ਭੂਤਕਾਲ ਹੀ ਵਰਤਮਾਨ ਸਮੇਂ ਵਿਚ ਬਿਤਾਇਆ ਜਾਂਦਾ ਹੈ ਅਤੇ ਇਹੀ ਪਰਿਵਾਰਕ ਜੀਵਨ ਦੀ ਜਟਿਲਤਾ ਨੂੰ ਵਧੇਰੇ ਜਟਿਲ ਬਣਾਉਂਦਾ ਹੈ।"(202)

ਪਰਿਵਾਰ ਦੇ ਵੱਖ-ਵੱਖ ਰੂਪਾਂ ਦੀ ਪਛਾਣ ਤੋਂ ਬਾਅਦ ਸਾਨੂੰ ਇਹ ਗੱਲ ਸਮਝਣ ਵਿਚ ਸਹਾਇਤਾ ਮਿਲਦੀ ਹੈ ਕਿ ਪਰਿਵਾਰ ਵਿਆਹ ਉੱਪਰ ਅਧਾਰਿਤ ਹੁੰਦਾ ਹੈ ਪਰ ਇਹ ਇਸੇ ਤਕ ਹੀ ਸੀਮਤ ਨਹੀਂ ਹੁੰਦਾ। ਪਰਿਵਾਰ ਵਿਚ ਪੀੜ੍ਹੀਆਂ ਦੇ ਖਾਨਦਾਨੀ ਸਬੰਧ ਅਤੇ ਦੂਸਰੇ ਰਿਸ਼ਤੇ ਨਾਤੇ ਵੀ ਸ਼ਾਮਿਲ ਹੋ ਸਕਦੇ ਹਨ। ਇਸ ਅਰਥ ਵਿਚ ਪਰਿਵਾਰ ਵਿਆਹ ਤੋਂ ਵਧੇਰੇ ਸਮਾਜਕ ਹੈ, ਜਦ ਕਿ ਵਿਆਹ ਵਧੇਰੇ 'ਜੈਵਿਕ' ਹੈ।ਵਿਆਹ ਸਬੰਧ ਨਾਲੋਂ ਪਰਿਵਾਰਕ ਸੰਸਥਾ ਨੂੰ ਇਕ ਤਰ੍ਹਾਂ ਨਾਲ ਪਹਿਲ ਦਿੱਤੀ ਜਾਂਦੀ ਹੈ ਅਤੇ ਪਰਿਵਾਰ ਵਿਆਹ ਦੇ ਰਿਸ਼ਤਿਆਂ ਨੂੰ ਇਕ ਤਰ੍ਹਾਂ ਨਾਲ ਦਵੰਦਾਤਮਕ ਰੂਪ ਵਿਚ ਪੇਸ਼ ਕਰਨ ਦਾ ਯਤਨ ਵੀ ਕੀਤਾ ਹੈ। ਪਰਿਵਾਰ ਅਜਿਹੇ ਲੋਕਾਂ ਦਾ ਸਮੂਹ ਹੈ ਜਿਨ੍ਹਾਂ ਨੂੰ ਵਿਆਹ ਸਬੰਧ (ਪਤੀ-ਪਤਨੀ) ਅਤੇ ਖ਼ੂਨ ਦੇ ਰਿਸ਼ਤੇ (ਮਾਂ-ਪਿਉ, ਬੱਚੇ, ਭੈਣ-ਭਰਾ) ਇਕ ਸੂਤਰ ਵਿਚ ਪਰੋਂਦੇ ਹਨ।ਪਰਿਵਾਰ ਦੀ ਸੰਸਥਾ ਦੀ ਉਤਪਤੀ ਅਤੇ ਉਸ ਦੇ ਕਾਇਮ ਰਹਿਣ ਦਾ ਮੂਲ ਕਾਰਣ ਮਾਨਵ ਜਾਤੀ ਦੇ ਅਗਾਂਹ ਤੁਰਨ ਅਤੇ ਬੱਚਿਆਂ ਨੂੰ ਪਾਲਣ ਤੋਂ ਹਨ। ਪਰ ਮਾਨਵ ਜਾਤੀ ਦੇ ਇਹ ਕਾਰਜ ਸਮਾਜਕ ਹਨ ਅਤੇ ਇਹੀ ਕਾਰਨ ਹੈ ਕਿ ਪਰਿਵਾਰ ਦੇ ਰੂਪ ਅਤੇ ਉਸ ਦੀ ਵਿਕਾਸ ਪ੍ਰਣਾਲੀ ਉਨ੍ਹਾਂ ਨਿਯਮਾਂ ਅਨੁਸਾਰ ਨਿਰਧਾਰਤ ਕੀਤੀ ਜਾਂਦੀ ਹੈ ਜਿਨ੍ਹਾਂ ਦੁਆਰਾ ਸਮਾਜਕ ਘਟਨਾਵਾਂ, ਆਰਥਿਕ ਸਥਿਤੀਆਂ ਤੇ ਜ਼ਰੂਰਤਾਂ ਦਾ ਵਿਕਾਸ ਹੁੰਦਾ ਹੈ। ਕਈ ਵਾਰ ਪਰਿਵਾਰ ਦੇ ਮਹੱਤਵ ਅਤੇ ਇਸ ਦੇ ਕਾਰਜ ਨੂੰ ਉਪਰੋਕਤ ਤੋਂ ਉਲਟ ਭਾਵੁਕ ਰੰਗਤ ਦੇਣ ਦਾ ਯਤਨ ਵੀ ਕੀਤਾ ਜਾਂਦਾ ਹੈ। ਅਜਿਹੀ ਰੰਗਤ ਕਈ ਵਾਰ ਸਾਨੂੰ ਦਰਸ਼ਨ ਦੇ ਖੇਤਰ ਵਿਚ ਲੈ ਜਾਂਦੀ ਹੈ। "ਹਰੀਦੱਤ ਵੇਦਾਲੰਕਾਰ" ਆਪਣੀ ਪੁਸਤਕ *'ਹਿੰਦੂ ਪਰਿਵਾਰ ਮੀਮਾਂਸਾ'* ਵਿਚ ਇਸੇ ਭਾਵੁਕਤਾ ਅਤੇ ਦਾਰਸ਼ਨਿਕਤਾ ਦਾ ਸ਼ਿਕਾਰ ਹੁੰਦਾ ਵਿਖਾਈ ਦਿੰਦਾ ਹੈ। ਉਹ ਲਿਖਦੇ ਹਨ:

> "ਪਰਿਵਾਰ ਮਨੁੱਖ ਜਾਤੀ ਦੀ ਰੱਖਿਆ ਕਰਨ, ਵੰਸ਼ ਨੂੰ ਅੱਗੇ ਵਧਾਉਣ, ਮਾਨਵਜਾਤੀ ਨੂੰ ਕਾਇਮ ਰੱਖਣ ਦਾ ਇਕੋ ਇਕ ਸਾਧਨ ਹੈ। ਮਨੁੱਖ ਮਰਦਾ ਹੈ ਪਰ ਮਨੁੱਖ ਜਾਤੀ ਅਮਰ ਹੈ, ਵਿਅਕਤੀ ਪੈਦਾ ਹੁੰਦੇ ਹਨ। ਬਚਪਨ, ਜਵਾਨੀ ਤੇ ਬੁਢਾਪਾ ਆਦਿ ਅਵਸਥਾਵਾਂ ਨੂੰ ਭੋਗ ਕੇ ਸਮਾਪਤ ਹੋ ਜਾਂਦੇ ਹਨ ਪਰ ਵੰਸ਼ ਪਰੰਪਰਾ ਰਾਹੀਂ ਉਨ੍ਹਾਂ ਦੁਆਰਾ ਸੰਤਾਨ ਉਤਪੰਨ ਕਰਨ ਦਾ

> ਕਾਰਜ ਲਗਾਤਾਰ ਚਲਦਾ ਰਹਿੰਦਾ ਹੈ। ਮੌਤ ਤੇ ਉਮਰ ਰਹਿਣਾ ਇਹ ਦੋਵੇਂ ਚੀਜਾਂ ਇਕ ਦੂਜੇ ਦੀਆਂ ਵਿਰੋਧੀ ਹਨ ਪਰ ਪਰਿਵਾਰ ਦੁਆਰਾ ਇਨ੍ਹਾਂ ਦੋਹਾਂ ਦਾ ਸਮੱਰਥਨ ਹੁੰਦਾ ਹੈ। ਵਿਅਕਤੀ ਬੇਸ਼ਕ ਮਰ ਜਾਂਦਾ ਹੈ ਪਰ ਪਰਿਵਾਰ ਤੇ ਵਿਆਹ ਦੁਆਰਾ ਮਨੁੱਖ ਜਾਤੀ ਹਮੇਸ਼ਾ ਲਈ ਅਮਰ ਹੋ ਜਾਂਦੀ ਹੈ।"(1)

ਸਮਾਜ ਦੇ ਭਿੰਨ-ਭਿੰਨ ਪੜਾਵਾਂ ਤੇ ਪਰਿਵਾਰ ਬਦਲਦਾ ਰਿਹਾ ਹੈ ਅਤੇ ਇਸ ਬਦਲਾਉ ਦੇ ਨਾਲ ਹੀ ਪਰਿਵਾਰਕ ਰਿਸ਼ਤੇ ਵੀ ਬਦਲਦੇ ਰਹੇ ਹਨ। ਮਾਰਕਸ ਏਂਗਲਜ਼ ਨੇ ਇਨ੍ਹਾਂ ਬਦਲਦਿਆਂ ਰਿਸ਼ਤਿਆਂ ਦਾ ਆਧਾਰ ਉਤਪਾਦਨ ਸਬੰਧਾਂ ਨੂੰ ਮੰਨਿਆ ਹੈ। ਸਮਾਜ ਦੇ ਅੰਤਰਗਤ ਪਤੀ-ਪਤਨੀ ਅਤੇ ਬੱਚਿਆਂ ਦੇ ਸਮੂਹ ਨੂੰ ਵੇਖਿਆ ਜਾ ਸਕਦਾ ਹੈ। ਲੋਵੀ *'ਸਮਾਜ-ਵਿਗਿਆਨ ਦੀਆਂ ਸਮੱਸਿਆਵਾਂ ਤੇ ਸਾਹਿਤ ਨਾਲ ਜਾਣ-ਪਛਾਣ'* ਇਸ ਬਾਰੇ ਗੱਲ ਕਰਦਾ ਹੋਇਆ ਲਿਖਦਾ ਹੈ,

> "ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਵਿਆਹੁਤਾ ਸਬੰਧ ਸਥਾਈ ਹਨ ਜਾਂ ਅਸਥਾਈ। ਇੱਥੇ ਬਹੁ-ਪਤੀ ਵਰਤਾ ਦਾ ਰਿਵਾਜ਼ ਹੈ ਜਾਂ ਬਹੁ-ਪਤਨੀ ਵਰਤਾ ਦਾ ਜਾਂ ਲਿੰਗਾਤਮਕ ਮੇਲ-ਮਿਲਾਪ ਦੀ ਖੁਲ ਹੈ ਕਿ ਸਾਡੇ ਪਰਿਵਾਰਕ ਰਿਸ਼ਤਿਆਂ ਵਿਚ ਹੋਰ ਮੈਂਬਰਾਂ ਦੇ ਸ਼ਾਮਿਲ ਹੋਣ ਨਾਲ ਸਥਿਤੀ ਗੁੰਝਲਦਾਰ ਹੁੰਦੀ ਹੈ ਜਾਂ ਨਹੀਂ। ਇਕ ਗੱਲ ਬਾਕੀ ਸਭ ਗੱਲਾਂ ਤੋਂ ਉੱਪਰ ਹੈ ਕਿ ਹਰ ਥਾਂ ਪਤੀ-ਪਤਨੀ ਤੇ ਛੋਟੇ ਬੱਚੇ ਇਕ ਅਜਿਹੀ ਇਕਾਈ ਬਣਾਉਂਦੇ ਹਨ ਜੋ ਬਾਕੀ ਦੀ ਸਮੁਦਾਇ ਤੋਂ ਵੱਖਰੀ ਹੁੰਦੀ ਹੈ।"(162)

ਸਾਡੇ ਲਈ ਪਰਿਵਾਰ ਦੀਆਂ ਕਿਸਮਾਂ ਦਾ ਇੰਨਾ ਮਹੱਤਵ ਨਹੀਂ ਹੈ ਜਿਨਾਂ ਕਿ ਬਦਲਦੇ ਪਰਿਵਾਰਕ ਰਿਸ਼ਤਿਆਂ ਦਾ। ਇਹ ਬਦਲਦੇ ਪਰਿਵਾਰਕ ਰਿਸ਼ਤੇ ਅਗਾਂਹ ਜਾ ਕੇ ਲੋਕ ਗੀਤਾਂ ਵਿਚ ਜਾਂ ਲੋਕ ਸਾਹਿਤ ਵਿਚ ਪਰਿਵਰਤਨਸ਼ੀਲ ਹੋ ਜਾਂਦੇ ਹਨ। ਗੁਰਭਜਨ ਗਿੱਲ ਮਾਨਵੀ ਰਿਸ਼ਤਿਆਂ ਦੇ ਸਬੰਧ ਵਿਚ ਆਪਣੀਆਂ ਗ਼ਜ਼ਲਾਂ ਪੇਸ਼ ਕਰਦੇ ਹਨ। ਸਮੇਂ ਦੀ ਤਬਦੀਲੀ ਦੇ ਨਾਲ ਬਹੁਤ ਕੁਝ ਬਦਲਣ ਦੇ ਨਾਲ-ਨਾਲ ਰਿਸ਼ਤਿਆਂ ਵਿਚ ਬਹੁਤ ਜ਼ਿਆਦਾ ਬਦਲਾਵ ਆਇਆ ਹੈ। ਆਪਣੇ ਸਕਿਆਂ ਦੇ ਖ਼ੂਨ ਪਾਣੀ ਰੰਗੇ ਹੋ ਗਏ ਹਨ। ਬਜ਼ੁਰਗ ਮਾਂ-ਬਾਪ ਦੀ ਘਰ ਵਿਚ ਕੋਈ ਪੁੱਛ-ਗਿੱਛ ਨਹੀਂ ਹੈ। ਬੱਚੇ ਪੈਸੇ ਦੀ ਖ਼ਾਤਰ ਆਪਣੇ ਬਜ਼ੁਰਗਾਂ ਨੂੰ ਛੱਡ ਕੇ ਅਲੱਗ ਰਹਿ ਰਹੇ ਹਨ ਅਤੇ ਬਜ਼ੁਰਗ ਵਿਚਾਰੇ ਰੁੱਲ-ਖੁਲ ਕੇ ਜ਼ਿੰਦਗੀ ਦੇ ਦਿਨ ਲੰਘਾ ਰਹੇ ਹਨ। ਜਨਮ ਦੇਣ ਵਾਲੀ, ਲੋਰੀਆਂ ਸੁਣਾਉਣ ਵਾਲੀ ਮਾਂ ਦੀ ਮਮਤਾ ਲਹੂ-ਲੁਹਾਨ ਹੋਈ ਪਈ ਹੈ। ਇਸ ਤਰ੍ਹਾਂ ਮਾਂ ਦੀ ਮਮਤਾ ਦਾ ਅਪਮਾਨ ਹੋ ਰਿਹਾ ਹੈ ਪਰ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ।

ਬਿਰਧ ਘਰਾਂ ਵਿਚ ਰੁਲਦੇ ਹਉਕੇ, ਲੋਰੀ ਦੇਵਣਹਾਰੀ ਡੁਸਕੇ

ਸੱਚ ਕਹੀਏ ਤਾਂ ਏਸ ਤੋਂ ਵੱਧ ਕੇ ਮਮਤਾ ਦਾ ਅਪਮਾਨ ਨਹੀਂ ਹੈ।

(ਗੁਲਨਾਰ 35)

ਆਧੁਨਿਕ ਮਨੁੱਖ ਆਰਥਿਕ ਮੰਦਹਾਲੀ ਦੀ ਮਾਰ ਝੱਲਦਾ ਹੋਇਆ ਆਪਣੇ ਘਰ ਪਰਿਵਾਰ ਤੋਂ ਦੂਰ ਜਾਣ ਲਈ ਮਜਬੂਰ ਹੋ ਗਿਆ ਹੈ ਤਾਂ ਜੋ ਉਹ ਵੱਧ ਪੈਸੇ ਕਮਾ ਸਕੇ ਅਤੇ ਆਪਣੇ ਬੱਚਿਆਂ ਦੇ ਸੁਪਨਿਆਂ ਨੂੰ ਸਾਕਾਰ ਕਰ ਸਕੇ। ਬੱਚਿਆਂ ਦੇ ਭਵਿੱਖ ਬਣਾਉਣ ਦੀ ਲਾਲਸਾ ਵਿਚ ਮਨੁੱਖ ਆਪਣੇ ਬਜ਼ੁਰਗਾਂ ਦਾ ਬੁਢਾਪਾ ਰੋਲ ਰਿਹਾ ਹੈ।ਗ਼ਰਜ਼ਾਂ ਦੀਆਂ ਤੰਦਾਂ ਨੇ ਮੋਹ ਦੀਆਂ ਤੰਦਾਂ ਕਮਜ਼ੋਰ ਕਰ ਦਿੱਤੀਆਂ ਹਨ। ਰਿਸ਼ਤਿਆਂ ਦੀਆਂ ਤੰਦਾਂ ਇਸ ਕਦਰ ਟੁੱਟੀਆਂ ਕਿ ਆਪਣੇ ਆਪਣਿਆਂ ਦਾ ਚਿਹਰਾ ਵੇਖਣ ਨੂੰ ਰਾਜ਼ੀ ਨਹੀਂ ਹਨ। ਸਕੇ ਸਾਕ-ਸਬੰਧ ਖਤਮ ਹੋ ਗਏ ਹਨ। ਅਸੀਂ ਜੇਕਰ ਮਹਿਸੂਸ ਕਰਦੇ ਹਾਂ ਕਿ ਭਰਾਵਾਂ-ਭਰਾਵਾਂ ਵਿਚ ਹੀ ਜ਼ਮੀਨਾਂ ਦੀਆਂ ਵੰਡੀਆਂ ਪੈਂਦੀਆਂ ਹਨ ਤਾਂ ਅਸੀਂ ਗ਼ਲਤ ਹਾਂ ਕਿਉਂ ਕਿ ਬਦਲਦੇ ਸਮੇਂ ਵਿਚ ਭੈਣ ਵੀ ਆਪਣੇ ਭਾਈਆਂ ਤੋਂ ਜ਼ਮੀਨ ਵਿਚੋਂ ਹਿੱਸੇ ਦੀ ਮੰਗ ਕਰ ਰਹੀ ਹੈ। ਉਸ ਨੂੰ ਉਮਰਾਂ ਤਕ ਸਾਥ ਨਿਭਾਉਣ ਵਾਲੇ ਭਾਈ ਨਹੀਂ ਚਾਹੀਦੇ ਬਲਕਿ ਉਹ ਵੀ ਗ਼ਰਜ਼ਾਂ ਦੀਆਂ ਤੰਦਾਂ ਵਿਚ ਜਕੜੀ ਮੋਹ ਦੀਆਂ ਤੰਦਾਂ ਨੂੰ ਤਾਰ-ਤਾਰ ਕਰ ਰਹੀ ਹੈ। ਜੇਕਰ ਭੈਣ ਖੁੱਲ ਕੇ ਜ਼ਮੀਨ ਦੀ ਮੰਗ ਨਹੀਂ ਕਰ ਰਹੀ ਹੁੰਦੀ ਤਾਂ ਵੀ ਉਸ ਦੇ ਹਾਵ-ਭਾਵ (ਲਹਿਜ਼ੇ) ਤੋਂ ਅੰਦਾਜ਼ਾ ਲੱਗ ਜਾਂਦਾ ਹੈ ਕਿ ਉਸ ਲਈ ਭਾਈਆਂ ਦਾ ਸਾਥ ਨਹੀਂ ਬਲਕਿ ਗ਼ਰਜ਼ਾਂ ਮੂਹਰੇ ਹਨ। ਇਹਨਾਂ ਨੂੰ ਬਿਆਨਦੇ ਇਹ ਸ਼ਿਅਰ ਗੁਰਭਜਨ ਗਿੱਲ ਦੇ ਕਾਵਿ-ਸੰਗ੍ਰਹਿ ਵਿਚੋਂ ਪ੍ਰਸਤੁਤ ਹੈ:

ਰਿਸ਼ਤੇ ਦੀ ਚਾਦਰ ਦੀਆਂ ਲੀਰਾਂ ਖਿੱਲਰ ਗਈਆਂ ਹਨ ਏਸ ਤਰ੍ਹਾਂ

ਚਾਰ ਕਦਮ ਨਾ ਤੁਰ ਕੇ ਰਾਜ਼ੀ ਸਕੀ ਭੈਣ ਭਰਾਵਾਂ ਨਾਲ।

(ਮਨ ਦੇ ਬੂਹੇ ਬਾਰੀਆਂ 85)

ਭੈਣ-ਭਾਈਆਂ ਦਾ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋਣ ਦਾ ਕਾਰਨ ਵੀ ਆਰਥਿਕ ਮੰਦਹਾਲੀ, ਗਰੀਬੀ ਅਤੇ ਹੋਰਾਂ ਤੋਂ ਉੱਚਾ ਸਟੇਟਸ ਦਿਖਾਉਣਾ ਹੈ ਕਿਉਂ ਕਿ ਉਹ ਲੁੱਟ-ਖੋਹ ਕਰ ਕੇ ਜ਼ਮੀਨਾਂ ਹੜੱਪ ਕੇ ਆਪਣੇ ਘਰ ਭਰਦਾ ਹੈ।ਅੱਜਕੱਲ ਆਦਮੀ ਦੀ ਬੋਲ-ਚਾਲ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਉਹ ਕਿਸ ਤਰ੍ਹਾਂ ਦੀ ਸਾਂਝ ਰੱਖਦਾ ਹੈ। ਬੰਦੇ ਦੀ ਬੋਲ-ਚਾਲ ਹੀ ਦੱਸ ਦਿੰਦੀ ਹੈ ਕਿ ਇਹ ਬੰਦਾ ਦੂਜੇ ਨੂੰ ਦਿਲੋਂ ਚਾਹੁੰਦਾ ਹੈ ਜਾਂ ਸਿਰਫ਼ ਲੋੜਾਂ ਦੀ ਹੀ ਸਾਂਝ ਹੀ ਪੁਗਾਉਂਦਾ ਹੈ। ਰਿਸ਼ਤਿਆਂ ਵਿਚੋਂ ਨਿੱਘ ਕਿਤੇ ਨਹੀਂ ਲੱਭਦਾ। ਅਜੋਕੇ ਦੌਰ ਵਿਚ ਮਾਨਵੀ ਰਿਸ਼ਤਿਆਂ ਦੀਆਂ ਜੜ੍ਹਾਂ ਕਮਜ਼ੋਰ ਹੋ ਗਈਆਂ ਹਨ। ਪੈਸਾ ਦੁਨੀਆਂ ਦੀ ਸ਼ਕਤੀ ਬਣ ਗਿਆ ਹੈ। ਰਿਸ਼ਤਿਆਂ ਵਿਚ ਮੋਹ ਦੀ ਥਾਂ ਪੈਸਾ ਹੀ ਪ੍ਰਧਾਨ ਹੋ ਗਿਆ ਹੈ। ਪੈਸਾ ਹੀ ਰਿਸ਼ਤਿਆਂ ਦਾ ਆਧਾਰ ਬਣਨ ਕਾਰਨ ਰਿਸ਼ਤੇ ਟੁੱਟਣੇ ਸ਼ੁਰੂ ਹੋਏ ਅਤੇ ਅਪਣੱਤ ਦੀ ਥਾਂ ਪਰਾਏਪਨ ਦਾ ਅਹਿਸਾਸ ਭਾਰੂ ਹੋਣ ਲੱਗ ਪਿਆ।

ਅੰਨਾ ਬੰਦਾ ਵੀ ਬੁੱਝ ਲੈਂਦੈ, ਪੈੜ ਚਾਲ ਤੋਂ ਲਹਿਜ਼ੇ ਤੋਂ

ਕਿਹੜਾ ਬੰਦਾ ਸਾਂਝ ਪੁਗਾਉਂਦਾ ਕਿਸ ਤਰ੍ਹਾਂ ਦੇ ਰਾਹਵਾਂ ਨਾਲ।

(ਮਨ ਦੇ ਬੂਹੇ ਬਾਰੀਆਂ 85)

ਮਨੁੱਖ ਵਿਚ ਅਪਣੱਤ ਦੀ ਥਾਂ ਪਰਾਇਆ ਰਵੱਈਆ ਅਪਣਾਉਣ ਦਾ ਵੱਡਾ ਕਾਰਨ ਦੂਜੇ ਨੂੰ ਨੀਂਵਾ ਦਿਖਾਉਣਾ ਹੈ ਕਿਉਂ ਕਿ ਅਜੋਕਾ ਇਨਸਾਨ ਗਰੀਬ ਰਿਸ਼ਤੇਦਾਰ ਨਾਲ ਨਹੀਂ ਸਗੋਂ ਅਮੀਰ ਰਿਸ਼ਤਿਆਂ ਦੀ ਭਾਲ ਵਿਚ ਰਹਿੰਦਾ ਹੈ।ਪਿੰਡਾਂ ਵਿਚ ਵੀ ਇਹੀ ਹਾਲ ਹੋ ਗਿਆ ਹੈ। ਪਿੰਡ ਜਾਣ ਤੇ ਕੋਈ ਵੀ ਇਕ ਦੂਜੇ ਨਾਲ ਦਿਲੀ ਸਾਂਝ ਨਹੀਂ ਰੱਖਦਾ। ਸਾਰੇ ਰਿਸ਼ਤਿਆਂ ਵਿਚੋਂ ਮੋਹ ਖਤਮ ਹੋ ਗਿਆ। ਕੋਈ ਵੀ ਚਾਚਾ ਤਾਇਆ ਪਿੰਡ ਜਾਣ ਤੇ ਆਪਣੇਪਨ ਨਾਲ ਪਛਾਣਦਾ ਅਤੇ ਮਿਲਦਾ ਨਹੀਂ।

ਪਿੰਡ ਗਿਆਂ ਤੇ ਕੌਣ ਪਛਾਣੇ, ਨਾ ਚਾਚਾ ਨਾ ਤਾਇਆ

ਚੌਂਕ ਚੁਰੱਸਤੇ, ਗਲੀਆਂ ਕੂਚੇ, ਸ਼ੀਹਾਂ ਪੱਤਣ ਮੱਲੇ।

(ਮੋਰ ਪੰਖ 50)

ਘਰ ਵਿਚ ਰੌਸ਼ਨਦਾਨ ਖਿੜਕੀਆਂ, ਚਾਨਣ ਖ਼ਾਤਰ ਸ਼ੀਸ਼ੇ ਵੀ

ਖ਼ੁਦ ਤੋਂ ਡਰਦੇ ਮਾਰੇ ਲੋਕੀਂ ਪਰਦੇ ਚਾੜ੍ਹੀ ਜਾਂਦੇ ਨੇ।

(ਮਿਰਗਾਵਲੀ 11)

ਅਜੋਕੀ ਸਥਿਤੀ ਅਜਿਹੀ ਬਣ ਗਈ ਹੈ ਕਿ ਲੋਕ ਰਿਸ਼ਤਿਆਂ ਵਿਚ ਇਕ ਦੂਜੇ ਤੋਂ ਦੂਰੀਆਂ ਬਣਾ ਕੇ ਰੱਖਦੇ ਹਨ। ਸੱਜੇ ਹੱਥ ਨੂੰ ਪਤਾ ਨਹੀਂ ਲੱਗਦਾ ਕਿ ਖੱਬਾ ਅੱਜਕਲ ਕੀ ਕਰ ਰਿਹਾ ਹੈ ਇਸ ਤਰ੍ਹਾਂ ਇਕ ਹੀ ਘਰ ਵਿਚ ਰਹਿ ਕੇ ਨਹੀਂ ਪਤਾ ਲੱਗਦਾ ਕਿ ਦੂਜਾ ਅੱਜਕਲ ਕਿੱਥੇ ਬੀਜ਼ੀ ਹੈ। ਹਰ ਇਕ ਘਰ ਵਿਚ ਇਕ ਦੂਜੇ ਤੋਂ ਲੁਕਾਅ ਰੱਖਿਆ ਜਾਂਦਾ ਹੈ। ਇਸ ਬਾਰੇ ਗੁਰਭਜਨ ਗਿੱਲ ਆਪਣੀ ਗ਼ਜ਼ਲ ਰਾਹੀਂ ਪੇਸ਼ ਕਰਦਾ ਹੈ ਕਿ ਸਾਰੀ ਉਮਰ ਉਹੀ ਰਿਸ਼ਤੇ ਨਿਭਦੇ ਹਨ ਜਿਨ੍ਹਾਂ ਵਿਚ ਪਾਰਦਰਸ਼ਤਾ ਹੋਵੇ ਭਾਵ ਕਿਸੇ ਤਰ੍ਹਾਂ ਦਾ ਓਹਲਾ ਜਾਂ ਲੁਕਾਅ ਨਾ ਹੋਵੇ। ਜਿੱਥੇ ਇਸ ਦੇ ਉਲਟ ਕਿਸੇ ਗੱਲੋਂ ਲੁਕਾਅ ਰੱਖਿਆ ਜਾਂਦਾ ਹੈ ਉੱਥੇ ਤਾਂ ਸਿਰਫ਼ ਜ਼ਮੀਰਾਂ ਤੇ ਵਾਧੂ ਜਿਹਾ ਭਾਰ ਹੀ ਹੁੰਦਾ ਹੈ।

ਪਾਰਦਰਸ਼ਨੀ ਰਿਸ਼ਤੇ ਨਿਭਦੇ ਉਮਰਾਂ ਤੀਕ

ਓਹਲਾ ਚੋਰੀ ਵਾਧੂ ਭਾਰ ਜ਼ਮੀਰਾਂ ਦੇ ।

(ਮਨ ਪਰਦੇਸੀ 17)

ਇਸ ਹੀ ਗੱਲ ਨੂੰ ਅੱਗੇ ਤੋਰਦੇ ਹੋਏ ਗੁਰਭਜਨ ਗਿੱਲ ਲਿਖਦੇ ਹਨ ਕਿ ਰਿਸ਼ਤਿਆਂ ਵਿਚ ਬੇਵਿਸ਼ਵਾਸੀ ਦੇ ਨਾਲ ਨਾਲ ਲਗਾਤਾਰ ਦੂਰੀਆਂ ਵੀ ਵੱਧ ਰਹੀਆਂ ਹਨ। ਘਰ ਵਿਚ ਆਪਣੇ ਕਮਰੇ ਵਿਚ ਬੈਠਾ ਪੁੱਤ ਵੀ ਮਾਂ ਬਾਪ ਨੂੰ ਫੋਨ ਰਾਹੀਂ ਹੀ ਸਿਰਫ਼ ਹਾਂ ਜਾਂ ਹੂੰ ਵਿਚ ਹੀ ਜਵਾਬ ਦੇ ਰਿਹਾ ਹੈ ਉਸ ਕੋਲ ਇਹ ਨਹੀਂ ਸਰਦਾ ਕਿ ਉੱਠ ਕੇ ਮਾਂ-ਬਾਪ ਨਾਲ ਦੁੱਖ-ਸੁੱਖ

ਸਾਂਝੇ ਕਰ ਸਕੇ। ਇਹ ਹੈ ਅਜੋਕੇ ਬਦਲਦੇ ਰਿਸ਼ਤਿਆਂ ਦਾ ਸਮੀਕਰਨ ਕਿ ਕਿਸ ਤਰ੍ਹਾਂ ਮੋਹ ਦੀਆਂ ਤੰਦਾਂ ਸਿਰਫ਼ਮੋਬਾਇਲਾਂ ਤੱਕ ਹੀ ਸੀਮਤ ਹੋ ਕੇ ਰਹਿ ਗਈਆਂ ਹਨ। ਇਸ ਦਾ ਕਾਰਨ ਆਪਸੀ ਸਾਂਝ ਅਤੇ ਸਤਿਕਾਰ ਦੀ ਕਮੀ ਹੈ ਜੋ ਕਿ ਨਵੀਨ ਯੁੱਗ ਵਿਚ ਬਦਲਦੀਆਂ ਕਦਰਾਂ-ਕੀਮਤਾਂ ਦਾ ਸਿੱਟਾ ਹਨ।

ਪੁੱਤ ਵੀ ਦੇਵੇ ਹੁੰਗਾਰਾ ਫੋਨ 'ਤੇ

ਵੱਧ ਰਿਹਾ ਵੇਖੋ ਨਿਰੰਤਰ ਫ਼ਾਸਲਾ।

(ਮਨ ਪਰਦੇਸੀ 21)

ਇਹ ਫ਼ਾਸਲਾ ਪੀੜ੍ਹੀਆਂ ਦਾ ਫ਼ਾਸਲਾ ਹੈ ਕਿਉਂ ਕਿ ਬੱਚੇ ਮਾਂ-ਬਾਪ ਦੀ ਸਾਦਗੀ ਭਰਪੂਰ ਪੁਰਾਣੀ ਸੋਚ ਤੋਂ ਕਿਨਾਰਾ ਕਰ ਰਹੇ ਹਨ। ਉਹਨਾਂ ਦੀ ਆਧੁਨਿਕ ਸੋਚ ਪੀੜ੍ਹੀ-ਪਾੜ੍ਹਾ ਦਾ ਅਸਲ ਕਾਰਨ ਬਣਦੀ ਹੈ। ਬੱਚੇ ਮਾਪਿਆਂ ਨਾਲ ਦਿਲੋਂ ਜੁੜੇ ਹੋਏ ਨਹੀਂ ਹੁੰਦੇ ਕਿਉਂ ਕਿ ਉਹਨਾਂ ਨੂੰ ਆਪਣੇ ਮਾਂ-ਬਾਪ ਪੇਂਡੂ ਅਤੇ ਅਸਭਿਅਕ ਲੱਗਦੇ ਹਨ।ਇਸ ਗ਼ਜ਼ਲਗੋ ਦੀ ਵਿਲੱਖਣਤਾ ਇਹ ਹੈ ਕਿ ਸਮਕਾਲ ਦੇ ਗੰਭੀਰ ਸਵਾਲਾਂ ਨੂੰ ਸੰਬੋਧਿਤ ਉਸ ਦੀ ਸ਼ਾਇਰੀ ਅਤੀਤ ਵੱਲ ਪਰਤਦੀ ਤਾਂ ਹੈ ਪਰ ਅਤੀਤਮੁਖਤਾ ਦੀ ਸੀਮਾ ਵਿਚ ਨਾ ਬੱਝਦੀ ਹੋਈ ਭਵਿੱਖਮੁਖੀ ਸੁਰ ਕਾਇਮ ਰੱਖਦੀ ਹੈ। ਆਧੁਨਿਕਤਾ ਦੀ ਅੰਨੀ ਦੌੜ ਵਿਚ ਇਕ ਦੂਜੇ ਤੋਂ ਅੱਗੇ ਵੱਧਣ ਦੀ ਹੋੜ ਨੇ ਮਨੁੱਖ ਨੂੰ ਇਸ ਕਦਰ ਸਵਾਰਥੀ ਬਣਾ ਦਿੱਤਾ ਹੈ ਕਿ ਉਸ ਅੰਦਰਲੇ ਸਾਰੇ ਅਹਿਸਾਸ ਮਰ ਚੁੱਕੇ ਹਨ। ਬਦਲੇ ਹੋਏ ਜੀਵਨ ਅੰਦਾਜ਼ ਵਿਚ ਮਾਨਵੀ ਸੰਵੇਦਨਾਵਾਂ ਦਾ ਸੋਕਾ ਪੈ ਗਿਆ ਹੈ। ਅਜੋਕੇ ਮਨੁੱਖ ਦੀ ਖਾਮੋਸ਼ੀ ਉਸ ਦਾ ਸੰਤਾਪ ਬਣਦੀ ਜਾ ਰਹੀ ਹੈ। ਸਮਾਜ, ਘਰ, ਪਰਿਵਾਰ ਜੋ ਉਹਨਾਂ ਦੀ ਜ਼ਿੰਦਗੀ ਨੂੰ ਹਮੇਸ਼ਾ ਪ੍ਰਭਾਵਿਤ ਕਰਦੇ ਹਨ। ਇਹਨਾਂ ਨਾਲ ਗਹਿਰਾ ਰਿਸ਼ਤਾ ਹੋਣ ਕਰ ਕੇ ਮਨੁੱਖ ਦੀ ਸੰਵੇਦਨਾ ਉਪਰ ਇਨ੍ਹਾਂ ਦਾ ਅਸਰ ਕਾਇਮ ਰਹਿੰਦਾ ਹੈ।

ਅੱਜ ਕੱਲ੍ਹ ਰਿਸ਼ਤੇ ਆਪਣਿਆਂ ਨਾਲ ਘੱਟ ਅਤੇ ਪੈਸੇ ਵਾਲੇ ਬੇਗਾਨੇ ਲੋਕਾਂ ਨਾਲ ਵੱਧ ਹਨ। ਪੁਰਾਣੇ ਲੋਕ ਜੋ ਮੋਹ ਪਿਆਰ ਦੇ ਮਸੀਹਾ ਮੰਨੇ ਜਾਂਦੇ ਸਨ ਜੋ ਬੋਹੜ ਦੀ ਛਾਂ ਦਿੰਦੇ ਸਨ ਭਾਵ ਜਿੰਨਾਂ ਦੇ ਪਿਆਰ ਦਾ ਨਿੱਘ ਅਤੇ ਮਮਤਾ ਦੀ ਛਾਂ ਨੂੰ ਮਾਣਿਆ ਜਾਂਦਾ ਸੀ। ਉਹ ਤਾਂ ਹੁਣ ਗਿਣਤੀ ਦੇ ਇੱਕਾ-ਦੁਕਾ ਹੀ ਰਹਿ ਗਏ ਹਨ। ਪੈਸੇ ਦੀ ਗਰਜ਼ ਦੇ ਉਲਝਾਏ ਰਿਸ਼ਤਿਆਂ ਵਿਚ ਮਨੁੱਖ ਫੱਸਦਾ ਹੀ ਜਾਂਦਾ ਹੈ। ਲੋਕ ਇਕ ਦੂਜੇ ਨੂੰ ਪੈਸੇ ਲਈ ਇਸਤਮਾਲ ਕਰਦੇ ਹਨ। ਝੂਠੇ ਮੋਹ ਪਿਆਰ ਦਾ ਸਹਾਰਾ ਲੈ ਕੇ ਦਲਦਲ ਵਿਚ ਫਸਾਉਣ ਵਾਲੇ ਬਹੁਤ ਮਿਲ ਜਾਂਦੇ ਹਨ ਅਤੇ ਮਨੁੱਖ ਨੂੰ ਇਸ ਝੂਠੇ ਮੋਹ ਰੂਪੀ ਦਲਦਲ ਵਿਚੋਂ ਨਿਕਲਣਾ ਔਖਾ ਹੋ ਜਾਂਦਾ ਹੈ। ਅਜੋਕੇ ਸਮਾਜ ਵਿਚ ਬੰਦਾ ਬੰਦੇ ਦਾ ਵੈਰੀ ਬਣ ਗਿਆ ਹੈ। ਰਿਸ਼ਤਿਆਂ ਵਿਚ ਝੂਠੇ ਵਿਸ਼ਵਾਸ ਬਣਾ ਕੇ ਸੱਧਰਾਂ ਦਾ ਘਾਣ ਕੀਤਾ ਜਾ ਰਿਹਾ ਹੈ। ਇਕ ਵਾਰ ਬੰਦਾ ਕਿਸੇ ਦੇ ਝੂਠ ਵਿਚ ਫ਼ੱਸ ਜਾਂਦਾ ਹੈ ਤਾਂ ਉਸ ਤੋਂ ਉਸ ਦਲਦਲ ਵਿਚੋਂ ਨਿਕਲਣਾ ਔਖਾ ਹੋ ਜਾਂਦਾ ਹੈ।

ਬੜੀ ਤਿਲਕਣ ਹੈ ਏਥੇ ਰਿਸ਼ਤਿਆਂ ਦੀ ਬਚ ਕੇ ਚੱਲੀਂ

ਨਾ ਉਠਿਆ ਜਾ ਸਕੇ ਵਿਸ਼ਵਾਸ ਦੇ ਪਿੜ 'ਚੋਂ ਫਿਸਲ ਕੇ।

(ਕੱਕੀ ਰੇਤ ਦੇ ਵਰਕੇ 78)

ਅਜੋਕੀ ਜ਼ਿੰਦਗੀ ਦੇ ਵਿਚ ਝੂਠੇ ਰਿਸ਼ਤਿਆਂ ਦੀ ਤਾਂ ਜਿਵੇਂ ਮੰਡੀ ਹੀ ਲਗੀ ਪਈ ਹੈ। ਇਸ ਮੰਡੀ ਵਿਚੋਂ ਝੂਠੇ ਰਿਸ਼ਤੇ-ਨਾਤੇ ਆਮ ਹੀ ਮਿਲ ਜਾਂਦੇ ਹਨ। ਹੁਣ ਅਸਲੀ ਦਰਦ ਦਾ ਕਿਸੇ ਨੂੰ ਕੁੱਝ ਅਹਿਸਾਸ ਨਹੀਂ ਹੈ। ਰੂਹਾਂ ਤੱਕ ਦੇ ਰਿਸ਼ਤਿਆਂ ਦੇ ਮੋਹ ਦਾ ਕਿਸੇ ਨੂੰ ਕੋਈ ਅਹਿਸਾਸ ਨਹੀਂ ਹੈ। ਹੁਣ ਤਾਂ ਇਹ ਹਾਲਾਤ ਬਣ ਚੁੱਕੇ ਹਨ ਕਿ ਆਦਮੀ ਨੂੰ ਬਸ ਆਪਣੀ ਜ਼ਮੀਰ ਨੂੰ ਮਾਰਨਾ ਪੈਂਦਾ ਹੈ ਅਤੇ ਅੰਤਾਂ ਦੇ ਨਕਲੀ ਰਿਸ਼ਤਿਆਂ ਦੀ ਲਾਈਨ ਲੱਗ ਜਾਂਦੀ ਹੈ। ਅਜੋਕਾ ਮਨੁੱਖ ਇਹੀ ਤਾਂ ਕਰ ਰਿਹਾ ਹੈ ਕਿ ਆਪਣੀਆਂ ਜ਼ਮੀਰਾਂ ਗਹਿਣੇ ਧਰ ਕੇ ਬਦਲੇ ਵਿਚ ਨਕਲੀ, ਝੂਠੇ ਰਿਸ਼ਤੇ ਅਤੇ ਪੈਸੇ ਕਮਾ ਰਿਹਾ ਹੈ। ਇਸ ਨੂੰ ਦਰਸਾਉਂਦੇ ਸ਼ਿਅਰ ਗ਼ਜ਼ਲਗੋ ਜਸਵਿੰਦਰ ਦੀ ਕਲਮਕਾਰੀ ਰਾਹੀਂ ਹੇਠ ਲਿਖ਼ਤ ਹਨ।

ਰਿਸ਼ਤੇ, ਰੀਝਾਂ, ਅੱਥਰੂ ਮਿਲਣ ਬਜ਼ਾਰੋਂ ਆਮ

ਕੀ ਹੁਣ ਦਰਦ ਵਿਯੋਗ ਦਾ, ਕੀ ਰੂਹਾਂ ਦਾ ਮੇਲ।

(ਅਗਰਬੱਤੀ 24)

ਗ਼ਜ਼ਲਗੋ ਜਸਵਿੰਦਰ ਆਪਣੀਆਂ ਗ਼ਜ਼ਲਾਂ ਵਿਚ ਸਮਾਜ ਸਭਿਆਚਾਰਕ ਸਰੋਕਾਰ ਪੇਸ਼ ਕਰਦਾ ਹੈ। ਉਹ ਜ਼ਿੰਦਗੀ ਦੀ ਸੱਚਾਈ ਨੂੰ ਪੇਸ਼ ਕਰਦਾ ਹੈ। ਇਸ ਦੁਨੀਆਂ ਵਿਚ ਝੂਠੇ ਰਿਸ਼ਤਿਆਂ ਦੀ ਮੰਡੀ ਲੱਗੀ ਹੋਈ ਹੈ। ਬਸ ਜ਼ਰੂਰਤ ਹੈ ਤਾਂ ਆਪਣੀ ਜ਼ਮੀਰ ਨੂੰ ਗਹਿਣੇ ਰੱਖਣ ਦੀ। ਇਕ ਵਾਰ ਜ਼ਮੀਰ ਗਹਿਣੇ ਰੱਖੋ ਤੇ ਝੂਠੇ ਅਤੇ ਮਤਲਬੀ ਰਿਸ਼ਤੇ ਖਰੀਦੇ ਜਾ ਸਕਦੇ ਹਨ। ਅਜੋਕੇ ਸਮਾਜ ਵਿਚ ਸੱਚੇ ਪਿਆਰ ਅਤੇ ਸਾਫ਼ ਰਿਸ਼ਤਿਆਂ ਦੀ ਕੋਈ ਕਦਰ ਨਹੀਂ।

ਬਸ ਜ਼ਮੀਰਾਂ ਹੀ ਤੁਸੀਂ ਗਿਰਵੀ ਧਰੋ ਤੇ ਲੈ ਲਵੋ

ਸੌਖੀਆਂ ਕਿਸ਼ਤਾਂ 'ਚ ਮਿਲ ਜਾਂਦੇ ਨੇ ਰਿਸ਼ਤੇ ਬੇਸ਼ੁਮਾਰ।

(ਅਗਰਬੱਤੀ 43)

ਅਜੋਕਾ ਮਨੁੱਖ ਆਪਣੀਆਂ ਗਰਜਾਂ ਵਾਸਤੇ ਗਧੇ ਨੂੰ ਵੀ ਪਿਉ ਬਣਾ ਰਿਹਾ ਹੈ ਕਿਉਂ ਕਿ ਨਕਲੀ ਚਕਾ-ਚੌਂਧ ਵਿਚ ਅੰਨੇ ਹੋਏ ਲੋਕ ਆਪਣੀ ਇੱਜਤ ਦੀ ਪਰਵਾਹ ਕੀਤੇ ਬਿਨਾਂ ਪੈਸੇ ਨਾਲ ਹਰ ਰਿਸ਼ਤਾ ਖ਼ਰੀਦ ਰਹੇ ਹਨ।ਹਰ ਪਾਸੇ ਇਹੀ ਵੇਖਿਆ ਜਾਂਦਾ ਹੈ ਕਿ ਜ਼ਰੂਰਤਾਂ ਮੁਤਾਬਕ ਰਿਸ਼ਤਿਆਂ ਦੀ ਬੋਲੀ ਲਗਦੀ ਹੈ। ਮੋਹ-ਪਿਆਰ, ਵਫ਼ਾ, ਇੱਜਤ ਆਦਿ ਦੀ ਕੋਈ ਲੋੜ ਨਹੀਂ ਹੈ। ਇਸ ਦੁਨੀਆਂ ਵਿਚ ਤਾਂ ਜਿਸ ਨੂੰ ਜਿਸ ਕੋਲੋਂ ਜਿਸ ਚੀਜ਼ ਦੀ ਜ਼ਰੂਰਤ ਹੁੰਦੀ ਹੈ। ਉਸ ਦਾ ਉਸ ਸ਼ਖ਼ਸ ਨਾਲ ਰਿਸ਼ਤਾ ਕੁੱਝ ਸਮੇਂ ਲਈ (ਜਦ ਤਕ ਗ਼ਰਜ਼ ਪੂਰੀ ਨਾ ਹੋ ਜਾਵੇ) ਅਟੁੱਟ ਬਣ ਜਾਂਦਾ ਹੈ। ਇਹੀ ਅਜੋਕੇ ਰਿਸ਼ਤਿਆਂ ਦੀ ਸੱਚਾਈ ਹੈ।

ਏਸ ਗਰਾਂ ਦੇ ਅਵੱਲੇ ਹੀ ਦਸਤੂਰ ਨੇ

ਏਥੇ ਗਰਜ਼ਾਂ ਦੇ ਰਿਸ਼ਤੇ ਹੀ ਮਨਜ਼ੂਰ ਨੇ

ਲੈ ਜਾ ਵਾਪਸ ਮੁਹੱਬਤ, ਵਫ਼ਾ, ਦੋਸਤੀ

ਇਹਨਾਂ ਚੀਜ਼ਾਂ ਦੀ ਏਥੇ ਜ਼ਰੁਰਤ ਨਹੀਂ।

(ਅਗਰਬੱਤੀ 56)

ਗ਼ਜ਼ਲਕਾਰ ਸਤੀਸ਼ ਗੁਲਾਟੀ ਆਪਣੀਆਂ ਗ਼ਜ਼ਲਾਂ ਵਿਚ ਸਮਾਜਿਕ ਅਧਿਐਨ ਨੂੰ ਚਿਤਰਦੇ ਹਨ। ਪਦਾਰਥਵਾਦ ਨੇ ਮਨੁੱਖ ਵਿਚਲਾ ਪਾੜਾ ਇੰਨਾ ਵਧਾ ਦਿੱਤਾ ਹੈ ਕਿ ਮਨੁੱਖ ਨੂੰ ਇਕ ਦੂਜੇ ਨਾਲ ਕੋਈ ਸਰੋਕਾਰ ਨਹੀਂ ਰਿਹਾ। ਉਸ ਦਾ ਸਕਾ ਭੈਣ-ਭਰਾ ਕਿਸ ਹਾਲ ਵਿਚ ਜ਼ਿੰਦਗੀ ਬਸਰ ਕਰ ਰਿਹਾ ਹੈ ਕਿਸੇ ਨੂੰ ਕੁੱਝ ਨਹੀਂ ਪਤਾ ਅਤੇ ਨਾ ਹੀ ਪਤਾ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੇਕਰ ਭੁੱਲ-ਭੁਲੇਖੇ ਪਤਾ ਲੱਗ ਵੀ ਜਾਂਦਾ ਹੈ ਤਾਂ ਵੀ ਅਮੀਰ ਭਰਾ ਜਾਂ ਭੈਣ ਨੂੰ ਗਰੀਬ ਭੈਣ ਜਾਂ ਭਰਾ ਦਾ ਰਤੀ ਵੀ ਦਰਦ ਮਹਿਸੂਸ ਨਹੀਂ ਹੁੰਦਾ। ਇਕੋ ਮਾਂ ਦੇ ਜਾਇਆਂ ਦੀ ਕਿਸਮਤ ਵਿਚ ਬਹੁਤ ਫ਼ਰਕ ਆ ਜਾਂਦਾ ਹੈ। ਇਕ ਮਹਿਲ-ਮੁਨਾਰਿਆਂ ਦਾ ਆਨੰਦ ਮਾਣ ਰਿਹਾ ਹੁੰਦਾ ਹੈ ਅਤੇ ਦੂਜਾ ਕੁੱਲੀ ਵਿਚ ਜ਼ਿੰਦਗੀ ਬਸਰ ਕਰ ਰਿਹਾ ਹੂੰਦਾ ਹੈ। ਇਸ ਸਬੰਧ ਵਿਚ ਸ਼ਾਇਰ ਸਤੀਸ਼ ਗੁਲਾਟੀ ਦਾ ਇਹ ਸ਼ਿਅਰ ਸਹੀ ਜਾਪਦਾ ਹੈ।

ਇਕ ਸੀ ਦਰਦ ਫ਼ਕੀਰ ਦਾ ਤੇ ਇਕ ਸੀ ਸਰਦਾਰ

ਏਨਾ ਕੁ ਫ਼ਰਕ ਸੀ ਦੋ ਭਾਈਆਂ ਵਿਚਕਾਰ।

(ਚੁੱਪ ਦੇ ਖ਼ਿਲਾਫ਼ 54)

ਮਨੁੱਖ ਦੇ ਦਿਲੋਂ ਮਨੁੱਖ ਲਈ ਪਿਆਰ, ਸਤਿਕਾਰ ਸਭ ਸਮਾਪਤ ਹੋ ਗਏ ਹਨ। ਕਿਸੇ ਦੇ ਦਿਲ ਵਿਚ ਕਿਸੇ ਲਈ ਕੋਈ ਦਰਦ, ਮੋਹ ਨਹੀਂ ਰਹਿ ਗਿਆ ਹੈ। ਵੱਡੇ ਘਰਾਂ ਦੇ ਲੋਕ ਆਦਮੀ ਨਾਲੋਂ ਜਾਨਵਰਾਂ ਨਾਲ ਜ਼ਿਆਦਾ ਮੋਹ ਰੱਖਦੇ ਹਨ। ਕੋਈ ਆਦਮੀ ਆਦਮੀ ਦੇ ਦੁੱਖ ਵਿਚ ਦੁਖੀ ਹੋਵੇ ਜਾਂ ਤੜਪਿਆ ਹੋਵੇ ਇਹ ਗੱਲ ਤਾਂ ਹੁਣ ਗੁਜ਼ਰ ਗਏ ਜ਼ਮਾਨੇ ਦੀ ਜਾਪਦੀ ਹੈ।

ਹੁਣ ਤਾਂ ਬੀਤੇ ਜ਼ਮਾਨੇ ਦੀ ਗੱਲ ਜਾਪਦੀ

ਆਦਮੀ, ਆਦਮੀ ਦੇ ਲਈ ਤੜਪਿਆ।

(ਚੁੱਪ ਦੇ ਖ਼ਿਲਾਫ਼ 61)

ਆਦਮੀ ਦਾ ਆਦਮੀ ਨਾਲ ਰਿਸ਼ਤਾ ਦਿਖਾਵੇ ਦਾ ਹੈ। ਸਾਰੀ ਪਰਵਾਹ ਸਿਰਫ਼ ਪੈਸੇ ਦੀ ਹੈ। ਜੇ ਕਰ ਪੈਸਾ ਹੈ ਤਾਂ ਸਭ ਰਿਸ਼ਤੇ-ਨਾਤੇ ਹਨ। ਕੋਈ ਇਨਸਾਨ ਕਿਸੇ ਇਨਸਾਨ ਲਈ ਫ਼ਿਕਰਮੰਦ ਨਹੀਂ ਹੁੰਦਾ। ਕਿਸੇ ਦੇ ਦੁੱਖ-ਤਕਲੀਫ਼ ਦੀ ਕੋਈ ਪਰਵਾਹ ਨਹੀਂ ਹੁੰਦੀ ਕਿਉਂ ਕਿ ਪੂੰਜੀਵਾਦ ਰਿਸ਼ਤਿਆਂ ਵਿਚਲੀਆਂ ਮੋਹ ਦੀਆਂ ਤੰਦਾਂ ਨੂੰ ਖ਼ੋਖ਼ਲਾ ਕਰ ਦਿੱਤਾ ਹੈ। ਅੱਜੋਕੀ ਮਨੁੱਖਤਾ ਦਾ ਘਾਣ ਹੋ ਰਿਹਾ ਹੈ। ਸਗੇ ਭੈਣ ਭਾਈਆਂ ਵਿਚ ਕੋਈ ਮੋਹ ਨਹੀਂ ਰਿਹਾ। ਸਭ ਆਪੋ-ਆਪਣੇ ਕੰਮਾਂ-ਕਾਰਾਂ ਵਿਚ ਰੁੱਝੇ ਹੋਏ ਹਨ। ਪੈਸੇ ਦੀ ਅੰਨੀ ਦੌੜ ਪਿੱਛੇ ਭੱਜ ਰਿਹਾ ਮਨੁੱਖ ਆਪਣੇ ਖ਼ੂਨ ਦੇ ਰਿਸ਼ਤਿਆਂ ਤੋਂ ਵੱਖ ਹੋ ਰਿਹਾ ਹੈ। ਕਿਸੇ ਨੂੰ ਕਿਸੇ ਨਾਲ ਮਿਲਣ ਦੀ ਕੋਈ ਚਾਹਤ ਨਹੀਂ ਹੈ। ਮਨੁੱਖ ਇੰਨਾ ਵਿਅਸਤ ਹੈ ਕਿ ਜੇਕਰ ਕੋਈ ਉਸ ਦੇ ਘਰ ਉਸ ਨੂੰ ਆਉਂਦਾ ਦਿਸ ਵੀ ਜਾਵੇ ਤਾਂ ਉਹ ਬੂਹੇ ਨੂੰ ਅੰਦਰੋਂ ਜੰਦਰੇ ਨਾਲ ਘੁੱਟ ਲੈਂਦੇ ਹਨ ਤਾਂ ਜੋ ਕੋਈ ਆਪਣਾ ਵੀ ਮਿਲਣ ਨਾ ਆ ਸਕੇ। ਮੇਲ-ਮਿਲਾਪ, ਆਦਰ-ਮਾਣ ਸਭ ਖ਼ਤਮ ਹੋ ਚੁੱਕਿਆ ਹੈ। ਭਰਾਵਾਂ-ਭਰਾਵਾਂ ਵਿਚ ਵੰਡੀਆਂ ਪੈ ਗਈਆਂ ਹਨ। ਜ਼ਮੀਨਾਂ ਦੇ ਟੁੱਕੜਿਆਂ ਲਈ ਇਕੋ ਮਾਂ ਦੇ ਜਾਏ ਹੱਥੋ-ਪਾਈ ਹੋਈ ਜਾਂਦੇ ਹਨ। ਹਥਿਆਰਾਂ ਦੇ ਸਿਰਾਂ 'ਤੇ ਫ਼ੈਸਲੇ ਕੀਤੇ ਜਾ ਰਹੇ ਹਨ। ਇਹੀ ਅਜੋਕੇ ਰਿਸ਼ਤਿਆਂ ਦੀ ਤ੍ਰਾਸਦੀ ਬਣ ਚੁੱਕੀ ਹੈ। ਹੇਠ ਲਿਖਿਆ ਸਤੀਸ਼ ਗੁਲਾਟੀ ਦੇ ਇਹ ਸ਼ਿਅਰ ਰਿਸ਼ਤਿਆਂ ਦੀ ਇਸੀ ਤ੍ਰਾਸਦੀ ਨੂੰ ਬਿਆਨ ਕਰਦੇ ਹਨ।

ਬਾਹਰੋਂ ਆਉਂਦਾ ਵੇਖ ਕੇ ਮੈਨੂੰ, ਅੰਦਰੋਂ ਬੂਹਾ ਮਾਰ ਗਿਆ

ਇੱਕੋ ਮਾਂ ਦੇ ਜਾਇਆਂ ਦਾ ਕਿਉਂ ਮਿਲਵਰਤਣ ਸਤਿਕਾਰ ਗਿਆ।

(ਚੁੱਪ ਦੇ ਖ਼ਿਲਾਫ਼ 64)

ਇਕ ਹੀ ਮਾਂ ਦੇ ਜਾਏ ਧੀਆਂ ਪੁੱਤਰ ਆਪਸ ਵਿਚ ਨਹੀਂ ਵਰਤਦੇ ਕਿਉਂ ਕਿ ਮਨੁੱਖਾਂ ਵਿਚਲੇ ਰਿਸ਼ਤਿਆਂ ਵਿਚ ਆਪ ਮੁਹਾਰਤਾ ਵੱਧ ਰਹੀ ਹੈ। ਪੈਸੇ ਵਾਲਾ ਗਰੀਬ ਭੈਣ-ਭਾਈ ਨੂੰ ਕੁਝ ਨਹੀਂ ਸਮਝਦਾ ਸਗੋਂ ਉਸ ਨੂੰ ਆਉਂਦਾ ਦੇਖ ਆਪਣਾ ਰਾਹ ਵੱਖ ਕਰ ਲੈਂਦਾ ਹੈ।ਸ਼ਾਇਰ ਪਰਿਵਾਰਕ ਜੀਆਂ ਦੇ ਦਿਲਾਂ ਵਿਚ ਇਕ ਦੂਜੇ ਪ੍ਰਤੀ ਵੱਧਦੀਆਂ ਦੂਰੀਆਂ ਨੂੰ ਲੈ ਕੇ ਵੀ ਚਿੰਤਿਤ ਹੈ।ਅਜੋਕੀ ਸਥਿਤੀ ਮੁਤਾਬਕ ਜੇ ਕਰ ਰਿਸ਼ਤਿਆਂ ਵਿਚ ਪਿਆਰ, ਮਾਣ, ਸਤਿਕਾਰ ਹੀ ਖ਼ਤਮ ਹੋ ਗਿਆ ਤਾਂ ਕਿਸ ਤਰ੍ਹਾਂ ਅਹਿਸਾਸ ਅਤੇ ਪਿਆਰ ਦੀਆਂ ਗੱਲਾਂ ਕੀਤੀਆਂ ਜਾਣਗੀਆਂ।

ਜੇ ਦਿਲਾਂ ਵਿਚ ਰਿਸ਼ਤਿਆਂ ਦਾ ਮਾਣ ਮੋਹ ਹੀ ਨਾ ਰਿਹਾ,

ਕਿਸ ਤਰ੍ਹਾਂ ਅਹਿਸਾਸ ਦੇ ਨਗ਼ਮੇ ਰਚਾਏ ਜਾਣਗੇ?

(ਚੁੱਪ ਦੇ ਖ਼ਿਲਾਫ਼ 72)

ਉਪਰੋਕਤ ਸਾਰੇ ਸ਼ਿਅਰਾਂ ਵਿਚਲਾ ਦਰਦ ਇਹ ਬਿਆਨ ਕਰਦਾ ਹੈ ਕਿ ਮਨੁੱਖ ਸਿਰਫ ਪੈਸੇ ਲਈ ਇਸ ਜੱਗ 'ਤੇ ਜਿਉਂ ਰਿਹਾ ਹੈ। ਕੋਈ ਭੈਣ ਨਹੀਂ ਕੋਈ ਭਾਈ ਆਪਣਾ ਨਹੀਂ, ਕੋਈ ਮਾਂ ਜਾਇਆ ਨਹੀਂ, ਸਭ ਪਰਾਏ ਹਨ। ਅਜੋਕੇ ਇਨਸਾਨ ਦੇ ਰੰਗ ਬਦਲਵੇਂ ਹਨ। ਜੇਕਰ ਉਸ ਨੂੰ ਜ਼ਰੂਰਤ ਹੈ ਤਾਂ ਉਹ ਪਿਆਰ ਦੇ ਰੰਗ ਵਿਚ ਰੰਗਿਆ ਨਜ਼ਰ ਆਵੇਗਾ

ਅਤੇ ਜੇਕਰ ਉਸ ਤਾਈਂ ਕਿਸੇ ਨੂੰ ਜ਼ਰੂਰਤ ਹੈ ਤਾਂ ਉਸ ਦਾ ਰੰਗ ਹੀ ਹੋਰ ਹੁੰਦਾ ਹੈ। ਇਸ ਰੰਗ ਬਦਲਦੀ ਦੁਨੀਆਂ ਵਿਚ ਮਨੁੱਖ ਦੇ ਬਦਲਦੇ ਰੰਗਾਂ ਦੀ ਪਰਿਭਾਸ਼ਾ ਉਸ ਦੀਆਂ ਜ਼ਰੂਰਤਾਂ ਨਾਲ ਬਦਲਦੀ ਹੈ। ਮਨੁੱਖ ਦੀ ਅਜੋਕੀ ਸਥਿਤੀ ਇਹ ਬਣ ਗਈ ਹੈ ਕਿ ਉਹ ਆਪਣਾ ਮਤਲਬ ਕੱਢਣ ਦੀ ਖ਼ਾਤਿਰ ਕਿਸੇ ਵੀ ਹਦ ਤੱਕ ਜਾਣ ਵਿਚ ਵੀ ਗੁਰੇਜ ਨਹੀਂ ਕਰ ਰਿਹਾ ਹੈ। ਉਹ ਦੁਨੀਆਂ ਵਿਚ ਵਿਚਰਨ ਲਈ ਮਿੱਠੀ ਭਾਸ਼ਾ ਅਤੇ ਦਿਲ ਨੂੰ ਠੱਗਣ ਵਾਲੇ ਸ਼ਬਦਾਂ ਦੀ ਵਰਤੋਂ ਕਰ ਰਿਹਾ ਹੈ। ਜਦੋਂ ਮਤਲਬ ਨਿਕਲ ਗਿਆ ਤਾਂ ਪਿੱਠ ਪਿੱਛੇ ਛੁਰੀਆਂ ਚਲਾਉਣ ਤੋਂ ਵੀ ਲੋਕੀ ਗੁਰੇਜ਼ ਨਹੀਂ ਕਰਦੇ ਅਤੇ ਆਪਣੇ ਮਤਲਬ ਲਈ ਤਾਂ ਖੰਡ ਦਾ ਵੀ ਕੜਾਹ ਬਣ ਜਾਂਦੇ ਹਨ।

ਨਾਜ਼ੁਕ ਭਾਸ਼ਾ, ਨਰਮ ਵਿਸ਼ੇਸ਼ਣ ਤੇ ਕੂਲੇ-ਕੂਲੇ ਅਲਫ਼ਾਜ਼

ਉਹ ਵੀ ਅੱਜਕੱਲ ਸਿਖ ਰਿਹਾ ਹੈ ਦੁਨੀਆਂਦਾਰੀ ਦਾ ਅੰਦਾਜ਼।

(ਜਗਵਿੰਦਰ ਜੋਧਾ ਸਾਰੰਗੀ 66)

ਮਨੁੱਖ ਨੇ ਦੂਜੇ ਮਨੁੱਖ ਨੂੰ ਮਿੱਠੇ ਬਣ ਕੇ ਲੁੱਟਣਾ ਸਿਖ ਲਿਆ ਹੈ। ਮਨ ਵਿਚ ਚਲਾਕੀਆਂ ਅਤੇ ਮੂੰਹ 'ਤੇ ਮਿਠਾਸ ਰੱਖ ਕੇ ਹਰ ਕੋਈ ਇਕ ਦੂਜੇ ਨੂੰ ਖਾ ਰਿਹਾ ਹੈ ਕਿਉਂ ਕਿ ਚਲਾਕੀਆਂ ਅਤੇ ਬੇਲੋੜਾ ਲਾਲਚ ਬੰਦੇ ਤੋਂ ਇਹ ਸਭ ਕਰਵਾ ਰਿਹਾ ਹੈ। ਪਰਿਵਾਰ ਦਾ ਖਿੰਡ ਜਾਣਾ ਅਜੋਕੇ ਮਨੁੱਖ ਨੂੰ ਤੜਪਾਉਂਦਾ ਹੈ। ਇਸ ਲਈ ਮਨੁੱਖ ਦੀ ਤ੍ਰਾਸਦੀ ਇਹ ਹੋ ਚੁੱਕੀ ਹੈ ਕਿ ਉਹ ਜੇ ਕਰ ਕਿਸੇ ਥਾਂ ਤੇ ਝੌਂਪੜੀ ਦੇ ਚਿੱਤਰ ਉਕਰੇ ਹੋਏ ਵੀ ਦੇਖਦਾ ਹੈ ਤਾਂ ਉਸ ਦਾ ਦਿਲ ਅੰਦਰੋਂ ਆਪਣੇ ਹੱਸਦੇ-ਵੱਸਦੇ ਘਰ ਨੂੰ ਦੇਖਣ ਲਈ ਬਿਹਬਲ ਹੋ ਉੱਠਦਾ ਹੈ।

ਕਿਸੇ ਬੱਚੇ ਦੀ ਕਾਪੀ 'ਤੇ ਬਣਾਈ ਝੌਂਪੜੀ ਦੇਖਾਂ,

ਤਾਂ ਮੇਰੇ ਜ਼ਿਹਨ ਵਿਚ ਘਰ ਦਾ ਤਸੱਵਰ ਤਿਲਮਿਲਾਉਂਦਾ ਹੈ।

(ਸਾਰੰਗੀ 69)

ਜਦੋਂ ਮਨੁੱਖ ਨੂੰ ਆਰਥਿਕਤਾ ਅਤੇ ਗਰੀਬੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਮਜਬੂਰੀ ਵੱਸ ਪਰਵਾਸ ਧਾਰਦਾ ਹੈ ਤਾਂ ਜੋ ਵਿਦੇਸ਼ਾਂ ਵਿਚ ਜਾ ਕੇ ਚੰਗੇ ਪੈਸੇ ਕਮਾਏ ਜਾ ਸਕਣ ਪਰ ਇਹਨਾਂ ਵਿਚੋਂ ਕਈ ਇਨਸਾਨ ਅਜੋਕੇ ਦੌਰ ਵਿਚ ਵੀ ਆਪਣੇ ਘਰ ਨੂੰ, ਆਪਣੇ ਰਿਸ਼ਤਿਆਂ ਨੂੰ ਬਹੁਤ ਚੇਤੇ ਕਰਦੇ ਹਨ।ਇਕ ਮਨੁੱਖ ਇਕ ਹੀ ਸਮੇਂ 'ਤੇ ਕਈ ਭੂਮਿਕਾਵਾਂ ਨਿਭਾਉਂਦਾ ਹੈ। ਜਦੋਂ ਉਸ ਨੂੰ ਕਿਸੇ ਤਾਈਂ ਲੋੜ ਹੋਵੇ ਤਾਂ ਉਸ ਦਾ ਰਵੱਈਆ ਵੀ ਨਰਮ ਜ਼ੁਬਾਨ ਵਾਲਾ ਬਣ ਜਾਂਦਾ ਹੈ ਅਤੇ ਜੇ ਕਿਸੇ ਤਾਈਂ ਕੰਮ ਨਾ ਹੋਵੇ ਤਾਂ ਉਸ ਬੰਦੇ ਨੂੰ ਬੁਲਾ ਕੇ ਵੀ ਰਾਜ਼ੀ ਨਹੀਂ ਹੁੰਦਾ। ਭਾਵ ਬੰਦਾ ਆਪਣੀਆਂ ਜ਼ਰੂਰਤਾਂ ਦੇ ਮੁਤਾਬਕ ਦੂਜੇ ਮਨੁੱਖ ਨਾਲ ਆਪਣਾ ਰਵੱਈਆ ਤੈਅ ਕਰਦਾ ਹੈ।

ਕਈ ਕਿਰਦਾਰ ਇਕੋ ਵਕਤ ਹਰ ਬੰਦਾ ਅਦਾ ਕਰਦੈ,

ਜਦੋਂ ਨਾਟਕ ਬਦਲਦਾ ਹੈ ਮੁਖੌਟਾ ਵੀ ਬਦਲ ਜਾਵੇ।

(ਸਾਰੰਗੀ 73)

ਅੱਜਕੱਲ ਰਿਸ਼ਤਿਆਂ ਦੀ ਉਮਰ ਬਹੁਤੀ ਲੰਮੇਰੀ ਨਹੀਂ ਹੁੰਦੀ। ਹਰ ਕਿਸੇ ਦਾ ਹਰ ਕਿਸੇ ਨਾਲ ਰਿਸ਼ਤਾ ਗਰਜਾਂ ਤੈਅ ਕਰਦੀਆਂ ਹਨ। ਕੋਈ ਵੀ ਵਿਅਕਤੀ ਪੈਸਿਆਂ ਦੀ ਖ਼ਾਤਿਰ ਕੁੱਝ ਸਮਾਂ ਤਾਂ ਕਿਸੇ ਨਾਲ ਵਧੀਆ ਵਿਚਰਦਾ ਹੈ ਪਰ ਹੌਲੀ-ਹੌਲੀ ਜਦੋਂ ਉਹਨਾਂ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ ਤਾਂ ਉਹ ਆਪਣੇ ਅਸਲੀ ਰੰਗ ਵਿਚ ਆਉਣ ਲੱਗਦਾ ਹੈ।

ਚਿਹਰਿਆਂ ਦੇ ਰੰਗ ਕੱਚੇ ਬੇਸ਼ੁਮਾਰ

ਪਹਿਲੀ ਬਾਰਸ਼ ਨਾਲ ਹੀ ਖੁਰ ਜਾਣਗੇ

ਫੇਰ ਅਸਲੀ ਰੰਗ ਆਊ ਸਾਹਮਣੇ

ਕਾਹਲ ਕਿਉਂ ਕਰਦੇ ਹੋ ਏਨੀ ਸ਼ੀਸ਼ਿਉ।

(ਜਗਵਿੰਦਰ ਜੋਧਾ ਬੇਤਰਤੀਬੀਆਂ 20)

ਹੁਣ ਪਹਿਲਾਂ ਵਾਲੀ ਅਪਣੱਤ, ਪਿਆਰ ਅਤੇ ਪਹਿਲਾਂ ਵਾਲੀਆਂ ਗੱਲਾਂ ਨਹੀਂ ਰਹੀਆਂ। ਕਿਸੇ ਕੋਲ ਕਿਸੇ ਲਈ ਵੀ ਵਕਤ ਨਹੀਂ ਹੈ। ਸਭ ਆਪਣੀਆਂ ਐਸ਼ ਪ੍ਰਸਤੀਆਂ ਵਿਚ ਰੁੱਝੇ ਹੋਏ ਹਨ। ਕਿਸੇ ਕੋਲ ਕਿਸੇ ਲਈ ਬੈਠਣ ਖੜਣ ਤਕ ਦਾ ਵੀ ਸਮਾਂ ਨਹੀਂ। ਹੁਣ ਤਾਂ ਦਰਵਾਜ਼ੇ ਤੇ ਦਸਤਕ ਦੇਣ ਨਾਲ ਵੀ ਬੂਹੇ ਨਹੀਂ ਖ਼ੁੱਲ੍ਹਦੇ।

ਨਾ ਹੁਣ ਕੋਈ ਬੁਲਾਇਆਂ ਬੋਲਦਾ ਹੈ

ਨਾ ਦਸਤਕ ਸੁਣ ਕੇ ਬੂਹਾ ਖੋਲ੍ਹਦਾ ਹੈ

ਲਹੂ ਦੇ ਨਾਲ ਖ਼ਬਰੇ ਚੌਂਕ ਵਿਚ ਕੀ

ਇਬਾਰਤ ਲਿਖ ਗਈ ਸ਼ਮਸ਼ੀਰ ਇਕ ਦਿਨ।

(ਬੇਤਰਤੀਬੀਆਂ 31)

ਜਦ ਬੰਦਾ ਆਪਣਾ ਸਭ ਕੁੱਝ ਛੱਡ ਕੇ ਦੂਰ ਕਿਤੇ ਜਾਂਦਾ ਹੈ ਤਾਂ ਉਸ ਦੇ ਪੈਰ ਮੋਹ ਦੀਆਂ ਤੰਦਾਂ ਰੂਪੀ ਸੰਗਲ ਜਕੜ ਲੈਂਦੇ ਹਨ ਅਤੇ ਰਾਹਾਂ ਤੇ ਤੁਰਦਿਆਂ ਉਹ ਇਸ ਤਰ੍ਹਾਂ ਮਹਿਸੂਸ ਕਰ ਰਿਹਾ ਹੈ ਕਿ ਘਰ ਦਾ ਮੋਹ ਵੀ ਉਸ ਦੇ ਨਾਲ-ਨਾਲ ਤੁਰ ਰਿਹਾ ਹੈ। ਮਾਨਵੀ ਰਿਸ਼ਤਿਆਂ ਵਿਚੋਂ ਅਲੋਪ ਹੋ ਰਹੀ ਅਪਣੱਤ ਦੀ ਭਾਵਨਾ ਸੰਵੇਦਨਸ਼ੀਲ ਵਿਅਕਤੀ

ਲਈ ਬਹੁਤ ਹੀ ਕਸ਼ਟਦਾਇਕ ਹੈ। ਅਪਣੱਤ ਵਿਹੂਣੇ ਰਿਸ਼ਤਿਆਂ ਵਿਚੋਂ ਉਪਜੀ ਨਿਰਾਸ਼ਾ ਮਨੁੱਖ ਨੂੰ ਬੇਗਾਨਗੀ ਵੱਲ ਧੱਕਦੀ ਹੈ। ਅਜਿਹੀ ਦੁੱਖਦਾਈ ਅਵਸਥਾ ਨੂੰ ਪੇਸ਼ ਕਰਦਾ ਜਗਵਿੰਦਰ ਜੋਧਾ ਦਾ ਇਹ ਸ਼ਿਅਰ ਸਾਰਥਕ ਹੋ ਨਿਬੜਦਾ ਹੈ:

ਮੇਰੇ ਪੈਰਾਂ 'ਚ ਇਕ ਸੰਗਲ ਨਿਰੰਤਰ ਨਾਲ ਤੁਰਦਾ ਹੈ

ਸਫ਼ਰ ਤੇ ਮੈਂ ਜਦੋਂ ਤੁਰਦਾ ਹਾਂ ਤਾਂ ਘਰ ਨਾਲ ਤੁਰਦਾ ਹੈ।

(ਬੇਤਰਤੀਬੀਆਂ 39)

ਮਨੁੱਖ ਲਈ ਬਿਖ਼ਰੇ ਰਿਸ਼ਤੇ ਅਤੇ ਗੁੰਮ ਹੋ ਗਏ ਰਾਹਾਂ ਦਾ ਦਰਦ, ਘਰ ਦੀ ਯਾਦ, ਇਕੱਲਾਪਨ ਇਹੋ ਜਿਹਾ ਬਹੁਤ ਕੁੱਝ ਹੈ ਜੋ ਇਕ ਮੁਸਾਫ਼ਰ ਦੇ ਰਾਹ ਦਾ ਪਾਂਧੀ ਬਣਦਾ ਹੈ। ਆਪਣਿਆਂ ਦੇ ਵਿੱਚ ਹੋ ਕੇ ਵੀ ਬੇਗਾਨੇਪਨ ਦਾ ਰੁਦਨ ਮਨੁੱਖ ਨੂੰ ਅੰਦਰ ਤੱਕ ਝੰਜੋੜ ਰਿਹਾ ਹੈ।

ਗੁਆਚੇ ਰਿਸ਼ਤਿਆਂ ਦੀ ਚੀਸ, ਘਰ ਦੀ ਯਾਦ, ਤਨਹਾਈ

ਬੜਾ ਕੁਝ ਹੋਰ ਵੀ ਭਟਕੇ ਮੁਸਾਫ਼ਰ ਨਾਲ਼ ਤੁਰਦਾ ਹੈ।

(ਬੇਤਰਤੀਬੀਆਂ 39)

ਜਿਹੜੇ ਕਦੇ ਅਸਲੀ ਰਿਸ਼ਤੇ ਲੱਗਦੇ ਸੀ ਉਹੀ ਰਿਸ਼ਤੇ ਪੈਸਿਆਂ ਬਦਲੇ ਨਕਲੀ ਲੱਗਣ ਲੱਗ ਪਏ ਹਨ। ਹੁਣ ਤਾਂ ਦਿਲਾਂ ਦੀ ਸਾਂਝ ਖ਼ਤਮ ਹੋ ਗਈ ਹੈ। ਅਜੋਕੇ ਸਮੇਂ ਵਿਚ ਹਰ ਬੰਦੇ ਨੂੰ ਕੋਈ ਨਾ ਕੋਈ ਦੁੱਖ ਜ਼ਰੂਰ ਹੈ। ਉਹ ਅੰਦਰੋਂ ਅੰਦਰੀਂ ਆਪਣੇ ਆਪ ਨੂੰ ਟੁੱਟਿਆ ਮਹਿਸੂਸ ਕਰ ਰਿਹਾ ਹੈ ਪਰ ਅੱਖਾਂ ਵਿਚੋਂ ਹੰਝੂ ਤਕ ਨਹੀਂ ਡਿੱਗਣ ਦਿੰਦਾ। ਆਸ ਨਾਲ ਬੰਨੇ ਰਿਸ਼ਤਿਆਂ ਦੀ ਤ੍ਰਾਸਦੀ ਤਾਂ ਦੇਖੋ ਕਿ ਰਿਸ਼ਤਿਆਂ ਦੇ ਖ਼ਤਮ ਹੋ ਜਾਣ ਤੋਂ ਬਾਅਦ ਵੀ ਰਿਸ਼ਤੇ ਨਿਭਾਉਣ ਵਾਲਾ ਇਸ ਆਸ ਵਿਚ ਬੈਠਾ ਹੈ ਕਿ ਸ਼ਾਇਦ ਛੱਡ ਕੇ ਜਾਣ ਵਾਲਾ ਇਕ ਦਿਨ ਵਾਪਿਸ ਮੁੜ ਆਵੇ।

ਅਲਵਿਦਾ ਕਹਿ ਕੇ, ਤੁਰੀ ਗੱਡੀ ਦੇ ਲੰਘਣ ਬਾਦ ਵੀ

ਉਹ ਸਟੇਸ਼ਨ 'ਤੇ ਅਕਾਰਨ ਬੈਠਿਆ ਹੀ ਰਹਿ ਗਿਆ।

(ਬੇਤਰਤੀਬੀਆਂ 51)

ਪੁਰਾਣੇ ਵੇਲਿਆਂ ਵੇਲੇ ਸਭ ਕੰਮ ਹੱਥੀਂ ਕੀਤਾ ਜਾਂਦਾ ਸੀ ਪਰਿਵਾਰ ਵੀ ਸੰਯੁਕਤ ਹੁੰਦਾ ਸੀ। ਕਈ-ਕਈ ਜੀਅ ਮਿਲ ਕੇ ਇਕੱਠੇ ਰਹਿੰਦੇ ਸਨ, ਰੋਟੀ-ਟੁੱਕ ਇਕ ਥਾਂ ਬਣਦਾ ਸੀ ਅਤੇ ਕੰਮ-ਕਾਰ ਸਾਂਝਾ ਹੁੰਦਾ ਸੀ। ਪਰ ਅਜੋਕੇ ਦੌਰ ਵਿਚ ਪਰਿਵਾਰਾਂ ਦੇ ਅੱਡ ਹੋ ਜਾਣ ਨਾਲ ਰਿਸ਼ਤਿਆਂ ਵਿਚ ਦਰਾਰਾਂ ਆਈਆਂ। ਪਰ ਕਈ ਸਾਂਝੇ ਪਰਿਵਾਰ ਹੋਣ ਦੇ ਬਾਵਜੂਦ ਵੀ ਨੂੰਹਾਂ-ਧੀਆਂ, ਪੋਤੀਆਂ ਨੂੰ ਘਰ ਦੇ ਕੰਮ ਸੰਭਾਲਣੇ ਨਹੀਂ ਆਉਂਦੇ। ਪਰਿਵਾਰ ਦੀ ਬਜ਼ੁਰਗ ਦਾਦੀ ਮਾਂ ਨੂੰ

ਆਪਣੇ ਅੰਤਿਮ ਵੇਲੇ ਵਿਦਾ ਹੋਣ ਸਮੇਂ ਵੀ ਇਹੋ ਹੀ ਫ਼ਿਕਰ ਹੁੰਦੀ ਸੀ ਕਿ ਉਸ ਦੁਆਰਾ ਘਰ ਦੇ ਕੀਤੇ ਕੰਮ ਅਧੂਰੇ ਹੀ ਰਹਿ ਗਏ ਹਨ। ਹੁਣ ਉਹਨਾਂ ਕੰਮਾਂ ਨੂੰ ਪੂਰੇ ਕੌਣ ਕਰੂਗਾ ਕਿਉਂ ਕਿ ਉਸ ਨੂੰ ਪਤਾ ਕਿ ਉਸ ਦੀਆਂ ਨੂੰਹਾਂ, ਪੋਤੀਆਂ ਵਿਚ ਤਾਂ ਅਜਿਹੇ ਚੱਜ ਨਹੀਂ ਹਨ।

ਮਰਨ ਤਕ ਦਾਦੀ ਨੂੰ ਗ਼ਮ ਸੀ, ਤੁਰਨ ਵੇਲੇ ਬਾਰ 'ਚੋਂ

ਰਿੜਕਣਾ ਚਾਟੀ ਦੇ ਵਿਚ ਅੱਧਰਿੜਕਿਆ ਹੀ ਰਹਿ ਗਿਆ।

(ਬੇਤਰਤੀਬੀਆਂ 51)

### 2.4 ਮਨੁੱਖ ਦਾ ਬਦਲਦਾ ਵਜੂਦ:

ਮਤਲਬੀ ਅਤੇ ਝੂਠੇ ਰਿਸ਼ਤਿਆਂ ਨੂੰ ਨਿਭਾਉਂਦਿਆਂ-ਨਿਭਾਉਂਦਿਆਂ ਮਨੁੱਖ ਦੀ ਜ਼ਿੰਦਗੀ ਬੇਰੰਗ ਲਿਬਾਸ ਵਰਗੀ ਹੋ ਜਾਂਦੀ ਹੈ। ਮਨੁੱਖ ਦਾ ਆਪਣਾ ਵਜੂਦ ਬਦਲ ਰਿਹਾ ਹੈ ਇਸ ਸੰਦਰਭ ਵਿਚ ਗ਼ਜ਼ਲਕਾਰ ਖ਼ਤਮ ਹੁੰਦੇ ਰਿਸ਼ਤਿਆਂ ਨੂੰ ਲੈ ਕੇ ਦੁਖੀ ਹੁੰਦਾ ਪ੍ਰਤੀਤ ਹੁੰਦਾ ਹੈ। ਉਹ ਕਹਿੰਦਾ ਹੈ ਕਿ ਅਸੀਂ ਮੋਹ ਭਿੱਜੇ ਰਿਸ਼ਤਿਆਂ ਤੋਂ, ਪਿਆਰ ਤੋਂ ਅਤੇ ਆਪਣੇਪਨ ਤੋਂ ਬਹੁਤ ਦੂਰ ਜਾ ਚੁੱਕੇ ਹਾਂ ਭਾਵ ਇਨ੍ਹਾਂ ਨੂੰ ਅਸੀਂ ਭੁਲਾ ਬੈਠੇ ਹਾਂ। ਹਰੇਕ ਭਾਈ-ਭੈਣ ਜਾਂ ਚਾਚਾ, ਮਾਮਾ, ਤਾਇਆ, ਮਾਸੀ, ਭੂਆ ਆਦਿ ਰਿਸ਼ਤੇਦਾਰ ਅੱਜਕੱਲ੍ਹ ਹਰੇਕ ਹੀ ਰਿਸ਼ਤਿਆਂ ਨੂੰ ਪਰਖ਼ਣ ਵਿਚ ਲੱਗਿਆ ਹੋਇਆ ਹੈ। ਲੋਕਾਚਾਰੀ ਦੀ ਸੰਗ-ਸ਼ਰਮ ਹੁਣ ਕੋਈ ਵੀ ਮਾਅਨੇ ਨਹੀਂ ਰੱਖਦੀ। ਲੋਕਾਂ ਵਿਚ ਮਾਨਵੀ ਕਦਰਾਂ-ਕੀਮਤਾਂ ਦੀ ਹੁਣ ਕੋਈ ਥਾਂ ਨਹੀਂ ਰਹੀ। ਇਹ ਸਭ ਚਾਰ ਛਿੱਲੜਾਂ ਨੂੰ ਦੇਖ ਕੇ ਵਿਕ ਜਾਂਦੀਆਂ ਹਨ। ਕੋਈ ਇਤਫ਼ਾਕ ਜਾਂ ਆਪਸੀ ਮੋਹ ਸਭ ਕੁੱਝ ਖ਼ਤਮ ਹੁੰਦਾ ਜਾ ਰਿਹਾ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਇਸ ਦੁਨੀਆਂ ਤੇ ਹਰ ਇਕ ਰਿਸ਼ਤਾ ਹੀ ਇਕ ਦੂਜੇ ਤੋਂ ਪਰ੍ਹਾਂ ਹੁੰਦਾ ਜਾ ਰਿਹਾ ਹੈ। ਇਸ ਦਾ ਕਾਰਨ ਆਪ ਮੁਹਾਰਾਪਨ, ਝੂਠਾ ਦਿਖਾਵਾ, ਪੈਸਾ ਹੈ।

ਹੋ ਗਈ ਹੈ ਜ਼ਿੰਦਗੀ ਬਦਰੰਗ ਪਹਿਰਾਵੇ ਜਿਹੀ

ਰਿਸ਼ਤਿਆਂ ਦੇ ਖੁਰਦਰੇ ਤਨ 'ਤੇ ਨਿਰੰਤਰ ਘਸਦਿਆਂ।

(ਬੇਤਰਤੀਬੀਆਂ 56)

ਰਿਸ਼ਤਿਆਂ ਦਾ ਤਾਂ ਇਹ ਹਾਲ ਹੋ ਚੁਕਿਆ ਹੈ ਕਿ ਬੇਬੇ ਬਾਪੂ ਦੀ ਜ਼ਮੀਨ ਵੰਡਾਉਣ ਵੇਲੇ ਪੁੱਤ ਤਿਆਰ-ਬਰ-ਤਿਆਰ ਖੜੇ ਹੁੰਦੇ ਹਨ। ਉਸ ਸਮੇਂ ਤਾਂ ਵਿਦੇਸ਼ਾਂ ਤੋਂ ਵੀ ਭੱਜੇ ਆਉਂਦੇ ਹਨ ਪਰ ਜਦ ਗੱਲ ਬੇਬੇ ਬਾਪੂ ਨੂੰ ਸਾਂਭਣ ਦੀ ਆਉਂਦੀ ਹੈ ਤਾਂ ਉਸ ਵੇਲੇ ਕੋਈ ਵੀ ਹਾਜ਼ਰ ਨਹੀਂ ਹੁੰਦਾ। ਪੈਸਿਆਂ ਦੇ ਲਾਲਚ ਨੇ ਮਨੁੱਖ ਨੂੰ ਬਹੁਤ ਅੰਨਾ ਕਰ ਦਿੱਤਾ ਹੈ।

ਮੇਰੀ ਥੋੜ੍ਹੀ ਜਿਹੀ ਜਾਇਦਾਦ ਦੇ ਵਾਰਿਸ ਬੜੇ ਸਨ

ਕੋਈ ਨਾ ਬਹੁੜਿਆ ਗ਼ਮ ਦੀ ਵਸੀਅਤ ਕਰਨ ਵੇਲੇ।

(ਬੇਤਰਤੀਬੀਆਂ 65)

ਛੋਟੇ-ਵੱਡੇ ਦੀ ਕੋਈ ਸੰਗ ਨਹੀਂ। ਬਜ਼ੁਰਗਾਂ ਦਾ ਮਾਣ-ਸਤਿਕਾਰ ਖ਼ਾਕ ਹੋ ਚੁੱਕਾ ਹੈ। ਬੱਚੇ ਬਜ਼ੁਰਗ ਮਾਂ-ਬਾਪ ਨੂੰ ਕੁੱਝ ਨਹੀਂ ਸਮਝਦੇ ਅਤੇ ਉਹਨਾਂ ਦਾ ਨਿਰਾਦਰ ਕਰਦੇ ਹਨ। ਅੱਜਕੱਲ੍ਹ ਪੂਰੀ ਤਰ੍ਹਾਂ ਨਾਲ ਦੁਨੀਆਂਦਾਰੀ ਬਦਲ ਚੁੱਕੀ ਹੈ। ਅਜੋਕੇ ਦੌਰ ਵਿਚ ਮਨੁੱਖ ਹੀ ਮਨੁੱਖ ਦਾ ਦੁਸ਼ਮਣ ਬਣਦਾ ਜਾ ਰਿਹਾ ਹੈ। ਮਨੁੱਖ ਹੀ ਮਨੁੱਖ ਨੂੰ ਘਾਤ ਪੁਹੰਚਾ ਰਿਹਾ ਹੈ। ਲੋਕ ਇਕ ਦੂਜੇ ਤੋਂ ਹੀ ਡਰ ਡਰ ਕੇ ਜੀ ਰਹੇ ਹਨ। ਘਰ ਦਾ, ਰਿਸ਼ਤਿਆਂ ਦਾ ਮੋਹ ਹੀ ਅਜਿਹਾ ਹੁੰਦਾ ਹੈ ਕਿ ਮਨੁੱਖ ਘਰ-ਬਾਰ ਤਿਆਗ ਕੇ ਵੀ ਘਰ ਦੀ ਰੋਟੀ ਅਤੇ ਘਰ ਦੇ ਸੁੱਖ ਨੂੰ ਤਿਆਗ ਨਹੀਂ ਪਾਉਂਦਾ। ਇਕ ਤਾਜ਼ੀ ਰੋਟੀ ਦੀ ਸੁਗੰਧ ਸਾਧਾਂ ਦੀ ਵੀ ਸਮਾਧੀ ਤੋੜਨ ਦੀ ਸਮਰੱਥਾ ਰੱਖਦੀ ਹੈ। ਜਦੋਂ ਵਿਦੇਸ਼ਾਂ ਵਿਚ ਪੈਸੇ ਕਮਾਉਣ ਜਾਂਦੇ ਹਨ ਤਾਂ ਉੱਥੇ ਉਹਨਾਂ ਨੂੰ ਮਾਂ ਦੇ ਹੱਥ ਦੀ ਰੋਟੀ ਦੀ ਮਹਿਕ ਬਿਹਬਲ ਕਰ ਦਿੰਦੀ ਹੈ।

ਮੈਂ ਸੱਚ ਕਹਿਨਾਂ, ਸਮਾਧੀ ਤੋੜ ਦਿੰਦੀ ਹੈ ਮੇਰੀ ਅਕਸਰ

ਕਿਸੇ ਘਰ ਵਿਚ ਤਵੇ 'ਤੇ ਮਹਿਕਦੀ ਰੋਟੀ ਗੁਰੂ ਗੋਰਖ।

(ਬੇਤਰਤੀਬੀਆਂ 71)

ਘਰੋਂ ਬਾਹਰ ਕਮਾਈਆਂ ਕਰਨ ਗਇਆਂ ਨੂੰ ਘਰ ਦੀਆਂ ਘਿਉ ਦੀ ਪਿੰਨੀਆਂ, ਸਰੋਂ ਦਾ ਸਾਗ ਆਦਿ ਘਰ ਦੀਆਂ ਬਣੀਆਂ ਚੀਜ਼ਾਂ ਚੇਤੇ ਆਉਂਦੀਆਂ ਹਨ। ਜਦੋਂ ਉਸ ਦੇ ਜ਼ਿਹਨ ਵਿਚ ਇਹ ਚੀਜ਼ਾਂ ਘੁੰਮਣ ਲੱਗਦੀਆਂ ਹਨ ਤਾਂ ਢਾਬੇ ਵਿਚ ਬੈਠਿਆਂ ਉਸ ਦੇ ਹੱਥਾਂ ਵਿਚ ਬਹੀਆਂ ਰੋਟੀਆਂ ਕੰਬਣ ਲੱਗ ਜਾਂਦੀਆਂ ਹਨ। ਇਸ ਦਾ ਕਾਰਨ ਪੂੰਜੀਵਾਦ, ਪੈਸਾ, ਗਰੀਬੀ ਹੈ ਜਿਸ ਕਾਰਨ ਆਪਣਿਆਂ ਨੂੰ ਆਪਣਿਆਂ ਤੋਂ ਦੂਰ ਹੋਣਾ ਪੈ ਰਿਹਾ ਹੈ।

ਸਾਗ ਸਰੋਂ ਦਾ, ਤਿਲ ਦੇ ਲੱਡੂ, ਘਿਉ ਦੀਆਂ ਪਿੰਨੀਆਂ ਚੇਤੇ ਆਈਆਂ

ਉਸ ਦੇ ਹੱਥ ਵਿਚ ਕੰਬਣ ਲੱਗੀ ਇਕ ਢਾਬੇ ਦੀ ਰੋਟੀ ਬਾਸੀ।

(ਬੇਤਰਤੀਬੀਆਂ 72)

ਜਿੰਨਾਂ ਨੇ ਦਿਲ ਤੋਂ ਰਿਸ਼ਤੇ ਨਿਭਾਏ ਹੁੰਦੇ ਹਨ ਉਹਨਾਂ ਕੋਲੋਂ ਉਪਰਲੇ ਮਨੋਂ ਰਿਸ਼ਤੇ ਨਿਭਾਏ ਨਹੀਂ ਜਾਂਦੇ। ਉਹ ਝੂਠੇ ਦਿਖਾਵੇ ਦੇ ਰਿਸ਼ਤਿਆਂ ਤੋਂ ਦੂਰ ਹੀ ਰਹਿੰਦੇ ਹਨ। ਉਹਨਾਂ ਨੂੰ ਉਹ ਰਿਸ਼ਤੇ ਮੰਗਵੇਂ ਕਪੜਿਆਂ ਵਾਂਗੂੰ ਫਿਟ ਨਹੀਂ ਬੈਠਦੇ। ਇਸ ਲਈ ਉਹ ਇਨਸਾਨ ਘਰ-ਬਾਰ ਦੇ ਹੁੰਦਿਆਂ ਇਕ ਤਰ੍ਹਾਂ ਨਾਲ ਬਨਵਾਸ ਹੀ ਕੱਟ ਰਿਹਾ ਹੁੰਦਾ ਹੈ ਕਿਉਂ ਕਿ ਬਹੁਤੇ ਚਾਲਾਕ ਲੋਕਾਂ ਵਿਚ ਉਸ ਦੀ ਬਣਦੀ ਨਹੀਂ।

ਬੇਗਾਨੇ ਕੱਪੜਿਆਂ ਵਾਂਗੂੰ ਨਾ ਆਏ ਮੇਚ ਸਭ ਰਿਸ਼ਤੇ

ਮੇਰਾ ਘਰ-ਵਾਸ ਵੀ ਜਿਵੇਂ ਕਿਸੇ ਬਨਵਾਸ ਵਰਗਾ ਸੀ।

(ਬੇਤਰਤੀਬੀਆਂ 79)

ਆਦਮੀ ਪੈਸੇ ਕਮਾਉਣ ਵਿਚ ਇਨਾ ਕੁ ਮਗਨ ਹੋਇਆ ਬੈਠਾ ਹੈ ਕਿ ਉਸ ਨੂੰ ਰਿਸ਼ਤਿਆਂ ਦੇ ਗਵਾਚ ਜਾਣ ਦਾ ਕੋਈ ਡਰ ਨਹੀਂ। ਬਸ ਉਸ ਨੂੰ ਤਾਂ ਆਲੀਸ਼ਾਨ ਕੋਠੀਆਂ ਹੀ ਚਾਹੀਦੀਆਂ ਹਨ। ਪਿੰਡਾਂ ਵਿਚੋਂ ਆਪਣਾ ਨਿੱਕਾ ਘਰ ਅਤੇ ਵੱਡਾ ਪਰਿਵਾਰ ਗੁਆ ਕੇ ਇਕੱਲਾ ਕੋਠੀਆਂ ਵਿਚ ਗੁੰਮਸੁੰਮ ਜ਼ਿੰਦਗੀ ਕੱਟ ਰਿਹਾ ਹੈ। ਪਰਵਾਸੀ ਗ਼ਜ਼ਲਕਾਰ ਅਜ਼ੀਮ ਸ਼ੇਖਰ ਅਜੋਕੇ ਟੁੱਟਦੇ ਮਨੁੱਖੀ ਰਿਸ਼ਤਿਆਂ ਦੇ ਸੰਦਰਭ ਵਿਚ ਆਪਣੀਆਂ ਰਚਨਾਵਾਂ ਪੇਸ਼ ਕਰਦੇ ਹਨ।

ਆਦਮੀ ਦਾ ਖ਼ੂਨ ਜਿਸ ਦਿਨ ਪਾਣੀਉਂ ਸਸਤਾ ਪਿਆ।

ਵਕਤ ਨਾਲੋਂ ਫੇਰ ਮੈਨੂੰ ਤੋੜਨਾ ਰਿਸ਼ਤਾ ਪਿਆ।

(ਹਵਾ ਨਾਲ ਖੁੱਲ੍ਹਦੇ ਬੂਹੇ 21)

ਪਰਵਾਸੀ ਗ਼ਜ਼ਲਕਾਰ ਅਜ਼ੀਮ ਸ਼ੇਖਰ ਆਪਣੀਆਂ ਗ਼ਜ਼ਲਾਂ ਰਾਹੀਂ ਮਨੁੱਖ ਦੇ ਬਦਲਦੇ ਵਤੀਰੇ ਨੂੰ ਬਿਆਨ ਕਰਦਾ ਹੈ। ਕਦੇ ਜਦੋਂ ਬਿਨਾਂ ਆਵਾਜ਼ ਦੇ ਵੀ ਦਰਵਾਜ਼ੇ ਖੁੱਲ੍ਹਦੇ ਹਨ ਤਾਂ ਮਨ ਨੂੰ ਇੰਝ ਲੱਗਣ ਲੱਗ ਜਾਂਦਾ ਕਿ ਕੋਈ ਉਸ ਦੇ ਵਿਹੜੇ ਆ ਗਿਆ ਹੈ। ਪਰ ਇਹ ਸਭ ਇਕ ਭਰਮ ਬੁਲੇਖਾ ਹੀ ਹੈ ਹੁਣ ਕੋਈ ਵੀ ਬਿਨਾਂ ਗਰਜ਼ਾਂ ਦੇ ਕਿਸੇ ਦੇ ਵਿਹੜੇ ਪੈਰ ਨਹੀਂ ਪਾਉਂਦਾ। ਕਿਸੇ ਕਿਸੇ ਪਰਵਾਸੀ ਮਨੁੱਖ ਨੂੰ ਆਪਣੀ ਧਰਤੀ, ਆਪਣਿਆਂ ਦਾ ਮੋਹ ਬਹੁਤ ਤੰਗ ਕਰਦਾ ਹੈ ਤੇ ਉਸ ਨੂੰ ਕਿਸੇ ਆਪਣੇ ਦੇ ਆਉਣ ਦਾ ਭੁਲੇਖਾ ਪੈਂਦਾ ਹੀ ਰਹਿੰਦਾ ਹੈ ਕਿਉਂ ਵਿਦੇਸ਼ ਵਿਚ ਪੈਸਾ ਕਮਾਉਣਾ ਉਸ ਦੀ ਖ਼ੁਸ਼ੀ ਨਹੀਂ ਸੀ ਸਗੋਂ ਮਜਬੂਰੀ ਸੀ।

ਬਿਨਾਂ ਦਸਤਕ ਕਦੇ ਬੂਹੇ ਹਵਾ ਦੇ ਨਾਲ ਖੁੱਲ੍ਹ ਜਾਂਦੇ।

ਕਦੇ ਮੇਰੇ ਖ਼ਿਆਲਾਂ ਨੂੰ ਭੁਲੇਖੇ ਹੀ ਬਦਲ ਜਾਂਦੇ।

(ਹਵਾ ਨਾਲ ਖੁੱਲ੍ਹਦੇ ਬੂਹੇ 22)

ਮਨੁੱਖ ਦੀ ਤ੍ਰਾਸਦੀ ਤਾਂ ਵੇਖੋ ਕਿ ਉਸ ਨੂੰ ਕਿਸੇ ਦੇ ਆਉਣ ਦਾ ਭੁਲੇਖਾ ਪੈਂਦਾ ਹੈ ਪਰ ਉਸ ਦੇ ਦਰ 'ਤੇ ਕੋਈ ਵੀ ਨਹੀਂ ਆਉਂਦਾ। ਕਈ ਅਰਸੇ ਬੀਤ ਜਾਂਦੇ ਹਨ ਕਿ ਕਈ ਸਾਲਾਂ ਤੋਂ ਉਸ ਦੇ ਦਰ 'ਤੇ ਕਿਸੇ ਨੇ ਵੀ ਕੋਈ ਦਰਵਾਜ਼ਾ ਨਹੀਂ

ਖਟਕਟਾਇਆ ਭਾਵ ਉਸ ਨੂੰ ਮਿਲਣ ਕੋਈ ਵੀ ਨਹੀਂ ਆਇਆ। ਇਸ ਦੇ ਹਾਲਾਤਾਂ ਦਾ ਸਾਹਮਣਾ ਕਰਦਿਆਂ-ਕਰਦਿਆਂ ਘਰ ਦੇ ਬੂਹੇ ਵੀ ਕੰਧਾਂ ਲੱਗਣ ਲੱਗ ਜਾਂਦੇ ਹਨ।

ਦੇਰ ਤੋਂ ਆਇਆ ਨਾ ਕੋਈ ਹੋਈ ਨਾ ਦਸਤਕ ਕਦੇ

ਘਰ ਮੇਰੇ ਦਾ ਜਾਪਦਾ ਹੈ ਬੂਹਾ ਵੀ ਦੀਵਾਰ ਹੁਣ।

(ਹਵਾ ਨਾਲ ਖੁੱਲ੍ਹਦੇ ਬੂਹੇ 44)

ਗ਼ਜ਼ਲਕਾਰ ਮਨੁੱਖੀ ਰਿਸ਼ਤਿਆਂ ਵਿਚਲੀ ਟੁੱਟ-ਭੱਜ ਨੂੰ ਬਿਆਨਦਾ ਹੋਇਆ ਕਹਿੰਦਾ ਹੈ। ਰਿਸ਼ਤਿਆਂ ਵਿਚ ਮਨੁੱਖਤਾ ਕਿਧਰੇ ਗਾਇਬ ਜਿਹੀ ਹੋ ਗਈ ਹੈ। ਮੋਹ-ਪਿਆਰ ਆਪਣਾਪਨ ਕਿਤੇ ਗੁੰਮ ਜਿਹਾ ਹੋ ਕੇ ਰਹਿ ਗਿਆ ਹੈ। ਕਿਸੇ ਨੂੰ ਰਿਸ਼ਤਿਆਂ ਬਾਰੇ ਪੁੱਛੋ ਤਾਂ ਉਹਨਾਂ ਨੂੰ ਖ਼ੂਨ ਦੇ ਰਿਸ਼ਤੇ ਵੀ ਯਾਦ ਨਹੀਂ ਰਹਿੰਦੇ ਕਿਉਂ ਕਿ ਬੱਚੇ ਜ਼ਿਆਦਾਤਰ ਸ਼ੋਸਲ ਮੀਡੀਆ ਤੇ ਹੀ ਆਪਣਾ ਸਮਾਂ ਗੁਜ਼ਾਰਨਾ ਪਸੰਦ ਕਰਦੇ ਹਨ। ਨਾਨਕਿਆਂ-ਦਾਦਕਿਆਂ ਦਾ ਤਾਂ ਉਹਨਾਂ ਨੂੰ ਕੁਝ ਵੀ ਪਤਾ ਨਹੀਂ। ਰਿਸ਼ਤਿਆਂ ਵਿਚ ਤਾਜ਼ਗੀ, ਆਪਣਾਪਨ ਸਭ ਕੁੱਝ ਖ਼ਤਮ ਹੁੰਦਾ ਜਾ ਰਿਹਾ ਹੈ ਅਤੇ ਜੀਵਨ ਵਿਚੋਂ ਪਿੰਡ ਵਰਗੀ ਸਾਦਗੀ, ਮੋਹ-ਪਿਆਰ ਸਭ ਕੁੱਝ ਖ਼ਤਮ ਹੁੰਦਾ ਜਾ ਰਿਹਾ ਹੈ।

ਰਿਸ਼ਤਿਆਂ ਦੇ ਜ਼ਿਕਰ ਵਿਚੋਂ ਤਾਜ਼ਗੀ ਕਿੱਧਰ ਗਈ?

ਜ਼ਿੰਦਗੀ 'ਚੋਂ ਪਿੰਡ ਵਰਗੀ ਸਾਦਗੀ ਕਿੱਧਰ ਗਈ?

(ਹਵਾ ਨਾਲ ਖੁੱਲ੍ਹਦੇ ਬੂਹੇ 79)

ਅਜੋਕੇ ਦੌਰ ਵਿਚ ਪਿੱਪਲ, ਬੋਹੜ ਆਦਿ ਦਰੱਖ਼ਤ ਜਿਨ੍ਹਾਂ ਤੇ ਚਿੜੀਆਂ ਅਤੇ ਹੋਰ ਵੰਨ-ਸੁਵੰਨੇ ਪੰਛੀ ਆਪਣਾ ਆਲਣਾ ਬਣਾਉਂਦੇ ਹਨ। ਉਹ ਦਰੱਖ਼ਤ ਹੀ ਵੱਡੇ ਜਾ ਚੁੱਕੇ ਹਨ ਅਤੇ ਉਹਨਾਂ ਦੀ ਥਾਂ ਵੱਡੀਆਂ ਇਮਾਰਤਾਂ ਅਤੇ ਸ਼ਾਪਿੰਗ ਮਾਲ ਲੈ ਰਹੇ ਹਨ। ਵੱਡੀਆਂ ਕੋਠੀਆਂ ਆਦਿ ਦੇ ਬਣ ਜਾਣ ਨਾਲ ਪੁਰਾਣੇ ਘਰ ਵਿਚਲਾ ਦਰੱਖ਼ਤ ਵੱਢਿਆ ਜਾ ਚੁੱਕਾ ਹੈ। ਜਿਸ ਤੇ ਚਿੜੀਆਂ ਕਦੇ ਆਪਣਾ ਆਲਣਾ ਬਣਾਇਆ ਕਰਦੀਆਂ ਸਨ। ਕੋਠੀਆਂ ਦੇ ਸ਼ੀਸ਼ੇ ਨੇੜੇ ਉਡਦੀਆਂ ਚਿੜੀਆਂ ਦੀ ਆਵਾਜ਼ ਮਨੁੱਖ ਨੂੰ ਆਪਣੇ ਆਵਾਸ ਦੀ ਮੰਗ ਕਰਦੀਆਂ ਹਨ। ਉਹ ਮੰਗ ਕਰਦੀਆਂ ਹਨ ਕਿ ਸਾਡੇ ਲਈ ਦਰਵਾਜ਼ੇ ਖੁੱਲ੍ਹੇ ਰੱਖੋ ਨਹੀਂ ਤਾਂ ਅਸੀਂ ਕਿਸੇ ਹੋਰ ਘਰੀਂ ਉੱਡ-ਪੁੱਡ ਜਾਣਾ ਹੈ।

ਸ਼ੀਸ਼ੇ ਨੇੜੇ ਉਡਦੀਆਂ ਚਿੜੀਆਂ ਸੁਣ ਲੈਣਾ ਕੁਝ ਕਹਿਣਗੀਆਂ।

ਲ਼ੱਭ ਕੇ ਨਹੀਂ ਤਾਂ ਖੁਲ੍ਹਾ ਬੂਹਾ ਹੋਰ ਕਿਤੇ ਜਾ ਬਹਿਣਗੀਆਂ।

(ਸੁਖਵਿੰਦਰ ਅੰਮ੍ਰਿਤ ਪੁੰਨਿਆਂ 83)

ਮਨੁੱਖ ਦੀ ਫ਼ਿਤਰਤ ਹੈ ਕਿ ਉਸ ਵਿਚਲਾ ਪਰਵਾਸ ਵਾਲਾ ਕੀੜਾ ਜਾਗ ਹੀ ਪੈਂਦਾ ਹੈ। ਉਹ ਜਦੋਂ ਆਪਣੀ ਭੂਮੀ ਤੋਂ ਦੂਜੀ ਭੂਮੀ ਵੱਲ ਜਾਣ ਨੂੰ ਘਰੋਂ ਬਾਹਰ ਪੈਰ ਕਰਦਾ ਹੈ ਤਾਂ ਉਹ ਆਪਣੇ ਆਪ ਨੂੰ ਸੰਬੋਧਨ ਕਰਦਾ ਹੋਇਆ ਕਹਿੰਦਾ ਹੈ ਕਿ ਘਰੋਂ ਤੁਰਨ ਵੇਲੇ ਚੇਤੇ ਨਾਲ ਘਰ ਦੀਆਂ ਸਭ ਖਿੜਕੀਆਂ ਬੰਦ ਕਰਨਾ ਹੀ ਠੀਕ ਹੈ ਕਿਉਂ ਕਿ ਖੁੱਲ੍ਹੀਆਂ ਬਾਰੀਆਂ ਦੇਖ ਕੇ ਮਕਾਨ ਘਰ ਦੇ ਜੀਆਂ ਦੀ ਉਡੀਕ ਕਰਦਾ ਰਹਿੰਦਾ ਹੈ।

ਜਾਣ ਵੇਲੇ ਯਾਦ ਕਰ ਕੇ ਕਰਨੀਆਂ ਬੰਦ ਖਿੜਕੀਆਂ,

ਵਰਨਾ ਫਿਰ ਮਜਬੂਰ ਹੋ ਕੇ ਜਾਗਦਾ ਰਹਿੰਦੈ ਮਕਾਨ।

(ਸੁਖਵਿੰਦਰ ਅੰਮ੍ਰਿਤ ਪੁਨਿੰਆਂ 87)

ਮਨੁੱਖੀ ਰਿਸ਼ਤਿਆਂ ਨੂੰ ਪ੍ਰਗਟਾਉਂਦੇ ਹੋਏ ਪੰਜਾਬੀ ਗ਼ਜ਼ਲਕਾਰ ਆਪਣੀਆਂ ਰਚਨਾਵਾਂ ਵਿਚ ਦਰਸਾਉਂਦੇ ਹਨ। ਉਹ ਆਪਣੀਆਂ ਗ਼ਜ਼ਲਾਂ ਰਾਹੀਂ ਮਨੁੱਖ ਦਾ ਮਨੁੱਖ ਨਾਲ ਬਦਲਦੇ ਰਿਸ਼ਤੇ ਨੂੰ ਬਿਆਨ ਕਰਦੇ ਹਨ। ਕਿਸੇ ਮਤਲਬ ਤੋਂ ਬਿਨਾਂ ਕਿਸੇ ਦੀ ਕਿਸੇ ਨਾਲ ਕੋਈ ਬੋਲਚਾਲ ਨਹੀਂ ਹੈ।ਰਿਸ਼ਤੇ-ਨਾਤੇ ਸਿਰਫ਼ ਪੈਸੇ ਜਾਂ ਫਿਰ ਗਰਜਾਂ ਤੱਕ ਹੀ ਸਿਮਟ ਕਟ ਰਹਿ ਗਏ ਹਨ। ਬੱਚੇ ਬਜ਼ੁਰਗ ਮਾਂ-ਬਾਪ ਤੋਂ ਅਲੱਗ ਹੋ ਕੇ ਦੂਰ-ਦੁਰਾਡੇ ਦੇਸ਼ਾਂ ਵਿਚ ਵਸੇ ਹੋਏ ਹਨ। ਉਹ ਪੈਸੇ ਅਤੇ ਝੂਠੇ ਰੁਤਬੇ ਪਿੱਛੇ ਲੱਗ ਕੇ ਮਾਂ-ਬਾਪ ਪ੍ਰਤੀ ਆਪਣਾ ਫ਼ਰਜ਼ ਵੀ ਭੁਲੀ ਬੈਠੇ ਹਨ। ਜਿਉਂਦੇ ਜੀ ਤਾਂ ਉਹ ਆਪਣੇ ਬਜ਼ੁਰਗਾਂ ਨੂੰ ਪੁੱਛਦੇ ਤਕ ਨਹੀਂ ਤੇ ਮਰਨ ਪਿੱਛੋਂ ਆ ਕੇ ਕਿਹੜੇ ਫ਼ਰਜ਼ ਨਿਭਾਉਣ ਦੀ ਗੱਲ ਕਰਣਗੇ? ਪਰਵਾਸੀ ਸ਼ਾਇਰਾ ਸੁਰਜੀਤ ਸਖੀ ਮਨੁੱਖ ਦੇ ਤਿੜਕਦੇ ਅਤੇ ਬਦਲਦੇ ਰਿਸ਼ਤਿਆਂ ਦੀ ਪੇਸ਼ਕਾਰੀ ਆਪਣੀਆਂ ਗ਼ਜ਼ਲਾਂ ਵਿਚ ਬਾਖੂਬੀ ਕਰਦੀ ਹੈ। ਹੁਣ ਤਾਂ ਪਰਮਾਤਮਾ ਹੀ ਜਾਣਦਾ ਹੈ ਕਿ ਨਕਲੀ ਰਿਸ਼ਤਿਆਂ ਦੀ ਭੀੜ ਵਿਚ ਕਿਹੜਾ ਚਿਹਰਾ ਅਸਲੀ ਹੈ ਅਤੇ ਕਿਹੜਾ ਨਕਲੀ। ਬੰਦੇ ਨੂੰ ਬੰਦੇ ਤੱਕ ਹਮਦਰਦੀ ਅਤੇ ਅਪਣਾਪਨ ਸਿਰਫ਼ ਉਪਰੋਂ ਮਨੋਂ ਹੀ ਹੁੰਦਾ ਹੈ। ਉਹ ਹੌਂਸਲੇ ਦੇ ਦੋ ਬੋਲ ਸਿਰਫ਼ ਬੁੱਲਾਂ ਤਕ ਹੀ ਰੱਖਦਾ ਹੈ ਪਰ ਅੱਖਾਂ ਵਿਚ ਤਾਂ ਦੂਜੇ ਮਨੁੱਖ ਦੇ ਦੁੱਖ ਨੂੰ ਦੇਖ ਕੇ ਖ਼ੁਸ਼ੀ ਹੀ ਮਹਿਸੂਸ ਕਰਦਾ ਹੈ।

ਰੱਬ ਜਾਣੇ ਕਿੰਨੇ ਚਿਹਰੇ ਨੇ ਹਰ ਰੂਪ ਬਦਲਦੇ ਚਿਹਰੇ ਵਿਚ

ਹਮਦਰਦੀ ਤਾਂ ਹੈ ਹੋਂਠਾਂ ਤੱਕ ਪਰ ਅੱਖਾਂ ਵਿਚ ਬੇਰਹਿਮੀ ਐ।

(ਧੁੰਦ 24)

ਕਦੇ-ਕਦੇ ਬੰਦਾ ਸਾਕਾਦਾਰੀ ਦੇ ਇਕ ਤਰਫ਼ਾ ਰਿਸ਼ਤੇ ਨੂੰ ਨਿਭਾਉਂਦਾ ਹੋਇਆ ਸੋਚਣ ਲੱਗ ਜਾਂਦਾ ਹੈ ਕਿ ਸਿਰਫ਼ ਮੈਂ ਹੀ ਰਿਸ਼ਤਾ ਨਿਭਾਉਣ ਦੀ ਪਹਿਲ ਕਰਦਾ ਹਾਂ ਅਗਲਾ ਬੰਦਾ ਤਾਂ ਕੋਈ ਹੁੰਗਾਰਾ ਹੀ ਨਹੀਂ ਭਰਦਾ। ਹੁਣ ਆਪਣਿਆਂ ਤੋਂ ਕਿਵੇਂ ਮੁਨਕਰ ਹੋ ਕੇ ਆਪਣੇ ਦਿਲ ਨਾਲ ਕਿਵੇਂ ਸਮਝੌਤਾ ਕੀਤਾ ਜਾਵੇ।

ਕਦੇ ਸ਼ਰੀਕਾਂ ਵਿਚ ਵੀ ਮੈਨੂੰ ਲੱਗਦੈ ਮੈਂ ਹੀ ਬੋਲਾਂ

ਕੀ ਆਪੇ ਤੋਂ ਬਾਗ਼ੀ ਹੋਈਏ ਕੀ ਸਮਝੌਤਾ ਕਰੀਏ।

(ਧੁੰਦ 26)

ਮਨੁੱਖ ਦੇ ਮਤਲਬੀਪਨ ਨੇ ਪੀੜ੍ਹੀਆਂ ਤੋਂ ਚਲਦੀ ਆ ਰਹੀ ਸਾਂਝ, ਰਿਸ਼ਤੇ-ਨਾਤੇ, ਪਿਆਰ, ਮੋਹ ਦੀਆਂ ਤੰਦਾਂ ਸਭ ਕੁੱਝ ਹੀ ਵੇਚ ਦਿੱਤਾ ਹੈ ਭਾਵ ਭਾਵਨਾਵਾਂ ਇਕ ਪਾਸੇ ਹੋ ਗਈਆਂ ਹਨ ਅਤੇ ਮਨੁੱਖ ਦੀ ਖ਼ੁਦਗਰਜ਼ੀ ਇਕ ਪਾਸੇ ਹੋ ਗਈ ਹੈ ਅਤੇ ਉਹ ਆਪਣੀ ਖ਼ੁਦਗਰਜ਼ੀ ਨੂੰ ਹੀ ਚੁਣਦਾ ਹੈ ਚਾਹੇ ਉਸ ਦੇ ਲਈ ਸਦੀਆਂ ਪੁਰਾਣੀ ਸਾਂਝ ਹੀ ਕਿਉਂ ਨਾ ਮੁਕਾਉਣੀ ਪਵੇ।

ਪਿਆਰ ਮੁਹੱਬਤ ਰਿਸ਼ਤੇ-ਨਾਤੇ ਸਾਂਝ ਪੁਰਾਣੀ ਸਦੀਆਂ ਦੀ

ਸਭ ਕੁੱਝ ਵੇਖੋ ਵੇਚਣ ਲਾਇਆ ਬੰਦੇ ਦੀ ਖ਼ੁਦਗਰਜ਼ੀ ਨੇ।

(ਧੁੰਦ 33)

ਪਰਿਵਾਰਕ ਬਦਲਦੇ ਰਿਸ਼ਤਿਆਂ ਦਾ ਸਮੀਕਰਨ ਦੇ ਸੰਦਰਭ ਵਿਚ ਸ਼ਾਇਰਾ ਲਿਖਦੀ ਹੈ ਕਿ ਅਜੋਕੇ ਸਮਾਜ ਦੀ ਸਥਿਤੀ ਇਹ ਹੈ ਕਿ ਮੋਹ ਭਰੇ ਰਿਸ਼ਤਿਆਂ ਦਾ ਨਿੱਘ ਹੀ ਠੰਡਾ-ਠਾਰ ਬਣ ਚੁੱਕਿਆ ਹੈ। ਕਿਸੇ ਤੋਂ ਵੀ ਮੋਹ ਪਿਆਰ ਅਪਣੱਤ ਅਤੇ ਨਿੱਘ ਦੀ ਆਸ ਨਹੀਂ ਕੀਤੀ ਜਾ ਸਕਦੀ ਕਿਉਂ ਕਿ ਪੈਸੇ ਨੇ ਰਿਸ਼ਤੇ ਖ਼ਤਮ ਕਰ ਦਿੱਤੇ ਹਨ।

ਬਰਫ਼ੀਲੀਆਂ ਰਾਤਾਂ ਦੇ ਵਿਚ ਕੀ ਆਸ ਕਰੀਏ ਨਿੱਘ ਦੀ

ਜਦ ਰਿਸ਼ਤਿਆਂ ਦੀ ਇਹ ਭਰੀ ਦੋ ਪਹਿਰ ਹੀ ਠਰਦੀ ਪਈ।

(ਧੁੰਦ 48)

ਗ਼ਜ਼ਲਕਾਰਾ ਸੁਰਜੀਤ ਸਖੀ ਪੁਰਾਣੇ ਘਰਾਂ ਨੂੰ ਬਹੁਤ ਯਾਦ ਕਰਦੀ ਕਹਿੰਦੀ ਹੈ ਕਿ ਜਦੋਂ ਬੰਦਾ ਬਹੁਤ ਸਮੇਂ ਬਾਅਦ ਆਪਣੇ ਪਿੰਡ ਪਰਤਦਾ ਹੈ ਤਾਂ ਉਹ ਆਪਣੇ ਜੱਦੀ ਘਰ ਦੀਆਂ ਢਹਿੰਦੀਆਂ ਕੰਧਾਂ ਦੇ ਢੇਰ ਫ਼ਰੋਲਦਾ ਹੈ ਤਾਂ ਉਸ ਨੂੰ ਪੁਰਾਣੀਆਂ ਚੀਜ਼ਾਂ ਦੇ ਨਾਲ-ਨਾਲ ਪੈਨਸਿਲਾਂ ਦੇ ਟੁੱਕੜੇ ਅਤੇ ਸਿਉਂਕ ਖਾਧੀਆਂ ਕਿਤਾਬਾਂ ਲੱਭਦੀਆਂ ਹਨ। ਜਿਨ੍ਹਾਂ ਨੂੰ ਦੇਖ ਕੇ ਉਸ ਨੂੰ ਆਪਣਾ ਬਚਪਨ ਯਾਦ ਆ ਜਾਂਦਾ ਹੈ ਅਤੇ ਕਈ ਅਰਸੇ ਬਾਅਦ ਉਸ ਦੇ ਕੰਨੀਂ ਅੰਬ ਦੇ ਦਰੱਖ਼ਤ ’ਤੇ ਬੈਠੀ ਕੋਇਲ ਦੀ ਮਿੱਠੀ ਜਿਹੀ ਆਵਾਜ਼ ਵੀ ਪੈਂਦੀ ਹੈ। ਇਹ ਸਭ ਦੇਖ ਸੁਣ ਕੇ ਉਸ ਨੂੰ ਆਪਣਾ ਬਚਪਨ ਯਾਦ ਆ ਜਾਂਦਾ ਹੈ।

ਕਿਤੇ ਪੈਨਸਿਲਾਂ ਦੇ ਟੋਟੇ ਕਿਤੇ ਭੁਰਦੀਆਂ ਕਿਤਾਬਾਂ,

ਉਨ੍ਹਾਂ ਢਹਿੰਦਿਆਂ ਘਰਾਂ ਦੇ ਜਦੋਂ ਢੇਰ ਮੈਂ ਫ਼ਰੋਲੇ।

ਬੜੀ ਦੇਰ ਬਾਦ ਮੈਨੂੰ ਇਹ ਨਸੀਬ ਹੋਇਆ ਸੁਣਨਾ

ਕਿਤੇ ਅੰਬੀਆਂ 'ਤੇ ਕੋਇਲ ਨੇ ਜੋ ਦੋ-ਕੁ ਬੋਲ ਬੋਲੇ।

(ਧੁੰਦ 52)

ਬੰਦਿਆਂ ਤੋਂ ਬਿਨਾਂ ਖ਼ਾਲੀ ਪਏ ਮਕਾਨ ਦੀਆਂ ਕੰਧਾਂ ਵੀ ਧਾਹਾਂ ਮਾਰਦੀਆਂ ਹਨ। ਬੰਦੇ ਨੂੰ ਆਪਣਾ ਜੱਦੀ ਘਰ ਵੇਖ ਕੇ ਰੋਣ ਲਈ ਕਿਸੇ ਬੰਦੇ ਦੇ ਗਲ ਲੱਗਣਾ ਵੀ ਨਸੀਬ ਨਹੀਂ ਹੋਇਆ ਕਿਉਂ ਕਿ ਉਸ ਘਰ ਵਿਚ ਜੀਆਂ ਦੀ ਥੋੜ ਹੈ ਅਤੇ ਬੰਦੇ ਨੂੰ ਉੱਜੜੇ ਖਾਲੀ ਮਕਾਨ ਦੇ ਗਲ ਲੱਗ ਕੇ ਹੀ ਰੋਣਾ ਪਿਆ।

ਕੰਧਾਂ ਦੇ ਨਾਲ਼ ਲੱਗ ਕੇ ਰੋਣਾ ਪਿਆ ਹੈ ਮੈਨੂੰ,

ਕੀ ਹਾਲ ਪੁੱਛ ਲਿਆ ਮੈਂ ਉਜੜੇ ਮਕਾਨ ਕੋਲੋਂ।

(ਧੁੰਦ 60)

ਦੁਨੀਆਂਦਾਰੀ, ਪੈਸੇ, ਸ਼ੋਹਰਤ ਦੀ ਖ਼ਾਤਿਰ ਜਦੋਂ ਆਪਣੇ ਰਿਸ਼ਤੇ-ਨਾਤੇ ਸਭ ਕੁੱਝ ਗਵਾ ਕੇ ਬੰਦਾ ਥੱਕ ਹਾਰ ਜਾਂਦਾ ਹੈ ਤਾਂ ਉਸ ਨੂੰ ਫਿਰ ਸਮਝ ਆਉਂਦੀ ਹੈ ਕਿ ਐਵੇਂ ਦੁਨੀਆਂ ਦੇ ਝੰਝਟਾਂ ਵਿਚ ਪੈ ਕੇ ਉਸ ਨੇ ਵਾਧੂ ਦੀਆਂ ਮੁਸੀਬਤਾਂ ਸਹੇੜ ਲਈਆਂ ਹਨ। ਦੁਨੀਆਂਦਾਰੀ ਦੇ ਚੱਕਰਾਂ ਵਿਚ ਮਨੁੱਖ ਆਪਣੀ ਜ਼ਿੰਦਗੀ ਨਹੀਂ ਜੀ ਸਕਦਾ।

ਦੁਨੀਆਂਦਾਰੀ ਗਲ ਵਿਚ ਪਾ ਕੇ,

ਲਾ ਲਏ ਰੋਗ ਅਵੱਲੇ ਐਵੇਂ।

(ਧੁੰਦ 71)

ਜਦੋਂ ਬੰਦਾ ਕਈ ਸਾਲਾਂ ਬਾਅਦ ਆਪਣੇ ਪਿੰਡ ਮੁੜਦਾ ਹੈ ਤਾਂ ਉਹ ਸਾਰਾ ਪਿੰਡ ਘੁੰਮ ਫਿਰ ਕੇ ਦੇਖਦਾ ਹੈ ਅਤੇ ਹਰੇਕ ਨਾਲ ਮਿਲਦਾ ਜੁਲਦਾ ਹੈ ਤਾਂ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਹੁਣ ਪਿੰਡ ਦੇ ਲੋਕਾਂ ਵਿਚ ਵੀ ਉਹ ਖਿੱਚ ਅਤੇ ਦਿਲੀ ਸਾਂਝ ਨਹੀਂ ਹੈ ਜੋ ਕਦੇ ਬਹੁਤ ਸਾਲਾਂ ਪਹਿਲਾਂ ਹੁੰਦੀ ਸੀ।

ਮੁੱਦਤ ਪਿੱਛੋਂ ਆਪਣਾ ਪਿੰਡ ਵੀ ਸਾਰਾ ਘੁੰਮ ਕੇ ਤੱਕਿਆ ਅੱਜ

ਨਾ ਉਹ ਖਿੱਚ ਦਿਲਾਂ ਵਿਚ ਬਾਕੀ ਨਾ ਉਹ ਬੇਪਰਵਾਹੀਆਂ ਨੇ।

(ਧੁੰਦ 76)

ਮਨੁੱਖ ਦੇ ਬਦਲ ਰਹੇ ਵਜੂਦ ਬਾਰੇ ਪਰਵਾਸੀ ਕਨੈਡੀਅਨ ਸ਼ਾਇਰ ਗੌਤਮ ਲਿਖਦਾ ਹੈ ਕਿ ਮਨੁੱਖ ਦੇ ਮਨੁੱਖਤਾ ਦਾ ਸੁਭਾਅ ਦਾ ਹੁਣ ਅੰਤ ਕਗਾਰ ਤੇ ਪਹੁੰਚ ਚੁੱਕਿਆ ਹੈ। ਮਨੁੱਖ ਦੇ ਦਿਲ ਵਿਚੋਂ ਭਰੋਸਾ, ਪਿਆਰ ਅਤੇ ਇਕ ਦੂਜੇ ਦੀ ਮਦਦ ਕਰਨ ਦਾ ਸੁਭਾਅ ਖਤਮ ਹੋ ਚੁੱਕਾ ਹੈ।

ਹਸ਼ਰ ਤੇ ਆਣ ਪੁੱਜੀ ਹੈ, ਮਨੁੱਖੀ ਜਾਤ ਹੁਣ ਲਗਦਾ

ਭਰੋਸੇ, ਪਿਆਰ, ਰਹਿਮਤ ਦਾ ਗੁਆ ਕੇ ਕੋਸ਼ ਬੈਠੀ ਹੈ

(ਗੌਤਮ ਸੁਪਨੇ ਸੌਣ ਨਾ ਦਿੰਦੇ 28)

ਸ਼ਾਇਰ ਬਦਲ ਗਈ ਲੋਕਾਈ ਨੂੰ ਹੋਰ ਸਪੱਸ਼ਟ ਕਰਦੇ ਹੋਏ ਕਹਿੰਦਾ ਹੈ ਕਿ ਅੱਜ ਕੱਲ ਇਨਸਾਨੀਅਤ ਮਰ ਚੁੱਕੀ ਹੈ। ਕਦੇ ਇਕ ਦੂਜੇ ਨੂੰ ਮਿਲਣ ਮਿਲਾਉਣ ਲਈ ਵਿਹਲ ਨਹੀਂ ਹੈ ਅਤੇ ਕਦੇ ਬੰਦੇ ਦਾ ਵੈਸੇ ਹੀ ਬਿਨਾਂ ਕੰਮ ਤੋਂ ਬੁਲਾਉਣ ਨੂੰ ਦਿਲ ਨਹੀਂ ਕਰਦਾ। ਹੁਣ ਤਾਂ ਮਤਲਬੀ ਇਨਸਾਨਾਂ ਨੂੰ ਉਹੀ ਯਾਦ ਹੈ ਜਿਨ੍ਹਾਂ ਤੱਕ ਉਹਨਾਂ ਦੀ ਆਪਣੀ ਕੋਈ ਗਰਜ ਹੈ।

ਕਦੇਫ਼ੁਰਸਤ ਨਹੀਂ ਮਿਲਦੀ, ਕਦੇ ਬਸ ਦਿਲ ਨਹੀਂ ਕਰਦਾ

ਉਹੀ ਹੁਣ ਯਾਦ ਹੈ, ਜਿਸ ਨੂੰ ਬੁਲਾਏ ਬਿਨ ਨਹੀਂ ਸਰਦਾ

(ਗੌਤਮ ਸੁਪਨੇ ਸੌਣ ਨਾ ਦਿੰਦੇ 41)

ਇਸੇ ਹੀ ਲੜੀ ਨੂੰ ਅੱਗੇ ਤੋਰਦਾ ਹੋਇਆ ਸ਼ਾਇਰ ਕਹਿੰਦਾ ਹੈ ਕਿ ਕਦੇ ਮਨੁੱਖਾਂ ਦੇ ਆਪਣੇ ਫ਼ਰਜ਼ਾਂ ਨੇ ਅਤੇ ਕਦੇ ਉਸ ਦੀਆਂ ਆਰਥਿਕ ਲੋੜਾਂ ਨੇ ਮਨੁੱਖ ਨੂੰ ਪੂਰਣ ਮਨੁੱਖ ਨਹੀਂ ਬਨਣ ਦਿੱਤਾ।

ਕਦੇ ਗ਼ਰਜ਼ਾਂ, ਕਦੇ ਫ਼ਰਜ਼ਾਂ ਨੇ ਪੂਰਾ ਹੋਣ ਨਾ ਦਿੱਤਾ

ਮੈਂ ਬੂੰਦਾਂ ਵਿਚ ਸ਼ਾਮਿਲ, ਕਦੇ ਸਰਵਰ ਨਹੀਂ

(ਗੌਤਮ ਸੁਪਨੇ ਸੌਣ ਨਾ ਦਿੰਦੇ 27)

ਬਿਖ਼ਰਦੇ ਟੁੱਟਦੇ ਪਰਿਵਾਰਾਂ ਬਾਰੇ ਸ਼ਾਇਰ ਗੌਤਮ ਕਹਿੰਦਾ ਹੈ ਕਿ ਘਰ ਪਰਿਵਾਰਾਂ ਵਿਚ ਆਪਸੀ ਗਲਤਫਹਿਮੀਆਂ ਕਰ ਕੇ ਬਹੁਤ ਰਿਸ਼ਤੇ ਟੁੱਟ ਜਾਂਦੇ ਹਨ ਅਤੇ ਫਿਰ ਹੰਕਾਰ ਵਸ ਇਹਨਾਂ ਟੁੱਟੇ ਰਿਸ਼ਤਿਆਂ ਨੂੰ ਮੁੜ ਜੋੜਨ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ। ਪਰ ਜੇਕਰ ਪਰਿਵਾਰਾਂ ਵਿਚ ਆਪਸੀ ਮੇਲ-ਜੋਲ ਬਣਿਆ ਰਹੇ ਤਾਂ ਸਗੇ ਭਰਾਵਾਂ ਦੇ ਨਾਲ ਦਾ ਕੋਈ ਸਹਾਰਾ ਨਹੀਂ ਹੁੰਦਾ।

ਬਿਖ਼ਰ ਜਾਂਦੇ ਬੜੇ ਰਿਸ਼ਤੇ ਜ਼ਰਾ ਬਸ ਗ਼ਲਤ ਫ਼ਹਿਮੀ ’ਤੇ

ਰਹੇ ਇਤਫ਼ਾਕ ਤਾਂ ਫਿਰ ਬਾਂਹ ਨਹੀਂ ਕੋਈ ਭਰਾ ਵਰਗੀ

(ਗੌਤਮ ਸੁਪਨੇ ਸੌਣ ਨਾ ਦਿੰਦੇ 45)

ਗੌਤਮ ਸ਼ਾਇਰ ਦੁਨੀਆਂ ਦੇ ਗਲਤ ਵਰਤਾਰੇ ਤੋਂ ਧੁਰ ਅੰਦਰ ਤੱਕ ਦੁਖੀ ਹੋਇਆ ਕਹਿੰਦਾ ਹੈ ਕਿ ਜਦ ਮਨੁੱਖ ਨੂੰ ਪਤਾ ਹੈ ਕਿ ਸਭ ਕੁਝ ਇਸ ਦੁਨੀਆਂ ਤੇ ਧਰਿਆ ਧਰਾਇਆ ਰਹਿ ਜਾਣਾ ਹੈ ਅਤੇ ਬੰਦੇ ਨੇ ਖਾਲੀ ਹੱਥ ਤੁਰ ਜਾਣਾ ਹੈ ਪਰ ਫਿਰ ਵੀ ਲੋਕ ਇਹ ਸਭ ਗਲਤ ਕੰਮ ਕਿਉਂ ਕਰੀ ਜਾਂਦੇ ਹਨ ਅਤੇ ਇਕ ਦੂਜੇ ਲਈ ਮਨਾਂ ਵਿਚ ਨਫ਼ਰਤ ਕਿਉਂ ਪਾਲੀ ਬੈਠੇ ਹਨ। ਸਾਂਝ ਪਿਆਰਾਂ ਦੀ ਸੰਘਣੀ ਛਾਂ ਛੱਡ ਕੇ ਨਫ਼ਰਤਾਂ ਦੇ ਕਲਾਵੇ ਵਿਚ ਛਾਂਵਾਂ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ।

ਨਫ਼ਰਤ ਦੇ ਵਿਚ ਠਰਦੇ ਲੋਕੀ, ਇਹ ਕੀ ਕਾਰਾ ਦਸ ਕਰ ਬੈਠੇ

ਸਾਂਝ ਦਾ ਪਿੱਪਲ ਸਾੜ ਕੇ ਭੋਲੇ ਸਿਖ਼ਰ ਦੁਪਹਿਰੇ ਛਾਵਾਂ ਲਭਦੇ

(ਗੌਤਮ ਸੁਪਨੇ ਸੌਣ ਨਾ ਦਿੰਦੇ 69)

ਸ਼ਾਇਰ ਕਹਿੰਦਾ ਹੈ ਕਿ ਮੈਂ ਇਸ ਸੰਸਾਰ ਵਿਚ ਦੁਨੀਆਂ ਦੇ ਰੰਗ-ਢੰਗ ਬਹੁਤ ਜਲਦੀ ਬਦਲਦੇ ਵੇਖੇ ਹਨ। ਪਿਆਰ ਦਾ ਰੰਗ ਸੂਹੇ ਲਾਲ ਤੋਂ ਪਾਣੀ ਰਗਾ ਫ਼ਿੱਕਾ ਪੈਂਦੇ ਦੇਰ ਨਹੀਂ ਲੱਗਦੀ। ਲੋਕ ਪਹਿਲਾਂ ਪਹਿਲ ਤਾਂ ਬਹੁਤ ਪਿਆਰ ਜਤਾਉਂਦੇ ਹਨ ਅਤੇ ਫਿਰ ਉਹਨਾਂ ਨੂੰ ਬਦਲਦਿਆਂ ਸਮਾਂ ਨਹੀਂ ਲੱਗਦਾ। ਇਸ ਵਿਖਾਵੇ ਦੀਦੁਨੀਆਂ ਵਿਚ ਇਹ ਸਮਝ ਤੋਂ ਬਾਹਰ ਹੋ ਜਾਂਦਾ ਹੈ ਕਿ ਸਾਡਾ ਕੌਣ ਆਪਣਾ ਸੀ ਤੇ ਕੌਣ ਬੇਗਾਨਾ।

ਬੜੀ ਜਲਦੀ ਬਦਲਦੇ ਰੰਗ ਦੇਖੇ ਮੋਹ ਮੁਹੱਬਤ ਦੇ

ਸਮਝ ਲੱਗੀ ਨਾ ਏਥੇ ਕੌਣ ਆਪਣਾ ਸੀ, ਪਰਾਇਆ ਸੀ

(ਗੌਤਮ ਸੁਪਨੇ ਸੌਣ ਨਾ ਦਿੰਦੇ 73)

ਰਿਸ਼ਤਾ-ਨਾਤਾ ਪ੍ਰਣਾਲੀ ਪਰਿਵਾਰ ਦੇ ਮੈਂਬਰਾਂ ਦੀ ਆਪਸੀ ਸਬੰਧਾਂ ਦੀ ਬਣਾਈ ਹੋਈ ਪ੍ਰਣਾਲੀ ਹੈ ਜਿਸ ਵਿਚ ਪਰਿਵਾਰਿਕ ਮੈਂਬਰ ਇਕ ਦੂਜੇ ਨਾਲ ਜਟਿਲ ਅੰਦਰੂਨੀ ਬੰਧਨਾਂ ਨਾਲ ਬੰਨ੍ਹੇ ਹੁੰਦੇ ਹਨ। ਇਹ ਸਬੰਧਾਂ ਦੀ ਇਕ ਢਾਂਚਾਗਤ ਪ੍ਰਣਾਲੀ ਹੈ ਜਿਸ ਵਿਚ ਵਿਅਕਤੀ ਇਕ ਦੂਜੇ ਨਾਲ ਜਟਿਲ ਅੰਦਰੂਨੀ ਬੰਧਨਾਂ ਨਾਲ ਬੱਝੇ ਹੁੰਦੇ ਹਨ। ਇਕ ਬਾਲਗ ਜਿਹੜਾ ਵਿਆਹ ਕਰਦਾ ਹੈ, ਉਸ ਨੂੰ ਆਪਣੇ ਹੀ ਪਰਿਵਾਰ ਅਤੇ ਆਪਣੀ ਜਾਤੀ ਵਿਚ ਵਿਆਹ ਦੀ ਮਨਾਹੀ ਹੁੰਦੀ ਹੈ ਪਰ ਦੂਜੀ ਜਾਤੀ ਵਿਚ ਉਹ ਵਿਆਹ ਕਰਵਾਉਂਦਾ ਹੈ, ਪਰਿਵਾਰ ਬਣਾਉਂਦਾ ਹੈ ਅਤੇ ਰਿਸ਼ਤਾ-ਨਾਤਾ ਪ੍ਰਣਾਲੀ ਵਿਚ ਬੰਨਿਆ ਜਾਂਦਾ ਹੈ।ਇਹ ਸੁਭਾਵਕ ਗੱਲ ਹੈ ਕਿ ਅਜਿਹੀ ਟੁੱਟ-ਭੱਜ ਦੇ ਨਤੀਜੇ ਵਜੋਂ ਸਮਾਜਕ ਰਿਸ਼ਤਿਆਂ ਅਤੇ ਪਰਿਵਾਰਕ ਸਾਂਝਾਂ ਵਿਚ

ਤਰੇੜਾਂ ਆ ਗਈਆਂ ਹਨ। ਆਰਥਿਕ ਢਾਂਚੇ ਨੇ ਪਰਿਵਾਰਕ ਢਾਂਚੇ ਨੂੰ ਤੇ ਪਰਿਵਾਰਕ ਰਿਸ਼ਤਿਆਂ ਨੂੰ ਮੂਲੋਂ ਹੀ ਬਦਲ ਕੇ ਰੱਖ ਦਿੱਤਾ ਹੈ। ਕਿਸਾਨੀ ਸਮਾਜ ਵਿਚ ਪਰਿਵਾਰਕ ਸਾਂਝਾ ਵਧੇਰੇ ਪੀੜੀਆਂ ਹੁੰਦੀਆਂ ਹਨ। ਜਿੱਥੇ ਕਿਸਾਨੀ ਦਾ ਹਰ ਕੰਮ ਸਾਂਝੇ ਤੌਰ 'ਤੇ ਨੇਪਰੇ ਚੜ੍ਹਦਾ ਹੈ ਉੱਥੇ ਆਧੁਨਿਕ ਸਮਾਜ ਵਿਚ ਮਧਵਰਗੀ ਰਿਸ਼ਤਿਆਂ ਦੇ ਉਭਰਨ ਨਾਲ ਅਜਿਹੀਆਂ ਸਾਂਝਾਂ ਬਰਕਰਾਰ ਰਹਿਣੀਆਂ ਸੰਭਵ ਹੀ ਨਹੀਂ ਹਨ। ਸਾਂਝੇ ਪਰਿਵਾਰਾਂ ਦੀ ਇਕ ਸੀਮਾ ਇਹ ਵੀ ਹੈ ਕਿ ਕਈ ਬਿਨਾਂ ਮਤਲਬ ਦੇ ਲੜ੍ਹਾਈ-ਝਗੜੇ ਚਲਦੇ ਹੀ ਰਹਿੰਦੇ ਹਨ। ਸਾਂਝੇ ਪਰਿਵਾਰਾਂ ਵਿਚ ਖਾਣ-ਪੀਣ, ਪਹਿਨਣ ਤੋਂ ਲੈ ਕੇ ਸਿੱਖਿਆ ਆਦਿ ਉੱਪਰ ਪਰਿਵਾਰਕ ਦਬਾਅ ਬਣੇ ਰਹਿੰਦੇ ਹਨ ਜੋ ਅੱਜ ਦੇ ਮਨੁੱਖ ਨੂੰ ਬੋਝ ਪ੍ਰਤੀਤ ਹੋਣ ਲੱਗਦੇ ਹਨ। ਇਸ ਲਈ ਉਹ ਸਾਂਝੇ ਪਰਿਵਾਰ ਨਾਲੋਂ ਨਿੱਜੀ ਪਰਿਵਾਰਾਂ ਵਿਚ ਰਹਿਣ ਨੂੰ ਵਧੇਰੇ ਤਰਜੀਹ ਦਿੰਦੇ ਹਨ। ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਵੇਖਿਆ ਜਾਵੇ ਤਾਂ ਪੈਸਿਆਂ ਦੀ ਖਿੱਚ ਅਤੇ ਇਕ ਦੂਜੇ ਤੋਂ ਅੱਗੇ ਵਧਣ ਦੀ ਹੋੜ ਨੇ ਮਨੁੱਖ ਦੇ ਵਜੂਦ ਨੂੰ ਬਦਲ ਕੇ ਰੱਖ ਦਿੱਤਾ ਹੈ। ਮਨੁੱਖ ਵਿਚ ਮਨੁੱਖਤਾ ਮਨਫ਼ੀ ਹੋ ਚੁੱਕੀ ਹੈ ਅਤੇ ਪੈਸਾ ਪ੍ਰਧਾਨ ਹੈ, ਪੈਸੇ ਨੇ ਸਾਰੇ ਰਿਸ਼ਤਿਆਂ ਨੂੰ ਖੇਰੂੰ-ਖੇਰੂੰ ਕਰ ਦਿੱਤਾਹੈ। ਵਿਸ਼ਵੀਕਰਨ ਦੇ ਵੱਧਦੇ ਪ੍ਰਭਾਵ ਅਤੇ ਪੂੰਜੀਵਾਦ ਦਾ ਪਸਾਰ ਸਮਾਜ ਦੀ ਹਰ ਇਕਾਈ ਨੂੰ ਪ੍ਰਭਾਵਿਤ ਕਰ ਰਿਹਾ ਹੈ। ਸਮਾਜ ਦੀ ਪਹਿਲੀ ਇਕਾਈ ਮਨੁੱਖ ਹੁੰਦਾ ਹੈ। ਸਮਾਜ ਤੇ ਮਨੁੱਖ ਦਾ ਆਪਸੀ ਰਿਸ਼ਤਾ ਸਿੱਕੇ ਦੇ ਦੋ ਪਹਿਲੂਆਂ ਦੀ ਤਰ੍ਹਾਂਹੈ ਜੋ ਇਕ ਦੂਸਰੇ ਨਾਲ ਬੱਝੇ ਵੀ ਹੋਏ ਹਨ ਅਤੇ ਵੱਖਰੇ ਵੀ ਹਨ (ਭਾਵ ਦੋਵਾਂ ਦਾ ਵੱਖਰਾ ਵਜੂਦ ਹੈ)।ਉਹਨਾਂ ਨੂੰ ਉਸਦੀ ਗ਼ਜਲ ਅਜੋਕੇ ਸਮਾਜ ਵਿਚ ਮਨੁੱਖ ਦੀ ਬਦਲਦੀ ਸੋਚ ਤਣਾਓ, ਓਪਰਾਪਣ, ਮਨੁੱਖ ਦਾ ਮਨੁੱਖ ਤੋਂ ਉੱਠਦਾ ਭਰੋਸਾ ਇਸ ਦੀ ਤਰਜ਼ਮਾਨੀ ਕਰਦੀ ਹੈ। ਇਸ ਸੰਦਰਭ ਵਿਚ ਗੁਰਭਜਨ ਗਿੱਲ ਆਪਣੇ ਗ਼ਜ਼ਲ ਦੇ ਸ਼ਿਅਰ ਰਾਹੀਂ ਮਨੁੱਖੀ ਰਿਸ਼ਤਿਆਂ ਦੀ ਤਸਵੀਰ ਪੇਸ਼ ਕਰਦਾ ਹੋਇਆ ਲਿਖਦਾ ਹੈ ਕਿ ਰਿਸ਼ਤਿਆਂ ਵਿਚ ਇਕ ਦੂਜੇ ਨਾਲ ਪਹਿਲਾਂ ਵਾਲਾ ਮੋਹ ਪਿਆਰ ਨਹੀਂ ਰਿਹਾ। ਹਰ ਇਕ ਰਿਸ਼ਤੇ ਵਿਚ ਇਕ ਦੂਜੇ ਤੋਂ ਲੁਕਾਅ ਰੱਖਿਆ ਜਾਂਦਾ ਹੈ। ਇਕ ਦੂਜੇ ਤੋਂ ਬੇਵਿਸ਼ਵਾਸੀ ਵੱਧ ਗਈ ਹੈ। ਇਕ ਹੀ ਘਰ ਵਿਚ ਰਹਿੰਦਿਆਂ ਹੋਇਆ ਇਕ ਦੂਜੇ ਬਾਰੇ ਨਹੀਂ ਪਤਾ ਕਿ ਕੋਈ ਕੀ ਕਰ ਰਿਹਾ ਹੈ।

ਇਕ ਦੂਜੇ ਤੋਂ ਏਨੀ ਚੋਰੀ, ਹਦੋਂ ਵੱਧ ਗਈ ਬੇਵਿਸ਼ਵਾਸੀ
ਸੱਜੇ ਹੱਥ ਨੂੰ ਖ਼ਬਰ ਨਾ ਕੋਈ, ਖੱਬਾ ਅੱਜਕੱਲ ਕੀ ਕਰਦਾ ਹੈ?

(ਰਾਵੀ 33)

ਜੇਕਰ ਅਸੀਂ ਸੋਚਦੇ ਹਾਂ ਕਿ ਬਾਹਰਲੇ ਦੇਸ਼ਾਂ ਵਿਚ ਜਾ ਕੇ ਇਕ-ਦੂਜੇ ਨੂੰ ਮਿਲਣ ਦੀ ਵਿਹਲ ਨਹੀਂ ਤਾਂ ਅਸੀਂ ਗਲਤ ਹਾਂ ਕਿਉਂ ਕਿ ਸਿਰਫ਼ ਉੱਥੇ ਹੀ ਨਹੀਂ ਬਲਕਿ ਪਰ ਇਸ ਗੱਲੋਂ ਸਾਡਾ ਪੰਜਾਬ ਵੀ ਪਿੱਛੇ ਨਹੀਂ ਹੈ। ਘਰ ਦੇ ਜੀਅ ਆਪੋ-ਆਪਣੇ ਕਮਰਿਆਂ ਵਿਚ ਬੈਠੇ ਸੋਸ਼ਲ-ਮੀਡੀਆ ਨਾਲ ਜੁੜੇ ਹੋਏ ਹਨ ਪਰ ਘਰਦਿਆਂ ਨਾਲ ਨਹੀਂ। ਇਸ ਗੱਲ ਦਾ ਝੋਰਾ ਬਜ਼ੁਰਗਾਂ ਨੂੰ ਵਧੇਰੇ ਸਤਾਉਂਦਾ ਹੈ ਕਿ ਉਹਨਾਂ ਦੇ ਧੀਆਂ-ਪੁੱਤ, ਨੂੰਹਾਂ, ਪੋਤੇ-ਪੋਤੀਆਂ ਅੱਧੀ-ਅੱਧੀ ਰਾਤ ਨੂੰ ਘਰ ਵੜਦੇ ਹਨ ਕਿਸੇ ਨੂੰ ਕੁੱਝ ਪਤਾ ਨਹੀਂ ਹੈ। ਕੌਣ ਕੀ ਕਰ ਰਿਹਾ ਹੈ? ਘਰ ਦੇ ਜੀਆਂ ਨੂੰ ਇੱਕ ਦੂਜੇ ਬਾਰੇ ਕੁੱਝ ਨਹੀਂ ਪਤਾ। ਸਭ ਇੱਕ-ਦੂਜੇ ਤੋਂ ਸਭ ਕੁੱਝ ਲੁਕੋਈ ਜਾ ਰਹੇ ਹਨ।

ਹਰ ਵੇਲੇ ਇਹ ਸੂਲ ਕਲੇਜੇ ਅੰਦਰ ਧੱਸਦੀ ਜਾਵੇ

ਪੁੱਤ ਪੋਤਰੇ ਦੱਸਦੇ ਹੀ ਨਹੀਂ ਆਏ ਕਿੱਥੋਂ, ਕਿੱਥੇ ਚੱਲੇ।

(ਮੋਰ ਪੰਖ 30)

ਗੁਰਭਜਨ ਗਿੱਲ ਆਪਣੀ ਇਕ ਹੋਰ ਕਿਤਾਬ ਵਿਚਲੇ ਗ਼ਜ਼ਲ ਦੇ ਸ਼ਿਅਰ ਰਾਹੀਂ ਮਨੁੱਖ ਦੀ ਕੈਦ ਹੋਈ ਮਾਨਸਿਕਤਾ ਬਾਰੇ ਪੇਸ਼ ਕਰਦਾ ਹੋਇਆ ਕਹਿੰਦਾ ਹੈ ਕਿ ਘਰ ਦੀ ਚਾਰ ਦਿਵਾਰੀ ਤਾਂ ਫਿਰ ਵੀ ਨਜ਼ਰਾਂ ਨੂੰ ਦਿਖਾਈ ਦਿੰਦੀ ਹੈ ਪਰ ਜਿਹੜੀ ਚਾਰ ਦੀਵਾਰੀ ਦੇ ਵਿਚ ਮੈਂ ਘਿਰਿਆ ਹੈ ਉਹ ਦਿਖਾਈ ਨਹੀਂ ਦਿੰਦੀ ਅਤੇ ਉਹ ਚਾਰ ਦੀਵਾਰੀ ਹੈ ਮੇਰੇ ਇਕੱਲੇਪਨ ਦੀ ਜਿਸ ਵਿਚੋਂ ਮੇਰੇ ਸੱਜਣ ਸਾਥੀਓ ਮੈਨੂੰ ਕੱਢਣ ਵਿਚ ਮੇਰੀ ਮਦਦ ਕਰੋ ਨਹੀਂ ਤਾਂ ਇਸ ਚਾਰ ਦੀਵਾਰੀ ਵਿਚ ਮੇਰਾ ਸਾਹ ਹੀ ਘੁੱਟ ਜਾਣਾ ਹੈ।

ਅਣਦਿਸਦੀ ਚਾਰ ਦੀਵਾਰੀ ਵਿਚ ਮੈਂ ਆਪੇ ਘਿਰਿਆ ਕੈਦੀ ਹਾਂ

ਮੇਰੇ ਤੋਂ ਮੈਨੂੰ ਮੁਕਤ ਕਰੋ ਉਏ ਸੱਜਣੋ ਮਿੱਤਰੋ ਨਾਲ ਦਿਉ।

(ਮਨ ਪਰਦੇਸੀ 45)

ਸਾਡਾ ਸਮਾਜ ਇਸ ਤਰ੍ਹਾਂ ਦਾ ਹੋ ਚੁੱਕਿਆ ਹੈ ਕਿ ਇਕ ਦੂਜੇ ਲਈ ਪਿਆਰ, ਵਿਸ਼ਵਾਸ ਸਭ ਕੁੱਝ ਖਤਮ ਹੁੰਦਾ ਜਾ ਰਿਹਾ ਹੈ। ਘਰ ਦੇ ਜੀਅ ਹੀ ਇਕ ਦੂਜੇ ਤੋਂ ਬਹੁਤ ਕੁੱਝ ਲੁਕਾਈ ਜਾਂਦੇ ਹਨ। ਇਤਫ਼ਾਕ, ਵਿਸ਼ਵਾਸ ਸਭ ਬਿਖ਼ਰਦਾ ਜਾ ਰਿਹਾ ਹੈ। ਘਰ ਦੇ ਮੈਂਬਰਾਂ ਦਾ ਇਕ ਹੀ ਘਰ ਵਿਚ ਹੋਣ ਦੇ ਬਾਵਜੂਦ ਵੀ ਇਕ-ਦੂਜੇ ਨੂੰ ਕੋਈ ਖ਼ਬਰ ਨਹੀਂ ਕੀ ਦੂਜਾ ਕੀ ਕਰ ਰਿਹਾ ਹੈ। ਇਹੀ ਸਾਡੇ ਸਮਾਜ ਵਿਚ ਵਾਪਰ ਰਿਹਾ ਹੈ। ਮਾਨਵੀ ਰਿਸ਼ਤਿਆਂ ਵਿਚਲੀ ਟੁੱਟ-ਭੱਜ ਨੂੰ ਦਰਸਾਉਂਦੀ ਨੀਤੂ ਅਰੋੜਾ '*ਸਮਕਾਲੀ ਪੰਜਾਬੀ ਕਵਿਤਾ: ਪ੍ਰਤੀਰੋਧੀ ਪ੍ਰਵਚਨ*' ਰਾਹੀਂ ਕਹਿੰਦੇ ਹਨ,

> "ਮੰਡੀ ਦੇ ਖੁਦਗਰਜ਼ ਪ੍ਰਵਚਨਾਂ ਨੇ ਮਨੁੱਖ ਨੂੰ ਭੀੜ ਵਿਚ ਵੀ ਇਕੱਲਾ ਕਰ ਦਿੱਤਾ ਹੈ। ਇਕੱਲਾ ਮਨੁੱਖ ਨਾ ਸੁਚੇਤ ਤੌਰ 'ਤੇ ਕਿਸੇ ਸਾਥੀ ਧੜੇ ਨਾਲ ਖੜਾ ਹੈ ਨਾ ਹੀ ਸੁਚੇਤ ਵਿਰੋਧ ਦੀ ਸਥਿਤੀ ਵਿਚ ਹੈ। ਉਸ ਕੋਲ ਆਪਣੇ ਨਿੱਜੀ ਮਸਲੇ ਹਨ, ਜਿਨ੍ਹਾਂ ਵਿਚ ਘਰ, ਪਰਿਵਾਰ, ਵਿਆਹ, ਬੱਚੇ, ਮਾਂ-ਬਾਪ ਹਨ।"(225)

ਡਾ. ਬਰਜਿੰਦਰ ਚੌਹਾਨ 'ਪੌਣਾਂ ਉੱਤੇ ਦਸਤਖ਼ਤ' ਮਾਨਵੀ ਸਰੋਕਾਰਾਂ ਨੂੰ ਆਪਣੀਆਂ ਗ਼ਜ਼ਲਾਂ ਵਿਚ ਪ੍ਰਗਟਾਉਂਦੇ ਹਨ। ਇਹ ਸ਼ਾਇਰ ਮਨੁੱਖ ਦੇ ਭਾਵਨਾਤਮਕ ਰਿਸ਼ਤਿਆਂ, ਮੋਹ-ਮੁਹੱਬਤਾਂ, ਰੋਸਿਆਂ-ਮਨੇਵਿਆਂ, ਭਰਪੂਰਤਾ-ਤਰਸੇਵਿਆਂ, ਪ੍ਰਾਪਤੀਆਂ-ਵਿਗੋਚਿਆਂ, ਗਿਲਿਆਂ-ਸ਼ਿਕਵਿਆਂ, ਵਸਲ ਦੀ ਆਨੰਦਤਾ, ਵਿਯੋਗ ਦੀ ਵੇਦਨਾ, ਮਾਨਵੀ ਤ੍ਰਾਸਦੀ ਦੇ ਚਿੱਤਰ ਸਿਰਜਦਾ ਪ੍ਰਤੀਤ ਹੁੰਦਾ ਹੈ। ਘਰ, ਆਵਾਜ਼, ਖ਼ਾਮੋਸ਼ੀ, ਚੀਖ਼ ਤੇ ਖ਼ੁਦ ਮਨੁੱਖ ਇੰਨੇ ਟੁਕੜਿਆਂ ਵਿਚ ਵੰਡਿਆਂ ਗਿਆ ਹੈ। ਇਸ ਵੰਡ ਨੇ ਉਸ ਨੂੰ ਖ਼ੁਦ ਘਰ ਵਿਚੋਂ ਬੇਦਖਲ ਕਰ ਦਿੱਤਾ ਹੈ। ਘਰ ਅੰਦਰਲੀ ਚੀਖ਼ ਉਸ ਨੂੰ ਖ਼ਾਮੋਸ਼ੀ ਵਿਚ ਬਦਲਦੀ ਮਹਿਸੂਸ ਹੁੰਦੀ ਹੈ।

ਆਪਣੇ ਘਰ ਵਿਚ ਖੁਦ ਨੂੰ ਹੀ ਆਵਾਜ਼ ਮਾਰੀ ਮੈਂ ਜਦੋਂ

ਖ਼ਾਮੋਸ਼ੀ ਨੇ ਚੀਖ਼ ਕੇ ਦੱਸਿਆ ਕਿ ਘਰ ਕੋਈ ਨਹੀਂ।

(ਸਫ਼ਰ ਦੀ ਖ਼ੁਸ਼ਬੋ 37)

ਜ਼ਿੰਦਗੀ ਵਿਚ ਰਿਸ਼ਤਿਆਂ, ਦੋਸਤੀਆਂ-ਦੁਸ਼ਮਣੀਆਂ, ਧੀਆਂ-ਪੁੱਤਰਾਂ ਦਾ ਜਿਉਂਦੇ ਜੀ ਦੇ ਨਾਲ ਜੁੜੇ ਰਿਸ਼ਤੇ ਹਨ। ਇਹਨਾਂ ਰਿਸ਼ਤਿਆਂ ਦਾ ਮਨੁੱਖ ਦੇ ਜਿਉਂਦੇ ਹੋਣ ਨਾਲ ਹੀ ਸਬੰਧ ਹੈ। ਇਹ ਦੁਨਿਆਵੀ ਸੱਚ ਹੈ ਕਿ ਅੰਤਮ ਸਮੇਂ ਮਨੁੱਖ ਦੇ ਨਾਲ ਕੁੱਝ ਵੀ ਨਹੀਂ ਜਾਂਦਾ। ਸਿਵਿਆਂ ਤੱਕ ਭਾਵੇਂ ਉਸ ਨਾਲ ਜ਼ਿੰਦਗੀ ਨਾਲ ਜੁੜੇ ਰਿਸ਼ਤੇ ਤੁਰਦੇ ਹਨ ਪਰ ਅੰਤਮ ਸਮੇਂ ਮਨੁੱਖ ਨਾਲ ਉਸ ਦਾ ਪਰਛਾਵਾਂ ਹੀ ਰਹਿੰਦਾ ਹੈ। ਇਸ ਸੱਚ ਨੂੰ ਪੇਸ਼ ਕਰਦਾ ਇਹ ਸ਼ਿਅਰ ਵੇਖਿਆ ਜਾ ਸਕਦਾ ਹੈ।

ਧੀਆਂ ਪੁੱਤਰ ਮਹਿਲ ਮਾੜੀਆਂ ਦੋਸਤੀਆਂ ਤੇ ਦੁਸ਼ਮਣੀਆਂ

ਇਕ ਆਪਣੇ ਪਰਛਾਵੇਂ ਬਾਝੋਂ ਕੌਣ ਸਿਵੇ ਤਕ ਨਾਲ਼ ਗਿਆ।

(ਬਰਜਿੰਦਰ ਚੌਹਾਨ ਸਫ਼ਰ ਦੀ ਖ਼ੁਸ਼ਬੋ 59)

ਜ਼ਿੰਦਗੀ ਦੇ ਸਫ਼ਰ ਵਿਚ ਉਮਰ ਦਾ ਸਬੰਧ ਆਰਥਿਕ ਤਾਕਤ ਦੇ ਨਾਲ ਹੈ ਨਾ ਕਿ ਦੁਨਿਆਵੀ ਰਿਸ਼ਤਿਆਂ ਦੇ ਨਾਲ ਕਿਉਂ ਕਿ ਇਹਨਾਂ ਸਮਿਆਂ ਵਿਚ ਰਿਸ਼ਤਿਆਂ ਤੇ ਆਰਥਿਕਤਾ ਨੇ ਅਜਿਹਾ ਕਬਜਾ ਕਰ ਲਿਆ ਹੈ ਕਿ ਚਾਰੇ ਪਾਸੇ ਪੂੰਜੀ ਦਾ ਬੋਲਬਾਲਾ ਹੈ। ਇਹ ਪੂੰਜੀ ਹੀ ਮਨੁੱਖ ਦੀ ਅੰਦਰਲੀ ਅਤੇ ਬਾਹਰਲੀ ਸ਼ਕਤੀ ਦਾ ਬਿੰਬ ਬਣ ਗਈ ਹੈ। ਜਿਹੜੀ ਇੱਕੀਵੀਂ ਸਦੀ ਤੋਂ ਪਹਿਲਾਂ ਕਿਧਰੇ ਨਜ਼ਰ ਨਹੀਂ ਆਉਂਦੀ ਸੀ। ਪਰ ਹੁਣ ਹਰ ਰਿਸ਼ਤਾ, ਦੋਸਤੀ ਪੂੰਜੀ ਨਾਲ ਜੁੜਿਆ ਹੈ। ਇਸੇ ਕਰ ਕੇ ਮਨੁੱਖ ਦੇ ਸਫ਼ਰ ਦੌਰਾਨ ਆਉਂਦੇ ਇਹਨਾਂ ਪਲਾਂ ਨੂੰ ਬਰਜਿੰਦਰ ਚੌਹਾਨ ਬਹੁਤ ਸੂਖ਼ਮ ਅਨੁਭਵ ਰਾਹੀਂ ਪੇਸ਼ ਕਰਦਾ ਹੈ।

ਬਦਲਦੀ ਸਿਰਫ਼ ਸੂਰਤ ਹੀ ਨਹੀਂ ਇਕ ਨਾਲ਼ ਉਮਰਾਂ ਦੇ

ਅਨੇਕ ਰਿਸ਼ਤਿਆਂ ਦੇ ਅਰਥ ਵੀ ਅਕਸਰ ਬਦਲ ਜਾਂਦੇ ਨੇ।

(ਸਫ਼ਰ ਦੀ ਖ਼ੁਸ਼ਬੋ 31)

ਰੇਤ ਜੀਵਨ ਦਾ ਉਹ ਨਾਕਾਰਾਤਮਕ ਬਿੰਬ ਹੈ ਕਿਉਂ ਕਿ ਰੇਤ ਕਦੇ ਇਕੱਠੀ ਨਹੀਂ ਹੁੰਦੀ। ਇਸ ਦੇ ਬਿਖਰਨ ਦਾ ਡਰ ਹਮੇਸ਼ਾ ਲੱਗਿਆ ਰਹਿੰਦਾ ਹੈ ਇਹ ਡਰ ਅਜੋਕੇ ਮਨੁੱਖ ਦੀ ਬਦਲ ਰਹੀ ਜ਼ਿੰਦਗੀ ਦੀ ਅਜਿਹੀ ਅਵਸਥਾ ਬਣ ਗਈ ਹੈ ਕਿ ਉਸ ਨੂੰ ਸਾਹ ਲੈਣ ਲੱਗਿਆਂ ਵੀ ਡਰ ਮਹਿਸੂਸ ਹੁੰਦਾ ਹੈ। ਉਸ ਨੂੰ ਇਹ ਵੀ ਡਰ ਹੈ ਕਿ ਜਿਸ ਨੂੰ ਉਹ ਸਦੀਵੀ

ਰਿਸ਼ਤਾ ਸਮਝਦਾ ਹੈ। ਅਸਲ ਵਿਚ ਉਹ ਰੇਤ ਹੈ। ਇਹ ਰੇਤ ਮੁੱਠੀ ਵਿਚੋਂ ਉਹਨਾਂ ਰਿਸ਼ਤਿਆਂ ਵਾਂਗ ਹੀ ਕਿਰਦੀ ਹੈ ਜਿਹੜੇ ਮਰਨ ਤਕ ਨਾਲ ਰਹਿਣ ਦਾ ਦਾਵਾ ਕਰਦੇ ਹਨ। ਪਰ ਸ਼ਾਇਰ ਇਸ ਨੂੰ ਰੇਤ ਦੇ ਬਿੰਬ ਰਾਹੀਂ ਰਿਸ਼ਤਿਆਂ ਦਾ ਅੰਦਰਲਾ ਸੱਚ ਪੇਸ਼ ਕਰਦਾ ਹੈ।

ਜਿਸ ਦੇ ਬਿਖਰਨ ਦਾ ਡਰ ਔਖਾ ਕਰ ਦੇਵੇ ਸਾਹ ਲੈਣਾ ਵੀ

ਰੇਤ ਜਿਹੇ ਉਸ ਰਿਸ਼ਤੇ ਦੀ ਹੁਣ ਕੀ ਕੋਈ ਸੰਭਾਲ ਕਰੇ।

(ਸਫ਼ਰ ਦੀ ਖ਼ੁਸ਼ਬੋ 25)

ਬੇਗਾਨਗੀ ਦੇ ਅਹਿਸਾਸ ਨੇ ਮਨੁੱਖ ਨੂੰ ਏਸ ਕਦਰ ਭਰੇ ਸੰਸਾਰ ਵਿਚ ਇਕੱਲਾ ਕਰ ਦਿੱਤਾ ਹੈ ਕਿ ਉਸ ਕੋਲੋਂ ਰਿਸ਼ਤੇ, ਘਰ ਸਭ ਕੁੱਝ ਗੁਆਚ ਗਿਆ ਲੱਗਦਾ ਹੈ। ਘਰ ਅੰਦਰਲੀ ਚਹਿਕ-ਮਹਿਕ ਏਸ ਕਦਰ ਗੁਆਚ ਗਈ ਹੈ ਕਿ ਮਨੁੱਖ ਆਪਣੇ ਘਰ ਅੰਦਰ ਵੀ ਬੇਗਾਨਾ ਮਹਿਸੂਸ ਕਰਦਾ ਹੈ। ਇਹ ਬੇਗਾਨਾਪਨ ਉਸ ਨੂੰ ਵਿਰਸੇ ਵਿਚ ਨਹੀਂ ਸਗੋਂ ਬਦਲ ਰਹੇ ਸਮਾਜ ਨੇ ਦਿੱਤਾ ਹੈ। ਉਸ ਦੀ ਹਾਲਤ ਭਰੇ ਮੇਲੇ ਵਿਚ ਗੁਆਚ ਗਏ ਬੱਚੇ ਵਰਗੀ ਹੋ ਗਈ ਹੈ। ਮੇਲਾ ਸਮਾਜ ਨੂੰ ਦਰਸਾਉਂਦਾ ਬਿੰਬ ਹੈ ਪਰ ਏਥੇ ਸ਼ਾਇਰ ਘਰ, ਮੇਲਾ ਅਤੇ ਬੱਚਾ ਤੇ ਰਿਸ਼ਤੇ-ਨਾਤੇ ਰਾਹੀਂ ਘਰ ਅੰਦਰ ਮਨੁੱਖ ਦੀ ਖਤਮ ਹੋ ਰਹੀ ਹੋਂਦ ਨੂੰ ਦਰਸਾਉਂਦਾ ਹੈ।

ਮੈਨੂੰ ਆਪਣੇ ਘਰ ਅੰਦਰ ਵੀ ਲਗਦਾ ਹੈ ਕੁਝ ਏਸ ਤਰ੍ਹਾਂ

ਜਿਉਂ ਮੇਲੇ ਵਿਚ ਗੁੰਮਿਆ ਬੱਚਾ ਆਪਣਿਆਂ ਦੀ ਭਾਲ਼ ਕਰੇ।

(ਸਫ਼ਰ ਦੀ ਖ਼ੁਸ਼ਬੋ 25)

ਇਕ ਦੂਜੇ ਲਈ ਪਿਆਰ, ਸਤਿਕਾਰ ਤਾਂ ਖੰਭ ਲਾ ਕੇ ਉੱਡ ਗਿਆ ਹੈ। ਅਜੋਕੀ ਪੀੜ੍ਹੀ ਵਲੋਂ ਮਿੰਨਤਾਂ, ਤਰਲਿਆਂ ਨਾਲ ਕੁੱਝ ਨਹੀਂ ਬਣਦਾ ਬਸ ਮਰਨ ਮਰਾਉਣ ਦੀਆਂ ਗੱਲਾਂ ਨਾਲ ਹੀ ਰਿਸ਼ਤਿਆਂ ਨੂੰ ਅੰਕਿਤ ਕਰ ਰਹੀਆਂ ਹਨ। ਸ਼ਹਿਰੀਕਰਨ ਨਾਲ ਮਨੁੱਖੀ ਰਿਸ਼ਤੇ ਪੱਥਰ ਬਣਦੇ ਜਾ ਰਹੇ ਹਨ। ਜਿਉਂ-ਜਿਉਂ ਮਨੁੱਖ ਸ਼ਹਿਰੀ ਤਹਿਜ਼ੀਬ ਵਿਚ ਪੈਰ ਧਰਦਾ ਜਾਂਦਾ ਹੈ ਤਾਂ ਉਹ ਮੋਹ ਭਰੇ ਰਿਸ਼ਤਿਆਂ ਤੋਂ ਸੱਖਣਾ ਹੁੰਦਾ ਜਾਂਦਾ ਹੈ।

ਮਿੰਨਤਾਂ ਤਰਲੇ ਕਰ ਕੇ ਉਸ ਨੂੰ ਹਾਸਿਲ ਕੁਝ ਨਾ ਹੋਇਆ ਪਰ,

ਸਭ ਕੁੱਝ ਹਾਸਿਲ ਕਰ ਕੇ ਆਇਆ ਲੈ ਕੇ ਜਦ ਤਲਵਾਰ ਗਿਆ।

(ਸਤੀਸ਼ ਗੁਲਾਟੀ ਚੁੱਪ ਦੇ ਖ਼ਿਲਾਫ਼ 64)

ਮਨੁੱਖੀ ਰਿਸ਼ਤਿਆਂ ਦੇ ਬਦਲਦੇ ਸੰਕਲਪ ਨੂੰ ਦਰਸਾਉਂਦਾ ਪੰਜਾਬੀ ਗ਼ਜ਼ਲਗੋ ਜਗਵਿੰਦਰ ਜੋਧਾ ਆਪਣੀਆਂ ਗ਼ਜ਼ਲਾਂ ਵਿਚ ਮਨੁੱਖੀ ਰਿਸ਼ਤਿਆਂ ਨੂੰ ਪੇਸ਼ ਕਰਦਾ ਹੈ। ਮਨੁੱਖੀ ਰਿਸ਼ਤੇ ਬਾਹਰੋਂ ਕੁੱਝ ਹੋਰ ਅਤੇ ਅੰਦਰੋਂ ਕੁੱਝ ਹੁੰਦੇ ਹਨ। ਮਨੁੱਖ ਦਾ ਮਨੁੱਖ ਨਾਲ ਰਿਸ਼ਤਾ ਸਿਰਫ਼ ਗਰਜਾਂ ਤਕ ਹੀ ਸੀਮਤ ਹੈ। ਬਾਹਰੋਂ ਤਾਂ ਜੀ ਜੀ ਹੁੰਦੀ ਹੈ ਅਤੇ ਅੰਦਰੋਂ ਇਕ ਦੂਜੇ ਦੀਆਂ ਜੜ੍ਹਾਂ ਵੱਢੀਆਂ ਜਾਂਦੀਆਂ ਹਨ। ਜਿਧਰ ਵੀ ਨਜ਼ਰ ਮਾਰੋ ਉਧਰ ਰਿਸ਼ਤਿਆਂ ਦੀ ਆੜ ਵਿਚ ਸਿਰਫ਼ ਮੁਖੌਟੇ ਹੀ ਪਾਏ ਮਿਲਦੇ ਹਨ।

ਬੜੇ ਉਜਲੇ ਨੇ ਬਾਹਰੋਂ ਅੰਦਰੋਂ ਮੈਲੇ ਕੁਚੈਲੇ ਨੇ

ਚੁਫ਼ੇਰੇ ਰਿਸ਼ਤਿਆਂ ਦੇ ਭੇਸ ਵਿਚ ਕੇਵਲ ਮੁਖੌਟੇ ਨੇ।

(ਜਗਵਿੰਦਰ ਜੋਧਾ ਸਾਰੰਗੀ 50)

ਹਰੇਕ ਰਿਸ਼ਤੇ ਵਿਚ ਦੇਖਿਆ ਜਾਵੇ ਤਾਂ ਸਿਰਫ਼ ਇਕ ਉਪਰੀ ਖ਼ਾਲ਼ ਜਿਹੀ ਹੀ ਦਿਖਾਈ ਦਿੰਦੀ ਹੈ। ਅੱਜਕੱਲ ਦੇ ਰਿਸ਼ਤੇ ਰੂਹ ਮੁਕਤ ਰਿਸ਼ਤੇ ਹੋਏ ਪਏ ਨੇ। ਅੱਜ ਕੱਲ ਬਨਾਉਟੀ ਰਿਸ਼ਤਿਆਂ ਦੀ ਭੀੜ ਵਿਚ ਹਰ ਕੋਈ ਅਸਲੀ ਚਿਹਰਾ ਲੁਕਾ ਕੇ ਬਸ ਮੁਖੌਟਾ ਹੀ ਪਾਈ ਫਿਰ ਰਿਹਾ ਹੈ। ਭਾਵ ਚੰਗੇ ਬਣਨ ਦਾ ਨਾਟਕ ਕਰ ਰਿਹਾ ਹੈ ਅਤੇ ਅੰਦਰੋਂ ਜ਼ਹਿਰ ਘੋਲ ਰਿਹਾ ਹੈ।

ਰਿਸ਼ਤਿਆਂ ਵਾਲੇ ਮੁਖੌਟੇ-ਦਰ-ਮੁਖੌਟੇ ਪਹਿਨਦੇ,

ਹੁਣ ਅਸੀਂ ਚਿਹਰੇ ਗੁਆ ਕੇ ਬਸ ਮੁਖੌਟੇ ਹੋ ਗਏ।

(ਸਾਰੰਗੀ 55)

ਪੂੰਜੀਵਾਦੀ ਸਮਾਜ ਵਿਚ ਮਨੁੱਖ ਦੀ ਪੈਸੇ ਪ੍ਰਤੀ ਵੱਧਦੇ ਲਾਲਚ ਤੇ ਬੇਭਰੋਸਗੀ ਦੀ ਭਾਵਨਾ ਨੂੰ ਪੇਸ਼ ਕਰਦਾ ਹੈਜਿਸ ਨਾਲ ਉਹ ਸਮਾਜ ਵਿਚ ਇੱਕਲਾ ਹੋ ਰਿਹਾ ਹੈ ਅਤੇ ਦੱਸਦਾ ਹੈ ਕਿ ਅੱਜਕੱਲ ਤਾਂ ਪੁਰਾਣੇ ਵੇਲਿਆਂ ਵਰਗੀ ਭਾਈਚਾਰਕ ਸਾਂਝ ਖ਼ਤਮ ਹੋ ਗਈ ਹੈ ਕਿਉਂ ਕਿ ਪੈਸਿਆਂ ਦੀ ਹੋੜ ਨੇ ਮਨੁੱਖ ਨੂੰ ਮਨੁੱਖ ਨਾਲੋਂ ਤੋੜ ਦਿੱਤਾ ਹੈ। ਹੁਣ ਤਾਂ ਬੋਹੜਾਂ ਸਮਾਨ ਘਣੀਆਂ ਛਾਵਾਂ ਦੇਣ ਵਾਲੇ ਲੋਕ ਤਾਂ ਬਹੁਤ ਘੱਟ ਵੇਖਣ ਨੂੰ ਮਿਲਦੇ ਹਨ। ਜਿਸ ਕਾਰਨ ਮਨੁੱਖ ਨੂੰ ਕੰਢਿਆਂ ਨਾਲ ਹੀ ਸਾਂਝ ਪਾਉਣੀ ਪੈ ਰਹੀ ਹੈ। ਪੰਜਾਬੀ ਪਰਵਾਸੀ ਗ਼ਜ਼ਲਕਾਰ ਸੁਰਿੰਦਰ ਸੀਰਤਨੇ ਮਨੁੱਖੀ ਰਿਸ਼ਤਿਆਂ ਨੂੰ ਆਪਣੀਆਂ ਗ਼ਜ਼ਲਾਂ ਵਿਚ ਬਾਖੂਬੀ ਪੇਸ਼ ਕੀਤਾ ਹੈ। ਉਹਨਾਂ ਦਾ ਅਜੋਕੇ ਰਿਸ਼ਤਿਆਂ ਬਾਰੇ ਕਹਿਣਾ ਹੈ ਕਿ ਹਰ ਪਾਸੇ ਛਲ, ਕਪਟ ਹੀ ਪ੍ਰਧਾਨ ਬਣ ਚੁੱਕਿਆ ਹੈ। ਕਿਤੇ ਵੀ ਅਸਲੀ ਚਿਹਰੇ ਦਿਖਾਈ ਨਹੀਂ ਦਿੰਦੇ। ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ ਕਿ ਹਰ ਇਕ ਮਨੁੱਖ ਸ਼ਰੀਫ਼ੀ ਦਾ ਮੁਖੌਟਾ ਪਾਈ ਦੂਜਿਆਂ ਨੂੰ ਠੱਗੀ ਜਾ ਰਿਹਾ ਹੈ।

ਛਲਾਵਾ ਹਰ ਦਿਸ਼ਾ ਕਿਧਰੇ ਨਾ ਚਿਹਰਾ

ਮਖੌਟਾ ਪਾ ਕੇ ਹੀ ਸਾਥਣ ਰਹੀ ਏ।

(ਅਰੂਪੇ ਅੱਖਰਾਂ ਦਾ ਅਕਸ 22)

ਇਕੱਲ 'ਚ ਮੈਂ ਰਿਹਾ ਧੁੱਖਦਾ ਤਦੇ ਈ ਸਾਹ ਮੇਰੇ

ਧੂੰਆਂ ਧੂੰਆਂ ਕਦੀ ਧੁੰਦਲੇ ਮਲਾਲ ਹੁੰਦੇ ਨੇ।

(ਅਰੂਪੇ ਅੱਖਰਾਂ ਦਾ ਅਕਸ 25)

ਅਜੋਕੇ ਦੌਰ ਵਿਚ ਕੋਈ ਕਿਸੇ ਲਈ ਕੁੱਝ ਨਹੀਂ ਕਰਦਾ। ਕੋਈ ਕਿਸੇ ਤੋਂ ਆਪਣੀ ਜਾਨ ਨਹੀਂ ਵਾਰਦਾ। ਸਭ ਵਾਅਦੇ ਕਸਮਾਂ ਸਭ ਕੁੱਝ ਝੂਠੇ ਹੋ ਰਹੇ ਹਨ। ਅੱਜ ਦੇ ਯੁੱਗ ਵਿਚ ਸਮੁੱਚੇ ਰਿਸ਼ਤੇ ਚਾਹੇ ਕਿੰਨੇ ਵੀ ਨੇੜੇ ਦੇ ਕਿਉਂ ਨਾ ਹੋਣ ਸਿਰਫ਼ ਪੈਸੇ ਦੀ ਬੁਨਿਆਦ ਤੇ ਹੀ ਟਿਕੇ ਹੁੰਦੇ ਹਨ। ਕੋਈ ਵੀ ਕਿਸੇ ਨਾਲ ਮੋਹ ਵੱਸ ਹੋ ਕੇ ਰਿਸ਼ਤੇ ਨਹੀਂ ਰੱਖਦਾ ਬਸ ਇਨਸਾਨ ਦੇ ਰਿਸ਼ਤੇ ਮਤਲਬ ਪ੍ਰਸਤ ਹੋ ਗਏ ਹਨ।

ਕਿਸੇ ਤੋਂ ਕੌਣ ਕਰਦਾ ਜਾਨ ਆਪਣੀ ਹੁਣ ਨਿਛਾਵਰ

ਹਰ ਇਕ ਪਹਿਚਾਣ ਖੁਰਦੀ ਗਈ ਅਦਭੁਤ ਬਣੀ ਏ।

(ਅਰੂਪੇ ਅੱਖਰਾਂ ਦਾ ਅਕਸ 31)

ਇਸ ਦੁਨੀਆਂ ਵਿਚ ਇਨਸਾਨੀਅਤ ਅਤੇ ਮੋਹ ਦੀਆਂ ਤੰਦਾਂ ਤਾਂ ਕਦ ਦੀਆਂ ਖ਼ਤਮ ਹੋ ਚੁੱਕੀਆਂ ਹਨ। ਲੋਕਾਂ ਨੇ ਆਪਣੇ ਮਤਲਬ ਲਈ ਬਹੁਤ ਰਿਸ਼ਤੇ ਫ਼ਰਜ਼ੀ ਬਣਾਏ ਹੋਏ ਹਨ। ਹੁਣ ਤਾਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਹਰ ਰਿਸ਼ਤਾ ਮਤਲਬੀ ਪ੍ਰਸਤੀ ਦੇ ਮਲਬੇ ਹੇਠ ਆ ਕੇ ਦਮ ਤੋੜ ਚੁੱਕਿਆ ਹੈ। ਘਰ ਦੇ ਜੀ ਇਕ ਹੀ ਛੱਤ ਥੱਲੇ ਰਹਿ ਰਹੇ ਹਨ ਪਰ ਉਹਨਾਂ ਵਿਚ ਆਪਸੀ ਕੋਈ ਵੀ ਸਾਂਝ ਨਹੀਂ ਰਹੀ। ਇਕ ਹੀ ਘਰ ਵਿਚ ਰਹਿਣ ਵਾਲੇ ਬੰਦਿਆਂ ਲਈ ਅਸਲੀ ਰਿਸ਼ਤਿਆਂ ਦਾ ਕੋਈ ਵੀ ਮੁੱਲ ਨਹੀਂ ਰਿਹਾ ਹੈ ਕਿਉਂ ਕਿ ਮੋਹ ਪਿਆਰ ਦੀਆਂ ਤੰਦਾਂ ਤਾਂ ਟੁੱਟ ਕੇ ਬਿਖਰ ਗਈਆਂ। ਛੋਟਿਆਂ ਦਾ ਵੱਡਿਆਂ ਲਈ ਸਤਿਕਾਰ ਖ਼ਤਮ ਹੋ ਚੁੱਕਾ ਹੈ। ਅਜੋਕੇ ਹਾਲਾਤ ਇਸ ਤਰ੍ਹਾਂ ਦੇ ਪੈਦਾ ਹੋ ਚੁੱਕੇ ਹਨ ਕਿ ਕਿਸੇ ਦਾ ਕਿਸੇ ਨਾਲ ਕੋਈ ਰਿਸ਼ਤਾ ਸਿਰਫ਼ ਮਤਲਬ ਤੱਕ ਹੀ ਰਹਿ ਗਿਆ ਹੈ। ਆਦਮੀ ਮਸ਼ੀਨਾਂ ਤੋਂ ਹੀ ਆਪਣੀਆਂ ਲੋੜਾਂ ਦੀ ਪੂਰਤੀ ਕਰ ਰਿਹਾ ਹੈ ਅਤੇ ਉਸ ਦਾ ਆਦਮੀ ਤੋਂ ਬਿਨਾਂ ਸਰਦਾ ਜਾ ਰਿਹਾ ਹੈ। ਇਸ ਸੰਦਰਭ ਵਿਚ ਪਰਵਾਸੀ ਗ਼ਜ਼ਲਗੋ ਸੁਰਿੰਦਰ ਸੀਰਤ ਬਹੁਤ ਹੀ ਸੋਹਣੇ ਸ਼ਬਦਾਂ ਵਿਚ ਕਹਿੰਦਾ ਹੈ ਕਿ ਮਨੁੱਖ ਦਾ ਮਨੁੱਖ ਲਈ ਦਿਖਾਵਾ ਹੀ ਨਜ਼ਰ ਆ ਰਿਹਾ ਹੈ ਅਤੇ ਹਕੀਕਤ ਉਸ ਦੇ ਸ਼ਰੀਫ਼ੀ ਦੇ ਮੁਖੌਟੇ ਹੇਠਾਂ ਲੁਕੀ ਹੋਈ ਹੈ। ਵੈਸੇ ਹਕੀਕਤ ਤਾਂ ਕੁੱਝ ਸਮੇਂ ਦੀ ਹੀ ਰਹਿੰਦੀ ਹੈ ਅਤੇ ਛਲਾਵੇ ਦਾ ਰੰਗ ਗੂੜ੍ਹਾ ਹੈ।

ਛਲਾਵੇ ਹਰ ਦਿਸ਼ਾ ਅੰਦਰ ਬੜੇ ਹੀ ਮਕਬੂਲ ਹੋਏ

ਹਕੀਕਤ ਹਰ ਕਿਸੇ ਚਿਹਰੇ ਦੀ ਪਲ ਮਾਤਰ ਰਹੀ ਏ।

(ਅਰੂਪੇ ਅੱਖਰਾਂ ਦਾ ਅਕਸ 31)

ਨਿਤ ਆਦਮੀ ਦੇ ਬਦਲਦੇ ਚਿਹਰਿਆਂ ਨੂੰ ਦੇਖ ਕੇ ਹੁਣ ਤਾਂ ਹਰੇਕ ਵਿਅਕਤੀ ਹੀ ਭੇਸ ਵਟਾਉਣ ਵਾਲਾ ਲੱਗਦਾ ਹੈ। ਕਿਸੇ ਤੇ ਵੀ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਕਿਉਂ ਕਿ ਮਨੁੱਖੀ ਰਿਸ਼ਤਿਆਂ ਦਾ ਵਜੂਦ 'ਹਾਥੀ ਦੇ ਦੰਦ ਖਾਣ ਦੇ ਹੋਰ ਦਿਖਾਉਣ ਦੇ ਹੋਰ' ਅਖੌਤ ਨੂੰ ਸਾਰਥਕ ਕਰਦੇ ਨਜ਼ਰ ਆਉਂਦਾ ਹੈ। ਆਪਸੀ ਰਿਸ਼ਤੇ ਪੈਸੇ ਦੀ ਨੀਂਹ ਤੇ ਟਿਕੇ ਹੋਣ ਕਰ ਕੇ ਮਤਲਬ ਜਾਂ ਗਰਜ਼ ਦੇ ਰਿਸ਼ਤੇ ਹੀ ਜਾਪਦੇ ਹਨ।

ਰਖ ਮੁਖੌਟੇ ਉਤਾਰ ਕੇ ਸਭ ਦੇ

ਸ਼ਖ਼ਸ ਹਰ ਇਕ ਬਹਿਰੂਪੀਆ ਲਗਦੈ।

(ਅਰੂਪੇ ਅੱਖਰਾਂ ਦਾ ਅਕਸ 58)

ਅਜੋਕੀ ਦੁਨੀਆਂਦਾਰੀ ਦੇਖ ਕੇ ਲੱਗਦਾ ਹੈ ਕਿ ਹਰ ਇਨਸਾਨ ਦੇ ਚਿਹਰੇ ਤੇ ਸ਼ਰੀਫ਼ੀ ਦਾ ਮੁਖੌਟਾ ਪਾਇਆ ਹੋਇਆ ਹੈ। ਹਰ ਕੋਈ ਕਿਸੇ ਨਾ ਕਿਸੇ ਦੇ ਖ਼ਿਲਾਫ਼ ਸਾਜਿਸ਼ਾਂ ਰਚਣ ਵਿਚ ਲਗਿਆ ਹੋਇਆ ਹੈ। ਪਰ ਵਿਚੋਂ ਕਈ ਸਾਫ਼ ਦਿਲ ਵੀ ਹੁੰਦੇ ਹਨ। ਇਸ ਤਰ੍ਹਾਂ ਦੇ ਮਾਹੌਲ ਵਿਚ ਕਿਵੇਂ ਪਤਾ ਕਰੀਏ ਕਿ ਸਹੀ ਕੌਣ ਹੈ। ਕਿਵੇਂ ਕਿਸੇ ਦੀਆਂ ਸਾਜਿਸ਼ਾਂ ਦਾ ਤੋੜ ਲੱਭਿਆ ਜਾ ਸਕਦਾ ਹੈ ਕਿਉਂ ਕਿ ਹਰ ਇਕ ਚਿਹਰੇ ਦੇ ਅੰਦਰ ਇਕ ਸ਼ੈਤਾਨ ਲੁਕਿਆ ਬੈਠਾ ਹੈ।

ਕਰੇਂਗਾ ਕਿਵੇਂ ਸਾਜ਼ਿਸ਼ਾਂ ਦਾ ਇਲਾਜ

ਹਰ ਇਕ ਜ਼ਿਹਨ ਅੰਦਰ ਈ ਹੁੰਦੈ ਸ਼ੈਤਾਨ।

(ਅਰੂਪੇ ਅੱਖਰਾਂ ਦਾ ਅਕਸ 66)

ਅੱਜਕੱਲ੍ਹ ਲੋਕਾਂ ਦੀ ਸੋਚ ਅਤੇ ਉਹਨਾਂ ਦੇ ਵਤੀਰੇ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਵੈਸੇ ਤਾਂ ਹਰ ਰੋਜ਼ ਆਪਣੀ ਅਰਦਾਸ ਵਿਚ ਸਰਬਤ ਦੇ ਭਲੇ ਦੀ ਹੀ ਗੱਲ ਕਰਦੇ ਹਨ ਪਰ ਉਹਨਾਂ ਦੇ ਸਵਾਰਥ ਵਿਚ ਸਿਰਫ਼ ਆਪਣਾ ਭਲਾ ਹੀ ਮੰਗਿਆ ਹੁੰਦਾ ਹੈ।

ਉਂਝ ਤਾਂ ਨਿੱਤ ਭਲਾ ਮੰਗਦੇ ਹਾਂ ਸਰਬਤ ਦਾ

ਪਰ ਨੀਤੀ ਵਿਚ ਵਸਿਆ ਤੇਰਾ ਮੇਰਾ ਏ।

(ਅਰੂਪੇ ਅੱਖਰਾਂ ਦਾ ਅਕਸ 72)

ਅਜੋਕੇ ਮਨੁੱਖ ਦੀ ਇਹ ਹਾਲਤ ਹੋ ਚੁੱਕੀ ਹੈ ਕਿ ਉਹ ਮਿਥਿਹਾਸਕ ਰਾਵਣ ਨੂੰ ਸਾੜ ਰਿਹਾ ਹੈ। ਪਰ ਉਹ ਰਾਵਣ ਤਾਂ ਚੰਗਾ ਸੀ ਕਿ ਉਸ ਨੇ ਸੀਤਾ ਮਾਤਾ ਨੂੰ ਹੱਥ ਤੱਕ ਵੀ ਨਹੀਂ ਸੀ ਲਾਇਆ ਅਤੇ ਨਾ ਹੀ ਉਹਨਾਂ ਨੂੰ ਪਾਉਣ ਲਈ ਲਕਸ਼ਮਣ ਰੇਖਾ ਪਾਰ ਕੀਤੀ। ਪਰ ਅੱਜ ਦਾ ਇਨਸਾਨ ਹੀ ਰਾਵਣ ਬਣ ਚੁੱਕਿਆ ਹੈ ਕਿਉਂ ਕਿ ਉਹੀ ਧੀਆਂ ਭੈਣਾਂ ਦੀ ਪੱਤ ਰੋਲੀ ਜਾ ਰਿਹਾ ਹੈ।

ਉਹ ਰਾਵਣ ਤਾਂ ਲੀਕੋਂ ਪਾਰ ਨਾ ਲੰਘ ਸਕਿਆ

ਅੱਜ ਦਾ ਰਾਵਣ ਕਿੰਨਾ ਚੋਰ ਚਿਤੇਰਾ ਏ।

(ਅਰੂਪੇ ਅੱਖਰਾਂ ਦਾ ਅਕਸ72)

ਮਨੁੱਖ ਦੇ ਮਨੁੱਖ ਨਾਲ ਬਦਲ ਰਹੇ ਰਿਸ਼ਤਿਆਂ ਨੂੰ ਲੈ ਕੇ ਪੰਜਾਬੀ ਪਰਵਾਸੀ ਗ਼ਜ਼ਲਕਾਰਾ ਸੁਰਜੀਤ ਸਖੀ ਆਪਣੀ ਗ਼ਜ਼ਲ ਦੇ ਸ਼ਿਅਰ ਰਾਹੀਂ ਬਿਆਨ ਕਰਦੀ ਹੈ ਕਿ ਇਨਸਾਨ ਆਪਣੀ ਇਨਸਾਨੀਅਤ ਇਸਕਦਰ ਭੁੱਲ ਚੁੱਕਿਆ ਹੈ ਕਿ ਉਹ ਆਪਣੇ ਫਾਇਦੇ ਲਈ ਕਿਸੇ ਵੀ ਹੱਦ ਤੱਕ ਗਿਰ ਸਕਦਾ ਹੈ। ਕਿਸੇ ਨੂੰ ਵੀ ਸੱਟ ਪਹੁੰਚਾਉਣ ਤੋਂ ਗੁਰੇਜ਼ ਨਹੀਂ ਕਰਦਾ। ਵੈਸੇ ਤਾਂ ਉਹ ਥਾਂ ਥਾਂ ਤੇ ਹਰ ਪੀਰਾਂ ਪੈਗੰਬਰਾਂ ਸਾਧਾਂ ਸੰਤਾਂ ਨੂੰ ਧਿਆਉਂਦਾ ਫਿਰਦਾ ਹੈ। ਬਾਬਿਆਂ ਦੇ ਮਗਰ ਲਗੀ ਫਿਰਦਾ ਹੈ। ਉਹ ਗੁਰੁ ਨੂੰ ਮੰਨਦਾ ਹੈ ਪਰ ਗੁਰੂ ਦੀ ਨਹੀਂ ਮੰਨਦਾ। ਇਸ ਸੰਸਾਰ ਤੇ ਕਿੰਨੇ ਹੀ ਗੁਰੂ ਪੀਰ ਆਏ ਪਰ ਬੰਦਾ ਆਪਣੇ ਅਸਲੀ ਰੂਪ ਵਿਚ ਨਹੀਂ ਆਇਆ ਭਾਵ ਰੱਬ ਨੇ ਬੰਦੇ ਨੂੰ ਇਸ ਧਰਤੀ ਤੇ ਨੇਕ ਕੰਮ ਕਰਨ ਲਈ ਭੇਜਿਆ ਪਰ ਅਫਸੋਸ ਬੰਦਾ ਬੰਦਾ ਨਾ ਬਣ ਸਕਿਆ।

ਬੰਦਾ ਹੀ ਬੰਦਾ ਨਹੀਂ ਬਣਿਆ

ਉਂਝ ਕਿੰਨੇ ਪੈਗੰਬਰ ਹੋਏ।

(ਸੁਰਜੀਤ ਸਖੀ ਧੁੰਦ 69)

ਮਨੁੱਖ ਦੀ ਖੰਡਿਤ ਹੋ ਰਹੀ ਮਾਨਸਿਕ ਅਵਸਥਾ ਸਮੁੱਚੇ ਵਰਤਾਰੇ ਵਿਚ ਵਿਸਫੋਟਕ ਸਮੱਗਰੀ ਤੋਂ ਘੱਟ ਨਹੀਂ ਹੈ। ਅਸਾਵੇਂ ਆਰਥਿਕ ਪੱਖ, ਟੁੱਟ ਰਹੀ ਮੁਹੱਬਤ ਦੇ ਸ਼ਬਦ ਮਨੁੱਖ ਨੂੰ ਅੰਦਰੋਂ-ਅੰਦਰੀ ਮਨਫ਼ੀ ਕਰੀ ਜਾਂਦੇ ਹਨ। ਹੌਲੀ-ਹੌਲੀ ਇਨਸਾਨ ਮੋਹ, ਨਿੱਘ, ਪਿਆਰ, ਮੁਹੱਬਤ ਜਿਹੇ ਜਜ਼ਬਿਆਂ ਤੋਂ ਵਿਹੂਣਾ ਹੋ ਜਾਂਦਾ ਹੈ। ਉਸ ਦੇ ਰਿਸ਼ਤਿਆਂ ਦੇ ਅਰਥ ਸਿਰਫ ਉਤਾਰੇ ਜਾ ਚੁਕੇ ਕਪੜਿਆਂ ਦੀ ਤਰ੍ਹਾਂ ਹੀ ਹੋ ਕੇ ਰਹਿ ਗਏ ਹਨ। ਰਿਸ਼ਤਿਆਂ ਦੀ ਤਾਸੀਰ ਕੌੜੀ ਹੁੰਦੀ ਹੋਈ ਗਰਜ਼ਾਂ ਤਕ ਹੀ ਸੀਮਤ ਹੋ ਕੇ ਰਹਿ ਗਈ ਹੈ। ਕਵੀ ਸਮਾਜੀ ਰਿਸ਼ਤਿਆਂ ਦੀ ਪੇਚੀਦਗੀ ਦੀ ਗੱਲ ਕਰਦਾ ਹੈ। ਕਵਿਤਾ ਵਿਚਲਾ ਤਣਾਉ ਅਜੋਕੇ ਮਨੁੱਖ ਦੀ ਮਾਨਸਿਕ ਵਿਡੰਬਨਾ ਦੁਆਲੇ ਘੁੰਮਦਾ ਹੈ। ਜਿਸ ਵਿਚ ਮਨੁੱਖੀ ਅਕਾਂਖਿਆਵਾਂ ਦੀ ਗੱਲ

ਕੀਤੀ ਗਈ ਹੁੰਦੀ ਹੈ।ਮਨੁੱਖੀ ਅਸਤਿਤਵ ਗਵਾਚਦਾ ਨਜ਼ਰ ਆਉਂਦਾ ਹੈ। ਮਾਨਵੀ ਕਦਰਾਂ-ਕੀਮਤਾਂ ਵਿਚ ਨੈਤਿਕਤਾ ਦੀ ਥਾਂ ਅਨੈਤਿਕਤਾ ਨੇ ਲੈ ਲਈ ਹੈ। ਪੂੰਜੀਵਾਦ ਦੀ ਲੋੜ ਤੋਂ ਉਪਜੇ ਸਮਾਜਕ ਯਥਾਰਥ ਵਿਚ ਮਾਨਵੀ ਹੋਂਦ ਖੰਡਤ ਹੋ ਰਹੀ ਹੈ।

### 2.5 ਨਿਗੂਣੇ ਰੀਤੀ-ਰਿਵਾਜ਼ਾਂ ਦਾ ਖੰਡਨ:

ਸਾਡੇ ਸਮਾਜ ਵਿਚ ਪਾਖੰਡਵਾਦ ਦਾ ਪਸਾਰਾ ਦਿਨ-ਬ-ਦਿਨ ਵੱਧ ਰਿਹਾ ਹੈ। ਇਸਦੀ ਗਰੀਫ਼ਤ ਵਿਚ ਇਕ ਆਮ ਇਨਸਾਨ ਹੀ ਨਹੀਂ ਸਗੋਂ ਅਮੀਰ ਵਰਗ ਵੀ ਆ ਚੁੱਕਾ ਹੈ। ਪਾਖੰਡੀ ਸਾਧੂ ਲੋਕਾਂ ਨੂੰ ਲੁੱਟੀ ਜਾ ਰਹੇ ਹਨ ਅਤੇ ਆਪਣੇ ਘਰ ਭਰੀ ਜਾ ਰਹੇ ਹਨ। ਉਹਨਾਂ ਦੇ ਇਸ ਤਰ੍ਹਾਂ ਕਰਨ ਵਿਚ ਉਹਨਾਂ ਦਾ ਕੋਈ ਕਸੂਰ ਨਹੀਂ ਹੈ ਕਿਉਂ ਕਿ ਅਸੀਂ ਹੀ ਉਹਨਾਂ ਨੂੰ ਇਹ ਸਭ ਕਰਨ ਦੀ ਸ਼ੈਅ ਦੇ ਰਹੇ ਹਾਂ। ਇਹ ਲੋਕ ਧਰਮ ਦੇ ਨਾਮ ਤੇ ਨਿਗੂਣੇ ਰੀਤੀ ਰਿਵਾਜ਼ਾਂ ਦਾ ਸਹਾਰਾ ਲੈ ਕੇ ਲੋਕਾਂ ਨੂੰ ਲੁੱਟ ਰਹੇ ਹਨ। ਸਾਡਾ ਕੁੱਝ ਵਰਗ ਇਹਨਾਂ ਦੇ ਖਿਲਾਫ ਹੈ ਅਤੇ ਸਾਡੇ ਸਾਹਿਤਕਾਰ ਇਹਨਾਂ ਰੀਤੀ ਰਿਵਾਜ਼ਾਂ ਦੀ ਕਰੜੇ ਸ਼ਬਦਾਂ ਵਿਚ ਨਿੰਦਿਆ ਕਰਦੇ ਹੋਏ ਆਪਣੀਆਂ ਕਿਤਾਬਾਂ ਵਿਚ ਇਹਨਾਂ ਦਾ ਜ਼ਿਕਰ ਕਰਦੇ ਹਨ ਤਾਂ ਜੋ ਲੋਕ ਇਹਨਾਂ ਨੂੰ ਪੜ੍ਹ ਕੇ ਜਾਗਰੂਕ ਹੋ ਸਕਣ। ਨਿਗੂਣੇ ਰੀਤੀ ਰਿਵਾਜ਼ਾਂ ਦੇ ਸੰਦਰਭ ਵਿਚ ਦੇਖਿਆ ਜਾਵੇ ਤਾਂ ਧਰਮ ਦੀ ਵੰਡ ਦੇ ਸਬੰਧ ਵਿਚ ਲਿਖਦੇ ਹਨ ਕਿ ਸਾਡੇ ਦੇਸ਼ ਵਿਚ ਧਰਮ ਦੇ ਨਾਮ ਤੇ ਬਹੁਤ ਦੰਗੇ ਹੋ ਰਹੇ ਹਨ। ਹਿੰਦੂ ਮੰਦਰਾਂ ਨੂੰਬਚਾਉਣ ਵਿਚ ਲੱਗੇ ਹਨ ਅਤੇ ਮੁਸਲਿਮ ਮਸਜਿਦਾਂ ਨੂੰ ਬਚਾ ਰਹੇ ਹਨ ਪਰ ਪੂਰੀ ਮਨੁੱਖਤਾ ਇਕ ਜੁੱਟ ਹੋ ਕੇ ਇਨਸਾਨ ਨੂੰ ਨਹੀਂ ਬਚਾ ਰਹੀ ਕਿਉਂ ਕਿ ਇਸ ਵੰਡ ਵਿਚ ਸਭ ਤੋਂ ਵੱਧ ਨੁਕਸਾਨ ਇਨਸਾਨ ਦਾ ਹੋ ਰਿਹਾ ਹੈ ਅਤੇ ਇਨਸਾਨੀਅਤ ਲੁੱਟੀ ਜਾ ਰਹੀ ਹੈ।

ਧਰਮ ਦੇ ਨਾਮ ਤੇ ਨਿਗੂਣੇ ਰੀਤੀ ਰਿਵਾਜ਼ਾਂ ਦਾ ਖੰਡਣ ਕਰਦੇ ਹੋਏ ਗੁਰਭਜਨ ਗਿੱਲ ਆਪਣੀ ਗ਼ਜ਼ਲ ਦੇ ਸ਼ਿਅਰ ਰਾਹੀਂ ਦਰਸਾਉਂਦੇ ਹਨ ਕਿ ਮੰਦਰਾਂ ਗੁਰੂਦੁਆਰਿਆਂ ਵਿਚ ਬੈਠਣ ਵਾਲੇ ਧਰਮ ਦੇ ਠੇਕੇਦਾਰ ਐਂਵੇ ਨਾਜਾਇਜ਼ ਹੀ ਭੋਲੇ-ਭਾਲੇ ਲੋਕਾਂ ਨੂੰ ਧਰਮ ਦੇ ਨਾਮ ਤੇ ਅੰਧ ਵਿਸ਼ਵਾਸਾਂ ਵਿਚ ਪਾ ਕੇ ਲੁੱਟੀ ਜਾ ਰਹੇ ਹਨ। ਅਜਿਹੇ ਧਾਰਮਿਕ ਝੰਡਾ ਬਰਦਾਰਾਂ ਨੂੰ ਸਿਰਫ਼ ਇਕ ਚੰਗੇ ਇਨਸਾਨ ਦੇ ਤੌਰ ਤੇ ਹੀ ਵਿਚਰਨਾ ਚਾਹੀਦਾ ਹੈ। ਉਸ ਨੂੰ ਐਂਵੇ ਨਾਜਾਇਜ਼ ਰੱਬ ਬਣ ਕੇ ਲੋਕਾਂ ਨੂੰ ਤੰਗ ਕਰਨ ਦਾ ਕੋਈ ਹੱਕ ਨਹੀਂ।

ਵੇਖਾ ਵੇਖੀ ਐਂਵੇ ਨਾ ਭਗਵਾਨ ਬਣ

ਬਣ ਸਕੇਂ ਤਾਂ ਦੋਸਤਾ ਇਨਸਾਨ ਬਣ।

(ਮਨ ਪਰਦੇਸੀ 24)

ਸਾਡਾ ਦੇਸ਼ ਧਾਰਮਿਕ ਆਗੂ ਕਹਾਉਣ ਵਾਲੇ ਠੱਗਾਂ ਪਿੱਛੇ ਲੱਗਿਆ ਹੋਇਆ ਹੈ ਅਤੇ ਉਹ ਠੱਗ ਆਪਣੀਆਂ ਜੇਬਾਂ ਭਰਨ ਲਈ ਲੋਕਾਂ ਦਾ ਚੰਗਾ ਫਾਇਦਾ ਚੁੱਕ ਰਹੇ ਹਨ। ਇਸ ਲੜੀ ਨੂੰ ਅੱਗੇ ਤੋਰਦੇ ਹੋਏ ਗੁਰਭਜਨ ਗਿੱਲ ਬਿਆਨਦਾ ਹੈ

ਕਿ ਮਨੁੱਖ ਆਪ ਮਿਹਨਤ ਮੁਸ਼ੱਕਤ ਕਰ ਕੇ ਰਾਜ਼ੀ ਨਹੀਂ ਅਤੇ ਬਹੁਤ ਪਾਉਣ ਲਈ ਉਹ ਸਾਧਾ-ਸੰਤਾਂ ਦੇ ਮਗਰ ਲੱਗਿਆ ਫਿਰਦਾ ਹੈ ਅਤੇ ਉਹ ਪਾਖੰਡੀ ਸਾਧ ਮਨੁੱਖ ਨੂੰ ਝੂਠੇ ਵਿਧਾਨਾਂ ਦੀਆਂ ਕਥਾਵਾਂ ਸੁਣਾ ਕੇ ਚੰਗੇ ਮੋਟੇ ਪੈਸੇ ਠੱਗਣ ਵਿਚ ਲੱਗਾ ਹੋਇਆ ਹੈ। ਜਦੋਂ ਬੰਦਾ ਪਾਖੰਡੀ ਸਾਧੂਆਂ ਦੇ ਦੱਸੇ ਵਿਧੀ ਵਿਧਾਨਾਂ ਪਿੱਛੇ ਲੱਗ ਜਾਂਦਾ ਹੈ ਤਾਂ ਉਹ ਮਾਨਸਿਕ ਪੱਖੋਂ ਅਤੇ ਆਰਥਿਕ ਪੱਖੋਂ ਉਜੜ ਕੇ ਰਹਿ ਜਾਂਦਾ ਹੈ। ਫਿਰ ਇਕਦੇ ਪਿੱਛੇ ਦੂਜਾ ਅਤੇ ਦੂਜੇ ਪਿੱਛੇ ਤੀਜਾ ਇਸ ਤਰ੍ਹਾਂ ਸਾਰਾ ਸੰਸਾਰ ਹੀ ਪਸ਼ੂਆਂ ਦੇ ਇੱਜੜ ਵਾਂਗੂ ਲਾਈਲੱਗ ਬਣਿਆ ਘੁੰਮ ਰਿਹਾ ਹੈ। ਆਖਿਰ ਨੂੰ ਠੱਗ ਸਾਧਾਂ ਦੇ ਮਗਰ ਲੱਗ ਕੇ ਬੰਦੇ ਦੇ ਹੱਥ ਕੁੱਝ ਨਹੀਂ ਥਿਆਉਂਦਾ। ਸਭ ਕੁੱਝ ਲੁੱਟ ਕੇ ਫਿਰ ਸਾਧੂ ਜਾਂ ਬਾਬੇ ਵੀ ਉੱਥੋਂ ਕੂਚ ਕਰ ਜਾਂਦੇ ਹਨ। ਦੁਨੀਆਂ ਨੂੰ ਜਿਹੜੇ ਸੰਤਾਂ ਤੇ ਭਰੋਸਾ ਹੁੰਦਾ ਸੀ ਕਿ ਇਹੀ ਸਾਨੂੰ ਮੁਸੀਬਤਾਂ ਵਿਚੋਂ ਬਾਹਰ ਕੱਢਣਗੇ ਫਿਰ ਉਹੀ ਪਾਖੰਡੀ ਸਮਾਧੀ ਲਾਉਣ ਦੇ ਬਹਾਨੇ ਕਿਸੇ ਨਵੇਂ ਸ਼ਿਕਾਰ ਦੀ ਭਾਲ ਵਿਚ ਤੁਰ ਜਾਂਦੇ ਹਨ। ਇਸ ਤਰ੍ਹਾਂ ਉਹ ਭੋਲੇ ਭਾਲੇ ਲੋਕਾਂ ਨੂੰ ਮੂਰਖ਼ ਬਣਾ ਕੇ ਤੁਰਦੇ ਬਣਦੇ ਹਨ।

ਜਦੋਂ ਵਿਧੀ ਤੇ ਵਿਧਾਨ ਜਾਣ ਬੰਦੇ ਪਿੱਛੇ ਲੱਗ

ਉਦੋਂ ਚੰਗਾ ਭਲਾ ਦੇਸ਼ ਬਣੇ ਪਸ਼ੂਆਂ ਦਾ ਵੱਗ।

ਜਿਹੜੇ ਸਿਧਾਂ ਨੇ ਸੁਧਾਰਨੀ ਸੀ ਜ਼ਿੰਦਗੀ ਦੀ ਤੋਰ

ਉਨ੍ਹਾਂ ਲਾ ਲਈ ਏ ਸਮਾਧੀ ਦੀਨ ਦੁਨੀਆਂ ਤੋਂ ਅਲੱਗ।

(ਮਨ ਪਰਦੇਸੀ 44)

ਨਿਗੂਣੇ ਰੀਤੀ ਰਿਵਾਜ਼ਾਂ ਦਾ ਖੰਡਨ ਦੇ ਸੰਦਰਭ ਵਿਚ ਗੁਰਭਜਨ ਗਿੱਲ ਕਹਿੰਦੇ ਹਨ ਕਿ ਪਾਖੰਡਵਾਦ ਦਾ ਪਸਾਰਾ ਇਸ ਕਦਰ ਫੈਲ ਚੁੱਕਿਆ ਹੈ ਕਿ ਸਿਰਫ਼ ਅਨਪੜ੍ਹ ਅਤੇ ਗਰੀਬ ਲੋਕ ਹੀ ਨਹੀਂ ਬਲਕਿ ਪੜ੍ਹੇ ਲਿਖੇ ਅਤੇ ਅਮੀਰ ਲੋਕ ਵੀ ਪੰਡਤਾਂ, ਬਾਬਿਆਂ, ਪਾਧਿਆਂ ਦੇ ਚੱਕਰਾਂ ਵਿਚ ਤੁਰੇ ਫਿਰਦੇ ਹਨ। ਉਹਨਾਂ ਨੇ ਲੋਕਾਂ ਨੂੰ ਜਨਮ ਪਤਰੀਆਂ ਅਤੇ ਟੇਵਿਆਂ ਵਿਚਲੇ ਵਿਧੀ ਵਿਧਾਨਾਂ ਵਿਚ ਅਜਿਹਾ ਉਲਝਾਇਆ ਹੈ ਕਿ ਲੋਕ ਉਹਨਾਂ ’ਤੇ ਅੱਖਾਂ ਬੰਦ ਕਰ ਕੇ ਵਿਸ਼ਵਾਸ ਕਰੀ ਜਾਂਦੇ ਹਨ। ਲੋਕਾਂ ਦੀ ਸੁਰਗਾਂ ਵਰਗੀ ਜ਼ਿੰਦਗੀ ਨੂੰ ਫਾਲਤੂ ਦੇ ਵਹਿਮਾਂ ਭਰਮਾਂ ਰਾਹੀਂ ਨਰਕ ਬਣਾਉਣ ਤੇ ਲੱਗੇ ਹੋਏ ਹਨ।

ਸੁਰਗਾਂਨੂੰ ਵੇਚ ਨਾ ਤੂੰ ਨਰਕਾਂ ਦਾ ਡਰ ਦੇ ਕੇ,

ਪਾਧਿਆਂ ਤੂੰ ਛੱਡ ਖਹਿੜਾ ਪੱਤਰੀਆਂ ਵਹੀਆਂ ਦਾ।

(ਮਨ ਪਰਦੇਸੀ 61)

ਧਰਮ ਦੇ ਠੇਕੇਦਾਰ ਲੋਕਾਂ ਨੂੰਆਪਣੇ ਮਗਰ ਲਗਾ ਕੇ ਦੂਜੇ ਧਰਮ ਦੇ ਧਾਰਮਿਕ ਅਸਥਾਨਾਂ ਨੂੰ ਢਹਿ ਢੇਰੀ ਕਰ ਰਹੇ ਹਨ। ਅਜਿਹੇ ਬੁੱਤਾਂ ਨੂੰ ਬਣਾਉਣ ਦਾ ਕੀ ਫਾਇਦਾ ਜਿਹੜੇ ਬਾਅਦ ਵਿਚ ਤੋੜਨੇ ਪੈਣ। ਰੱਬ ਬੁੱਤਾਂ ਵਿਚ ਨਹੀਂ ਅਤੇ

ਨਾ ਹੀ ਮੰਦਰਾਂ, ਮਸਜਿਦਾਂ, ਗੁਰੂਦੁਆਰਿਆਂ ਵਿਚ ਵਸਦਾ ਰੱਬ ਤਾਂ ਇਨਸਾਨੀਅਤ ਵਿਚ ਵੱਸਦਾ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਮੂਰਤੀ ਪੂਜਾ ਦਾ ਜੋਰਦਾਰ ਖੰਡਨ ਕੀਤਾ ਸੀ। ਮਿੱਟੀ ਦੀਆਂ ਮੂਰਤੀਆਂ ਤੇ ਦੁੱਧ, ਫ਼ਲ ਜਾਂ ਫ਼ੁੱਲ ਚੜਾਉਣ ਨਾਲੋਂ ਕਿਸੇ ਗਰੀਬ ਦੀ ਭੁੱਖ ਮਿਟਾ ਦਿੱਤੀ ਜਾਵੇ ਤਾਂ ਇਸ ਤੋਂ ਵੱਡਾ ਕੋਈ ਹੋਰ ਪੁੰਨ ਨਹੀਂ ਹੈ।

ਪਿੱਛੋਂ ਤੋੜਨੇ ਨਾ ਪੈਣ ਪਹਿਲਾਂ ਬੁੱਤ ਨਾ ਬਣਾਉ

ਕਦੇ ਮਿੱਟੀ ਦੇ ਦਿਓਤਿਆਂ ਨੂੰ ਫੁੱਲ ਨਾ ਚੜ੍ਹਾਉ।

(ਮਨ ਪਰਦੇਸੀ 83)

ਜਗਵਿੰਦਰ ਜੋਧਾ ਸਾਡੇ ਸਮਾਜ ਵਿਚਲੇ ਨਿਗੂਣੇ ਰੀਤੀ-ਰਿਵਾਜ਼ਾਂ ਬਾਰੇ ਆਪਣੀਆਂ ਗ਼ਜ਼ਲਾਂ ਵਿਚ ਲਿਖਦੇ ਹਨ। ਸਾਡੇ ਸਮਾਜ ਵਲੋਂ ਬਣਾਏ ਕਈ ਗਲਤ ਰੀਤੀ-ਰਿਵਾਜ਼ਾਂ ਧਰਮ ਦੇ ਠੇਕੇਦਾਰ ਉਸੇ ਤਰ੍ਹਾਂ ਹੀ ਰੱਖਣਾ ਚਾਹੁੰਦੇ ਹਨ। ਨੌਜਵਾਨ ਪੀੜ੍ਹੀ ਦੀ ਨਵੀਂ ਸੋਚ ਨਾਲ ਉਹ ਚਲਣਾ ਪਸੰਦ ਨਹੀਂ ਕਰਦੇ। ਜੇ ਨਵੀਂ ਪੀੜ੍ਹੀ ਕੋਈ ਜਨ ਹਿੱਤ ਲਈ ਪਰਿਵਰਤਨ ਲਿਆਉਣਾ ਚਾਹੁੰਦੀ ਹੈ ਤਾਂ ਉਸ ਪਰਿਵਰਤਨ ਵਿਚੋਂ ਪੁਰਾਣੇ ਬੰਦਿਆਂ ਨੂੰ ਸਿਰਫ ਬੇ ਮਤਲਬ ਦਾ ਰੌਲਾ ਹੀ ਲੱਗਦਾ ਹੈ। ਇਸ ਲਈ ਤਾਂ ਜਿਹੜੇ ਦਰੱਖ਼ਤ ਸੁਕਗਏ ਹਨ ਭਾਵ ਜੋ ਬਜੁਰਗ ਹੋ ਗਏ ਹਨ ਉਹਨਾਂ ਨੂੰ ਨਵੇਂ ਪੱਤਿਆਂ ਦੀ ਛਣਕਾਰ ਭਾਵ ਅਜੋਕੀ ਪੀੜ੍ਹੀ ਦੀਆਂ ਗੱਲਾਂ ਸਿਰਫ਼ ਰੌਲਾ ਰੱਪਾ ਹੀ ਲੱਗਦੀਆਂ ਹਨ। ਉਹਨਾਂ ਨੂੰ ਨਵੇਂ ਬਦਲਾਅ ਅੱਗੇ ਢਾਲਣਾ ਬਹੁਤ ਔਖਾ ਹੈ।

ਨਵ-ਪੁੰਗਰੇ ਪੱਤਿਆਂ ਦੀ ਛਣ-ਛਣ 'ਚੋਂ ਏਨ੍ਹਾਂ ਨੂੰ ਸ਼ੋਰ ਸੁਣੇ

ਸੁੱਕੇ ਰੁੱਖਾਂ ਨੂੰ ਪਰਿਵਰਤਨ ਸਮਝਾਉਣਾ ਆਸਾਨ ਨਹੀਂ।

(ਸਾਰੰਗੀ 23)

ਜਿਸ ਤਰ੍ਹਾਂ ਦਰਿਆ ਦੇ ਪਾਣੀ ਨੂੰ ਨਿਰੰਤਰ ਵਹਿੰਦੇ ਰਹਿਣ ਦੀ ਆਦਤ ਹੁੰਦੀ ਹੈ ਉਹ ਸਥਿਰ ਨਹੀਂ ਰਹਿ ਸਕਦਾ ਭਾਵੇਂ ਉਸ ਨੂੰ ਸਥਿਰ ਕਰਨ ਲਈ ਸੋਨੇ ਦੀ ਗਾਗਰ ਵਿਚ ਹੀ ਕਿਉਂ ਨਾ ਰੱਖਿਆ ਜਾਵੇ ਉਹ ਸੋਨੇ ਦੀ ਕੈਦ ਵਿਚ ਬਿਹਬਲ ਹੋ ਉੱਠਦਾ ਹੈ ਅਤੇ ਆਪਣੀ ਵਹਿੰਦੇ ਰਹਿਣ ਦੀ ਪ੍ਰਵਿਰਤੀ ਨੂੰ ਤਿਆਗ ਨਹੀਂ ਸਕਦਾ। ਬਿਲਕੁਲ ਇਸੇ ਤਰਾਂ ਹੀ ਗੋਰਖ ਨਾਥ ਕੋਲੋਂ ਕਿਸੇ ਜੋਗੀ ਨੂੰ ਨਹੀਂ ਪਾਇਆ ਜਾ ਸਕਦਾ ਕਿਉਂ ਕਿ ਜੋਗੀ ਵੀ ਕਦੇ ਵੀ ਕਿਸੇ ਕੈਦ ਵਿਚ ਰਹਿਣਾ ਪਸੰਦ ਨਹੀਂ ਕਰਦੇ ਉਹਨਾਂ ਨੇ ਪੂਰੀ ਦੁਨੀਆਂ ਦਾ ਭ੍ਰਮਣ ਤੁਰ ਫਿਰ ਕੇ ਹੀ ਕਰਨਾ ਹੁੰਦਾ ਹੈ। ਉਹ ਕੈਦ ਨਾ ਠੋਕਰ ਮਾਰਦੇ ਹਨ ਚਾਹੇ ਉਹ ਕੈਦ ਸੋਨੇ ਦੀਆਂ ਜੰਜ਼ੀਰਾਂ ਦੀਹੋਵੇ ਚਾਹੇ ਸੋਨੇ ਦੇ ਮਹਿਲਾਂ ਦੀ ਹੋਵੇ।

ਸੋਨੇ ਦੀ ਗਾਗਰ ਵਿਚ ਵੀ ਬੇਚੈਨ ਰਹੇ ਦਰਿਆ ਦਾ ਪਾਣੀ

ਏਨਾ ਸੋਚ ਲਵੀਂ ਜੋਗੀ ਨੂੰ ਗੋਰਖ ਕੋਲੋਂ ਮੰਗਣ ਲੱਗੀ

(ਬੇਤਰਤੀਬੀਆਂ 27)

ਸਿਜਦੇ ਦੀ ਐ ਰਸਮ ਜ਼ਰੂਰੀ ਸੀਸ ਨਿਵਾਉਣਾ ਪੈਂਦਾ ਐ

ਕਿੰਨੇ ਸਿਜਦੇ ਰੁਲ ਗਏ ਮੇਰੇ ਸਿਰ ਦੇ ਉੱਠਣੇ ਝੁੱਕਣੇ ਤਕ

(ਸੁਰਜੀਤ ਸਖੀ ਧੁੰਦ 19)

ਸਾਡੇ ਸਮਾਜ ਵਿਚ ਅੰਧ ਵਿਸ਼ਵਾਸ ਇਸ ਕਦਰ ਆਪਣਾ ਫਨ ਖਿਲਾਰੀ ਬੈਠਾ ਹੈ ਕਿ ਹਰ ਕੋਈ ਉਸ ਦੀ ਚਪੇਟ ਵਿਚ ਆ ਰਿਹਾ ਹੈ। ਲੋਕ ਆਪਣੀਆਂ ਮੰਨਤਾਂ ਪੂਰੀਆਂ ਕਰਨ ਲਈ ਪਾਖੰਡੀਆਂ ਦੀਆਂ ਗੱਲਾਂ ਵਿਚ ਆ ਕੇ ਕਈ ਤਰ੍ਹਾਂ ਦੇ ਟੂਣੇ-ਟੋਟਕੇ ਕਰਦੇ ਹਨ। ਅਮੀਰ ਲੋਕ ਗਰੀਬਾਂ ਨੂੰ ਦਾਨ ਦੇਣ ਦੀ ਬਜਾਏ ਖਾਣ ਪੀਣ ਜਾਂ ਪਹਿਨਣ ਵਾਲੀਆਂ ਵਸਤਾਂ ਨੂੰ ਨਦੀਆਂ ਵਿਚ ਜਲਪ੍ਰਵਾਹ ਕਰੀ ਜਾਂਦੇ ਹਨ। ਇਸ ਦੀ ਦੇਖਾ ਦੇਖੀ ਗਰੀਬ ਲੋਕ ਵੀ ਆਪਣਾ ਝੱਗਾ ਚੌੜ ਕਰਵਾਈ ਜਾਂਦੇ ਹਨ। ਇਸ ਸੰਦਰਭ ਵਿਚ ਸਾਡੀ ਪਰਵਾਸੀ ਗ਼ਜ਼ਲਕਾਰਾ ਸੁਰਜੀਤ ਸਖੀ ਆਪਣੀ ਗ਼ਜ਼ਲ ਦੇ ਸ਼ਿਅਰ ਰਾਹੀਂ ਮਨੁੱਖ ਦੇ ਅੰਧ ਵਿਸ਼ਵਾਸ ਨੂੰ ਪੇਸ਼ ਕਰਦੀ ਹੈ। ਉਹ ਮੰਨਤਾਂ ਮੰਗ ਕੇ ਮੰਨਤ ਦੇ ਰੂਪ ਵਿਚ ਕਿਸੇ ਵੀ ਭਗਵਾਨ ਦੀ ਮੂਰਤੀ ਨੂੰ ਜਲ ਪ੍ਰਵਾਹ ਕਰੀ ਜਾਂਦੇ ਹਨ। ਉਹਨਾਂ ਕੋਲ ਆਪਣਾ ਆਪ ਤਾਂ ਸਾਂਭਿਆ ਨਹੀਂ ਜਾਂਦਾ ਅਤੇ ਨਦੀਆਂ ਵਿਚ ਪੱਥਰਾਂ ਨੂੰ ਸੁੱਟੀ ਜਾਂਦੇ ਹਨ।

ਆਪਣਾ ਆਪ ਸਾਂਭਣ ਔਖਾ

ਤੁਰ ਪਏ ਲੋਕੀਂ ਪੱਥਰ ਤਾਰਨ।

(ਸੁਰਜੀਤ ਸਖੀ ਧੁੰਦ 54)

ਦੇਸ਼ ਚਾਹੇ ਕਿਹੜਾ ਵੀ ਹੋਵੇ ਅੰਧ-ਵਿਸ਼ਵਾਸਾਂ ਨੇ ਤਾਂ ਚਾਰੇ ਪਾਸੇ ਆਪਣੇ ਪੈਰ ਪਸਾਰ ਲਏ ਹਨ। ਪਾਖੰਡਵਾਦ ਪੂਰੀ ਦੁਨੀਆਂ ਵਿਚ ਦਿਨ-ਬ-ਦਿਨ ਫੈਲਦਾ ਹੀ ਜਾ ਰਿਹਾ ਹੈ। ਇਸ ਦਾ ਕਾਰਨ ਪਾਖੰਡੀ ਸਾਧੂ, ਬਾਬੇ ਜਾਂ ਸੰਤ ਨਹੀਂ ਹਨ ਬਲਕਿ ਸੰਸਾਰ ਦੀ ਜਨਤਾ ਦਾ ਕਰਮ ਨਾ ਕਰ ਕੇ ਕਿਸਮਤ ਵਿਚ ਵਿਸ਼ਵਾਸ ਰੱਖਣਾ ਹੈ। ਅਜਿਹੇ ਲੋਕ ਭੋਲੇ ਭਾਲੇ ਹੁੰਦੇ ਹਨ ਅਤੇ ਹਰ ਗੱਲ ਵਿਚ ਰੱਬ ਦੀ ਪ੍ਰਕੋਪੀ ਨੂੰ ਮਾੜੀ ਕਿਸਮਤ ਦਾ ਰੂਪ ਦੇ ਦਿੰਦੇ ਹਨ। ਉਹਨਾਂ ਦੇ ਇਸ ਭੋਲੇਪਨ ਦਾ ਪਾਖੰਡੀ ਰੱਜ ਕੇ ਫ਼ਾਇਦਾ ਚੁੱਕਦੇ ਹਨ। ਇਸ ਸੰਦਰਭ ਵਿਚ ਸਾਡੀ ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਨਿਗੂਣੇ ਰੀਤੀ ਰਿਵਾਜ਼ਾਂ ਦੇ ਖੰਡਣ ਨੂੰ ਬਿਆਨਦੀ ਆਪਣੀ ਗ਼ਜ਼ਲ ਦੇ ਸ਼ਿਅਰ ਰਾਹੀਂ ਪੇਸ਼ ਕਰਦੀ ਹੈ ਕਿ ਲੋਕਾਂ ਦੇ ਭੋਲੇਪਨ ਦਾ ਨਾਜਾਇਜ਼ਫ਼ਾਇਦਾ ਪਾਖੰਡੀ ਬਾਬੇ ਚੁੱਕਦੇ ਹਨ। ਉਹ ਆਪਣੀਆਂ ਜੇਬਾਂ ਭਰੀ ਜਾਂਦੇ ਹਨ ਅਤੇ ਲੋਕਾਂ ਨੂੰ ਆਪਣੀਆਂ ਝੂਠੀਆਂ ਮਨ ਠੱਗਣ ਵਾਲੀਆਂ ਗੱਲਾਂ ਵਿਚ ਲੈ ਕੇ ਲੁੱਟੀ ਜਾਂਦੇ ਹਨ। ਇਸ ਤਰ੍ਹਾਂ ਭੋਲੇ ਲੋਕਾਂ ਨੂੰ ਦੇਖਕੇ ਉਹਨਾਂ ਨੂੰ ਲ਼ੁੱਟਣ ਵਾਲੇ ਲੁੱਟ ਰਹੇ ਹਨ।

ਵੇਖ ਕੇ ਲੋਕੀਂ ਭੋਲੇ ਭਾਲੇ

ਲੱਭ ਲੈਂਦੇ ਨੇ ਲੁੱਟਣ ਵਾਲੇ

(ਸ਼ੀਸ਼ਾ 45)

ਅਜੋਕੇ ਪਾਖੰਡਵਾਦ ਦੇ ਦੌਰ ਵਿਚ ਸਾਨੂੰ ਜ਼ਰੂਰਤ ਹੈ ਇਹਨਾਂ ਤੋਂ ਦੂਰ ਰਹਿ ਕੇ ਆਪਣਾ ਅਤੇ ਆਪਣੇ ਸਮਾਜ ਦਾ ਵਿਕਾਸ ਕਰ ਸਕੀਏ। ਇਹਨਾਂ ਪਾਖੰਡਾਂ ਨੂੰ ਅਜੋਕੇ ਲੇਖਕ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰ ਕੇ ਮਨੁੱਖ ਨੂੰ ਜਾਗਰੂਕ ਕਰਦਾ ਹੈ ਤਾਂ ਜੋ ਮਾਨਵ ਇਹਨਾਂ ਤੋਂ ਬੱਚ ਸਕੇ ਅਤੇ ਤਰੱਕੀ ਦੇ ਰਾਹ ਵੱਲ ਪਲਾਂਘਾ ਪੁੱਟ ਸਕੇ ਕਿਉਂ ਕਿ ਨਿਗੂਣੇ ਰੀਤੀ ਰਿਵਾਜ਼ ਸਾਡੀ ਤਰੱਕੀ ਅਤੇ ਸਾਡੇ ਵਿਕਾਸ ਦੇ ਰਾਹ ਵਿਚ ਰੋੜੇ ਹੁੰਦੇ ਹਨ। ਇਹਨਾਂ ਤੋਂ ਅਲੱਗ ਰਹਿਣਾ ਹੀ ਮਨੁੱਖਤਾ ਦੇ ਲਈ ਸਹੀ ਹੈ।

### 2.6 ਧਾਰਮਿਕ ਅੰਧ ਵਿਸ਼ਵਾਸ ਦਾ ਵਿਰੋਧ:

ਅਸੀਂ ਜਿਸ ਸਮਾਜ ਦਾ ਹਿੱਸਾ ਹਾਂ ਉਸ ਸਮਾਜ ਵਿਚ ਧਾਰਮਿਕਤਾ ਨੂੰ ਬਹੁਤ ਤਰਜੀਹ ਦਿੱਤੀ ਜਾਂਦੀ ਹੈ। ਸਾਡੇ ਸਮਾਜ ਵਿਚ ਹਰੇਕ ਧਰਮ ਦੇ ਲੋਕ ਰਹਿੰਦੇ ਹਨ। ਹਰੇਕ ਧਰਮ ਦੇ ਲੋਕਾਂ ਨੇ ਆਪਣੇ ਵੱਖਰੇ ਪੂਜਾ ਸਥਲ ਬਣਾਏ ਹੋਏ ਹਨ।ਧਰਮ ਦੀ ਆੜ ਵਿਚ ਧਰਮ ਦੇ ਆਗੂ ਲੋਕਾਂ ਨੂੰ ਵਾਧੂ ਲੁੱਟ ਰਹੇ ਹਨ। ਸਾਡੇ ਦੇਸ਼ ਵਿਚ ਜਿੰਨੇ ਧਾਰਮਿਕ ਸਥਾਨਾਂ ਦੀ ਬਹੁਲਤਾ ਹੈ ਕਿਤੇ ਉਨੀ ਬਹੁਲਤਾ ਮੁਫ਼ਤ ਸਿਖ਼ਲਾਈ ਸੰਸਥਾਨਾਂ ਦੀ, ਸਿੱਖਿਆ ਸੰਸਥਾਵਾਂ ਦੀ ਅਤੇ ਹਸਪਤਾਲਾਂ ਦੀ ਹੋਵੇ ਤਾਂ ਦੇਸ਼ ਦਾ ਵਿਕਾਸ ਨਿਸ਼ਚਿਤ ਹੈ। ਪਰ ਦੇਸ਼ ਦੀ ਜਨਤਾ ਗਲਤ ਆਗੂਆਂ ਦੇ ਵੱਸ ਪਈ ਹੋਈ ਹੈ। ਲੋਕ ਇਹ ਨਹੀਂ ਸਮਝਦੇ ਕਿ ਇਹ ਧਾਰਮਿਕ ਆਗੂ ਆਪਣੇ ਸੁਆਰਥਾਂ ਨੂੰ ਤਰਜੀਹ ਦਿੰਦੇ ਹੋਏ ਲੋਕਾਂ ਨੂੰ ਆਪਸ ਵਿਚ ਲੜਾਉਂਦੇ ਹਨ ਅਤੇ ਧਾਰਮਿਕ ਅੰਧ ਵਿਸ਼ਵਾਸਾਂ ਵੱਲ ਤੋਰਦੇ ਹਨ। ਇਹਨਾਂ ਗੱਲਾਂ ਨੂੰ ਮੁੱਖ ਰੱਖਦੇ ਹੋਏ ਸਾਡੇ ਸਾਹਿਤਕਾਰ ਆਪਣੀਆਂ ਗ਼ਜ਼ਲਾਂ ਰਾਹੀਂ ਇਹਨਾਂ ਦਾ ਵਰਣਨ ਕਰਦੇ ਹਨ ਤਾਂ ਜੋ ਇਹਨਾਂ ਦਾ ਖੰਡਨ ਕੀਤਾ ਜਾ ਸਕੇ। ਲੋਕਾਂ ਦੇ ਦਿਲ ਦਿਮਾਗ ਵਿਚ ਧਾਰਮਿਕ ਅੰਧ ਵਿਸ਼ਵਾਸ ਇਕ ਕੀੜੇ ਦੀ ਤਰ੍ਹਾਂ ਘਰ ਕਰ ਗਿਆ ਹੈ। ਹਰੇਕ ਮਜ਼ਹਬ ਦੇ ਲੋਕ ਆਪੋ ਆਪਣੇ ਧਰਮ ਦੀ ਵਡਿਆਈ ਦੀ ਖ਼ਾਤਿਰ ਦੰਗੇ ਕਰਵਾ ਰਹੇ ਹਨ ਅਤੇ ਇਕਦੂਜੇ ਦਾ ਖ਼ੂਨ ਵਹਾਉਣ ਤੋਂ ਵੀ ਗੁਰੇਜ਼ ਨਹੀਂ ਕਰ ਰਹੇ। ਹਰੇਕ ਧਰਮ ਦੇ ਆਗੂ ਲੋਕਾਂ ਨੂੰ ਆਪਣੇ ਪਿੱਛੇ ਲਾ ਕੇ ਦੰਗੇ, ਫ਼ਸਾਦ ਕਰਵਾਉਂਦੇ ਹਨ ਅਤੇ ਆਪ ਦੂਰ ਖੜੇ ਤਮਾਸ਼ਾ ਵੇਖਦੇ ਹਨ। ਇਸ ਗੱਲ ਦੇ ਸੰਦਰਭ ਵਿਚ ਗੁਰਭਜਨ ਗਿੱਲ ਆਪਣੇ ਸ਼ਿਅਰ ਰਾਹੀਂ ਆਖਦਾ ਹੈ ਕਿ ਧਰਮ ਬਾਜ਼ਾਰਾਂ ਵਿਚ ਆਮ ਵਿਕਦਾ ਹੈ। ਧਰਮ ਦੇ ਨਾਮ ਧਾਰਮਿਕ ਆਗੂ ਪੈਸੇ, ਨਸ਼ੇ ਜਾਂ ਕਿਸੇ ਹੋਰ ਤਰ੍ਹਾਂ ਦਾ ਲਾਲਚ ਦੇ ਕੇ ਇਕ ਧਰਮ ਦੇ ਲੋਕਾਂ ਨੂੰ ਦੂਜੇ ਧਰਮ ਦੇ ਲੋਕਾਂ ਨਾਲ ਲੜਾਉਂਦੇ ਹਨ। ਪਰ ਕਈ ਸਮਝਦਾਰ ਲੋਕਾਂ ਦੇ ਮਨ ਤੋਂ ਇਸ ਤਰ੍ਹਾਂ ਦੇ ਵਹਿਮ ਲਹਿ ਗਏ ਹਨ ਕਿ ਧਾਰਮਿਕ ਹੋਣਾ ਗਲਤ ਨਹੀਂ ਹੈ ਪਰ ਧਰਮ ਦੀ ਆੜ ਵਿਚ ਗਲਤ ਕੰਮ ਕਰਨੇ ਗਲਤ ਹੈ।

ਧਰਮ ਨੂੰ ਬਾਜ਼ਾਰ ਵਿਚ ਵਿਕਦਾ ਮੈਂ ਅੱਖੀਂ ਵੇਖਿਐ

ਤੂੰ ਭੁਲੇਖਾ ਪਾਲ ਭਾਵੇਂ ਮੇਰੇ ਮਨ ਤੋਂ ਲਹਿ ਗਿਆ।

(ਮਨ ਪਰਦੇਸੀ 48)

ਬੰਦੇ ਦੀ ਵਲਦੀਅਤ ਪੈਸਾ ਜਦ ਬਦਲੇ

ਧਰਮ ਅਤੇ ਇਖ਼ਲਾਕ ਵੀ ਕਾਣੇ ਹੋ ਜਾਂਦੇ।

(ਮਨ ਪਰਦੇਸੀ 49)

ਧਾਰਮਿਕ ਅੰਧ-ਵਿਸ਼ਵਾਸਾਂ ਦਾ ਵਿਰੋਧ ਦੇ ਸੰਦਰਭ ਵਿਚ ਗ਼ਜ਼ਲਗੋ ਗੁਰਭਜਨ ਗਿੱਲ ਲਿਖਦੇ ਹਨ ਕਿ ਸਾਰੀ ਮਨੁੱਖਤਾ ਜਾਤ-ਪਾਤ, ਧਰਮ, ਗੋਤਾਂ ਵਿਚ ਵੰਡੀ ਹੋਈ ਹੈ। ਹਾਲੇ ਵੀ ਕਈ ਲੋਕਾਂ ਦੇ ਦਿਮਾਗ ਵਿਚੋਂ ਜਾਤ-ਪਾਤ, ਗੋਤ, ਧਰਮ ਦਾ ਭੂਤ ਨਹੀਂ ਉਤਰਦਾ। ਇਹਨਾਂ ਨੇ ਮਨੁੱਖਤਾ ਨੂੰ ਆਪਣਾ ਗੁਲਾਮ ਬਣਾਇਆ ਹੋਇਆ ਹੈ। ਸਾਰੀ ਲੋਕਾਈ ਸਿੰਘ, ਸ਼ਰਮਾ, ਖਾਨ, ਮਸੀਹ ਆਦਿ ਜਿਹੇ ਉਪਨਾਮਾਂ ਦੇ ਅਰਥਾਂ ਵਿਚ ਹੀ ਗੁਆਚੀ ਪਈ ਹੈ। ਭਾਵ ਸਿੱਖ, ਹਿੰਦੂ, ਮੁਸਲਿਮ, ਇਸਾਈ ਆਦਿ ਧਰਮਾਂ ਵਿਚ ਗੁਆਚੀ ਇਨਸਾਨੀਅਤ ਨੂੰ ਭੁੱਲੀ ਫਿਰਦੀ ਹੈ।

ਜਾਤਾਂ, ਗੋਤਾਂ, ਧਰਮਾਂ ਨੇ ਬਟਿਆਂ 'ਚ ਵੰਡਿਆ ਹੈ

ਰੁਲ਼ ਕੇ ਵੀ ਅਸੀਂ ਹਾਲੇ ਨਾਵਾਂ ਦੇ ਗ਼ੁਲਾਮ ਹਾਂ।

(ਮਨ ਪਰਦੇਸੀ 57)

ਧਾਰਮਿਕ ਅੰਧ ਵਿਸ਼ਵਾਸਾਂ ਦਾ ਵਿਰੋਧ ਇਸ ਨੂੰ ਸਪੱਸ਼ਟ ਕਰਦਿਆਂ ਗੁਰਭਜਨ ਗਿੱਲ ਲਿਖਦੇ ਹਨ ਕਿ ਜੇ ਕਰ ਧਰਮ ਦੇ ਨਾਮਤੇ ਹੋ ਰਹੇ ਫ਼ਸਾਦਾਂ ਲਈ ਅਸੀਂ ਧਾਰਮਿਕ ਆਗੂਆਂ ਨੂੰ ਗਲਤ ਠਹਿਰਾਇਐ ਤਾਂ ਇਹ ਕਿਤੇ ਨਾ ਕਿਤੇ ਥੋੜਾ ਜਿਹਾ ਗਲਤ ਲੱਗਦਾ ਹੈ ਕਿਉਂ ਕਿ ਇਸ ਤਰ੍ਹਾਂ ਦੇ ਹਾਲਾਤ ਬਣਾਉਣ ਵਿਚ ਸਾਰਾ ਕਸੂਰ ਉਹਨਾਂ ਦਾ ਨਹੀਂ ਹੁੰਦਾ ਬਹੁਤੇ ਕਸੂਰਵਾਰ ਉਹ ਲੋਕ ਹੁੰਦੇ ਹਨ ਜਿਹੜੇ ਆਪਸੀ ਇਤਫ਼ਾਕ ਬਣਾ ਕੇ ਨਹੀਂ ਰੱਖਦੇ। ਸਭ ਕੁੱਝ ਤਾਂ ਧਾਰਮਿਕ ਠੇਕੇਦਾਰਾਂ ਨੇ ਨਹੀਂ ਕੀਤਾ ਹੁੰਦਾ ਇਸ ਤਰ੍ਹਾਂ ਦੇ ਹਾਲਾਤਾਂ ਲਈ ਸਾਡੇ ਆਪਣੇ ਦਿਮਾਗ ਅਤੇ ਸਾਡੀ ਆਪਣੀ ਨਿਯਤ ਦਾ ਵੀ ਅਹਿਮ ਰੋਲ ਹੈ। ਜੇ ਅਸੀਂ ਇਕਜੁੱਟਤਾ ਰੱਖੀਏ ਤਾਂ ਕੀ ਮਜ਼ਾਲ ਉਹਨਾਂ ਲੋਕਾਂ ਦੀ ਕੀ ਸਾਡੇ ਵਿਚ ਫ਼ਸਾਦ ਕਰਵਾ ਸਕਣ।

ਸਾਰਾ ਕੁਝ ਹੀ ਵੈਰੀਆਂ ਨੇ ਤਾਂ ਸਾਡੇ ਮੱਥੇ ਤੇ ਨਹੀਂ ਲਿਖਿਆ,

ਸਾਡੀ ਗ਼ਫ਼ਲਤ ਵੀ ਕੁਝ ਸ਼ਾਮਿਲ ਏਦਾਂ ਦੇ ਹਾਲਾਤ ਬਣਨ ਲਈ।

(ਮਨ ਪਰਦੇਸੀ 85)

ਪਰਵਾਸੀ ਗ਼ਜ਼ਲਕਾਰਾ ਸੁਰਜੀਤ ਸਖੀ ਧਾਰਮਿਕ ਰੀਤੀ ਰਿਵਾਜ਼ਾਂ ਦਾ ਵਿਰੋਧ ਦੇ ਸੰਦਰਭ ਵਿਚ ਆਪਣੇ ਇਕ ਸ਼ਿਅਰ ਰਾਹੀਂ ਲਿਖਦੀ ਹੈ ਕਿ ਕਦੇ ਵੀ ਕਿਸੇ ਤਰ੍ਹਾਂ ਦੀ ਬੰਦਿਸ਼ ਵਿਚ ਰਹਿ ਕੇ ਜਾਂ ਕਿਸੇ ਦੇ ਡਰ ਵਜੋਂ ਕਦੇ ਵੀ ਸਿਰ ਨਹੀਂ ਝੁਕਾਏ ਜਾਂਦੇ। ਰੱਬ ਨੂੰ ਧਿਆਉਣ ਲਈ ਕਿਸੇ ਬੰਦਿਸ਼ਾਂ ਦੀ ਜ਼ਰੂਰਤ ਨਹੀਂ ਹੁੰਦੀ। ਕਿਸੇ ਰਸਮ ਰਿਵਾਜ਼ ਜਾਂ ਧਾਰਮਿਕ ਬੰਦਿਸ਼ਾਂ ਤੋਂ ਵੀ ਅੱਲ੍ਹਾ ਜਾਂ ਰੱਬ ਦੀ ਬੰਦਗੀ ਹੋ ਜਾਂਦੀ ਹੈ।

ਪਾਬੰਦ ਫ਼ਿਜ਼ਾ ਵਿਚ ਸਾਡੇ ਤੋਂ ਪਾਬੰਦ ਇਬਾਦਤ ਨਾ ਹੋਈ

ਬਿਨ ਈਦ ਨਿਬਾਹੇ ਨੇ ਰੋਜ਼ੇ ਬੇਵਕਤ ਨਮਾਜ਼ਾਂ ਪੜ੍ਹੀਆਂ ਨੇ।

(ਧੁੰਦ 14)

ਕੈਨੇਡੀਅਨ ਸ਼ਾਇਰ ਗੌਤਮ ਅਜੋਕੇ ਪਾਖੰਡਵਾਦ ਦੇ ਦੌਰ ਵਿਚ ਵਿਚਰਦੇ ਪਾਖੰਡੀਆਂ ਨੂੰ ਸੰਬੋਧਨ ਕਰਦਾ ਕਹਿੰਦਾ ਹੈ ਕਿ ਹਮੇਸ਼ਾ ਮਾਇਆ ਇਕੱਠੀ ਕਰਨ ਵਿਚ ਅਤੇ ਭੋਲੇ-ਭਾਲੇ ਲੋਕਾਂ ਨੂੰ ਮੂਰਖ ਬਣਾਉਣ ਵਿਚ ਹੀ ਨਾ ਲੱਗਿਆ ਰਹਿ ਕਦੇ ਰੱਬ ਦੀ ਸੱਚੇ ਦਿਲ ਤੋਂ ਅਰਾਧਨਾ ਵੀ ਕਰਿਆ ਕਰ। ਕਦੇ ਪਾਠ ਕਰ ਅਰਦਾਸ ਕਰ ਲੋਕਾਈ ਦਾ ਭਲਾ ਕਰ। ਤੂੰ ਇਹ ਸਭ ਗੱਲਾਂ ਤੇਰੇ ਪਾਖੰਡ ਦੇ ਝਾਂਸੇ ਵਿਚ ਆਏ ਲੋਕਾਂ ਨੂੰ ਸਮਝਾਉਂਦਾ ਰਹਿੰਦਾ ਏ। ਕਦੇ ਇਸ ਗੱਲ ਤੇ ਆਪ ਵੀ ਅਮਲ ਕਰਨਾ ਸਿਖ।

ਸਦਾ ਚਿੰਤਾ ਦੇ ਵਿਚ ਰਹਿਨੈਂ ਕਦੇ ਚਿੰਤਨ ਦੇ ਵਿਚ ਵੀ ਆ

ਜੋ ਹੋਰਾਂ ਨੂੰ ਪਿਆ ਕਹਿਨੈਂ ਕਦੇ ਖ਼ੁਦ ਨੂੰ ਵੀ ਤਾਂ ਸਮਝਾ

(ਗੌਤਮ ਸੁਪਨੇ ਸੌਣ ਨਾ ਦਿੰਦੇ 30)

ਇਸੇ ਗੱਲ ਨੂੰ ਅੱਗੇ ਤੋਰਦਿਆਂ ਸ਼ਾਇਰ ਕਹਿੰਦਾ ਹੈ ਕਿ ਮੰਨਿਆ ਕਿ ਤੇਰੇ ਝੂਠੇ ਦਰਬਾਰ ਦੀ ਚਕਾਚੌਂਧ ਨੇ ਦੁਨੀਆਂ ਨੂੰ ਅੰਨਾ ਕਰ ਦਿੱਤਾ ਹੈ ਅਤੇ ਉਹ ਤੇਰੇ ਪਾਖੰਡ ਨੂੰ ਸੱਚ ਸਮਝ ਕੇ ਤੇਰੇ ਤੋਂ ਆਪਣੀਆਂਸਮੱਸਿਆਵਾਂ ਦੇ ਸਮਾਧਾਨ ਲਈ ਲੱਖਾਂ ਰੁਪਏ ਵਾਰ ਰਹੇ ਹਨ ਪਰ ਉਹ ਲੋਕ ਤੇਰੇ ਝੂਠ ਤੋਂ ਪੂਰੀ ਤਰ੍ਹਾਂਨਾਲ ਅਨਜਾਨ ਹਨ। ਉਹ ਤੇਰੇ ਵਰਗੇ ਪਾਖੰਡੀ ਸਾਧੂਆਂ ਤੋਂ ਆਪਣੀ ਪਾਪ ਦੀ ਕਮਾਈ ਲੁਟਾ ਰਹੇ ਹਨ।

ਬੜੀ ਰੌਣਕ ਬੜੀ ਮਾਇਆ ਤੇਰੇ ਦਰਬਾਰ ਦੇ ਉੱਤੇ

ਕਮਾਉਂਦੀ ਪਾਪ ਜੋ ਦੁਨੀਆਂ ਤੇਰਾ ਹਿੱਸਾ ਚੜ੍ਹਾਉਂਦੀ ਹੈ

(ਗੌਤਮ ਸੁਪਨੇ ਸੌਣ ਨਾ ਦਿੰਦੇ 33)

ਗੌਤਮ ਇਸ ਪਾਖੰਡਵਾਦ ਦੀ ਲੜੀ ਨੂੰ ਅੱਗੇ ਤੋਰਦਾ ਕਹਿੰਦਾ ਹੈ ਕਿ ਚਾਰੇ ਪਾਸੇ ਝੂਠ ਫਰੇਬ ਦਾ ਹੀ ਪਸਾਰਾ ਹੈ। ਕਿਤੇ ਕਿਸੇ ਸਾਧੂ ਨੇ ਆਪਣੇ ਐਬ ਲੁਕਾਉਣ ਲਈ ਨੀਲਾ, ਹਰਾ, ਚਿੱਟਾ ਅਤੇ ਭਗਵਾਂ ਭੇਸ ਧਾਰਿਆ ਹੋਇਆ ਹੈ। ਇਹਨਾਂ ਰੰਗਾਂ ਤੋਂ ਬਾਹਰ ਨਹੀਂ ਹੋਇਆ ਜਾ ਸਕਦਾ ਕਿਉਂ ਕਿ ਇਹਨਾਂ ਰੰਗਾਂ ਦੇ ਸਹਾਰੇ ਹੀ ਤਾਂ ਝੂਠੀ ਪਾਪ ਦੀ ਕਮਾਈ ਕੀਤੀ ਜਾ ਰਹੀ ਹੈ।

ਕਿਤੇ ਭਗਵਾਂ ਕਿਤੇ ਨੀਲਾ, ਹਰਾ ਤੇ ਲਾਲ ਜਾਂ ਚਿੱਟਾ

ਇਨ੍ਹਾਂ ਰੰਗਾਂ 'ਚੋਂ ਕੋਈ ਸ਼ਖ਼ਸ਼ ਬਾਹਰ ਹੋ ਨਹੀਂ ਸਕਦਾ

ਪੜ੍ਹਾਵੇ ਪਾਠ ਨਫ਼ਰਤ ਦਾ ਤੇ ਦਹਿਸ਼ਤ ਦਿਲ 'ਚ ਪਾਵੇ ਜੋ

ਕੋਈ ਮੰਨੇ ਕੋਈ ਪੂਜੇ ਉਹ ਕਾਦਰ ਹੋ ਹੀ ਨਹੀਂ ਸਕਦਾ

(ਗੌਤਮ ਸੁਪਨੇ ਸੌਣ ਨਾ ਦਿੰਦੇ 47)

ਸ਼ਾਇਰ ਲਿਖਦਾ ਹੈ ਕਿ ਜੇ ਸਾਰੇ ਮਨੁੱਖਾਂ ਦੇ ਮਨ ਵੈਰ ਵਿਰੋਧ ਤੋਂ ਪਰਾਂ ਹੋ ਜਾਣ ਤਾਂ ਸਭ ਦੇ ਮਨਾਂ ਅੰਦਰ ਇਕ ਦੂਜੇ ਲਈ ਪਿਆਰ, ਸਤਿਕਾਰ ਦੀ ਭਾਵਨਾ ਪੈਦਾ ਹੋ ਜਾਵੇਗੀ ਤਾਂ ਲੋਕਾਂ ਨੂੰ ਮੰਦਿਰ ਮਸਜਿਦ ਜਾਣ ਦੀ ਜ਼ਰੂਰਤ ਹੀ ਨਹੀਂ ਹੋਏਗੀ ਕਿਉਂ ਕਿ ਰੱਬ ਤਾਂ ਦਿਲਾਂ ਵਿਚ ਵਸਣ ਲੱਗ ਜਾਂਦਾ ਹੈ ਅਤੇ ਦਿਲ ਹਉਮੈ ਹੰਕਾਰ ਤੋਂ ਮੁਕਤ ਹੋ ਜਾਂਦਾ ਹੈ। ਫਿਰ ਮੰਦਰਾਂ ਦੀ ਜ਼ਰੂਰਤ ਪੂਜਾ ਪਾਠ ਲਈ ਨਹੀਂ ਬਲਕਿ ਇਸ ਲਈ ਹੋਏਗੀ ਕਿ ਬੇਘਰ ਇਨਸਾਨਾਂ ਨੂੰ ਛੱਤ ਮਿਲ ਸਕੇ ਅਤੇ ਉਹ ਆਪਣਾ ਕੁਦਰਤੀ ਆਫ਼ਤਾਂ ਤੋਂ ਆਪਣਾ ਬਚਾਅ ਕਰ ਸਕਣ।

ਦਿਲਾਂ ਵਿਚ ਰੱਬ ਵਸਦਾ ਜੇ ਤਾਂ ਫਿਰ ਕੀ ਲੋੜ ਮੰਦਰਾਂ ਦੀ

ਜੋ ਬੇਘਰ ਹੈ ਉਸੇ ਨੂੰ ਹੀ ਇਮਾਰਤ ਦੀ ਜ਼ਰੂਰਤ ਹੈ

(ਗੌਤਮ ਸੁਪਨੇ ਸੌਣ ਨਾ ਦਿੰਦੇ 68)

ਧਾਰਮਿਕਤਾ ਦੇ ਨਾਮ ਤੇ ਧਰਮ ਦੇ ਠੇਕੇਦਾਰ ਜਨਤਾ ਨੂੰ ਆਪਸ ਵਿਚ ਲੜਾ ਕੇ ਲੁੱਟ ਰਹੇ ਹਨ। ਅਜੋਕੇ ਗ਼ਜ਼ਲਕਾਰ ਇਸ ਦਾ ਵਰਣਨ ਆਪਣੀਆਂ ਗ਼ਜ਼ਲਾਂ ਵਿਚ ਕਰਦੇ ਹਨ।

### 2.7 ਸਿੱਖਿਆ ਸੰਸਥਾਵਾਂ ਦੀ ਸਮਾਜ ਨਿਰਮਾਣ ਵਿਚ ਭੂਮਿਕਾ:

ਸਾਡੇ ਦੇਸ਼ ਸਾਡੇ ਸਮਾਜ ਵਿਚ ਸਿੱਖਿਆ ਸੰਸਥਾਵਾਂ ਦਾ ਬਹੁਤ ਮਹੱਤਵਪੂਰਨ ਰੋਲ ਹੈ। ਸਾਡੇ ਸਮਾਜ ਨੂੰ ਵੱਧ ਤੋਂ ਵੱਧ ਇਹਨਾਂ ਦੀ ਲੋੜ ਹੈ। ਮੰਦਰਾਂ, ਮਸਜਿਦਾਂ ਜਾਂ ਗੁਰੂਦੁਆਰਿਆਂ ਦੇ ਨਾਲ-ਨਾਲ ਮੁਫ਼ਤ ਸਿਖਿਅਕ ਸੰਸਥਾਵਾਂ, ਸਿਖਲਾਈ ਕੇਂਦਰਾਂ ਅਤੇ ਹਸਪਤਾਲਾਂ ਦੀ ਵੀ ਜ਼ਰੂਰਤ ਹੈ। ਇਹਨਾਂ ਸੰਸਥਾਵਾਂ ਨਾਲ ਸਾਡੇ ਦੇਸ਼ ਅਤੇ ਸਮਾਜ ਦਾ ਨਿਰਮਾਣ

ਹੁੰਦਾ ਹੈ। ਜੋ ਕਿ ਸਾਡੇ ਦੇਸ਼ ਦੀ ਆਰਥਿਕ ਖੁਸ਼ਹਾਲੀ ਲਈ ਸਹਾਇਕ ਹੈ। ਜੇ ਦੇਸ਼ ਅਤੇ ਸਮਾਜ ਖੁਸ਼ਹਾਲ ਹੈ ਤਾਂ ਫਿਰ ਉੱਨਤੀ ਦੇ ਰਾਹ ਖੁੱਲ੍ਹ ਜਾਂਦੇ ਹਨ। ਸਿੱਖਿਆ ਸੰਸਥਾਵਾਂ ਦੀ ਸਮਾਜ ਨਿਰਮਾਣ ਵਿਚ ਭੂਮਿਕਾ ਦੇ ਆਧਾਰ ਤੇ ਗੁਰਭਜਨ ਗਿੱਲ ਇਕ ਸ਼ਿਅਰ ਰਾਹੀਂ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਜਿੱਥੇ ਸਿੱਖਿਆ ਸੰਸਥਾਵਾਂ ਸਮਾਜ ਦੇ ਨਿਰਮਾਣ ਵਿਚ ਸਹਾਈ ਹੁੰਦੀਆਂ ਹਨ। ਉੱਥੇ ਇਹਨਾਂ ਦੀ ਆੜ ਵਿਚ ਬੱਚੇ ਮਾਪਿਆਂ ਨੂੰ ਮੂਰਖ਼ ਬਣਾਉਣ ਵਿਚ ਕੋਈ ਕਸਰ ਨਹੀਂ ਛੱਡ ਰਹੇ। ਉਹ ਸਕੂਲ ਜਾਂ ਕਾਲਜ ਜਾਣ ਦੇ ਬਹਾਨੇ ਐਸ਼ ਪ੍ਰਸਤੀ ਵਿਚ ਮਸ਼ਰੂਫ਼ ਰਹਿੰਦੇ ਹਨ ਅਤੇ ਮਾਂ ਬਾਪ ਨੂੰ ਵਰਗਲਾ ਕੇ ਉਹਨਾਂ ਤੋਂ ਚੰਗੇ ਪੈਸੇ ਲੈ ਕੇ ਆਵਾਰਾ ਬਣੇ ਫਿਰਦੇ ਹਨ।

ਮੱਝੀਆਂ ਦੀ ਥਾਂ ਮਾਪਿਆਂ ਨੂੰ ਅੱਜ ਚਾਰ ਰਹੇ,

ਫਿਰਦੇ ਵੱਗ ਅਵਾਰਾ ਰਾਂਝੇ ਹੀਰਾਂ ਦੇ।

(ਮਨ ਪਰਦੇਸੀ 17)

ਸਾਡੇ ਸਮਾਜ ਵਿਚ ਸਿੱਖਿਆ ਸੰਸਥਾਵਾਂ ਦਾ ਵੱਡਮੁੱਲਾ ਯੋਗਦਾਨ ਰਿਹਾ ਹੈ। ਸਿੱਖਿਆ ਸੰਸਥਾਵਾਂ, ਲੈਬਾਂ, ਰਿਸਚਰਚ ਸੰਸਥਾਵਾਂ ਆਦਿ ਨੇ ਕੁਦਰਤ ਨੂੰ ਵੀ ਵੱਸ ਕਰਨ ਤੱਕ ਦੀ ਵੀ ਸਿਖਲਾਈ ਦਿੱਤੀ ਹੈ। ਇਸ ਦੇ ਸੰਦਰਭ ਵਿਚ ਪਰਵਾਸੀ ਗ਼ਜ਼ਲਕਾਰਾ ਸੁਰਜੀਤ ਸਖੀ ਲਿਖਦੀ ਹੈ ਕਿ ਲੈਬ ਰਾਹੀਂ ਵੱਖ-ਵੱਖ ਤਰ੍ਹਾਂ ਦੇ ਪ੍ਰਯੋਗ ਕੀਤੇ ਜਾਂਦੇ ਹਨ ਜਿਹਨਾਂ ਵਿਚ ਜ਼ਹਿਰੀਲੀਆਂ ਗੈਸਾਂ ਦੇ ਧੂੰਏ ਨੇ ਧਰਤੀ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ। ਧਰਤੀ ਦੀ ਸੁੰਦਰਤਾ ਨੂੰ ਖ਼ਤਮ ਕਰ ਕੇ ਹੁਣ ਇਹ ਪ੍ਰਯੋਗ ਹਿਮਾਲੇ ਤੱਕ ਵੀ ਪਹੁੰਚ ਚੁਕੇ ਹਨ। ਜੋ ਕਿ ਧਰਤੀ ਵਾਸੀਆਂ ਨੂੰ ਅਤੇ ਕੁਦਰਤ ਨੂੰ ਨਿਘਾਰ ਵੱਲ ਲੈ ਕੇ ਜਾਰਹੇ ਹਨ।

ਕਈ ਜ਼ਹਿਰੀਲੀਆਂ ਗੈਸਾਂ ਦੇ ਧੂੰਏਂ ਸੇਕ ਭੱਠੀਆਂ ਦੇ

ਉਡਾ ਕੇ ਰੰਗ ਧਰਤੀ ਦਾ ਤੇ ਜਾ ਪਹੁੰਚੇ ਹਿਮਾਲੇ ਤੱਕ।

(ਧੁੰਦ 58)

ਸਾਨੂੰ ਕੁਦਰਤੀ ਸੰਸਾਧਨਾ ਦੀ ਵਰਤੋਂ ਬਹੁਤ ਹੀ ਸੂਖ਼ਮ ਅਤੇ ਸੁਚਾਰੂ ਰੂਪ ਨਾਲਕਰਨੀ ਚਾਹੀਦੀ ਹੈ। ਜੇਕਰ ਅਸੀਂ ਅੰਨੇਵਾਹੀ ਅਤੇ ਬੇਪਰਵਾਹੀ ਨਾਲ ਇਹਨਾਂ ਦੀ ਵਰਤੋਂ ਕਰਾਂਗੇ ਤਾਂ ਇਹ ਸ਼ੰਸਾਧਨ ਹਮੇਸ਼ਾ ਲਈ ਮੁੱਕ ਜਾਣਗੇ। ਅਸੀਂ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਹਨਾਂ ਨੂੰ ਤਰਸਣਗੀਆਂ। ਇਸ ਗੱਲ ਨੂੰ ਮੁਖ ਰੱਖਦੀ ਹੋਈ ਸਾਡੀ ਗ਼ਜ਼ਲਕਾਰਾ ਸੁਰਜੀਤ ਸਖੀ ਆਪਣੇ ਸ਼ਿਅਰ ਰਾਹੀਂ ਦਰਸਾਉਂਦੀ ਹੈ ਕਿ ਧਰਤੀ ਤੇ ਪਾਣੀ ਦੀ ਮਾਤਰਾ ਤਾਂ ਬਹੁਤ ਸੀ ਪਰ ਹੁਣ ਇਸ ਦੀ ਬੇਪਰਵਾਹੀ ਨਾਲ ਵਰਤੋਂ ਹੋਣ ਕਰ ਕੇ ਇਸ ਦੀ ਮਾਤਰਾ ਵਿਚ ਕਮੀ ਆ ਗਈ ਹੈ। ਹੁਣ ਸਾਡੀ ਹਾਲਤ ਇਸ ਤਰ੍ਹਾਂ ਦੀ ਹੋਈ ਪਈ ਹੈ ਕਿ ਅਸੀਂ ਹੁਣ ਚੰਦਰਮਾ ਅਤੇ ਮੰਗਲ ਗ੍ਰਹਿ ਤੇ ਆਪਣੇ ਆਪ ਨੂੰ ਅਤੇ ਆਪਣੀ ਅਗਲੇਰੀ ਪੀੜ੍ਹੀ ਨੂੰ ਜਿਊਂਦਾ ਰੱਖਣ ਲਈ ਪਾਣੀ ਦੀ ਖੋਜ ਕਰ ਰਹੇ ਹਾਂ।

ਧਰਤੀ ਦੀ ਗਾਗਰ ਸਾਡੇ ਤੋਂ ਬਸ ਪੀਂਦਿਆਂ ਪੀਂਦਿਆਂ ਛਲਕ ਗਈ

ਅੱਜ ਚੰਨ ਉੱਤੇ ਕਲ ਮੰਗਲ ’ਤੇ ਹੁਣ ਪਾਣੀ ਲੱਭਦੇ ਫਿਰਦੇ ਹਾਂ।

(ਧੁੰਦ 68)

ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਸਿੱਖਿਆ ਸੰਸਥਾਵਾਂ ਦੀ ਸਮਾਜ ਨਿਰਮਾਣ ਵਿਚ ਭੂਮਿਕਾ ਦੇ ਸੰਦਰਭ ਵਿਚ ਲਿਖਦੀ ਹੈ ਕਿ ਸਾਇੰਸ ਦੀ ਤਰੱਕੀ ਨਾਲ ਅਜੋਕੇ ਹਾਲਾਤ ਇਸ ਤਰ੍ਹਾਂ ਦੇ ਬਣ ਚੁੱਕੇ ਹਨ ਕਿ ਸੰਨ 1945 ਵਿਚ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ ਸ਼ਹਿਰਾਂ ’ਤੇ ਅਮਰੀਕਾ ਦੇਸ਼ ਵਲੋਂ ਬੰਬਬਾਰੀ ਕੀਤੀ ਗਈ ਅਤੇ ਜਾਪਾਨ ਦੇ ਇਹਨਾਂ ਸ਼ਹਿਰਾਂ ਨੂੰ ਖ਼ਤਮ ਕਰ ਦਿੱਤਾ ਗਿਆ ਸੀ। ਇਸ ਕਰ ਕੇ ਹੁਣ ਸਾਇੰਸ ਦੇ ਪ੍ਰਯੋਗਾਂ ਅਤੇ ਉਸ ਦੀਆਂ ਤਰੱਕੀਆਂ ਤੋਂ ਡਰ ਜਿਹਾ ਲੱਗਦਾ ਹੈ ਕਿ ਕਿਤੇ ਇਹ ਸਾਇੰਸ ਕੁੱਝ ਹੋਰ ਨਾ ਬਰਬਾਦ ਕਰ ਦੇਵੇ।

ਹੀਰੋਸ਼ੀਮਾ, ਨਾਗਾਸਾਕੀ

ਹੁਣ ਸਾਇਸਾਂ ਤੋਂ ਡਰ ਲੱਗਦਾ ਏ

(ਸ਼ੀਸ਼ਾ 68)

ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਦਾ ਸਮਾਜ ਸ਼ਾਸਤਰੀ ਪੱਖ ਤੋਂ ਅਧਿਐਨ ਰਾਹੀਂ ਅਸੀਂ ਇਹ ਦੇਖਦੇ ਹਾਂ ਕਿ ਮਨੁੱਖ ਸਮਾਜ ਵਿਚ ਵਿਚਰਦਿਆਂ ਕਈ ਪੜਾਵਾਂ ਵਿਚੋਂ ਹੋ ਕੇ ਲੰਘਦਾ ਹੈ ਜਿਨ੍ਹਾਂ ਵਿਚ ਉਹ ਆਪਸੀ ਰਿਸ਼ਤਿਆਂ ਦੇ ਨਿੱਘ ਤੋਂ ਮਨਫ਼ੀ ਹੁੰਦਾ ਪ੍ਰਤੀਤ ਹੁੰਦਾ ਹੈ ਕਿਉਂ ਕਿ ਉਹ ਆਰਥਿਕਤਾ ਦੀ ਮੰਦਹਾਲੀ ਦੇ ਦੌਰ ’ਚੋਂ ਗੁਜ਼ਰਦਾ ਹੈ। ਉਸ ਨੇ ਆਪਣਾ ਬਚਪਨ ਗਰੀਬੀ ਵਿਚ ਗੁਜ਼ਾਰਿਆ ਹੁੰਦਾ ਹੈ ਅਤੇ ਜਵਾਨੀ ਵਿਚ ਉਹ ਚਾਹੁੰਦਾ ਹੈ ਕਿ ਉਹ ਖ਼ੂਬ ਪੈਸਾ ਕਮਾਵੇ ਅਤੇ ਆਪਣੇ ਸੁਪਨੇ ਪੂਰੇ ਕਰੇ। ਇਸ ਦੇ ਲਈ ਉਸ ਨੂੰ ਆਪਣਿਆਂ ਤੋਂ ਦੂਰ ਹੋਣਾ ਪੈਂਦਾ ਹੈ। ਰਿਸ਼ਤਿਆਂ ਤੋਂ ਵੱਖ ਹੋਣਾ ਪੈਂਦਾ ਹੈ।ਉਸ ਦੇ ਲਈ ਪੂੰਜੀ ਹੀ ਸਭ ਕੁਝ ਹੈ। ਉਸ ਦਾ ਆਪ ਮੁਹਾਰਾਪਨ ਵੀ ਉਸ ’ਤੇ ਹਾਵੀ ਹੋ ਜਾਂਦਾ ਹੈ। ਜਿਸ ਦਾ ਜ਼ਿਕਰ ਵੱਖ-ਵੱਖ ਗ਼ਜ਼ਲਕਾਰਾਂ ਨੇ ਆਪਣੀਆਂ ਗ਼ਜ਼ਲਾਂ ਵਿਚ ਬਾਖ਼ੂਬੀ ਕੀਤਾ ਹੈ। ਧਰਮ ਦੇ ਨਾਮ ’ਤੇ ਕਿਵੇਂ ਇਕ ਦੂਜੇ ਨੂੰ ਇਕ ਦੂਜੇ ਦੇ ਖ਼ਿਲਾਫ਼ ਕੀਤਾ ਜਾਂਦਾ ਹੈ। ਮਨੁੱਖ ਹੀ ਮਨੁੱਖ ਦੇ ਖ਼ੂਨ ਦਾ ਪਿਆਸਾ ਹੈ। ਧਰਮਾਂ ਦੇ ਨਾਮਤੇ ਜਾਤ-ਪਾਤ ਦੇ ਨਾਮ ’ਤੇ ਲੜਾਈਆਂ ਹੋ ਰਹੀਆਂ ਹਨ। ਸਮਾਜ ਵਿਚਲੇ ਨਿਗੂਣੇ ਰੀਤੀ ਰਿਵਾਜ ਵੀ ਸਮਾਜ ਉੱਤੇ ਬਹੁਤ ਪ੍ਰਭਾਵ ਪਾਉਂਦੇ ਹਨ ਜਿਸ ਦਾ ਉਲੇਖ ਗ਼ਜ਼ਲਕਾਰਾਂ ਵਲੋਂ ਆਪਣੀਆਂ ਗ਼ਜ਼ਲਾਂ ਵਿਚ ਕੀਤਾ ਜਾਂਦਾ ਹੈ। ਸਮਾਜ ਵਿਚ ਰਹਿੰਦਿਆਂ ਨਾਰੀਵਾਦ ਦੀ ਗੱਲ ਨਾ ਕੀਤੀ ਜਾਵੇ ਇਹ ਅਤਿਕਥਨੀ ਜਿਹੀ ਲੱਗਦੀ ਹੈ। ਖੋਜ-ਕਾਰਜ ਦੇ ਦੂਜੇ ਅਧਿਆਇ ਵਿਚ ਗ਼ਜ਼ਲਕਾਰਾਂ ਵਲੋਂ ਉਹਨਾਂ ਦੀਆਂ ਗ਼ਜ਼ਲਾਂ ਵਿਚਲੇ ਨਾਰੀਵਾਦ ਦੇ ਪ੍ਰਭਾਵਾਂ ਨੂੰ ਛੋਹਿਆ ਗਿਆ ਹੈ।

### 2.8 ਨਾਰੀਵਾਦ ਅਰਥ ਅਤੇ ਪਰਿਭਾਸ਼ਾ:

'ਨਾਰੀ' ਸ਼ਬਦ ਦੇ ਕਈ ਸਮਾਨ ਅਰਥ ਸ਼ਬਦ ਮਿਲਦੇ ਹਨ: ਜਿਵੇਂ ਔਰਤ, ਇਸਤਰੀ, ਜਨਨੀ, ਮਾਦਾ ਆਦਿ ਪਰ ਜਦੋਂ ਇਸ ਨਾਲ 'ਵਾਦ' ਸ਼ਬਦ ਜੁੜ ਜਾਂਦਾ ਹੈ ਤਾਂ ਇਸ ਦੇ ਅਰਥ ਚਿੰਤਨ, ਸੰਘਰਸ਼, ਕ੍ਰਾਂਤੀ ਅਤੇ ਅੰਦੋਲਨ ਤੋਂ ਲੈ ਲਏ ਜਾਂਦੇ ਹਨ। ਜੇਕਰ 'ਨਾਰੀਵਾਦ' ਨੂੰ ਸੰਖੇਪ ਸ਼ਬਦ ਵਿਚ ਕਹਿਣਾ ਹੋਵੇ ਤਾਂ ਇਸ ਦੇ ਅਰਥ 'ਔਰਤ ਜਾਤੀ ਦੇ ਹਿੱਤ ਵਿਚ ਆਵਾਜ਼ ਬੁਲੰਦ ਕਰਨ ਤੋਂ ਹਨ।' ਇਸ ਤੋਂ ਬਿਨਾਂ ਲਿੰਗ ਦੇ ਆਧਾਰ ਤੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਸਮਾਨਤਾ ਦੇਣਾ ਵੀ ਹੈ। ਨਾਰੀਵਾਦ ਦੇ ਜਨਮ ਦੇ ਯਤਨ ਪੱਛਮੀ ਧਰਤੀ ਦੀ ਦੇਣ ਹੈ ਕਿਉਂ ਕਿ ਸਭ ਤੋਂ ਪਹਿਲਾਂ ਉੱਥੋਂ ਦੀਆਂ ਔਰਤਾਂ ਹੀ ਆਪਣੇ ਹੱਕਾਂ ਲਈ ਸਭ ਤੋਂ ਪਹਿਲਾਂ ਜਾਗਰੂਕ ਹੋਈਆਂ। ਦੇਖਿਆ ਜਾਵੇ ਤਾਂ ਬੇਸ਼ਕ ਸਭ ਤੋਂ ਪਹਿਲਾਂ ਨਾਰੀਵਾਦੀ ਚੇਤਨਾ ਦੀ ਲਹਿਰ ਦਾ ਆਗਾਜ਼ ਪੱਛਮ ਵਿਚੋਂ ਆਰੰਭ ਹੋਇਆ ਪਰ ਇਸ ਨੇ ਸਾਰੀ ਦੁਨੀਆਂ ਦੇ ਮੁਲਕਾਂ ਨੂੰ ਆਪਣੇ ਕਲਾਵੇ ਵਿਚ ਸਮੇਟਿਆ ਅਤੇ ਸਦੀਆਂ ਤੋਂ ਨਾਰੀ ਨਾਲ ਹੋ ਰਹੀ ਨਾਇਨਸਾਫ਼ੀ ਵਿਰੁੱਧ ਆਵਾਜ਼ ਬੁਲੰਦ ਕੀਤੀ। ਨਾਰੀਵਾਦ ਦਾ ਸੰਕਲਪ ਦੇਣ ਵਾਲੇ ਫ਼ਰਾਂਸੀਸੀ ਦਾਰਸ਼ਨਿਕ 'ਚਾਰਲਜ਼ ਫੂਰੀਏ' ਹਨ ਜਿਨ੍ਹਾਂ ਨੇ 1837 ਈ. ਵਿਚ 'ਨਾਰੀਵਾਦ' ਸ਼ਬਦ ਨੂੰ ਹੋਂਦ ਵਿਚ ਲੈ ਕੇ ਆਂਦਾ। ਇਸ ਤੋਂ ਬਾਅਦ ਤਾਂ ਜਿਵੇਂ ਇਸ ਸ਼ਬਦ ਦੀ ਲਹਿਰ ਹੀ ਲੱਗ ਗਈ ਹੋਵੇ ਕਿਉਂ ਕਿ ਉਸ ਤੋਂ ਬਾਅਦ 1872 ਵਿਚ ਫ਼ਰਾਂਸ ਅਤੇ ਨੀਦਰਲੈਂਡ, 1890 ਵਿਚ ਗਰੇਟ ਬ੍ਰਿਟੇਨ ਅਤੇ 1910 ਵਿਚ ਸੰਯੁਕਤ ਰਾਜ ਅਮੇਰੀਕਾ ਵਿਚ ਨਾਰੀਵਾਦ ਚਰਚਾ ਹੋਣੀ ਆਰੰਭ ਹੋਣ ਲੱਗੀ। ਪੰਜਾਬੀ ਭਾਸ਼ਾ ਵਿਚ Faminism ਲਈ 'ਨਾਰੀਵਾਦ' ਸ਼ਬਦ ਵਰਤੋਂ ਵਿਚ ਲਿਆਂਦਾ ਗਿਆ। ਪੰਜਾਬੀ ਭਾਸ਼ਾ ਤੋਂ ਬਿਨਾਂ ਭਾਰਤ ਦੀਆਂ ਹੋਰ ਭਾਸ਼ਾਵਾਂ ਵਿਚ ਵੀ ਇਹ ਸ਼ਬਦ ਪ੍ਰਸਿੱਧ ਹੋ ਗਿਆ ਅਤੇ ਵਰਤਿਆ ਜਾਣ ਲੱਗਾ। ਇਸ ਸੰਦਰਭ ਵਿਚ ਬਲਵਿੰਦਰ ਕੌਰ ਬਰਾੜ Faminism Webster English Dictionary ਦੇ ਹਵਾਲੇ ਅਨੁਸਾਰ ਲਿਖਦੇ ਹਨ, "ਨਾਰੀਵਾਦ ਲਿੰਗ ਦੇ ਆਧਾਰ 'ਤੇ ਰਾਜਨੀਤਕ, ਆਰਥਿਕ ਅਤੇ ਸਮਾਜਕ ਸਮਾਨਤਾ ਹੈ।"(307) ਨਾਰੀਵਾਦ ਨੂੰ ਔਰਤ ਜਮਾਤ ਵਲੋਂ ਆਪਣੇ ਨਾਲ ਹੋ ਰਹੇ ਜ਼ੁਲਮ, ਵਿਤਕਰੇ ਦੇ ਵਿਰੋਧ ਵਿਚ ਆਪਣੇ ਹੱਕਾਂ ਲਈ ਸੰਘਰਸ਼ ਜਾਂ ਕ੍ਰਾਂਤੀ ਕਿਹਾ ਜਾ ਸਕਦਾ ਹੈ। ਨਾਰੀਵਾਦ ਇਕ ਅਜਿਹੀ ਵਿਚਾਰਧਾਰਾ ਹੈ ਜਿਸ ਨੂੰ ਅੰਦੋਲਨ ਦਾ ਨਾਮ ਵੀ ਦਿੱਤਾ ਜਾ ਸਕਦਾ ਹੈ। ਇਸ ਸਦਕਾ ਹੀ ਵਿਸ਼ਵ ਵਿਚ ਔਰਤ ਨੂੰ ਉਸ ਦੇ ਬਣਦੇ ਅਧਿਕਾਰਾਂ ਤੋਂ ਜਾਣੂ ਕਰਵਾਇਆ ਜਾਂਦਾ ਹੈ। ਇਹਨਾਂ ਹੱਕਾਂ ਤੱਕ ਪਹੁੰਚਦੇ-ਪਹੁੰਚਦੇ ਔਰਤ ਨੇ ਮਰਦ ਪ੍ਰਧਾਨ ਸਮਾਜ ਦੁਆਰਾ ਜਬਰ ਜ਼ੁਲਮ ਸਹਿਣ ਕੀਤੇ। ਇਸ ਸੰਦਰਭ ਵਿਚ ਡਾ. ਸੰਦੀਪ ਕੌਰ ਅਤੇ ਨਿਰਵੈਰ ਸਿੰਘ 'ਔਰਤ ਦਾ ਅਜ਼ਾਦੀ ਸੰਗਰਾਮ' ਪੁਸਤਕ ਵਿਚ ਲਿਖਦੇ ਹਨ,

"ਅਜਿਹਾ ਕਰਨ ਲਈ ਨਾਰੀ ਨੇ ਮਰਦ ਪ੍ਰਧਾਨ ਸਮਾਜ ਅਤੇ ਪਿਤਾ ਪੁਰਖੀ ਸਮਾਜ ਨਾਲ ਲੰਬੀ ਲੜਾਈ ਲੜੀ। ਇਹ ਲੜਾਈ ਕਿਸੇ ਇਕ ਅੱਧੇ ਵਿਅਕਤੀ ਦੇ ਵੱਸ ਦਾ ਰੋਗ ਨਹੀਂ ਸੀ ਸਗੋਂ ਇਸ ਵਿਚ ਬਹੁਤ ਸਾਰੇ ਲੇਖਕਾਂ ਅਤੇ ਚਿੰਤਕਾਂ ਨੇ ਆਪਣਾ ਯੋਗਦਾਨ ਪਾਇਆ। ਇਹ ਲਹਿਰ ਸਤਾਰਵੀਂ ਸਦੀ ਤੋਂ ਲਗਾਤਾਰ ਬਾਦਸਤੂਰ ਜਾਰੀ ਹੈ। ਪਹਿਲਾਂ-ਪਹਿਲ ਇਹ ਲਹਿਰ ਔਰਤ ਲਈ ਵੋਟ ਦੇ ਅਧਿਕਾਰ ਲਈ ਸੰਘਰਸ਼ਸ਼ੀਲ ਰਹੀ ਪਰ ਬਾਅਦ ਵਿਚ ਇਸ ਨੇ ਆਪਣੇ ਦਾਇਰੇ ਨੂੰ ਵਿਸ਼ਾਲ ਕਰ ਲਿਆ।"(88)

ਭਾਰਤੀ ਸਮਾਜ ਵਿਚ ਔਰਤ ਦੀ ਹਸਤੀ ਅਤੇ ਉਸ ਦੀ ਹੈਸੀਅਤ ਨੂੰ ਲੈ ਕੇ ਕਈ ਚੁਣੌਤੀਆਂ ਵੇਖਣ ਨੂੰ ਮਿਲਦੀਆਂ ਹਨ। ਕੁਝ ਮਰਿਆਦਾਵਾਂ ਵੀ ਇਨ੍ਹਾਂ ਚੁਣੌਤੀਆਂ ਵਿਚ ਸ਼ਾਮਿਲ ਕੀਤੀਆਂ ਜਾਂਦੀਆਂ ਹਨ। ਇਹਨਾਂ ਮਰਿਆਦਾਵਾਂ ਨੂੰ ਹੀ ਵਿਸਤਾਰਨ ਅਤੇ ਵੰਗਾਰਨ ਦੀ ਜ਼ਰੂਰਤ ਹੈ। ਧੀ ਅਤੇ ਪੁੱਤ ਵਿਚ ਫ਼ਰਕ ਕਰਨਾ, ਖ਼ਾਨਦਾਨ ਦੇ ਵਾਧੇ ਲਈ ਸਿਰਫ਼ ਪੁੱਤ ਨੂੰ ਹੀ ਤਰਜ਼ੀਹ ਦੇਣੀ, ਖਾਣ-ਪੀਣ ਦੇ ਮਾਮਲੇ ਵਿਚ ਧੀ ਨੂੰ ਦੂਜੇ ਸਥਾਨ ਤੇ ਰੱਖਣਾ, ਇਕ ਕੁੜੀ ਨੂੰ ਵਰ ਦੀ ਚੋਣ ਕਰਨ ਵਿਚ ਖੁੱਲ੍ਹ ਨਾ ਦੇਣੀ, ਉਸ ਨੂੰ ਉਸ ਦੇ ਬਣਦੇ ਹੱਕਾਂ ਤੋਂ ਵਾਂਝੇ ਰੱਖਣਾ, ਮੁਖ ਤੌਰ ਤੇ ਲੋਹੜੀ ਜਿਹੇ ਤਿਉਹਾਰ ਤੇ ਸਿਰਫ਼ ਪੁੱਤਾਂ ਦੇ ਹੀ ਸ਼ਗਨ ਮਨਾਉਣੇ ਆਦਿ ਅਜਿਹੀਆਂ ਸਥਾਪਿਤ ਧਾਰਨਾਵਾਂ ਹਨ ਜਿਨ੍ਹਾਂ ਦਾ ਅਜੋਕੇ ਦੌਰ ਵਿਚ ਖੰਡਨ ਹੋਣਾ ਚਾਹੀਦਾ ਸੀ। ਪਰ ਅਫ਼ਸੋਸ ਔਰਤ ਦੇ ਹੱਕ ਵਿਚ ਬਹੁਤ ਘੱਟ ਬੋਲਿਆ ਜਾ ਰਿਹਾ ਹੈ ਅਤੇ ਔਰਤ ਦੇ ਵਿਰੋਧ ਵਿਚ ਤਾਂ ਅਣਗਿਣਤ ਗੱਲਾਂ ਹਨ। ਮਨੁੱਖ ਕੁਦਰਤ ਦੀ ਬਣਾਈ ਅਨਮੋਲ ਰਚਨਾ ਦਾ ਘਾਣ ਕਰਨ ਤੋਂ ਵੀ ਪਿੱਛੇ ਨਹੀਂ ਹਟ ਰਿਹਾ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਸੋਲਵੀਂ ਸਦੀ ਵਿਚ ਸਭ ਤੋਂ ਪਹਿਲਾਂ ਔਰਤ ਦੇ ਹੱਕ ਵਿਚ ਆਵਾਜ਼ ਉਠਾਈ ਪਰ ਮਨੁੱਖ ਨੇ ਬਾਬਾ ਨਾਨਕ ਦੇ ਬੋਲ 'ਸੋ ਕਿਉ ਮੰਦਾ ਆਖੀਐ ਜਿਤ ਜੰਮੈ ਰਾਜਾਨੁ' ਬੋਲਾਂ ਦੀ ਵੀ ਕਦਰ ਨਹੀਂ ਕੀਤੀ ਅਤੇ ਔਰਤ ਨੂੰ ਮਨੁੱਖ ਨੇ ਪੈਰਾਂ ਹੇਠ ਲਤਾੜਿਆ ਅਤੇ ਮੰਦਾ ਬੋਲਿਆ ਹੈ। ਪਹਿਲਾਂ ਲੜਕੀ ਨੂੰ ਜਨਮ ਦੇਣ ਤੋਂ ਬਾਅਦ ਮਾਰਿਆ ਜਾਂਦਾ ਸੀ ਅਤੇ ਹੁਣ ਸਾਇੰਸ ਨੇ ਇੰਨੀ ਤਰੱਕੀ ਕਰ ਲਈ ਹੈ ਕਿ ਪਤਾ ਲੱਗ ਜਾਂਦਾ ਹੈ ਕਿ ਗਰਭ ਵਿਚ ਪਲਣ ਵਾਲਾ ਲੜਕਾ ਹੈ ਜਾਂ ਲੜਕੀ ਅਤੇ ਜੇਕਰ ਲੜਕੀ ਹੈ ਤਾਂ ਉਸ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ ਹੈ। ਅਜੋਕੇ ਸਮਾਜ ਵਿਚ ਕਈ ਇਸ ਤਰ੍ਹਾਂ ਦੀਆਂ ਪਰੰਪਰਾਵਾਂ ਮਿਲਦੀਆਂ ਹਨ ਜੋ ਔਰਤ ਨੂੰ ਨੀਂਵੇ ਦਰਜੇ ਦੀ ਅਤੇ ਮਰਦ ਨੂੰ ਉੱਚ ਦਰਜੇ ਦਾ ਦਰਸਾਉਂਦੀਆਂ ਹਨ। ਇਸ ਤਰ੍ਹਾਂ ਇਕ ਔਰਤ ਦੀ ਕੁਖੋਂ ਬੇਟੀ ਨੂੰ ਜਨਮ ਦੇਣ ਤੇ ਸਮਾਜ ਵਲੋਂ ਉਸ ਨੂੰ ਬੁਰਾ ਵਿਵਹਾਰ ਕੀਤਾ ਜਾਂਦਾ ਹੈ। ਸਾਡਾ ਸਮਾਜ ਸੋਚਦਾ ਹੈ ਕਿ ਬੇਟੀ ਪੈਦਾ ਕਰਨ ਵਿਚ ਔਰਤ ਅਤੇ ਬੇਟਾ ਪੈਦਾ ਕਰਨ ਵਿਚ ਮਰਦ ਦਾ ਯੋਗਦਾਨ ਹੁੰਦਾ ਹੈ। ਜੇਕਰ ਵਿਗਿਆਨਕ ਅੰਸ਼ ਤੋਂ ਵੇਖਿਆ ਜਾਵੇ ਤਾਂ ਇਸ ਤਰ੍ਹਾਂ ਦਾ ਕੁੱਝ ਨਹੀਂ ਹੁੰਦਾ ਕਿਉਂ ਕਿ ਬੱਚਾ ਚਾਹੇ ਬੇਟਾ ਹੋਵੇ ਜਾਂ ਬੇਟੀ ਮਰਦ ਅਤੇ ਔਰਤ ਦੋਨੋਂ ਹੀ ਭਾਗੀਦਾਰ ਹਨ। ਪਰ ਸਾਡਾ ਸਮਾਜ ਇਸ ਨੂੰ ਮੰਨਣ ਤੋਂ ਇਨਕਾਰੀ ਹੈ। ਇਸ ਨੂੰ ਲੈ ਕੇ ਹੀ ਤਾਂ ਨਾਰੀ ਦੇ ਹੱਕ ਲਈ ਅੰਦੋਲਨ ਸ਼ੁਰੂ ਹੋਏ ਅਤੇ ਉਸ ਦੇ ਅਧਿਕਾਰਾਂ ਦੀ ਮੰਗ ਕੀਤੀ ਜਾਣ ਲੱਗੀ। ਇਸ ਸੰਦਰਭ ਵਿਚ ਚਰਨਜੀਤ ਕੌਰ 'ਨਾਰੀ ਚੇਤਨਾ' ਪੁਸਤਕ ਰਾਹੀਂ ਪਰਿਭਾਸ਼ਾ ਦਿੰਦੇ ਹੋਏ ਲਿਖਦੇ ਹਨ,

"ਨਾਰੀਵਾਦ ਸ਼ਬਦ ਦੀ ਅੰਗਰੇਜ਼ੀ ਭਾਸ਼ਾ ਦੇ ਸ਼ਬਦ Faminism ਦਾ ਪੰਜਾਬੀ ਰੂਪ ਹੈ। ਇਸ ਸ਼ਬਦ ਦਾ ਆਗਾਜ਼ ਲਾਤੀਨੀ ਭਾਸ਼ਾ ਦੇ ਮੂਲ Faminine ਤੋਂ ਹੋਇਆ। ਇਹ ਸ਼ਬਦ ਫਰੈਂਚ ਭਾਸ਼ਾ ਰਾਹੀਂ ਅੰਗਰੇਜ਼ੀ ਭਾਸ਼ਾ ਵਿਚ ਦਾਖਲ ਹੋਇਆ ਅਤੇ ਫਰਾਂਸ ਵਿਚ ਇਸ ਦਾ ਅਰਥ ਔਰਤ ਦੇ ਅਧਿਕਾਰਾਂ ਦੀ ਮਾਨਤਾ ਦੇ ਚਾਹਵਾਨ ਵਜੋਂ ਸੀ।"(29)

ਵੈਦਿਕ ਕਾਲ ਵਿਚ ਤਾਂ ਔਰਤ ਹਰ ਖੇਤਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਰਹੀ ਅਤੇ ਉਸ ਨੂੰ ਗੁਰੂ ਦਾ ਦਰਜਾ ਵੀ ਪ੍ਰਾਪਤ ਸੀ ਪਰ ਉਤਪਾਦਨ ਸ਼ਕਤੀਆਂ ਦੇ ਵਿਕਸਿਤ ਹੋਣ ਦੇ ਨਾਲ-ਨਾਲ ਇਸਤਰੀ ਪ੍ਰਧਾਨ ਪਰਿਵਾਰ ਮਰਦ ਪ੍ਰਧਾਨ ਰੂਪ ਵਿਚ ਪਰਵਰਤਿਤ ਹੋ ਗਿਆ। ਆਦਿਕਾਲ ਵਿਚ ਮਰਦ ਕਮਾਉਂਦਾ ਸੀ ਅਤੇ ਔਰਤ ਘਰ ਸੰਭਾਲਦੀ ਸੀ।

ਆਰਥਿਕ ਵਿਕਾਸ ਕਾਰਨ ਸਮਾਜਕ ਜੀਵਨ ਦੀ ਬਣਤਰ ਵਿਚ ਵੀ ਇਕ ਪਰਿਵਰਤਨ ਆਉਂਦਾ ਹੈ। ਜਿਉਂ-ਜਿਉਂ ਮਰਦ ਨੇ ਪਸ਼ੂ ਪਾਲਣ ਦੇ ਨਾਲ-ਨਾਲ ਖੇਤੀ ਬਾੜੀ ਦਾ ਕੰਮ ਸੰਭਾਲਿਆ ਹੈ ਤਾਂ ਜ਼ਮੀਨ ਦਾ ਹੱਕਦਾਰ ਵੀ ਉਹੀ ਬਣ ਗਿਆ ਹੈ। ਉਸ ਨੇ ਔਰਤ ਦੇ ਯੋਗਦਾਨ ਨੂੰ ਨਿਗੂਣਾ ਕਰ ਦਿੱਤਾ। ਇੱਥੋਂ ਹੀ ਔਰਤ ਨੂੰ ਮਰਦ ਦੀ ਅਧੀਨਗੀ ਵੀ ਸਵੀਕਾਰ ਕਰਨੀ ਪਈ। ਵੰਸ਼ ਵੀ ਮਰਦ ਦੇ ਨਾਂ 'ਤੇ ਹੀ ਚਲਣ ਲੱਗ ਪੈਂਦਾ ਹੈ। ਜਾਇਦਾਦ ਵੀ ਪਿਤਾ ਕੋਲੋਂ ਵਿਰਾਸਤ ਵਿਚ ਮੁੰਡਿਆਂ ਨੂੰ ਮਿਲਣ ਲੱਗੀ। ਸਮਾਜਿਕ ਰੀਤੀ-ਰਿਵਾਜ਼ਾਂ ਵਿਚ ਵੀ ਮਰਦ ਦਾ ਵਿਸ਼ੇਸ਼ ਸਥਾਨ ਨਿਸ਼ਚਿਤ ਹੋ ਗਿਆ। ਰੀਤੀ-ਰਿਵਾਜ਼ਾਂ ਦੀ ਪੂਰਤੀ ਲਈ ਮਰਦ ਦੀ ਹਾਜ਼ਰੀ ਜ਼ਰੂਰੀ ਸਮਝੀ ਜਾਣ ਲੱਗੀ। ਆਰਥਿਕ ਤੌਰ 'ਤੇ ਮਰਦ ਦੀ ਮਾਲਕੀ ਕਾਰਣ ਹੀ ਇਸਤਰੀ ਦਾ ਦਰਜਾ ਪਰਿਵਾਰ ਵਿਚ ਘੱਟ ਜਾਂਦਾ ਹੈ। ਆਦਿਮ ਸਮਾਜ ਵਿਚ ਜਦੋਂ ਮਰਦ ਨਿਰਬਾਹ ਦੇ ਸਾਧਨ ਇਕੱਤਰ ਕਰਦੇ ਸਨ ਤਾਂ ਇਸਤਰੀਆਂ ਸਾਂਝੇ ਘਰਾਂ ਅਤੇ ਬੱਚਿਆਂ ਨੂੰ ਸੰਭਾਲਦੀਆਂ ਸਨ। ਇਸਤਰੀਆਂ ਦਾ ਇਹ ਕੰਮ ਉਵੇਂ ਹੀ ਸਰਵਜਨਕ ਪ੍ਰਕਿਰਤੀ ਵਾਲਾ ਸੀ ਜਿਵੇਂ ਨਿਰਬਾਹ ਦੇ ਸਾਧਨ ਇਕੱਤਰ ਕਰਨਾ। ਮਰਦ ਨੇ ਉਪਜੀਵਿਕਾ ਦੀ ਪ੍ਰਾਪਤੀ ਲਈ ਔਜਾਰ ਬਣਾਏ ਅਤੇ ਇਨ੍ਹਾਂ ਦਾ ਮਾਲਕ ਬਣ ਗਿਆ। ਜਦੋਂ ਪਸ਼ੂਆਂ ਦੇ ਇੱਜੜ ਨਿਰਬਾਹ ਦਾ ਨਵਾਂ ਸਾਧਨ ਬਣ ਗਏ ਤਾਂ ਉਹਨਾਂ ਨੂੰ ਪਹਿਲਾਂ ਪਾਲਣਾ ਅਤੇ ਉਹਨਾਂ ਦੀ ਨਸਲ ਵਧਾਉਣਾ ਮਰਦ ਦੇ ਹੀ ਹਿੱਸੇ ਆਇਆ। ਇਸ ਲਈ ਉਹ ਪਸ਼ੂਆਂ ਦਾ ਅਤੇ ਇਹਨਾਂ ਤੋਂ ਪ੍ਰਾਪਤ ਜਿਨਸਾਂ ਦਾ ਮਾਲਕ ਹੋ ਗਿਆ। ਵੰਡ ਤੋਂ ਪਿੱਛੋਂ ਬਚਣ ਵਾਲੀ ਵਾਧੂ ਉਪਜ ਮਰਦ ਦੇ ਹਿੱਸੇ ਆਈ, ਇਸਤਰੀ ਨੂੰ ਕੇਵਲ ਖਾਣ ਵਿਚ ਹੀ ਹਿੱਸਾ ਮਿਲਿਆ। ਸਪੱਸ਼ਟ ਹੈ ਕਿ ਮਰਦ ਪ੍ਰਧਾਨ ਪਰਿਵਾਰ ਦੀ ਸਥਾਪਤੀ ਨਾਲ ਇਸਤਰੀ ਦੇ ਵਿਸ਼ੇਸ਼ ਹੱਕਾਂ ਨੂੰ ਧੱਕਾ ਲੱਗਾ। ਘਰ ਵਿਚ ਵੀ ਮਰਦ ਨੇ ਵਾਗਡੋਰ ਸੰਭਾਲ ਲਈ ਅਤੇ ਇਸਤਰੀ ਦਾ ਦਰਜਾ ਨੀਂਵਾ ਹੋ ਗਿਆ। ਉਹ ਮਰਦ ਦੀ ਵਾਸਨਾ ਦੀ ਗੁਲਾਮ ਬਣ ਗਈ ਅਤੇ ਬੱਚੇ ਪੈਦਾ ਕਰਨ ਲਈ ਕੇਵਲ ਇਕ ਸਾਧਨ ਬਣ ਕੇ ਰਹਿ ਗਈ। ਪੰਜਾਬੀ ਦਾ ਜਿਹੜਾ ਲੋਕ ਸਾਹਿਤ ਸਾਨੂੰ ਹੁਣ ਉਪਲਬਧ ਹੈ। ਉਸ ਉਪਰ ਮਰਦ ਪ੍ਰਧਾਨ ਸਮਾਜ ਦੀ ਛਾਪ ਸਪੱਸ਼ਟ ਹੈ। ਭਾਵੇਂ ਕਿਤੇ-ਕਿਤੇ ਇਹ ਇਸਤਰੀ ਪ੍ਰਧਾਨ ਸਮਾਜ ਦੇ ਅੰਸ਼ ਜਾਂ ਚਿੰਨ੍ਹ ਵੀ ਪਛਾਣੇ ਜਾ ਸਕਦੇ ਹਨ। ਪੰਜਾਬੀ ਸਾਹਿਤ ਦਾ ਆਰੰਭ ਅਸਲ ਵਿਚ ਬਾਰਵੀਂ-ਤੇਰਵੀਂ ਸਦੀ ਤੋਂ ਸ਼ੁਰੂ ਹੁੰਦਾ ਹੈ। ਇਸ ਤੋਂ ਪਹਿਲਾਂ ਲੋਕ ਸਾਹਿਤ ਦੀ ਹੋਂਦ ਵੀ ਮੌਜੂਦ ਸੀ। ਪਰ ਇਹ ਸਮਾਂ ਮਰਦ ਪ੍ਰਧਾਨ ਸਮਾਜ ਦਾ ਸਮਾਂ ਹੈ ਜਦੋਂ ਤੋਂ ਵਰਗ ਸਮਾਜ ਦੀ ਉੱਤਪਤੀ ਹੋਈ ਹੈ, ਉਦੋਂ ਤੋਂ ਹੀ ਮਰਦ ਪ੍ਰਧਾਨ ਸਮਾਜ ਰਿਹਾ ਹੈ। ਇਸ ਲਈ ਇਹ ਵੀ ਕਿਹਾ ਜਾ ਸਕਦਾ ਹੈ ਕਿ ਉਦੋਂ ਤੋਂ ਲੈ ਕੇ ਹੁਣ ਤਕ ਇਕ ਪਾਸੇ ਇਸਤਰੀ ਸਮਾਜਿਕ ਗੁਲਾਮੀ ਭੋਗਦੀ ਹੈ ਅਤੇ ਦੂਜੇ ਪਾਸੇ ਮਰਦ ਦੀ ਗੁਲਾਮੀ। ਇਸ ਤਰ੍ਹਾਂ ਇਸਤਰੀ ਵਰਗ ਸਮਾਜ ਵਿਚ ਦੋਹਰੀ ਗੁਲਾਮੀ ਦਾ ਸ਼ਿਕਾਰ ਰਿਹਾ ਹੈ।

ਅਜੋਕੀ ਔਰਤ ਭਾਵੇਂ ਚੰਗਾ ਪੜ੍ਹ ਲਿਖ ਗਈ ਹੈ ਅਤੇ ਚੰਗੇ ਅਹੁਦਿਆਂ ਤੇ ਕੰਮ ਕਰ ਰਹੀ ਹੈ ਪਰ ਅੱਜ ਵੀ ਉਸ ਦੀ ਸਥਿਤੀ ਸਿਰਫ ਮਰਦ ਨੂੰ ਸਰੀਰਕ ਸੁੱਖ ਦੇਣ ਤੱਕ ਹੀ ਸੀਮਤ ਹੈ। ਮਰਦ ਔਰਤ ਨੂੰ ਘਰੇਲੂ ਮਾਮਲਿਆਂ ਵਿਚ ਬੋਲਣ ਦੀ ਆਜਾਦੀ ਨਹੀਂ ਦਿੰਦਾ। ਉਸ ਨੂੰ ਸਿਰਫ ਸਰੀਰਕ ਸੁੱਖ ਦੇਣ ਤੱਕ ਹੀ ਮਹਿਦੂਦ ਰੱਖਦਾ ਹੈ। ਮਰਦ ਔਰਤ ਦੀ ਮਾਨਸਿਕਤਾ ਤੋਂ ਦੂਰ ਉਸ ਦੇ ਜਿਸਮ ਨੂੰ ਹੀ ਹੰਢਾਉਣਾ ਲੋਚਦਾ ਹੈ। ਅੱਜ ਵੀ ਬਹੁਤੇ ਘਰਾਂ ਵਿਚ ਔਰਤ ਮਰਦ ਦੇ ਚੰਗੇ-ਮਾੜੇ ਫੈਸਲਿਆਂ ਵਿਰੁੱਧ ਆਵਾਜ਼ ਤੱਕ ਨਹੀਂ ਕੱਢ ਸਕਦੀ। ਔਰਤ ਨੂੰ ਮਰਦ ਹਮੇਸ਼ਾ ਆਪਣੇ ਤੋਂ ਨੀਂਵਾ ਹੀ ਸਮਝਦਾ ਹੈ। ਔਰਤ ਦੇ ਅੱਗੇ ਵੱਧਣ ਦੇ ਸੁਪਨੇ ਨੂੰ ਕੁਚਲਣ ਵਿਚ ਕੋਈ ਕਸਰ ਨਹੀਂ ਛੱਡਦਾ ਪਰ ਔਰਤ ਆਪਣੀ ਮਿਹਨਤ ਅਤੇ ਲਗਨ

ਸਦਕਾ ਆਪਣੇ ਹਰ ਮੁਕਾਮ ਨੂੰ ਹਾਸਿਲ ਕਰ ਲੈਣ ਦਾ ਦਮ ਰੱਖਦੀ ਹੈ। ਘਰ ਵਿਚ ਕੁੜੀ ਜੰਮਣ ਤੇ ਬਜੁਰਗਾਂ ਵਲੋਂ ਕਲੇਸ਼ ਪਾ ਲਿਆ ਜਾਂਦਾ ਹੈ ਅਤੇ ਮੁੰਡੇ ਦੇ ਜਨਮ ਤੇ ਖ਼ੁਸ਼ੀਆਂ ਵੰਡੀਆਂ ਜਾਂਦੀਆਂ ਹਨ। ਇਹ ਹੈ ਸਾਡੀ ਅਜੋਕੀ ਔਰਤ ਦੀ ਸਥਿਤੀ ਜਿਸ ਨੂੰ ਪੰਜਾਬੀ ਗ਼ਜ਼ਲਕਾਰਾਂ ਨੇ ਆਪਣੀਆਂ ਗ਼ਜ਼ਲਾਂ ਵਿਚ ਪੇਸ਼ ਕੀਤਾ ਹੈ। ਗੁਰਭਜਨ ਗਿੱਲ ਨਾਰੀਵਾਦੀ ਸਰੋਕਾਰਾਂ ਦੇ ਸੰਬੰਧ ਵਿਚ ਗ਼ਜ਼ਲਾਂ ਪੇਸ਼ ਕਰਦਾ ਹੈ। ਕਈ ਵਾਰ ਵੇਖਿਆ ਜਾਂਦਾ ਹੈ ਕਿ ਪ੍ਰੇਮੀ ਵੀ ਸਮੇਂ ਦੇ ਲੰਘ ਜਾਣ 'ਤੇ ਪਛਤਾਉਂਦਾ ਹੈ। ਉਸ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਉਸ ਨੇ ਆਪਣੀ ਪ੍ਰੇਮਿਕਾ ਨੂੰ ਸਿਰਫ਼ ਇਕ ਵਰਤਣ ਵਾਲੀ ਚੀਜ਼ ਹੀ ਸਮਝਿਆ। ਉਸ ਨੇ ਜਿਸਮਾਂ ਤਕ ਹੀ ਆਪਣੇ ਆਪ ਨੂੰ ਸੀਮਤ ਰੱਖਿਆ ਅਤੇ ਆਪਣੀਆਂ ਇੱਛਾਵਾਂ ਨੂੰ ਜਿਸਮਾਂ ਦੀ ਜ਼ਰੂਰਤ ਹੀ ਮੰਨਿਆ। ਆਪਣੀਆਂ ਤਾਂਘਾਂ ਹੱਥੋਂ ਆਪਣੇ ਆਪ ਨੂੰ ਮੁਕਤ ਨਾ ਕਰ ਸਕਿਆ ਅਤੇ ਆਪਣੀ ਪ੍ਰੇਮਿਕਾ ਦੇ ਅੰਦਰਲੇ ਮਨ ਅੰਦਰ ਝਾਤ ਨਾ ਮਾਰ ਸਕਿਆ। ਜਿਸ ਕਾਰਨ ਰਿਸ਼ਤੇ ਜਿਸਮਾਂ ਤਕ ਹੀ ਖ਼ਤਮ ਹੋ ਜਾਂਦੇ ਹਨ। ਅਜਿਹੇ ਰਿਸ਼ਤਿਆਂ ਦਾ ਭਵਿੱਖ ਨਹੀਂ ਹੁੰਦਾ। ਇਸ ਤਰ੍ਹਾਂ ਦੇ ਹਾਲਾਤ ਨੂੰ ਗ਼ਜ਼ਲਗੋ ਗੁਰਭਜਨ ਗਿੱਲ ਆਪਣੇ ਸ਼ਿਅਰਾਂ ਰਾਹੀਂ ਦਰਸਾਉਂਦਾ ਹੈ।

ਮੈਂ ਜਿਸਮਾਂ ਦੀ ਹੱਦ ਤੋਂ ਅੱਗੇ ਜਾ ਨਾ ਸਕਿਆ,

ਤਾਂਹੀਉਂ ਦਿਲ ਦਾ ਭੇਤ ਅੱਜੇ ਤਕ ਪਾ ਨਾ ਸਕਿਆ

ਮੈਂ ਤਾਂ ਆਪਣੀ ਵਲਗਣ ਅੰਦਰ ਕੈਦ ਰਿਹਾ ਹਾਂ,

ਤਾਹੀਉਂ ਤੇਰੀ ਰੂਹ ਅੰਦਰ ਮੈਂ ਆ ਨਾ ਸਕਿਆ।

(ਗੁਲਨਾਰ 22)

ਕਈ ਵਾਰ ਤਾਂ ਪ੍ਰੇਮੀ ਅਤੇ ਪ੍ਰੇਮਿਕਾ ਇੱਕ ਦੂਜੇ ਦੀ ਇੱਛਾ ਅਨੁਸਾਰ ਆਪਣੇ ਆਪ ਨੂੰ ਇਕ ਦੂਜੇ ਵਿਚ ਸਮੱਰਪਿਤ ਕਰ ਦਿੰਦੇ ਹਨ। ਉਹਨਾਂ ਲਈ ਇਕ ਦੂਜੇ ਦਾ ਸਾਥ ਹੀ ਸਭ ਕੁਝ ਹਾਸਿਲ ਕਰ ਲੈਣ ਵਾਲਾ ਹੁੰਦਾ ਹੈ। ਉਹਨਾਂ ਲਈ ਇਕ ਦੂਜੇ ਦਾ ਵਿਯੋਗ ਸਿਰਫ਼ ਅਧਰੂਾਪਨ ਹੀ ਲੱਗਦਾ ਹੈ। ਆਪਸੀ ਸਾਥ ਨਾਲ ਉਹ ਪੂਰਾ ਹੋਣ ਦੀ ਤਾਂਘ ਰੱਖਦੇ ਹਨ। ਇਸ ਸੰਦਰਭ ਵਿਚ ਗੁਰਭਜਨ ਗਿੱਲ ਕਹਿੰਦਾ ਹੈ,

ਇਕ ਦੂਜੇ ਬਿਨ ਅਸੀਂ ਅਧੂਰੇ, ਆ ਜਾ ਹੋਈਏ ਪੂਰੇ

ਮਨ ਦੀ ਮਿੱਟੀ ਸੁਪਨ ਬੀਜ ਕੇ ਖਿੜੀਏ, ਫੁਲੀਏ ਫ਼ਲੀਏ।

(ਮਿਰਗਾਵਲੀ 64)

ਦੇਹਾਂ ਦੇ ਰਿਸ਼ਤੇ ਹਮੇਸ਼ਾ ਨਾਲ ਨਹੀਂ ਚੱਲਦੇ। ਇਹਨਾਂ ਰਿਸ਼ਤਿਆਂ ਦੀ ਮਿਆਦ ਥੋੜ-ਚਿਰੀ ਹੀ ਹੁੰਦੀ ਹੈ। ਹਮੇਸ਼ਾ ਨਾਲ ਤਕ ਤਾਂ ਬਸ ਆਤਮਾ ਦਾ ਰਿਸ਼ਤਾ, ਦਿਲਾਂ ਦੀ ਸਾਂਝ ਹੀ ਨਾਲ ਜਾਂਦੀ ਹੈ। ਸਮਕਾਲੀ ਕਵੀਆਂ ਨੇ ਔਰਤ

ਬਾਰੇ ਆਪਣੀਆਂ ਗ਼ਜ਼ਲਾਂ ਰਾਹੀਂ ਬਾਖ਼ੂਬੀ ਬਿਆਨਕਾਰੀ ਕੀਤੀ ਹੈ। ਉਹਨਾਂ ਨੇ ਔਰਤ ਦੀ ਸਥਿਤੀ ਆਪਣੀਆਂ ਕਲਮਾਂ ਰਾਹੀਂ ਬਿਆਨ ਕੀਤਾ ਹੈ।

ਤਲਬਾਂ ਦੇ ਰਿਸ਼ਤੇ ਥੋੜ ਚਿਰੇ, ਇਹ ਮਰ ਜਾਵਣਗੇ ਵੇਖ ਲਵੀਂ

ਕੁਝ ਕਦਮ ਤੁਰਾਂ ਤੇ ਬਹਿ ਜਾਵਾਂ, ਇਹ ਮੇਰਾ ਨਹੀਂ ਦਸਤੂਰ ਜਿਹਾ।

(ਮਿਰਗਾਵਲੀ 65)

ਹਮੇਸ਼ਾ ਦੇਹ ਨੂੰ ਚੂੰਡਣ ਵਾਲਾ ਰਿਸ਼ਤਾ ਹੀ ਸਹੀ ਨਹੀਂ ਹੁੰਦਾ। ਆਮ ਤੌਰ ’ਤੇ ਵੇਖਿਆ ਜਾਂਦਾ ਹੈ ਕਿ ਮਰਦ ਅਤੇ ਔਰਤ ਵਿਚ ਆਕਰਸ਼ਣ ਜਿਸਮਾਂ ਤੋਂ ਹੀ ਸ਼ੁਰੂ ਹੁੰਦਾ ਹੈ ਅਤੇ ਫਿਰ ਇਹ ਆਕਰਸ਼ਣ ਸਾਰੀਆਂ ਹੱਦਾਂ ਬੰਨੇ ਟੱਪ ਜਾਂਦਾ ਹੈ। ਕਈ ਵਾਰ ਮਰਦ ਨੂੰ ਵੀ ਅਹਿਸਾਸ ਹੁੰਦਾ ਹੈ ਕਿ ਦੇਹ ਦਾ ਕੰਮ ਹੀ ਦੇਹ ਨੂੰ ਚੂੰਡਣਾ ਹੈ ਪਰ ਉਸਦੇ ਸੰਸਕਾਰ ਇਸ ਗੱਲ ਦੀ ਇਜ਼ਾਜ਼ਤ ਨਹੀਂ ਦਿੰਦੇ ਕਿ ਉਹ ਇਸ ਤਰ੍ਹਾਂ ਦੀ ਗੁਸਤਾਖ਼ੀ ਕਰੇ। ਸਗੋਂ ਉਹ ਇਹ ਚਾਹਤ ਰੱਖਦਾ ਹੈ ਕਿ ਉਹ ਤਾਂ ਬਸ ਉਸ ਨੂੰ ਪਿਆਰ ਕਰਦੇ ਹੋਏ ਆਪਣੀਆਂ ਬਾਹਵਾਂ ਵਿਚ ਜਕੜੀ ਰੱਖੇ।

ਜਿਸਮ ਹਮੇਸ਼ਾ ਮੰਗਦੇ ਰਹਿੰਦੇ ਜਿਸਮਾਂ ਨੂੰ,

ਮੇਰਾ ਨਹੀਂ ਦਸਤੂਰ ਕਿ ਚਾਹਵਾਂ ਮਿੱਟੀ ਨੂੰ

ਤੂੰ ਕਸਤੂਰੀ ਮਿਰਗਣੀਆਂ ਦੀ ਨਾਭੀ ਦੀ,

ਗਲਵੱਕੜੀ ਵਿਚ ਘੁੱਟ ਕੇ ਕੱਸਣਾ ਚਾਹੁੰਦਾ ਹਾਂ।

(ਮਿਰਗਾਵਲੀ 71)

ਔਰਤ ਅਤੇ ਮਰਦ ਦਾ ਰਿਸ਼ਤਾ ਸਿਰਫ਼ ਜਿਸਮਾਂ ਤੱਕ ਹੀ ਨਹੀਂ ਹੋਣਾ ਚਾਹੀਦਾ ਸਗੋਂ ਰੂਹਾਂ ਦਾ, ਮਨ ਦਾ ਰਿਸ਼ਤਾ ਹੋਣਾ ਚਾਹੀਦਾ ਹੈ। ਬਹੁਤੇ ਲੋਕਾਂ ਦਾ ਮੰਨਣਾ ਹੈ ਕਿ ਸਰੀਰਾਂ ਦਾ ਮਿਲਨ ਹੀ ਅਸਲੀ ਮਿਲਨ ਹੈ, ਅਸਲੀ ਮੁਹੱਬਤ ਹੈ, ਪਰ ਇਸ ਤਰ੍ਹਾਂ ਨਹੀਂ ਹੁੰਦਾ ਕਿਉਂ ਕਿ ਸਰੀਰਕ ਪਿਆਰ ਸਿਰਫ਼ ਸਰੀਰ ਰੂਪੀ ਮਿੱਟੀ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੇ ਹਨ। ਉਹ ਦਿਲ ਤੱਕ ਕਦੇ ਨਹੀਂ ਪਹੁੰਚਦੇ।

ਕਦੇ ਵੀ ਜਿਸਮ ਨੂੰ ਮਿਲ ਕੇ ਨਾ ਪਰਤੀਂ,

ਜਦੋਂ ਜਾਵੇਂ ਤਾਂ ਰੂਹ ਦੇ ਪਾਰ ਜਾਵੀਂ।

(ਮੋਰ ਪੰਖ 15)

ਪਿਆਰ ਅਤੇ ਰੂਹ ਦਾ ਰਿਸ਼ਤਾ ਤਾਂ ਦਿਲ ਤੋਂ ਹੀ ਬਣਦਾ ਹੈ। ਸ਼ਰੀਰਾਂ ਦੇ ਮੋਹ ਕਦੇ ਵੀ ਸੱਚੇ ਪਿਆਰ ਵਿਚ ਤਬਦੀਲ ਨਹੀਂ ਹੋ ਸਕਦੇ। ਇਕ ਦੂਜੇ ਨੂੰ ਜਿਸਮਾਨੀ ਭੋਗਣਾ ਹੀ ਮੁਹੱਬਤ ਨਹੀਂ ਹੁੰਦੀ ਕਿਉਂ ਕਿ ਕਦੇ ਵੀ ਜਿਸਮਾਂ ਦੇ ਪਿਆਰ ਰੂਹਾਂ ਦੇ ਪਿਆਰ ਤੱਕ ਪਹੁੰਚਣ ਦੇ ਰਾਹ ਨਹੀਂ ਬਣਦੇ।

ਜਿਸਮ ਦੀ ਗਰਮੀ ਨੂੰ ਤੂੰ, ਕਹਿਨੈ ਮੁਹੱਬਤ, ਆਖ ਲੈ

ਪਹੁੰਚਦੇ ਨਾ ਤਨ ਕਦੇ ਵੀ, ਮਨ ਦੇ ਅੰਦਰ ਦੋਸਤੋ।

(ਮੋਰ ਪੰਖ 120)

ਹਰ ਇਕ ਰਿਸ਼ਤੇ ਦੀ ਆਪਣੀ ਮਾਣ-ਮਰਿਆਦਾ ਹੁੰਦੀ ਹੈ। ਇਕ ਰੇਖਾ ਨਿਰਧਾਰਿਤ ਕੀਤੀ ਗਈ ਹੁੰਦੀ ਹੈ। ਰਿਸ਼ਤਿਆਂ ਵਿਚ ਸੰਗ-ਸ਼ਰਮ ਰੱਖਣਾ ਬੇਹਦ ਜ਼ਰੂਰੀ ਹੁੰਦਾ ਹੈ। ਇਨਸਾਨ ਦੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਪਿਆਰ ਸਿਰਫ਼ ਜਿਸਮਾਂ ਤਕ ਹੀ ਸੀਮਤ ਨਹੀਂ ਹੋਣਾ ਚਾਹੀਦਾ। ਇਸ ਦੀ ਖ਼ੁਸ਼ਬੋ ਜਿਸਮਾਂ ਤੱਕ ਹੀ ਨਹੀਂ ਹੋਣੀ ਚਾਹੀਦੀ ਸਗੋਂ ਮਨ ਦੇ ਅੰਦਰ ਤਕ ਇਸ ਦੀ ਗੂੰਜ ਹੋਣੀ ਚਾਹੀਦੀ ਹੈ।

ਹਰ ਰਿਸ਼ਤੇ ਦੀ ਆਪਣੀ ਸੀਮਾ, ਪਰ ਖੁਸ਼ਬੋਈ ਅਨਹਦ ਹੋਵੇ

ਕੋਸ਼ਿਸ਼ ਕਰੀਏ ਤਨ ਤੋਂ ਅੱਗੇ, ਮਨ ਮੰਦਰ ਵਿਚ ਧੂਫ਼ ਧੁਖ਼ਾਈਏ।

(ਰਾਵੀ 44)

ਅਜੋਕੇ ਸਮਾਜ ਵਿਚ ਔਰਤ ਦੀ ਜੋ ਸਥਿਤੀ ਹੈ ਉਸ ਨੂੰ ਬਿਆਨਦਾ ਪੰਜਾਬੀ ਗ਼ਜ਼ਲਕਾਰ ਗੁਰਭਜਨ ਗਿੱਲ ਆਖਦਾ ਹੈ ਕਿ ਔਰਤ ਨੂੰ ਮਰਦ ਸ਼ੁਰੂ ਤੋਂ ਹੀ ਭੋਗ ਵਿਲਾਸ ਦੀ ਚੀਜ਼ ਸਮਝਦਾ ਹੈ। ਜਦ ਦਿਲ ਕੀਤਾ ਉਸ ਨੂੰ ਵਰਤਿਆ ਤੇ ਜਦ ਦਿਲ ਕੀਤਾ ਵਰਤ ਕੇ ਸੁੱਟ ਦਿੱਤਾ। ਔਰਤ ਨੂੰ ਮਰਦ ਤੋਂ ਹਮੇਸ਼ਾ ਇਹੀ ਸ਼ਿਕਾਇਤ ਰਹਿੰਦੀ ਹੈ ਕਿ ਮਰਦ ਉਸ ਦੇ ਦਿਲ ਨਾਲੋਂ ਉਸਦੇ ਸ਼ਰੀਰ ਨੂੰ ਵੱਧ ਅਹਿਮੀਅਤ ਦਿੰਦਾ ਹੈ। ਉਹ ਮਰਦ ਨੂੰ ਕਹਿੰਦੀ ਹੈ ਕਿ ਮੇਰੇ ਸ਼ਰੀਰ ਨੂੰ ਤਾਂ ਤੂੰ ਬਹੁਤ ਜਾਣ ਲਿਆ ਕਦੇ ਮੇਰੇ ਦਿਲ ਦੀ ਡੂੰਘਾਈ ਨੂੰ ਵੀ ਜਾਣ ਉਸ ਨੂੰ ਵੀ ਸਮਝ ਕਿ ਮੇਰੇ ਅਰਮਾਨ ਕੀਹਨ ਅਤੇ ਮੈਂ ਤੇਰੇ ਤੋਂ ਕੀ ਚਾਹੁੰਦੀ ਹੈ।

ਜਿਸਮ ਦੀ ਮਿੱਟੀ ਨੂੰ ਫ਼ੋਲਣ ਵਾਲਿਆ,

ਮੇਰੇ ਦਿਲ ਨੂੰ ਜਾਣ ਤੂੰ ਸੁਲਤਾਨ ਬਣ।

(ਮਨ ਪਰਦੇਸੀ 24)

ਗੁਰਭਜਨ ਗਿੱਲ ਆਪਣੀ ਗ਼ਜ਼ਲ ਰਾਹੀਂ ਇਕ ਧੀ ਧਿਆਣੀ ਦੇ ਦਰਦ ਨੂੰ ਪੇਸ਼ ਕਰਦਾ ਕਹਿੰਦਾ ਹੈ ਕਿ ਮੇਰੇ ਪਿਤਾ ਜੀ ਮੈਨੂੰ ਇਸ ਧਰਤੀ ਉੱਤੇ ਜਨਮ ਲੈ ਲੈਣ ਦਿਉ। ਮੈਨੂੰ ਮੇਰੀ ਮਾਂ ਦੀ ਹੀ ਕੁੱਖ ਵਿਚ ਕਤਲ ਨਾ ਕਰੋ। ਮੇਰੇ ਤੇ ਇਹ ਜ਼ੁਰਮ ਨਾ ਕਰੋ। ਜੇ ਮੁੰਡੇ ਨੂੰ ਤੁਸੀਂ ਘਰ ਦਾ ਚਿਰਾਗ ਸਮਝਦੇ ਹੋ ਤਾਂ ਮੈਂ ਵੀ ਤਾਂ ਤੁਹਾਡੇ ਖ਼ਾਨਦਾਨ ਦਾ ਚਾਨਣ ਹਾਂ, ਫ਼ਿਰ ਮੈਨੂੰ ਆਪਣੇ ਅਤੇ ਧਰਤੀ ਉੱਤੇ ਭਾਰ ਕਿਉਂ ਸਮਝਿਆ ਜਾਂਦਾ ਹੈ।

ਕੁਖ਼ ਵਿਚ ਨਾ ਤੂੰ ਮਾਰ ਬਾਬਲਾ

ਕਰ ਨਾ ਅਤਿਆਚਾਰ ਬਾਬਲਾ।

ਮੈਂ ਵੀ ਤੇਰੀ ਕੁਲ ਦਾ ਚਾਨਣ

ਕਿਉਂ ਸਮਝੇਂ ਤੂੰ ਭਾਰ ਬਾਬਲਾ।

(ਮਨ ਪਰਦੇਸੀ 39)

ਗੁਰਭਜਨ ਗਿੱਲ ਆਪਣੀ ਗ਼ਜ਼ਲ ਦੇ ਸ਼ਿਅਰ ਰਾਹੀਂ ਅੱਜ ਦੇ ਦੌਰ ਵਿਚ ਵਿਚਰ ਰਹੇ ਬੱਚਿਆਂ ਦੇ ਕੰਮਾਂ ਵੱਲ ਝਾਤ ਪੁਆਉਂਦਾ ਆਖਦਾ ਹੈ ਕਿ ਅੱਜ ਦੇ ਦੌਰ ਵਿਚ ਕੁੜੀਆਂ ਮੁੰਡਿਆਂ ਦੀ ਗਲਤ ਸੰਗਤ ਬਹੁਤ ਬੁਰੇ ਅਸਰ ਪਾ ਰਹੀ ਹੈ। ਬੱਚੇ ਮਾਂਪਿਆਂ ਤੋਂ ਚੋਰੀ ਬਹੁਤ ਕੁੱਝ ਗਲਤ ਕਰ ਰਹੇ ਹਨ ਅਤੇ ਗਲਤ ਰਾਹਵਾਂ ਅਖ਼ਤਿਆਰ ਕਰੀ ਬੈਠੇ ਹਨ। ਜਵਾਨੀ ਦੇ ਨਸ਼ੇ ਵਿਚ ਮਾਂ-ਬਾਪ ਦੀ ਇੱਜਤ ਨੂੰ ਛਿੱਕੇ ਟੰਗ ਰਹੇ ਹਨ। ਪਰ ਕਈ ਬੱਚੇ ਬਹੁਤ ਸਮਝਦਾਰ ਵੀ ਹੁੰਦੇ ਹਨ ਅਤੇ ਮਾਂ-ਬਾਪ ਦੀ ਇੱਜਤ ਨੂੰ ਬਣਾਈ ਰੱਖਦੇ ਹੋਏ ਗਲਤ ਕੰਮਾਂ ਤੋਂ ਦੂਰੀ ਬਣਾ ਕੇ ਰੱਖਦੇ ਹਨ। ਜੇ ਕਰ ਸਾਰੇ ਇਸ ਤਰ੍ਹਾਂ ਦੀ ਹੀ ਸੋਚ ਰੱਖਣ ਅਤੇ ਚੜ੍ਹਦੀ ਜਵਾਨੀ ਵਿਚ ਉਹ ਸਹੀ ਰਾਹ ਤੇ ਪੈ ਜਾਣ ਤਾਂ ਸਾਰੀ ਜ਼ਿੰਦਗੀ ਹੀ ਸਹੀ ਗੁਜ਼ਰ ਜਾਂਦੀ ਹੈ। ਜਿਹੜੇ ਬੱਚੇ ਜਵਾਨੀ ਵਿਚ ਹੀ ਆਪਣੇ ਪੈਰਾਂ ਅਤੇ ਆਪਣੀਆਂ ਭਾਵਨਾਵਾਂ ਤੇ ਕਾਬੂ ਰੱਖ ਲੈਂਦੇ ਹਨ। ਉਹ ਪਿਉ ਦੀ ਪੱਗ ਕਦੇ ਵੀ ਰੁਲਣ ਨਹੀਂ ਦਿੰਦੇ ਸਗੋਂ ਜੱਗ ਵਿਚ ਮਾਂ-ਬਾਪ ਦਾ ਮਾਣ ਵਧਾਉਂਦੇ ਹਨ।

ਜਦੋਂ ਚੜ੍ਹਦੀ ਜਵਾਨੀ ਜਾਣ ਲਵੇ ਸਹੀ ਰਾਹ

ਉਦੋਂ ਧੀਆਂ ਪੁੱਤ ਸਾਂਭ ਲੈਂਦੇ ਬਾਬਲੇ ਦੀ ਪੱਗ।

(ਮਨ ਪਰਦੇਸੀ 44)

ਗੁਰਭਜਨ ਗਿੱਲ ਨੂੰ ਆਪਣੇ ਪਿੰਡ ਨਾਲ, ਸਭਿਆਚਾਰ ਨਾਲ ਅਤੇ ਧੀਆਂ ਧੀਆਣੀਆਂ ਨਾਲ ਬਹੁਤ ਮੋਹ ਹੈ। ਇਸ ਮੋਹ ਸਦਕਾ ਹੀ ਉਸ ਨੇ ਆਪਣੇ ਸ਼ਿਅਰ ਵਿਚ ਜ਼ਿਕਰ ਕੀਤਾ ਹੈ ਕਿ ਉਸਦੀ ਰੂਹ ਵਿਚ ਹਮੇਸ਼ਾ ਤੋਂ ਹੀ ਪਿੰਡ ਦੇ ਦਰੱਖ਼ਤ ਅਤੇ ਪਿੰਡ ਦੀਆਂ ਧੀਆਂ ਧੀਆਣੀਆਂ ਲਈ ਬਹੁਤ ਮੋਹ ਰਿਹਾ ਹੈ। ਇਸ ਲਈ ਨਾ ਤਾਂ ਕਿਸੇ ਪੰਛੀ ਨੂੰ ਦਰੱਖ਼ਤਾਂ ਤੋਂ ਉਡਾਇਆ ਹੈ ਅਤੇ ਨਾ ਹੀ ਬੱਚੀਆਂ ਦਾ ਤਿਰਸਕਾਰ ਕੀਤਾ ਹੈ।

ਮੇਰੀ ਰੂਹ ਵਿਚ ਜੀਣ ਸਦਾ ਧੀਆਂ ਤੇ ਧਰੇਕਾਂ

ਏਸੇ ਕਰ ਕੇ ਮੈਂ ਚਿੜੀਆਂ ਨੂੰ ਕਦੇ ਨਹੀਂ ਉਡਾਇਆ।

(ਮਨ ਪਰਦੇਸੀ 53)

ਗ਼ਜ਼ਲਗੋ ਜਸਵਿੰਦਰ ਆਪਣੀਆਂ ਗ਼ਜ਼ਲਾਂ ਵਿਚ ਨਾਰੀਵਾਦੀ ਸਰੋਕਾਰ ਨੂੰ ਪ੍ਰਗਟਾਉਂਦੇ ਹਨ। ਜੋ ਆਦਮੀ ਔਰਤ ਨੂੰ ਸਿਰਫ਼ ਭੋਗ ਵਿਲਾਸ ਦੀ ਹੀ ਚੀਜ਼ ਸਮਝਦਾ ਹੈ ਅਤੇ ਉਸ ਦਾ ਮਨ ਅਕਸਰ ਜਿਸਮਾਂ ਨੂੰ ਪਾਉਣ ਦੀਆਂ ਸਕੀਮਾਂ ਘੜਦਾ ਰਹਿੰਦਾ ਹੈ। ਉਹ ਇਨਸਾਨ ਕਦੇ ਵੀ ਕਿਸੇ ਦਾ ਸੱਚਾ ਪਿਆਰ ਹਾਸਿਲ ਨਹੀਂ ਕਰ ਸਕਦਾ ਹੈ।

ਜਿਸਮ ਦੇ ਜੁਗਰਾਫ਼ੀਏ ਵਿਚ ਕੈਦ ਬੰਦੇ ਨੂੰ ਕਦੇ

ਰੂਹ ਦੁਆਲੇ ਲਿਪਟਿਆ ਸੰਗਲ ਨਜ਼ਰ ਆਉਂਦਾ ਨਹੀਂ।

(ਅਗਰਬੱਤੀ 48)

ਜਦੋਂ ਰਿਸ਼ਤਿਆਂ ਵਿਚ ਲੋੜਾਂ ਨੂੰ ਹੀ ਅਹਿਮੀਅਤ ਦਿੱਤੀ ਜਾਣ ਲੱਗ ਪਵੇ ਚਾਹੇ ਉਹ ਲੋੜਾਂ ਕਿਸੇ ਵੀ ਤਰ੍ਹਾਂ ਦੀਆਂ ਕਿਉਂ ਨਾ ਹੋਣ ਭਾਵੇਂ ਆਰਥਿਕ, ਜਿਸਮਾਨੀ ਚਾਹੇ ਕੁੱਝ ਹੋਰ ਤਾਂ ਜੋ ਪਿਆਰ ਭਰੇ ਰਿਸ਼ਤੇ ਹੁੰਦੇ ਹਨ ਉਹਨਾਂ ਵਿਚ ਤਰੇੜਾਂ ਆਉਣਾ ਲਾਜ਼ਮੀ ਹੈ। ਅਜੋਕੇ ਰਿਸ਼ਤੇ ਲੋੜਾਂ ਤਕ ਹੀ ਸੀਮਤ ਰਹਿ ਗਏ ਹਨ। ਉਸ ਵਿਚ ਸੱਚੇ ਪਿਆਰ ਦੀ ਕੋਈ ਥਾਂ ਨਹੀਂ ਹੈ।

ਗਰਜ਼ਾਂ ਦੀ ਸ਼ਹਿ ਮਿਲੀ ਤਾਂ ਮੇਰੇ ਖ਼ਿਲਾਫ਼ ਹੋਇਆ

ਰੱਖਿਆ ਜੋ ਖਾਸ ਰਿਸ਼ਤਾ ਮੈਂ ਉਮਰ ਭਰ ਲੁਕੋ ਕੇ।

(ਅਗਰਬੱਤੀ 44)

ਡਾ. ਬਰਜਿੰਦਰ ਚੌਹਾਨ ਦੇਹਵਾਦੀ ਸਰੋਕਾਰਾਂ ਨੂੰ ਆਪਣੀਆਂ ਗ਼ਜ਼ਲਾਂ ਵਿਚ ਪ੍ਰਗਟਾਉਂਦੇ ਹਨ। ਬਰਜਿੰਦਰ ਚੌਹਾਨ ਜਿੱਥੇ ਜੀਵਨ ਦੇ ਬਹੁਪੱਖੀ ਸਮੱਸਿਆਵਾਂ ਨੂੰ ਆਪਣੇ ਸ਼ਿਅਰਾਂ ਵਿਚ ਪ੍ਰਸਤੁਤ ਕਰਦਾ ਹੈ। ਉੱਥੇ ਰੂਹ ਅਤੇ ਜਿਸਮ ਦੇ ਵੱਧ ਰਹੇ ਪਾੜੇ ਨੂੰ ਵੀ ਆਪਣੇ ਕਾਵਿ ਦਾ ਹਿੱਸਾ ਬਣਾਉਂਦਾ ਹੈ। ਅਜੋਕੇ ਪੂੰਜੀਵਾਦੀ ਦੌਰ ਵਿਚ ਜਦੋਂ ਔਰਤ ਮਰਦ ਦਾ ਰਿਸ਼ਤਾ ਸਿਰਫ ਦੇਹ ਤੀਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਉਸ ਨੂੰ ਔਰਤ ਮਰਦ ਦੇ ਉਸ ਰੂਹ ਅਤੇ ਜਿਸਮ ਦੇ ਅੰਤਰ ਦਾ ਗਿਆਨ ਹੈ ਕਿਉਂ ਕਿ ਹਰ ਔਰਤ ਅਤੇ ਮਰਦ ਇਕ ਦੂਜੇ ਨੂੰ ਧੁਰ ਤੀਕ ਮਾਨਣਾ ਚਾਹੁੰਦੇ ਹਨ ਪਰ ਮਨੁੱਖ ਦੀ ਖੰਡਤ ਹੋਈ ਚੇਤਨਾ ਉਸ ਨੂੰ ਝੰਜੋੜਦੀ ਹੈ। ਉਸ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਅਕਸਰ ਹੀ ਮਨੁੱਖ ਜੋ ਅਵਚੇਤਨ ਵਿਚ

ਸੋਚਦਾ ਹੈ ਉਹ ਚੇਤਨ ਰੂਪ ਵਿਚ ਨਹੀਂ ਵਾਪਰਦਾ। ਜੋ ਕੁੱਝ ਵਾਪਰਦਾ ਹੈ ਉਸ ਨੂੰ ਬਰਜਿੰਦਰ ਚੌਹਾਨ ਇਉਂ ਪੇਸ਼ ਕਰਦਾ ਹੈ:

ਉਸ ਵੇਲੇ ਤਾਂ ਜਿਸਮ ਸਮੁੰਦਰ ਦਾ ਵੀ ਰੇਤਾ ਹੋ ਜਾਂਦਾ ਹੈ

ਜਦ ਸਿਰ ਉਤੋਂ ਬਿਨ ਵਰਸੇ ਹੀ ਲੰਘ ਜਾਵਣ ਘਣਘੋਰ ਘਟਾਵਾਂ।

(ਸਫ਼ਰ ਦੀ ਖ਼ੁਸ਼ਬੋ 46)

ਅਜੋਕੀ ਔਰਤ ਦੀ ਤ੍ਰਾਸਦੀ ਇਹ ਹੈ ਕਿ ਉਸ ਨੂੰ ਕਿਸੇ ਵੀ ਮਰਦ ਵੱਲੋਂ ਸੱਚਾ ਪਿਆਰ ਨਸੀਬ ਨਹੀਂ ਹੋਇਆ ਜੋ ਵੀ ਉਸ ਦੀ ਜ਼ਿੰਦਗੀ ਵਿਚ ਆਇਆ ਸਿਰਫ਼ ਕੁੱਝ ਸਮੇਂ ਦਾ ਮਹਿਮਾਨ ਹੀ ਬਣ ਸਕਿਆ ਕਿਉਂ ਕਿ ਉਮਰਾਂ ਦੇ ਸਾਥ ਲਈ ਜਿਸਮਾਂ ਦਾ ਨਹੀਂ ਬਲਕਿ ਰੂਹਾਂ ਦਾ ਪਿਆਰ ਹੋਣਾ ਜ਼ਰੂਰੀ ਹੈ। ਜੋ ਅੱਜ ਕਲ ਦੇ ਸਮੇਂ ਵਿਚ ਵੇਖਣ ਨੂੰ ਨਹੀਂ ਮਿਲਦਾ। ਜ਼ਿੰਦਗੀ ਦੇ ਰਿਸ਼ਤੇ ਪੂੰਜੀ ਅਤੇ ਦੇਹ ਦੇ ਨਾਲ ਜੁੜ ਕੇ ਰਹਿ ਗਏ ਹਨ। ਔਰਤ ਮਰਦ ਇਕ ਦੂਜੇ ਨੂੰ ਵਰਤਦੇ ਹਨ। ਇਸ ਵਰਤਾਰੇ ਨੂੰ ਇਸ ਸ਼ਿਅਰ ਰਾਹੀਂ ਸਮਝਿਆ ਜਾ ਸਕਦਾ ਹੈ ਕਿ ਮਨੁੱਖ ਕਿਵੇਂ ਕਿਸੇ ਦੇ ਆਉਣ ਅਤੇ ਜਾਣ ਨੂੰ ਉਸ ਮੁਸਾਫ਼ਰ ਖਾਨੇ ਦੇ ਪ੍ਰਤੀਕ ਰਾਹੀਂ ਪ੍ਰਸਤੁਤ ਕਰਦਾ ਹੈ। ਜਿਥੇ ਦਾ ਕੋਈ ਵੀ ਸਦੀਵੀ ਵਾਸੀ ਨਹੀਂ ਹੁੰਦਾ। ਭਾਵੇਂ ਇਹ ਸੰਸਾਰ ਇਕ ਮੁਸਾਫਿਰਖਾਨਾ ਹੀ ਹੈ ਅਸੀਂ ਜਨਮ ਦੇ ਵਿਗਸਦੇ ਅਤੇ ਖਤਮ ਹੋ ਜਾਂਦੇ ਹਾਂ। ਸਾਡਾ ਅਤੇ ਸਾਡੇ ਪੁਰਖਿਆਂ ਦਾ ਕੋਈ ਪੱਕਾ ਟਿਕਾਣਾ ਨਹੀਂ ਇਸ ਆਉਣ ਜਾਣ ਦੇ ਜੀਵਨ ਸਫ਼ਰ ਨੂੰ ਪੇਸ਼ ਕਰਦਾ ਇਹ ਸ਼ਿਅਰ ਆਪਣੇ ਅੰਦਰ ਜੀਵਨ ਦਾ ਉਹ ਸੱਚ ਅਤੇ ਯਥਾਰਥ ਸਮੋਈ ਬੈਠਾ ਹੈ। ਇਸ ਨੂੰ ਪਾਠਕ ਮੁਹੱਬਤ ਵੀ ਸਮਝ ਸਕਦਾ ਹੈ ਤੇ ਜੀਵਨ ਦਾ ਸਫ਼ਰ ਵੀ।

ਮੇਰੇ ਦਿਲ ਦਾ ਹਾਲ ਮੁਸਾਫ਼ਰਖਾਨੇ ਵਾਲ਼ਾ ਹੋਇਆ ਹੈ

ਏਥੇ ਜੋ ਵੀ ਆਏ ਇਕ ਦੋ ਘੜੀਆਂ ਠਹਿਰਨ ਵਾਲੇ ਸੀ।

(ਸਫ਼ਰ ਦੀ ਖੁਸ਼ਬੋ 19)

ਸੱਚੇ ਪਿਆਰ ਨੂੰ ਹਾਸਿਲ ਕਰਨ ਦੀ ਕਾਮਨਾ ਰੱਖਦੀ ਹੋਈ ਇਕ ਔਰਤ ਪਤਾ ਨਹੀਂ ਮਰਦ ਹੱਥੋਂ ਕਿੰਨੀ ਵਾਰ ਹੀ ਪੜਤਾੜਿਤ ਹੁੰਦੀ ਹੈ ਪਰ ਉਸ ਨੂੰ ਪਿਆਰ ਨਾ ਹੀ ਸਨਮਾਨ ਕਿਤੋਂ ਵੀ ਨਸੀਬ ਨਹੀਂ ਹੁੰਦਾ ਤਾਂ ਉਸ ਦੀ ਮਾਨਸਿਕ ਸਥਿਤੀ ਉਸ ਨੂੰ ਦੁਬਾਰਾ ਕਿਸੇ ਮਰਦ ’ਤੇ ਵਿਸ਼ਵਾਸ ਕਰਨ ਦੀ ਇਜ਼ਾਜ਼ਤ ਨਹੀਂ ਦਿੰਦੀ।

ਨਾ ਭੇਜੀਂ ਜਿਸਮ ਦੇ ਜੰਗਲ਼ ’ਚ ਹੁਣ ਮੁੜ ਕੇ ਮੇਰੇ ਖ਼ੁਦਾ

ਮੇਰੀ ਰੂਹ ਵਾਸਤੇ ਇਕ ਉਮਰ ਦਾ ਬਨਵਾਸ ਬਹੁਤ ਹੈ।

(ਸਫ਼ਰ ਦੀ ਖੁਸ਼ਬੋ 33)

ਜੀਵਨ ਵਿਚਲੇ ਉਤਰਾਅ-ਚੜਾਅ ਨੂੰ ਨਦੀ ਅਤੇ ਰੇਤ ਦੇ ਪ੍ਰਤੀਕ ਰਾਹੀਂ ਉਸ ਪਿਆਸ ਦੀ ਹੋਣੀ ਨੂੰ ਪੇਸ਼ ਕਰਦਾ ਹੈ ਕਿ ਜਿਸ ਤਰ੍ਹਾਂ ਜੀਵਨ ਵਿਚ ਜਵਾਨੀ ਤੋਂ ਬਾਅਦ ਬੁਢਾਪਾ, ਦੁਪਹਿਰ ਤੋਂ ਬਾਅਦ ਸ਼ਾਮ ਅਤੇ ਦਿਨ ਤੋਂ ਬਾਅਦ ਰਾਤ ਆਉਂਦੀ ਹੈ। ਇਸ ਪ੍ਰਕਿਰਤੀ ਦੇ ਵਰਤਾਰੇ ਨੂੰ ਪੇਸ਼ ਕਰਦਾ ਹੈ। ਵਗਦੀ ਨਦੀ ਕਿਵੇਂ ਰੇਤ ਵਿਚ ਤਬਦੀਲ ਹੁੰਦੀ ਹੈ ਜਿਵੇਂ ਭਰ ਜਵਾਨੀ ਵਿਚ ਕਿਸੇ ਦਾ ਅਚਾਨਕ ਤੁਰ ਜਾਣਾ ਹੁੰਦਾ ਹੈ। ਜੀਵਨ ਦੇ ਇਸ ਸੱਚ ਨੂੰ ਬਰਜਿੰਦਰ ਚੌਹਾਨ ਇਉਂ ਪੇਸ਼ ਕਰਦਾ ਹੈ;

ਮੇਰੀ ਵੀ ਪਿਆਸ ਵਿਚ ਹੁਣ ਸ਼ਿੱਦਤ ਨਹੀਂ ਰਹੀ

ਹੁਣ ਉਹ ਨਦੀ ਵੀ ਰੇਤ ਦਾ ਅੰਬਾਰ ਹੋ ਗਈ।

(ਸਫ਼ਰ ਦੀ ਖੁਸ਼ਬੋ 36)

ਇਕ ਔਰਤ ਦੀ ਤ੍ਰਾਸਦੀ ਇਹ ਹੈ ਕਿ ਉਸ ਕੋਲ ਮਤਲਬੀ ਰਿਸ਼ਤਿਆਂ ਦੀ ਭੀੜ ਲੱਗੀ ਪਈ ਹੈ। ਉਸ ਦੇ ਜਿਸਮ ਨੂੰ ਭੋਗਣ ਦੀਆਂ ਲੋੜਾਂ ਨਾਲ ਰਿਸ਼ਤਿਆਂ ਦੀਆਂ ਪੰਡਾਂ ਚੱਕੀ ਬਹੁਤ ਖੜੇ ਹਨ ਪਰ ਇਸ ਤਰ੍ਹਾਂ ਦਾ ਕੋਈ ਆਪਣਾ ਹਮਦਰਦ ਨਹੀਂ ਜਿਹੜਾ ਦਿਲ ਦੇ ਜ਼ਖ਼ਮਾਂ ਦਾ ਕੋਈ ਇਲਾਜ ਕਰ ਸਕੇ ਭਾਵ ਅਪਣਾ ਹੋਵੇ। ਸ਼ਰੀਰ ਤੋਂ ਹੀ ਆਪਣਾ ਨਹੀਂ ਬਲਕਿ ਦਿਲ ਤੋਂ ਅਤੇ ਰੂਹ ਤੋਂ ਉਸ ਨੂੰ ਆਪਣਾ ਬਣਾਵੇ। ਇਸ ਸੰਦਰਭ ਵਿਚ ਗ਼ਜ਼ਲਕਾਰ ਲਿਖਦੇ ਹਨ:

ਰਿਸ਼ਤਿਆਂ ਦੇ ਵੀ ਨੇ ਹਜ਼ੂਮ ਖੜੇ

ਹੋਰ ਵੀ ਨਾਲ ਨੇ ਮਸੀਹੇ ਬੜੇ

ਕੋਈ ਹਮਦਰਦ ਪਰ ਨਹੀਂ ਦਿਸਦਾ

ਮੇਰੇ ਜ਼ਖ਼ਮਾਂ ਦੇ ਹਾਣ ਦਾ ਮੈਨੂੰ।

(ਸਫ਼ਰ ਦੀ ਖੁਸ਼ਬੋ 43)

ਸਦੀਆਂ ਤੋਂ ਔਰਤ ਦੀ ਸਥਿਤੀ ਉਹੀ ਰਹੀ ਹੈ। ਉਸ ਦੀ ਹਾਲਤ ਸਦੀਆਂ ਪਹਿਲਾਂ ਵੀ ਉਹੀ ਸੀ ਅਤੇ ਅਜੋਕੇ ਦੌਰ ਵਿਚ ਵੀ ਉਹੀ ਹੈ। ਪਹਿਲਾਂ ਔਰਤ ਹੀਰ, ਸਾਹਿਬਾਂ, ਸੱਸੀ, ਸੋਹਣੀ ਦੇ ਰੂਪ ਵਿਚ ਪੜਤਾੜਿਤ ਹੁੰਦੀ ਰਹੀ ਅਤੇ ਅਜੋਕੇ ਦੌਰ ਵਿਚ ਨਿਰਭੈਆ ਅਤੇ ਲਕਸ਼ਮੀ ਅਗਰਵਾਲ ਵਰਗੀਆਂ ਬਹੁਤ ਔਰਤਾਂ ਹਨ ਜਿਨ੍ਹਾਂ ਨੂੰ ਅੱਜ ਵੀ ਜਿਸਮ ਅਤੇ ਰੂਹ ਤੋਂ ਜ਼ਖ਼ਮੀ ਕੀਤਾ ਜਾਂਦਾ ਹੈ। ਇਹ ਪਾਪੀ ਜ਼ਮਾਨਾ ਤਾਂ ਨਿੱਕੀਆਂ ਮਾਸੂਮ ਬੱਚੀਆਂ ਤੱਕ ਨੂੰ ਨਹੀਂ ਬਖ਼ਸ਼ਦਾ। ਜ਼ਮਾਨਾ ਉਹੀ ਹੈ ਬਸ ਔਰਤ ਦੇ ਪਾਤਰ ਬਦਲ ਜਾਂਦੇ ਹਨ।

'ਕਹਾਣੀ ਜ਼ਿੰਦਗੀ ਦੀ ਨਾ ਕਦੇ ਬਦਲੀ ਨਾ ਸਦੀਆਂ ਤੋਂ

ਸਮੇਂ ਦਾ ਨਾਲ ਇਸ ਨਾਟਕ ਦੇ ਬਸ ਪਾਤਰ ਬਦਲ ਜਾਂਦੇ।'

(ਸਫ਼ਰ ਦੀ ਖੁਸ਼ਬੋ 31)

ਔਰਤ ਦੀ ਜ਼ਿੰਦਗੀ ਤਾਂ ਬਸ ਹੌਕਿਆਂ, ਹਾਵਾਂ ਅਤੇ ਇੰਤਜ਼ਾਰ ਵਿਚ ਹੀ ਲੰਘ ਜਾਂਦੀ ਹੈ। ਉਹ ਫੁੱਲ ਰੂਪੀ ਆਪਣੇ ਅਰਮਾਨਾਂ ਨੂੰ ਸਜਾ ਕੇ ਰੱਖਦੀ ਹੈ ਪਰ ਉਸ ਦੀ ਕਦਰ ਕਰਨ ਵਾਲਾ ਕੋਈ ਨਹੀਂ ਹੈ। ਔਰਤ ਆਪਣੇ ਦੁੱਖਾਂ ਨੂੰ ਬਿਆਨ ਨਹੀਂ ਕਰ ਸਕਦੀ ਅਤੇ ਉਹ ਅੰਦਰੋਂ ਅੰਦਰੀਂ ਧੁੱਖਦੀ ਰਹਿੰਦੀ ਹੈ। ਦੁੱਖ-ਸੁੱਖ ਕੱਟਦੀ ਹੋਈ ਕਦੇ ਵੀ ਆਪਣੇ ਦੁੱਖ ਨੂੰ ਬਿਆਨ ਨਹੀਂ ਕਰਦੀ। ਔਰਤ ਅੰਦਰ ਰੱਬ ਨੇ ਬਹੁਤ ਸਹਿਣਸ਼ੀਲਤਾ ਭਰੀ ਹੈ। ਹਰ ਗਮ ਨੂੰ ਸਹਿਣ ਕਰ ਲੈਂਦੀ ਹੈ। ਸਭ ਕੁੱਝ ਸਹਿਣ ਕਰਨ ਦੇ ਬਾਅਦ ਵੀ ਮਰਦ ਦੇ ਹੱਥੋਂ ਬੇਇੱਜਤ ਹੁੰਦੀ ਹੈ।ਹਰੇਕ ਦੌਰ ਦੇ ਸਾਹਿਤ ਵਿਚ ਨਾਰੀ ਦੀ ਹੋਂਦ ਵਿਦਮਾਨ ਰਹਿੰਦੀ ਹੈ। ਇਹ ਸਮੇਂ-ਸਮੇਂ ਦੀ ਖੇਡ ਹੈ ਕਿ ਕਿਸੇ ਦੌਰ ਵਿਚ ਸਾਹਿਤਕਾਰਾਂ ਨੇ ਨਾਰੀ ਨੂੰ ਭੰਡਿਆ ਵੀ ਹੈ ਅਤੇ ਅਜੋਕੇ ਦੌਰ ਵਿਚ ਨਾਰੀ ਨੂੰ ਸਲਾਹਿਆ ਵੀ ਹੈ। ਗ਼ਜ਼ਲ ਦੀ ਹੋਂਦ ਦਾ ਆਧਾਰ ਹੀ ਔਰਤ ਨਾਲ ਹੈ।

ਗ਼ਜ਼ਲਗੋ ਸਤੀਸ਼ ਗੁਲਾਟੀ ਦੀ ਗ਼ਜ਼ਲ ਵਿਚ ਵੀ ਔਰਤ ਦਾ ਜ਼ਿਕਰ ਆਉਂਦਾ ਹੈ। ਸੰਕੇਤਕ ਭਾਸ਼ਾ ਵਿਚ ਕੁੱਝ ਕਹਿਣ ਦਾ ਨਾਂ ਹੀ ਗ਼ਜ਼ਲ ਹੈ। ਔਰਤ ਦੀ ਸੁੰਦਰਤਾ ਅਤੇ ਸੰਜੀਦਗੀ ਨੂੰ ਸਤੀਸ਼ ਗੁਲਾਟੀ ਨਦੀ ਦੇ ਚਿਹਨ ਰਾਹੀਂ ਪੇਸ਼ ਕਰਦਾ ਹੈ ਕਿ ਔਰਤ ਆਪਣੇ ਹਮਸਫ਼ਰ ਅੱਗੇ ਪੂਰੀ ਤਰ੍ਹਾਂ ਨਾਲ ਪਾਰਦਰਸ਼ੀ ਬਣ ਜਾਂਦੀ ਹੈ। ਉਹ ਸੋਹਣੀ, ਗੁਣਵਾਨ ਅਤੇ ਸਹਿਣਸ਼ੀਲ ਸਭ ਕੁੱਝ ਹੈ। ਉਸ ਦਾ ਸਾਊਪਨ ਹੀ ਦੱਸ ਦਿੰਦਾ ਹੈ ਕਿ ਉਹ ਆਪਣੇ ਚਰਿੱਤਰ ਪ੍ਰਤੀ ਕਿੰਨੀ ਸਾਫ਼ ਅਤੇ ਡੂੰਘੇਰੀ ਹੈ। ਭਾਵੇਂ ਔਰਤ ਹਾਲੇ ਵੀ ਤ੍ਰਾਸਦਿਕ ਸਥਿਤੀਆਂ 'ਚ ਜਿਉਂ ਰਹੀ ਹੈ। ਉਸ ਦੇ ਬਣਦੇ ਹੱਕਾਂ ਦੀ ਬਹਾਲੀ ਪੂਰੀ ਤਰ੍ਹਾਂ ਨਹੀਂ ਹੋਈ ਪਰ ਅੱਜ ਔਰਤ ਪੜ੍ਹ-ਲਿਖ ਕੇ ਜਾਗਰੂਕ ਵੀ ਹੋ ਰਹੀ ਹੈ। ਔਰਤ ਦੇ ਪੜ੍ਹਨ-ਲਿਖਣ ਨਾਲ ਅੱਜ ਉਸ ਦੀ ਦਸ਼ਾ ਅਤੇ ਦਿਸ਼ਾ ਵਿਚ ਕਾਫੀ ਸਾਕਾਰਾਤਮਕ ਤਬਦੀਲੀ ਆਈ ਹੈ। ਲੇਖਕ ਆਸ਼ਾਵਾਦੀ ਸੁਰ ਵਿਚ ਮਹਿਲਾ ਸਸ਼ਕਤੀਕਰਨ ਨੂੰ ਬਿਆਨ ਕਰਦਾ ਹੋਇਆ ਕਹਿੰਦਾ ਹੈ ਕਿ ਕੁੜੀਆਂ ਲਈ ਕੁੱਝ ਨਾ ਕੁੱਝ ਤਾਂ ਸਾਰਥਕ ਕੀਤਾ ਜਾ ਰਿਹਾ ਹੈ ਅਤੇ ਉਹ ਕਲਪਨਾ ਚਾਵਲਾ ਅਤੇ ਯੂਸਫ਼ ਮਲਾਲਾ ਬਣ ਕੇ ਦੇਸ਼ ਦਾ ਨਾਮ ਚਮਕਾ ਰਹੀ ਹੈ।

ਚਲੋ ਇਕ ਗੱਲ ਤਸੱਲੀ ਦੇਣ ਵਾਲੀ,

ਕਿ ਹੁਣ ਚਿੰਤਨ ਤੇ ਮੰਥਨ ਹੋ ਰਿਹਾ ਹੈ,

ਕਿਤੇ ਬੇਟੀ ਕਲਪਨਾ ਬਣ ਰਹੀ ਹੈ

ਕਿਤੇ ਬੇਟੀ ਮਲਾਲਾ ਹੋ ਰਹੀ ਹੈ।

(ਚੁੱਪ ਦੇ ਖ਼ਿਲਾਫ਼ 53)

ਅੱਜ ਦਾ ਵਿਗਿਆਨਕ ਯੁੱਗ ਹੋਵੇ ਜਾਂ ਫਿਰ ਪੁਰਾਤਨ ਯੁੱਗ ਹਰ ਪੱਖੋਂ ਔਰਤ ਨੂੰ ਮਰਦ ਨੇ ਲਤਾੜਿਆ ਹੈ। ਮਰਦ ਨੇ ਹਮੇਸ਼ਾ ਹੀ ਔਰਤ ਦੇ ਜਿਸਮ ਨੂੰ ਭੋਗਿਆ ਅਤੇ ਉਸ ਨੂੰ ਭੋਗ ਕੇ ਛੱਡ ਦਿੱਤਾ। ਉਹ ਔਰਤ ਦੇ ਜਿਸਮ ਨੂੰ ਤਾਂ ਵੰਡਦਾ ਰਿਹਾ ਪਰ ਉਸ ਦੇ ਦੁੱਖਾਂ ਨੂੰ ਨਾ ਵੰਡਾ ਸਕਿਆ। ਇਹੀ ਇਕ ਔਰਤ ਦੀ ਮੰਦਭਾਗੀ ਸਥਿਤੀ ਹੈ। ਮਰਦ ਪ੍ਰਧਾਨ ਸਮਾਜ ਵਿਚ ਇਕ ਔਰਤ ਦੀ ਸਥਿਤੀ ਹਮੇਸ਼ਾ ਹੀ ਦੂਜੈਲੀ ਰਹੀ ਹੈ। ਔਰਤ ਬਿਨਾਂ ਮਨੁੱਖ ਦੀ ਆਪਣੀ ਕੋਈ ਹਸਤੀ ਜਾਂ ਵਜੂਦ ਨਹੀਂ ਹੈ। ਉਸ ਨੂੰ ਔਰਤ ਨੂੰ ਅਜੋਕਾ ਮਨੁੱਖ ਜੰਮਣ ਤੋਂ ਪਹਿਲਾਂ ਹੀ ਮਾਰ ਦੇਣਾ ਚਾਹੁੰਦਾ ਹੈ। ਇਕ ਕੁੜੀ ਦੇ ਕਰਮਾਂ ਵਿਚ ਤਾਂ ਹਮੇਸ਼ਾ ਗੁਲਾਮੀ ਹੀ ਲਿਖੀ ਗਈ ਹੈ। ਵਿਆਹ ਤੋਂ ਪਹਿਲਾਂ ਪਿਤਾ ਦੇ ਘਰ ਦੀ ਗੁਲਾਮੀ ਅਤੇ ਵਿਆਹ ਤੋਂ ਬਾਅਦ ਪਤੀ ਦੇ ਘਰ ਦੀ ਗੁਲਾਮੀ ਕਰਦੀ ਰਹਿੰਦੀ ਹੈ। ਉਹ ਆਪਣੀ ਮਰਜ਼ੀ ਨਾਲ ਜੀਵਨ ਜੀ ਨਹੀਂ ਸਕਦੀ ਖੁਸ਼ੀਆਂ ਹੰਢਾ ਨਹੀਂ ਸਕਦੀ। ਆਪਣੇ ਮਨ ਪਸੰਦ ਸਾਥੀ ਦੀ ਚੋਣ ਨਹੀਂ ਕਰ ਸਕਦੀ। ਇਸ ਦੇ ਉਲਟ ਪੁੱਤਰ ਮਨ-ਮਰਜ਼ੀਆਂ ਕਰੇ ਤਾਂ ਮੰਜ਼ੂਰ ਹੈ ਪਰ ਧੀ ਇਸ ਤਰ੍ਹਾਂ ਕਰੇ ਤਾਂ ਉਸ ਦਾ ਕਤਲ ਤਕ ਵੀ ਕਰ ਦਿੱਤਾ ਜਾਂਦਾ ਹੈ। ਹਰ ਰੋਜ਼ ਔਰਤ ਪਤਾ ਨਹੀਂ ਆਪਣੀਆਂ ਕਿੰਨੀਆਂ ਇੱਛਾਵਾਂ ਆਪਣੇ ਦਿਲ ਵਿਚ ਦਫ਼ਨ ਕਰਦੀ ਹੈ। ਸਾਰੀ ਉਮਰ ਧੁੱਖਦੀ ਰਹਿੰਦੀ ਹੈ ਅਤੇ ਹਰ ਕੋਈ ਉਸ ਦੀ ਅੱਗ ਦਾ ਸੇਕ ਮਾਣਦਾ ਹੈ। ਉਹ ਆਪਣੀ ਪਿਆਸ ਹੰਝੂਆਂ ਨਾਲ ਬੁਝਾਂਉਂਦੀ ਹੈ ਅਤੇ ਆਪਣੀ ਭੁੱਖ ਹੋਕਿਆਂ ਨਾਲ। ਇਹ ਹੈ ਅੱਜ ਦੀ ਔਰਤ ਦੀ ਤ੍ਰਾਸਦੀ।

ਗ਼ਜ਼ਲਕਾਰ ਜਗਵਿੰਦਰ ਜੋਧਾ ਆਪਣੀਆਂ ਗ਼ਜ਼ਲਾਂ ਰਾਹੀਂ ਔਰਤ ਦੀ ਤ੍ਰਾਸਦੀ ਦੀ ਗੱਲ ਕਰਦਾ ਹੈ। ਗ਼ਜ਼ਲਕਾਰ ਔਰਤ ਦੇ ਹੱਕ ਵਿਚ ਖੜਾ ਉਸ ਬਾਰੇ ਮਰਦ ਜਾਤ ਨੂੰ ਸੰਬੋਧਨ ਕਰਦਾ ਹੋਇਆ ਕਹਿੰਦਾ ਹੈ ਕਿ ਮਰਦ ਔਰਤ ਦੇ ਜਿਸਮ ਤੋਂ ਹੱਟ ਕੇ ਜੇ ਕਰ ਉਸ ਦੀਆਂ ਅੱਖਾਂ ਨੂੰ ਪੜ੍ਹਣ ਦੀ ਕੋਸ਼ਿਸ਼ ਕਰੇ ਤਾਂ ਬਹੁਤ ਕੁੱਝ ਸਮਝ ਸਕਦਾ ਹੈ।

ਜਿਸਮ ਦਾ ਜੁਗਰਾਫ਼ੀਆ ਤਾਂ ਪੜ੍ਹ ਰਿਹੈਂ ਅੱਖਾਂ 'ਚ ਦੇਖ,

ਉਕਰਿਆ ਹੋਇਆ ਮੇਰਾ ਇਤਿਹਾਸ ਬਾਕੀ ਹੈ ਅਜੇ।

(ਸਾਰੰਗੀ 20)

ਇਕ ਮਰਦ ਲਈ ਔਰਤ ਸਿਰਫ਼ ਭੋਗਣ ਦਾ ਹੀ ਜ਼ਰੀਆ ਰਹੀ ਹੈ। ਮਰਦ ਔਰਤ ਨੂੰ ਸਿਰਫ਼ ਘਰ ਬਾਰ ਸੰਭਾਲਣ ਵਾਲੀ ਅਤੇ ਹਮਬਿਸਤਰ ਹੋਣ ਤੱਕ ਹੀ ਸੀਮਤ ਰੱਖਦਾ ਹੈ। ਇਸ ਤੋਂ ਅਗਾਂਹ ਉਹ ਔਰਤ ਨੂੰ ਕੁੱਝ ਵੀ ਨਹੀਂ ਸਮਝਦਾ। ਇਸੇ ਹੀ ਔਰਤ ਦੇ ਦਰਦ ਨੂੰ ਬਿਆਨ ਕਰਦਾ ਜਗਵਿੰਦਰ ਜੋਧਾ ਦਾ ਇਹ ਸ਼ਿਅਰ ਹੈ ਜਿਸ ਵਿਚ ਉਹ ਔਰਤਵਲੋਂ ਬਿਆਨ ਕਰਦਾ ਹੈ ਕਿ ਇਕ ਮਰਦ ਦੇ ਹੱਥੋਂ ਜਿਸਮ ਤੋਂ ਰੂਹ ਤੱਕ ਜ਼ਖ਼ਮੀ ਔਰਤ ਮਰਦ ਨੂੰ ਸੰਬੋਧਨ ਕਰਦੀ ਹੋਈ ਕਹਿੰਦੀ ਹੈ ਕਿ ਜੇ ਕਰ ਤੂੰ ਮੈਨੂੰ ਮੇਰੇ ਸ਼ਰੀਰ ਨੂੰ ਭੋਗਣ ਤੋਂ ਬਿਨਾਂ ਵੀ ਮੈਨੂੰ ਕੁੱਝ ਸਮਝਦਾ ਤਾਂ ਮੈਂ ਤੇਰੀ ਹੋਂਦ ਵਿਚ ਸਮਾ ਜਾਣਾ ਸੀ।

ਤੂੰ ਮੈਨੂੰ ਜਿਸਮ ਦੇ ਸਰਵਰਕ ਤੋਂ ਅੱਗੇ ਤਾਂ ਪੜ੍ਹਦਾ,

ਮੈਂ ਤੇਰੀ ਹੋਂਦ ਵਿਚ ਡੂੰਘਾ ਉਤਰ ਵੀ ਜਾਣਾ ਸੀ।

(ਸਾਰੰਗੀ 21)

ਮਰਦ ਔਰਤ ਨੂੰ ਸਿਰਫ਼ ਘਰ ਦੀ ਚਾਰ ਦੀਵਾਰੀ ਤੱਕ ਹੀ ਸੀਮਤ ਰੱਖਦਾ ਹੈ ਅਤੇ ਉਸ ਨੂੰ ਚਾਰ ਕੰਧਾਂ, ਘਰ ਅਤੇ ਕੁੱਝ ਰਿਸ਼ਤਿਆਂ (ਸੱਸ, ਸੁਹਰਾ, ਬੱਚੇ) ਦੀ ਦੇਖ ਰੇਖ ਦੇ ਛੱਡਦਾ ਹੈ ਅਤੇ ਫਿਰ ਜਦ ਔਰਤ ਮਰਦ ਅੱਗੇ ਕਿਸੇ ਗੱਲ ਦਾ ਗਿਲਾ ਸ਼ਿਕਵਾ ਕਰਦੀ ਹੈ ਤਾਂ ਉਹ ਉਸ ਅੱਗੇ ਸਵਾਲ ਕਰਦਾ ਹੋਇਆ ਪੁੱਛਦਾ ਹੈ ਕਿ ਤੈਨੂੰ ਜ਼ਿੰਦਗੀ ਜੀਉਣ ਲਈ ਇਹ ਸਭ ਕੁੱਝਬਹੁਤ ਨਹੀਂ ਹੈ। ਜਿਹੜਾ ਤੂੰ ਬਾਹਰਲੀ ਆਜ਼ਾਦੀ ਚਾਹੁੰਦੀ ਹੈਂ।

ਉਹ ਮੈਨੂੰ ਬਖ਼ਸ਼ਦਾ ਹੈ ਚਾਰ ਕੰਧਾਂ, ਛੱਤ ਤੇ ਕੁੱਝ ਰਿਸ਼ਤੇ,

ਤੇ ਫਿਰ ਪੁੱਛੇ, "ਇਹ ਸਭ ਕੁੱਝ ਜੀਣ ਲਈ ਕਾਫ਼ੀ ਨਹੀਂ ਹੁੰਦਾ"?

(ਸਾਰੰਗੀ 46)

ਸਮਾਜ ਵਿਚ ਔਰਤਾਂ ਨਾਲ ਹੁੰਦੀਆਂ ਵਧੀਕੀਆਂ ਹੋ ਰਹੀਆਂ ਹਨ। ਉਹਨਾਂ ਨੂੰ ਬੇਪੱਤ ਕੀਤਾ ਜਾ ਰਿਹਾ ਹੈ। ਸਮਾਜ ਤਾਂ ਛੱਡੋ ਔਰਤ ਘਰ ਵਿਚ ਹੀ ਸੁਰੱਖਿਅਤ ਨਹੀਂ ਹੈ। ਇਹ ਸਭ ਦੇਖ ਕੇ ਉਹਨਾਂ ਨੂੰ ਠੱਲ ਪਾਉਣ ਵਾਲਾ ਕੋਈ ਕ੍ਰਿਸ਼ਨ ਰੂਪੀ ਇਨਸਾਨ ਨਹੀਂ ਆ ਰਿਹਾ। ਸਾਡੇ ਸਮਾਜ ਦੀ ਇਹ ਸਭ ਤੋਂ ਵੱਡੀ ਦੁਖਦਾਈ ਘਟਨਾ ਹੈ।

ਕੋਈ ਅੰਤਰ ਹੈ ਤਾਂ ਏਹੀ ਕਿ ਮੁੜ ਕੇ ਕ੍ਰਿਸ਼ਨ ਨਾ ਆਇਆ,

ਹਰਣ ਹੁੰਦੇ ਰਹੇ ਨੇ ਦਰੋਪਦੀ ਦੇ ਚੀਰ ਮੁੜ-ਮੁੜ ਕੇ।

(ਸਾਰੰਗੀ 60)

ਇਕ ਔਰਤ ਨੂੰ ਇਕ ਮਰਦ ਵਲੋਂ ਹਮੇਸ਼ਾ ਇਹੀ ਸ਼ਿਕਾਇਤ ਰਹਿੰਦੀ ਹੈ ਕਿ ਉਹ ਉਸ ਦੀ ਰੂਹ ਦਾ ਸਾਥੀ ਨਹੀਂ ਬਣਦਾ। ਉਸ ਨਾਲ ਦਿਲ ਦੀਆਂ ਗੱਲਾਂ ਸਾਂਝੀਆਂ ਨਹੀਂ ਕਰਦਾ। ਉਸ ਦੀਆਂ ਅੱਖਾਂ ਦੇਖ ਕੇ ਇਹ ਨਹੀਂ ਸਮਝਦਾ ਕਿ ਉਹ ਉਸ ਤੋਂ ਕੀ ਚਾਹੁੰਦੀ ਹੈ। ਉਸ ਦੀ ਖ਼ਾਮੋਸ਼ੀ ਪਿੱਛੇ ਲੁੱਕੇ ਉਸ ਦੇ ਦਰਦ ਨੂੰ ਨਹੀਂ ਸਮਝਦਾ। ਉਸ ਦੀ ਦਿਲ ਦੀ ਧੜਕਣ ਨੂੰ ਨਹੀਂ ਸੁਣਦਾ। ਜੇ ਕਰ ਉਹ ਦੇਖਦਾ ਹੈ ਤਾਂ ਬਸ ਉਸ ਨੂੰ ਜਿਸਮਾਂ ਦੀ ਛੋਹ ਤੱਕ ਹੀ ਮਹਿਸੂਸ ਕਰਦਾ ਹੈ। ਇਸ ਤੋਂ ਅੱਗੇ ਉਸ ਲਈ ਔਰਤ ਕੁੱਝ ਵੀ ਨਹੀਂ ਹੈ।

ਕਦੇ ਤਾਂ ਦਿਲ ਦੀ ਧੜਕਣ ਦਾ ਇਸ਼ਾਰਾ ਵੀ ਸਮਝਦਾ

ਉਹ ਮੇਰੇ ਤਨ ਦੀ ਧਰਤੀ 'ਤੇ ਹਕੂਮਤ ਕਰਨ ਵੇਲੇ।

(ਬੇਤਰਤੀਬੀਆਂ 65)

ਤੇਰੇ ਮੇਰੇ ਵਿਚਾਲੇ ਹੈ ਕੋਈ ਦੀਵਾਰ ਸ਼ੀਸ਼ੇ ਦੀ

ਮੈਂ ਜੋ ਕੁੱਝ ਆਖਦਾਂ ਤੈਨੂੰ ਸੁਣਾਈ ਕਿਉਂ ਨਹੀਂ ਦਿੰਦਾ।

(ਬੇਤਰਤੀਬੀਆਂ 78)

ਪੰਜਾਬੀ ਗ਼ਜ਼ਲਕਾਰਾ ਸੁਖਵਿੰਦਰ ਅੰਮ੍ਰਿਤ ਆਪਣੀਆਂ ਗ਼ਜ਼ਲਾਂ ਰਾਹੀਂ ਨਾਰੀ ਦੀ ਸਥਿਤੀ ਨੂੰ ਬਿਆਨ ਕਰਦੀ ਹੈ। ਔਰਤ ਨੂੰ ਪੈਰ-ਪੈਰ ਤੇ ਅਗਨੀ ਪ੍ਰੀਖਿਆ ਦੇਣੀ ਪੈਂਦੀ ਹੈ। ਚਾਹੇ ਉਹ ਪੁਰਾਤਨ ਸਮੇਂ ਦੀ ਔਰਤ ਰਹੀ ਹੋਵੇ ਜਾਂ ਫਿਰ ਅਜੋਕੇ ਸਮੇਂ ਦੀ। ਉਸ ਦਾ ਸੰਘਰਸ਼ ਕਦੇ ਵੀ ਖ਼ਤਮ ਨਹੀਂ ਹੁੰਦਾ। ਉਹ ਹਰ ਇਕ ਸਮਾਂ ਆਪਣੇ ਢਹਿ ਢੇਰੀ ਹੋ ਰਹੇ ਵਜੂਦ ਨੂੰ ਸਮੇਟਣ ਵਿਚ ਲੱਗੀ ਰਹਿੰਦੀ ਹੈ।

ਮੈਂ ਜ਼ਿੰਦਗੀ ਹਾਂ ਮੇਰਾ ਹਰ ਪਲ ਸੰਘਰਸ਼ ਜਾਰੀ

ਪਲ ਪਲ ਮੈਂ ਢਹਿ ਰਹੀ ਹਾਂ ਪਲ ਪਲ ਉਸਰ ਰਹੀ ਹਾਂ।

(ਪੁੰਨਿਆਂ 33)

ਸਾਡੇ ਸਮਾਜ ਦੀ ਔਰਤ ਆਦਮੀ ਹੱਥੋਂ ਰੋਜ਼ ਜ਼ਲੀਲ ਹੋ ਰਹੀ ਹੈ। ਮਰਦ ਉਸ ਨੂੰ ਭੋਗ ਕੇ ਛੱਡ ਦਿੰਦਾ ਹੈ। ਜਦ ਉਹ ਕੋਈ ਸ਼ਿਕਵੇ ਸ਼ਿਕਾਇਤਾਂ ਕਰਦੀ ਹੈ ਤਾਂ ਕੋਈ ਉਸ ਦੇ ਜ਼ਖ਼ਮਾਂ ਤੇ ਮਰਹਮ ਨਹੀਂ ਲਗਾਉਂਦਾ। ਘਰਾਂ ਵਿਚ ਔਰਤ ਹੀ ਔਰਤ ਦੀ ਦੁਸ਼ਮਣ ਬਣ ਜਾਂਦੀ ਹੈ। ਉਸ ਨੂੰ ਆਪਣੇ ਜ਼ਖ਼ਮਾਂ ਦੀ ਦਾਰੂ ਆਪ ਹੀ ਕਰਨੀ ਪੈਂਦੀ ਹੈ। ਸਾਰੀ ਦੁਨੀਆਂ ਉਸ ਨਾਲ ਹੋਏ ਅਨਿਆ ਦੀ ਗਵਾਹ ਵੀ ਹੁੰਦੀ ਹੈ ਪਰ ਉਸ ਦੇ ਹੱਕ ਵਿਚ ਬੋਲਣ ਵਾਲਾ ਕੋਈ ਨਹੀਂ ਹੁੰਦਾ।

ਖਿੱਲਰੇ ਅੰਗ ਇਕੱਠੇ ਕੀਤੇ

ਆਪਣੇ ਜ਼ਖ਼ਮ ਮੈਂ ਆਪੇ ਸੀਤੇ

ਸਾਰੀ ਦੁਨੀਆਂ ਕੋਲ ਖੜ੍ਹੀ ਸੀ

ਦੁੱਖ ਦਾ ਭਾਈਵਾਲ ਨਹੀਂ ਸੀ।

(ਪੁੰਨਿਆਂ 36)

ਇਸਤਰੀ ਦਾ ਜੀਵਨ ਘਰ ਦੀ ਚਾਰ ਦੀਵਾਰੀ ਵਿਚ ਚੁੱਲ੍ਹਾ-ਚੌਂਕਾ ਕਰਨ ਵਿਚ ਹੀ ਲੰਘ ਜਾਂਦਾ ਹੈ। ਇਹੀ ਤਾਣੇ ਨੂੰ ਬੁਣਦੀ ਉਹ ਆਪਣਾ ਸਾਰਾ ਜੀਵਨ ਲੰਘਾਉਂਦੀ ਹੈ। ਉਸ ਲਈ ਤਾਂ ਹਰ ਇਕ ਦਿਨ ਇਕੋ ਜਿਹਾ ਹੀ ਹੁੰਦਾ ਹੈ। ਉਸ

ਨੂੰ ਮਰਦ ਦੀ ਗੁਲਾਮੀ ਤੋਂ ਕਦੇ ਵੀ ਛੁਟਕਾਰਾ ਨਹੀਂ ਮਿਲਦਾ। ਜਿਸ ਵਿਚ ਕਦੇ ਘਰ ਦੀਆਂ ਜ਼ਿੰਮੇਦਾਰੀਆਂ ਤੋਂ ਮੁਕਤ ਹੋਇਆ ਜਾਵੇ ਐਸਾ ਉਸ ਲਈ ਕੋਈ ਦਿਨ, ਮਹੀਨਾ ਜਾਂ ਸਾਲ ਨਹੀਂ ਆਉਂਦਾ।

ਨੌਂ ਮਣ ਲੱਕੜਾਂ ਇਕ ਚਿੰਗਾਰੀ

ਤੀਲ੍ਹਾ ਤੀਲ੍ਹਾ ਉਮਰ ਗੁਜ਼ਾਰੀ

ਜਿਸ ਵਿਚ ਰੁੱਤ ਬਸੰਤ ਵੀ ਆਉਂਦੀ

ਐਸਾ ਕੋਈ ਸਾਲ ਨਹੀਂ ਸੀ।

(ਪੁੰਨਿਆਂ 39)

ਕੁੜੀਆਂ ਤੇ ਚਿੜੀਆਂ ਤਾਂ ਬੇਚਾਰੀਆਂ ਹੁੰਦੀਆਂ ਹਨ ਇਹਨਾਂ ਦੇ ਦੁੱਖਾਂ ਦੀ ਸਾਰ ਲੈਣ ਵਾਲਾ ਕੋਈ ਦਿਖਾਈ ਨਹੀਂ ਦਿੰਦਾ। ਸਾਡੇ ਸਮਾਜ ਵਿਚ ਦਾਜ ਲੋਭੀ ਲੋਕ ਕੁੜੀਆਂ ਨੂੰ ਦਹੇਜ ਦੀ ਖ਼ਾਤਿਰ ਮਾਰ ਦਿੰਦੇ ਹਨ। ਇਸ ਨੂੰ ਰੋਕਣ ਵਾਲਾ ਕੋਈ ਨਹੀਂ ਕਿੰਨੀਆਂ ਹੀ ਬੇਚਾਰੀਆਂ ਰੋਜ਼ ਇਸ ਖ਼ੂਨੀ ਮੰਜ਼ਰ ਦਾ ਸ਼ਿਕਾਰ ਹੁੰਦੀਆਂ ਹਨ ਕਿਤੇ ਇਸ ਦਾ ਕੋਈ ਡਾਟਾ ਉਪਲਬਧ ਨਹੀਂ। ਜਿਹੜੇ ਇਹ ਸਭ ਕੁੱਝ ਕਰ ਕੇ ਵੀ ਪੈਸੇ ਦੇ ਜ਼ੋਰ ਤੇ ਕਾਨੂੰਨ ਦੇ ਹੱਥੋਂ ਬਚ ਨਿਕਲਦੇ ਹਨ ਉਹਨਾਂ ਦਾ ਸਮਾਂ ਬਲਵਾਨ ਹੁੰਦਾ ਹੈ ਕਿ ਉਹਨਾਂ ਦੇ ਆਂਚਲ ਤੇ ਇਕ ਵੀ ਦਾਗ ਨਹੀਂ ਲੱਗਦਾ ਤੇ ਉਹ ਬਾਇੱਜਤ ਬਰੀ ਹੋ ਜਾਂਦੇ ਹਨ।

ਚਿੜੀਆਂ ਦੇ ਦੁੱਖ ਕਿਹੜਾ ਜਾਣੇ

ਕਿੰਨੀਆਂ ਗਈਆਂ ਭੰਗ ਦੇ ਭਾਣੇ

ਵਕਤ ਦੇ ਖੰਜਰ ਉੱਤੇ ਲੋਕੋ

ਇਕ ਵੀ ਛਿੱਟਾ ਲਾਲ ਨਹੀਂ ਸੀ।

(ਪੁੰਨਿਆਂ 37)

ਮਰਦ ਮੁਖੀ ਸਮਾਜ ਵਿਚ ਔਰਤ ਨੂੰ ਮਰਦ ਨੇ ਅੱਗੇ ਵੱਧਣ ਵਿਚ ਮਦਦ ਤਾਂ ਦੂਰ ਦੀ ਗੱਲ ਸਗੋਂ ਉਸ ਨੂੰ ਬਰਾਬਰ ਦਾ ਦਰਜਾ ਦੇਣ ਵਿਚ ਵੀ ਆਪਣੀ ਹੇਠੀ ਸਮਝੀ ਜਾਂਦੀ ਹੈ। ਜੇਕਰ ਔਰਤ ਘਰੋਂ ਬਾਹਰ ਨਿਕਲ ਕੇ ਆਪਣੇ ਪੈਰਾਂ ਉੱਤੇ ਖੜ੍ਹਨਾ ਚਾਹਵੇ ਅਤੇ ਆਪਣੇ ਸੁਪਨਿਆਂ ਨੂੰ ਖੰਭ ਦੇਣਾ ਚਾਹਵੇ ਤਾਂ ਮਰਦ ਉਸ ਦੇ ਖੰਭ ਕੱਟਣ ਵਿਚ ਗੁਰੇਜ਼ ਨਹੀਂ ਕਰਦਾ।

ਉਹਨੇ ਤੈਨੂੰ ਅਕਾਸ਼ ਨਹੀਂ ਦੇਣਾ

ਉਹਨੇ ਹਰ ਖ਼ਾਬ ਕਤਰਨਾ ਤੇਰਾ।

(ਪੁੰਨਿਆਂ 69)

ਜਦੋਂ ਕੁੜੀਆਂ ਆਪਣੀ ਮਿਹਨਤ ਸਦਕਾ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਤਾਂ ਇਹ ਜ਼ਮੀਨ ਤੰਗ ਅਤੇ ਆਸਮਾਨ ਸੁੰਘੜ ਕੇ ਛੋਟਾ ਪੈ ਜਾਂਦਾ ਹੈ। ਭਾਵ ਔਰਤ ਦੇ ਸੁਪਨਿਆਂ ਨੂੰ ਅਜੋਕੇ ਸਮਾਜ ਵਿਚ ਨਾ ਤਾਂ ਆਕਾਸ਼ ਉੱਡਣ ਦੀ ਇਜਾਜ਼ਤ ਬਖ਼ਸ਼ਦਾ ਹੈ ਅਤੇ ਨਾ ਹੀ ਜ਼ਮੀਨ ਉਸ ਨੂੰ ਪੈਰ ਪਸਾਰਨ ਦਿੰਦੀ ਹੈ।

ਇਹ ਜ਼ਮੀਨ ਹੋਈ ਸੌੜੀ ਤੇ ਆਕਾਸ਼ ਹੋਇਆ ਸੀਮਤ

ਚਿੜੀਆਂ ਦੇ ਸੁਪਨੇ ਏਨੇ ਮੈਂ ਜੁਆਨ ਹੁੰਦੇ ਵੇਖੇ।

(ਪੁੰਨਿਆਂ 75)

ਇਸ ਤਰ੍ਹਾਂ ਪੰਜਾਬੀ ਗ਼ਜ਼ਲਕਾਰਾ ਸੁਖਵਿੰਦਰ ਅੰਮ੍ਰਿਤ ਨੇ ਇੱਕੀਵੀਂ ਸਦੀ ਦੀ ਪੰਜਾਬੀ ਗ਼ਜ਼ਲ ਰਾਹੀਂ ਆਧੁਨਿਕ ਸਮਾਜ ਵਿਚ ਔਰਤ ਦੇ ਘੱਟਦੇ ਸਨਮਾਨ ਦੀ ਗੱਲ ਕੀਤੀ ਹੈ ਕਿ ਔਰਤ ਨਾਲ ਹੋਈ ਵਧੀਕੀ ਦਾ ਗਵਾਹ ਪੂਰਾ ਜ਼ਮਾਨਾ ਵੀ ਬਣ ਜਾਵੇ ਤਾਂ ਵੀ ਉਸ ਨੂੰ ਇਨਸਾਫ਼ ਨਹੀਂ ਮਿਲਦਾ ਅਤੇ ਦੋਸ਼ੀ ਬਚ ਕੇ ਨਿਕਲ ਜਾਂਦਾ ਹੈ। ਜਦੋਂ ਗੱਲ ਨਾਰੀ ਦੇ ਸੁਪਨਿਆਂ ਦੀ ਆਉਂਦੀ ਹੈ ਤਾਂ ਉਸ ਦੇ ਸੁਪਨਿਆਂ ਨੂੰ ਉਡਾਉਣ ਭਰਵਾਉਣ ਵਾਲੇ ਖੰਭਾਂ ਨੂੰ ਕਤਰ ਕੇ ਉਸ ਨੂੰ ਮੂੱਧੇ ਮੂੰਹ ਸੁੱਟ ਦਿੱਤਾ ਜਾਂਦਾ ਹੈ। ਇਹੀ ਅੱਜ ਦੀ ਔਰਤ ਦੀ ਤ੍ਰਾਸਦੀ ਹੈ ਜੋ ਆਪਣੇ ਤਨ ਤੇ ਹੰਢਾ ਰਹੀ ਹੈ।

ਪਰਵਾਸੀ ਗ਼ਜ਼ਲਕਾਰ ਅਜ਼ੀਮ ਸ਼ੇਖਰ ਆਪਣੀ ਗ਼ਜ਼ਲ ਰਾਹੀਂ ਨਾਰੀ ਦੀ ਸਥਿਤੀ ਨੂੰ ਬਿਆਨ ਕਰਦਿਆਂ ਲਿਖਦਾ ਹੈ ਕਿ ਹਰ ਇਨਸਾਨ ਨੂੰ ਆਜ਼ਾਦੀ ਮਾਨਣ ਦਾ ਹੱਕ ਹੈ ਫਿਰ ਚਾਹੇ ਉਹ ਮਰਦ ਹੋਵੇ ਜਾ ਇਸਤਰੀ। ਕਈ ਥਾਂਵਾਂ ਤੇ ਕੁੜੀਆਂ ਨੂੰ ਘਰ ਵਿਚੋਂ ਬਾਹਰ ਨਿਕਲਣਦੀ ਵੀ ਆਜ਼ਾਦੀ ਨਹੀਂ ਹੈ। ਪਰ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਪਿੰਜਰੇ ਦੇ ਪੰਛੀ ਦੀਤਰ੍ਹਾਂ ਹਰ ਇਕ ਕੁੜੀ ਨੂੰ ਘਰ ਦੀ ਚਾਰਦੀਵਾਰੀ ਤੋਂ ਮੁਕਤ ਕਰਨਾ ਚਾਹੀਦਾ ਹੈ। ਇਹ ਬੇਚਾਰੀਆਂ ਕਦੋਂ ਤਕ ਆਪਣੀਆਂ ਸੱਧਰਾਂ ਨੂੰ ਦਬਾ ਕੇ ਰੱਖਦੀਆਂ ਰਹਿਣਗੀਆਂ।

ਪਿੰਜਰੇ ਦਾ ਦਰਵਾਜ਼ਾ ਖ੍ਹੋਲੋ ਹਰ ਬੁਲਬੁਲ ਆਜ਼ਾਦ ਕਰੋ,

ਇਹ ਕੰਧਾਂ ਦਾ ਰੰਗ ਘੋਲ ਕੇ ਕਦ ਤੱਕ ਪੀਂਦੀਆਂ ਰਹਿਣਗੀਆਂ।

(ਹਵਾ ਨਾਲ ਖੁੱਲ੍ਹਦੇ ਬੂਹੇ 83)

ਅਜੋਕਾ ਮਾਹੌਲ ਇਸ ਤਰ੍ਹਾਂ ਦਾ ਬਣ ਗਿਆ ਹੈ ਕਿ ਇੱਥੇ ਹਰ ਰੋਜ਼ ਮਾਸੂਮ ਬੱਚੀਆਂ ਅਤੇ ਔਰਤਾਂ ਨਾਲ ਜਬਰ ਜਿਨਾਹ ਹੁੰਦਾ ਹੈ ਅਤੇ ਕੋਈ ਕਾਨੂੰਨ ਉਸ ਦੇ ਹੱਕ ਵਿਚ ਖੜ੍ਹ ਕੇ ਉਸ ਨੂੰ ਇਨਸਾਫ਼ ਨਹੀਂ ਦਿੰਦਾ।ਮਰਦ ਪੁਰਖੀ ਸਮਾਜ

ਵਿਚ ਔਰਤ ਸੁਰੱਖਿਅਤ ਨਹੀਂ ਹੈ। ਇਸ ਔਰਤ ਦੀ ਸਥਿਤੀ ਨੂੰ ਆਪਣੀ ਗ਼ਜ਼ਲ ਰਾਹੀਂ ਪਰਵਾਸੀ ਗ਼ਜ਼ਲਕਾਰ ਅਜ਼ੀਮ ਸ਼ੇਖਰ ਆਪਣੀਆਂ ਗ਼ਜ਼ਲਾਂ ਰਾਹੀਂ ਪੇਸ਼ ਕਰਦੇ ਹਨ:

ਜਿੱਥੇ ਨਈ ਸੁਰੱਖਿਅਤ ਅੱਜ ਕਲ ਮਾਵਾਂ ਭੈਣਾਂ ਤੇ ਧੀਆਂ

ਦੱਸੋ ਕਿਦਾਂ ਖ਼ੈਰ ਮਨਾਈਏ ਘੁੱਗੀਆਂ ਚਿੜੀਆਂ ਮੋਰਾਂ ਦੀ।

(ਹਵਾ ਨਾਲ ਖੁੱਲਦੇ ਬੂਹੇ 34)

ਸਾਰੀਆਂ ਸੁੱਖ ਸਹੂਲਤਾਂ ਸਿਰਫ਼ ਅਮੀਰਾਂ ਦੇ ਹੀ ਹਿੱਸੇ ਆਈਆਂ ਹਨ। ਕਿਸੇ ਸ਼ਾਹੂਕਾਰ ਜਾਂ ਅਮੀਰ ਅਤੇ ਵੱਡੇ ਰੁਤਬੇ ਵਾਲੇ ਦੀ ਧੀ ਨਾਲ ਕੁੱਝ ਮਾੜਾ ਵਾਪਰੇ ਤਾਂ ਸੌ ਤਰ੍ਹਾਂ ਦੇ ਕਾਨੂੰਨ ਬਣ ਜਾਂਦੇ ਹਨ ਪਰ ਗਰੀਬ ਦੀ ਧੀ ਭੈਣ ਅਤੇ ਬੇਟੀ ਲਈ ਕੋਈ ਵੀ ਸਹਾਰਾ ਬਣ ਨਹੀਂ ਖਲੋਂਦਾ। ਇਸੇ ਹੀ ਗੱਲ ਨੂੰ ਸਪੱਸ਼ਟ ਕਰਦਾ ਅਜ਼ੀਮ ਸ਼ੇਖ਼ਰ ਦਾ ਇਹ ਸ਼ਿਅਰ ਦੇਖਣਯੋਗ ਹੈ:

ਮਜ਼ਲੂਮ ਤੇ ਗਰੀਬ ਦੀਆਂ ਧੀਆਂ ਤੇ ਭੈਣਾਂ ਲਈ

ਕੌਣ ਹੁਣ ਦੱਸ ਉੱਥੇ ਬਣ ਜਾਂਦਾ ਢਾਲ ਏ।

(ਹਵਾ ਨਾਲ ਖੁੱਲਦੇ ਬੂਹੇ 38)

ਇਕ ਔਰਤ ਮਰਦ ਨਹੀਂ ਹੈ ਇਸੇ ਗੱਲ ਦੀ ਹੀ ਉਸ ਨੂੰ ਨਿਤ ਦਿਨ ਇਸ ਸਮਾਜ ਵਲੋਂ ਸਜ਼ਾ ਮਿਲਦੀ ਹੈ। ਇਸ ਸਮਾਜ ਵਿਚ ਉਸ ਦੀ ਪੁਕਾਰ ਸੁਣਨ ਵਾਲਾ ਇੱਥੇ ਕੋਈ ਨਹੀਂ ਹੈ ਜੋ ਉਸ ਦੇ ਹੱਕ ਵਿਚ ਖਲੋ ਸਕੇ। ਇਸ ਨੂੰ ਸਪੱਸ਼ਟ ਕਰਦਾ ਸਾਡਾ ਗ਼ਜ਼ਲਕਾਰ ਕਹਿੰਦਾ ਹੈ ਕਿ ਔਰਤ ਨਾਲ ਨਾ ਇਨਸਾਫੀ ਹੋਣ ਤੋਂ ਬਾਅਦ ਔਰਤ ਦੀ ਆਵਾਜ਼ ਨੂੰ ਇਸ ਸਮਾਜ ਦੇ ਠੇਕੇਦਾਰਾਂ ਵਲੋਂ ਦਬਾਇਆ ਜਾਂਦਾ ਹੈ। ਉਸ ਨੂੰ ਆਪਣੀ ਪੁਕਾਰ ਕਰਨ ਦਾ ਵੀ ਹੱਕ ਨਹੀਂ ਹੈ ਕਿਉਂ ਕਿ ਕਿਸੇ ਨੇ ਉਸ ਦਾ ਸਾਥ ਨਹੀਂ ਦੇਣਾ ਹੈ ਉਲਟਾ ਉਸ ਨੂੰ ਹੀ ਗਲਤ ਠਹਿਰਾਇਆ ਜਾਂਦਾ ਹੈ। ਉਸ ਦੇ ਹਿੱਸੇ ਤਾਂ ਗਰਦਨ ਅਤੇ ਅੱਖਾਂ ਝੁਕਾ ਕੇ ਸਤੀ ਸਾਵੀਤਰੀ ਹੀ ਬਣਨਾ ਹੀ ਲਿਖਿਆ ਹੈ।

ਸੁਣਨੀ ਨਾ ਕਿਸੇ ਵੀ ਤੇਰੀ ਫ਼ਰਿਆਦ ਇਥੇ

ਮੀਡੀਆਂ ਖਿਲਾਰ ਐਵੇਂ ਪਾਈਂ ਨਾ ਤੂੰ ਝੱਲ

ਸਤੀ ਤੇ ਸਵੀਤਰੀ ਦਾ ਦਰਜਾ ਹੀ ਸਾਂਭ ਰੱਖ

ਦੁਨੀਆਂ ਦਾ ਰੱਬ ਰਾਮ ਵੀ ਨਾ ਤੇਰੇ ਵੱਲ।

(ਹਵਾ ਨਾਲ ਖੁੱਲਦੇ ਬੂਹੇ 46)

ਪਰਵਾਸੀ ਗ਼ਜ਼ਲਕਾਰ ਸੁਰਿੰਦਰ ਸਿੰਘ ਸੀਰਤ ਨਾਰੀ ਦੀ ਹਰ ਦੌਰ ਵਿਚ ਬਦਲਦੀ ਸਥਿਤੀ ਨੂੰ ਆਪਣੀ ਗ਼ਜ਼ਲ ਰਾਹੀਂ ਇਸ ਤਰ੍ਹਾਂ ਪ੍ਰਗਟਾਉਂਦੇ ਹਨ ਕਿ ਹਰ ਯੁੱਗ ਵਿਚ ਇਸਤਰੀ ਪੜਤਾੜਿਤ ਹੁੰਦੀ ਰਹੀ ਹੈ। ਉਸਦੀ ਬੇਪੱਤੀ ਹੁੰਦੀ ਰਹੀ ਹੈ। ਫਿਰ ਵੀ ਉਸ ਨੂੰ ਹਰ ਯੁੱਗ ਵਿਚ ਅਗਨੀ ਪ੍ਰੀਖਿਆ ਦੇਣੀ ਪੈਂਦੀ ਹੈ। ਰਾਮਾਇਣ ਪੜ੍ਹਦਿਆਂ ਅਤੇ ਦੇਖਦਿਆਂ ਸੀਤਾ ਦੇ ਹਰਣ ਹੋਣ ਦੀ ਗੱਲ ਸਾਹਮਣੇ ਆਉਂਦੀ ਹੈ ਅਤੇ ਮਹਾਂਭਾਰਤ ਵਿਚ ਦਰੋਪਤੀ ਦੀ ਇੱਜਤ ਨਾਲ ਖਿਲਵਾੜ ਕੀਤਾ ਜਾਂਦਾ ਸੀ। ਅਜੋਕੇ ਯੁੱਗ ਵਿਚ ਵੀ ਨਾਰੀ ਨਾਲ ਮਰਦ ਵਲੋਂ ਗਲਤ ਕੀਤਾ ਜਾਂਦਾ ਹੈ ਅਤੇ ਫਿਰ ਉਸ ਨੂੰ ਚੁੱਪ ਰਹਿਣ ਦੀਆਂ ਧਮਕੀਆਂ ਦਿੱਤੀਆਂ ਜਾਦੀਆਂ ਹਨ। ਇਸ ਧਰਤੀ ਉੱਤੇ ਔਰਤ ਨੂੰ ਅਪਮਾਨਿਤ ਹੀਕੀਤਾ ਜਾਂਦਾ ਰਿਹਾ ਹੈ।ਉਹ ਔਰਤ ਚਾਹੇ ਕਿਸੇ ਵੀ ਰੂਪ ਵਿਚ ਹੋਵੇ ਚਾਹੇ ਦੇਵੀ ਹੋਵੇ ਜਾਂ ਫਿਰ ਸਾਧਾਰਨ ਔਰਤ ਦੇ ਰੂਪ ਵਿਚ ਹੋਵੇ। ਮਰਦ ਵਲੋਂ ਉਸ ਨੂੰ ਪੈਰ ਦੀ ਜੁੱਤੀ ਥੱਲੇ ਦਬਾ ਕੇ ਰੱਖਿਆ ਜਾਂਦਾ ਹੈ।

ਕਿਤੇ ਸੀਤਾ ਹਰਣ ਹੋਈ ਕਿਤੇ ਪੱਤ ਦ੍ਰੋਪਤੀ ਲੱਥੀ

ਬਣੀ ਰਾਮੈਣ ਇਹ ਕਿਧਰੇ ਹੈ ਗੀਤਾ ਵਾਰ ਇਹ ਧਰਤੀ।

(ਅਰੂਪੇ ਅੱਖਰਾਂ ਦਾ ਅਕਸ 26)

ਔਰਤ ਇਸ ਸਮਾਜ ਵਿਚ ਤਾਂ ਕੀ ਕਈ ਵਾਰ ਆਪਣੇ ਪਰਿਵਾਰ ਵਿਚ ਵੀ ਸੁਰੱਖ਼ਿਅਤ ਨਹੀਂ। ਖੁਸ਼ੀ ਨਾਲ ਅਤੇ ਬੇਖ਼ੌਫ ਹੋ ਕੇ ਜ਼ਿੰਦਗੀ ਜਿਊਣਾ ਉਸ ਦੀ ਕਿਸਮਤ ਵਿਚ ਹੀ ਨਹੀਂ ਲਿਖਿਆ। ਕਈ ਵਾਰ ਇਕ ਔਰਤ ਜੇ ਕੇ ਸਹੀ ਸਲਾਮਤ ਸਮਾਜ ਵਿਚੋਂ ਆਪਣੇ ਘਰ ਪਰਤ ਆਉਂਦੀ ਹੈ ਤਾਂ ਫਿਰ ਉਸ ਨਾਲ ਉਸ ਦੇ ਹੀ ਘਰ ਵਿਚ ਉਸ ਦੇ ਮਤਰਏ ਬਾਪ, ਭਰਾ ਜਾਂ ਪਰਿਵਾਰ ਦੇ ਹੋਰ ਜੀਅ ਵਲੋਂ ਉਸ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਔਰਤ ਦੀ ਇਸ ਤ੍ਰਾਸਦੀ ਨੂੰ ਬਿਆਨ ਕਰਦੀ ਪਰਵਾਸੀ ਗ਼ਜ਼ਲਕਾਰਾ ਸੁਰਜੀਤ ਸਖੀ ਆਪਣੀਆਂ ਗ਼ਜ਼ਲਾਂ ਰਾਹੀਂ ਨਾਰੀ ਦੀ ਸਥਿਤੀ ਨੂੰ ਦਰਸਾਉਂਦੀ ਹੈ।

ਨਿੱਤ ਆਲ੍ਹਣਿਆਂ ਵਿਚ ਖ਼ੁਸ਼ ਰਹਿਣਾ ਹੁਣ ਚਿੜੀਆਂ ਦੀ ਤਕਦੀਰ ਨਹੀਂ

ਜੇ ਬਿਜਲੀ ਕੋਲੋਂ ਬਚੀਆਂ ਨੇ ਤਾਂ ਸ਼ਿਕਰੇ ਦੀ ਨਜ਼ਰੇ ਚੜ੍ਹੀਆਂ ਨੇ।

(ਧੁੰਦ 14)

ਨਾਰੀ ਦੇ ਲੇਖਾਂ ਵਿਚ ਇਹ ਕਦੋਂ ਤੱਕ ਲਿਖਿਆ ਰਹੇਗਾ ਕਿ ਉਹ ਕਵਾਰੇ ਹੁੰਦੇ ਆਪਣੇ ਪਿਤਾ ਦੀਆਂ ਹਦਾਇਤਾਂ ਅਨੁਸਾਰ ਚਲਦੀ ਹੈ। ਵਿਆਹ ਮਗਰੋਂ ਪਤੀ ਦੀਆਂ ਹਿਦਾਇਤਾਂ ਅਨੁਸਾਰ ਅਤੇ ਬੁਢਾਪੇ ਵੇਲੇ ਪੁੱਤ ਦੀਆਂ ਸੁਣਦੀ ਹੈ। ਇਹ ਸਭ ਕੁੱਝ ਔਰਤ ਨੂੰ ਕਦੋਂ ਤੱਕ ਬਰਦਾਸ਼ਤ ਕਰਨਾ ਪਵੇਗਾ ਕਿ ਉਹ ਆਪਣੀ ਮਨ ਮਰਜ਼ੀ ਦਾ ਚੰਗਾ ਕੁੱਝ ਵੀ ਨਹੀਂ ਕਰ ਸਕਦੀ। ਇਸ ਦੇ ਲਈ ਉਸ ਨੂੰ ਸ਼ਾਹੀ ਹੁਕਮਾਂ ਦੀ ਪਾਲਣਾ ਕਰਨੀ ਪੈਂਦੀ ਹੈ।

ਮਜਬੂਰਾਂ ਦੇ ਸਿਰ ਤੇ ਰਹਿਣੈ

ਇਹ ਸ਼ਾਹੀ ਫ਼ਰਮਾਨ ਕਦੋਂ ਤੱਕ?

(ਧੁੰਦ 57)

ਸਾਡੇ ਸਮਾਜ ਵਿਚ ਜਦ ਕਿਸੇ ਔਰਤ ਦੀ ਬੇਪੱਤ ਹੁੰਦੀ ਹੈ ਤਾਂ ਉਸ ਦਾ ਸਾਥ ਦੇਣ ਵਾਲਾ ਕੋਈ ਨਹੀਂ ਹੁੰਦਾ। ਉਹ ਆਪਣੇ ਨਾਲ ਹੋਏ ਅਨਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਦੀ ਕੋਸ਼ਿਸ਼ ਕਰਦੀ ਹੈ ਪਰ ਉਸ ਦੀ ਆਵਾਜ਼ ਨੂੰ ਦਬਾ ਦਿੱਤਾ ਜਾਂਦਾ ਹੈ ਕਿਉਂ ਕਿ ਉਸ ਦੀ ਬੇਪੱਤ ਕਰਨ ਵਾਲੇ ਘਟੀਆ ਇਨਸਾਨ ਵਿਰੁੱਧ ਕੋਈ ਵੀ ਗਵਾਹੀ ਦੇਣ ਨੂੰ ਤਿਆਰ ਨਹੀਂ ਹੁੰਦਾ। ਇਸ ਸਮਾਜ ਵਿਚ ਅਜਿਹੇ ਕਿੰਨੇ ਹੀ ਕੇਸ ਦੇਖੇ ਜਾ ਚੁੱਕੇ ਹਨ। ਜਿੱਥੇ ਕੁੜੀਆਂ ਦੀ ਇੱਜਤ ਰੋਲਣ ਵਾਲੇ ਨੂੰ ਫ਼ਾਂਸੀ ਦੀ ਸਜ਼ਾ ਹੋਣ ਵਿਚ ਵੀ ਕਈ ਸਾਲ ਲੱਗ ਜਾਂਦੇ ਹਨ। ਸਾਡੇ ਚੌਗਿਰਦੇ ਵਿਚ ਅਸੀਂ ਇਹੋ ਜਿਹਾ ਅਨਿਆਂ ਹੁੰਦੇ ਹਰ ਰੋਜ਼ ਹੀ ਦੇਖਦੇ ਹਾਂ।

ਇਕ ਬਾਜ਼ ਵਿਰੁੱਧ ਗਵਾਹੀ ਲਈ ਅੱਜ ਬੈਠੇ ਕਿੰਨੇ ਚਿਰ ਦੇ ਹਾਂ

ਇਹ ਬਸਤੀ ਜ਼ਖ਼ਮੀ ਚਿੜੀਆਂ ਦੀ ਅਸੀਂ ਧੁੱਖਦੇ ਹੋਏ ਚੌਗਿਰਦੇ ਹਾਂ।

(ਧੁੰਦ 68)

ਇਸ ਤਰ੍ਹਾਂ ਪੰਜਾਬੀ ਗ਼ਜ਼ਲਕਾਰਾ ਸੁਰਜੀਤ ਸਖੀ ਨੇ ਇੱਕੀਵੀਂ ਸਦੀ ਦੀ ਪੰਜਾਬੀ ਗ਼ਜ਼ਲ ਰਾਹੀਂ ਆਧੁਨਿਕ ਸਮਾਜ ਵਿਚ ਔਰਤ ਦੇ ਘੱਟ ਰਹੇ ਸਨਮਾਨ ਦੀ ਗੱਲ ਕੀਤੀ ਹੈ ਕਿ ਔਰਤ ਨਾਲ ਹੋਈ ਵਧੀਕੀ ਦਾ ਗਵਾਹ ਪੂਰਾ ਜ਼ਮਾਨਾ ਵੀ ਬਣ ਜਾਵੇ ਤਾਂ ਵੀ ਉਸ ਨੂੰ ਇਨਸਾਫ਼ ਨਹੀਂ ਮਿਲਦਾ ਅਤੇ ਦੋਸ਼ੀ ਬਚ ਕੇ ਨਿਕਲ ਜਾਂਦਾ ਹੈ। ਜਦੋਂ ਗੱਲ ਨਾਰੀ ਦੇ ਸੁਪਨਿਆਂ ਦੀ ਆਉਂਦੀ ਹੈ ਤਾਂ ਉਸ ਦੇ ਸੁਪਨਿਆਂ ਨੂੰ ਉਡਾਉਣ ਭਰਵਾਉਣ ਵਾਲੇ ਖੰਭਾਂ ਨੂੰ ਕਤਰ ਕੇ ਉਸ ਨੂੰ ਮੁੱਧੇ ਮੂੰਹ ਸੁੱਟ ਦਿੱਤਾ ਜਾਂਦਾ ਹੈ। ਇਹੀ ਅੱਜ ਦੀ ਔਰਤ ਦੀ ਤ੍ਰਾਸਦੀ ਹੈ ਜੋ ਆਪਣੇ ਤਨ ਤੇ ਹੰਢਾ ਰਹੀ ਹੈ।ਔਰਤ ਦੀ ਬਦਲਦੀ ਸਥਿਤੀ ਨੂੰ ਪਾਕਿਸਤਾਨੀ ਪੰਜਾਬੀ ਸ਼ਾਇਰਾ ਤਾਹਿਰਾ ਸਰਾ ਆਪਣੀਆਂ ਗ਼ਜ਼ਲਾਂ ਵਿਚ ਇਉਂ ਬਿਆਨਦੀ ਹੈ ਕਿ ਮੇਰੀ ਕਾਬਲੀਅਤ ਕਿਥੋਂ ਸਿੱਧ ਹੋਵੇ ਕਿਉਂ ਕਿ ਮੈਨੂੰ ਤਾਂ ਸਮਾਜ, ਘਰ, ਪਰਿਵਾਰ ਦੀਆਂ ਰਸਮਾਂ-ਰਿਵਾਜ਼ਾਂ ਨੇ ਹੀ ਉਲਝਾ ਕੇ ਰੱਖਿਆ ਹੋਇਆ ਹੈ।ਤਾਹਿਰਾ ਦੇ ਗਜ਼ਲ ਸੰਗ੍ਰਿਹਾਂ ਵਿਚ ਦਰਜ ਸ਼ੇਅਰਾਂ ਵਿਚ ਮਿਲਦੇ ਭਾਵਾਂ ਨੂੰ ਇਸ ਤਰਾਂ ਸਮਝਿਆ ਜਾ ਸਕਦਾ ਹੈ।

ਮੇਰੀ ਤਾਕਤ ਦਾ ਅੰਦਾਜ਼ਾ ਕੀ ਹੋਵੇ

ਰਸਮਾਂ ਵਿਚ ਈ ਖਿੱਲਰ-ਪੁੱਲਰ ਜਾਨੀ ਆਂ।

(ਸ਼ੀਸ਼ਾ 24)

ਔਰਤ ਆਪਣੀ ਸਥਿਤੀ ਆਪ ਹੀ ਬਿਆਨ ਕਰਦੀ ਹੋਈ ਕਹਿ ਰਹੀ ਹੈ ਕਿ ਮੈਂ ਆਪਣੇ ਹੱਥਾਂ ਦੀਆਂ ਲਕੀਰਾਂ ਨੂੰ ਵੇਖ ਰਹੀ ਸੀ ਤਾਂ ਮੈਨੂੰ ਇੰਝ ਲੱਗ ਰਿਹਾ ਸੀ ਜਿਵੇਂ ਮੇਰੇ ਹੱਥਾਂ ਦੀਆਂ ਲਕੀਰਾਂ ਕਿਸੇ ਕਿੱਕਰ ਦੇ ਕੰਡਿਆਲੇ ਗੁੱਛੇ ਵਰਗੀਆਂ ਹਨ। ਜਿਨ੍ਹਾਂ ਨੂੰ ਸੁਲਝਾਉਣ ਵਿਚ ਵਕਤ ਲੱਗੇਗਾ।

ਕੱਲ੍ਹ ਮੈਂ ਨਕਸ਼ਾ ਵੇਖ ਰਹੀ ਸੀ ਹੱਥਾਂ ਵਿਚ ਲਕੀਰਾਂ ਦਾ

ਇੰਝ ਹੀ ਸਮਝੋ ਜਿਸਰਾਂ ਗੁੱਛਾ ਕਿੱਕਰ ਟੰਗੀਆਂ ਲੀਰਾਂ ਦਾ।

(ਸ਼ੀਸ਼ਾ 25)

ਔਰਤ ਆਪਣੀ ਹਾਲਤ ਸਿਰਫ਼ ਕਾਗਜ਼ਾਂ ਤੱਕ ਹੀ ਬਿਆਨ ਕਰਦੀ ਹੈ। ਉਹ ਕਾਗਜ਼ ਉੱਤੇ ਹੀ ਸਭ ਲਿਖ ਕੇ ਹੀ ਸਭ ਗਿਲੇ ਸ਼ਿਕਵੇ ਬਿਆਨ ਕਰਦੀ ਹੈ। ਉਸ ਦਾ ਵਿਆਹ ਉਸ ਦੀ ਮਨ-ਮਰਜ਼ੀ ਦੇ ਸਾਥ ਨਹੀਂ ਹੁੰਦਾ ਤਾਂ ਉਹ ਆਪਣੀਆਂ ਸਧਰਾਂ ਦਾ ਗਲਾ ਘੁੱਟ ਕੇ ਲੋਕਾਚਾਰੀ ਲਈ ਆਪਣੇ ਖਾਵੰਦ ਨਾਲ ਚਲੀ ਜਾਂਦੀ ਹੈ।

ਵਿੰਗੀਆਂ ਸਿੱਧੀਆਂ ਲੀਕਾਂ ਮਾਰੀ ਜਾਨੀ ਆਂ

ਕਾਗਜ਼ ਉੱਤੇ ਚੀਕਾਂ ਮਾਰੀ ਜਾਨੀ ਆਂ

ਮਰ ਜਾਂਦੀ ਏ ਮਨ ਦੀ ਵਹੁਟੀ ਡੋਲੀ ਵਿਚ

ਲਾੜੇ ਨਾਲ ਸ਼ਰੀਕਾਂ ਮਾਰੀ ਜਾਨੀ ਆਂ।

(ਸ਼ੀਸ਼ਾ 33)

ਪਾਕਿਸਤਾਨੀ ਗ਼ਜ਼ਲਕਾਰਾ ਇਤਿਹਾਸਕ ਅਤੇ ਮਿਥਿਹਾਸਕ ਪਾਤਰਾਂ ਦੇ ਹਵਾਲੇ ਦੇ ਕੇ ਅਜੋਕੀ ਇਸਤਰੀ ਦੀ ਦਸ਼ਾ ਬਿਆਨ ਕਰਦੀ ਕਹਿੰਦੀ ਹੈ ਕਿ ਅੱਜ ਦੀ ਇਸਤਰੀ ਦੀ ਹਾਲਤ ਇਸ ਤਰ੍ਹਾਂ ਦੀ ਹੈ ਕਿ ਉਸ ਦੇ ਮਾਂ-ਬਾਪ ਕੈਦੋਂ ਵਰਗੇ ਲੋਕਾਂ ਦੇ ਤਾਹਨੇ ਮਿਹਣਿਆਂ ਦੇ ਡਰ ਤੋਂ ਆਪਣੀ ਧੀਆਂ ਨੂੰ ਉਹਨਾਂ ਦੀ ਮਨ-ਮਰਜ਼ੀ ਕਰਨ ਨਹੀਂ ਦਿੰਦੇ ਅਤੇ ਉਹਨਾਂ ਦੀਆਂ ਇੱਛਾਵਾਂ ਮਾਰਦੇ ਹਨ।

ਚੂਚਕ ਮਲਕੀ ਆਖ਼ਿਰ ਆਪਣੀ ਧੀ ਨੂੰ ਝਿੜਕਣ ਲੱਗ ਪਏ ਨੇ

ਕਿੰਨਾ ਕੁ ਚਿਰ ਸਹਿੰਦੇ ਰਹਿੰਦੇ ਤਾਹਨੇ ਮਿਹਣੇ ਕੈਦੋਂ ਦੇ

(ਸ਼ੀਸ਼ਾ 46)

ਅਜੋਕੇ ਸਮਾਜ ਵਿਚ ਵਿਚਰਦੀ ਸਾਡੀ ਧੀ-ਭੈਣ ਇਹ ਕਹਿੰਦੀ ਨਜ਼ਰੀਂ ਪੈਂਦੀ ਹੈ ਕਿ ਉਹ ਵਾਰਸਿ ਸ਼ਾਹ ਦੀ ਹੀਰ ਨਾਲੋਂ ਕਿਸੇ ਹਿਸਾਬ ਨਾਲੋਂ ਘੱਟ ਨਹੀਂ ਹੈ ਕਿਉਂ ਕਿ ਉਸ ਦੇ ਰਾਹਾਂ ਵਿਚ ਰੋੜੇ ਅਟਕਾਉਣ ਵਾਲੇ ਕਾਜ਼ੀ ਅਤੇ ਕੈਦੋਂ ਵਰਗੇ ਲੋਕ ਹੀ ਹਨ। ਜੋ ਉਸ ਨੂੰ ਜਿਊਣ ਨਹੀਂ ਦਿੰਦੇ।

ਮੈਂ ਵਾਰਿਸ ਦੀ ਹੀਰ ਸਲੇਟੀ ਨਾਲੋਂ ਘੱਟ ਤੇ ਨਹੀਂ

ਉਹੋ ਚਾਲੇ, ਉਹੋ ਹੀਲੇ, ਕਾਜ਼ੀ ਦੇ ਤੇ ਕੈਦੋਂ ਦੇ

(ਸ਼ੀਸ਼ਾ 46)

ਗ਼ਜਲਕਾਰਾ ਫਿਰ ਤੋਂ ਮਿਥਿਹਾਸਕ ਪਾਤਰ ਹੀਰ ਦਾ ਹਵਾਲਾ ਦਿੰਦੀ ਹੋਈ ਕਹਿੰਦੀ ਹੈ ਕਿ ਸਿਰਫ਼ ਇਸ ਤਰ੍ਹਾਂ ਦੀ ਹਾਲਤ ਹੀਰ ਦੀ ਹੀ ਨਹੀਂ ਸੀ ਬਲਕਿ ਅੱਜ ਹਰ ਇਕ ਕੁੜੀ ਦੀ ਹੈ ਜੋ ਬਿਨਾਂ ਕੁੱਝ ਬੋਲੇ ਸਭ ਕੁੱਝ ਸਹਿ ਕੇ ਆਪਣੀਆਂ ਇੱਛਾਵਾਂ ਦੀ ਬਲੀ ਚਾੜ ਕੇ ਚੁੱਪ ਚਪੀਤੇ ਆਪਣੀ ਮਰਜ਼ੀ ਦੇ ਬਗੈਰ ਸਭ ਕੁੱਝ ਸਹਿਣ ਕਰਨ ਤੇ ਮਜਬੂਰ ਹੋ ਰਹੀਆਂ ਹਨ।

ਮੇਰੇ ਮਗਰੋਂ ਸਠੇ ਸਈਆਂ ਚੁੱਪ ਕੀਤੇ ਪਰਨੀ ਗਈਆਂ

ਅੱਖਾਂ ਮੀਟ ਕੇ ਡੋਲੀ ਚੜ੍ਹੀਆਂ ਆਖੇ ਲੱਗ ਕੇ ਕੈਦੋਂ ਦੇ।

(ਸ਼ੀਸ਼ਾ 46)

ਔਰਤ ਦੀ ਹਾਲਤ ਬਿਆਨ ਕਰਦੀ ਗ਼ਜ਼ਲਕਾਰਾ ਕਹਿੰਦੀ ਹੈ ਕਿ ਘਰੇਲੂ ਸਿਰਦਰਦੀਆਂ ਅਤੇ ਜਹਾਨ ਦੇ ਤਾਨਿਆਂ ਦੀ ਮਾਰੀ ਦੀ ਹਾਲਤ ਇੰਨੀ ਬੁਰੀ ਹੋਈ ਪਈ ਹੈ ਕਿ ਉਸ ਦੇ ਜ਼ਖ਼ਮ ਬਹੁਤ ਅੱਲੇ ਅਤੇ ਰਿਸਦੇ ਹਨ। ਪਤੀ ਜਾਂ ਪ੍ਰੇਮੀ ਦੇ ਪਿਆਰ ਦੇ ਵਿਛੋੜੇ ਦੀ ਪਰੁੰਨੀ ਹੋਈ ਕਹਿੰਦੀ ਹੈ ਕਿ ਸਾਰੇ ਦਰਦ, ਸਾਰੇ ਦੁੱਖ ਸਿਰਫ਼ ਉਸ ਦੇ ਹੀ ਹਿੱਸੇ ਹਨ। ਉਹਨਾਂ ਦੁੱਖਾਂ ਵਿਚ ਉਹ ਪਾਗਲ ਹੋਈ ਫਿਰ ਰਹੀ ਹੈ।

ਛਾਲੇ ਕਿੱਥੇ ਰੱਖਾਂ ਮੈਂ

ਲੂੰ ਲੂੰ ਦੇ ਮੂੰਹ ਕੰਡੇ ਨੇ

'ਤਾਹਿਰਾ' ਦਰਦ ਵਿਛੋੜੇ ਦੇ

ਸਾਰੇ ਮੇਰੇ ਵੰਡੇ ਨੇ।

(ਸ਼ੀਸ਼ਾ 58)

ਮਰਦ ਵਲੋਂ ਔਰਤ ਨੂੰ ਬੁਰਾ ਭਲਾ ਕਹਿਣ ਵਾਲੇ ਨੂੰ ਤਾਹਿਰਾ ਵਲੋਂ ਬਹੁਤ ਸੋਹਣਾ ਜਵਾਬ ਹੈ ਕਿ ਮਰਦ ਜੋ ਔਰਤ ਨੂੰ ਸੰਪੂਰਣ ਨਹੀਂ ਕਹਿੰਦਾ ਕਿ ਉਹ ਔਰਤ ਦਾ ਅੰਸ਼ ਨਹੀਂ ਹੈ? ਉਹ ਔਰਤ ਵਿਚੋਂ ਹੀ ਪੈਦਾ ਹੋਇਆ ਹੈ ਅਤੇ ਉਸ ਦਾ ਵਜੂਦ ਇਕ ਔਰਤ ਹੀ ਹੈ।

ਮੈਨੂੰ ਅੱਧੀ ਕਹਿਨਾ ਏ

ਤੂੰ ਮੇਰੇ 'ਚੋਂ ਜੰਮਿਆ ਨਹੀਂ?

(ਸ਼ੀਸ਼ਾ 65)

ਮਰਦ ਦੀ ਆਮਦ ਦੀ ਉਡੀਕ ਕਰਦੀ ਕਰਦੀ ਔਰਤ ਲਈ ਜਦੋਂ ਮਰਦ ਕਈ ਸਾਲਾਂ ਬਧੀ ਬਹੁੜਦਾ ਹੈ ਤਾਂ ਉਸ ਨੂੰ ਜਿਸਮਾਨੀ ਭੋਗਣ ਤੋਂ ਬਾਅਦ ਕਦੋਂ ਵਾਪਸ ਚਲਾ ਵੀ ਜਾਂਦਾ ਹੈ ਤਾਂ ਉਸ ਨੂੰ ਪਤਾ ਹੀ ਨਹੀਂ ਲੱਗਦਾ ਕਿਉਂ ਕਿ ਮਰਦ ਦਾ ਪਿਆਰ ਤਾਂ ਸਿਰਫ ਜਿਸਮਾਨੀ ਹੀ ਹੁੰਦਾ ਹੈ। ਉਹ ਕਦੋਂ ਉਸ ਨੂੰ ਭੋਗ ਕੇ ਛੱਡ ਕੇ ਚਲਾ ਜਾਂਦਾ ਹੈ। ਇਸ ਗੱਲ ਦਾ ਉਹ ਗਿਲਾ ਸ਼ਿਕਵਾ ਕਰਦੀ ਹੈ। ਪਰ ਔਰਤ ਦਾ ਸਿਰਫ ਪਿਆਰ ਦੀ ਹੀ ਮੂਰਤ ਹੁੰਦੀ ਹੈ। ਮਰਦ ਦੀ ਬੇਵਫਾਈ ਦੇ ਬਾਵਜੂਦ ਵੀ ਉਹ ਇਹੀ ਕਹਿੰਦੀ ਨਜ਼ਰੀ ਪੈਂਦੀ ਹੈ ਕਿ ਮੈਂ ਤਾਂ ਸਿਰਫ਼ ਉਸ ਦੇ ਲਈ ਹੀ ਜਿਉਣਾ ਹੈ। ਉਸ ਨੂੰ ਆਪਣੇ ਬਾਰੇ ਜਿਉਣ ਦੀ ਕੋਈ ਸੋਝੀ ਨਹੀਂ।

ਵਰਿਆਂ ਪਿੱਛੋਂ ਆਇਆ ਸੀ

ਜਾਵਣ ਲੱਗਾ ਦਿਸਿਆ ਨਹੀਂ

ਮੈਂ ਤੇਰੇ ਲਈ ਜੀਣਾ ਏ

ਮੈਨੂੰ ਆਪਣਾ ਠੇਕਾ ਨਹੀਂ।

(ਸ਼ੀਸ਼ਾ 67)

ਇਸ ਤਰ੍ਹਾਂ ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਆਪਣੀਆਂ ਗ਼ਜ਼ਲਾਂ ਰਾਹੀਂ ਔਰਤ ਦੀ ਸਥਿਤੀ ਨੂੰ ਮਿਥਿਹਾਸਕ ਅਤੇ ਇਤਿਹਾਸਕ ਪਾਤਰਾਂ ਹੀਰ, ਸਾਹਿਬਾਂ ਰਾਹੀਂ ਬਿਆਨ ਕਰਦੀ ਹੈ ਕਿ ਪੁਰਾਤਨ ਸਮੇਂ ਦੀ ਔਰਤ ਤੇ ਵੀ ਉਹੀ ਬੰਦਿਸ਼ਾਂ ਅਤੇ ਅਜੋਕੇ ਸਮੇਂ ਦੀ ਔਰਤ ਵੀ ਉਹੀ ਬੰਦਿਸ਼ਾਂ ਹਨ ਜਿਨ੍ਹਾਂ ਵਿਚ ਉਹ ਜਕੜੀ ਹੋਈ ਹੈ। ਮੁੱਢ ਕਦੀਮ ਤੋਂ ਹੀ ਔਰਤ ਦੀ ਸਮਾਜਿਕ ਸਥਿਤੀ ਚੰਗੀ ਨਹੀਂ ਰਹੀ। ਉੱਤਰ ਵੈਦਿਕ ਕਾਲ ਤੋਂ ਪਿੱਛੋਂ ਭਾਰਤ ਦਾ ਹਜ਼ਾਰ ਵਰਿਆਂ ਦਾ ਇਤਿਹਾਸ ਪੁਰਸ਼ ਲਈ ਤਾਂ ਭਾਵੇਂ ਸੁਨਹਿਰੀ ਯੁੱਗ ਰਿਹਾ ਹੋਵੇ ਪਰ ਔਰਤ ਲਈ ਹਨੇਰੇ ਦਾ ਸਮਾਂ ਸੀ। ਭਾਰਤੀ ਪਰੰਪਰਾ ਵਿਚ ਔਰਤ ਹੀਣੀ, ਨਿਰਬਲ ਅਤੇ ਗੁਲਾਮ ਰਹੀ ਹੈ। ਇਸ ਦਾ ਅੰਦਾਜ਼ਾ ਰਮਾਇਣ, ਮਹਾਂਭਾਰਤ ਆਦਿ ਗ੍ਰੰਥਾਂ ਅਤੇ ਸੰਸਕ੍ਰਿਤ, ਪ੍ਰਾਕ੍ਰਿਤ ਸਾਹਿਤ ਦੀਆਂ ਹੋਰ ਰਚਨਾਵਾਂ ਤੋਂ ਲਗਾਇਆ ਜਾ ਸਕਦਾ ਹੈ। ਰਾਮ ਚੰਦਰ ਨੇ ਵੀ ਆਪਣੀ

ਗਰਭਵਤੀ ਪਤਨੀ ਸੀਤਾ ਜੀ ਨੂੰ ਝੂਠੇ ਇਲਜ਼ਾਮਾਂ ਤਹਿਤ ਘਰੋਂ ਕੱਢ ਦਿੱਤਾ ਸੀ। ਦੁਰਯੋਧਨ ਵਲੋਂ ਭਰੀ ਸਭਾ ਵਿਚ ਭੀਸ਼ਮ, ਦਰੋਣਾਚਾਰੀਆ ਅਤੇ ਅਰਜੁਨ ਆਦਿ ਉੱਚ ਚਰਿੱਤਰ ਵਾਲੇ ਸੂਰਬੀਰਾਂ ਦੇ ਸਾਹਮਣੇ ਨਿਰਦੋਸ਼ ਦਰੋਪਦੀ ਨੂੰ ਚੀਰ ਹਰਣ ਦੀ ਕੋਸ਼ਿਸ਼ ਕੀਤੇ ਜਾਣਾ ਵੀ ਉਸ ਸਮੇਂ ਦੀ ਔਰਤ ਦੀ ਬੇਬਸੀ ਨੂੰ ਦਰਸਾਉਂਦਾ ਹੈ। ਪੁਰਾਤਣ ਸਮੇਂ ਦੇ ਚਿੰਤਕਾਂ, ਧਾਰਮਿਕ ਆਗੂਆਂ ਵਲੋਂ ਔਰਤ ਸਬੰਧੀ ਪ੍ਰਗਟਾਏ ਵਿਚਾਰਾਂ ਤੋਂ ਉਸ ਸਮੇਂ ਦੀ ਔਰਤ ਬਾਰੇ ਸਪੱਸ਼ਟ ਹੋ ਜਾਂਦਾ ਹੈ। ਪੀ.ਥਾਮਸ'ਹਿੰਦੂ ਰਿਲੀਜਨ ਕਸਟਮਜ਼ ਐਂਡ ਮੈਨਰਜ਼' ਪੁਸਤਕ ਰਾਹੀਂ ਲਿਖਦੇ ਹਨ, "ਤੀਵੀਂ ਦੀ ਜਾਤ ਇਸ ਲਾਇਕ ਨਹੀਂ ਕਿ ਇਸ ਨੂੰ ਆਜਾਦੀ ਦਿੱਤੀ ਜਾਵੇ ਸਗੋਂ ਉਸ ਦਾ ਵਿਆਹ ਬਾਲਗ ਹੋਣ ਤੋਂ ਪਹਿਲਾਂ ਹੀ ਕਰ ਦੇਣਾ ਚਾਹੀਦਾ ਹੈ ਤਾਂ ਜੋ ਕੋਈ ਸ਼ਰਾਰਤ ਨਾ ਕਰ ਸਕੇ।"(59)

ਉਕਤ ਕਥਨ ਤੋਂ ਉਸ ਸਮੇਂ ਦੀ ਔਰਤ ਬਾਰੇ ਭਲੀ-ਭਾਂਤੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਸ ਦੀ ਸਮਾਜਿਕ ਦਸ਼ਾ ਕੀ ਸੀ? ਔਰਤ ਮਰਦ ਲਈ ਹੋਰ ਲੋੜੀਂਦੀਆਂ ਵਸਤੂਆਂ ਵਾਂਗ ਸਿਰਫ਼ ਇਕ ਵਰਤੋਂ ਦੀ ਹੀ ਚੀਜ਼ ਮੰਨੀ ਜਾਂਦੀ ਸੀ। ਔਰਤ ਮਰਦ ਦੀ ਜਾਇਦਾਦ ਸੀ ਜਿਸ ਨੂੰ ਉਹ ਆਪਣੀ ਮਰਜ਼ੀ ਅਨੁਸਾਰ ਵਰਤਦਾ ਸੀ।ਆਦਿ ਕਾਲ ਵਿਚ ਔਰਤ ਨੂੰ ਸਿਰਫ ਜਨਨੀ ਹੀ ਮੰਨਿਆ ਜਾਂਦਾ ਸੀ। ਉਸ ਨੂੰ ਪਰਦੇ ਤੱਕ ਹੀ ਰੱਖਿਆ ਜਾਂਦਾ ਸੀ। ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨਾ ਉਸ ਦੀ ਫ਼ਿਤਰਤ ਵਿਚੋਂ ਬਾਹਰ ਦੀ ਗੱਲ ਕਰ ਦਿੱਤੀ ਜਾਂਦੀ ਸੀ।

ਮਨੁੱਖ ਉਸ ਨੂੰ ਆਪਣੀ ਸ਼ਾਰੀਰਕ ਲੋੜ ਪੂਰਤੀ ਦਾ ਸਾਧਨ ਤਾਂ ਸਮਝਦਾ ਹੈ ਪਰ ਉਸ ਨੂੰ ਇਕ ਬਰਾਬਰ ਦੇ ਸਾਥੀ ਦੇ ਰੂਪ ਵਿਚ ਸਵੀਕਾਰ ਨਹੀਂ ਕਰਦਾ। ਦੇਖਿਆ ਜਾਵੇ ਤਾਂ ਔਰਤ ਦੀ ਸਵੈ ਹੋਂਦ ਦੇ ਅਰਥ ਹੀ ਗੁੰਮ ਹੋ ਕੇ ਰਹਿ ਗਏ ਹਨ।ਅਜੋਕੇ ਸਮਾਜ ਵਿਚ ਪਿਆਰ ਤਾਂ ਸਿਰਫ਼ ਸ਼ਰੀਰਕ ਤੌਰ ਤੇ ਹੀ ਸਿਮਟ ਰਹਿ ਗਿਆ ਹੈ। ਮਹਿਬੂਬ ਦੇ ਦਿਲ ਵਿਚ ਇਕ ਦੂਜੇ ਲਈ ਜਿਹੜੀ ਪਿਆਰ ਦੀ ਤੜਫ਼ ਸੀ ਉਹ ਹੁਣ ਸ਼ਰੀਰਕ ਹਵਸ ਤੱਕ ਜਾ ਮੁੱਕਦੀ ਹੈ। ਪਰ ਸ਼ਾਇਰ ਗੌਤਮ ਤਾਂ ਸਿਰਫ਼ ਆਪਣੀ ਮਹਿਬੂਬਾ ਤੋਂ ਉਸ ਦਾ ਪਾਕਿ ਪਵਿੱਤਰ ਦਾਮਨ, ਭੋਲੀਆਂ ਜਿਹੀਆਂ ਗੱਲਾਂ ਅਤੇ ਪਿਆਰ ਨਾਲ ਭਰਿਆ ਦਿਲ ਚਾਹੁੰਦਾ ਹੈ। ਇਸ ਲਈ ਉਹ ਆਪਣੀ ਗ਼ਜ਼ਲ ਦੇ ਇਕ ਸ਼ਿਅਰ ਰਾਹੀਂ ਕਹਿੰਦਾ ਹੈ,

ਤੜਪ ਜੋ ਸੀ ਮੁਹੱਬਤ ਦੀ ਹਵਸ 'ਤੇ ਆਣ ਮੁੱਕੀ ਹੈ

ਉਹ ਭੋਲਾਪਨ, ਖਰਾ ਦਾਮਨ ਦੁਬਾਰਾ ਭਾਲਦਾ ਹੈ ਦਿਲ

(ਸੁਪਨੇ ਸੌਣ ਨਾ ਦਿੰਦੇ 22)

ਕਈ ਲੋਕ ਪੈਸੇ ਅਤੇ ਗਰੀਬੀ ਹੱਥੋਂ ਮਜਬੂਰ ਹੋ ਕੇ ਆਪਣੀ ਧੀਆਂ ਦੇ ਸੌਦੇ ਅਮੀਰਾਂ ਨਾਲ ਕਰ ਦਿੰਦੇ ਹਨ ਅਤੇ ਉਹਨਾਂ ਦੇ ਬਿਸਤਰ ਤੇ ਆਪਣੀਆਂ ਕੁੜੀਆਂ ਦੀ ਜਵਾਨੀ ਤਾਰ-ਤਾਰ ਕਰ ਦਿੰਦੇ ਹਨ। ਇਹੋ ਜਿਹੇ ਜਿਸਮਾਂ ਦੇ ਵਪਾਰੀ ਧੀਆਂ ਧੀਆਣੀਆਂ ਨੂੰ ਉਹਨਾਂ ਦੇ ਜੀਵਨਸਾਥੀ ਨਾਲ ਇੱਜਤ ਦੀ ਜ਼ਿੰਦਗੀ ਗੁਜ਼ਾਰਨ ਨਹੀਂ ਦਿੰਦੇ।

ਵੇਚ ਰਹੇ ਨੇ ਅੱਜ ਵੀ ਮਾਲੀ ਖ਼ੁਦ ਕਲੀਆਂ ਦੀ ਲਾਲੀ

ਜਿਸਮਾਂ ਦੇ ਸੌਦਾਗਰ ਹੱਥੀਂ ਚੂੜਾ ਪਾਉਣ ਨਾ ਦਿੰਦੇ

(ਸੁਪਨੇ ਸੌਣ ਨਾ ਦਿੰਦੇ 26)

ਇਵੇਂਫ਼ੁੱਲਾਂ 'ਤੇ ਹੈ ਸ਼ਬਨਮ ਕਿ ਲਗਦਾ ਰਾਤ ਜਿਉਂ ਰੋਈ

ਮੇਰਾ ਮੁਰਝਾ ਗਿਆ ਗੁਲਸ਼ਨ ਕਲੀ ਇਕ ਇਸ ਤਰ੍ਹਾਂ ਮੋਈ

(ਸੁਪਨੇ ਸੌਣ ਨਾ ਦਿੰਦੇ 32)

ਔਰਤ ਪ੍ਰਤੀ ਹਰ ਦੌਰ ਵਿਚ ਕੁਝ ਨਾ ਕੁਝ ਅਣਸੁਖਾਵਾਂ ਵਾਪਰਿਆ ਹੁੰਦਾ ਹੈ ਕਿ ਉਸ ਦੀ ਸੁਰੱਖਿਆ ਨੂੰ ਲੈ ਕੇ ਉਸ ਦੇ ਮਾਂ-ਬਾਪ ਬਹੁਤ ਚਿੰਤਤ ਰਹਿੰਦੇ ਹਨ। ਇਸ ਲਈ ਉਹ ਬੱਚੀ ਦੀ ਇਸ ਦੁਨੀਆਂ 'ਤੇ ਆਮਦ ਨੂੰ ਖ਼ੁਸ਼ੀ-ਖ਼ੁਸ਼ੀ ਪਰਵਾਨ ਨਹੀਂ ਕਰਦੇ। ਉਹ ਆਪਣੀਆਂ ਧੀਆਂ ਜ਼ਾਲਮ ਦੁਨੀਆਂ ਤੋਂ ਹਰ ਪਲ ਬਚਾਈ ਰੱਖਣਾ ਚਾਹੁੰਦੇ ਹਨ। ਮਾਂ-ਬਾਪ ਦੀ ਇਸ ਚਿੰਤਾ ਨੂੰ ਪਰਵਾਸੀ ਸ਼ਾਇਰ ਗੌਤਮ ਆਪਣੀਆਂ ਗ਼ਜ਼ਲਾਂ ਰਾਹੀਂ ਬਿਆਨ ਕਰਦੇ ਹਨ ਕਿ ਇਕ ਧੀ ਉੱਤੇ ਲੋਕਾਂ ਦੀਆਂ ਜ਼ਾਲਮ ਨਜ਼ਰਾਂ ਕਰ ਕੇ ਹੀ ਧੀਆਂ ਨੂੰ ਉਹਨਾਂ ਦੇ ਮਾਪੇ ਕੁੱਖ ਵਿਚ ਮਾਰਨ ਲਈ ਮਜਬੂਰ ਹੋ ਜਾਂਦੇ ਹਨ।

ਨਜ਼ਰ ਤੋਂ ਵੀ ਕਿਤੇ ਮਾੜਾ ਨਜ਼ਰੀਆ ਲੋਕ ਰੱਖਦੇ ਨੇ

ਨਹੀਂ ਤਾਂ ਮਾਪਿਆਂ ਹੱਥੋਂ ਕਦੇ ਨਾ ਧੀ ਮਰੇ ਕੋਈ

(ਸੁਪਨੇ ਸੌਣ ਨਾ ਦਿੰਦੇ 32)

ਨਾ ਗੁੰਮ ਜਾਵੀਂ ਕਿਤੇ ਧੀਏ ਹਨੇਰਾ ਹੋਣ ਵਾਲਾ ਹੈ

ਕਿ ਫਿਰਦੇ ਹਰ ਗਲੀ ਦਾਨਵ ਉਡਾਉਂਦੇ ਗ਼ਰਦ ਰਾਤਾਂ ਨੂੰ

(ਸੁਪਨੇ ਸੌਣ ਨਾ ਦਿੰਦੇ 49)

ਇਕ ਔਰਤ ਨੂੰ ਸਿਰਫ਼ ਥੋੜੇ ਜਿਹੇ ਪਿਆਰ ਭਰੇ ਬੋਲਾਂ ਦੀ ਹੀ ਜ਼ਰੂਰਤ ਹੁੰਦੀ ਹੈ। ਔਰਤ ਹਮੇਸ਼ਾ ਆਪਣੇ ਪਰਿਵਾਰ ਨੂੰ ਇਕ ਜੁੱਟ ਦੇਖਣਾ ਚਾਹੁੰਦੀ ਹੈ ਜਿਸ ਦੌਰਾਨ ਉਸ ਦੀ ਆਪਣੀ ਜ਼ਿੰਦਗੀ ਬਹੁਤ ਸੰਘਰਸ਼ਮਈ ਹੋ ਜਾਂਦੀ ਹੈ ਪਰ ਉਹ ਹਰ ਔਕੜਾਂ ਦਾ ਸਾਹਮਣਾ ਕਰਨ ਲਈ ਤਿਆਰ ਰਹਿੰਦੀ ਹੈ ਪਰ ਉਸ ਨੂੰ ਇੱਜਤ ਅਤੇ ਮਿੱਠੇ ਬੋਲਾਂ ਦੀ ਅਤੇ ਆਪਣੇ ਹਮਸਫ਼ਰ ਤੋਂ ਸਾਥ ਦੀ ਤਾਂਘ ਰਹਿੰਦੀ ਹੈ। ਉਸ ਨੂੰ ਆਪਣੇ ਹੀ ਘਰ ਦੇ ਜੀਆਂ ਤੋਂ ਸੁਰੱਖਿਆ ਚਾਹੀਦੀ ਹੁੰਦੀ ਹੈ। ਇਸ ਸੰਦਰਭ ਵਿਚ ਕੈਨੇਡਿਅਨ ਸ਼ਾਇਰ ਆਪਣੀਆਂ ਗ਼ਜ਼ਲਾਂ ਰਾਹੀਂ ਉਸ ਦੇ ਦਰਦ ਨੂੰ ਬਿਆਨ ਕਰਦਾ ਹੈ:

ਇਹ ਔਰਤ ਹੀ ਸਰਿਸ਼ਟੀ ਹੈ ਤੇ ਹੈ ਕੁੱਖ ਹੀ ਖ਼ੁਦਾ ਆਪਣਾ

ਇਬਾਦਤ ਦੀ ਨਹੀਂ ਇਸ ਨੂੰ ਮੁਹੱਬਤ ਦੀ ਜ਼ਰੂਰਤ ਹੈ

ਗਿਰੇ ਇਖ਼ਲਾਕ ਦਾ ਮੰਜ਼ਰ ਭਿਆਨਕ ਹੋ ਗਿਆ ਏਨਾ

ਕਿ ਬੱਚੀਆਂ ਨੂੰ ਘਰਾਂ ਵਿਚ ਵੀ ਹਿਫ਼ਾਜ਼ਤ ਦੀ ਜ਼ਰੂਰਤ ਹੈ

(ਸੁਪਨੇ ਸੌਣ ਨਾ ਦਿੰਦੇ 68)

ਇਸ ਤਰ੍ਹਾਂ ਜਦੋਂ ਅਸੀਂ ਸਮਾਜ ਸ਼ਾਸਤਰੀ ਵਿਧੀ ਰਾਹੀਂ ਨਾਰੀਵਾਦ ਨੂੰ ਦੇਖਦੇ ਹਾਂ ਤਾਂ ਇਸ ਵਿਚ ਨਾਰੀ ਨਾਲ ਸਬੰਧਤ ਬਹਤ ਕੁੱਝ ਸਾਡੇ ਸਾਹਮਣੇ ਆਉਂਦਾ ਹੈ: ਜਿਵੇਂ ਮਰਦ ਨਾਲੋਂ ਔਰਤ ਨੂੰ ਘੱਟ ਸਮਝਣਾ, ਮਰਦ ਵਲੋਂ ਔਰਤ ਦੇ ਜਿਸਮ ਤੱਕ ਮਹਿਦੂਦ ਰਹਿਣਾ, ਮਾਂ-ਬਾਪ ਦਾ ਜ਼ਾਲਮ ਦੁਨੀਆਂ ਦੇ ਡਰੋਂ ਧੀਆਂ ਨੂੰ ਮਾਰ ਦੇਣਾ, ਔਰਤ ਨੂੰ ਰੀਤੀ ਰਿਵਾਜ਼ਾਂ ਦੇ ਘੇਰੇ ਵਿਚ ਸਮੇਟ ਕੇ ਰੱਖਣਾ ਆਦਿ ਇਹਨਾਂ ਦਰਪੇਸ਼ ਮੁਸ਼ਕਿਲਾਂ ਨੂੰ ਖੋਜ-ਪ੍ਰਬੰਧ ਨਾਲ ਸਬੰਧਤ ਗ਼ਜ਼ਲਗੋ ਆਪਣੀਆਂ ਗ਼ਜ਼ਲਾਂ ਰਾਹੀਂ ਪੇਸ਼ ਕਰਦੇ ਹਨ। ਪੰਜਾਬੀ ਗ਼ਜ਼ਲਕਾਰਾਂ ਨੇ ਆਪਣੀਆਂ ਗ਼ਜ਼ਲਾਂ ਰਾਹੀਂ ਔਰਤ ਦੀ ਸਥਿਤੀ ਨੂੰ ਬਿਆਨ ਕੀਤਾ ਹੈ। ਚਾਹੇ ਔਰਤ ਕਿਸੇ ਵੀ ਮੁਲਕ ਦੀ ਹੋਵੇ ਪਰ ਉਸ ਦਾ ਦਰਦ ਤਾਂ ਹਰ ਪਾਸੇ ਇਕੋ ਜਿਹਾ ਹੀ ਹੈ। ਔਰਤ ਦੇ ਇਸ ਦਰਦ ਨੂੰ ਭਾਰਤੀ ਗੁਰਭਜਨ ਗਿੱਲ, ਜਗਵਿੰਦਰ ਜੋਧਾ, ਸੁਖਵਿੰਦਰ ਅੰਮ੍ਰਿਤ ਪਰਵਾਸੀ ਗ਼ਜ਼ਲਗੋ ਅਜ਼ੀਮ ਸ਼ੇਖ਼ਰ, ਸੁਰਜੀਤ ਸਖੀ, ਗੌਤਮ ਅਤੇ ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਭਾਵ ਹਰ ਲੇਖਕਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਬਿਆਨ ਕਰਨ ਦਾ ਯਤਨ ਕੀਤਾ ਹੈ। ਪੰਜਾਬੀ ਸਾਹਿਤ ਵਿਚ ਨਾਰੀ ਬਾਰੇ ਨਾਥ ਜੋਗੀਆਂ ਤੋਂ ਲੈ ਕੇ ਅਜੋਕੇ ਲੇਖਕਾਂ ਨੇ ਆਪਣੀਆਂ ਰਚਨਾਵਾਂ ਵਿਚ ਗੱਲ ਕੀਤੀ ਹੈ।ਨਾਰੀਵਾਦ ਮਰਦ ਵਲੋਂ ਔਰਤ ਨੂੰ ਜਿਸਮਾਨੀ ਜ਼ਰੂਰਤ ਸਮਝੀ ਜਾਣ ਵਾਲੀ ਸੋਚ ਤੋਂ ਨਿਜਾਤ ਦੁਆ ਕੇ ਉਸ ਨੂੰ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਖੇਤਰਾਂ ਵਿਚ ਬਰਾਬਰ ਦਾ ਦਰਜਾ ਦੁਆਉਣ ਵਿਚ ਮਦਦ ਕਰਦਾ ਹੈ। ਬਹੁਤੀ ਵਾਰ ਇਸ ਨੂੰ ਮਰਦ ਵਿਰੁੱਧ ਅੰਦੋਲਨ ਸਮਝਣ ਦੀ ਭੁੱਲ ਕੀਤੀ ਜਾਂਦੀ ਹੈ। ਇਹ ਤਾਂ ਸਿਰਫ਼ ਉਸ ਪਿਤਾ ਪੁਰਖੀ ਸਮਾਜ ਦਾ ਵਿਰੋਧ ਕਰਦੀ ਹੈ ਅਤੇ ਮਰਦ ਪ੍ਰਧਾਨ ਸਮਾਜ ਦੇ ਵਿਰੋਧ ਵਿਚ ਖੜ੍ਹਦੀ ਹੈ ਜਿੱਥੇ ਔਰਤ ਨੂੰ ਸਿਰਫ਼ ਭੋਗ-ਵਿਲਾਸ ਦੀ ਚੀਜ਼ ਹੀ ਸਮਝਿਆ ਜਾਂਦਾ ਹੈ। ਸਗੋਂ ਨਾਰੀਵਾਦ ਔਰਤ ਅਤੇ ਮਰਦ ਨੂੰ ਇਕ ਦੂਜੇ ਦੇ ਬਰਾਬਰ ਖੜਾ ਕਰਦੀ ਹੈ ਜਿਸ ਵਿਚ ਨਾ ਔਰਤ ਨੂੰ ਘੱਟ ਸਮਝਿਆ ਜਾਂਦਾ ਹੈ ਅਤੇ ਨਾ ਹੀ ਮਰਦ ਨੂੰ। ਨਾਰੀਵਾਦ ਪਰਪੱਕ ਰੂਪ ਵਿਚ ਔਰਤ ਨੂੰ ਸਮਾਜ ਵਿਚ ਉਸ ਦੇ ਬਣਦੇ ਦਰਜੇ, ਮਾਨ-ਸਨਮਾਨ ਅਤੇ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਧਾਰਮਿਕ ਹੱਕਾਂ ਦੇ ਰੂ-ਬ-ਰੂ ਕਰਵਾਉਂਦੀ ਹੈ। ਸਮਕਾਲੀ ਪੰਜਾਬੀ ਸਾਹਿਤ ਦੇ ਹੋਰ ਰੂਪਾਂ ਵਾਂਗ ਗ਼ਜ਼ਲ ਵਿਚ ਵੀ ਨਾਰੀ ਦੇ ਹੱਕ ਦਾ ਮਸਲਾ ਇਕ ਅਹਿਮ ਸਰੋਕਾਰ ਵਜੋਂ ਪੇਸ਼ ਹੋ ਰਿਹਾ ਹੈ। ਅਜੋਕੀ ਗ਼ਜ਼ਲ ਵਿਚ ਵੱਖ-ਵੱਖ ਗ਼ਜ਼ਲਕਾਰਾਂ ਵਲੋਂ ਇਸ ਨੂੰ ਵਧੇਰੇ ਸੰਵੇਦਨਸ਼ੀਲ ਰੂਪ ਵਿਚ ਪ੍ਰਗਟਾਇਆ ਗਿਆ ਹੈ।

ਇਸ ਤਰ੍ਹਾਂ ਜਦੋਂ ਸਮਾਜ ਸ਼ਾਸਤਰੀ ਵਿਧੀ ਰਾਹੀਂ ਸਮਾਜ ਨਾਲ ਸਬੰਧਤ ਬਹੁਤ ਕੁੱਝ ਸਾਡੇ ਸਾਹਮਣੇ ਆਉਂਦਾ ਹੈ: ਜਿਵੇਂ ਮਨੁੱਖ, ਪਰਿਵਾਰ ਬਦਲਦੇ ਰਿਸ਼ਤਿਆਂ ਦਾ ਸਮੀਕਰਨ, ਨਿਗੂਣੇ ਰੀਤੀ ਰਿਵਾਜ਼ਾਂ ਦਾ ਖੰਡਨ, ਧਾਰਮਿਕ ਅੰਧ ਵਿਸ਼ਵਾਸਾਂ ਦਾ ਵਿਰੋਧ, ਸਿਖਿਆ ਸੰਸਥਾਵਾਂ ਦੀ ਸਮਾਜ ਨਿਰਮਾਣ ਵਿਚ ਭੂਮਿਕਾ ਅਤੇ ਨਾਰੀਵਾਦ ਆਦਿ ਜਿਨ੍ਹਾਂ ਨੂੰ

ਸਾਡੇ ਖੋਜ-ਪ੍ਰਬੰਧ ਨਾਲ ਸਬੰਧਤ ਗ਼ਜ਼ਲਗੋ ਆਪਣੀਆਂ ਗ਼ਜ਼ਲਾਂ ਰਾਹੀਂ ਪੇਸ਼ ਕਰਦੇ ਹਨ। ਸਮਾਜ-ਸ਼ਾਸਤਰ ਦੀਆਂ ਇਕਾਈਆਂ ਜਿੰਨ੍ਹਾਂ ਉੱਤੇ ਪੂਰਾ ਸਮਾਜ ਟਿੱਕਿਆ ਹੋਇਆ ਹੈ। ਇਹ ਇਕਾਈਆਂ ਹਨ ਮਨੁੱਖ, ਪਰਿਵਾਰ, ਰਿਸ਼ਤੇ-ਨਾਤੇ ਆਦਿ। ਮਨੁੱਖ ਤੋਂ ਪਰਿਵਾਰ ਬਣਦਾ ਹੈ, ਪਰਿਵਾਰ ਤੋਂ ਸਮਾਜ ਬਣਦਾ ਹੈ ਅਤੇ ਸਮਾਜ ਤੋਂ ਵੱਖ-ਵੱਖ ਸਮੁਦਾਇ ਦੇ ਅਨੁਸਾਰ ਜਾਤਾਂ-ਪਾਤਾਂ ਹੋਂਦ ਵਿਚ ਆਉਂਦੀਆਂ ਹਨ ਅਤੇ ਇਹਨਾਂ ਜਾਤਾਂ ਤੋਂ ਰੀਤੀ-ਰਿਵਾਜ਼ਾਂ ਦਾ ਆਗਮਨ ਹੁੰਦਾ ਹੈ। ਅਜੋਕਾ ਮਨੁੱਖ ਪਰਿਵਾਰਿਕ ਰਿਸ਼ਤਿਆਂ ਦੇ ਪ੍ਰਸੰਗ ਵਿਚ ਦੰਭੀ ਹੈ। ਉਹ ਦੋਹਰੇ ਕਿਰਦਾਰਾਂ ਨਾਲ ਜ਼ਿੰਦਗੀ ਜੀ ਰਿਹਾ ਹੈ। ਇਸ ਸਭ ਦੇ ਪਿੱਛੇ ਕਾਰਨ ਪੂੰਜੀਵਾਦੀ, ਉਤਪਾਦਨ ਦੇ ਵਧੀਆ ਮੌਕੇ, ਆਰਥਿਕਤਾ, ਗਰੀਬੀ ਕਾਰਨ ਤਣਾਅ, ਬੇਰੋਜ਼ਗਾਰੀ ਹਨ ਜਿਸ ਨੇ ਸਾਨੂੰ ਮਤਲਬੀ ਬਣਾ ਦਿੱਤਾ ਹੈ।ਆਪਸੀ ਰਿਸ਼ਤਿਆਂ ਦੀ ਟੁੱਟ-ਭੱਜ ਮਨੁੱਖ ਲਈ ਬਹੁਤ ਹੀ ਤਕਲੀਫ਼ਦਾਇਕ ਸਾਬਤ ਹੋ ਰਹੀ ਹੈ। ਇਸ ਸਬੰਧ ਵਿਚ ਪੰਜਾਬੀ ਗ਼ਜ਼ਲਕਾਰ ਗੁਰਭਜਨ ਗਿੱਲ, ਜਗਵਿੰਦਰ ਜੋਧਾ, ਸੁਖਵਿੰਦਰ ਅੰਮ੍ਰਿਤ, ਅਤੇ ਸੁਰਿੰਦਰ ਸੀਰਤ, ਸੁਰਜੀਤ ਸਖੀ, ਅਜ਼ੀਮ ਸ਼ੇਖ਼ਰ ਜਿਹੇ ਪਰਵਾਸੀ ਗ਼ਜ਼ਲਕਾਰਾਂ ਨੇ ਵੀ ਮਨੁੱਖ ਦੀ ਇਸ ਦਰਦਮਈ ਸਥਿਤੀ ਨੂੰ ਆਪਣੀਆਂ ਗ਼ਜ਼ਲਾਂ ਵਿਚ ਜਗ੍ਹਾ ਦਿੱਤੀ ਹੈ। ਅਜੋਕੇ ਮਾਨਵ ਦਾ ਆਪਣਾ ਵਜੂਦ ਹੀ ਖ਼ਤਰੇ ਵਿਚ ਹੈ ਕਿਉਂ ਕਿ ਉਹ ਹਾਲੇ ਵੀ ਨਿਗੂਣੇ ਰੀਤੀ ਰਿਵਾਜ਼ਾਂ ਵਿਚ ਉਲਝਿਆ ਹੋਇਆ ਹੈ। ਧਰਮ ਦੇ ਨਾਮ ਤੇ ਵੀ ਧਾਰਮਿਕ ਆਗੂ ਲੋਕਾਂ ਨੂੰ ਆਪਸ ਵਿਚ ਲੜਾ ਰਹੇ ਹਨ। ਮਨੁੱਖ ਨੂੰ ਇਹਨਾਂ ਤੋਂ ਬਚਣ ਦੀ ਜ਼ਰੂਰਤ ਹੈ। ਧਰਮਾਂ ਅਤੇ ਧਾਰਮਿਕ ਸਥਾਨਾਂ ਨੂੰ ਆਧਾਰ ਬਣਾ ਕੇ ਭੋਲੇ-ਭਾਲੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖੇਡਿਆ ਜਾਂਦਾ ਹੈ ਕਿ ਸਮੁੱਚੀ ਮਾਨਵਤਾ ਹੀ ਇਸ ਖੇਡ ਦਾ ਸ਼ਿਕਾਰ ਹੋ ਰਹੀ ਹੈ। ਅਮਨ ਵਿਰੋਧੀ ਤਾਕਤਾਂ ਆਪਣੇ ਮਤਲਬ ਲਈ ਧਾਰਮਿਕ ਸਥਾਨਾਂ ਨੂੰ ਬਾਰੂਦ ਘਰ ਬਣਾ ਕੇ ਇਹਨਾਂ ਨੂੰ ਨਫ਼ਰਤ ਫ਼ੈਲਾਉਣ ਦਾ ਕੇਂਦਰ ਬਣਾ ਰਹੇ ਹਨ। ਧਾਰਮਿਕਤਾ ਵਿਚ ਅੰਨੀ ਸ਼ਰਧਾ ਰੱਖਣ ਵਾਲੇ ਇਹਨਾਂ ਦੀਆਂ ਮਿੱਠੀਆਂ ਸਾਜਿਸ਼ਾਂ ਦਾ ਜਲਦੀ ਸ਼ਿਕਾਰ ਹੁੰਦੇ ਹਨ। ਮਾਨਵੀ ਰਿਸ਼ਤਿਆਂ ਦੇ ਵਿਗਠਨ ’ਤੇ ਚਿੰਤਾ ਵਿਅਕਤ ਕਰਦੀ ਗੁਰਭਜਨ ਗਿੱਲ, ਜਗਵਿੰਦਰ ਜੋਧਾ ਅਤੇ ਪਰਵਾਸੀ ਗ਼ਜ਼ਲਕਾਰ ਗੌਤਮ, ਤਾਹਿਰਾ ਸਰਾ ਦੀ ਸ਼ਾਇਰੀ ਇਸ ਦੌਰ ਦੀ ਮਹੱਤਵਪੂਰਨ ਸ਼ਾਇਰੀ ਹੈ ਜਿਸ ਵਿਚ ਤਿੜਕਦੇ ਰਿਸ਼ਤਿਆਂ ਦੀ ਪੇਸ਼ਕਾਰੀ ਵੀ ਹੈ ਅਤੇ ਇਹਨਾਂ ਨੂੰ ਬਚਾਈ ਰੱਖਣ ਅਤੇ ਰਿਸ਼ਤਿਆਂ ਦੀ ਸਹੀ ਪਛਾਣ ਕਰ ਕੇ ਬਚ ਕੇ ਚੱਲਣ ਦੀ ਤਾਕੀਦ ਵੀ ਕੀਤੀ ਗਈ ਹੈ। ਪੰਜਾਬੀ ਗ਼ਜ਼ਲਕਾਰਾਂ ਵਲੋਂ ਰਚੀ ਗਈ ਸਮੁੱਚੀ ਸ਼ਾਇਰੀ ਵਿਚ ਅਜੋਕੇ ਮਨੁੱਖ ਨੂੰ ਉਸ ਦੇ ਭਾਵਾਂ, ਮਾਨਸਿਕ ਸੰਕਟਾਂ ਅਤੇ ਮੂਲ ਮਨੁੱਖੀ ਸੁਭਾਅ ਅਨੁਸਾਰ ਪੇਸ਼ ਕੀਤਾ ਗਿਆ ਹੈ। ਲੇਖਕ ਦਾ ਕੰਮ ਮਨੁੱਖ ਨੂੰ ਸਮਾਜਿਕ ਵਰਤਾਰੇ ਵਿਚ ਰਹਿੰਦਿਆਂ ਜੋ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਹਨਾਂ ਨੂੰ ਪਛਾਣਨਾ, ਸਮਝਣਾ ਅਤੇ ਪ੍ਰਗਟ ਕਰਨਾ ਹੈ। ਅਸੀਂ ਹਰ ਕੰਮ ਕਰਨ ਤੋਂ ਪਹਿਲਾਂ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਹਾਂ ਕਿ ਲੋਕ ਕੀ ਕਹਿਣਗੇ? ਸਮਾਜ ਕੀ ਕਹੇਗਾ? ਚਾਹੇ ਅਸੀਂ ਕੋਈ ਚੰਗਾ ਕੰਮ ਹੀ ਕਿਉਂ ਨਾ ਕਰ ਰਹੇ ਹੋਈਏ ਪਰ ਹਮੇਸ਼ਾ ਸਮਾਜ ਦੇ ਕੁੱਝ ਨਾ ਕੁੱਝ ਕਹਿਣ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ। ਪਰ ਜ਼ਰੂਰਤ ਹੈ ਕਿ ਇਸ ਡਰ ਤੋਂ ਮੁਨਕਰ ਹੋ ਕੇ ਆਪਣੇ ਲਈ ਅਤੇ ਸਮਾਜ ਲਈ ਕੁੱਝ ਵਧੀਆ ਕੀਤਾ ਜਾਵੇ।

# ਅਧਿਆਇ ਤੀਜਾ

## ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ: ਆਰਥਿਕ ਪਰਿਪੇਖ

### 3.1 ਆਰਥਿਕਤਾ: ਅਰਥ ਅਤੇ ਪਰਿਭਾਸ਼ਾ

ਆਰਥਿਕਤਾ ਹਰ ਸਮਾਜ ਦੀ ਨੀਂਹ ਹੁੰਦੀ ਹੈ ਜਿਸ ਉਪਰ ਸਮਾਜ ਦਾ ਸਾਰਾ ਢਾਂਚਾ ਹੀ ਖੜਾ ਹੁੰਦਾ ਹੈ। ਆਰਥਿਕਤਾ ਦਾ ਵਿਕਾਸ ਸਮਾਜਿਕ ਵਿਕਾਸ ਦੀ ਪਹਿਲੀ ਸ਼ਰਤ ਹੈ। ਇਹ ਲੋਕਾਂ ਦੀ ਚੇਤੰਨਤਾ ਵਿਚੋਂ ਉਪਜ ਸਕਦਾ ਹੈ। ਹਰ ਸਮਾਜ ਦੀ ਨੀਂਹ ਉਸਾਰੀ ਵਿਚ ਆਰਥਿਕਤਾ ਆਪਣੀ ਵਿਸ਼ੇਸ਼ ਭੂਮਿਕਾ ਅਦਾ ਕਰਦੀ ਹੈ। ਜਿੱਥੇ ਸਮਾਜ ਦੀ ਸਿਰਜਣਾ ਵਿਚ ਮਨੁੱਖ, ਪਰਿਵਾਰ, ਘਰ, ਧਰਮ, ਸਿੱਖਿਆ ਸੰਸਥਾਵਾਂ ਆਦਿ ਉਸ ਦੀ ਨੀਂਹ ਬਣਦੀਆਂ ਹਨ। ਸਪੱਸ਼ਟ ਹੈ ਕਿ ਸਮਾਜ ਵਿਚ ਰਾਜਨੀਤੀ, ਧਰਮ, ਸਾਹਿਤ ਆਦਿ ਦੀ ਨੀਂਹ ਆਰਥਿਕਤਾ ਉਪਰ ਹੀ ਟਿਕੀ ਹੁੰਦੀ ਹੈ। ਇਸ ਸਬੰਧ ਵਿਚ ਉੱਘੇ ਮਾਰਕਸਵਾਦੀ ਚਿੰਤਕ ਕਾਰਲ ਮਾਰਕਸ ਦਾ ਆਰਥਿਕਤਾ ਸਬੰਧੀ ਕਥਨ ਹੈ ਕਿ ਉਤਪਾਦਨ ਦੇ ਇਹਨਾਂ ਸਬੰਧਾਂ ਦਾ ਕੁਲ ਜਮਾਂ ਜੋੜ ਸਮਾਜ ਦਾ ਆਰਥਿਕ ਢਾਂਚਾ ਅਸਲੀ ਬੁਨਿਆਦ ਹੁੰਦਾ ਹੈ। ਜਿਸ ਉੱਤੇ ਕਾਨੂੰਨੀ ਅਤੇ ਰਾਜਨੀਤਕ ਬਣਤਰ ਖੜੀ ਹੁੰਦੀ ਹੈ ਅਤੇ ਸਮਾਜਿਕ ਚੇਤੰਨਤਾ ਦੇ ਨਿਸ਼ਚਿਤ ਰੂਪ ਜਿਸ ਦੇ ਅਨੁਸਾਰੀ ਹੁੰਦੇ ਹਨ। ਪਦਾਰਥਕ ਜੀਵਨ ਦੀ ਉਤਪਾਦਨ ਪ੍ਰਣਾਲੀ ਆਮ ਰੂਪ ਵਿਚ ਸਮਾਜਿਕ, ਰਾਜਨੀਤਕ ਤੇ ਬੌਧਿਕ ਜੀਵਨ ਤੇ ਅਨੁਭਵ ਨੂੰ ਨਿਸ਼ਚਿਤ ਕਰਦੀ ਹੈ।

ਪਹਿਲਾਂ ਆਰਥਿਕ ਤੌਰ ਤੇ ਅਧਿਕਾਰਾਂ ਦੀ ਅਤੇ ਆਰਥਿਕ ਬਰਾਬਰੀ ਦੀ ਜ਼ਰੂਰਤ ਹੁੰਦੀ ਹੈ। ਉਸੇ ਹੀ ਤਰ੍ਹਾਂ ਆਰਥਿਕਤਾ ਉਸ ਨੀਂਹ ਨੂੰ ਮਜਬੂਤ ਕਰਦੀ ਹੈ। ਇਸ ਸੰਦਰਭ ਵਿਚ ਡਾ. ਸੁਰਜੀਤ ਭੱਟੀ ਦੀ *'ਵਾਦ ਚਿੰਤਨ'* ਵਿਚੋਂ ਲਈ ਟਿੱਪਣੀ ਨੂੰ ਵੇਖਿਆ ਜਾ ਸਕਦਾ ਹੈ:

> "ਕਿਸੇ ਸਮਾਜ ਦੇ ਉਤਪਾਦਨ ਸਬੰਧਾਂ ਦਾ ਕੁੱਲ ਜੋੜ ਹੀ ਕਿਸੇ ਸਮਾਜ ਦਾ ਆਰਥਿਕ ਢਾਂਚਾ ਇਸ ਦੀ ਨੀਂਹ ਬਣਦਾ ਹੈ। ਇਹ ਨੀਂਹ ਹੀ ਸਮਾਜ ਦਾ ਬੁਨਿਆਦੀ ਢਾਂਚਾ ਹੁੰਦੀ ਹੈ ਕਿਸ ਉਪਰ ਸਮਾਜ ਦਾ ਬਾਕੀ ਸਾਰਾ ਦਿਸਦਾ ਢਾਂਚਾ ਜਿਵੇਂ ਨੈਤਿਕਤਾ, ਰਾਜਨੀਤੀ, ਧਰਮ, ਕਲਾ ਆਦਿ ਉਸਰਿਆ ਹੁੰਦਾ ਹੈ। ਮਨੁੱਖੀ ਚੇਤਨਾ ਦੇ ਇਨ੍ਹਾਂ ਵੱਖ-ਵੱਖ ਰੂਪਾਂ ਦੇ ਸਮੁੱਚ ਨੂੰ ਕਿਸੇ ਸਮਾਜ ਦੇ ਉਸਾਰ ਜਾਂ ਉਪਰਲੀ ਬਣਤਰ ਵਜੋਂ ਗ੍ਰਹਿਣ ਕਰਦੇ ਹਨ।"(70)

ਉਪਰੋਕਤ ਵਿਚਾਰ ਚਰਚਾ ਤੋਂ ਸਪੱਸ਼ਟ ਹੈ ਕਿ ਸਮਾਜ ਵਿਚ ਆਰਥਿਕਤਾ ਤੇ ਆਧਾਰਿਤ ਦੋ ਸ਼੍ਰੇਣੀਆਂ ਹੁੰਦੀਆਂ ਹਨ- ਇਕ ਲੁੱਟੀ ਜਾਰਹੀ ਧਿਰ ਅਤੇ ਦੂਜੀ ਲੁੱਟ ਖਸੁੱਟ ਕਰਨ ਵਾਲੀ। ਲੁੱਟੀ ਜਾ ਰਹੀ ਧਿਰ ਦੀ ਸੋਚ ਪਰਿਵਰਤਨ ਲਿਆਉਣ ਵਾਲੀ ਹੁੰਦੀ ਹੈ। ਇਹ ਧਿਰ ਲੁੱਟ-ਖਸੁੱਟ ਕਰਨ ਵਾਲੀ ਪ੍ਰਣਾਲੀ ਦਾ ਅੰਤ ਕਰਨ ਅਤੇ ਇਕ ਸ਼੍ਰੇਣੀ ਰਹਿਤ ਸਮਾਜ ਸਥਾਪਿਤ ਕਰਨ ਦੀ ਗੱਲ ਕਰਦੀ ਹੈ। ਇਸ ਤਰ੍ਹਾਂ ਸਮਾਜ ਵਿਚ ਦੋ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਨਾਲ-ਨਾਲ

ਚਲਦੀਆਂ ਹਨ- ਮਜ਼ਦੂਰ ਸ਼੍ਰੇਣੀ ਅਤੇ ਮਾਲਕ ਸ਼੍ਰੇਣੀ। ਪਰ ਸਮਾਜ ਵਿਚ ਹਮੇਸ਼ਾ ਤੋਂ ਹੀ ਮਾਲਕ ਸ਼੍ਰੇਣੀ ਦਾ ਪਲੜਾਭਾਰੀ ਰਹਿੰਦਾ ਹੈ। ਇਸ ਸ਼੍ਰੇਣੀਬੱਧ ਸਮਾਜ ਨੂੰ ਕਾਰਲ ਮਾਰਕਸ *'ਫ੍ਰੇਡਰਿਕ ਏਂਗਲਜ਼ ਚੋਣਵੀਂ ਰਚਨਾ'* ਦੇ ਪ੍ਰਸੰਗ ਵਿਚ ਸਮਝਿਆ ਜਾ ਸਕਦਾ ਹੈ:

> "ਹਰ ਦੌਰ ਵਿਚ ਹੁਕਮਰਾਨ ਜਮਾਤ ਦੇ ਵਿਚਾਰ ਹੀ ਹਾਕਮ ਵਿਚਾਰ ਹੁੰਦੇ ਹਨ ਭਾਵ ਜਿਹੜੀ ਜਮਾਤ ਸਮਾਜ ਦੀ ਹੁਕਮਰਾਨ ਪਦਾਰਥਕ ਸ਼ਕਤੀ ਹੈ।ਉਹ ਉਸ ਸਮੇਂ ਬੌਧਿਕ ਸ਼ਕਤੀ ਵੀ ਹੈ। ਜਿਸ ਜਮਾਤ ਦੇ ਹੱਥਾਂ ਵਿਚ ਮਾਲੀ ਉਤਪਾਦਨ ਦੇ ਸਾਧਨ ਹਨ ਉਸ ਦਾ ਉਸ ਸਮੇਂ ਦਿਮਾਗੀ ਉੱਪਜ ਉੱਤੇ ਵੀ ਕੰਟਰੋਲ ਹੁੰਦਾ ਹੈ। ਇਸ ਤਰ੍ਹਾਂ ਆਮ ਤੌਰ ਤੇ ਗੱਲ ਕਰੀਏ ਤਾਂ ਉਹਨਾਂ ਦੇ ਵਿਚਾਰ ਜਿਨ੍ਹਾਂ ਪਾਸ ਦਿਮਾਗੀ ਉਪਜ ਦੇ ਸਾਧਨ ਨਹੀਂ ਹੁੰਦੇ ਉਹ ਲੁੱਟੀ ਜਾ ਰਹੀ ਧਿਰ ਹੁੰਦੇ ਹਨ। ਹੁਕਮਰਾਨ ਵਿਚ ਹੋਰ ਕੁੱਝ ਨਹੀਂ ਸਗੋਂ ਪ੍ਰਬਲ ਪਦਾਰਥਕ ਸਬੰਧਾਂ ਦਾ ਆਦਰਸ਼ਕ ਪ੍ਰਗਟਾਵਾ ਹਨ। ਪ੍ਰਬਲ ਪਦਾਰਥਕ ਸਬੰਧ ਜਿਹੜੇ ਵਿਚਾਰਾਂ ਦਾ ਰੂਪ ਧਾਰਦੇ ਹਨਇਕ ਜਮਾਤ ਹੁਕਮਰਾਨ ਬਣ ਜਾਂਦੀ ਹੈ ਅਤੇ ਉਸਦੇ ਵਿਚਾਰ ਸਭ ਤੋਂ ਪ੍ਰਬਲ ਹੁੰਦੇ ਹਨ।"(57)

ਉੱਪਰ ਦਿੱਤੀ ਟਿੱਪਣੀ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪੂੰਜੀਵਾਦੀ ਸਮਾਜ ਦੋ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਹੈ। ਉੱਚ ਸ੍ਰੇਣੀ ਅਤੇ ਨਿਮਨ ਸ਼੍ਰੇਣੀ। ਉੱਚ ਸ਼੍ਰੇਣੀ ਵਿਚ ਸਰਮਾਏਦਾਰ/ਜਾਗੀਰਦਾਰ ਲੋਕ ਅਤੇ ਨਿਮਨ ਸ਼੍ਰੇਣੀ ਵਿਚ ਦੱਬੇ ਕੁਚਲੇ ਅਤੇ ਮਜ਼ਦੂਰ ਆਉਂਦੇ ਹਨ। ਜਾਗੀਰਦਾਰ ਸ਼੍ਰੇਣੀ ਵਲੋਂ ਹਮੇਸ਼ਾ ਹੀ ਕਮਜ਼ੋਰ ਅਤੇ ਬੇਬਸ ਲੋਕਾਂ ਤੇ ਹਰ ਤਰ੍ਹਾਂ ਦੇ ਜ਼ੁਲਮ ਕੀਤੇ ਜਾਂਦੇ ਹਨ। ਦੂਜੇ ਪਾਸੇ ਨੀਂਵੀਂ ਸ਼੍ਰੇਣੀ ਵਾਲੇ ਕਮਜ਼ੋਰ ਲੋਕ ਆਪਣੀਆਂ ਲੋੜਾਂ ਦੀ ਪੂਰਤੀ ਲਈ ਉੱਚੀ ਸ਼੍ਰੇਣੀ ਵਲੋਂ ਕੀਤੇ ਜ਼ੁਲਮਾਂ ਨੂੰ ਸਹਿਣਾ ਉਹਨਾਂ ਦੀ ਮਜਬੂਰੀ ਬਣ ਜਾਂਦੀ ਹੈ। ਕਈ ਵਾਰ ਉੱਚ ਸ਼੍ਰੇਣੀ ਵਲੋਂ ਕਰਜ਼ੇ ਦੀ ਭਰਪਾਈ ਦੇ ਤੌਰ ਤੇ ਨਿਮਨ ਸ਼੍ਰੇਣੀ ਦੀਆਂ ਧੀਆਂ ਭੈਣਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਸਾਡੇ ਸਮਾਜ ਵਿਚ ਮਾਲਕ ਤੇ ਨੌਕਰ ਵਿਚਕਾਰ ਕਦੇ ਵੀ ਬਰਾਬਰੀ ਦੇ ਅਸੂਲ ਨਹੀਂ ਬਣ ਸਕਦੇ। ਹਮੇਸ਼ਾ ਤੋਂ ਹੀ ਅਮੀਰ ਵਰਗ ਦਾ ਗਰੀਬ ਵਰਗ ਤੇ ਦਬਦਬਾ ਕਾਇਮ ਰਹਿੰਦਾ ਆਇਆ ਹੈ। ਜਿੱਥੇ ਪਹਿਲਾ ਵਰਗ ਐਸ਼ ਪ੍ਰਸਤੀ ਦਾ ਹੈ ਅਤੇ ਦੂਜਾ ਵਰਗ ਭੁੱਖਾ ਮਰਦਾ ਹੈ।ਅੰਗਰੇਜ਼ ਭਾਰਤ ਉੱਤੇ ਕਬਜ਼ਾ ਕਰਨ ਵਾਲੇ ਪਹਿਲੇ ਅਜਿਹੇ ਹੁਕਮਰਾਨ ਸਨ ਜਿਨ੍ਹਾਂ ਨੇ ਭਾਰਤ ਉੱਪਰ ਜਿੱਤ ਮਗਰੋਂ ਉੱਥੋਂ ਦੀ ਅਰਥ ਵਿਵਸਥਾ ਨੂੰ ਬਦਲ ਕੇ ਰੱਖ ਦਿੱਤਾ। ਅੰਗਰੇਜ਼ਾਂ ਦਾ ਪਹਿਲਾ ਆਰਥਿਕ ਹਮਲਾ ਖੇਤੀਬਾੜੀ ਉਪਰ ਸੀ। ਨਵੇਂ ਜ਼ਮੀਨੀ ਪ੍ਰਬੰਧ ਦੇ ਨਾਮ ਹੇਠ ਮਾਲੀਆ ਇਕੱਠਾ ਕਰਨ ਲਈ ਸ਼ੁਰੂ ਕੀਤੀਆਂ ਜ਼ਿੰਮੇਦਾਰੀ ਅਤੇ ਰਾਇਤਵਾੜੀ ਪ੍ਰਣਾਲੀਆਂ ਨੇ ਗਰੀਬ ਕਿਸਾਨਾਂ ਦੀ ਅੰਨੀ ਲੁੱਟ ਕੀਤੀ। ਇਸ ਲੁੱਟ ਨੇ ਕਿਸਾਨਾਂ ਨੂੰ ਸ਼ਾਹੂਕਾਰਾਂ ਦੇ ਸ਼ਿਕੰਜੇ ਵਿਚ ਫਸਾਇਆ। ਜਿਸ ਨਾਲ ਉਹਨਾਂ ਦੀ ਆਰਥਿਕ ਲੁੱਟ ਦੋਗੁਣੀ ਤਿੰਨ ਗੁਣੀ ਹੋ ਗਈ। ਇਸ ਸੰਦਰਭ ਵਿਚ ਕਾਰਲ ਮਾਰਕਸ ਦਾ ਸਿਧਾਂਤ ਦਰਸਾਉਂਦਾ ਹੈ:

> "ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤੀਆਂ ਉੱਤੇ ਅੰਗਰੇਜ਼ਾਂ ਦੁਆਰਾ ਢਾਹੇ ਗਏ ਜ਼ੁਲਮ ਪੂਰਨ ਤੇ ਵਾਸਤਵ ਰੂਪ ਵਿਚ ਉਹਨਾਂ ਜ਼ੁਲਮਾਂ ਤੋਂ ਕਿਤੇ ਜ਼ਿਆਦਾ ਤੇ ਭਿੰਨ ਸਨ। ਜਿਹੜੇ ਉਹਨਾਂ ਨੇ ਪਹਿਲਾਂ ਸਹੇ ਸਨ। ਸਾਰੇ ਗ੍ਰਹਿ ਯੁੱਧ, ਹਮਲੇ, ਕ੍ਰਾਂਤੀਆਂ ਅਤੇ ਅਕਾਲ ਦੇਖਣੇ

ਭਾਵੇਂ ਕਿੰਨੇ ਵੀ ਜਟਿਲ, ਤੀਬਰ ਅਤੇ ਵਿਨਾਸ਼ਕਾਰੀ ਰਹੇ ਹੋਣ ਪਰ ਕਦੇ ਵੀ ਇਸ ਸਤਰ ਤੋਂ ਥੱਲੇ ਨਹੀਂ ਸਨ ਗਏ। ਪਰ ਇੰਗਲੈਂਡ ਨੇ ਭਾਰਤੀ ਸਮਾਜ ਦੇ ਸਮੁੱਚੇ ਢਾਂਚੇ ਨੂੰ ਤੋੜ ਸੁੱਟਿਆ ਤੇ ਬਿਨਾਂ ਕਿਸੇ ਪੁਨਰ ਨਿਰਮਾਣ ਤੋਂ ਪੁਰਾਣੀ ਵਿਵਸਥਾ ਨੂੰ ਨਸ਼ਟ ਕਰ ਦਿੱਤਾ।" (ਉਦਰਿਤ ਡਾ. ਸਤਿਆ ਰਾਏ ਭਾਰਤ ਮੇਂ ਉਪਨਿਸ਼ੇਦਵਾਦ 6)

ਸਮੁੱਚੇ ਭਾਰਤ ਦੀ ਮੱਧ ਕਾਲੀਨ ਅਰਥ ਵਿਵਸਥਾ, ਜਾਗੀਰਦਾਰੀ, ਸਾਮੰਤਵਾਦੀ ਅਰਥ ਵਿਵਸਥਾ ਕਹਾਉਂਦੀ ਸੀ। ਗ਼ੁਲਾਮੀ ਦੀ ਆਰਥਿਕ ਸੰਸਥਾ ਵਿਚੋਂ ਮਾਲਿਕ ਅਤੇ ਦਾਸ ਦੋ ਵਰਗ ਸਨ। ਸਮੂਹ ਸੰਪਤੀ ਅਤੇ ਦਾਸ ਜਾਂ ਗੁਲਾਮ ਉੱਤੇ ਵੀ ਮਾਲਕ ਦੀ ਮਾਲਕੀ ਹੁੰਦੀ ਸੀ। ਅੱਜ ਵੀ ਪੂੰਜੀਪਤੀਆਂ ਦੁਆਰਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਮਾਜਕ ਅਨਿਆਂ, ਸ਼ੋਸ਼ਣ ਅਤੇ ਆਰਥਿਕ ਵੱਖਰੇਵਿਆਂ ਤੇ ਵੱਧ ਧਿਆਨ ਆਕਰਸ਼ਿਤ ਕਰਦਾ ਹੈ। ਆਰਥਿਕ ਸੰਸਥਾਵਾਂ ਦਾ ਸਰੂਪ ਸਮਾਜ ਦੀ ਅਰਥ-ਵਿਵਸਥਾ ਤੇ ਆਧਾਰਿਤ ਹੁੰਦਾ ਹੈ। ਪੂੰਜੀਵਾਦੀ, ਸਮਾਜਵਾਦੀ ਅਤੇ ਸਾਮਵਾਦੀ ਅਰਥ ਵਿਵਸਥਾ ਵਿਚ ਉਪਲਬਧ ਵਿਭਿੰਨ ਸੰਸਥਾਵਾਂ ਇਸੇ ਤੱਤ ਦੀ ਅਗਵਾਈ ਕਰਦੀਆਂ ਹਨ। ਪੁਰਾਤਨ ਯੁੱਗ ਦੀਆਂ ਆਰਥਿਕ ਸੰਸਥਾਵਾਂ ਅਤੇ ਅਰਥ ਵਿਵਸਥਾ ਮੱਧ ਕਾਲੀਨ ਅਤੇ ਆਧੁਨਿਕ ਕਾਲ ਦੀਆਂ ਆਰਥਿਕ ਸੰਸਥਾਵਾਂ ਅਤੇ ਅਰਥ ਵਿਵਸਥਾ ਤੋਂ ਸਰਲ ਅਤੇ ਭਿੰਨ ਸਨ।

ਕਾਲੇ ਪੱਥਰ ਕੀ ਪਿਘਲਾਉਣੇ ਬੇ-ਦੋਸ਼ਾਂ ਦੀ ਅਰਜ਼ੀ ਨੇ

ਪੈਰ ਪੈਰ 'ਤੇ ਕੰਧਾਂ ਚਿਣੀਆਂ ਹਾਕਮ ਦੀ ਮਨਮਰਜ਼ੀ ਨੇ।

(ਸੁਰਜੀਤ ਸਖੀ ਧੁੰਦ 33)

### 3.2 ਕਿਰਤ ਦੀ ਲੁੱਟ:

ਮਜ਼ਦੂਰ ਜਮਾਤ ਸਦੀਆਂ ਤੋਂ ਹੀ ਪਿਸਦੀ ਆ ਰਹੀ ਹੈ।ਇਸ ਸਬੰਧ ਵਿਚ ਐਸ.ਕੇ. ਸ਼ਰਮਾ *'ਆਧੁਨਿਕ ਰਾਜਨੀਤਿਕ ਵਿਸ਼ਲੇਸ਼ਣ'* ਦੇ ਵਿਚਾਰ ਹਨ, "ਸਰਮਾਏਦਾਰੀ ਲੋਕਤੰਤਰ ਦਾ ਮੁੱਖ ਲੱਛਣ ਇਹ ਹੈ ਕਿ ਕੁਚਲੇ ਜਾਂ ਦਬਾਏ ਹੋਏ ਲੋਕਾਂ ਨੂੰ ਕੁੱਝ ਸਾਲਾਂ ਪਿੱਛੋਂ ਇਕ ਵਾਰ ਇਹ ਨਿਰਣਾ ਕਰਨ ਦਾ ਅਧਿਕਾਰ ਹੁੰਦਾ ਹੈ ਕਿ ਜ਼ੁਲਮਕਰਨ ਵਾਲੇ ਵਰਗ ਦੇ ਕਿਹੜੇ ਵਿਸ਼ੇਸ਼ ਪ੍ਰਤੀਨਿਧੀ ਸੰਸਦ ਵਿਚ ਉਹਨਾਂ ਦੀ ਪ੍ਰਤੀਨਿਧਤਾ ਕਰਨਗੇ ਤੇ ਉਹਨਾਂ ਤੇ ਜ਼ੁਲਮ ਕਰਨਗੇ।"(3) ਪੂੰਜੀਵਾਦੀ ਸਿਸਟਮ ਵਿਚ ਮਸ਼ੀਨੀਕਰਨ ਜਿੱਥੇ ਮਨੁੱਖ ਨੂੰ ਰੁਜ਼ਗਾਰ ਦੇ ਰਿਹਾ ਹੈ ਉੱਥੇ ਕਈ ਕਿਰਤੀ ਵਰਗ ਦੀ ਕਿਰਤ ਨੂੰ ਖੋਹ ਵੀ ਰਿਹਾ ਹੈ। ਮਸ਼ੀਨੀਕਰਨ ਮਨੁੱਖੀ ਵਸਤੂਆਂ ਦਾ ਵਿਸਥਾਰ ਵੀ ਕਰਦਾ ਹੈ ਜੋ ਪੂੰਜੀਵਾਦ ਨੂੰ ਸ਼ੋਸ਼ਣ ਕਰਨ ਦੀ ਤਾਕਤ ਦਿੰਦਾ ਹੈ। ਆਰਥਿਕ ਸੰਸਥਾਵਾਂ ਸਮਾਜਕ ਜੀਵਨ ਦੀਆਂ ਆਰਥਿਕ ਲੋੜਾਂ, ਕੰਮਾਂ-ਕਾਰਾਂ ਅਤੇ ਸਮੱਸਿਆਵਾਂ ਨਾਲ ਸਬੰਧਤ ਹੁੰਦੀਆਂ ਹਨ। ਭੋਜਨ ਅਤੇ ਸੰਪਤੀ ਨਾਲ ਸਬੰਧਤ ਮਨੁੱਖੀ ਚੇਸ਼ਟਾਵਾਂ ਆਰਥਿਕ ਸੰਸਥਾਵਾਂ ਦਾ ਆਧਾਰ ਬਣਦੀਆਂ ਹਨ। ਸਮਾਜ ਦੀਆਂ ਆਰਥਿਕ ਲੋੜਾਂ ਦੀ ਪੂਰਤੀ ਨਾਲ ਸਬੰਧਤ ਤਿਉਹਾਰਾਂ, ਪ੍ਰਵਿਧੀਆਂ, ਨਿਯਮਾਂ ਅਤੇ

ਕਾਰਜ-ਪ੍ਰਣਾਲੀਆਂ ਦੇ ਸੰਗਠਨ ਨੂੰ 'ਆਰਥਿਕ ਸੰਸਥਾ' ਆਖਦੇ ਹਨ। ਮੁੱਢਲੇ ਸਮਿਆਂ ਵਿਚ ਲਾਭ ਕਮਾਉਣ ਦੀ ਥਾਂ ਪਰਿਵਾਰਕ ਲੋੜਾਂ ਅਤੇ ਕਾਰਜਾਂ ਤਕ ਹੀ ਉਤਪਾਦਨ ਕਿਰਿਆ ਸੀਮਤ ਰਹਿੰਦੀ ਸੀ। ਨਿੱਜੀ ਸੰਪਤੀ ਦਾ ਸਰੂਪ ਵੀ ਆਧੁਨਿਕ ਪੂੰਜੀਵਾਦੀ ਅਰਥ-ਵਿਵਸਥਾ ਤੋਂ ਭਿੰਨ ਸੀ। ਹਰ ਵਿਅਕਤੀ ਅਤੇ ਪਰਿਵਾਰ ਦੇ ਨਿਜੀ ਕੰਮ ਵਿਚ ਉਪਯੋਗੀ ਸੰਪਤੀ ਹੀ ਨਿੱਜੀ ਸੰਪਤੀ ਸਮਝੀ ਜਾਂਦੀ ਸੀ। ਖੇਤੀ-ਬਾੜੀ ਨਾਲ ਸਬੰਧਤ ਜਮੀਨ, ਜੰਗਲ, ਘਾਹ ਦੇ ਮੈਦਾਨ ਅਤੇ ਤਾਲਾਬ ਆਦਿ ਸਰਬ-ਸਾਂਝੀ ਸੰਪਤੀ ਸਵੀਕਾਰੇ ਜਾਂਦੇ ਸਨ। ਆਰਥਿਕ ਸੰਰਚਨਾ ਵਿਚ ਨਿਮਨ ਕਿਸਾਨੀ ਵਰਗ ਅਤਿ ਦਰਜੇ ਔਖੀ ਤੇ ਲਾਚਾਰ ਜ਼ਿੰਦਗੀ ਜੀਅ ਰਿਹਾ ਹੈ। ਸਮਾਜ ਦੇ ਆਧਾਰ ਪ੍ਰਬੰਧ ਵਿਚ ਸਭ ਤੋਂ ਮਹੱਤਵਪੂਰਨ ਰੋਲ ਆਰਥਿਕਤਾ ਦਾ ਹੈ। ਇਸ ਸੰਦਰਭ ਵਿਚ ਸੁਰਜੀਤ ਸਿੰਘ ਭੱਟੀ *'ਮਾਰਕਸੀ ਸਮੀਖਿਆ ਸਿਧਾਂਤ'* ਵਿਚ ਲਿਖਦੇ ਹਨ:

> "ਕਿਸੇ ਸਮਾਜ ਦੇ ਉਤਪਾਦਨ ਸਬੰਧਾਂ ਦਾ ਜੋੜ ਹੀ ਕਿਸੇ ਸਮਾਜ ਦਾ ਆਰਥਿਕ ਢਾਂਚਾ ਇਹਦਾ ਆਧਾਰ ਜਾਂ ਨੀਂਹ ਬਣਦਾ ਹੈ। ਇਹ ਨੀਂਹ ਹੀ ਸਮਾਜ ਦਾ ਬੁਨਿਆਦੀ ਢਾਂਚਾ ਹੁੰਦੀ ਹੈ ਜਿਸ ਉਪਰ ਸਮਾਜ ਦਾ ਬਾਕੀ ਸਾਰਾ ਢਾਂਚਾ ਜਿਵੇਂ ਰਾਜ, ਕਾਨੂੰਨ, ਧਰਮ, ਰਾਜਨੀਤੀ ਅਤੇ ਨੈਤਿਕਤਾ ਆਦਿ ਉਸਰਿਆ ਹੁੰਦਾ ਹੈ।"(59)

ਉਦਯੋਗਿਕ ਕ੍ਰਾਂਤੀ ਦੇ ਆਉਣ ਦੇ ਬਾਵਜੂਦ ਵੀ ਸਮਾਜ ਦੀ ਨਿਮਨ ਸ਼ਰੇਣੀ ਅਤੇ ਮੱਧ ਸ਼ਰੇਣੀ ਨੇ ਲਗਾਤਾਰ ਸੰਤਾਪ ਹੰਢਾਇਆ ਹੈ ਕਿਉਂ ਕਿ ਆਰਥਿਕ ਢਾਂਚਾ ਹੀ ਅਜਿਹਾ ਹੈ ਜਿੱਥੇ ਮਿਹਨਤਕਸ਼ਾਂ ਨੂੰ ਆਪਣੀ ਮਿਹਨਤ ਦਾ ਫ਼ਲ ਨਹੀਂ ਮਿਲਦਾ। ਮਿੱਲਾਂ ਵਿਚ ਮਜ਼ਦੂਰ ਵਰਗ ਆਪਣੀ ਜਾਨ ਤੋੜ ਕੇ ਮਿਹਨਤ ਕਰਦੇ ਹਨ ਪਰ ਉਸ ਮਿਹਨਤ ਦਾ ਅਸਲੀ ਫ਼ਲ ਤਾਂ ਮਾਲਿਕ ਹੀ ਖਾ ਜਾਂਦੇ ਹਨ। ਬੇਚਾਰੇ ਮਜ਼ਦੂਰਾਂ ਨੂੰ ਉਹਨਾਂ ਦੀ ਮਿਹਨਤ ਦਾ ਵੀ ਮੁੱਲ ਨਹੀਂ ਮਿਲਦਾ। ਇਹ ਸਾਡੇ ਸਮਾਜ ਦੀ ਅਰਥ ਵਿਵਸਥਾ ਹੈ ਜਿਹੜੀ ਸਿਰਫ ਸਾਡੇ ਸ਼ਹਿਰਾਂ ਵਿਚ ਹੀ ਨਹੀਂ ਸਗੋਂ ਗ੍ਰਾਮੀਣ ਖੇਤਰਾਂ ਨੂੰ ਵੀ ਆਪਣੇ ਕਲਾਵੇ ਵਿਚ ਲੈਂਦੀ ਹੈ। ਅੱਜ ਵੀ ਭਾਰਤ ਦੀ ਅਰਥ ਵਿਵਸਥਾ ਵਿਚ ਉਸੇ ਤਰ੍ਹਾਂ ਦੀ ਨਾ-ਬਰਾਬਰੀ ਹੈ ਜਿਸ ਤਰ੍ਹਾਂ ਦੀ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਸੀ। ਸਾਡੇ ਪੰਜਾਬੀ ਅਤੇ ਪਰਵਾਸੀ ਗ਼ਜ਼ਲਕਾਰ ਨਿਮਨ ਅਤੇ ਦਲਿਤ ਵਰਗ ਦੀਆਂ ਔਰਤਾਂ ਦੀ ਜੀਵਨ ਸਥਿਤੀ ਅਤੇ ਮਨੋਸਥਿਤੀ ਦਾ ਚਿਤਰਨ ਬਹੁਤ ਹੀ ਅਨੁਭਵੀ ਰੂਪ ਨਾਲ ਕਰਦੇ ਹਨ। ਨਿਮਨ ਵਰਗ ਦੇ ਮਰਦ ਅਤੇ ਔਰਤਾਂ ਦੋਨੋਂ ਹੀ ਆਰਥਿਕ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ।ਧਾਰਮਿਕ ਆਗੂ ਹੀ ਜਨਤਾ ਨੂੰ ਲੁੱਟਣ ਵਿਚ ਕੋਈ ਕਸਰ ਨਹੀਂ ਛੱਡਦੇ। ਧਰਮ ਕਰਮ ਦੇ ਰਖਵਾਲੇ ਹੀ ਆਪਣਾ ਜ਼ਮੀਰ ਵੇਚ ਕੇ ਸ਼ਾਂਤ ਚਿਤ ਸੌਂ ਰਹੇ ਹਨ। ਲੁਟੇਰੇ ਰੂਪੀ ਬਾਜ ਅੱਜ ਵੀ ਗਰੀਬ ਜਨਤਾ ਰੂਪੀ ਚਿੜੀਆਂ ਨੂੰ ਨੋਚ-ਨੋਚ ਕੇ ਖਾ ਰਹੇ ਹਨ। ਗਰੀਬ ਆਦਮੀ ਤਾਂ ਗਊ ਹੀ ਹੁੰਦਾ ਹੈ ਉਸ ਉੱਤੇ ਜਿੰਨੇ ਮਰਜ਼ੀ ਜ਼ੁਲਮ ਕਰ ਲਉ ਉਸ ਨੇ ਇਸ ਦਾ ਵਿਰੋਧ ਨਹੀਂ ਕਰਨਾ ਹੁੰਦਾ ਕਿਉਂ ਕਿ ਉਹ ਗਰੀਬ ਅਤੇ ਮਜਬੂਰ ਹੈ। ਉਸ ਦੀ ਮਜਬੂਰੀ ਇਹ ਹੈ ਕਿ ਜੇ ਕਰ ਉਹ ਇਸਦਾ ਵਿਰੋਧ ਕਰੇਗਾ ਤਾਂ ਜੋ ਰੁੱਖਾ-ਮਿੱਸਾ ਉਸ ਦੇ ਹੱਥ ਆਉਂਦਾ ਹੈ ਉਹ ਉਸ ਤੋਂ ਵੀ ਜਾਂਦਾ ਰਹੇਗਾ।

ਤਿੰਨ ਸਦੀਆਂ ਤੋਂ ਅੱਧੀ ਉੱਤੇ, ਧਰਮ ਕਰਮ ਦੇ ਰਾਖੇ ਸੁੱਤੇ

ਬਾਜ ਅਜੇ ਵੀ ਚਿੜੀਆਂ ਨੋਚੇ, ਅੱਜ ਵੀ ਗਊ ਗਰੀਬ ਦਾ ਨਾਂ ਹੈ।

(*ਗੁਲਨਾਰ* 135)

ਜ਼ਿੰਦਗੀ ਦੀਆਂ ਸੁੱਖ ਸੁਵਿਧਾਵਾਂ ਸਿਰਫ਼ ਅਮੀਰ ਵਿਅਕਤੀ ਹੀ ਮਾਣ ਰਿਹਾ ਹੈ। ਇਸ ਦੇ ਉਲਟ ਗਰੀਬ ਵਿਅਕਤੀ ਤਾਂ ਪਰੇਸ਼ਾਨ ਹੈ ਕਿਉਂ ਕਿ ਭੁੱਖ ਨੰਗ ਨਾਲ ਲੜਣ ਲਈ ਉਸ ਦੇ ਪੈਰ ਪੈਰ ਤੇ ਚੁਣੌਤੀਆਂ ਰਾਹ ਮੱਲੀ ਖੜੀਆਂ ਹਨ ਅਤੇ ਉਹ ਕਦੇ ਆਪਣੀ ਕਿਸਮਤ ਨਾਲ ਅਤੇ ਕਦੇ ਸਮੇਂ ਦੀਆਂ ਸਰਕਾਰਾਂ ਨਾਲ ਲੜ੍ਹਦਾ ਇਹਨਾਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਪਰ ਆਰਥਿਕ ਹਾਲਾਤਾਂ ਵਿਚ ਕੋਈ ਸੁਧਾਰ ਨਹੀਂ ਹੋ ਰਿਹਾ।

ਹੁਣ ਸਧਾਰਨ ਆਦਮੀ ਬੇਚੈਨ ਹੈ

ਉਸ ਦੇ ਹਰ ਕਦਮ ਅੱਗੇ ਕਰਬਲਾ

(*ਮਨ ਪਰਦੇਸੀ* 21)

ਗੁਰਭਜਨ ਗਿੱਲ ਲਿਖਦਾ ਹੈ ਕਿ ਭਾਵੇਂ ਸਾਡੇ ਪੁਰਖੇ ਕੋਰੇ ਅਨਪੜ੍ਹ ਸਨ ਪਰ ਤਾਂ ਵੀ ਉਹ ਸਾਨੂੰ ਦੁਨੀਆਂਦਾਰੀ ਦੇ ਸਾਰੇ ਦਾਅ ਪੇਚ ਸਮਝਾਉਂਦੇ ਸਨ ਕਿ ਸਾਰੇ ਕੁਰਸੀਆਂ ਵਾਲੇ ਅਮੀਰਾਂ ਦੇ ਸੁਭਾਅ ਇਕੋ ਜਿਹੇ ਹਨ ਅਤੇ ਸਾਰੇ ਟਾਟਾ ਕੰਪਨੀਆਂ ਵਾਲੇ ਹੋਣ ਚਾਹੇ ਬਾਟਾ ਕੰਪਨੀ ਵਾਲੇ ਹੋਣ ਅਤੇ ਚਾਹੇ ਬਿਰਲਾ ਗਰੁੱਪ ਵਾਲੇ ਹੋਣ ਇਹ ਸਾਰੇ ਸਿਰਫ਼ ਆਪਣੀਆਂ ਹੀ ਜੇਬਾਂ ਭਰਦੇ ਹਨ ਅਤੇ ਗਰੀਬਾਂ ਦਾ ਸ਼ੋਸ਼ਣ ਕਰਦੇ ਹਨ। ਉਹਨਾਂ ਦੇ ਦਿਲ ਇੰਨੇ ਵੱਡੇ ਨਹੀਂ ਕਿ ਉਹ ਕਿਸੇ ਗਰੀਬ ਦੀ ਮਦਦ ਕਰ ਸਕਣ ਮਦਦ ਤਾਂ ਦੂਰ ਉਹ ਤਾਂ ਕਿਰਤੀਆਂ ਕਾਮਿਆਂ ਨੂੰ ਚੰਗੀ ਤਰ੍ਹਾਂ ਲੁੱਟਦੇ ਹਨ ਭਾਵ ਉਹਨਾਂ ਤੋਂ ਵੱਧ ਕੰਮ ਕਰਵਾ ਕੇ ਘੱਟ ਮਿਹਨਤਾਨਾ ਦਿੰਦੇ ਹਨ।

ਅਨਪੜ੍ਹ ਸੀ ਪਰ ਸਦਾ ਆਖਦੇ ਤੇ ਸਮਝਾਉਂਦੇ ਸਾਨੂੰ

ਢਿਡੋਂ ਇਕ ਨੇ ਕੁਰਸੀਆਂ ਵਾਲੇ ਟਾਟੇ ਬਿਰਲੇ ਬਾਟੇ

(*ਮਨ ਪਰਦੇਸੀ* 40)

ਕਿਰਤੀ ਦੀ ਲੁੱਟ ਦੇ ਸੰਦਰਭ ਵਿਚ ਗੁਰਭਜਨ ਗਿੱਲ ਆਪਣੀ ਸ਼ਾਇਰੀ ਰਾਹੀਂ ਦਰਸਾਉਂਦਾ ਹੈ ਕਿ ਜਦੋਂ ਸ਼ਾਹੂਕਾਰ ਕਿਰਤੀਆਂ ਦੀ ਲੁੱਟ-ਖਸੁੱਟ ਬਹੁਤ ਜ਼ਿਆਦਾ ਕਰ ਲੈਂਦੇ ਹਨ ਅਤੇ ਕਿਰਤੀ ਕਾਮਿਆਂ ਦੀ ਸਹਿਣ ਸ਼ਕਤੀ ਖ਼ਤਮ ਹੋ ਜਾਂਦੀ ਹੈ ਤਾਂ ਇਨਕਲਾਬ ਆਉਣਾ ਨਿਸ਼ਚਿਤ ਹੁੰਦਾ ਹੈ। ਜਦੋਂ ਆਮ ਬੰਦੇ ਦੇ ਹੱਕ ਨੂੰ ਲੈ ਕੇ ਇਕ ਗਰੀਬ ਦੀ ਆਵਾਜ਼ ਖੰਭ ਲਾ ਕੇ ਅੰਬਰੀਂ ਉਡਾਰੀਆਂ ਲਾਉਂਦੀ ਹੈ ਤਾਂ ਉਸ ਸਮੇਂ ਧਰਤੀ ਵੀ ਤੰਗ ਲੱਗਣ ਲੱਗ ਜਾਂਦੀ ਹੈ।

ਇਕ ਆਮ ਸਧਾਰਨ ਬੰਦੇ ਦੀ ਆਵਾਜ਼ ਜਦੋਂ ਪਰਵਾਜ਼ ਭਰੇ

ਧਰਤੀ ਵੀ ਸੌੜੀ ਲੱਗਦੀ ਹੈ ਫਿਰ ਅੰਬਰਾਂ ਦੇ ਵਿਚ ਘਰ ਹੋਏ।

(*ਮਨ ਪਰਦੇਸੀ* 27)

ਗੁਰਭਜਨ ਗਿੱਲ ਆਪਣੀ ਗ਼ਜ਼ਲ ਰਾਹੀਂ ਪੇਸ਼ ਕਿਰਤੀ ਨੂੰ ਸਹੀ ਰਾਹ ਅਪਣਾਉਣ ਲਈ ਪ੍ਰੇਰਿਤ ਕਰਦੇ ਹੋਏ ਲਿਖਦੇ ਹਨ ਕਿ ਕਿਰਤੀ ਕਾਮਿਆਂ ਨੂੰ ਨਸ਼ਿਆਂ ਵਰਗੇ ਕੋਹੜ ਤੋਂ ਦੂਰ ਰਹਿਣਾ ਚਾਹੀਦਾ ਹੈ ਕਿਉਂ ਕਿ ਅਸਲੀ ਨਸ਼ਾ ਤਾਂ ਹੱਥੀਂ ਮਿਹਨਤ ਕਰਨਾ ਹੈ। ਆਪਣੀ ਅਤੇ ਆਪਣੀਆਂ ਆਉਂਦੀਆਂ ਪੀੜ੍ਹੀਆਂ ਦੀ ਨਸ਼ੇੜੀ ਲੋਕਾਂ ਤੋਂ ਰੱਖਿਆ ਕਰੋ ਕਿਉਂ ਕਿ ਚਾਲਾਕ ਲੋਕ ਤਾਂ ਗਲਤ ਕੰਮਾਂ ਵਿਚ ਲਾਉਣ ਲਈ ਬਹਿਲਾਉਣਗੇ ਪਰ ਤੁਸੀਂ ਕਾਮਿਆਂ ਨੇ ਆਪ ਰੱਖਿਆ ਕਰਨੀ ਹੈ। ਇਸ ਵਿਚ ਗ਼ਜ਼ਲਗੋ ਗੱਲ ਕਰਦਾ ਹੈ ਕਿ ਕਿਵੇਂ ਰਾਜਨੀਤੀ ਦੇ ਪਹਿਰੇਦਾਰ ਵਪਾਰ ਦੀ ਆੜ ਵਿਚ ਆਪਣਾ ਹੀ ਨਫ਼ਾ ਸੋਚਦੇ ਹਨ ਜੇ ਉਹ ਚਾਹੁਣ ਤਾਂ ਸ਼ਾਰਬ, ਅਫੀਮ ਅਤੇ ਹੋਰ ਨਸ਼ਿਆਂ ਨੂੰ ਰੋਕ ਸਕਦੇ ਹਨ ਪਰ ਉਹ ਖੁਦ ਹੀ ਇਨ੍ਹਾਂ ਦਾ ਵਪਾਰਕ ਲਾਭ ਲੈਂਦੇ ਹਨ। ਉਯੋਗਪਤੀ ਖੁਦ ਹੀ ਬੇਰੋਜ਼ਗਾਰ ਮੁੰਡਿਆਂ ਨੂੰ ਰੋਜ਼ਗਾਰ ਦੇਣ ਦੀ ਥਾਂ ਨਸ਼ਿਆਂ ਤੇ ਲਾ ਰਹੇ ਹਨ। ਪਰ ਇਹ ਤਾਂ ਜਨਤਾ ਨੂੰ ਆਪ ਹੀ ਬਚਣਾ ਪੈਣਾ ਹੈ।

ਅਸਲ ਨਸ਼ਾ ਤਾਂ ਕਿਰਤ ਕਮਾਈ ਜਾਗਿਓ, ਰਾਖੀ ਕਰਿਓ

ਚਾਤਰ ਸ਼ਾਤਰ ਬੜਾ ਚਾਹੁਣਗੇ ਲਾਉਣਾ ਪੁੱਠੀ ਚਾਟੇ।

(*ਮਨ ਪਰਦੇਸੀ* 40)

ਗ਼ਜ਼ਲਕਾਰ ਸਤੀਸ਼ ਗੁਲਾਟੀ ਆਪਣੀਆਂ ਗ਼ਜ਼ਲਾਂ ਵਿਚ ਆਰਥਿਕ ਸਰੋਕਾਰਾਂ ਨੂੰ ਚਿਤਰਦੇ ਹਨ। ਉਹ ਮਾਸੂਮ ਬਾਲੜੇ ਜੋ ਆਪਣੀਆਂ ਮਾਂਵਾਂ ਦੀਆਂ ਛਾਤੀਆਂ ਨੂੰ ਚੂੰਡਦੇ ਰਹਿੰਦੇ ਹਨ ਪਰ ਗਰੀਬੀ ਕਾਰਨ ਪੂਰਨ ਖੁਰਾਕ ਨਾ ਮਿਲਣ ਕਰ ਕੇ ਉਹਨਾਂ ਦੀਆਂ ਮਾਂਵਾਂ ਦੀਆਂ ਛਾਤੀਆਂ ਵੀ ਦੁੱਧਹੀਨ ਹਨ ਅਤੇ ਮਾਸੂਮ ਰੋਟੀ ਦੇ ਟੁਕੜੇ ਲਈ ਵੀ ਤਰਸ ਰਹੇ ਹਨ। ਉਹਨਾਂ ਦੀ ਰੋਜ਼ੀ-ਰੋਟੀ ਅਤੇ ਗਰੀਬੀ ਦਾ ਹੱਲ ਕਰਨਾ ਚਾਹੀਦਾ ਹੈ ਨਾ ਕਿ ਉਹਨਾਂ ਨੂੰ ਗੁਬਾਰਿਆਂ ਨਾਲ ਬਹਿਲਾਣਾ ਚਾਹੀਦਾ ਹੈ। ਇਸ ਵਿਚ ਗ਼ਜ਼ਲਕਾਰ ਰੋਜ਼ਗਾਰ ਦੇਣ ਦੀ ਗੱਲ ਕਰਦਾ ਹੈ ਕਿ ਸਿਰਫ਼ ਗੱਲਾਂ ਨਾਲ ਕੁਝ ਨਹੀਂ ਹੋਣਾ ਪੇਟ ਭਰਨ ਲਈ ਕਾਮਿਆਂ ਨੂੰ ਕੰਮ ਦਿੱਤਾ ਜਾਏ ਨਾ ਕਿ ਫ਼ਾਲਤੂ ਦੀਆਂ ਸਰਕਾਰੀ ਸਕੀਮਾਂ ਨਾਲ ਉਹਨਾਂ ਅਪਾਹਜ ਬਣਾਇਆ ਜਾਣਾ ਚਾਹੀਦਾ ਹੈ।

ਉਹ ਜੋ ਮਮਤਾ ਦੀ ਛਾਤੀ ਲਈ ਵਿਲਕਦੇ
ਉਹ ਜੋ ਦਿਨ ਰਾਤ ਰੋਟੀ ਲਈ ਤੜਪਦੇ,
ਉਹਨਾਂ ਬੱਚਿਆਂ ਦੀ ਰੋਟੀ ਦਾ ਹੀਲਾ ਕਰੋ
ਉਹਨਾਂ ਅੱਗੇ ਭੁਕਾਨੇ ਦੀ ਗੱਲ ਨਾ ਕਰੋ।

(*ਚੁੱਪ ਦੇ ਖ਼ਿਲਾਫ਼*57)

ਪੰਜਾਬੀ ਗ਼ਜ਼ਲਕਾਰ ਜਗਵਿੰਦਰ ਜੋਧਾ ਅਜੋਕੇ ਸਮਾਜ ਵਿਚਲੀ ਦੋਗਲੀ ਅਰਥ ਵਿਵਸਥਾ ਨੂੰਬਿਆਨਦਾ ਕਹਿੰਦਾ ਹੈ ਕਿ ਸਾਡੇ ਦੇਸ਼ ਵਿਚ ਭੁੱਖ ਮਰੀ ਨੇ ਕਈਆਂ ਦੀਆਂ ਜਾਨਾਂ ਲਈਆਂ ਹਨ। ਗਰੀਬ ਬੱਚਿਆਂ ਦੀਆਂ ਆਂਦਰਾਂ ਭੁੱਖ ਨਾਲ ਰੋਂਦੀਆਂ ਕੁਰਲਾਉਂਦੀਆਂ ਹਨ। ਅਮੀਰ ਲੋਕ ਆਪਸ ਵਿਚ ਗੰਗਾ ਦੇ ਸਾਫ਼ ਪਾਣੀ ਦੀਆਂ ਗੱਲਾਂ ਕਰਦੇ ਹਨ ਪਰ ਉਹਨਾਂ ਨੂੰ ਗਰੀਬਾਂ ਦੀਆਂ ਅੱਖਾਂ ਵਿਚਲੇ ਹੰਝੂ ਦਿਖਾਈ ਨਹੀਂ ਦਿੰਦੇ। ਉਹਨਾਂ ਦਾ ਖ਼ਬਰਾਂ ਸੁਣਾ ਕੇ ਦਿਲਪਰਚਾਵਾ ਕਰਨ ਨਾਲੋਂ ਉਹਨਾਂ ਨੂੰ ਰੋਜ਼ਗਾਰ ਦੇ ਮੌਕੇ ਦੇਣੇ ਜ਼ਿਆਦਾ ਜ਼ਰੂਰੀ ਹਨ ਤਾਂ ਹੀ ਦੇਸ਼ ਆਰਥਿਕ ਪੱਖੋਂ ਮਜ਼ਬੂਤ ਹੋਏਗਾ ਤੇ ਤਰੱਕੀਆਂ ਕਰੇਗਾ।

ਉਹ ਮੈਨੂੰ ਗੰਗਾ ਦੇ ਨਿਰਮਲ ਜਲ ਦੀ ਸਿਫ਼ਤ ਸੁਣਾਉਂਦਾ ਹੈ,

ਮੈਂ ਇਕ ਬੱਚੇ ਦੇ ਨੈਣਾਂ 'ਚੋਂ ਡਿੱਗਦੇ ਅੱਥਰੂ ਵੇਖ ਰਿਹਾਂ।

(*ਸਾਰੰਗੀ* 49)

ਪਰਵਾਸੀ ਗ਼ਜ਼ਲਕਾਰਾ ਸੁਰਜੀਤ ਸਖੀ ਕਿਰਤੀ ਕਾਮਿਆਂ ਦੀ ਹੱਕ ਭਰੀ ਆਵਾਜ਼ ਨੂੰ ਦਬਾਏ ਜਾਣ ਤੇ ਅਫ਼ਸੋਸ ਪ੍ਰਗਟ ਕਰਦੀ ਹੋਈ ਲਿਖਦੀ ਹੈ ਕਿ ਆਪਣੇ ਖ਼ਿਲਾਫ਼ ਹੋ ਰਹੇ ਅਨਿਆਂ ਵਿਰੁੱਧ ਜਦੋਂ ਕੋਈ ਕਿਰਤੀ ਜਾਂ ਗਰੀਬ ਆਦਮੀ ਆਵਾਜ਼ ਚੁੱਕਦਾ ਹੈ ਤਾਂ ਉਸ ਦੀ ਆਵਾਜ਼ ਨੂੰ ਲੋਟੂ ਧਿਰਾਂ ਅਤੇ ਅਖ਼ਬਾਰਾਂ ਦੁਆਰਾ ਦਬਾ ਦਿੱਤਾ ਜਾਂਦਾ ਹੈ। ਗ਼ਜ਼ਲਕਾਰਾ ਕਹਿੰਦੀ ਹੈ ਕਿ ਝੂਠੀਆਂ ਅਖ਼ਬਾਰੀ ਖ਼ਬਰਾਂ ਨਾਲ ਲੋਕਾਂ ਨੂੰ ਡਰਾਇਆ ਧਮਕਾਇਆ ਜਾਂਦਾ ਹੈ ਤਾਂ ਜੋ ਉਹ ਇਸੇ ਵਿਚ ਹੀ ਉਲਝ ਕੇ ਰਹਿ ਜਾਵੇ ਅਤੇ ਰੋਜ਼ਗਾਰ ਦੀ ਮੰਗ ਨਾ ਕਰੇ। ਸੋ ਵੱਡਆਕਾਰੀ ਕਾਰਪੋਰੇਟ ਘਰਾਣਿਆਂ ਨੂੰ ਵੀ ਛੋਟੇ ਪੱਧਰ 'ਤੇ ਕੋਈ ਨਾ ਕੋਈ ਫੈਕਟਰੀਆਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਜਿਸ ਨਾਲ ਪਿੰਡਾਂ ਵਿਚ ਬੈਠੇ ਲੋਕਾਂ ਦੀ ਵੀ ਮੱਦਦ ਹੋ ਸਕੇ।

ਕੁਝ ਲੁੱਟਿਆ ਆਮ ਬਜ਼ਾਰਾਂ ਨੇ ਕੁਝ ਡਰ ਪਾਇਆ ਅਖ਼ਬਾਰਾਂ ਨੇ

ਹੁਣ ਹੋਇਆ ਕਿੱਸਾ ਘਰ-ਘਰ ਦਾ ਕਿਸ-ਕਿਸ ਦੀ ਬੰਦ ਜ਼ੁਬਾਂ ਕਰੀਏ।

(*ਧੁੰਦ* 20)

ਸੁਰਜੀਤ ਸਖੀ ਆਪਣੀ ਗ਼ਜ਼ਲ ਦੇ ਸ਼ਿਅਰ ਰਾਹੀਂ ਬਿਆਨ ਕਰਦੀ ਹੋਈ ਲਿਖਦੀ ਹੈ ਕਿ ਇਕ ਗਰੀਬ ਕਿਸਾਨ ਮੰਦੀ ਹਾਲਾਤ ਨੂੰ ਸਹਿ ਰਿਹਾ ਹੈ। ਉਸ ਦੇ ਖ਼ੂਨ ਪਸੀਨੇ ਨਾਲ ਕੀਤੀ ਕਮਾਈ ਰੁਲ ਰਹੀ ਹੈ ਭਾਵ ਉਸ ਨੇ ਜੇਠ ਹਾੜ ਅਤੇ ਪੋਹ ਮਾਘ ਵਿਚ ਜੋ ਮਿਹਨਤ ਨਾਲ ਫ਼ਸਲ ਉਗਾਈ ਸੀ। ਉਹ ਫ਼ਸਲ ਕੁਦਰਤੀ ਕਹਿਰਾਂ ਨੇ ਤਬਾਹ ਕਰ ਦਿੱਤੀ ਹੈ। ਉਸ ਲਈ ਫ਼ਸਲ ਜੋ ਸੋਨੇ ਦੇ ਭਾਅ ਵਿਕਣੀ ਸੀ ਅੱਜ ਸਾਰੀ ਹੀ ਨਸ਼ਟ ਹੋ ਚੁੱਕੀ ਹੈ। ਇਸ ਮੰਦੀ ਨੂੰ ਆਮ ਗਰੀਬ ਕਿਸਾਨ ਕਿਸ ਤਰ੍ਹਾਂ ਸਹਿਣ ਕਰੇ। ਜੇ ਉਹ ਕਰਜੇ ਲੈ ਕੇ ਦੁਬਾਰਾ ਫ਼ਸਲਾਂ ਉਗਾਉਂਦਾ ਹੈ ਤਾਂ ਫ਼ਿਰ ਉਹ ਕਰਜਾ ਮੋੜਨ ਦੇ ਅਸਮਰੱਥ ਹੁੰਦਾ ਹੈ ਜੋ ਉਸ ਨੂੰ ਖੁਦਕੁਸ਼ੀ ਦੇ ਰਾਹ ਵੱਲ ਲੈ ਕੇ ਜਾਂਦਾ ਹੈ।

ਮੋਤੀ ਪਸੀਨੇ ਦੇ ਵਿਕੇ ਮਿੱਟੀ ਦੇ ਭਾਅ ਬਾਜ਼ਾਰ ਵਿਚ

ਖੇਤਾਂ 'ਚੋਂ ਸੋਨਾ ਰੋੜ੍ਹਿਆ ਬੇਮੌਸਮੀ ਬਰਸਾਤ ਨੇ।

(*ਧੁੰਦ* 34)

ਪਰਵਾਸੀ ਗ਼ਜ਼ਲਕਾਰਾ ਸੁਰਜੀਤ ਸਖੀ ਆਪਣੀ ਗ਼ਜ਼ਲ ਰਾਹੀਂ ਧਰਤੀ ਦਾਹਾਲ ਬਿਆਨਦੀ ਹੈ ਕਿ ਹਰੀ ਭਰੀ ਧਰਤੀ ਉੱਚੀਆਂ ਇਮਾਰਤਾਂ ਨਾਲ ਢਕੀ ਗਈ ਹੈ। ਇੱਥੇ ਕੋਈ ਹਰਿਆਵਲ ਨਜ਼ਰ ਨਹੀਂ ਆਉਂਦੀ। ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਨਵੀਆਂ ਇਮਾਰਤਾਂ ਨਵੀਆਂ ਬਸਤੀਆਂ ਬਣ ਚੁੱਕੀਆਂ ਹਨ ਜਿਸ ਨਾਲ ਖੇਤਾਂ ਵਰਗੀ ਹਰਿਆਲੀ ਅਤੇ ਖੁੱਲੇ ਪੌਣ ਪਾਣੀ ਵਾਲੇ ਨਜ਼ਾਰੇ ਖਤਮ ਹੋ ਚੁੱਕੇ ਹਨ। ਬਸਤੀਵਾਦੀ ਯੁੱਗ ਵਿਚ ਵੱਡੀਆਂ ਇਮਾਰਤਾਂ ਦੇ ਸ਼ੌਕੀਆਂ ਨੇ ਕੁਦਰਤ ਨਾਲੋਂ ਆਪਣਾ ਨਾਤਾ ਤੋੜ ਲਿਆ ਹੈ। ਉਹ ਕਈ ਮੰਜ਼ਿਲਾਂ ਇਮਾਰਤਾਂ ਦੇ ਲਾਲਚ ਵਿਚ ਧਰਤੀ ਨੂੰ ਰੁੱਖਾਂ ਵਿਹੀਨ ਕਰ ਰਹੇ ਹਨ। ਲੋਕਾਂ ਨੇ ਵੱਡੀਆਂ ਪ੍ਰਦੂਸ਼ਣ ਵਾਲੀਆਂ ਫ਼ੈਕਟਰੀਆਂ ਲਗਾਈਆਂ ਹਨ ਜਿਸ ਨਾਲ ਸਿਹਤ ਦਾ ਨੁਕਸਾਨ ਹੋ ਰਿਹਾ ਹੈ।

ਇਹ ਨਵੀਆਂ ਬਸਤੀਆਂ ਇੱਟਾਂ ਇਹ ਪੱਥਰ ਦੂਰ ਤਕ ਰੇਤਾ
ਭਲਾ ਇੱਥੇ ਕਿਵੇਂ ਸਾਵਣ 'ਚ ਹਰਿਆਲੀ ਨਜ਼ਰ ਆਏ।

(*ਧੁੰਦ* 46)

ਸੁਰਜੀਤ ਸਖੀ ਆਪਣੀ ਗ਼ਜ਼ਲ ਦੇ ਇਕ ਸ਼ਿਅਰ ਰਾਹੀਂ ਸ਼ਾਹੂਕਾਰਾਂ ਦੀਆਂ ਵੱਡੀਆਂ ਕੋਠੀਆਂ ਦਾ ਵਰਣਨ ਕਰਦੀ ਹੈ ਕਿ ਕਿਵੇਂ ਇਹ ਗਰੀਬਾਂ ਦਾ ਖ਼ੂਨ ਚੂਸ ਕੇ ਬਣੀਆਂ ਹਨ। ਅਕਸਰ ਇਹ ਦੇਖਿਆ ਗਿਆ ਹੈ ਕਿ ਅਮੀਰਾਂ ਦੇ ਘਰਾਂ ਦੀਆਂ ਕੋਠੀਆਂ ਅਤੇ ਮਹਿਲਾਂ ਦੀਆਂ ਕੰਧਾਂ ਗਰੀਬਾਂ ਦੇ ਖ਼ੂਨ ਪਸੀਨੇ ਦੀ ਕਮਾਈ ਨਾਲ ਹੀ ਬਣੀਆਂ ਹੁੰਦੀਆਂ ਹਨ। ਰਾਜਨੇਤਾ ਲੋਕ ਆਮ ਜਨਤਾ ਨੂੰ ਆਪਸ ਵਿਚ ਲੜਾ ਕੇ ਉਹਨਾਂ ਦੀ ਲੜਾਈ ਤੋਂ ਬਹੁਤ ਫਾਇਦੇ ਲੈਂਦੇ ਹਨ ਅਤੇ ਮੋਟੀ ਕਮਾਈ ਕਰਦੇ ਹਨ।ਫ਼ੁੱਟ ਪਾਉ ਅਤੇ ਰਾਜ ਕਰੋ ਦੀ ਨੀਤੀ ਵਾਲਾ ਕੰਮ ਧਰਮਾਂ ਦੇ ਪੈਰੋਕਾਰ ਅਤੇ ਰਾਜਨੇਤਾ ਲੋਕ ਆਪਣੇ ਫ਼ਾਇਦੇ ਲਈ ਕਰਦੇ ਨਜ਼ਰ ਆਉਂਦੇ ਹਨ।

ਇਹ ਲੋਕਾਂ ਨੂੰ ਲੜਾ ਕੇ ਪਾੜ ਕੇ ਪਰਵਾਨ ਚੜ੍ਹੀਆਂ ਨੇ
ਲਹੂ ਪੀ ਪੀ ਕੇ ਮਜਬੂਰਾਂ ਦਾ ਅਕਸਰ ਪੱਕਦੀਆਂ ਕੰਧਾਂ।

(*ਧੁੰਦ* 62)

ਪਰਵਾਸੀ ਗ਼ਜ਼ਲਕਾਰਾ ਸੁਰਜੀਤ ਸਖੀ ਆਪਣੇ ਸ਼ਿਅਰ ਰਾਹੀਂ ਕਿਰਤੀ ਦੀ ਮਿਹਨਤ ਅਤੇ ਉਸ ਨੂੰ ਪੂਰਾ ਮੁਆਵਜ਼ਾ ਨਾ ਮਿਲਣ ਦੇ ਦੁੱਖ ਨੂੰ ਬਿਆਨਦੀ ਹੈ। ਸ਼ਾਹੂਕਾਰ ਲੋਕ ਮਜ਼ਦੂਰਾਂ ਦੀ ਮਿਹਨਤ ਨਾਲ ਕੀਤੀ ਕਮਾਈ ਵੀ ਉਹਨਾਂ ਨੂੰ ਨਹੀਂ ਦਿੰਦੇ ਜਦ ਕਿ ਉਹ ਗਰੀਬ ਪੂਰੀ ਮਿਹਨਤ ਨਾਲ ਕੰਮ ਕਰਦਾ ਹੈ ਫਿਰ ਵੀ ਉਸ ਨੂੰ ਉਸ ਦੀ ਮਿਹਨਤ ਦੇ ਪੈਸੇ ਨਹੀਂ ਮਿਲਦੇ।

### 3.3 ਮਜਦੂਰ ਵਰਗ:

ਇਕ ਗਰੀਬ ਆਦਮੀ ਲਈ ਉਸ ਦੇ ਪਰਿਵਾਰ ਦੀ ਭੁੱਖ ਦੇ ਅੱਗੇ ਉਸ ਨੂੰ ਕੁੱਝ ਵੀ ਨਹੀਂ ਸੁੱਝਦਾ। ਉਹ ਆਪਣੀਆਂ ਇਹਨਾਂ ਜ਼ਿੰਮੇਵਾਰੀਆਂ ਵਿਚੋਂ ਹੀ ਨਹੀਂ ਨਿਕਲ ਪਾਉਂਦਾ ਤਾਂ ਉਸ ਨੂੰ ਆਪਣੀ ਜਵਾਨੀ ਦੇ ਦਿਨ ਕਦੋਂ ਆਏ ਤੇ ਕਦੋਂ ਲੰਘ ਗਏ ਦਾ ਅਹਿਸਾਸ ਤੱਕ ਨਹੀਂ ਹੁੰਦਾ। ਉਸ ਨੂੰ ਆਪਣੀ ਜਵਾਨੀ ਦੇ ਖ਼ੂਬਸੂਰਤ ਦਿਨਾਂ ਨੂੰ ਖੁੱਲ ਕੇ ਜੀਵਿਆ ਹੀ ਨਹੀਂ। ਬਸ ਉਸ ਅੱਗੇ ਤਾਂ ਆਪਣੇ ਪਰਿਵਾਰ ਦੇ ਭੁੱਖੇ ਢਿੱਡ ਦਾ ਹੀ ਖਿਆਲ ਹਮੇਸ਼ਾ ਰਹਿੰਦਾ ਹੈ ਇਸ ਲਈ ਉਹ ਭਰ ਜਵਾਨੀ ਵਿਚ ਐਸ਼ ਪ੍ਰਸਤੀ ਦੀ ਬਜਾਏ ਖੇਤਾਂ ਵਿਚ ਫ਼ਸਲ ਦੀ ਬੀਜ ਬੀਜਾਈ ਅਤੇ ਰਾਖੀ ਦੇ ਆਹਰ ਵਿਚ ਹੀ ਲੱਗਿਆ ਰਿਹਾ। ਕਿਰਤੀ ਮਨੁੱਖ ਲਈ ਆਰਥਿਕ ਮੰਦਹਾਲੀ ਇਸ ਕਦਰ ਭਾਰੂ ਹੋ ਗਈ ਹੈ ਕਿ ਉਸ ਨੂੰ ਢਿੱਡ ਦੀ ਭੁੱਖ ਅੱਗੇ ਆਪਣੇ ਸ਼ੌਂਕ-ਸ਼ਿੰਗਾਰ ਕਦੇ ਦਿਸੇ ਹੀ ਨਹੀਂ।

ਪੇਟ ਦੀ ਭੁੱਖ ਖੜ੍ਹੀ ਸੀ ਮੇਰੇ ਸਾਹਮਣੇ
ਤੇ ਮੈਂ ਮੱਕੀ ਦੀ ਰਾਖੀ ਹੀ ਕਰਦਾ ਰਿਹਾ,
ਕਦ ਉਹ ਆਈ ਤੇ ਕਦ ਤੁਰ ਗਈ ਕੀ ਪਤਾ
ਰੁੱਤ ਗੁਲਾਬਾਂ ਦੀ ਅੱਖਾਂ ਨੇ ਮਾਣੀ ਹੀ ਨਹੀਂ।

(*ਸਾਰੰਗੀ*68)

ਸਤੀਸ਼ ਗੁਲਾਟੀ ਆਪਣੇ ਸ਼ਿਅਰ ਰਾਹੀਂ ਗਰੀਬ ਦੀ ਗਰੀਬੀ ਨੂੰ ਦਰਸਾਉਂਦਾ ਹੈ ਕਿ ਅਸੀਂ ਉਸ ਦੇਸ਼ ਦੇ ਨਿਵਾਸੀ ਹਾਂ ਜਿੱਥੇ ਦੀ ਜਨਤਾ ਭੁੱਖ-ਮਰੀ ਨਾਲ ਤੜਪ ਰਹੀ ਹੈ। ਜਿਨ੍ਹਾਂ ਦੇ ਸਿਰਾਂ ਤੇ ਛੱਤਾਂ ਨਹੀਂ ਹਨ। ਉੱਥੋਂ ਦਿਆਂ ਵਸਨੀਕਾਂ ਦੀ ਅੱਧੀ ਜ਼ਿੰਦਗੀ ਤਾਂ ਆਪਣੇ ਆਪ ਨੂੰ ਸਥਿਤੀ ਅਨੁਸਾਰ ਢਾਲਣ ਵਿਚ ਹੀ ਲੰਘ ਜਾਂਦੀ ਹੈ। ਕਦੋਂ ਉਹਨਾਂ ਤੇ ਜਵਾਨੀ ਆਉਂਦੀ ਹੈ ਅਤੇ ਕਦੋਂ ਬੁਢਾਪਾ ਆ ਜਾਂਦਾ ਹੈ। ਉਹ ਇਸ ਮੰਜ਼ਰ ਤੋਂ ਬੇਖਬਰ ਰਹਿੰਦਾ ਹੈ।

ਅਰਥ ਵਿਕਸਤ ਦੇਸ਼ ਵਿਚਲੇ ਆਦਮੀ ਦੀ ਉਮਰ ਹੀ,
ਆਪਣਾ ਆਪਾ ਸਥਿਰਤਾ 'ਤੇ ਲਿਆਉਂਦੇ ਕਟ ਗਈ।

(*ਚੁੱਪ ਦੇ ਖ਼ਿਲਾਫ਼* 88)

ਗ਼ਜ਼ਲਕਾਰ ਇਸ ਗੱਲ ਲਈ ਚਿੰਤਤ ਹੈ ਕਿ ਸਰਕਾਰ ਨੂੰ ਗਰੀਬਾਂ ਦੀ ਆਰਥਿਕ ਸਥਿਤੀ ਸੁਧਾਰਨ ਲਈ ਉਹਨਾਂ ਨੂੰ ਚੰਗੇ ਰੋਜ਼ਗਾਰ ਦੇਣੇ ਚਾਹੀਦੇ ਹਨ। ਜੇ ਉਹ ਆਪਣਾ ਕੰਮ ਖੋਲਣ ਤਾਂ ਉਹਨਾਂ ਦੀ ਵਧੀਆ ਸਰਕਾਰੀ ਸਕੀਮਾਂ ਰਾਹੀਂ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਦੇਸ਼ ਦੀ ਅਰਥ ਵਿਵਸਥਾ ਵਿਚ ਸੁਧਾਰ ਹੋ ਸਕੇ।

### 3.4 ਅਮੀਰ-ਗਰੀਬ ਵਿਚਲਾ ਪਾੜਾ:

ਗਰੀਬ ਮਜ਼ਦੂਰਾਂ ਦੀਆਂ ਔਰਤਾਂ ਵੀ ਪੂਰੀ ਹੀ ਮਿਹਨਤ ਨਾਲ ਕੰਮ ਕਰਦੀਆਂ ਹਨ ਪਰ ਉਹਨਾਂ ਦੀ ਮਜ਼ਦੂਰੀ ਕੱਟ ਲਈ ਜਾਂਦੀ ਹੈ ਕਿਉਂ ਕਿ ਉਹ ਇਕ ਔਰਤ ਹੈ ਅਤੇ ਇਹ ਸਮਝਿਆ ਜਾਂਦਾ ਹੈ ਕਿ ਇਕ ਔਰਤ ਮਰਦ ਦੇ ਬਰਾਬਰ ਮਜ਼ਦੂਰੀ ਲੈਣ ਦੀ ਹੱਕਦਾਰ ਕਿਉਂ ਨਹੀਂ ਹੈ? ਜਦ ਕਿ ਉਸ ਦੀ ਮਿਹਨਤ ਵੀ ਮਰਦ ਦੇ ਬਰਾਬਰ ਹੀ ਹੁੰਦੀ ਹੈ ਪਰ ਪੈਸੇ ਘੱਟ ਮਿਲਦੇ ਹਨ। ਸਾਡੇ ਸਿਸਟਮ ਵਿਚ ਇਹ ਸਭ ਕੁੱਝ ਚੱਲ ਰਿਹਾ ਹੈ ਪਰ ਕੋਈ ਵੀ ਇਸ ਦੇ ਖ਼ਿਲਾਫ਼ ਆਵਾਜ਼ ਨਹੀਂ ਉਠਾਉਂਦਾ। ਔਰਤਾਂ ਲਈ ਕੋਈ ਨਾ ਕੋਈ ਇਸ ਤਰ੍ਹਾਂ ਦੀ ਪੋਲਿਸੀ ਜ਼ਰੂਰ ਹੋਣੀ ਚਾਹੀਦੀ ਹੈ ਜਿਸ ਨਾਲ ਉਹ ਬਰਾਬਰ ਦੇ ਹੱਕ ਲੈ ਸਕੇ। ਪਰ ਅਜੋਕੇ ਦੌਰ ਵਿਚ ਇਸ ਤਰ੍ਹਾਂ ਦਾ ਕਿਤੇ-ਕਿਤੇ ਹੋ ਵੀ ਰਿਹਾ ਹੈ ਕਿ ਔਰਤਾਂ ਮਰਦਾਂ ਤੋਂ ਵੀ ਵੱਧ ਕੇ ਕਮਾਈ ਕਰ ਰਹੀਆਂ ਹਨ।ਇਸ ਸੰਦਰਭ ਵਿਚ ਪਰਵਾਸੀ ਸ਼ਾਇਰਾ ਸੁਰਜੀਤ ਸਖੀ ਦੇ ਸ਼ਬਦ ਹਨ:

ਉਸ ਦੀ ਮਿਹਨਤ ਪੂਰੀ ਸੀ
ਫਿਰ ਵੀ ਰਕਮ ਅਧੂਰੀ ਸੀ
ਸਭ ਦੇ ਮੂੰਹ 'ਤੇ ਤਾਲੇ ਸਨ
ਖ਼ਵਰੇ ਕੀ ਮਜਬੂਰੀ ਸੀ।

(*ਧੁੰਦ* 73)

ਪੰਜਾਬੀ ਕਵੀ ਤਰਲੋਕ ਬੀਰ *'ਸ਼ੀਸ਼ਾ'* ਵਿਚ ਤਾਹਿਰਾ ਸਰਾ ਦੀ ਗ਼ਜ਼ਲਕਾਰੀ ਬਾਰੇ ਬਹੁਤ ਸੋਹਣੇ ਵਿਚਾਰ ਹਨ:

> "ਤਾਹਿਰਾ ਨੇ ਇਹ ਸਾਰਾ ਕਲਾਮ ਪੂਰੀ ਸ਼ਿਦਤ ਨਾਲ ਆਪਣੀਆਂ ਹੰਢਾਈਆਂ ਤੇ ਟੇਕ ਰੱਖ ਕੇ ਸਿਰਜਿਆ ਹੈ। ਉਸ ਨੇ ਆਪਣੀ ਸੋਚ ਤੇ ਲਿਖਤ 'ਚ ਕੋਈ ਦੂਰੀ ਨਾ ਰਹਵੇ ਇਸ ਨੂੰ ਯਕੀਨੀ ਬਣਾਉਣ ਲਈ ਆਪਣੇ ਆਪ ਨੂੰ ਸ਼ੀਸ਼ਾ ਬਣਾ ਧਰਿਆ ਜਿਸ ਵਿਚੋਂ ਪੂਰਾ ਸੱਚ ਇੰਨ-ਬਿੰਨ ਨਜ਼ਰ ਆਵੇ ਤੇ ਖ਼ੁਸ਼ਬੂ ਵਾਂਗ ਫ਼ਿਜ਼ਾ ਵਿਚ ਚੁਫ਼ੇਰੇ ਫੈਲ ਜਾਵੇ।"(18)

ਪਾਕਿਸਤਾਨੀ ਗ਼ਜ਼ਲਕਾਰਾ ਆਪਣੀ ਗ਼ਜ਼ਲ ਰਾਹੀਂ ਇਕ ਗਰੀਬ ਮਜ਼ਦੂਰ ਔਰਤਦੇ ਦਰਦ ਨੂੰ ਬਿਆਨ ਕਰ ਰਹੀ ਹੈ ਕਿ ਇਕ ਮਜ਼ਦੂਰ ਔਰਤ ਨੂੰ ਆਪਣੇ ਘਰ ਦੀਆਂ ਜ਼ਿੰਮੇਦਾਰੀਆਂ ਅੱਗੇ ਕੁੱਝ ਵੀ ਚੰਗਾ ਨਹੀਂ ਲੱਗਦਾ। ਉਹ ਘਰ ਦੀ ਭੁੱਖ ਨੰਗ ਨਾਲ ਜੂਝਦੀ ਹੋਈ ਮਰਦ ਦੇ ਬਰਾਬਰ ਮਜ਼ਦੂਰੀ ਕਰ ਰਹੀ ਹੈ ਅਤੇ ਪਰਿਵਾਰ ਦਾ ਪੇਟ ਪਾਲ ਰਹੀ ਹੈ। ਇਸ ਸਭ ਜਿੰਮੇਵਾਰੀਆਂ ਨਾਲ ਲੜ੍ਹਦੀ ਹੋਈ ਨੂੰ ਆਪਣੇ ਸ਼ੌਂਕ ਸ਼ਿੰਗਾਰ ਹੀ ਭੁੱਲ ਗਏ ਹਨ। ਉਹ ਇਹ ਮਹਿਸੂਸ ਕਰ ਰਹੀ ਹੈ ਕਿ ਉਸ ਦਾ ਲੱਕ ਤਾਂ ਜਿੰਮੇਦਾਰੀਆਂ ਦੇ ਬੋਝ ਨਾਲ ਹੀ ਟੁੱਟਿਆ ਪਿਆ ਹੈ ਇਸ ਟੁੱਟੇ ਲੱਕ ਉੱਤੇ ਲਾਲ ਪਰਾਂਦਾ ਕੀ ਰੰਗ ਬਿਖੇਰੇਗਾ। ਗਰੀਬੀ ਦੇ ਹਾਲਾਤਾਂ ਨਾਲ ਲੜ੍ਹਦੀ ਹੋਈ ਔਰਤ ਸਾਰੇ ਸ਼ੌਂਕ ਸ਼ਿੰਗਾਰਾਂ ਤੋਂ ਮਨਫ਼ੀ ਹੋ ਚੁੱਕੀ ਹੈ।ਆਰਥਿਕਤਾ ਦੀ ਮਾਰੀ ਔਰਤ ਪਰਿਵਾਰ ਨੂੰ ਪਾਲਣ-ਪੋਸ਼ਣ ਵਿਚ ਇੰਨੀ ਰੁਝ ਜਾਂਦੀ ਹੈ ਕਿ ਉਸ ਨੂੰ ਆਪਣੇ ਸਭਿਆਚਾਰਕ ਚਿੰਨ੍ਹ ਲਾਲ

ਪਰਾਂਦੇ ਵੀ ਕਿਧਰੇ ਦਿਖਾਈ ਨਹੀਂ ਦਿੰਦੇ ਉਹ ਕਿੱਲੀਆਂ ’ਤੇ ਹੀ ਟੰਗੇ ਰਹਿ ਜਾਂਦੇ ਹਨ।ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ‘ਸ਼ੀਸ਼ਾ’ ਪੁਸਤਕ ਰਾਹੀਂ ਆਰਥਿਕਤਾ ਦੇ ਸੰਦਰਭ ਵਿਚ ਕਿਰਤੀਆਂ-ਕਮੀਆਂ ਦੇ ਘਰ ਦੀ ਹਾਲਾਤਾਂ ਦਾ ਵਰਣਨ ਆਪਣੇ ਇਸ ਸ਼ਿਅਰ ਰਾਹੀਂ ਕਰਦੀ ਹੈ।

ਲੱਕ ਅਸਾਡੇ ਟੁੱਟੇ ਪਏ ਨੇ

ਕੀ ਕਰਨਾ ਏ ਲਾਲ ਪਰਾਂਦਾ।

(*ਸ਼ੀਸ਼ਾ* 52)

ਆਰਥਿਕ ਪੱਖ ਤੋਂ ਨਿਮਨ ਵਰਗ ਦੀ ਔਰਤ ਨੂੰ ਸੰਤਾਪ ਹੰਢਾਉਂਦਿਆਂ ਪੇਸ਼ ਕੀਤਾ ਗਿਆ ਹੈ। ਔਰਤ ਅੱਠੇ ਪਹਿਰ ਤਨ ਤੇ ਤਸੀਹੇ ਝੱਲ ਕੇ ਮੁਸ਼ੱਕਤ ਕਰ ਕੇ ਆਪਣਾ ਜੀਵਨ ਨਿਰਬਾਹ ਕਰਦੀ ਹੈ। ਸਾਡੇ ਨਿਮਨ ਵਰਗ ਦੀ ਇਹ ਉਹ ਔਰਤ ਹੈ ਜੋ ਸਖ਼ਤ ਮਿਹਨਤ ਦੇ ਬਾਵਜੂਦ ਵੀ ਆਪਣੀ ਮਨ-ਮਰਜ਼ੀ ਦਾ ਖਾ ਹੰਢਾ ਨਹੀਂ ਸਕਦੀ। ਘਰੇਲੂ ਜ਼ਿੰਮੇਵਾਰੀਆਂ ਉਸ ਨੂੰ ਮਜਬੂਰ ਅਤੇ ਲਾਚਾਰ ਬਣਾ ਦਿੰਦੀਆਂ ਹਨ। ਸਾਡੇ ਸਮਾਜ ਵਿਚ ਔਰਤਾਂ ਅਤੇ ਮਰਦਾਂ ਦਾ ਦਰਜਾ ਬਰਾਬਰ ਨਹੀਂ ਹੈ ਖਾਸ ਕਰ ਕੇ ਦਲਿਤ ਵਰਗ ਵਿਚ ਤਾਂ ਇਹ ਪਾੜਾ ਜ਼ਿਆਦਾ ਹੈ। ਇਸ ਵਰਗ ਦੀ ਔਰਤ ਮਰਦ ਦੇ ਬਰਾਬਰ ਹੀ ਸਖ਼ਤ ਮਿਹਨਤ ਕਰਦੀ ਹੈ ਪਰ ਉਸ ਨੂੰ ਮਰਦ ਦੇ ਬਰਾਬਰ ਰੁਤਬਾ ਹਾਸਿਲ ਨਹੀਂ ਹੁੰਦਾ। ਇਹਨਾਂ ਔਰਤਾਂ ਦੇ ਜੀਵਨ ਦੀਆਂ ਉਮੰਗਾਂ ਅਤੇ ਸੱਧਰਾਂ ਦਾ ਸਾਹ ਹਮੇਸ਼ਾ ਘੁਟਿਆ ਹੀ ਰਹਿੰਦਾ ਹੈ। ਆਰਥਿਕ ਤੰਗੀਆਂ ਦੇ ਕਾਰਨ ਇਸ ਵਰਗ ਦੀਆਂ ਔਰਤਾਂ ਦੀਆਂ ਸੱਧਰਾਂ ਦਾ ਹਮੇਸ਼ਾ ਖ਼ੂਨ ਹੀ ਵਹਿੰਦਾ ਹੈ। ਜਿਸ ਨੂੰ ਸਾਡੇ ਗ਼ਜ਼ਲਕਾਰਾਂ ਨੇ ਆਪਣੀਆਂ ਗ਼ਜ਼ਲਾਂ ਵਿਚ ਬਹੁਤ ਹੀ ਸ਼ਿਦਤ ਨਾਲ ਚਿਤਰਿਆ ਹੈ। ਆਰਥਿਕ ਪਾੜੇ ਵਾਲੇ ਸਮਾਜ ਵਿਚ ਗਰੀਬ ਮਜ਼ਦੂਰ ਦਾ ਜੋ ਸ਼ੋਸ਼ਣ ਹੁੰਦਾ ਹੈ ਉਸਦਾ ਇਕ ਵੱਡਾ ਕਾਰਨ ਅਨਪੜ੍ਹਤਾ, ਗਰੀਬੀ ਤੇ ਅਚੇਤਨਤਾ ਹੈ। ਅਗਿਆਨ ਅਤੇ ਅਚੇਤਨਤਾ ਕਾਰਨ ਨਿਮਨ ਵਰਗ ਦੇ ਲੋਕਾਂ ਦਾ ਜੋ ਸ਼ੋਸ਼ਣ ਹੋ ਰਿਹਾ ਹੈ ਉਹ ਉਹਨਾਂ ਦੀ ਗਰੀਬੀ ਦਾ ਵੱਡਾ ਕਾਰਨ ਬਣਦਾ ਹੈ। ਫਿਰ ਵੀ ਮਜ਼ਦੂਰ ਵਰਗ ਇਸਪ੍ਰਤੀ ਅਗਿਆਨਤਾ ਦੇ ਹਨੇਰੇ ਵਿਚ ਜਿਉਂ ਰਹੇ ਹਨ। ਇਹ ਲੋਕ ਪੀੜ੍ਹੀ-ਦਰ-ਪੀੜ੍ਹੀ ਸ਼ੋਸ਼ਕ ਵਰਗ ਦੀ ਗੁਲਾਮੀ ਕਰਦੇ ਹਨ। ਗੁਲਾਮੀ ਦੇ ਦੌਰ ਵਿਚ ਭਾਰਤੀ ਸਮਾਜ ਵਿਚ ਮੌਜੂਦ ਆਰਥਿਕ ਪਾੜੇ ਵਿਚ ਹੋਰ ਵਾਧਾ ਹੋਇਆ ਹੈ। ਲੋਕਾਂ ਨੂੰ ਇਹ ਆਸ ਸੀ ਕਿ ਗੁਲਾਮੀ ਤੋਂ ਮੁਕਤੀ ਪ੍ਰਾਪਤ ਕਰ ਲੈਣ ਨਾਲ ਆਰਥਿਕ ਬਰਾਬਰੀ ਮਿਲ ਜਾਵੇਗੀ ਕਿਉਂ ਕਿ ਦੇਸ਼ ਦੀ ਆਜ਼ਾਦੀ ਵੇਲੇ ਬਣਾਏ ਗਏ ਸੰਵਿਧਾਨ ਵਿਚ ਹਰ ਵਿਅਕਤੀ ਨੂੰ ਬਰਾਬਰੀ ਵਾਲੇ ਅਧਿਕਾਰ ਦਿੱਤੇ ਗਏ ਹਨ ਪਰ ਅਜਿਹਾ ਸਿਰਫ਼ ਕਿਤਾਬਾਂ ਵਿਚ ਤੱਕਹੀ ਸੀਮਤ ਹੋ ਕੇ ਰਹਿ ਗਿਆ ਹੈ। ਸਗੋਂ ਸਥਿਤੀ ਇਸ ਦੇ ਉਲਟ ਹੋ ਗਈ। ਆਜ਼ਾਦੀ ਪ੍ਰਾਪਤੀ ਤੋਂ ਬਾਅਦ ਭਾਰਤੀ ਸਮਾਜ ਵਿਚ ਆਰਥਿਕ ਪਾੜਾ ਹੋਰ ਵੱਧ ਗਿਆ ਅਤੇ ਕੋਹੜ ਰੂਪੀ ਆਰਥਿਕ ਪਾੜੇ ਅਤੇ ਆਰਥਿਕ ਸ਼ੋਸ਼ਣ ਨੂੰ ਅਣਦੇਖਿਆ ਕੀਤਾ ਜਾ ਰਿਹਾ ਹੈ। ਭਾਰਤੀ ਸਮਾਜ ਵਿਚ ਇਹ ਸਿਰਫ਼ ਨਾਅਰਾ ਬਣ ਕੇ ਹੀ ਰਹਿ ਗਿਆ ਹੈ। ਨਿਮਨ ਲੋਕਾਂ ਦੀ ਸਥਿਤੀ ਉੱਥੇ ਹੀ ਖੜੀ ਹੈ ਜਿੱਥੇ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਖੜੀ ਸੀ।

ਗੁਰਭਜਨ ਗਿੱਲ ਆਪਣੀ ਗ਼ਜ਼ਲ ਰਾਹੀਂ ਮਜ਼ਦੂਰ ਬੱਚਿਆਂ ਦੀ ਸਥਿਤੀ ਨੂੰ ਬਿਆਨ ਕਰਦਾ ਕਹਿੰਦਾ ਹੈ ਕਿ ਗਰੀਬਾਂ ਦੇ ਬੱਚੇ ਪੈਰਾਂ ਤੋਂ ਨੰਗੇ ਰੱਦੀ ਚੁਕਦੇ ਫ਼ਿਰਦੇ ਹਨ ਅਤੇ ਅਮੀਰ ਘਰਾਂ ਦੇ ਬਾਲ ਸਕੂਲ ਪੜ੍ਹਣ ਚੱਲੇ ਹਨ ਕਿਉਂ ਕਿ ਅਮੀਰਾਂ ਦੇ ਬੱਚਿਆਂ ਨੂੰ ਹਰ ਸਹੂਲਤਾਂ ਮਿਲਦੀਆਂ ਹਨ ਜਦ ਕਿ ਗਰੀਬਾਂ ਦੇ ਬੱਚੇ ਤਾਂ ਭੁੱਖੇ ਢਿੱਡ ਨੂੰ ਭਰਨ ਦੇ ਆਹਰ ਵਿਚ ਹੀ ਲੱਗੇ ਰਹਿੰਦੇ ਹਨ। ਇਸ ਲਈ ਗਰੀਬਾਂ ਦੇ ਬੱਚਿਆਂ ਦੇ ਪੈਰ ਸਕੂਲਾਂ ਵੱਲ ਨੂੰ ਨਹੀਂ ਜਾਂਦੇ ਸਗੋਂ ਉਹ ਤਾਂ ਮਿਹਨਤ-ਮਜ਼ਦੂਰੀ ਕਰਨ ਵਿਚ ਲੱਗੇ ਹੋਏ ਹਨ।

ਨੰਗੇ ਪੈਰ ਤਾਂ ਰੱਦੀ ਚੁਗਦੇ, ਰਜਿਆਂ ਮੋਢੇ ਬਸਤੇ ਨੇ

ਇਕ ਤਾਂ ਪੜ੍ਹਣ ਸਕੂਲੀਂ ਚੱਲੇ, ਲਿੱਸਿਆਂ ਦੇ ਵੱਖ ਰਸਤੇ ਨੇ।

(*ਰਾਵੀ* 67)

ਗੁਰਭਜਨ ਗਿੱਲ ਗਰੀਬੀ ਬਾਰੇ ਲਿਖਦਾ ਕਹਿੰਦਾ ਹੈ ਕਿ ਜ਼ਰੂਰੀ ਨਹੀਂ ਕਿ ਹਰ ਇਕ ਦੀ ਜ਼ਿੰਦਗੀ ਸੁਖਾਵੀਂ ਹੀ ਹੋਵੇ। ਕੱਪੜੇ ਦਾ ਉਹ ਥਾਨ ਜੋ ਬਾਜ਼ਾਰਾਂ ਵਿਚ ਵਿਕਦਾ ਹੈ ਇਹ ਜ਼ਰੂਰੀ ਨਹੀਂ ਕਿ ਇਸ ਨੂੰ ਸਾਰੇ ਹੀ ਚਾਵਾਂ ਨਾਲ ਖਰੀਦ ਸਕਣ ਅਤੇ ਆਪਣੇ ਤਨ ’ਤੇ ਹੰਢਾ ਸਕਣ ਕਿਉਂ ਕਿ ਗਰੀਬਾਂ ਕੋਲ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਜੋਗਾ ਪੈਸਾ ਨਹੀਂ ਹੁੰਦਾ। ਜਿਵੇਂ ਥਾਨ ਦਾ ਕੱਪੜਾ ਕਿਸੇ ਲਈ ਤਾਂ ਸੋਹਣੇ ਮਨਮੋਹਕ ਵਸਤਰਾਂ ਦਾ ਰੂਪ ਲੈ ਲੈਂਦਾ ਹੈ ਅਤੇ ਕਿਸੇ ਲਈ ਇਸ ਨੂੰ ਖਰੀਦਣ ਦੀ ਸਿਰਫ਼ ਇੱਛਾ ਮਾਤਰ ਹੀ ਰਹਿ ਜਾਂਦੀ ਹੈ। ਗਰੀਬ ਆਦਮੀ ਆਪਣੇ ਪਰਿਵਾਰ ਨੂੰ ਪਾਲਦਾ ਹੋਇਆ ਇਸ ਨੂੰ ਖਰੀਦਣ ਵਿਚ ਅਸਮਰੱਥ ਹੈ। ਉਸ ਦੇ ਸਰੀਰ ਨੂੰ ਤਾਂ ਕੱਜਣ ਲਈ ਬਸ ਕੁੱਝ ਕੁ ਲੀਰਾਂ ਦੇ ਟੋਟੇ ਹੀ ਹੁੰਦੇ ਹਨ ਜਿਸ ਨਾਲ ਉਹ ਆਪਣਾ ਸਰੀਰ ਢੱਕਦਾ ਹੈ ਨਾ ਕਿ ਆਪਣੀਆਂ ਮਨਪਸੰਦ ਪੋਸ਼ਾਕਾਂ ਪਾ ਕੇ ਆਪਣੇ ਸ਼ੋਂਕ ਪੂਰੇ ਕਰਦਾ ਹੈ। ਅਜੋਕਾ ਦੌਰ ਅਜਿਹਾ ਵੀ ਆ ਗਿਆ ਹੈ ਕਿ ਹੁਣ ਛੋਟੇ ਅਤੇ ਘੱਟ ਕੱਪੜੇ ਪਾਉਣਾ ਅਮੀਰੀ ਅਤੇ ਹਾਈ ਸਟੇਟਸ ਦੀ ਨਿਸ਼ਾਨੀ ਸਮਝਿਆ ਜਾਣ ਲੱਗਾ ਹੈ ਜੋ ਸਾਡੇ ਸਮਾਜ ਨੂੰ ਢਾਹ ਲਾ ਰਿਹਾ ਹੈ।

ਸਾਬਤ ਕੱਪੜਾ ਵਸਤਰ ਬਣਦਾ ਕਿਸੇ ਲਈ

ਕਿਸੇ ਲਈ ਨੇ ਕੱਜਣ ਟੋਟੇ ਲੀਰਾਂ ਦੇ

(*ਮਨ ਪਰਦੇਸੀ* 17)

ਗੁਰਭਜਨ ਗਿੱਲ ਆਪਣੀ ਗ਼ਜ਼ਲ ਦੇ ਸੰਦਰਭ ਰਾਹੀਂ ਕਿਰਤੀ ਦੀ ਲੁੱਟ ਬਾਰੇ ਲਿਖਦੇ ਹਨ ਕਿ ਪੌਣੀ ਸਦੀ ਦੇ ਬੀਤ ਜਾਣ ਤੋਂ ਬਾਅਦ ਜਦ ਘਰ ਦੇ ਆਰਥਿਕ ਹਾਲਾਤਾਂ ਵਿਚ ਕੋਈ ਸੁਧਾਰ ਨਾ ਹੋਇਆ ਤਾਂ ਘਰ ਦੇ ਕੱਚੇ ਵਿਹੜੇ ਘਰ ਦੇ ਮਾਲਕ ਤੋਂ ਹੀ ਸਵਾਲ ਕਰਦੇ ਹਨ ਕਿ ਦੇਸ਼ ਆਜ਼ਾਦ ਹੋਏ ਨੂੰ ਇੰਨੇ ਸਾਲ ਹੋ ਗਏ ਹਨ ਪਰ ਸਾਡੇ ਵਿਹੜੇ ਵਿਚ ਆਜ਼ਾਦੀ ਨੇ ਪੈਰ ਕਿਉਂ ਨਹੀਂ ਪਾਇਆ? ਇਹ ਸਥਿਤੀ ਸਾਡੇ ਸਮਾਜ ਦੀ ਦੋਗਲੀ ਆਰਥਿਕਤਾ ਨੂੰ ਬਿਆਨ ਕਰਦੀ ਹੈ।

ਪੌਣੀ ਸਦੀ ਗੁਜ਼ਾਰਨ ਮਗਰੋਂ ਕੱਚੇ ਵਿਹੜੇ ਪੁੱਛਦੇ ਨੇ

ਹੁਕਮਰਾਨ ਜੀ ਉਹ ਆਜ਼ਾਦੀ ਸਾਡੇ ਘਰ ਕਿਉਂ ਆਈ ਨਹੀਂ?

(*ਮਨ ਪਰਦੇਸੀ* 93)

ਉਹਨਾਂ ਦਾ ਵਿਚਾਰ ਹੈ ਕਿ ਅਜੋਕੇ ਸਮਾਜ ਵਿਚ ਆਧੁਨਿਕ ਅਤੇ ਆਧੁਨਿਕਤਾ ਦੇ ਨਾਂ ਹੇਠ ਵੀ ਮਨੁੱਖੀ ਸ਼ਕਤੀ ਦਾ ਸ਼ੋਸ਼ਣ ਹੋ ਰਿਹਾ ਹੈ। ਗੁਰਭਜਨ ਗਿੱਲ ਕਿਰਤ ਦੀ ਲੁੱਟ ਬਾਰੇ ਆਪਣੀ ਸ਼ਾਇਰੀ ਰਾਹੀਂ ਲਿਖਦੇ ਹਨ ਕਿ ਗਰੀਬਾਂ ਦੇ ਬੱਚੇ ਬੇਚਾਰੇ ਆਪਣੇ ਮਜ਼ਦੂਰ ਮਾਂ-ਬਾਪ ਦਾ ਇੰਤਜ਼ਾਰ ਕਰਦੇ ਭੁੱਖੇ ਢਿੱਡ ਹੀ ਸੌਂ ਗਏ। ਉਹ ਬੱਚੇ ਵੀ ਮਾਂ-ਬਾਪ ਦਾ ਹੱਥ ਵਟਾਉਣ ਅਤੇ ਭੁੱਖੇ ਢਿੱਡ ਦੀ ਭੁੱਖ ਮਿਟਾਉਣ ਖਾਤਿਰ ਸੜਕਾਂ ਤੇ ਨੱਚ ਗਾ ਕੇ ਆਪਣਾ ਢਿੱਡ ਭਰਦੇ ਹਨ। ਉਹ ਰੋਟੀ ਦੇ ਇੰਤਜ਼ਾਰ ਲਈ ਭੁੱਖੇ ਪੇਟ ਹੀ ਸੌਂ ਜਾਂਦੇ ਹਨ।

ਪੇਟ ਵਜਾ ਕੇ ਗਾ ਕੇ ਭੁੱਖੇ ਰੱਜ ਗਏ

ਦੇਣ ਤਸੱਲੀ ਆਈਆਂ ਜਦ ਨੂੰ ਥਾਲੀਆਂ।

(*ਮਨ ਦੇ ਬੂਹੇ ਬਾਰੀਆਂ* 45)

ਅੱਜ ਦੇ ਹਾਲਾਤਾਂ ਵਿਚ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ। ਅਮੀਰ ਗਰੀਬ ਵਿਚਲੀ ਖਾਈ ਦਿਨੋਂ ਦਿਨ ਹੋਰ ਚੌੜੀ ਹੁੰਦੀ ਜਾ ਰਹੀ ਹੈ। ਅੱਜ ਕੱਲ ਮਹਿੰਗਾਈ ਦੇ ਦੌਰ ਵਿਚ ਆਰਥਿਕ ਮੰਦਹਾਲੀ ਦੀ ਮਾਰ ਝੱਲ ਰਿਹਾ ਗਰੀਬ ਮਨੁਖ ਆਪਣੇ ਠੰਡੇ ਭਾਵ ਬੁਝੇ ਹੋਏ ਚੁੱਲ੍ਹੇ ਅਤੇ ਖਾਲੀ ਭਾਂਡਿਆਂ ਨੂੰ ਵੇਖ ਕੇ ਚਿੰਤਤ ਰਹਿੰਦਾ ਹੈ। ਕਿਉਂ ਕਿ ਸ਼ਾਹੂਕਾਰ ਲੋਕ ਉਸਤੋਂ ਮਜ਼ਦੂਰੀ ਤਾਂ ਪੂਰੀ ਕਰਵਾ ਲੈਂਦੇ ਹਨ ਪਰ ਉਸ ਦਾ ਅੱਧ ਮੁੱਲ ਵੀ ਨਹੀਂ ਪਾਉਂਦੇ। ਜਿਸ ਕਾਰਨ ਬੇਚਾਰਾ ਮਜ਼ਦੂਰ ਲਾਚਾਰ ਤੇ ਪਰੇਸ਼ਾਨ ਹੋਇਆ ਗਰੀਬੀ ਦੀ ਮਾਰ ਝੱਲ ਰਿਹਾ ਹੈ। ਉਹ ਵਿਚਾਰਾ ਆਪਣੇ ਬਾਲਾਂ ਨੂੰ ਦੋ ਵਕਤ ਦੀ ਰੋਟੀ ਦੇਣ ਦੇ ਯੋਗ ਨਹੀਂ ਹੈ। ਖਾਲੀ ਭਾਂਡਿਆਂ ਅਤੇ ਵਿਲਕਦੇ ਬਾਲਾਂ ਦੇ ਖਾਲੀ ਢਿੱਡਾਂ ਨੂੰ ਵੇਖਦਾ ਕੁਰਲਾਉਂਦਾ ਹੈ।

ਠੰਡਾ ਚੁੱਲ੍ਹਾ ਖਾਲੀ ਬੋਰੀ ਸੱਖਣੇ ਪੀਪੇ ਰੋਂਦੇ

ਵੇਖ ਭੜੋਲੀਆਂ ਖ਼ਾਲੀ-ਖ਼ਾਲੀ ਸਾਹ-ਸਤ ਮੁੱਕਦਾ ਜਾਵੇ।

(*ਮਨ ਦੇ ਬੂਹੇ ਬਾਰੀਆਂ* 57)

ਅਮੀਰਾਂ ਦੀਆਂ ਨੀਤਾਂ ਹਮੇਸ਼ਾ ਤੋਂ ਹੀ ਮਾੜੀਆਂ ਰਹਿੰਦੀਆਂ ਹਨ। ਉਹਨਾਂ ਕੋਲ ਜਿਨ੍ਹਾਂ ਪੈਸਾ ਹੁੰਦਾ ਹੈ ਉਹ ਉਨੇ ਪੈਸੇ ਨਾਲ ਸੰਤੁਸ਼ਟ ਨਹੀਂ ਹੁੰਦੇ ਸਗੋਂ ਹੋਰ ਪੈਸਿਆਂ ਦੇ ਲਾਲਚ ਵਿਚ ਜਾਇਜ਼ ਅਤੇ ਨਾਜਾਇਜ਼ ਕੋਈ ਵੀ ਕੰਮ ਕਰਨ ਤੋਂ

ਨਹੀਂ ਝਿਜਕਦੇ। ਮਨੁੱਖ ਦੀ ਇਹ ਫ਼ਿਤਰਤ ਹੈ ਕਿ ਉਹ ਕਦੇ ਵੀ ਸੰਤੁਸ਼ਟ ਨਹੀਂ ਹੁੰਦਾ। ਮਨੁੱਖ ਦੀ ਇਸ ਫ਼ਿਤਰਤ ਨੂੰ ਪੰਜਾਬੀ ਗ਼ਜ਼ਲਗੋ ਗੁਰਭਜਨ ਗਿੱਲ ਆਪਣੇ ਸ਼ਿਅਰ ਰਾਹੀਂ ਪ੍ਰਗਟ ਕਰਦਾ ਹੈ। ਕੁੱਝ ਨਾ ਹੋਣ 'ਤੇ ਰੱਬ ਕੋਲੋਂ ਥੋੜਾ ਮੰਗਦਾ ਹੈ ਫਿਰ ਥੋੜੇ ਤੋਂ ਬਹੁਤਾ ਅਤੇ ਬਹੁਤੇ ਤੋਂ ਢੇਰ ਸਾਰਾ ਮੰਗਦਾ ਹੈ। ਅਮੀਰ ਜੋ ਹਰ ਪੱਖੋਂ ਰੱਜੇ ਹੁੰਦੇ ਹਨ ਤਾਂ ਵੀ ਰੱਬ ਤੋਂ ਰੋ ਕੁਰਲਾ ਕੇ ਹੋਰ ਦੌਲਤਾਂ ਦੀ ਮੰਗ ਕਰਦੇ ਹਨ ਪਰ ਇਸ ਦੇ ਉਲਟ ਗਰੀਬ ਲੋਕ ਜੋ ਰੋਟੀ ਤੋਂ ਵੀ ਅਵਾਜ਼ਾਰ ਹੋਏ ਹੁੰਦੇ ਹਨ ਉਹ ਕਿਸੇ ਜੂਠ ਜਾਂ ਫਿਰ ਰੁੱਖੀ-ਸੁੱਕੀ ਖਾ ਕੇ ਸੰਤੁਸ਼ਟ ਹੋਏ ਨੀਂਦ ਦੀ ਗੋਦੀ ਜਾ ਬਹਿੰਦੇ ਹਨ।

ਰੱਜੇ ਪੁੱਜੇ ਲੋਕੀਂ ਰੋ ਰੋ ਹੋਰ ਦੌਲਤਾਂ ਮੰਗਦੇ ਨੇ

ਰੁੱਖੀ ਮਿੱਸੀ ਖਾ ਸੌਂ ਜਾਂਦੇ ਲਾਡ ਲਡਾਏ ਭੁੱਖਾਂ ਦੇ।

(*ਮਨ ਦੇ ਬੂਹੇ ਬਾਰੀਆਂ* 117)

ਗੁਰਭਜਨ ਗਿੱਲ ਆਪਣੇ ਸ਼ਿਅਰ ਰਾਹੀਂ ਅਮੀਰ ਅਤੇ ਗਰੀਬ ਵਿਚਲੇ ਫ਼ਾਸਲੇ ਨੂੰ ਦਰਸਾਉਂਦਾ ਹੈ ਕਿ ਅਮੀਰ-ਗਰੀਬ ਵਿਚ ਬਹੁਤ ਵੱਡਾ ਪਾੜਾ ਹੈ। ਇਹ ਪਾੜਾ ਦਿਨ-ਬ-ਦਿਨ ਵੱਧਦਾ ਹੀ ਜਾ ਰਿਹਾ ਹੈ। ਰੱਜਿਆਂ ਨੂੰ ਤਾਂ ਵੰਨ-ਸੁਵੰਨੇ ਪਕਵਾਨਾਂ ਨਾਲ ਚੰਗੀ ਤਰ੍ਹਾਂ ਰਜਾਇਆ ਜਾਂਦਾ ਹੈ ਜਦ ਕਿ ਗਰੀਬਾਂ ਨੂੰ ਉਹੀ ਕੱਚੀ ਲੱਸੀ ਪਰੋਸ ਦਿੱਤੀ ਜਾਂਦੀ ਹੈ। ਮਨੁੱਖ ਨੇ ਸਮਾਜ ਦੀ ਸਿਰਜਣਾ ਕੀਤੀ ਅਤੇ ਇਸਦੇ ਵਿਕਾਸ ਵਿਚ ਹਰ ਭੂਮਿਕਾ ਨੂੰ ਅਦਾ ਕੀਤਾ ਪਰ ਨਾਲ ਹੀ ਅਮੀਰ ਤੇ ਗਰੀਬ ਦਾ ਸੰਕਲਪ ਰੱਬ ਦੀ ਸਿਰਜਣਾ ਉਪਰ ਪਾ ਦਿੱਤਾ ਗਿਆ। ਇਹ ਵੱਖਰਤਾ ਰੱਬ ਦੀ ਸਿਰਜਣਾ ਨਹੀਂ ਬਲਕਿ ਸਾਡੇ ਸਿਸਟਮ ਦੀ ਹੈ।ਜੋ ਅਮੀਰ-ਗਰੀਬ ਦੀ ਵੱਖਰਤਾ ਉਪਰ ਆਪਣਾ ਮਤਲਬ ਪੂਰਾ ਕਰ ਰਿਹਾ ਹੈ।

ਰੱਜਿਆਂ ਖਾਤਰ ਹੋਰ ਖ਼ੁਰਾਕਾਂ ਲਿੱਸਿਆਂ ਖਾਤਰ ਕੱਚੀਆਂ ਲੱਸੀਆਂ

ਰੱਬ ਦੇ ਬੰਦਿਓ ਇਹ ਦੋ ਅਮਲੀ ਕੀਹ ਰੱਬ ਦਾ ਅਪਮਾਨ ਨਹੀਂ।

(*ਗੁਲਨਾਰ* 37)

ਗ਼ਜ਼ਲਗੋ ਜਗਵਿੰਦਰ ਜੋਧਾ ਆਪਣੀ ਗ਼ਜ਼ਲ ਦੇ ਸ਼ਿਅਰ ਰਾਹੀਂ ਇਕ ਕਿਰਤੀ ਮਜਦੂਰ ਦੀ ਆਰਥਿਕਤਾ ਨੂੰ ਬਿਆਨ ਕਰਦਾ ਲਿਖਦਾ ਹੈ ਕਿ ਇਕ ਆਮ ਕਿਰਤੀ ਮਜ਼ਦੂਰ ਜੋ ਦੂਜਿਆਂ ਦੇ ਘਰ ਰੁਸ਼ਨਾਉਂਦਾ ਹੈ ਭਾਵੇਂ ਉਹ ਖੇਤਾਂ ਵਿਚ ਫ਼ਸਲਾਂ ਉਗਾ ਕੇ ਚਾਹੇ ਮਿੱਟੀ ਦੇ ਦੀਵੇ ਬਣਾ ਕੇ ਪਰ ਉਸ ਦੀ ਆਪਣੀ ਜ਼ਿੰਦਗੀ ਵਿਚ ਹਨੇਰਾ ਹੈ। ਇੱਕ ਮਿੱਟੀ ਦੇ ਦੀਵੇ ਬਣਾਉਣ ਵਾਲੇ ਦੀ ਆਪਣੀ ਝੁੱਗੀ ਦੀਵਾਲੀ ਵਾਲੀ ਰਾਤ ਵੀ ਰੌਸ਼ਨੀ ਤੋਂ ਸੱਖਣੀ ਰਹਿੰਦੀ ਹੈ ਅਤੇ ਉਹ ਆਪਣੇ ਹੱਥੀਂ ਬਣਾਏ ਦੀਵਿਆਂ ਨਾਲ ਲੋਕਾਂ ਦੇ ਘਰ ਰੁਸ਼ਨਾਉਂਦਾ ਹੈ ਕਿਉਂ ਕਿ ਪੈਸਿਆਂ ਦੀ ਥੋੜ ਨਾਲ ਝੁੱਗੀ ਝੋਂਪੜੀ ਵਾਲਾ ਨਾ ਤਾਂ ਆਪਣੇ ਘਰ ਜਗਮਗਾ ਸਕਦਾ ਹੈ ਅਤੇ ਨਾ ਹੀ ਬੱਚਿਆਂ ਨੂੰ ਕੋਈ ਖੁਸ਼ੀ ਦੇ ਸਕਦਾ ਹੈ।

ਰੌਸ਼ਨੀਆਂ ਦੀ ਚੁੱਕ ਵਿਚ ਆ ਕੇ ਦੀਵਾਲੀ ਪੱਖਪਾਤੀ ਹੋਈ

ਜਿਸ ਘਰ ਦੀਵੇ ਬਣਦੇ ਉੱਥੇ ਰਾਤ ਹਨ੍ਹੇਰੀ ਛੱਡ ਜਾਂਦੀ ਹੈ।

(*ਬੇਤਰਤੀਬੀਆਂ* 57)

ਸੁਰਜੀਤ ਸਖੀ ਪਰਵਾਸੀ ਗ਼ਜ਼ਲਕਾਰਾ ਅਮੀਰ ਅਤੇ ਗਰੀਬ ਵਿਚਲੇ ਪਾੜੇ ਨੂੰ ਦਰਸਾਉਂਦੀ ਗ਼ਜ਼ਲਕਾਰੀ ਕਰਦੀ ਹੈ ਕਿ ਅਮੀਰ ਗਰੀਬ ਵਿਚਲਾ ਪਾੜਾ ਹਾਲੇ ਵੀ ਚੱਲ ਰਿਹਾ ਹੈ। ਜੇ ਕਰ ਇਹ ਫ਼ਰਕ ਨਾ ਹੋਵੇ ਤਾਂ ਕੋਈ ਵੀ ਗਰੀਬ ਭੁੱਖਾ ਨਾ ਸੋਵੇ। ਜਿਸ ਕੋਲ ਪੈਸੇ ਅਤੇ ਤਾਕਤ ਹੁੰਦੀ ਹੈ ਉਹੀ ਗਰੀਬਾਂ ਮਜ਼ਲੂਮਾਂ ਦੀ ਬੇਬਸੀ ਦਾ ਫ਼ਾਇਦਾ ਚੁੱਕਦੇ ਹਨ ਪਰ ਜੇ ਕਰ ਸਾਰੇ ਇਨਸਾਨਾਂ ਵਿਚ ਬਰਾਬਰੀ ਦਾ ਹੀ ਸੁਭਾਅ ਹੋਵੇ ਤਾਂ ਕੋਈ ਗਰੀਬ ਗਰੀਬ ਨਾ ਰਹੇ।

ਫ਼ਿਤਰਤ ਬਰਾਬਰੀ ਦੀ ਇਨਸਾਨ ਦੀ ਜੇ ਹੋਵੇ

ਭੁੱਖਾ ਨਾ ਹੋਣਾ ਕੋਈ ਹਰ ਸ਼ੈਅ ਵਧੀਕ ਰਹਿਣੀ।

(*ਧੁੰਦ* 64)

ਸੁਰਜੀਤ ਸਖੀ ਗ਼ਜ਼ਲ ਦੇ ਸ਼ਿਅਰ ਰਾਹੀਂ ਦਰਸਾਉਂਦੀ ਹੈ ਕਿ ਇਕ ਗਰੀਬ ਨੂੰ ਪੀੜ੍ਹੀ ਦਰ ਪੀੜ੍ਹੀ ਗਰੀਬੀ ਕੱਟਣਾ ਅਤੇ ਉਸਨੂੰ ਪੀੜ੍ਹੀਆਂ ਤੋਂ ਭੁੱਖ ਪਿਆਸ ਨਾਲ ਜੂਝਣਾ ਪੈਂਦਾ ਹੈ। ਉਸ ਨੂੰ ਆਪਣੇ ਦਿਨ ਬਦਲਦੇ ਨਜ਼ਰ ਨਹੀਂ ਆਉਂਦੇ ਅਮੀਰ ਅਮੀਰ ਅਤੇ ਗਰੀਬ ਦਿਨ-ਬ-ਦਿਨ ਗਰੀਬ ਹੀ ਹੋਈ ਜਾ ਰਿਹਾ ਹੈ। ਇਕ ਗਰੀਬ ਕਿਸਾਨ ਜਾਂ ਮਜਦੂਰ ਦਾ ਪੁੱਤਰ ਪੈਸਿਆਂ ਦੇ ਅਭਾਵ ਕਾਰਨ ਉਹੀ ਪਿਤਾ ਪੁਰਖੀ ਕਿੱਤਾ ਹੀ ਅਪਣਾ ਰਿਹਾ ਹੈ। ਉਸ ਨੂੰ ਤਾਂ ਗਰੀਬੀ ਵਸੀਅਤ ਵਿਚ ਹੀ ਮਿਲਦੀ ਹੈ। ਜਦੋਂ ਇਸ ਤਰ੍ਹਾਂ ਦੇ ਹਾਲਾਤ ਬਣ ਜਾਂਦੇ ਹਨ ਤਾਂ ਬੇਚਾਰੇ ਕਿਰਤੀ ਦੀਆਂ ਅੱਖਾਂ ਵਿਚ ਖੁਸ਼ੀ ਦੀ ਚਮਕ ਅਤੇ ਚਿਹਰੇ ਤੇ ਲਾਲੀ ਦਾ ਅਹਿਸਾਸ ਨਜ਼ਰ ਨਹੀਂ ਆ ਸਕਦਾ।

ਮਿਲਦੀ ਜਦ ਭੁੱਖ ਵਸੀਅਤ ਵਿਚ ਵਿਰਸੇ ਵਿਚ ਪਿਆਸ ਮਿਲੇ

ਕੀ ਰੌਣਕ ਆਵੇ ਚਿਹਰੇ ਤੇ ਕੀ ਅੱਖਾਂ ਵਿਚ ਵਿਸ਼ਵਾਸ ਮਿਲੇ।

(*ਧੁੰਦ* 56)

ਪਰਵਾਸੀ ਗ਼ਜ਼ਲਕਾਰਾ ਸੁਰਜੀਤ ਸਖੀ ਗਰੀਬੀ ਨਾਲ ਜੂਝ ਬੱਚਿਆਂ ਦੀ ਮਾਨਸਿਕਤਾ ਨੂੰ ਵਿਅਕਤ ਕਰਦੀ ਹੋਈ ਲ਼ਿਕਦੀ ਹੈ ਕਿ ਸਾਡੇ ਦੇਸ਼ ਦੀ ਆਰਥਿਕਤਾ ਦਾ ਐਸਾ ਮੰਦਾ ਹਾਲ ਹੋਇਆ ਪਿਆ ਹੈ ਕਿ ਮਿਹਨਤ ਮਜ਼ਦੂਰੀ ਕਰ ਕੇ ਵੀ ਗਰੀਬ ਨੂੰ ਦੋ ਵਕਤ ਦੀ ਰੋਟੀ ਤੋਂ ਵੀ ਵਾਂਝੇ ਹੋਣਾ ਪੈਂਦਾ ਹੈ। ਉਹਨਾਂ ਦੇ ਬੱਚੇ ਰੋਟੀ ਦੇ ਟੁਕੜਿਆਂ ਪਿੱਛੇ ਇਕ ਦੂਜੇ ਨਾਲ ਲੜ੍ਹ ਰਹੇ ਹਨ। ਜੇ ਕਰ ਕਿਸੇ ਇਕ ਦੇ ਹੱਥ ਰੋਟੀ ਲੱਗ ਜਾਂਦੀ ਹੈ ਤਾਂ ਦੂਜੇ ਬੱਚੇ ਉਸ ਰੋਟੀ ਪਿੱਛੇ ਲੜ੍ਹ ਰਹੇ ਹਨ।

ਬੱਚੇ ਲੜਦੇ ਗਲੀਆਂ ਵਿਚ

ਹੱਥੀਂ ਟੁੱਕਰ ਮਿੱਸੇ ਨੇ।

(*ਧੁੰਦ* 51)

ਇਕ ਗਰੀਬ ਇਨਸਾਨ ਆਪਣੇ ਨਾਲ ਹੋ ਰਹੇ ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਵਿਚ ਵੀ ਹਿਚਕਿਚਾਉਂਦਾ ਹੈ। ਉਹ ਅਮੀਰਾਂ ਦੀਆਂ ਕਾਰਵਾਈਆਂ ਤੋਂ ਡਰਦਾ ਹੋਇਆ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਨਹੀਂ ਉੱਠਾ ਸਕਦਾ ਜੋ ਗੱਲ ਉਸ ਦੀਆਂ ਅੱਖਾਂ ਵਿਚ ਸਾਫ਼ ਨਜ਼ਰ ਆਉਂਦੀ ਹੈ ਉਹ ਸ਼ਿਕਾਇਤ ਬਣ ਕੇ ਬੁੱਲਾਂ ਉੱਤੇ ਆਉਣ ਨਹੀਂ ਦਿੰਦਾ ਕਿਉਂ ਕਿ ਉਹ ਅਮੀਰਾਂ ਦੀ ਚਾਲਾਂ ਤੋਂ ਡਰਦਾ ਹੈ ਜਿਹੜੀਆਂ ਕਦੇ ਵੀ ਉਸ ਦੇ ਵਿਰੱਧ ਹੋ ਸਕਦੀਆਂ ਹਨ।

ਡਰ ਡਰ ਕੇ ਕੀ ਜੀਣਾ ਹੋਇਆ ਐਨੀ ਵੀ ਤੇ ਦੂਰੀ ਨਹੀਂ

ਹੋਂਠਾਂ ਉੱਤੇ ਕਿਉਂ ਨਹੀਂ ਔਂਦੀ ਅੱਖਾਂ ਵਿਚਲੀ ਬਾਤ ਅਜੇ।

(*ਧੁੰਦ* 70)

ਪੰਜਾਬੀ ਗ਼ਜ਼ਲਗੋ ਸਤੀਸ਼ ਗੁਲਾਟੀ ਆਪਣੀ ਗ਼ਜ਼ਲ ਦੇ ਸ਼ਿਅਰ ਰਾਹੀਂ ਅਮੀਰ ਅਤੇ ਗਰੀਬ ਦੀ ਆਰਥਿਕ ਸਥਿਤੀ ਦਾ ਵਰਣਨ ਕਰਦਾ ਕਹਿੰਦਾ ਹੈ ਕਿ ਭਾਰਤ ਦੇਸ਼ ਵਿਚ ਗਰੀਬੀ ਜ਼ਿਆਦਾ ਹੈ। ਅਮੀਰ ਅਮੀਰ ਨੂੰ ਹੀ ਭਰ ਰਿਹਾ ਹੈ। ਇਸ ਵਜ੍ਹਾ ਨਾਲ ਅਮੀਰ ਅਮੀਰ ਹੋਈ ਜਾ ਰਿਹਾ ਹੈ ਅਤੇ ਗਰੀਬ ਗਰੀਬ। ਝੁੱਗੀਆਂ ਦੀ ਗਿਣਤੀ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ। ਇਹ ਨਿਰੰਤਰ ਵਾਧਾ ਹੀ ਮਹਿਲਾਂ ਦਾ ਰਾਹ ਪੁੱਛ ਰਿਹਾ ਹੈ।

ਮੈਂ ਝੁੱਗੀਆਂ ਦੀ ਗਿਣਤੀ ਕਰਦਾ ਕਰਦਾ ਥੱਕ ਜਾਂਦਾ ਹਾਂ,

ਹਰ ਝੁੱਗੀ ਜਦ ਮੈਥੋਂ ਮਹਿਲ ਮੁਨਾਰੇ ਪੁੱਛ ਰਹੀ ਹੈ।

(*ਚੁੱਪ ਜਿਹਾ ਸੰਵਾਦ* 46)

ਆਰਥਿਕਤਾ ਨੂੰ ਦਰਸਾਉਂਦੀਆਂ ਗ਼ਜ਼ਲਕਾਰ ਜਗਵਿੰਦਰ ਜੋਧਾ ਦੀਆਂ ਗ਼ਜ਼ਲਾਂ ਵਿਚ ਆਰਥਿਕਤਾ ਦੀ ਤਸਵੀਰ ਝਲਕਦੀ ਹੈ। ਅੱਜਕੱਲ ਦੇ ਮਹਿੰਗਾਈ ਦੇ ਜ਼ਮਾਨੇ ਵਿਚ ਰੋਟੀ ਕਮਾਉਣਾ ਔਖਾ ਹੈ ਪਰ ਇਸ ਦੇ ਲਈ ਪ੍ਰਾਪਤ ਰੁਜ਼ਗਾਰ ਦਾ ਮਿਲਣਾ ਵੀ ਜ਼ਰੂਰੀ ਹੈ। ਇਕ ਗਰੀਬ ਮਿਹਨਤ ਮਜ਼ਦੂਰੀ ਕਰਨ ਵਾਲਾ ਵਿਅਕਤੀ ਜਿੰਨਾ ਮਰਜ਼ੀ ਮਿਹਨਤ ਕਰ ਲਵੇ ਪਰ ਉਸ ਨੂੰ ਆਪਣੀ ਮਿਹਨਤ ਦਾ ਪੂਰਾ ਮੁੱਲ ਨਹੀਂ ਮਿਲਦਾ ਤੇ ਉਸ ਦੇ ਬੱਚੇ ਰੋਟੀ ਲਈ ਤਰਸਦੇ ਹੀ ਰਹਿ ਜਾਂਦੇ ਹਨ। ਅਮੀਰ ਸਾਰਾ ਕਰੈਡਿਟ ਆਪ ਲੈ ਜਾਂਦੇ ਹਨ। ਜਦੋਂ ਕੋਈ ਬੰਧੂਆ ਮਜ਼ਦੂਰ ਥੱਕ ਹਾਰ ਕੇ ਖਾਲੀ ਹੱਥ ਆਪਣੀ ਝੁੱਗੀ ਵੱਲ ਪਰਤਦਾ ਹੈ ਤਾਂ ਉਸ ਦਾ ਬੱਚਾ ਰੋਟੀ ਲਈ ਤਰਸਦਾ ਹੋਇਆ ਚੰਦਰਮਾ ਤੱਕ ਨੂੰ ਖਾਣ ਲਈ ਉਤਾਰੂ ਹੋਣ ਲੱਗਦਾ ਹੈ ਅਤੇ ਆਪਣੇ ਬਾਪ ਤੋਂ ਪੁੱਛਦਾ ਹੈ ਕਿ ਆਸਮਾਨ ਵਾਲਾ ਚੰਦ ਉਸ ਲਈ ਰੋਟੀ ਕਿਉਂ ਨਹੀਂ ਹੋ ਸਕਦਾ?

ਕਿਸੇ ਝੁੱਗੀ 'ਚ ਇਕ ਮਾਸੂਮ ਆਪਣੇ ਬਾਪ ਤੋਂ ਪੁੱਛੇ,

ਕਿਉਂ ਚੰਦਰਮਾ ਕਿਸੇ ਭੁੱਖੇ ਲਈ ਰੋਟੀ ਨਹੀਂ ਹੁੰਦਾ?

(*ਸਾਰੰਗੀ* 46)

ਤਾਹਿਰਾ ਸਰਾ ਆਪਣੇ ਗ਼ਜ਼ਲ ਰਾਹੀਂ ਉਹਨਾਂ ਕਿਰਤੀ ਕਾਮਿਆਂ ਦੇ ਦਰਦ ਨੂੰ ਪੇਸ਼ ਕਰਦੀ ਹੈ ਜਿਹੜੇ ਦਿਨ-ਰਾਤਦਾ ਫ਼ਰਕ ਭੁੱਲੀ ਲਗਾਤਾਰ ਮਿਹਨਤ ਮਜ਼ਦੂਰੀ ਕਰ ਰਹੇ ਹਨ ਅਤੇ ਦੂਜਿਆਂ ਦੇ ਘਰਾਂ ਨੂੰ ਰੁਸ਼ਨਾ ਰਹੇ ਹਨ ਪਰ ਅਜਿਹੇ ਕਿਰਤੀ ਕਾਮਿਆਂ ਦੇ ਘਰਾਂ ਵਿਚ ਹਨੇਰਾ ਹੀ ਪਸਰਿਆ ਹੋਇਆ ਹੈ। ਉਹਨਾਂ ਬੇਚਾਰਿਆਂ ਦੇ ਘਰਾਂ ਵਿਚ ਤਾਂ ਇਕ ਦੀਵਾ ਤਕ ਨਹੀਂ ਬਲਦਾ ਕਿਉਂ ਕਿ ਦੀਵਾ ਰੁਸ਼ਨਾਉਣ ਲਈ ਉਹਨਾਂ ਕੋਲ ਤੇਲ ਵੀ ਨਹੀਂ ਹੈ।

ਉਹਨਾਂ ਦੇ ਘਰ ਦੀਵਾ ਨਹੀਂ

ਜਿਹਨਾਂ ਸੂਰਜ ਵੰਡੇ ਨੇ

(*ਸ਼ੀਸ਼ਾ* 58)

ਪਾਕਿਸਤਾਨੀ ਗ਼ਜ਼ਲਕਾਰਾ ਆਪਣੀਆਂ ਗ਼ਜ਼ਲਾਂ ਰਾਹੀਂ ਬਿਆਨ ਕਰਦੀ ਹੋਈ ਕਹਿੰਦੀ ਹੈ ਕਿ ਗਰੀਬ ਇਨਸਾਨ ਅਮੀਰਾਂ ਵਲੋਂ ਦਿੱਤੇ ਅਨਿਆਂ ਨੂੰ ਹਰ ਰੋਜ਼ ਆਪਣੇ ਤਨ ਤੇ ਹੰਢਾਉਂਦੇ ਹਨ ਪਰ ਉਹਨਾਂ ਦੀ ਮਜਬੂਰੀ ਉਹਨਾਂ ਨੂੰ ਮੂੰਹ ਖੋਲਣ ਦੀ ਆਜ਼ਾਦੀ ਨਹੀਂ ਦੇ ਸਕਦੀ। ਇਸ ਕਰ ਕੇ ਉਹਨਾਂ ਨੂੰ ਚੁੱਪ ਰਹਿਣ ਦੀ ਆਦਤ ਪੈ ਗਈ ਹੈ ਅਤੇ ਪੀੜ੍ਹਾਂ ਸਹਿ ਰਹੇ ਹਨ।

ਪੀੜਾ ਸਹਿਣ ਦੇ ਆਦੀ ਹੋ ਗਏ

ਤਾਂ ਚੁੱਪ ਰਹਿਣ ਦੇ ਆਦੀ ਹੋ ਗਏ।

(*ਸ਼ੀਸ਼ਾ* 48)

ਪਰਵਾਸੀ ਗ਼ਜ਼ਲਕਾਰ ਗੌਤਮ ਆਰਥਿਕਤਾ ਦੇ ਸੰਦਰਭ ਵਿਚ ਹਾਲਾਤਾਂ ਦੇ ਹੱਥੋਂ ਮਜਬੂਰ ਹੋਏ ਮਜਦੂਰਾਂ ਦੀ ਜਾਲਤ ਨੂੰ ਬਿਆਨ ਕਰਦਾ ਲਿਖਦਾ ਹੈ ਕਿ ਭੁੱਖਮਰੀ ਅਤੇ ਗਰੀਬੀ ਦਾ ਸੰਤਾਪ ਹੰਢਾ ਰਹੇ ਮਜਬੂਰ ਮਾਂ-ਬਾਪ ਆਪਣੇ ਬੱਚਿਆਂ ਦੇ ਹੱਥਾਂ ਵਿਚ ਕਾਪੀਆਂ, ਪੈਨ ਫੜਾਉਣ ਦੀ ਬਜਾਏ ਉਹਨਾਂ ਦੇ ਹੱਥਾਂ ਵਿਚ ਪਰਿਵਾਰ ਦੀਆਂ ਜਿੰਮੇਦਾਰੀਆਂ ਨੂੰ ਦੇ ਦਿੰਦੇ ਹਨ। ਛੋਟੇ ਬੱਚੇ ਢਿੱਡ ਦੀ ਭੁੱਖ ਸ਼ਾਂਤ ਕਰਨ ਲਈ ਮਜਦੂਰੀ ਕਰਨ ਲਈ ਮਜਬੂਰ ਹੋਏ ਬੈਠੇ ਹਨ। ਗਰੀਬ ਮਾਂ ਪਿਉ ਕੌੜਾ ਘੁੱਟ ਭਰਦੇ ਹੋਏ ਉਹਨਾਂ ਦਾ ਬਚਪਨ ਖੋਹ ਲੈਂਦੇ ਹਨ ਅਤੇ ਖਿਡੌਣਿਆਂ ਨਾਲ ਖੇਡਣ ਦੇਣ ਦੀ ਉਮਰ ਵਿਚ ਉਹਨਾਂ ਤੋਂ ਖੇਤਾਂ ਵਿਚ ਕੰਮ ਕਰਵਾ ਰਹੇ ਹਨ।

ਬੜੇ ਮਜਬੂਰ ਉਹ ਮਾਪੇ ਵਿਖਾ ਕੇ ਖੇਤ ਬੱਚੇ ਨੂੰ

ਖਿਡੌਣੇ ਦੀ ਬਜਾਏ ਉਸ ਨੂੰ ਦਾਤੀ ਫੜਾ ਦਿੱਤੀ

(*ਸੁਪਨੇ ਸੌਣ ਨਾ ਦਿੰਦੇ* 25)

### 3.5 ਕਿਸਾਨੀ ਖੁਦਕੁਸ਼ੀ:

ਕਿਰਤੀ ਕਾਮਿਆਂ ਦੀ ਆਰਥਿਕ ਦਸ਼ਾ ਵੱਲ ਝਾਤ ਮਰਵਾਉਂਦਾ ਗੁਰਭਜਨ ਗਿੱਲ ਆਪਣੇ ਇਕ ਸ਼ਿਅਰ ਬਿਆਨ ਕਰਦਾ ਹੈ ਕਿ ਨਰਮੇ ਦੀ ਫ਼ਸਲ ਤੋਂ ਬਾਅਦ ਬਾਸਮਤੀ ਚੌਲਾਂ ਦੀ ਫ਼ਸਲ ਦੀ ਵਾਰੀ ਆ ਜਾਂਦੀ ਹੈ। ਇਹ ਦੋਨੋਂ ਫ਼ਸਲਾਂ ਹੀ ਮਹਿੰਗੇ ਮੁੱਲ ਦੀਆਂ ਹਨ ਪਰ ਕਿਸਾਨਾਂ ਨੂੰ ਇਹਨਾਂ ਦੇ ਚੰਗੇ ਮੁੱਲ ਨਹੀਂ ਮਿਲਦੇ। ਮੰਡੀਆਂ ਵਿਚ ਕਿਸਾਨਾਂ ਦੀਆਂ ਮਹਿੰਗੀਆਂ ਫ਼ਸਲਾਂ ਕੌਡੀਆਂ ਦੇ ਭਾਅ ਰੁਲ ਜਾਂਦੀਆਂ ਹਨ।

ਨਰਮੇ ਪਿੱਛੋਂ ਬਾਸਮਤੀ ਤੇ ਉਸ ਤੋਂ ਮਗਰੋਂ ਘਰ ਦੇ ਜੀਅ

ਮੰਡੀ ਦੇ ਵਿਚ ਰੁਲਦਾ ਫਿਰਦਾ ਸਾਡਾ ਮਹਿੰਗਾ ਮਾਲ ਕੁੜੇ।

(*ਮਨ ਪਰਦੇਸੀ* 100)

ਅਜੋਕੇ ਸਮਾਜ ਦੀ ਆਰਥਿਕਤਾ ਵਿਚ ਕਿਰਤੀ ਕਾਮਿਆਂ ਦੀ ਸਥਿਤੀ ਬਹੁਤ ਤਰਸਯੋਗ ਬਣੀ ਹੋਈ ਹੈ ਕਿਉਂ ਕਿ ਸ਼ਾਹੂਕਾਰ ਉਹਨਾਂ ਦੀ ਮਿਹਨਤ ਦਾ ਮੁੱਲ ਨਹੀਂ ਦਿੰਦੇ। ਆੜਤੀਏ ਉਹਨਾਂ ਦੀਆਂ ਫ਼ਸਲਾਂ ਦੇ ਮੁੱਲ ਨਹੀਂ ਦਿੰਦੇ। ਬੇਚਾਰੇ ਕਿਰਤੀ, ਕਿਸਾਨ ਨੂੰ ਆਪਣੇ ਪਰਿਵਾਰ ਦੀ ਭੁੱਖ ਮਿਟਾਉਣ ਲਈ ਬਹੁਤ ਮਾੜੇ ਹਾਲਾਤਾਂ ਵਿਚੋਂ ਗੁਜ਼ਰਨਾ ਪੈ ਰਿਹਾ ਹੈ। ਕਿਰਤ ਦੀ ਲੁੱਟ ਸਾਡੀ ਆਰਥਿਕਤਾ ਦਾ ਹਿੱਸਾ ਹੀ ਬਣਦਾ ਜਾ ਰਿਹਾ ਹੈ। ਇਸ ਸੰਦਰਭ ਵਿਚ ਪੰਜਾਬੀ ਗ਼ਜ਼ਲਕਾਰ ਗੁਰਭਜਨ ਗਿੱਲ ਆਪਣੇ ਸ਼ਿਅਰ ਰਾਹੀਂ ਇਕ ਕਿਸਾਨ ਦੀ ਹਾਲਤ ਬਿਆਨਦਾ ਲਿਖਦਾ ਹੈ ਕਿ ਇਕ ਕਿਸਾਨ ਨੂੰ ਜਦ ਉਸਦੀ ਫ਼ਸਲ ਦਾ ਉੱਚਿਤ ਮੁੱਲ ਨਹੀਂ ਮਿਲਦਾ ਤਾਂ ਉਸ ਲਈ ਉਹ ਫ਼ਸਲਾਂ ਵਾਲੀ ਧਰਤੀ ਇਕ ਤਰ੍ਹਾਂ ਨਾਲ ਬੰਜਰ ਹੀ ਹੋ ਗਈ ਜਾਪਦੀ ਹੈ। ਉਸਦੇ ਸੁਪਨੇ ਫ਼ਸਲਾਂ ਦਾ ਮੁੱਲ ਨਾ ਮਿਲਣ ਕਰ ਕੇ ਬਿਖਰ ਜਾਂਦੇ ਹਨ ਕਿਉਂ ਕਿ ਫ਼ਸਲਾਂ ਦੀ ਬਿਜਾਈ ਵੇਲੇ ਉਸ ਨੇ ਜੋ ਕਰਜੇ ਲਏ ਹੁੰਦੇ ਹਨ। ਉਹ ਉਸ ਨੇ ਫ਼ਸਲ ਦੀ ਵਾਢੀ ਤੋਂ ਬਾਅਦ ਉਸ ਦੀ ਵੱਟਤ ਤੋਂ ਹੀ ਮੋੜਨੇ ਹੁੰਦੇ ਹਨ ਪਰ ਜਾਂ ਤਾਂ ਉਸ ਦੀ ਫ਼ਸਲ ਸੋਕਾ ਜਾਂ ਬਾੜ ਆਉਣ ਤੇ ਨਸ਼ਟ ਹੋ ਜਾਂਦੀ ਹੈ ਜਾਂ ਫ਼ਿਰ ਜੇ ਉਹ ਇਹਨਾਂ ਦੋਹਾਂ ਆਪਾਦਾਵਾਂ ਤੋਂ ਬੱਚ ਨਿਕਲਦਾ ਹੈ ਤਾਂ ਆੜਤੀਏ ਫ਼ਸਲਾਂ ਦਾ ਉੱਚਿਤ ਮੁੱਲ ਨਹੀਂ ਪਾਉਂਦੇ। ਜਿਸ ਕਾਰਨ ਬੇਚਾਰੇ ਕਿਰਤੀ ਕਿਸਾਨ ਨੂੰ ਦਰੱਖ਼ਤ ਨਾਲ ਲਮਕ ਕੇ ਜਾਂ ਫਿਰ ਸਲਫ਼ਾਸ ਦੀਆਂ ਗੋਲੀਆਂ ਖਾ ਕੇ ਆਪਣੀ ਜੀਵਨ ਲੀਲਾ ਖ਼ਤਮ ਕਰਨੀ ਪੈਂਦੀ ਹੈ।

ਫ਼ਸਲਾਂ ਵਾਲੀ ਧਰਤੀ ਬੰਜਰ ਉੱਜੜ ਚੱਲੇ ਸੁਪਨ ਬਗੀਚੇ

ਬਿਰਖ਼ਾਂ ਨਾਲ ਲਮਕਦੇ ਅੱਥਰੂ ਖਾ ਚੱਲਿਆ ਸਲਫ਼ਾਸ ਦਾ ਬੂਟਾ।

(*ਮਨ ਪਰਦੇਸੀ* 101)

ਗ਼ਜ਼ਲਕਾਰਾਂ ਵਲੋਂ ਆਪਣੀਆਂ ਗ਼ਜ਼ਲਾਂ ਵਿਚ ਆਰਥਿਕ ਤੌਰ ਤੇ ਪੱਛੜੇ ਵਰਗ, ਮਜ਼ਦੂਰਾਂ, ਕਿਰਤੀਆਂ, ਛੋਟੇ ਕਿਸਾਨਾਂ ਦੀ ਜ਼ਿੰਦਗੀ ਵਿਚਲੀਆਂ ਮਜਬੂਰੀਆਂ, ਤੰਗੀਆਂ, ਤੁਰਸ਼ੀਆਂ, ਦੁੱਖਾਂ ਅਤੇ ਨਿਰਾਸ਼ਾਵਾਂ ਨੂੰ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਇਹਨਾਂ ਨੇ ਅਸਾਵੀਂ ਅਰਥ ਵਿਵਸਥਾ ਵਿਚੋਂ ਪੈਦਾ ਹੋਈ ਨਿਮਨ ਵਰਗ ਦੀ ਮੰਦਹਾਲੀ ਦੀ ਤਸਵੀਰ ਪੇਸ਼ ਕੀਤੀ ਹੈ। ਉਹ ਇਸ ਅਸਾਵੀਂ ਅਰਥ ਵਿਵਸਥਾ ਰਾਹੀਂ ਪੈਦਾ ਹੋਈ ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਤ੍ਰਿਸਕਾਰ, ਮੰਦਹਾਲੀ ਅਤੇ ਤ੍ਰਾਸਦਿਕ ਅਨੁਭਵ ਨੂੰ ਆਪਣੀਆਂ ਗ਼ਜ਼ਲਾਂ ਵਿਚ ਰੂਪਾਂਤਰਿਤ ਕਰਦੇ ਹਨ। ਸਰਮਾਏਦਾਰ ਵਰਗ ਹਰ ਪੱਧਰ ਤੇ ਤਾਕਤ, ਸੁੰਦਰਤਾ ਅਤੇ ਬਹੁਲਤਾ ਮਾਣਦਾ ਹੈ ਅਤੇ ਆਪਣੀ ਇਸ ਸਥਿਤੀ ਨੂੰ ਕਾਇਮ ਰੱਖਣ ਲਈ ਗਰੀਬ ਵਰਗ ਦੇ ਹੱਕ ਖੋਹਣ ਤੋਂ ਰਤਾ ਵੀ ਗੁਰੇਜ ਨਹੀਂ ਕਰਦਾ ਅਤੇ ਉਹਨਾਂ ਦੀ ਮਿਹਨਤ ਦਾ ਸ਼ੋਸ਼ਣ ਕਰਦਾ ਹੈ। ਇਸ ਆਰਥਿਕ ਪਾੜੇ ਦਾ ਯਥਾਰਥਕ ਚਿਤਰਨ ਗ਼ਜ਼ਲਕਾਰਾਂ ਵਲੋਂ ਬਾਖ਼ੂਬੀ ਪੇਸ਼ ਕੀਤਾ ਗਿਆ ਹੈ।

### 3.6 ਪਰਵਾਸੀ ਸੰਵੇਦਨਾ:

ਸੰਵੇਦਨਾ ਕਿਸੀ ਵਿਅਕਤੀ ਦੀ ਮਾਨਸਿਕ ਅਵਸਥਾ ਨੂੰ ਪ੍ਰਗਟ ਕਰਦੀ ਹੈ। ਆਤਮ ਨਿਰੀਖਣ ਰਾਹੀਂ ਕੋਈ ਵਿਅਕਤੀ ਹੀ ਇਹ ਗਿਆਨ ਪ੍ਰਾਪਤ ਕਰ ਸਕਦਾ ਹੈ ਕਿ ਉਹ ਕਿਵੇਂ ਮਹਿਸੂਸ ਕਰ ਰਿਹਾ ਹੈ ਤੇ ਕਿਵੇਂ ਸੋਚ ਰਿਹਾ ਹੈ। ਚੇਤਨਾ ਦੀ ਹੋਂਦ ਮਨੁੱਖ ਜਿੰਨੀ ਪੁਰਾਣੀ ਹੈ। ਜਿਉਂ-ਜਿਉਂ ਮਨੁੱਖ ਇਕ ਜੰਗਲੀ ਜੀਵ ਤੋਂ ਇਕ ਬੌਧਿਕ ਪ੍ਰਾਣੀ ਦੇ ਰੂਪ ਵੱਲ ਵਿਕਾਸ ਕਰਦਾ ਗਿਆ ਤਾਂ ਉਸਦੀ ਸੰਵੇਦਨਾ ਵੀ ਵਿਕਾਸ ਕਰਦੀ ਗਈ। ਮਨੁੱਖ ਆਪਣੇ ਆਰੰਭਿਕ ਸਮੇਂ ਤੋਂ ਹੀ ਪ੍ਰਕਿਰਤੀ ਤੋਂ ਡਰ ਮਹਿਸੂਸ ਕਰਦਾ ਰਿਹਾ। ਪਰ ਹੌਲੀ-ਹੌਲੀ ਉਹ ਇਸਦਾ ਆਦੀ ਹੋ ਗਿਆ। ਜਿਵੇਂ ਜਿਵੇਂ ਉਹ ਇਕ ਸਭਿਅਕ ਜੀਵ ਬਣਦਾ ਗਿਆ ਉਵੇਂ-ਉਵੇਂ ਉਸਦੀ ਸੰਵੇਦਨਾ ਦਾ ਵਿਕਾਸ ਹੁੰਦਾ ਗਿਆ। ਸੰਵੇਦਨਾ ਇਕ ਸਮਾਜਿਕ ਅਮਲ ਹੈ। ਜੇ ਇਤਿਹਾਸ ਵਿਚ ਸੰਵੇਦਨਾ ਦੀ ਜਗ੍ਹਾ ਨਿਸ਼ਚਿਤ ਕਰਨੀ ਹੋਵੇ ਤਾਂ ਮਨੁੱਖ ਦਾ ਜੰਗਲੀ ਜੀਵ ਤੋਂ ਸਭਿਅਕ ਮਨੁੱਖ ਵੱਲ ਕੀਤਾ ਪਹਿਲਾ ਕਦਮ ਹੀ ਸੰਵੇਦਨਾ ਦਾ ਆਰੰਭ ਸੀ। ਸੰਵੇਦਨਾ ਦੇ ਸੰਕਲਪ ਨੂੰ ਬਾਹਰੀ ਵਰਤਾਰਿਆਂ ਰਾਹੀਂ ਨਹੀਂ ਬਲਕਿ ਅੰਦਰੂਨੀ ਗਿਆਨ ਰਾਹੀਂ ਸਮਝਿਆ ਜਾਂਦਾ ਹੈ। ਸੰਵੇਦਨਾ ਹੀ ਹੁੰਦੀ ਹੈ ਜਿਹੜੀ ਕਿਸੇ ਕੁਦਰਤੀ ਵਰਤਾਰੇ ਨੂੰ ਸਭਿਆਚਾਰਕ ਸਵਰੂਪ ਵਿਚ ਰੂਪਾਂਤਰਿਤ ਕਰਦੀ ਹੈ ਅਤੇ ਉਸ ਨੂੰ ਰਾਜਨੀਤਕ ਸਮਾਜ ਦਾ ਅੰਗ ਬਣਾਉਂਦੀ ਹੈ। ਸਮਾਜ ਨਾਲ ਸੰਵੇਦਨਾ ਦਾ ਸਭ ਤੋਂ ਗੂੜ੍ਹਾ ਰਿਸ਼ਤਾ ਹੁੰਦਾ ਹੈ। ਸਮਾਜ ਵਿਚਲੀ ਵਿਚਾਰਧਾਰਾ, ਸਿਧਾਂਤ, ਭਾਵਨਾਵਾਂ, ਰੂੜੀਆਂ, ਆਦਤਾਂ, ਪਰੰਪਰਾਵਾਂ ਆਦਿ ਸਮਾਜ ਵਿਚਲੇ ਹਰ ਵਿਸ਼ੇ ਬਾਰੇ ਜਾਗਰੂਕਤਾ ਸੰਵੇਦਨਾ ਦਾ ਹੀ ਹਿੱਸਾ ਮੰਨੀ ਗਈ ਹੈ। ਸੰਵੇਦਨਾ ਕਿਸੇ ਨਦੀ ਦੇ ਪ੍ਰਵਾਹ ਵਾਂਗ ਵਿਕਸਿਤ ਹੁੰਦੀ ਜਾਂਦੀ ਹੈ। ਇਹ ਵਿਖੰਡਿਤ ਨਾ ਹੋ ਕੇ ਅਲੱਗ-ਅਲੱਗ ਵਿਅਕਤੀਆਂ ਨਾਲ ਜੁੜਦੀ ਜਾਂਦੀ ਹੈ। ਹਰ ਇਕ ਮਨੁੱਖ ਆਪਣੀ ਅੰਤਰ ਆਤਮਾ ਤੋਂ ਪ੍ਰੇਰਿਤ ਹੋ ਕੇ ਹੀ ਕੋਈ ਕਰਮ ਕਰਦਾ ਹੈ। ਜਦੋਂ ਕੋਈ ਸਾਹਿਤਕਾਰ ਕਿਸੇ ਕਿਰਤ ਦੀ ਰਚਨਾ ਕਰਦਾ ਹੈ ਤਾਂ ਉਸਦਾ ਸਾਮਾਜਿਕ ਚਰਿੱਤਰ ਉਸਦੀ ਕਿਰਤ ਵਿਚ ਦ੍ਰਿਸ਼ ਜਾਂ ਅਦ੍ਰਿਸ਼ ਰੂਪ ਵਿਚ ਰੂਪਾਂਤਰਿਤ ਹੁੰਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਸੰਵੇਦਨਾ ਸਾਹਿਤ ਰਚਨਾ ਵਿਚ ਸਹਾਇਕ ਹੁੰਦੀ ਹੈ। ਪੱਛਮ ਦੀ ਉਦਯੋਗਿਕ ਸੱਭਿਅਤਾ ਨੇ ਪਰਵਾਸੀ ਪੰਜਾਬੀਆਂ ਨੂੰ ਉਹਨਾਂ ਦੀ ਮਾਨਵਤਾ ਤੋਂ

ਵੰਚਿਤ ਕਰ ਕੇ ਮਸ਼ੀਨ ਵਿਚ ਰੂਪਾਂਤਰਿਤ ਕਰ ਦਿੱਤਾ। ਪਰਿਵਾਰਾਂ ਦਾ ਇਕੱਠੇ ਬੈਠਣਾ, ਸਾਂਝਾ ਖਾਣ-ਪੀਣ, ਗੱਲ-ਬਾਤ ਅਤੀਤ ਦਾ ਹੀ ਸੁਪਨਾ ਬਣ ਕੇ ਰਹਿ ਜਾਂਦਾ ਹੈ। ਪਰਦੇਸਾਂ ਵਿਚ ਮਨੁੱਖ ਆਪਣੇ ਆਪ ਵਿਚ ਇਕ ਸੰਪੂਰਨ ਇਕਾਈ ਵਜੋਂ ਵਿਚਰਦਾ ਹੈ। ਨਿਰੰਤਰ ਕੰਮ ਵਿਚ ਰੁੱਝੇ ਰਹਿਣ ਕਾਰਨ ਇਨ੍ਹਾਂ ਕੋਲ ਇਕ ਦੂਜੇ ਨਾਲ ਗੱਲਬਾਤ ਕਰਨ ਦਾ ਸਮਾਂ ਨਹੀਂ ਹੈ। Encyclopeadia Britannica Vol-3, "ਇਹ ਸੰਵੇਦਨਾ ਦਾ ਵਿਸ਼ੇਸ਼ ਸਵੈ ਇੱਛਤ ਛਿਣ ਹੈ ਜੋ ਮਨੁੱਖ ਨੂੰ ਜੀਵਨ ਦੇ ਹੋਰ ਨੀਵੇਂ ਰੂਪਾਂ ਤੋਂ ਵੱਖਰਿਆਉਂਦਾ ਹੈ।"(551)

ਪੰਜਾਬ ਵਿਚ ਅਜੋਕੀ ਪੀੜੀ ਵੱਧ ਤੋਂ ਵੱਧ ਵਿਦੇਸ਼ੀ ਧਰਤ 'ਤੇ ਆਪਣਾ ਘਰ ਬਣਾ ਰਹੀ ਹੈ। ਉਹਨਾਂ ਲਈ ਅਗਲੇਰੀ ਪੜ੍ਹਾਈ ਲਈ ਬਾਹਰਲੇ ਮੁਲਕ ਜਾਣਾ ਤਾਂ ਇਕ ਆਮ ਗੱਲ ਬਣ ਚੁੱਕੀ ਹੈ। ਇਕ ਗੱਲੋਂ ਵਾਖਿਆ ਜਾਵੇ ਤਾਂ ਉਹ ਵੀ ਆਪਣੀ ਥਾਂ ਸਹੀ ਹਨ ਕਿਉਂ ਕਿ ਏਥੇ ਰਹਿ ਕੇ ਬੱਚਿਆਂ ਨੂੰ ਰੁਜ਼ਗਾਰ ਨਹੀਂ ਮਿਲਦਾ ਅਤੇ ਜੇਕਰ ਮਿਲਦਾ ਵੀ ਹੈ ਤਾਂ ਤਨਖ਼ਾਹਾਂ ਇੰਨੀਆਂ ਘੱਟ ਹਨ ਕਿ ਉਹਨਾਂ ਦੀ ਪੜ੍ਹਾਈ ਉੱਤੇ ਕਿਤੇ ਵੱਧ ਖ਼ਰਚਾ ਹੋਇਆ ਹੁੰਦਾ ਹੈ। ਆਰਥਿਕ ਤੰਗੀ ਵੀ ਨੌਜਵਾਨਾਂ ਵਿਚ ਬਾਹਰਲੇ ਮੁਲਕ ਜਾਣ ਦਾ ਇਕ ਬਹੁਤ ਵੱਡਾ ਕਾਰਨ ਹੈ। ਮੁੱਢਲੀਆਂ ਅਤੇ ਬੁਨਿਆਦੀ ਲੋੜਾਂ ਦੀ ਪੂਰਤੀ ਨਾ ਹੋਣਾ ਵੀ ਉਹਨਾਂ ਨੂੰ ਵਿਦੇਸ਼ੀ ਚਮਕ-ਦਮਕ ਵੱਲ ਪ੍ਰੇਰਿਤ ਕਰਦੀ ਹੈ। ਨਵੀਂ ਪੀੜ੍ਹੀ ਤਾਂ ਉੱਥੋਂ ਦੇ ਰੰਗ-ਢੰਗ ਅਨੁਕੂਲ ਆਪਣੇ ਆਪ ਨੂੰ ਢਾਲ ਹੀ ਲੈਂਦੀ ਹੈ ਪਰ ਵਡੇਰੀ ਉਮਰ ਦੇ ਵਿਅਕਤੀ ਜਾਂ ਬਜ਼ੁਰਗਾਂ ਨੂੰ ਭੂ-ਹੇਰਵਾ ਮਾਰ ਜਾਂਦਾ ਹੈ। ਭਾਵੇਂ ਉਹ ਉੱਥੇ ਆਪਣੇ ਬੱਚਿਆਂ ਆਪਣੇ ਪਰਿਵਾਰ ਕੋਲ ਗਏ ਹੁੰਦੇ ਹਨ ਤਾਂ ਵੀ ਉਹਨਾਂ ਨੂੰ ਉਹ ਧਰਤ ਹਮੇਸ਼ਾ ਹੀ ਬੇਗਾਨੀ ਲੱਗਦੀ ਰਹਿੰਦੀ ਹੈ। ਉਹਨਾਂ ਨੂੰ ਬੇਗਾਨੀ ਧਰਤੀ ਉੱਤੇ ਰਹਿਣ ਦਾ ਅਹਿਸਾਸ ਬੇਹਦ ਤਕਲੀਫ਼ ਦਿੰਦਾ ਹੈ। ਕਈ ਪੈਸਾ ਕਮਾਉਣ ਦੀ ਖ਼ਾਤਰ ਵਿਦੇਸ਼ ਜਾਂਦੇ ਹਨ ਅਤੇ ਜਦੋਂ ਵਾਪਸ ਵਤਨ ਪਰਤਦੇ ਹਨ ਤਾਂ ਉਹਨਾਂ ਨੂੰ ਘਰ ਦੇ ਜੀਅ ਵੀ ਪੂਰੇ ਨਹੀਂ ਮਿਲਦੇ ਕਿਉਂ ਕਿ ਕੋਈ ਨਾ ਕੋਈ ਇਸ ਦੁਨੀਆਂ ਤੋਂ ਜਾ ਚੁੱਕਿਆ ਹੁੰਦਾ ਹੈ। ਮਨੁੱਖ ਡਾਲਰ ਕਮਾਉਂਦਾ ਰਿਸ਼ਤੇ ਗਵਾ ਲੈਂਦਾ ਹੈ। ਡਾਲਰਾਂ ਨਾਲ ਆਰਥਿਕ ਖੁਸ਼ੀ ਤਾਂ ਮਿਲ ਜਾਂਦੀ ਹੈ ਪਰ ਅੰਦਰੂਨੀ ਖੁਸ਼ੀ ਨਹੀਂ ਮਿਲਦੀ।

ਮਨੁੱਖ ਨੂੰ ਬੇਗਾਨੇ ਦੇਸ਼ ਵਿਚ ਮਾਨਿਸਕ ਦੁਬਿਧਾ 'ਚੋਂ ਹਰ ਪਲ ਗੁਜ਼ਰਨਾ ਪੈਂਦਾ ਹੈ। ਇਕੱਲਤਾ, ਨਸਲੀ ਭੇਦ-ਭਾਵ, ਉਦਰੇਂਵਾਂ ਉਹਨਾਂ ਦੇ ਜੀ ਦਾ ਜੰਜਾਲ ਬਣਿਆ ਰਹਿੰਦਾ ਹੈ। ਮਨੁੱਖ ਵਿਚ ਵੱਧ ਪੈਸੇ ਕਮਾਉਣ ਦੀ ਚਾਹਤ ਅਤੇ ਬੇਰੁਜ਼ਗਾਰੀ ਵਿਦੇਸ਼ੀ ਧਰਤੀ ਦਾ ਗੁਲਾਮ ਬਣਾ ਦਿੰਦੀ ਹੈ। ਇਸ ਵਿਦੇਸ਼ੀ ਚਮਕ-ਦਮਕ ਅਤੇ ਡਾਲਰਾਂ ਦੇ ਮੋਹ ਤੋਂ ਕੋਈ ਵਿਰਲਾ ਹੀ ਬੱਚ ਸਕਿਆ ਹੈ। ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਵਿਚ ਪਰਵਾਸੀ ਵਿਸ਼ੇ ਨੂੰ ਵੀ ਛੂਹਿਆ ਗਿਆ ਹੈ। ਜੀਵਨ ਦੀ ਤੰਦ ਘਰ ਦੀਆਂ ਕੰਧਾਂ, ਦਰਵਾਜਿਆਂ, ਕੁੰਡਿਆਂ, ਜਿੰਦਿਆਂ ਨਾਲ ਜੁੜੀਆਂ ਹੋਈਆਂ ਉਹ ਸਾਂਝਾਂ ਹਨ ਜਿਸ ਨੂੰ ਗੁਰਭਜਨ ਗਿੱਲ ਆਪਣੇ ਬਿੰਬਾਂ ਰਾਹੀਂ ਦਰਸਾਉਣ ਦਾ ਯਤਨ ਕਰਦਾ ਹੈ ਕਿ ਮਨੁੱਖ ਦੇ ਨਾਲ-ਜੁੜੇ ਇਹ ਉਹ ਸਾਂਝ ਦੇ ਰਿਸ਼ਤੇ ਹਨ ਜਿਹੜੇ ਉਸ ਦੇ ਪਰਦੇਸੀ ਹੋਣ ਤੋਂ ਬਾਅਦ ਉਸ ਦੀ ਮਾਂ ਨੂੰ ਉਹ ਜਿੰਦਰੇ ਪ੍ਰਤੀਤ ਹੁੰਦੇ ਹਨ ਜਿਹੜੇ ਜਿੰਦਰੇ ਉਹ ਆਪਣੀ ਮਾਂ ਦੇ ਜਿਹਨ ਵਿਚ ਲਾ ਗਿਆ ਹੈ।

ਆਸਾਂ ਦੀ ਤੰਦ ਟੁੱਟ ਗਈ ਜਾਪੇ, ਕੰਧਾਂ ਡੁਸਕਦੀਆਂ ਨੇ ਦੱਸਿਆ

ਪੁੱਤ ਪਰਦੇਸੀ ਘਰ ਨੂੰ ਬਾਹਰੋਂ, ਕੁੰਡੇ ਜੰਦਰੇ ਮਾਰ ਗਿਆ ਹੈ।

(ਮਿਰਗਾਵਲੀ 13)

ਦੂਰ ਦੇਸ ਪਰਦੇਸ ਅਸਲ ਵਿਚ ਜਿਸਮਾਂ ਲਈ ਹੈ

ਪੌਣਾਂ ਵਾਂਗੂੰ ਮਿਲ ਜਾਇਆ ਕਰ ਹਿੰਮਤ ਕਰਕੇ'।

(ਗੁਲਨਾਰ 10)

ਜਦੋਂ ਮਨੁੱਖ ਵਤਨ ਮੁੜਦਾ ਹੈ ਉਦੋਂ ਤਕ ਉਸ ਦੇ ਮਾਂ-ਬਾਪ ਰੱਬ ਦੇ ਘਰ ਮੁੜ ਜਾਂਦੇ ਹਨ ਤਾਂ ਉਹ ਅਪਣੱਤ ਨੂੰ ਹੀ ਤਰਸਦਾ ਰਹਿੰਦਾ ਹੈ। ਮਾਂ-ਬਾਪ ਦੇ ਪਿਆਰ ਦਾ ਨਿੱਘ ਨਾ ਮਿਲਣ 'ਤੇ ਉਸ ਨੂੰ ਕਮਾਏ ਡਾਲਰ ਵੀ ਅਰਥਹੀਨ ਲਗਦੇ ਹਨ। ਭਾਵੇਂ ਕੋਈ ਪੰਜਾਬੀ ਸਾਰੀ ਉਮਰ ਹੀ ਵਿਦੇਸ਼ਾਂ ਵਿਚ ਗੁਆ ਲਵੇ ਤਾਂ ਵੀ ਉਹ ਆਪਣਾ ਦੇਸ਼ ਆਪਣੀ ਮਿੱਟੀ ਨਾਲ ਮਾਨਸਿਕ ਤੌਰ 'ਤੇ ਜ਼ਰੂਰ ਜੁੜਿਆ ਰਹਿੰਦਾ ਹੈ। ਪਰਵਾਸੀ ਸੰਵੇਦਨਾ ਦੇ ਸੰਦਰਭ ਵਿਚ ਗੁਰਭਜਨ ਗਿੱਲ ਆਪਣੇ ਸ਼ਿਅਰ ਰਾਹੀਂ ਪਰਵਾਸ ਹੰਢਾ ਰਹੇ ਪੁੱਤ ਦਾ ਦਰਦ ਬਿਆਨ ਕਰਦਾ ਕਹਿੰਦਾ ਹੈ ਕਿ

ਪਾਣੀ ਭਰੇ ਗਿਲਾਸ 'ਚ ਇਹ ਜੋ ਡੋਲ ਰਿਹਾ ਪਰਛਾਵਾਂ

ਮਾਏ ਨੀ! ਪਰਦੇਸੀ ਪੁੱਤ ਦਾ ਬਸ ਇਹੀ ਸਿਰਨਾਵਾਂ।

(ਮਨ ਪਰਦੇਸੀ 20)

ਇਨ੍ਹਾਂ ਸ਼ਿਅਰਾਂ ਰਾਹੀਂ ਗ਼ਜ਼ਲਕਾਰ ਬਿੰਬਾਂ, ਪ੍ਰਤੀਕਾਂ, ਜੰਮਣ-ਭੂਮੀ, ਹਵਾ, ਪਾਣੀ, ਹੱਡ ਅਤੇ ਜੀਵਨ ਦੀ ਸ਼ਕਤੀ ਹਿੰਮਤ ਆਦਿ ਵਰਤਦਾ ਹੋਇਆ ਪਰਵਾਸ ਅਤੇ ਜੰਮਣ ਭੂਮੀ ਦਾ ਉਹ ਯਥਾਰਥ ਪ੍ਰਸਤੁਤ ਕਰਦਾ ਹੈ ਜਿਹੜਾ ਜਿਸਮਾਂ ਲਈ ਤਾਂ ਪਰਵਾਸ ਹੈ ਪਰ ਯਾਦਾਂ ਅਤੇ ਚੇਤਿਆਂ ਦੀ ਪਟਾਰੀ ਵਿਚਲਾ ਉਹ ਦਰਦ ਹੈ। ਜਿਸ ਨੂੰ ਭੁਲਾਉਣ ਦੇ ਲਈ ਉਹ ਪੌਣ ਦੇ ਬਿੰਬ ਰਾਹੀਂ ਇਹ ਦਰਸਾਉਣ ਦਾ ਯਤਨ ਕਰਦਾ ਹੈ ਕਿ ਜਿਵੇਂ ਪੌਣ ਲਈ ਕਿਸੇ ਇਕ ਥਾਂ ਤੋਂ ਦੂਜੇ ਥਾਂ ਜਾਣ ਲਈ ਕੋਈ ਰੁਕਾਵਟ ਨਹੀਂ ਉਹ ਆਪਣਿਆਂ ਨੂੰ ਮਿਲਣ ਦੀ ਤਾਂਘ ਲਈ ਜ਼ਰੀਆ ਬਣਾਉਂਦਾ ਹੈ। ਪਿੰਡ ਵਿਚਲੀ ਨਹਿਰ ਅਤੇ ਉਸ ਨਾਲ ਜੁੜੀਆਂ ਯਾਦਾਂ ਉਸ ਦੇ ਚੇਤਿਆਂ ਵਿਚ ਹਮੇਸ਼ਾ ਗੂੰਜਦੀਆਂ ਰਹਿੰਦੀਆਂ ਹਨ। ਸੱਤ ਸਮੁੰਦਰੋਂ ਪਾਰ ਵੀ ਉਸ ਨੂੰ ਉੱਥੋਂ ਦੀ ਚਮਕ-ਦਮਕ ਮੋਹ ਨਹੀਂ ਸਕਦੀ। ਉਸ ਦੇ ਚੇਤਿਆਂ ਵਿਚੋਂ ਪਿੰਡ ਗੁਆਚਦਾ ਨਹੀਂ ਸਗੋਂ ਸੁਪਨਿਆਂ ਵਿਚ ਉਸ ਨੂੰ ਵਾਰ-ਵਾਰ ਪਿੰਡ ਪਰਤ ਜਾਣ ਲਈ ਉਕਸਾਉਂਦਾ ਹੈ। ਭਾਵੇਂ ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਵਿਚ ਅਨੇਕਾਂ ਪਰਵਾਸ ਨਾਲ ਜੁੜੇ ਸ਼ਿਅਰਾਂ ਨੂੰ ਪੇਸ਼ ਕੀਤਾ ਜਾ ਸਕਦਾ ਹੈ ਪਰ ਕੁਲ ਮਿਲਾ ਕੇ ਇਹੀ ਆਖਿਆ ਜਾ ਸਕਦਾ ਹੈ ਕਿ ਹਰ ਸ਼ਿਅਰ ਦਾ ਦਰਦ ਇਕ ਦੂਜੇ ਨਾਲ ਜਾ ਜੁੜਦਾ ਹੈ। ਸ਼ਬਦ, ਬਿੰਬ, ਪ੍ਰਤੀਕ ਭਾਵੇਂ ਵੱਖ ਹਨ ਪਰ ਸ਼ਾਇਰੀ ਇਕ ਹੈ।

ਗ਼ਜ਼ਲਗੋ ਜਸਵਿੰਦਰ ਆਪਣੀਆਂ ਗ਼ਜ਼ਲਾਂ ਵਿਚ ਪਰਵਾਸੀ ਸੰਵੇਦਨਾ ਪੇਸ਼ ਕਰਦਾ ਹੈ। ਪਰਵਾਸੀ ਜੀਵਨ ਬਾਰੇ ਜਸਵਿੰਦਰ ਨੇ ਵੀ ਆਪਣੀ ਸ਼ਾਇਰੀ ਵਿਚ ਉੱਥੋਂ ਦੇ ਦਰਦ ਨੂੰ ਬਿਆਨਿਆ ਹੈ। ਉਹ ਕਬਰਾਂ ਅੰਦਰ ਸੁੱਤੀਆਂ ਮਾਂਵਾਂ ਦੇ ਦਰਦ ਨੂੰ ਪਰਦੇਸ ਗਏ ਪੁੱਤਾਂ ਰਾਹੀਂ ਬਿਆਨਦਾ ਹੋਇਆ ਆਖਦਾ ਹੈ ਕਿ ਪਰਵਾਸ ਨੇ ਪੌਂਡ, ਡਾਲਰ, ਯੂਰੋ ਤਾਂ ਬਥੇਰੇ ਦੇ ਦਿੱਤੇ ਪਰ ਉਹਨਾਂ ਦੀਆਂ ਯਾਦਾਂ ਵਿਚਲੇ ਉਹ ਰਿਸ਼ਤੇ ਗੁਆਚੇ ਨਹੀਂ। ਕਬਰਾਂ ਜਿੱਥੇ ਮਨੁੱਖ ਦੀ ਅੰਤਮ ਥਾਂ ਹਨ। ਇਹ ਬਿੰਬ ਪਰਵਾਸੀਆਂ ਦੇ ਇਧਰਲੇ ਘਰਾਂ ਦਾ ਪ੍ਰਤੀਕ ਹੈ ਜਿੱਥੇ ਆਪਣਿਆਂ ਦੇ ਹੁੰਦੇ ਹੋਇਆਂ ਵੀ ਘਰ ਕੰਧਾਂ ਬਣ ਗਏ ਹਨ। ਅਜਿਹੀ ਹਾਲਤ ਵਿਚ ਮਾਂਵਾਂ ਆਪਣੇ ਲਾਡਲੇ ਪੁੱਤਾਂ ਨੂੰ ਉਡੀਕਦੀਆਂ ਕਬਰਾਂ ਤਕ ਪਹੁੰਚ ਗਈਆਂ ਹਨ।

ਪਰਦੇਸੀ ਪੁੱਤ ਪੂੰਝਦੇ ਅੱਖਾਂ ਪੌਂਡਾਂ ਨਾਲ

ਕਬਰਾਂ ਅੰਦਰ ਸੁੱਤੀਆਂ ਮਾਂਵਾਂ ਕਰ ਕੇ ਯਾਦ।

(ਅਗਰਬੱਤੀ 44)

ਵਿਦੇਸ਼ ਜਾਣ ਦੀ ਲਲਕ ਨੇ ਮਨੁੱਖ ਨੂੰ ਕਿਹੜੀਆਂ ਸੂਲੀਆਂ ਤੇ ਚਾੜ੍ਹਿਆ ਹੈ। ਇਸ ਦੇ ਦਰਦ ਨੂੰ ਸੂਲੀ, ਰੁੱਖ, ਪੌਂਡ, ਤਾਪ ਅਤੇ ਰੂਹ ਦੇ ਬਿੰਬਾਂ ਰਾਹੀਂ ਉਸ ਦਰਦ ਨੂੰ ਫੜਦਾ ਹੈ ਜਿਹੜਾ ਦਰਦ ਅਣਦੇਖਿਆ ਹੈ। ਇਹ ਦਰਦ ਹਰ ਪਰਵਾਸੀ ਦੇ ਹਿੱਸੇ ਆਇਆ ਹੈ। ਇਸ ਪੀੜਾ ਨੇ ਉਸ ਨੂੰ ਭਾਵੇਂ ਆਰਥਿਕ ਤੌਰ ਤੇ ਤਾਂ ਕਾਫੀ ਮਜਬੂਤ ਬਣਾ ਦਿੱਤਾ ਹੈ ਪਰ ਉਹ ਨਿੱਤ ਸੂਲੀ ਚੜਦਾ ਰਿਹਾ ਹੈ।

ਸੂਲ਼ੀ ਚੜ੍ਹ ਪਰਦੇਸੀ ਰੁੱਖ ਤੋਂ ਪੌਂਡ ਬਥੇਰੇ ਤੋੜੇ

ਰੂਹ ਨੂੰ ਚੜ੍ਹਿਆ ਤਾਪ ਨਾ ਟੁੱਟਿਆ, ਹੋਇਆ ਦੂਣ ਸਵਾਇਆ।

(ਅਗਰਬੱਤੀ 51)

ਡਾ. ਬਰਜਿੰਦਰ ਚੌਹਾਨ ਆਪਣੀਆਂ ਗ਼ਜ਼ਲਾਂ ਵਿਚ ਪਰਵਾਸੀ ਸਰੋਕਾਰਾਂ ਦੀ ਪੇਸ਼ਕਾਰੀ ਦਿੰਦਾ ਹੈ। ਪਰਵਾਸ ਮਨੁੱਖ ਦੇ ਜੀਵਨ ਨਾਲ ਮੁੱਢ ਤੋਂ ਹੀ ਜੁੜਿਆ ਹੋਇਆ ਹੈ। ਮਨੁੱਖ ਇਕ ਥਾਂ ਤੋਂ ਦੂਜੀ ਥਾਂ ਬੇਹਤਰ ਜ਼ਿੰਦਗੀ ਦੀ ਭਾਲ ਕਰਦਾ ਹੈ। ਦੂਸਰੀ ਥਾਂ ਤੇ ਜਾ ਕੇ ਉਸ ਨੂੰ ਆਪਣੇ ਪਿਛੋਕੜ ਦਾ ਮੋਹ ਆਉਂਦਾ ਹੈ। ਭੂ-ਹੇਰਵਾ, ਰਿਸ਼ਤਿਆਂ ਦਾ ਆਪਣੇ ਦੇਸ਼ ਵਿਚ ਰਹਿ ਜਾਣਾ, ਪਿੰਡ ਦੇ ਪਿੱਪਲ, ਬੋਹੜ, ਖੂਹ, ਤ੍ਰਿੰਝਣਾਂ, ਧੁੱਪਾਂ, ਰਿਸ਼ਤਿਆਂ ਦਾ ਨਿੱਘ ਤੇ ਹੋਰ ਬਹੁਤ ਕੁੱਝ ਚੇਤੇ ਆਉਂਦਾ ਹੈ। ਸ਼ਹਿਰੀਕਰਨ ਦੀ ਪ੍ਰਕਿਰਿਆ ਵਿਚ ਪਏ ਮਨੁੱਖ ਦੀ ਉਹ ਹੋਣੀ ਹੈ ਜੋ ਦੁਨੀਆਂ ਦੇ ਹਰ ਖਿੱਤੇ ਵਿਚ ਬਰਾਬਰ ਹੰਢਾਉਣੀ ਪੈ ਰਹੀ ਹੈ। ਮਨੁੱਖੀ ਮਾਨਸਿਕਤਾ ਦੀ ਟੁੱਟ-ਭੱਜ, ਉੱਥਲ-ਪੁੱਥਲ, ਸੱਖਣਾਪਨ, ਪਛਾਣਹੀਣਤਾ, ਅਜਨਬੀਪਨ, ਇੱਕਲਤਾ, ਨਿਗੂਣੇਪਣ ਦਾ ਅਹਿਸਾਸ ਅਤੇ ਰਿਸ਼ਤਿਆਂ ਦਾ ਬਦਲਦਾ ਰੂਪ ਉਹਨਾਂ ਲੋਕਾਂ ਨੂੰ ਭੁਗਤਣਾ ਪੈਂਦਾ ਹੈ ਜੋ ਆਪਣੀ ਜਨਮਭੂਮੀ ਛੱਡ ਕੇ ਬੇਗਾਨੀਆਂ ਥਾਂਵਾਂ ਤੇ ਜਾਂਦੇ ਹਨ। ਉੱਥੇ ਰਹਿੰਦਿਆਂ ਜਦੋਂ ਉਹਨਾਂ ਨੂੰ ਬੇਗਾਨੀ ਧਰਤੀ ’ਤੇ ਇਕਲਾਪੇ ਅਤੇ ਬੇਗਾਨੇਪਨ ਦਾ ਅਹਿਸਾਸ ਹੁੰਦਾ ਹੈ ਤਾਂ ਉਹਨਾਂ ਨੂੰ ਉੱਥੋਂ ਦੀਆਂ ਠੰਢੀਆਂ ਛਾਂਵਾਂ ਵੀ ਧੁੱਪਾਂ ਪ੍ਰਤੀਤ

ਹੁੰਦੀਆਂ ਹਨ। ਰੋਜ਼ਗਾਰ ਦੀ ਤਲਾਸ਼ ਵਿਚ ਪੁੱਜੇ ਉਹਨਾਂ ਪਰਵਾਸੀਆਂ ਦੇ ਕੋਲੋਂ ਆਪਣੇ ਸਗੇ-ਸਬੰਧੀ ਮਿੱਤਰ ਪਿਆਰੇ ਅਤੇ ਉਹ ਥਾਂਵਾਂ ਹੀ ਨਹੀਂ ਗੁਆਚੀਆਂ ਜਿਸ ਦੇ ਸਾਹ ਵਿਚ ਸਾਹ ਲੈ ਕੇ ਜਿਉਂਦੇ ਸਨ। ਪਰਵਾਸ ਉਹਨਾਂ ਲਈ ਰੁਜ਼ਗਾਰ ਤਾਂ ਦਿੰਦਾ ਹੈ ਪਰ ਜਿਨ੍ਹਾਂ ਥਾਂਵਾਂ ਤੇ ਉਹ ਜੰਮੇ ਪਲੇ, ਜਵਾਨ ਹੋਏ ਉਹਨਾਂ ਥਾਂਵਾਂ ਤੇ ਜਦੋਂ ਉਹ ਵਾਪਸ ਆਉਂਦੇ ਹਨ ਤਾਂ ਉਹਨਾਂ ਦੀ ਹਾਲਤ ਆਪਣੇ ਪਿੰਡ ਅਤੇ ਘਰ ਵਿਚ ਅਜਨਬੀਆਂ ਵਰਗੀ ਬਣ ਜਾਂਦੀ ਹੈ। ਪਰ ਬਹੁਤ ਸਾਰੇ ਅਜਿਹੇ ਵੀ ਪਰਵਾਸੀ ਹਨ ਜਿਹਨਾਂ ਨੂੰ ਆਪਣਾ ਆਪਣੀ ਜੰਮਣ-ਭੂਮੀ ਅਤੇ ਘਰ ਸਦਾ ਸਿਰਨਾਵਾਂ ਵੀ ਭੁੱਲ ਗਿਆ ਹੈ। ਉਹ ਉਹਨਾਂ ਥਾਂਵਾਂ ਦੇ ਵਾਸੀ ਬਣ ਗਏ ਹਨ। ਜਿਹੜੀਆਂ ਉਹਨਾਂ ਨੂੰ ਘਰ ਪਰਤਣ ਲਈ ਚੋਭਾਂ ਮਾਰਦੀਆਂ ਹਨ। ਪਰਵਾਸ ਨੇ ਮਨੁੱਖ ਨੂੰ ਇੰਨਾਂ ਬੇਕਿਰਕ ਕਰ ਦਿੱਤਾ ਹੈ ਕਿ ਉਹ ਆਪਣਿਆਂ ਨੂੰ ਵੀ ਭੁੱਲ ਗਿਆ ਹੈ। ਜਿਸ ਦਾ ਸੰਤਾਪ ਉਹ ਆਪ ਹੀ ਨਹੀਂ ਉਸ ਦੇ ਘਰਾਂ ਵਿਚ ਰਹਿ ਗਏ ਮਾਪੇ ਅਤੇ ਹੋਰ ਰਿਸ਼ਤੇ ਨਾਤੇ ਭੋਗ ਰਹੇ ਹਨ।

ਇਕ ਦਿਨ ਘਰ ਦਾ ਸਿਰਨਾਵਾਂ ਵੀ ਭੁੱਲ ਗਏ

ਪਰਦੇਸਾਂ ਵਿਚ ਆਏ ਸੀ ਰੁਜ਼ਗਾਰ ਲਈ।

(ਸਫ਼ਰ ਦੀ ਖੁਸ਼ਬੋ 50)

ਸੱਤ ਸਮੁੰਦਰੋਂ ਪਾਰ ਪਹੁੰਚੇ ਪਰਵਾਸੀ ਆਪਣੇ ਨਾਲ ਖੱਟੀਆਂ-ਮਿੱਠਆਂ ਯਾਦਾਂ ਵੀ ਲੈ ਕੇ ਉਹਨਾਂ ਪਰਾਏ ਰਸਤਿਆਂ ਰਾਹੀਂ ਉੱਥੇ ਪਹੁੰਚੇ ਹਨ ਜਿੱਥੇ ਉਹਨਾਂ ਦਾ ਕੋਈ ਵੀ ਆਪਣਾ ਨਹੀਂ ਪਰ ਜਿਹੜੇ ਪਹਿਲਾਂ ਪੁੱਜੇ ਦੇਸ਼ਾਂ ਵਿਚ ਪਰਵਾਸੀ ਉਹਨਾਂ ਲਈ ਰਾਹ ਰਾਸਤੇ ਬਣਦੇ ਹਨ ਕਿਉਂ ਕਿ ਉਹਨਾਂ ਦੇ ਅੰਦਰ ਅਜੇ ਆਪਣੇ ਉਹ ਘਰ ਉਹਨਾਂ ਦੇ ਮਨਾਂ ਵਿਚ ਜਿਉਂਦੇ ਹਨ ਜਿਨ੍ਹਾਂ ਉਹ ਛੱਡ ਕੇ ਕਈ ਦਹਾਕੇ ਪਹਿਲਾਂ ਗਏ ਸਨ। ਘਰ ਮਨੁੱਖ ਦੀ ਸੋਚ ਅੰਦਰ ਹਮੇਸ਼ਾ ਵਾਸ ਕਰਦਾ ਹੈ। ਘਰ ਤੋਂ ਬਿਨਾਂ ਜ਼ਿੰਦਗੀ ਦਾ ਕੋਈ ਅਰਥ ਨਹੀਂ। ਅਰਥ ਵਿਹੂਣੀ ਜ਼ਿੰਦਗੀ ਪਰਵਾਸ ਨੇ ਉਹਨਾਂ ਪਰਵਾਸੀਆਂ ਦੇ ਚੇਤਿਆਂ ਵਿਚ ਵਸਾ ਦਿੱਤੀ ਹੈ ਪਰ ਉਹਨਾਂ ਦੇ ਮਨਾਂ ਅੰਦਰ ਆਪਣੇ ਪਹਿਲੇ ਘਰ ਦੀਆਂ ਯਾਦਾਂ ਦੇ ਚਿੱਤਰ ਹਮੇਸ਼ਾ ਜਿਉਂਦੇ ਰਹਿੰਦੇ ਹਨ।

ਸੱਤ ਸਮੁੰਦਰ ਪਾਰ ਪਰਾਏ ਰਾਹਾਂ ਵਿਚ ਰਾਹਤ ਬਣਦੇ

ਰਾਹੀਆਂ ਨੇ ਸੋਚਾਂ ਦੇ ਅੰਦਰ ਜੋ ਘਰ ਸਾਂਭੇ ਹੋਏ ਨੇ।

(ਸਫ਼ਰ ਦੀ ਖੁਸ਼ਬੋ 52)

ਗ਼ਜ਼ਲਗੋ ਆਪਣੀ ਗ਼ਜ਼ਲ ਵਿਚ ਪਰਵਾਸੀ ਬੰਦੇ ਦੇ ਉਪਜੇ ਮਾਨਸਿਕ ਸੰਤਾਪ ਨੂੰ ਉਜਾਗਰ ਕਰਦਾ ਹੈ। ਜੋ ਪਰਵਾਸੀ ਵਿਦੇਸ਼ਾਂ ਵਿਚ ਰੋਜ਼ੀ-ਰੋਟੀ ਲਈ ਜਾਂਦੇ ਹਨ ਅਤੇ ਪਰਾਈ ਧਰਤੀ ’ਤੇ ਉਨ੍ਹਾਂ ਨੂੰ ਅਨੇਕਾਂ ਮੁਸ਼ਕਿਲਾਂ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਪੱਛਮੀ ਮੁਲਕਾਂ ਵਿਚ ਪੈਦਾ ਹੋਏ ਉਹਨਾਂ ਦੇ ਬੱਚੇ ਇਕ ਨਵੇਂ ਸੱਭਿਆਚਾਰ ਵਿਚ ਵੱਡੇ ਹੁੰਦੇ ਹਨ ਅਤੇ ਆਪਣੇ ਸਭਿਆਚਾਰ ਤੋਂ ਉਹਨਾਂ ਦਾ ਮੋਹ ਭੰਗ ਹੋ ਜਾਂਦਾ ਹੈ। ਇਸ ਤਰ੍ਹਾਂ ਪਰਵਾਸੀ ਬੰਦਾ ਦੋ ਸਰਹੱਦਾਂ, ਦੋ

ਸੀਮਾਵਾਂ, ਦੁਚਿੱਤੀਆਂ ਅਤੇ ਦਵੰਦਾਂ ਵਿਚ ਫਸਿਆ ਹੀ ਜ਼ਿੰਦਗੀ ਗੁਜ਼ਾਰ ਦਿੰਦਾ ਹੈ। ਅਜੋਕੇ ਮਸ਼ੀਨੀ ਯੁੱਗ ਵਿਚ ਮਨੁੱਖੀ ਸਿਰਜਨਾਵਾਂ ਮਰ ਰਹੀਆਂ ਹਨ ਅਤੇ ਉਨਾਂ ਦੀ ਹੋਂਦ ਵੀ ਖਤਮ ਹੋ ਰਹੀ ਹੈ। ਅਜੋਕੇ ਸਮੇਂ ਦੇ ਮਨੁੱਖ ਦੀ ਰੁਝੇਵੇਂ ਭਰੀ ਜ਼ਿੰਦਗੀ ਰਸਮੀਪਨ ਅਤੇ ਰੁੱਖੇਪਨ ਨੂੰ ਜਨਮ ਦਿੰਦੀ ਹੈ। ਪੈਸੇ ਦੀ ਦੌੜ ਵਿਚ ਸਾਰੇ ਮਸਤ ਹਨ। ਜਿਸ ਵਿਚ ਸੁਆਰਥਵਾਦੀ ਸੁਭਾਅ ਉਜਾਗਰ ਹੁੰਦਾ ਜਾ ਰਿਹਾ ਹੈ। ਇਸ ਵਰਤਾਰੇ ਵਿਚ ਉਤਪੰਨ ਹੋ ਰਹੀ ਇਕਲਾਪੇ ਅਤੇ ਉਦਾਸੀ ਦੀ ਸਥਿਤੀ ਪਰਵਾਸੀ ਮਨੁੱਖ ਅਤੇ ਆਵਾਸੀ ਮਨੁੱਖ ਨਾਲ ਵੀ ਵਾਪਰ ਰਹੀ ਹੈ। ਅਜੋਕੇ ਸਮੇਂ ਪੱਛਮੀ ਦੇਸ਼ ਦੇ ਪੰਜਾਬੀ ਬੰਦੇ ਕੋਲ ਆਪਣੀ ਜ਼ਿੰਦਗੀ ਵਿਚੋਂ ਵਿਹਲ ਦਾ ਇਨ੍ਹਾਂ ਸਮਾਂ ਨਹੀਂ ਹੈ ਕਿ ਉਹ ਆਪਣੇ ਪਰਿਵਾਰ ਦੇ ਦੂਸਰੇ ਮੈਂਬਰਾਂ ਨਾਲ ਬਤੀਤ ਕਰ ਸਕੇ। ਅਜੋਕੇ ਮਨੁੱਖ ਦੇ ਮਸਲਿਆਂ ਨਾਲ ਸਬੰਧਤ ਗ਼ਜ਼ਲਕਾਰ ਦੀਆਂ ਗ਼ਜ਼ਲਾਂ ਵਿਚ ਮਨੁੱਖ ਦੀ ਅਸਤਿਤਵੀ ਅਤੇ ਸੰਕਟਮਈ ਸਥਿਤੀ ਦੀ ਝਲਕ ਮਿਲਦੀ ਹੈ।

ਗ਼ਜ਼ਲਕਾਰ ਜਗਵਿੰਦਰ ਜੋਧਾ ਆਪਣੀਆਂ ਗ਼ਜ਼ਲਾਂ ਵਿਚ ਪਰਵਾਸੀ ਸੰਵੇਦਨਾ ਨੂੰ ਇਉਂ ਪ੍ਰਗਟ ਕਰਦਾ ਹੈ। ਵਿਦੇਸ਼ਾਂ ਵਿਚ ਵਸ ਰਹੇ ਪਰਦੇਸੀਆਂ ਦੀਆਂ ਸੱਜ-ਵਿਆਹੀਆਂ ਆਪਣੇ ਸੁਹਾਗ ਲਈ ਰੋਂਦੀਆਂ, ਕੁਰਲਾਉਂਦੀਆਂ ਹਨ। ਉਹਨਾਂ ਦੀਆਂ ਚੂੜੇ ਵਾਲੀਆਂ ਬਾਹਵਾਂ ਨੇ ਆਪਣੇ ਹੌਕਿਆਂ ਅਤੇ ਸਿਸਕੀਆਂ ਨੂੰ ਮੁੱਖ ਰੱਖ ਕੇ ਤਾਰਿਆਂ ਦੀ ਛਾਹਵੇਂ ਆਪਣੇ ਪਰਦੇਸੀ ਪਤੀਆਂ ਨੂੰ ਚਿੱਠੀਆਂ ਲਿਖੀਆਂ ਕਿ ਉਹ ਵਤਨਾਂ ਨੂੰ ਮੁੜ ਆਉਣ ਅਤੇ ਆਪਣੇ ਪਰਿਵਾਰ ਨਾਲ ਰਹਿ ਕੇ ਸਮਾਂ ਗੁਜ਼ਾਰਨ।

ਰੋਂਦੀਆਂ ਵੰਗਾਂ ਨੇ ਕਰ ਕੇ ਸਿਸਕੀਆਂ 'ਤੇ ਦਸਤਖ਼ਤ

ਤਾਰਿਆਂ ਦੀ ਮਾਰਫ਼ਤ ਪਰਦੇਸੀਆਂ ਨੂੰ ਖ਼ਤ ਲਿਖੇ।

(ਸਾਰੰਗੀ 16)

ਪਰਦੇਸੀ ਪੁੱਤਾਂ ਦੀਆਂ ਮਾਵਾਂ ਪੰਜਾਬ ਦੀ ਧਰਤੀ ਤੇ ਬੈਠੀਆਂ ਆਪਣੇ ਪੁੱਤਾਂ ਦੀ ਉਡੀਕ ਵਿਚ ਹਨ ਕਿ ਕਦੋਂ ਉਹਨਾਂ ਦੇ ਬੁਢਾਪੇ ਦਾ ਸਹਾਰਾ ਉਹਨਾਂ ਕੋਲ ਪਰਤ ਆਵੇ। ਉਹਨਾਂ ਦੇ ਪੁੱਤ ਪਰਦੇਸਾਂ ਵਿਚ ਆਪਣੇ ਪਰਿਵਾਰ ਨੂੰ ਸੁੱਖ ਅਤੇ ਐਸ਼ ਦੀ ਜ਼ਿੰਦਗੀ ਦੇਣ ਲਈ ਹੱਢ ਭੰਨਵੀਂ ਮਿਹਨਤ ਕਰਦੇ ਹਨ ਅਤੇ ਪੈਸੇ ਭੇਜਦੇ ਹਨ ਤਾਂ ਜੋ ਉਹਨਾਂ ਦੇ ਪਰਿਵਾਰ ਦੇ ਜੀਆਂ ਨੂੰ ਕਿਸੇ ਚੀਜ਼ ਦੀ ਖ਼ਾਤਿਰ ਮਨ ਨਾ ਮਾਰਨਾ ਪਵੇ। ਇਸ ਨੂੰ ਦਰਸਾਉਂਦੀ ਪੰਜਾਬੀ ਗ਼ਜ਼ਲਕਾਰਾ ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਵੇਖੀ ਜਾ ਸਕਦੀ ਹੈ।

ਕੰਵਲ ਅਗਨ ਦੇ ਨੇ ਤਰਦੇ ਜਿੱਥੇ

ਤੇ ਹੰਸ ਡੁੱਬ ਡੁੱਬ ਕੇ ਮਰਦੇ ਜਿੱਥੇ

ਗਏ ਨੇ ਸਾਡੇ ਮਲੂਕ ਬੂਟੇ

ਥਲਾਂ 'ਚੋਂ ਛਾਵਾਂ ਕਮਾਉਣ ਖ਼ਾਤਰ

(ਪੁੰਨਿਆਂ 87)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰਭਜਨ ਗਿੱਲ ਨੇ ਪਰਵਾਸ ਦੀ ਸੰਵੇਦਨਾ ਨੂੰ ਆਪਣੀਆਂ ਗ਼ਜ਼ਲਾਂ ਵਿਚ ਬਾਖੂਬੀ ਬਿਆਨ ਕੀਤਾ ਹੈ। ਜਿਸ ਵਿਚ ਜਸਵਿੰਦਰ, ਸਤੀਸ਼ ਗੋਲਾਟੀ, ਜਗਵਿੰਦਰ ਜੋਧਾ, ਸੁਰਜੀਤ ਸਖੀ, ਅਜ਼ੀਮ ਸ਼ੇਖ਼ਰ, ਸੁਖਵਿੰਦਰ ਅੰਮ੍ਰਿਤ ਨੇ ਵੀ ਆਪਣੀਆਂ ਗ਼ਜ਼ਲਾਂ ਵਿਚ ਪਰਵਾਸੀ ਸੰਵੇਦਨਾ ਦੀ ਝਲਕ ਪੇਸ਼ ਕਰਦੇ ਹਨ।

### 3.7 ਭੂ-ਹੇਰਵਾ:

ਭੂ-ਹੇਰਵਾ ਬੀਤ ਚੁੱਕੇ ਨੂੰ ਮੁੜ ਜਿਊਣ ਦੀ ਤਾਂਘ ਹੈ। ਜਦੋਂ ਕੋਈ ਮਨੁੱਖ ਨਵੇਂ ਸੰਸਾਰ ਵਿਚ ਖੁਦ ਨੂੰ ਸਥਾਪਿਤ ਨਹੀਂ ਕਰ ਸਕਦਾ ਤਾਂ ਉਹ ਬੀਤੇ ਵੱਲ ਮੁੜਨ ਲਈ ਤਾਂਘਦਾ ਹੈ ਤਾਂ ਉਹ ਭੂ-ਹੇਰਵੇ ਦਾ ਸ਼ਿਕਾਰ ਹੋ ਜਾਂਦਾ ਹੈ। ਡਾ. ਸਵਰਨ ਚੰਦਨ ਆਪਣੀ ਪੁਸਤਕ 'ਬਰਤਾਨਵੀ ਪੰਜਾਬੀ ਸਾਹਿਤ ਦੀਆਂ ਸਮੱਸਿਆਵਾਂ' ਵਿਚ ਭੂ-ਹੇਰਵਾ ਸ਼ਬਦ ਦੇ ਅਰਥ ਦੱਸੇ ਹਨ: "ਭੂ-ਹੇਰਵਾ ਇਕ ਸ਼ਬਦਹੀ ਨਹੀਂ ਹੈ ਸਗੋਂ ਇਹ ਇਕ ਸੰਕਲਪ ਹੈ ਅਤੇ ਅੰਗਰੇਜ਼ੀ ਦੇ ਸੰਕਲਪਮਈ ਸ਼ਬਦ 'NOSTALGIA'ਦਾ ਪੰਜਾਬੀ ਰੂਪਾਂਤਰਣ ਹੈ। ਇਹ ਸ਼ਬਦ ਦੋ ਰੂਪਗ੍ਰਾਮਾਂ 'NOSTOS + ALGIA' ਦਾ ਜਮਾਂ ਜੋੜ ਹੈ ਅਤੇ ਇਹਨਾਂ ਦੋਹਾਂ ਦੇ ਕ੍ਰਮਵਾਰ ਅਰਥ ਹਨ: ਬੀਤੇ ਦੀ ਵਾਪਸੀ ਅਤੇ ਹੇਰਵਾ।"(65) ਆਪਣੇ ਉੱਜਵਲ ਭਵਿੱਖ ਲਈ ਵਧੇਰੇ ਲਾਲਸਾਵਾਂ ਜਾਂ ਆਰਥਿਕ ਤੰਗੀਆਂ ਤੁਰਸ਼ੀਆਂ ਕਾਰਨ ਜਦੋਂ ਕੋਈ ਮਨੁੱਖ ਪਰਵਾਸ ਧਾਰਨ ਕਰਦਾ ਹੈ ਤਾਂ ਉਸ ਨੂੰ ਆਪਣੀ ਮਿੱਟੀ ਦੀ, ਆਪਣੀ ਭੂਮੀ ਦੀ ਬਹੁਤ ਯਾਦ ਸਤਾਉਂਦੀ ਹੈ। ਭੂ-ਹੇਰਵਾ ਬੀਤ ਚੁੱਕੇ ਜੀਵਨ ਨੂੰ ਮੁੜ ਜਿਉਣ ਦੀ ਤਾਂਘ ਹੈ। ਭੂ-ਹੇਰਵੇ ਨੂੰ ਵਿਦੇਸ਼ੀ ਵਿਦਵਾਨ Harry Shaw 'Dictionary Of Literary Terms' ਰਾਹੀਂ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ:

'A desire to return in thought or in fact to one's home to a former time in one's life, to one's friends and family. Nostalgia word derived from Greek words meaning "return home" and "pain" is usually associated with homesickness with a longing for the past.' (256)

ਜਦੋਂ ਕੋਈ ਮਨੁੱਖ ਨਵੇਂ ਸੰਸਾਰ ਵਿਚ ਖੁਦ ਨੂੰ ਸਥਾਪਿਤ ਨਹੀਂ ਕਰ ਸਕਦਾ ਤਾਂ ਉਹ ਆਪਣੇ ਬੀਤੇ ਵੱਲ ਤਾਂਘ ਭਰੀਆਂ ਨਜ਼ਰਾਂ ਨਾਲ ਤੱਕਦਾ ਹੈ ਤਾਂ ਉਹ ਭੂ-ਹੇਰਵੇ ਦਾ ਸ਼ਿਕਾਰ ਹੁੰਦਾ ਹੈ। ਆਪਣੇ ਉੱਜਵਲ ਭਵਿੱਖ, ਵਧੇਰੇ ਲਾਲਸਾਵਾਂ ਜਾਂ ਆਰਥਿਕ ਤੰਗੀਆਂ ਤੁਰਸ਼ੀਆਂ ਕਾਰਨ ਕੋਈ ਮਨੁੱਖ ਪਰਵਾਸ ਧਾਰਨ ਕਰਦਾ ਹੈ ਤਾਂ ਨਵੀਨ ਸਮਾਜਿਕ ਵਾਤਾਵਰਨ ਉਸ ਦੀ ਮਾਨਸਿਕਤਾ ਵਿਚ ਵਸੇ ਭਵਿੱਖਮਈ ਬਿੰਬਾਂ ਨੂੰ ਤੋੜਦਾ ਹੈ। ਸਿੱਟੇ ਵਜੋਂ ਉਹ ਆਪਣੇ ਭੂਤਮੁਖੀ ਜੀਵਨ ਪ੍ਰਤੀ ਰੁਚਿਤ ਹੁੰਦਾ ਹੈ। ਭੂ-ਹੇਰਵੇ ਦਾ ਸ਼ਿਕਾਰ ਮਨੁੱਖ ਆਪਣੇ ਭੂਤਕਾਲ ਨਾਲ ਗਹਿਰੀ ਤਰ੍ਹਾਂ ਜੁੜਿਆ ਹੁੰਦਾ ਹੈ। ਭਵਿੱਖ ਅਤੇ ਵਰਤਮਾਨ ਉਸ ਦੇ ਜੀਵਨ ਵਿਚੋਂ ਖਾਰਜ ਹੋ ਚੁੱਕੇ ਹਨ ਜਿਸ ਕਾਰਨ ਉਹ ਬੀਤ ਚੁੱਕੇ ਸਮੇਂ ਲਈ ਤਾਂਘਦਾ ਪ੍ਰਤੀਤ

ਹੁੰਦਾ ਹੈ। ਪਹਿਲੀ ਪੀੜ੍ਹੀ ਦੇ ਪਾਤਰ ਨਿਰੰਤਰ ਭੂ-ਹੇਰਵੇ ਦਾ ਸ਼ਿਕਾਰ ਹੁੰਦੇ ਦੇਖੇ ਗਏ ਹਨ ਜਦ ਕਿ ਦੂਜੀ ਪੀੜ੍ਹੀ ਦੇ ਪਾਤਰ ਇਸ ਤਣਾਊ ਤੋਂ ਮੁਕਤ ਹਨ।

ਸੋਨੇ ਦੇ ਪਿੰਜਰੇ ਵਿਚ ਹਰ ਪਰਦੇਸੀ ਜੀਅ

ਆਪਣੇ ਪਿੰਡ ਦੀ ਮਿੱਟੀ ਚੇਤੇ ਕਰਦਾ ਹੈ।

(ਮੋਰ ਪੰਖ 46)

ਗੁਰਭਜਨ ਗਿੱਲ ਆਪਣੇ ਸ਼ਿਅਰ ਦੇ ਸੰਦਰਭ ਵਿਚ ਭੂ-ਹੇਰਵਾ ਨੂੰ ਵਿਅਕਤ ਕਰਦਾ ਹੋਇਆ ਲਿਖਦਾ ਹੈ ਕਿ ਆਪਣੇ ਦੇਸ਼ ਤੋਂ ਪਰਾਏ ਦੇਸ਼ ਲੋਕ ਮਜਬੂਰੀਵਸ ਕਮਾਈਆਂ ਤਾਂ ਕਰਨ ਆ ਜਾਂਦੇ ਹਨ ਪਰ ਉਹਨਾਂ ਨੂੰ ਘਰਦਿਆਂ ਤੋਂ ਦੂਰ ਵਿਛੋੜੇ ਦਾ ਦਰਦ ਸਹਿਣਾ ਪੈਂਦਾ ਹੈ ਜੋ ਉਹਨਾਂ ਦੀਆਂ ਛੋਟੀਆਂ-ਛੋਟੀਆਂ ਇੱਛਾਵਾਂ ਨੂੰ ਮਾਰ ਮੁਕਾਉਂਦਾ ਹੈ।

ਘਰੋਂ ਤਾਂ ਆਏ ਕਰਨ ਕਮਾਈ ਧਰਤ ਪਰਾਈ ਉੱਤੇ,

ਕੈਸਾ ਹੈ ਬਨਵਾਸ ਜੋ ਕੁਤਰੇ ਨਿੱਕੇ-ਨਿੱਕੇ ਚਾਵਾਂ।

(ਮਨ ਪਰਦੇਸੀ 20)

ਘਰ ਤੋਂ ਬਾਹਰ ਗਿਆਂ ਦੀ ਸਾਂਝ ਜਿੱਥੇ ਹੁਣ ਫ਼ੋਨ ਕਰਵਾਉਂਦਾ ਹੈ ਪਹਿਲੇ ਸਮਿਆਂ ਵਿਚ ਇਕ ਦੂਜੇ ਦਾ ਦੁੱਖ ਦਰਦ ਚਿੱਠੀਆਂ ਹੀ ਦੱਸਦੀਆਂ ਸਨ। ਚਿੱਠੀ ਭਾਵੇਂ ਆਪ ਨਹੀਂ ਸੀ ਬੋਲਦੀ ਪਰ ਉਸ ਅੰਦਰ ਲਿਖੀ ਇਬਾਰਤ ਘਰ ਬਾਰ ਦਾ ਹਾਲ ਦੱਸ ਦਿੰਦੀ ਸੀ। ਚਿੱਠੀਆਂ ਨੂੰ ਪੜ੍ਹਦਾ ਪਰਵਾਸੀ ਰੋਂਦਾ ਕੁਰਲਾਉਂਦਾ ਆਪਣੇ ਦਰਦ ਨੂੰ ਭੁੱਲਣ ਲਈ ਨਸ਼ੇ ਦਾ ਸਹਾਰਾ ਲੈਂਦਾ ਹੈ। ਉਸ ਦੇ ਨਸ਼ੇ ਦੇ ਗਿਲਾਸ ਵਿਚ ਉਸ ਦੇ ਆਪਣੇ ਹੰਝੂ ਅਤੇ ਚਿੱਠੀ ਵਿਚ ਲਿਖੇ ਉਹ ਦਰਦ ਵੀ ਸ਼ਾਮਿਲ ਹੋ ਜਾਂਦੇ ਹਨ ਜਿਹੜੇ ਉਸ ਨੂੰ ਸਭ ਕੁੱਝ ਭੁੱਲ ਜਾਣ ਲਈ ਕੌੜਾ-ਘੁੱਟ ਭਰਨ ਨੂੰ ਮਜਬੂਰ ਕਰ ਦਿੰਦੇ ਹਨ। ਕੌੜਾ ਘੁੱਟ ਏਥੇ ਕਈ ਅਰਥਾਂ ਵਿਚ ਰੂਪਮਾਨ ਹੋਇਆ ਹੈ।

ਵਤਨੋਂ ਆਈ ਚਿੱਠੀ ਸੌਵੀਂ ਵਾਰ ਪੜ੍ਹਨ ਤੋਂ ਪਿੱਛੋਂ

ਅੱਥਰੂ ਪੀ ਕੇ ਉਸ ਨੇ ਕੌੜਾ ਪਾਣੀ ਮੂੰਹ ਨੂੰ ਲਾਇਆ।

(ਅਗਰਬੱਤੀ 51)

ਕੋਈ ਵੀ ਮਨੁੱਖ ਇੱਕ ਥਾਂ ਤੋਂ ਦੂਜੀ ਥਾਂ ਸ਼ੌਂਕ ਨਾਲ ਨਹੀਂ ਬਲਕਿ ਮਜਬੂਰੀ ਨਾਲ ਜਾਂਦਾ ਹੈ। ਮਨੁੱਖ ਦੀ ਮਜਬੂਰੀ ਆਰਥਿਕਤਾ ਨਾਲ ਤਾਂ ਸਿੱਧੇ ਰੂਪ ਵਿਚ ਜੁੜੀ ਹੋਈ ਹੈ ਪਰ ਬੇਘਰ ਹੋਣ ਲਈ ਕਿਸੇ ਮਨੁੱਖ ਦੀ ਇੱਛਾ ਨਹੀਂ ਹੁੰਦੀ। ਜਦੋਂ ਕਿਸੇ ਥਾਂ 'ਤੇ ਰੋਜ਼ੀ-ਰੋਟੀ ਦੇ ਲਾਲੇ ਪੈ ਜਾਣ ਤਾਂ ਮਨੁੱਖ ਦੂਜੀਆਂ ਥਾਂਵਾਂ 'ਤੇ ਪਰਵਾਸ ਕਰਦਾ ਹੈ।

ਫੇਰ ਕੀ ਮਜਬੂਰ ਜੇ ਹੋਣਾ ਪਿਆ ਪਰਵਾਸ 'ਤੇ

ਬੇਘਰੇ ਹੋਣਾ ਵੀ ਪੈਂਦਾ ਹੈ ਕਦੇ ਘਰ ਵਾਸਤੇ।

(ਸਫ਼ਰ ਦੀ ਖ਼ੁਸ਼ਬੋ 16)

ਗ਼ਜ਼ਲਕਾਰ ਸਤੀਸ਼ ਗੁਲਾਟੀ ਆਪਣੀਆਂ ਗ਼ਜ਼ਲਾਂ ਵਿਚ ਪਰਵਾਸੀ ਸਰੋਕਾਰਾਂ ਨੂੰ ਚਿਤਰਦੇ ਹਨ। ਇਹ ਗੱਲ ਠੀਕ ਹੈ ਕਿ ਚਾਹੇ ਅਸੀਂ ਦਿੱਲੀ ਦੱਖਣ ਘੁੰਮ ਆਈਏ ਤਾਂ ਵੀ ਸਕੂਨ ਆਪਣੇ ਘਰ ਆ ਕੇ ਹੀ ਮਿਲਦਾ ਹੈ। ਇਸ ਤਰ੍ਹਾਂ ਹੀ ਆਪਣੇ ਵਤਨਾਂ ਤੋਂ ਵਿਦੇਸ਼ੀ ਧਰਤੀ 'ਤੇ ਜਾ ਕੇ ਰਹਿਣ ਵਾਲੇ ਭਾਵੇਂ ਕਿੰਨੇ ਪੈਸੇ ਕਮਾਈ ਜਾਣ, ਕਿੰਨੀਆਂ ਸੁੱਖ-ਸਹੂਲਤਾਂ ਹੰਢਾਈਂ ਜਾਣ ਪਰ ਆਪਣਾ ਵਤਨ ਆਪਣਾ ਘਰ ਹਮੇਸ਼ਾ ਉਹਨਾਂ ਦੀਆਂ ਯਾਦਾਂ ਵਿਚ ਘੁੰਮਦਾ ਰਹਿੰਦਾ ਹੈ। ਇਸ ਨੂੰ ਦਰਸਾਉਂਦਾ ਹੇਠ ਲਿਖਿਆ ਸ਼ਿਅਰ ਵੇਖਿਆ ਜਾ ਸਕਦਾ ਹੈ।

ਕਿਸੇ ਵੀ ਧਰਤ 'ਤੇ ਜਾ ਕੇ ਬਸੇਰਾ ਕਰ ਲਵੋ ਭਾਵੇਂ

ਹਮੇਸ਼ਾ ਸਿਮਰਤੀ ਵਿਚ ਰਹਿੰਦੀਆਂ ਹਨ ਘਰ ਦੀਆਂ ਕੰਧਾਂ।

(ਚੁੱਪ ਜਿਹਾ ਸੰਵਾਦ 49)

ਜਗਵਿੰਦਰ ਜੋਧਾ ਆਪਣੇ ਸ਼ਿਅਰ ਰਾਹੀਂ ਇਕ ਪਰਦੇਸੀ ਦੇ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਦੇ ਦਰਦ ਨੂੰ ਬਿਆਨ ਕਰਦਾ ਹੈ ਕਿ ਪਰਦੇਸੀ ਨੂੰ ਸਟੇਸ਼ਨ ਤੇ ਛੱਡਣ ਆਏ ਉਸ ਦੇ ਪਰਿਵਾਰਕ ਮੈਂਬਰ ਉਸ ਤੋਂ ਵਿਛੜਨ ਦਾ ਦਰਦ ਹੰਢਾਉਂਦੇ ਹਨ। ਜਦੋਂ ਉਸ ਦੇ ਪਰਿਵਾਰਕ ਮੈਂਬਰ ਉਸ ਨੂੰ ਵਿਦਾ ਕਰਨ ਜਾਂਦੇ ਹਨ ਤਾਂ ਪਰਦੇਸੀ ਦੇ ਵਾਂਗੂੰ ਉਹ ਵੀ ਵਿਛੋੜੇ ਦੀ ਚੀਸ ਵਿਚ ਰੋ ਪੈਂਦੇ ਹਨ।

ਵਿਦਾ ਕਹਿ ਕੇ ਸਟੇਸ਼ਨ ਤੋਂ ਜਦੋਂ ਉਹ ਪਰਤਿਆ ਹੋਣਾ

ਮੇਰੇ ਵਾਂਗੂੰ ਹੀ ਥੋੜ੍ਹੀ ਦੂਰ ਜਾ ਕੇ ਰੋ ਪਿਆ ਹੋਣਾ।

(ਬੇਤਰਤੀਬੀਆਂ 23)

ਜਗਵਿੰਦਰ ਜੋਧਾ ਇਕ ਪਰਦੇਸੀ ਦੇ ਦਿਲ ਦੀਆਂ ਭਾਵਨਾਵਾਂ ਨੂੰ ਆਪਣੀਆਂ ਗ਼ਜ਼ਲਾਂ ਵਿਚ ਬਿਆਨ ਕਰਦਾ ਹੈ।ਉਹ ਦਰਸਾਉਂਦਾ ਹੈ ਕਿ ਪੰਜਾਬੀਆਂ ਨੂੰ ਭੂ-ਹੇਰਵਾ ਬਹੁਤ ਹੈ। ਉਹਨਾਂ ਦੀਆਂ ਗੱਲਾਂ ਵਿਚ, ਭਾਵਨਾਵਾਂ ਵਿਚ ਭੂ-ਹੇਰਵੇ ਦੀ ਝਲਕ ਮਿਲਦੀ ਹੈ। ਜਦੋਂ ਵਿਅਕਤੀ ਵਿਦੇਸ਼ ਜਾਣ ਲਈ ਘਰੋਂ ਨਿਕਲਦਾ ਹੈ ਤਾਂ ਉਹ ਸਫ਼ਰ-ਦਰ-ਸਫ਼ਰ ਤੈਅ ਕਰਦਾ ਜਾ ਰਿਹਾ ਹੁੰਦਾ ਹੈ ਤਾਂ ਉਸ ਨੂੰ ਆਪਣੇ ਘਰ ਤੋਂ ਨਿਕਲ ਚੁੱਕੇ ਰਾਹ ਦੀ ਪੀੜ੍ਹ, ਘਰ-ਪਰਿਵਾਰ ਦੀ ਯਾਦ ਅਤੇ ਪਰਿਵਾਰ

ਨਾਲ ਬਿਤਾਏ ਬਹੁਤ ਪਲ ਯਾਦ ਆਉਂਦੇ ਹਨ ਜੋ ਰਾਸਤਾ ਤੈਅ ਕਰ ਰਹੇ ਮੁਸਾਫ਼ਿਰ ਦੇ ਜ਼ਿਹਨ ਵਿਚ ਨਾਲ-ਨਾਲ ਰਾਸਤਾ ਤੈਅ ਕਰ ਰਹੇ ਹੁੰਦੇ ਹਨ।

ਗੁਆਚੇ ਰਸਤਿਆਂ ਦੀ ਚੀਸ, ਘਰ ਦੀ ਯਾਦ, ਤਨਹਾਈ

ਬੜਾ ਕੁੱਝ ਹੋਰ ਵੀ ਭਟਕੇ ਮੁਸਾਫ਼ਰ ਨਾਲ ਤੁਰਦਾ ਹੈ।

(ਬੇਤਰਤੀਬੀਆਂ 39)

ਪਰਦੇਸਾਂ ਵਿਚ ਇਕੱਲਤਾ ਦਾ ਸੰਤਾਪ ਹੰਢਾ ਰਹੇ ਵਿਅਕਤੀ ਦੀ ਮਨੋਦਸ਼ਾ ਨੂੰ ਗ਼ਜ਼ਲਕਾਰ ਵਿਅਕਤ ਕਰਦਾ ਹੈ। ਉਹ ਮਹਿਸੂਸ ਕਰਦਾ ਹੈ ਕਿ ਸ਼ਹਿਰ ਦੇ ਸ਼ੋਰ-ਸ਼ਰਾਬੇ ਤੋਂ ਜਦੋਂ ਉਹ ਮੁੜ ਸ਼ਾਮ ਨੂੰ ਆਪਣੇ ਘਰ ਪਰਤਦਾ ਹੈ ਤਾਂ ਉਹ ਇਹ ਮਹਿਸੂਸ ਕਰਦਾ ਹੈ ਕਿ ਘਰ ਵਿਚ ਉਸ ਨਾਲ ਗੱਲ-ਬਾਤ ਕਰਨ ਵਾਲਾ ਕੋਈ ਨਹੀਂ ਹੈ ਸਿਰਫ਼ ਉਸ ਦੇ ਕਮਰੇ ਦੀ ਚੁੱਪ ਹੀ ਉਸ ਦਾ ਰਾਸਤਾ ਦੇਖ ਰਹੀ ਹੈ।

ਸ਼ਹਿਰ ਦੀ ਕਾਵਾਂ-ਰੌਲੀ ਮਿੱਧ ਕੇ ਸ਼ਾਮ ਢਲੀ ਮੁੜ ਆਇਆਂ

ਮੇਰਾ ਰਸਤਾ ਦੇਖ ਰਹੀ ਹੈ ਕਮਰੇ ਦੀ ਤਨਹਾਈ।

(ਬੇਤਰਤੀਬੀਆਂ 43)

ਗ਼ਜ਼ਲਗੋ ਵਿਦੇਸ਼ ਗਏ ਵਿਅਕਤੀ ਦਾ ਮਾਨਸਿਕ ਦਰਦ ਬਿਆਨ ਕਰਦਾ ਹੋਇਆਂ ਕਹਿੰਦਾ ਹੈ ਕਿ ਮਨੁੱਖ ਜਿਹੜੀਆਂ ਉੱਚਾਈਆਂ ਸਰ ਕਰਨ ਲਈ ਘਰ ਦੀ ਦਹਿਲੀਜ਼ ਲੰਘ ਕੇ ਸਭ ਕੁੱਝ ਛੱਡ ਕੇ ਆਪਣੇ ਸੁਪਨਿਆਂ ਨੂੰ ਖੰਭ ਦੇਣ ਉਸ ਸਿਖ਼ਰ ਤੇ ਪੁੰਹਚਿਆ ਸੀ ਤਾਂ ਉਸ ਨੂੰ ਉਸ ਨੂੰ ਸਿਖ਼ਰ ਤੇ ਸਿਰਫ਼ ਸੁੰਨ-ਸਰਾਂ ਹੀ ਦਿਖਾਈ ਦਿੰਦੀ ਹੈ ਤਾਂ ਇਹ ਦੇਖ ਕੇ ਉਹ ਵਾਪਿਸ ਉਸ ਥਾਂ ਤੇ ਹੀ ਪਰਤਣ ਨੂੰ ਕਾਹਲੀ ਪੈ ਗਿਆ ਜਿੱਥੋਂ ਉਹ ਤੁਰਿਆ ਸੀ।

ਜਿਹੜੀ ਉੱਚਤਾ ਛੂਹਣ ਦੀ ਖ਼ਾਤਰ

ਘਰ ਦੀ ਵਲਗਣ ਟੱਪ ਆਇਆ ਸੀ

ਸਭ ਕੁੱਝ ਪਿੱਛੇ ਛੱਡ ਆਇਆ ਸੀ

ਉਸ ਚੋਟੀ ’ਤੇ ਪੁੱਜ ਕੇ ਤੱਕਿਆ

ਚਾਰੇ ਪਾਸੇ ਮੁਰਦੇਹਾਣੀ

ਉਹ ਫਿਰ ਵਾਪਸ ਪਰਤਣ ਲੱਗਾ।

(ਬੇਤਰਤੀਬੀਆਂ 70)

ਮਨੁੱਖ ਬਾਹਰਲੇ ਦੇਸ਼ਾਂ ਵਿਚ ਬੈਠਾ ਆਪਣੇ ਵਤਨ ਨੂੰ ਬਹੁਤ ਯਾਦ ਕਰਦਾ ਹੈ। ਉਸ ਨੂੰ ਆਪਣੇ ਘਰ ਤੋਂ ਆਈ ਚਿੱਠੀ ਵਿਚੋਂ ਆਪਣੇ ਦੇਸ਼ ਦੀ ਮਿੱਟੀ ਦੀ ਖ਼ੁਸ਼ਬੋ ਆਉਂਦੀ ਹੈ ਅਤੇ ਉਸ ਨੂੰ ਇਸ ਤਰ੍ਹਾਂ ਲਗਦਾ ਹੈ ਕਿ ਉਸ ਦੇ ਘਰ ਦੇ ਵਿਹੜੇ ਵਿਚ ਲਗੇ ਨਿੰਮ ਦੇ ਬੂਟੇ ਦੇ ਸੁੱਕੇ ਪੱਤੇ ਹਰੇ ਹੋ ਗਏ ਹਨ। ਭਾਵ ਉਸ ਨੂੰ ਆਪਣੇ ਵਤਨਾਂ ਤੋਂ ਆਈ ਚਿੱਠੀ ਵਿਚੋਂ ਆਪਣੇ ਪਿੰਡ ਅਤੇ ਘਰ ਦਾ ਨਜ਼ਾਰਾ ਮਹਿਸੂਸ ਹੁੰਦਾ ਹੈ।

ਘਰ ਤੋਂ ਆਏ ਖ਼ਤ 'ਚ ਫਿਰ ਜਾਣੀ-ਪਛਾਣੀ ਮਹਿਕ ਹੈ

ਜਾਪਦਾ ਵਿਹੜੇ ਦੀ ਨਿੰਮ ਦੇ ਪੱਤ ਸਾਵੇ ਹੋ ਗਏ।

(ਸਾਰੰਗੀ 55)

ਜਗਵਿੰਦਰ ਜੋਧਾ ਭੂ-ਹੇਰਵਾ ਦੇ ਸੰਦਰਭ ਵਿਚ ਆਪਣੀ ਗ਼ਜ਼ਲ ਦੇ ਸ਼ਿਅਰ ਰਾਹੀਂ ਉਸ ਪਰਵਾਸੀ ਹੋ ਚੁੱਕੇ ਆਸ਼ਕ ਦਾ ਦਰਦ ਬਿਆਨ ਕਰਦਾ ਹੈ ਜਿਹੜਾ ਆਪਣੀ ਧਰਤੀ ਨੂੰ ਛੱਡ ਬਾਹਰਲੇ ਮੁਲਕ ਚਲਾ ਜਾਂਦਾ ਹੈ ਅਤੇ ਉੱਥੇ ਆਪਣੀ ਪ੍ਰੇਮਿਕਾ ਨੂੰ ਬਹੁਤ ਚੇਤੇ ਕਰਦਾ ਹੈ ਅਤੇ ਉਹ ਸੋਚਦਾ ਹੇ ਕਿ ਜੇ ਇੱਥੇ ਉਸ ਨੂੰ ਕੋਈ ਉਸਦੇ ਪਿੰਡ ਦਾ ਮਿਲ ਜਾਵੇ ਤਾਂ ਉਹ ਤੀਆਂ ਦੇ ਬਹਾਨੇ ਆਪਣੀ ਪ੍ਰੇਮਿਕਾ ਦਾ ਹਾਲ-ਚਾਲ ਪੁੱਛ ਲਵੇ। ਪਰਦੇਸ ਗਏ ਪਰਦੇਸੀ ਨੂੰ ਜਦੋਂ ਪਰਦੇਸਾਂ ਵਿਚ ਆਪਣੇ ਪਿੰਡ ਤੋਂ ਆਇਆ ਕੋਈ ਬੰਦਾ ਮਿਲ ਜਾਂਦਾ ਹੈ ਤਾਂ ਉਹ ਸਾਰੇ ਪਿੰਡ ਦੀ ਸੁੱਖ-ਸਾਂਦ, ਹਾਲ-ਚਾਲ ਪੁੱਛਣ ਤੋਂ ਬਾਅਦ ਬਹਾਨੇ ਨਾਲ ਸਾਉਣ ਦੇ ਮਹੀਨੇ ਵਿਚ ਕੁੜੀਆਂ ਦੇ ਤਿਉਹਾਰ ਤੀਆਂ ਦੀ ਗੱਲ ਕਰਦਾ-ਕਰਦਾ ਆਪਣੀ ਮਹਿਬੂਬ ਕੁੜੀ ਦਾ ਹਾਲ-ਚਾਲ ਪੱਛ ਲੈਂਦਾ ਹੈ। ਜਿਸ ਨੂੰ ਉਹ ਵਿਦੇਸ਼ ਆ ਕੇ ਵੀ ਭੁੱਲਣ ਵਿਚ ਅਸਮਰੱਥ ਰਿਹਾ ਹੈ।

ਪਿੰਡ ਦਾ ਕੋਈ ਮਿਲ ਜਾਵੇ ਤਾਂ ਤੀਆਂ ਦੀ ਗੱਲ ਛੇੜ

ਏਸ ਬਹਾਨੇ ਪੁੱਛ ਲੈਨਾਂ ਮੈਂ ਉਸ ਕੁੜੀ ਦਾ ਹਾਲ।

(ਸਾਰੰਗੀ 80)

ਵਿਦੇਸ਼ੀ ਧਰਤੀ ਉੱਤੇ ਵਸ ਰਹੇ ਪੰਜਾਬੀ ਦਾ ਧਿਆਨ ਹਮੇਸ਼ਾ ਹੀ ਆਪਣੇ ਵਤਨੀਂ ਆਪਣੇ ਘਰ-ਪਰਿਵਾਰ ਵਿਚ ਹੀ ਲੱਗਿਆ ਰਹਿੰਦਾ ਹੈ। ਉਹ ਸਰੀਰਕ ਤੌਰ 'ਤੇ ਤਾਂ ਭਾਵੇਂ ਪੰਜਾਬ ਤੋਂ ਵਿਦੇਸ਼ ਆ ਕੇ ਵੱਸ ਜਾਂਦਾ ਹੈ ਪਰ ਮਾਨਸਿਕ ਤੌਰ 'ਤੇ ਤਾਂ ਉਹ ਪੰਜਾਬ ਵਿਚ ਹੀ ਹੈ। ਉਸ ਨੂੰ ਵਿਦੇਸ਼ਾਂ ਵਿਚ ਰਹਿੰਦੇ ਹੋਏ ਨੂੰ ਵੀ ਇਹ ਫ਼ਿਕਰ ਸਤਾਉਂਦਾ ਹੈ ਕਿ ਔੜ ਦੇ ਦਿਨਾਂ ਵਿਚ ਉਸ ਦੇ ਪਿੰਡ ਅਤੇ ਖ਼ੇਤਾਂ ਨੂੰ ਪਾਣੀ ਨਸੀਬ ਹੋਇਆ ਹੈ ਕਿ ਨਹੀਂ।

ਇਕ ਪਰਦੇਸੀ ਨੂੰ ਨਾ-ਜਾਣੇ ਇਸ ਦੀ ਚਿੰਤਾ ਕਿਉਂ ਰਹਿੰਦੀ ਹੈ

ਰਾਤੀਂ ਵਰ੍ਹਿਆ ਕਿ ਨਹੀਂ ਵਰ੍ਹਿਆ ਮੇਰੇ ਪਿੰਡਾਂ ਵੱਲੇ ਪਾਣੀ।

(ਬੇਤਰਤੀਬੀਆਂ 18)

ਪਰਦੇਸੀ ਗ਼ਜ਼ਲਗੋ ਅਜ਼ੀਮ ਸ਼ੇਖ਼ਰ ਪਰਦੇਸੀਆਂ ਦੇ ਦਿਲ ਦੇ ਦਰਦ ਨੂੰ ਬਿਆਨ ਕਰਦਾ ਹੋਇਆ ਕਹਿੰਦਾ ਹੈ ਕਿ ਪਰਦੇਸੀਆਂ ਨੂੰ ਦਿਲ ਦੇ ਅੰਦਰ ਘਰ ਦੀਆਂ ਯਾਦਾਂ ਨੂੰ ਦਫ਼ਨ ਕਰ ਕੇ ਹੌਕਿਆਂ ਹਾਵਾਂ ਨੂੰ ਪੀ ਕੇ ਹੀ ਪਰਦੇਸਾਂ ਵਿਚ ਰਹਿਣਾ ਪੈਂਦਾ ਹੈ। ਉਹਨਾਂ ਨੇ ਉਸ ਦਿਨ ਹੀ ਘਰ ਦੇ ਮੋਹ ਤੋਂ ਦੂਰੀ ਬਣਾਉਣਾ ਸਿਖ ਲਿਆ ਜਦੋਂ ਤੋਂ ਉਹਨਾਂ ਨੇ ਆਪਣਾ ਸਮਾਨ ਪੈਕ ਕਰ ਕੇ ਵਿਦੇਸ਼ੀ ਧਰਤੀ ਵੱਲ ਰੁਖ ਕਰ ਲਿਆ।

ਸੀਨੇ ਅੰਦਰ ਸਾਂਭ ਲਈਆਂ ਘਰ ਦੀਆਂ ਯਾਦਾਂ ‘ਅਜ਼ੀਮ’

ਤੁਰ ਗਏ ਪਰਦੇਸ ਜਿਸ ਦਿਨ ਬੰਨ੍ਹ ਕੇ ਲੋਕੀਂ ਸਮਾਨ

(ਹਵਾ ਨਾਲ ਖੁੱਲ੍ਹਦੇ ਬੂਹੇ 87)

ਪਰਵਾਸੀ ਗ਼ਜ਼ਲਕਾਰ ਅਜ਼ੀਮ ਸ਼ੇਖ਼ਰ ਆਪਣੀਆਂ ਗ਼ਜ਼ਲਾਂ ਵਿਚ ਭੂ-ਹੇਰਵਾ ਦੀ ਸਥਿਤੀ ਨੂੰ ਪ੍ਰਗਟਾਉਂਦਿਆਂ ਲਿਖਦਾ ਹੈ ਕਿ ਹੁਣ ਤਾਂ ਬਾਹਰਲੇ ਮੁਲਕ ਗਏ ਬੰਦਿਆਂ ਦੇ ਘਰਾਂ ਦੀਆਂ ਕੰਧਾਂ ਅਤੇ ਘਰਾਂ ਵਿਚਲੀ ਸ਼ਾਤੀ ਹੁਣ ਸੁੰਨ-ਮਸਾਨ ਹੋਣ ਤੇ ਕੋਈ ਸਵਾਲ-ਜਵਾਬ ਨਹੀਂ ਕਰਦੀ ਕਿਉਂ ਕਿ ਉਸ ਨੂੰ ਪਤਾ ਹੈ ਕਿ ਪਰਦੇਸੀ ਪਰਦੇਸਾਂ ਨੂੰ ਪੈਸੇ ਕਮਾਉਣ ਲਈ ਜਾਂਦੇ ਹਨ ਤਾਂ ਕੰਮ-ਕਾਰ ਵਿਚਰੁੱਝੇ ਹੋਣ ਕਾਰਨ ਵਤਨ ਵਾਪਿਸ ਪਰਤਣ ਦਾ ਖ਼ਿਆਲ ਉਹਨਾਂ ਦੇ ਦਿਮਾਗ ਵਿਚੋਂ ਨਿਕਲ ਹੀ ਜਾਂਦਾ ਹੈ।

ਜ਼ਿੰਦਗੀ ਨੂੰ ਵੀ ਕਦੇ ਕਰਦੀ ਨਹੀਂ ਕੋਈ ਸਵਾਲ

ਹੁਣ ਘਰਾਂ ਦੀ ਚੁੱਪ ਵੀ ਕਿੰਨੀ ਸਿਆਣੀ ਹੋ ਗਈ।

(ਹਵਾ ਨਾਲ ਖੁੱਲ੍ਹਦੇ ਬੂਹੇ 45)

ਪਰਵਾਸੀ ਪੰਜਾਬੀ ਗ਼ਜ਼ਲਕਾਰਾ ਸੁਰਜੀਤ ਸਖੀ ਪਰਵਾਸੀਆਂ ਵਲੋਂ ਬੇਗਾਨੀ ਧਰਤੀ ਤੇ ਭੂ-ਹੇਰਵਾ ਹੰਢਾ ਰਹੇ ਵਿਅਕਤੀਆਂ ਦੀ ਮਨੋਦਸ਼ਾ ਨੂੰ ਬਿਆਨ ਕਰਦੀ ਹੈ। ਪਰਦੇਸਾਂ ਵਿਚ ਬੈਠੇ ਪੰਜਾਬੀ ਨਾ ਤਾਂ ਵਿਦੇਸ਼ੀ ਧਰਤੀ ਨਾਲ ਆਪਣੀ ਸਾਂਝ ਪਾ ਰਹੇ ਹਨ ਅਤੇ ਨਾ ਹੀ ਉਹਨਾਂ ਨੂੰ ਆਪਣੇ ਪੰਜਾਬ ਦੀ ਧਰਤੀ ਹੀ ਨਸੀਬ ਹੋ ਰਹੀ ਹੈ। ਜਿਹਨਾਂ ਨੇ ਵਿਦੇਸ਼ਾਂ ਵਿਚ ਰਹਿ ਕੇ ਉੱਥੋਂ ਦੇ ਹਾਲਾਤਾਂ ਨੂੰ ਖਿੜੇ ਮੱਥੇ ਸਵੀਕਾਰ ਕਰ ਲਿਆ ਹੈ ਅਤੇ ਉੱਥੋਂ ਦੀ ਧਰਤੀ ਨੂੰ ਆਪਣਾ ਬਣਾ ਲਿਆ ਹੈ ਉਹੀ ਖੁਸ਼ ਰਹਿ ਸਕਦੇ ਹਨ ਨਹੀਂ ਤਾਂ ਭੂ-ਹੇਰਵੇ ਵਿਚ ਹੀ ਮਨੁੱਖ ਤੜਪਦਾ ਰਹਿੰਦਾ ਹੈ। ਕਈ ਇਨਸਾਨ ਇਸ ਤਰ੍ਹਾਂ ਦੇ ਹੁੰਦੇ ਹਨ ਕਿ ਉਹ ਪੂਰੀ ਜ਼ਿੰਦਗੀ ਹੀ ਭੂ-ਹੇਰਵੇ ਵਿਚ ਲੰਘਾ ਦਿੰਦੇ ਹਨ। ਜਿੱਥੇ ਜਾ ਕੇ ਉਹ ਵੱਸ ਜਾਂਦੇ ਹਨ ਉੱਥੋਂ ਦੇ ਮਾਹੌਲ ਨੂੰ ਦਿਲ ਤੋਂ ਨਹੀਂ ਅਪਣਾਉਂਦੇ ਸਗੋਂ ਉਹਨਾਂ ਦੀ ਰੂਹ, ਦਿਲ ਅਤੇ ਦਿਮਾਗ ਭਟਕਦਾ ਹੀ ਰਹਿੰਦਾ ਹੈ ਅਤੇ ਸਭ ਤੋਂ

ਪੁੱਛਦੇ ਫਿਰਦੇ ਹਨ ਕਿ ਚੰਗੀ ਜ਼ਿੰਦਗੀ ਜਿਉਣ ਲਈ ਉਹ ਕਿਹੜੀ ਥਾਂ ਤੇ ਜਾ ਕੇ ਵਾਸ ਕਰਨ। ਪਰ ਉਹ ਇਹ ਨਹੀਂ ਸਮਝਦੇ ਕਿ ਜਿਸ ਮੁਲਕ ਉਹ ਆ ਕੇ ਵੱਸ ਗਏ ਹਨ ਉੱਥੋਂ ਦੀ ਹੀ ਆਦਤ ਪਾ ਲੈਣੀ ਉਹਨਾਂ ਲਈ ਸੁਖਾਵੀਂ ਜ਼ਿੰਦਗੀ ਦੇ ਰਾਹ ਖੋਲਦਾ ਹੈ।

ਬੇਘਰਿਆਂ ਹੀ ਉਮਰ ਲੰਘਾਈ ਏਹੋ ਗੱਲਾਂ ਪੁੱਛਣ ਵਿਚ

ਚੰਗਾ ਜੀਵਨ ਜੀਉਣ ਲਈ ਦਸ ਕਿਹੜੀਆਂ ਕਿਹੜੀਆਂ ਥਾਵਾਂ ਨੇ।

(ਧੁੰਦ 17)

ਪਰਵਾਸੀ ਗ਼ਜ਼ਲਕਾਰਾ ਸੁਰਜੀਤ ਸਖੀ ਨੇ ਆਪਣੀ ਗ਼ਜ਼ਲ ਵਿਚ ਪਰਦੇਸਾਂ ਵਿਚ ਬੈਠੇ ਪਰਦੇਸੀਆਂ ਨੂੰ ਆਪਣੇ ਦੇਸ਼ ਆਪਣੀ ਮਿੱਟੀ ਅਤੇ ਆਪਣੇ ਘਰ ਦੇ ਮੋਹ ਲਈ ਤਰਸਦੀ ਸਥਿਤੀ ਨੂੰ ਪੇਸ਼ ਕੀਤਾ ਹੈ। ਬਾਹਰਲੇ ਦੇਸ਼ ਗਏ ਲੋਕ ਉੱਥੇ ਸਿਰਫ਼ ਪੈਸਾ ਹੀ ਕਮਾ ਸਕਦੇ ਹਨ ਪਰ ਜੋ ਐਸ਼ ਉਹਨਾਂ ਨੇ ਆਪਣੇ ਪਿੰਡ ਆਪਣੇ ਘਰ ਕੀਤੀ ਹੁੰਦੀ ਹੈ ਉਹ ਉਸ ਨੂੰ ਵਿਦੇਸ਼ਾਂ ਵਿਚ ਨਸੀਬ ਨਹੀਂ ਹੁੰਦੀ। ਵਿਦੇਸ਼ ਵਿਚ ਉਹ ਹਰ ਚੀਜ਼ ਲਈ ਤਰਸਦਾ ਹੈ ਭਾਵੇਂ ਉਹ ਕੋਈ ਮੋਹ ਭਰਿਆ ਰਿਸ਼ਤਾ ਹੋਵੇ ਜਾਂ ਫਿਰ ਕੋਈ ਪਿਆਰੀ ਚੀਜ਼ ਹੋਵੇ ਹਰ ਚੀਜ਼ ਲਈ ਉਹ ਤਰਸਦਾ ਹੀ ਰਹਿੰਦਾ ਹੈ।

ਪਲ ਪਲ ਹਰ ਸ਼ੈਅ ਦਾ ਤਰਸੇਵਾਂ

ਕਦੇ ਬਿਗਾਨਾ ਦੇਸ਼ ਨਾ ਹੋਵੇ।

(ਧੁੰਦ 75)

ਸੁਰਜੀਤ ਸਖੀ ਇਕ ਪਰਵਾਸੀ ਗ਼ਜ਼ਲਕਾਰਾ ਹੈ ਜਿਸ ਨੇ ਆਪਣੀਆਂ ਗ਼ਜ਼ਲਾਂ ਵਿਚ ਸਾਰੇ ਵਿਸ਼ਿਆਂ ਨੂੰ ਛੂਹਿਆ ਹੈ ਅਤੇ ਉਸ ਨੇ ਪਰਵਾਸ ਦੇ ਵਿਸ਼ੇ ’ਤੇ ਗੱਲ ਕੀਤੀ ਹੈ। ਉਹ ਖੁਦ ਪਰਵਾਸ ਧਾਰਨ ਕਰ ਚੁੱਕੀ ਹਨ ਅਤੇ ਉਹ ਪੰਜਾਬੀਆਂ ਦੀ ਮਾਨਸਿਕਤਾ ਵਿਚ ਭੂ-ਹੇਰਵੇ ਨੂੰ ਭਲੀ-ਭਾਂਤੀ ਬਿਆਨ ਕਰਦੀ ਹੈ। ਪੰਜਾਬ ਦੀ ਅਜੋਕੀ ਸਥਿਤੀ ਇਹ ਬਣ ਚੁੱਕੀ ਹੈ ਹਰ ਘਰ ਵਿਚੋਂ ਇਕ-ਦੋ ਜਣੇ ਵਿਦੇਸ਼ਾਂ ਨੂੰ ਗਏ ਹੋਏ ਹਨ। ਅੱਜਕੱਲ੍ਹ ਤਾਂ ਹੁੰਦੇ ਹੀ ਇਕ ਜਾਂ ਦੋ ਬੱਚੇ ਹਨ ਅਤੇ ਉਹ ਵੀ ਪਰਦੇਸਾਂ ਨੂੰ ਤੁਰ ਜਾਂਦੇ ਹਨ ਮਗਰੋਂ ਇਕੱਲੇ ਮਾਂ-ਬਾਪ ਬੁਢਾਪਾ ਕੱਟ ਰਹੇ ਹੁੰਦੇ ਹਨ। ਕਈ ਵਾਰ ਤਾਂ ਬੱਚੇ ਮਾ-ਬਾਪ ਨੂੰ ਵੀ ਬੁਲਾ ਲੈਂਦੇ ਹਨ ਤਾਂ ਪੰਜਾਬ ਵਾਲੇ ਘਰ ਦੀ ਸਥਿਤੀ ਅਜਿਹੀ ਹੋ ਜਾਂਦੀ ਹੈ ਕਿ ਜਦੋਂ ਕੋਈ ਪਰਦੇਸੀ ਕਈ ਵਰਿਆਂ ਮਗਰੋਂ ਆਪਣੇ ਵਤਨੀਂ ਆਪਣੇ ਘਰ ਮੁੜ੍ਹਦਾ ਹੈ ਤਾਂ ਉਹ ਆਪਣੇ ਉੱਜੜੇ, ਬੀਆਬਾਨ ਘਰ ਦੀ ਸਥਿਤੀ ਦੇਖ ਕੇ ਘਰ ਦੀਆਂ ਕੰਧਾਂ ਦੇ ਗਲ ਧਾਹੀਂ ਮਾਰ ਕੇ ਰੋਣ ਲੱਗ ਜਾਂਦਾ ਹੈ।

ਕੰਧਾਂ ਦੇ ਨਾਲ ਲੱਗ ਕੇ, ਰੋਣਾ ਪਿਆ ਹੈ ਮੈਨੂੰ

ਕੀ ਹਾਲ ਪੁੱਛ ਲਿਆ ਮੈਂ, ਉਜੜੇ ਮਕਾਨ ਕੋਲੋਂ।

(ਧੁੰਦ 60)

ਖਿੱਚਦਾ ਸੀ ਮੋਹ ਮਿੱਟੀ ਦਾ

ਕੇਵਲ ਤਨ ਦੀ ਦੂਰੀ ਸੀ।

(ਧੁੰਦ 73)

ਪਰਵਾਸ ਅਜੋਕੇ ਸਮੇਂ ਦਾ ਅਜਿਹਾ ਮਨੁੱਖੀ ਵਰਤਾਰਾ ਹੈ। ਜਿਸ ਨੂੰ ਹਰ ਦੇਸ਼ ਦਾ ਨਾਗਰਿਕ ਕਿਸੇ ਨਾ ਕਿਸੇ ਰੂਪ ਵਿਚ ਰੂਪ ਵਿਚ ਧਾਰਨ ਕਰ ਰਿਹਾ ਹੈ। ਸੰਸਾਰ ਦੇ ਕਈ ਲੋਕ ਆਰਥਕ ਪੱਖੋਂ ਖੁਸ਼ਹਾਲ ਹੋਣ ਲਈ ਆਪਣਾ ਦੇਸ਼ ਛੱਡ ਕੇ ਦੂਜੇ ਦੇਸ਼ ਜਾ ਕੇ ਰੋਜ਼ੀ-ਰੋਟੀ ਦੀ ਤਲਾਸ਼ ਲਈ ਭਟਕਦੇ ਹਨ। ਕਈ ਬੰਦਿਆਂ ਨੂੰ ਇਨ੍ਹਾਂ ਪਰਾਏ ਦੇਸ਼ਾਂ ਵਿਚ ਚੰਗਾ ਕੰਮ ਵੀ ਮਿਲ ਜਾਂਦਾ ਹੈ ਅਤੇ ਕਈਆਂ ਨੂੰ ਕੰਮ ਦੀ ਤਲਾਸ਼ ਲਈ ਸਾਲਾਂ ਦੇ ਸਾਲ ਲੱਗ ਜਾਂਦੇ ਹਨ ਪਰ ਇਨ੍ਹਾਂ ਨੂੰ ਪਰਵਾਸ ਵਿਚ ਕਈ ਮਾਨਸਿਕ ਕਸ਼ਟ ਝੱਲਣੇ ਪੈਂਦੇ ਹਨ। ਉਸ ਨੂੰ ਇਸ ਸਥਿਤੀ ਵਿਚ ਆਪਣਾ ਸਭਿਆਚਾਰ, ਭਾਸ਼ਾ, ਬੋਲੀ ਆਦਿ ਤੋਂ ਸੱਖਣੇ ਹੋਣਾ ਪੈਂਦਾ ਹੈ। ਪਰਵਾਸੀ ਪੰਜਾਬੀ ਗ਼ਜ਼ਲਕਾਰਾ ਸੁਰਜੀਤ ਸਖੀ ਲਿਖਦੀ ਹੈ ਕਿ ਇਕ ਮਨੁੱਖ ਲਈ ਇਸ ਤੋਂ ਵੱਧ ਕੇ ਹੋਰ ਕੋਈ ਸੰਤਾਪ ਨਹੀਂ ਹੋ ਸਕਦਾ ਕਿ ਉਹ ਆਪਣੀ

ਇਨਸਾਨ ਵਾਸਤੇ ਬਸ ਔਖੀ ਘੜੀ ਹੈ ਸਭ ਤੋਂ

ਆਪਣੀ ਜ਼ਿਮੀਂ ਤੇ ਰਹਿ ਕੇ ਵੀ ਬੇ-ਜ਼ਮੀਨ ਹੋਣਾ।

(ਧੁੰਦ 78)

ਅਜੋਕੇ ਗ਼ਜ਼ਲਕਾਰਾਂ ਨੇ ਭੂ-ਹੇਰਵੇ ਸਬੰਧੀ ਆਪਣੀਆਂ ਗ਼ਜ਼ਲਾਂ ਰਾਹੀਂ ਪੰਜਾਬੀਆਂ ਦੀ ਮਾਨਸਿਕਤਾ ਨੂੰ ਪੇਸ਼ ਕੀਤਾ ਹੈ। ਇਹਨਾਂ ਵਿਚੋਂ ਬਹੁਤੇ ਗ਼ਜ਼ਲਗੋ ਅਜਿਹੇ ਹਨ ਜਿਹਨਾਂ ਨੇ ਪਰਵਾਸ ਨੂੰ ਆਪਣੇ ਤਨ ਤੇ ਹੰਢਾਇਆ ਹੈ।ਪਰਵਾਸੀ ਪੰਜਾਬੀ ਗ਼ਜ਼ਲਕਾਰ ਸੁਰਿੰਦਰ ਸੀਰਤ ਆਪਣੇ ਸ਼ਿਅਰਾਂ ਰਾਹੀਂ ਮਨੁੱਖ ਦੇ ਮਨ ਦੀ ਸਥਿਤੀ ਨੂੰ ਭੂ-ਹੇਰਵੇ ਦੀ ਸਥਿਤੀ ਰਾਹੀਂ ਚਿਤਰਿਆ ਹੈ। ਬਾਹਰਲੇ ਮੁਲਕਾਂ ਵਿਚ ਗਏ ਪੰਜਾਬੀ ਆਪਣੇ ਮੁਲਕ ਆਪਣੇ ਪਿੰਡ ਪਰਤਣ ਦੀ ਲੋਚਾ ਰੱਖਦੇ ਹਨ ਪਰ ਆਰਥਿਕ ਪੱਖੋਂ ਉਹ ਪੈਸਿਆਂ ਦੇ ਅਜਿਹੇ ਜਾਲ਼ ਵਿਚ ਫਸੇ ਹਨ ਕਿ ਉਹਨਾਂ ਤਾਂ ਪਰਤਣਾ ਔਖਾ ਹੋ ਜਾਂਦਾ ਹੈ ਅਤੇ ਜੇ ਕਰ ਉਹ ਵਾਪਿਸ ਆਉਣ ਦਾ ਮਨ ਬਣਾ ਵੀ ਲੈਂਦੇ ਹਨ ਤਾਂ ਉਹ ਮਨੁੱਖ ਸੋਚਦਾ ਹੈ ਕਿ ਉੱਥੋਂ ਮੇਰਾ ਹੈ ਹੀ ਕੀ? ਉੱਥੇ ਤਾਂ ਸਾਡਾ ਹੁਣ ਕੋਈ ਵੀ ਨਹੀਂ ਹੈ ਅਤੇ ਘਰ ਜੀਆਂ ਨਾਲ ਹੁੰਦੇ ਹਨ ਅਤੇ ਹੁਣ ਉੱਥੇ ਕੋਈ ਨਹੀਂ ਵੱਸਦਾ। ਹੁਣ ਮੈਂ ਖੰਡਰਾਂ ਤੋਂ ਤੋਂ ਉੱਥੋਂ ਦਾ ਪਤਾ ਕਿਵੇਂ ਲੱਭਾਗਾਂ?

ਕਈ ਵਾਰੀ ਲੋਚਦਾ 'ਦਿਲ' ਮੁੜਕੇ ਪਿੰਡ ਆਉਣਾ

ਖੰਡਰਾਂ ਚੋਂ ਲੱਭੂ ਕਿਦਾਂ ਸਿਰਨਾਵਾਂ ਜੋ ਘਰਾਂ ਦਾ।

(ਅਰੂਪੇ ਅੱਖਰਾਂ ਦਾ ਅਕਸ 44)

ਕੈਨੇਡੀਅਨ ਪਰਵਾਸੀ ਸ਼ਾਇਰ ਗੌਤਮ ਪਰਵਾਸ ਵਿਚ ਵਸੇ ਪੰਜਾਬੀਆਂ ਦੇ ਦਰਦ ਨੂੰ ਬਿਆਨ ਕਰਦਾ ਹੋਇਆ ਲਿਖਦਾ ਹੈ ਕਿ ਆਪਣਾ ਮੁਲਕ ਛੱਡ ਕੇ ਅਤੇ ਆਪਣਾ ਘਰ-ਬਾਰ ਛੱਡ ਕੇ ਬਾਹਰਲੇ ਦੇਸ਼ਾਂ ਵਿਚ ਵਸਣ ਵਾਲੇ ਲੋਕਾਂ ਨੂੰ ਹਮੇਸ਼ਾ ਪੈਸੇ ਦੀ ਖ਼ਾਤਿਰ ਦਾਅ ਤੇ ਲਗਾਈ ਆਪਣੀ ਜ਼ਮੀਰ ਅਤੇ ਪੁੱਤਾਂ ਵਾਂਗ ਪਾਲੀ ਆਪਣੀ ਜ਼ਮੀਨ ਦੇ ਹੱਥੋਂ ਖੁੱਸ ਜਾਣ ਦਾ ਹਮੇਸ਼ਾ ਪਛਤਾਵਾ ਰਹਿੰਦਾ ਹੈ ਕਿ ਅਸੀਂ ਚੰਦ ਪੈਸਿਆਂ ਅਤੇ ਐਸ਼ ਪ੍ਰਸਤੀ ਦੀ ਖ਼ਾਤਿਰ ਆਪਣੀ ਜ਼ਮੀਰ ਅਤੇ ਜ਼ਮੀਨ ਦੋਨਾਂ ਦਾ ਹੀ ਘੱਟ ਪੈਸਿਆਂ ਵਿਚ ਸੌਦਾ ਕਰ ਦਿੰਦੇ ਹਾਂ। ਇਸ ਗੱਲ ਦਾ ਅਫ਼ਸੋਸ ਉਸ ਨੂੰ ਹਮੇਸ਼ਾ ਹੀ ਰਹਿੰਦਾ ਹੈ ਅਤੇ ਇਸੀ ਝੋਰੇ ਵਿਚ ਹੀ ਉਹ ਆਪਣੀ ਬਾਕੀ ਬੱਚਦੀ ਜ਼ਿੰਦਗੀ ਕੱਟਦਾ ਹੈ।

ਸਦਾ ਅਫ਼ਸੋਸ ਰਹਿੰਦਾ ਹੈ ਜ਼ਮੀਰਾਂ ਵਾਂਗ ਭੋਏਂ ਦਾ

ਵਿਕੀ ਤੋਂ ਬਾਅਦ ਸਭ ਸੋਚਣ ਅਸਾਂ ਸਸਤੀ ਗਵਾ ਦਿੱਤੀ

(ਸੁਪਨੇ ਸੌਣ ਨਾ ਦਿੰਦੇ 25)

ਪਰਵਾਸੀ ਭੂ-ਹੇਰਵੇ ਦੀ ਲੜੀ ਨੂੰ ਅੱਗੇ ਤੋਰਦਿਆਂ ਪਰਵਾਸੀ ਸ਼ਾਇਰ ਗੌਤਮ ਕਹਿੰਦਾ ਹੈ ਕਿ ਵਿਦੇਸ਼ ਵਿਚ ਆਪਣੇ ਮੁਲਕ ਤੋਂ ਦੂਰ ਬੈਠੇ ਵਿਅਕਤੀ ਨੂੰ ਕਿੰਨੀਆਂ ਹੀ ਸੁੱਖ-ਸੁਵਿਧਾਵਾਂ ਮਿਲ ਜਾਣ। ਕੱਚੇ ਘਰਾਂ ਵਿਚੋਂ ਨਿਕਲ ਕੇ ਵੱਡੀਆਂ ਕੋਠੀਆਂ ਵਿਚ ਰਹਿਣ ਦਾ ਉਸਦਾ ਸੁਪਨਾ ਭਾਵੇਂ ਲੱਖ ਪੂਰਾ ਹੋ ਜਾਵੇ ਪਰ ਫਿਰ ਵੀ ਵਿਦੇਸ਼ ਬੈਠੇ ਦਾ ਉਸ ਦਾ ਦਿਲ ਆਪਣੀ ਜ਼ਮੀਨ ਅਤੇ ਆਪਣੇ ਉਸ ਕੱਚੇ ਘਰ ਨੂੰ ਹੀ ਟੋਲਦਾ ਹੈ।

ਬੁਖਾਰੇ ਬਲਖ ਵੀ ਦੇਖੇ ਕਿਤੇ ਪਰ ਚੈਨ ਮਿਲਿਆ ਨਾ

ਜੋ ਮਨ ਵਿਚ ਸੀ ਉਹ ਛੱਜੂ ਦਾ ਚੁਬਾਰਾ ਭਾਲਦਾ ਹੈ ਦਿਲ

(ਸੁਪਨੇ ਸੌਣ ਨਾ ਦਿੰਦੇ 22)

ਮਨੁੱਖ ਵਿਚ ਆਪਣੀ ਜੰਮਣ ਭੂਮੀ ਤੋਂ ਵੱਖ ਹੋਣ ਦਾ ਬਹੁਤ ਤਰਸੇਵਾਂ ਹੈ। ਜਦੋਂ ਉਹ ਆਪਣੀ ਜ਼ਿੰਦਗੀ ਦੇ ਤੀਹ ਤੋਂ ਵੱਧ ਵਰੇ ਬੀਤਾ ਕੇ ਵਿਦੇਸ਼ ਜਾਂਦਾ ਹੈ ਤਾਂ ਉੱਥੇ ਆਪਣੀ ਧਰਤੀ, ਆਪਣੇ ਲੋਕਾਂ, ਆਪਣੇ ਘਰਾਂ, ਆਪਣੇ ਪਿੰਡ ਜਾਂ ਸ਼ਹਿਰ ਨੂੰ ਦਿਲ ਅਤੇ ਦਿਮਾਗ ਵਿਚੋਂ ਵਿਸਾਰ ਦੇਣ ਤੋਂ ਅਸਮਰਥ ਹੋ ਜਾਂਦਾ ਹੈ। ਉਸ ਦੀ ਤ੍ਰਸਾਦੀ ਇਹ ਬਣ ਜਾਂਦੀ ਹੈ ਕਿ ਉਸ ਦੇ ਮਨ ਵਿਚ ਆਪਣੀ ਧਰਤੀ ਲਈ ਇਕ ਹੇਰਵਾ ਪੈਦਾ ਹੋ ਜਾਂਦਾ ਹੈ ਜਿੱਥੇ ਉਹ ਸੋਚਦਾ ਹੈ ਕਿ ਕਿਸੇ ਤਰ੍ਹਾਂ ਉੱਡ ਕੇ ਪਹੁੰਚ ਜਾਵੇ। ਮਨੁੱਖ ਦੀ ਇਸ ਤਰ੍ਹਾਂ ਦੀ ਮਾਨਸਿਕ ਸਥਿਤੀ ਨੂੰ ਗ਼ਜ਼ਲਕਾਰਾਂ ਨੇ ਆਪਣੀਆਂ ਗ਼ਜ਼ਲਾਂ ਵਿਚ ਬਾਖ਼ੂਬੀ ਪੇਸ਼ ਕੀਤਾ ਹੈ।

### 3.8 ਸਭਿਆਚਾਰਕ ਤਣਾਉ:

ਸਭਿਆਚਾਰਕ ਤਣਾਉ ਤੋਂ ਭਾਵ ਹੈ ਕਿ ਇਕੋ ਸਭਿਆਚਾਰ ਜਾਂ ਵੱਖ-ਵੱਖ ਸਭਿਆਚਾਰਾਂ ਵਿਚ ਵਿਚਰਦੇ ਲੋਕਾਂ ਵਿਚ ਖਿਚੋਤਾਣ। ਕਈ ਵਾਰ ਇਸ ਤਰ੍ਹਾਂ ਹੁੰਦਾ ਹੈ ਕਿ ਇਕੋ ਸਭਿਆਚਾਰ ਅਧੀਨ ਵਿਚਰਦੇ ਲੋਕਾਂ ਦੀਆਂ ਪੀੜ੍ਹੀਆਂ ਵਿਚ ਅੰਤਰ ਆ ਜਾਣ ਕਰ ਕੇ ਉਹਨਾਂ ਦੀ ਸੋਚ ਵਿਚਲੀ ਵੱਖਰਤਾ ਕਾਰਨ ਆਪਸੀ ਤਣਾਉ ਪੈਦਾ ਹੁੰਦਾ ਹੈ। ਇਹੀ ਸਭਿਆਚਾਰਕ ਤਣਾਉ ਹੈ। ਸਭਿਆਚਾਰਕ ਤਣਾਉ ਬਾਰੇ ਪੁਸ਼ਪਿੰਦਰ ਕੌਰ ਆਪਣੀ ਪੁਸਤਕ 'ਬਰਤਾਨਵੀ ਪੰਜਾਬੀ ਜੀਵਨ ਸਭਿਆਚਾਰਕ ਤਣਾਉ' ਵਿਚ ਲਿਖਦੇ ਹਨ, "ਤਣਾਉ ਪਰੰਪਰਾ ਅਤੇ ਪਰਿਵਰਤਨ ਵਿਚਲੇ ਵਿਰੋਧ ਕਾਰਨ ਪੈਦਾ ਹੁੰਦਾ ਹੈ। ਇੱਥੇ ਪਰਿਵਰਤਨ ਨਾ ਸਿਰਫ਼ ਆਰਥਿਕ ਪ੍ਰਗਤੀ ਕਾਰਨ ਹੀ ਨਹੀਂ ਵਾਪਰਦਾ ਸਗੋਂ ਆਰਥਿਕ ਪ੍ਰਗਤੀ ਇਸ ਪਰਿਵਰਤਨ ਕਾਰਨ ਪੈਦਾ ਹੁੰਦੇ ਤਣਾਉ ਨੂੰ ਹੋਰ ਵਧੇਰੇ ਤੀਖਣ ਬਣਾ ਦਿੰਦੀ ਹੈ।"(2)

ਇਸ ਸਭਿਆਚਾਰ ਨੂੰ ਜੇ ਪਰਵਾਸ ਦੇ ਸੰਦਰਭ ਤੋਂ ਦੇਖਿਆ ਜਾਵੇ ਤਾਂ ਸਾਨੂੰ ਬਹੁਤ ਕੁੱਝ ਉਲਝਿਆ ਅਤੇ ਤਣਾਅ ਗ੍ਰਸਤ ਨਜ਼ਰ ਆਉਂਦਾ ਹੈ। ਪਰਦੇਸਾਂ ਵਿਚ ਪਰਵਾਸੀ ਆਪਣੇ ਸਭਿਆਚਾਰਕ ਖਿੱਤੇ ਨੂੰ ਛੱਡ ਕੇ ਦੂਜੇ ਦੇਸ਼ ਦੇ ਸਭਿਆਚਾਰ ਵਿਚ ਪ੍ਰਵੇਸ਼ ਕਰਦਾ ਹੈ ਜੋ ਬਿਲਕੁਲ ਹੀ ਉਸਦੇ ਆਪਣੇ ਸਭਿਆਚਾਰ ਨਾਲੋਂ ਉਲਟ ਹੁੰਦਾ ਹੈ। ਇਸ ਨਾਲ ਉਸ ਨੂੰ ਬਹੁਤ ਮੁਸ਼ਕਿਲਾਂ ਆਉਂਦੀਆਂ ਹਨ ਕਿਉਂ ਕਿ ਉਸਦੇ ਅਵਚੇਤਨ ਵਿਚ ਉਸਦਾ ਆਪਣਾ ਸਭਿਆਚਾਰ ਹੀ ਪਿਆ ਹੁੰਦਾ ਹੈ ਜਿਸ ਨੂੰ ਛੱਡਣਾ ਉਸ ਦੇ ਲਈ ਔਖਾ ਅਤੇ ਦੂਜੇ ਸਭਿਆਚਾਰ ਨੂੰ ਅਪਣਾਉਣਾ ਉਸ ਦੇ ਲਈ ਹੋਰ ਵੀ ਔਖਾ ਹੋ ਜਾਂਦਾ ਹੈ। ਜਿਸ ਕਾਰਨ ਪਰਵਾਸ ਵਿਚ ਮਨੁੱਖ ਦੀ ਜ਼ਿੰਦਗੀ ਤਣਾਅਗ੍ਰਸਤ ਹੋ ਜਾਂਦੀ ਹੈ। ਜੋ ਕਿ ਸਭਿਆਚਾਰਕ ਤਣਾਅ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ।ਇਸ ਤਰ੍ਹਾਂ ਪੁਰਾਣੀਆਂ ਤੇ ਨਵੀਆਂ ਕਦਰਾਂ-ਕੀਮਤਾਂ ਇਕ ਦੂਜੇ ਦੇ ਵਿਰੋਧ ਵਿਚ ਆ ਖੜ੍ਹਦੀਆਂ ਹਨ। ਡਾ. ਅਤਰ ਸਿੰਘ 'ਦ੍ਰਿਸ਼ਟੀਕੋਣ' ਪੁਸਤਕ ਰਾਹੀਂ ਲਿਖਦੇ ਹਨ:

> "ਸਮੱਸਿਆਵਾਂ ਉਦੋਂ ਪੈਦਾ ਹੁੰਦੀਆਂ ਹਨ ਜਦੋਂ ਪਰੰਪਰਾ ਅਤੇ ਵਿਅਕਤੀ ਦੇ ਸਬੰਧ ਉਲਾਰ ਹੋ ਜਾਣ। ਇਹਨਾਂ ਵਿਰੋਧਾਂ ਨੂੰ ਅਸੀਂ ਪਰੰਪਰਾ ਅਤੇ ਆਧੁਨਿਕਤਾ ਦੇ ਵਿਰੋਧ ਵਿਚੋਂਵੀ ਵੇਖ ਸਕਦੇ ਹਾਂ। ਜਦੋਂ ਮਨੁੱਖ ਆਪਣੀਆਂ ਕਦਰਾਂ-ਕੀਮਤਾਂ ਦਾ ਹਾਲੇ ਤਿਆਗ ਨਹੀਂ ਕਰ ਸਕਿਆ ਹੁੰਦਾ ਅਤੇ ਉਸ ਦੀਆਂ ਨਵੀਆਂ ਕਦਰਾਂ ਕੀਮਤਾਂ ਹਾਲੇ ਉਸ ਦੇ ਜਿਊਣ ਢੰਗ ਦਾ ਪੂਰੀ ਤਰ੍ਹਾਂ ਨਾਲ ਹਿੱਸਾ ਨਹੀਂ ਬਣੀਆਂ ਹੁੰਦੀਆਂ ਤਾਂ ਇਸੇ ਆਧੁਨਿਕਤਾ ਅਤੇ ਪਰੰਪਰਾ ਦੇ ਆਪਸੀ ਸਬੰਧਾਂ ਕਾਰਨ ਸਭਿਆਚਾਰਕ ਤਣਾਉ ਪੈਦਾ ਹੋ ਜਾਂਦਾ ਹੈ।"(14)

ਜਦੋਂ ਸਮਾਜ ਮਨੁੱਖ ਕੋਲੋਂ ਆਪਣੇ ਨਿਯਮਾਂ ਮੁਤਾਬਿਕ ਕੁੱਝ ਕਰਨ ਦੀ ਮੰਗ ਕਰਦਾ ਹੈ ਤਾਂ ਵਿਰੋਧ ਦੀ ਸਥਿਤੀ ਪੈਦਾ ਹੋ ਜਾਂਦੀ ਹੈ ਜੋ ਤਣਾਉ ਨੂੰ ਜਨਮ ਦਿੰਦੀ ਹੈ। ਜਦੋਂ ਦੋ ਜਾਂ ਦੋ ਤੋਂ ਵੱਧ ਸਭਿਆਚਾਰਾਂ ਨਾਲ ਸਬੰਧ ਰੱਖਣ ਵਾਲੇ ਲੋਕ ਸੰਪਰਕ ਵਿਚ ਆਉਂਦੇ ਹਨ ਤਾਂ ਵੀ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਆਉਂਦੀਆਂ ਹਨ। ਇਹ ਸਹੀ ਹੈ ਕਿ ਜਦੋਂ ਦੋ ਜਾਂ ਦੋ

ਤੋਂ ਵੱਧ ਸਭਿਆਚਾਰਾਂ ਵਿਚਕਾਰ ਟਕਰਾਉ ਹੁੰਦਾ ਹੈ ਤਾਂ ਇਸ ਦੀ ਗਤੀ ਵੱਧਦੀ ਹੈ ਜਿਸ ਕਾਰਨ ਸਭਿਆਚਾਰਕ ਤਣਾਉ ਤਿੱਖੇ ਰੂਪ ਵਿਚ ਸਾਡੇ ਸਾਹਵੇਂ ਹੁੰਦਾ ਹੈ।

ਚੇਤੇ 'ਚੋਂ ਨਹੀਂ ਜਾਂਦੀ ਮੇਰੇ ਪਿਛਲੇ ਪਿੰਡ ਦੀ ਨਹਿਰ

ਹੱਡਾਂ ਦੇ ਵਿਚ ਰੱਚਦਾ ਹੀ ਨਾ ਓਪਰਿਆਂ ਦਾ ਸ਼ਹਿਰ।

(ਮਨ ਦੇ ਬੂਹੇ ਬਾਰੀਆਂ 48)

ਆਪਣੇ ਘਰ ਅਤੇ ਮਾਂ ਬੋਲੀ ਤੋਂ ਦੂਰ ਗਏ ਉਹਨਾਂ ਪੰਜਾਬੀਆਂ ਨੂੰ ਉੱਥੋਂ ਦੇ ਦੇਸ਼ਾਂ ਨੇ ਮਾਇਆ ਅਤੇ ਮਾਹੌਲ ਤਾਂ ਦੇ ਦਿੱਤਾ ਪਰ ਉਹਨਾਂ ਕੋਲੋਂ ਜਿਹੜਾ ਕੁੱਝ ਗੁਆਚ ਗਿਆ ਹੈ। ਉਸ ਨੂੰ ਸਾਡੇ ਪੰਜਾਬੀ ਗ਼ਜ਼ਲਕਾਰਾਂ ਨੇ ਆਪਣੇ ਅੰਦਾਜ਼ ਵਿਚ ਪੇਸ਼ ਕੀਤਾ ਹੈ। ਪਰ ਇਹ ਸ਼ਾਇਰ ਲੋਕ ਬੋਲੀ ਨੂੰ ਚਿਹਨ ਦੇ ਤੌਰ 'ਤੇ ਵਰਤਦਾ ਹੈ। ਬਾਰੀਂ ਬਰਸੀ ਸਾਡੇ ਲੋਕ ਮਨ ਨਾਲ ਜੁੜੀ ਅਜਿਹੀ ਬੋਲੀ ਹੈ ਜਿਹੜੀ ਸਾਕਾਰਤਮਕ ਹੈ ਪਰ ਸ਼ਾਇਰ ਇਸ ਨੂੰ ਇਸ ਦੇ ਉੱਲਟ ਸ਼ਬਦਾਂ ਵਿਚ ਵਰਤਦਾ ਹੋਇਆ ਉਹਨਾਂ ਪਰਵਾਸੀਆਂ ਤੇ ਵਿਅੰਗ ਕੱਸਦਾ ਹੈ ਜਿਹੜੇ ਆਪਣੀ ਮਾਂ ਅਤੇ ਮਾਂ ਬੋਲੀ ਨੂੰ ਭੁੱਲ ਗਏ ਹਨ ਕਿਉਂ ਕਿ ਪਰਵਾਸ ਨੇ ਉਹਨਾਂ ਤੋਂ ਉਹਨਾਂ ਦੀਆਂ ਮਾਂਵਾਂ ਹੀ ਨਹੀਂ ਬਲਕਿ ਉਹਨਾਂ ਦੀ ਮਾਂ ਬੋਲੀ ਵੀ ਖੋਹ ਲਈ ਹੈ। ਇਸ ਨੂੰ ਪ੍ਰਗਟਾਉਂਦਾ ਜਸਵਿੰਦਰ ਦਾ ਇਕ ਸ਼ਿਅਰ ਹੈ:

ਬਾਰੀਂ ਬਰਸੀ ਖੱਟਣ ਗਿਆ ਸੀ, ਖੱਟਣ ਗਿਆ ਨਾ ਆਇਆ

ਮਾਂ ਵੀ ਭੁੱਲਿਆ, ਮਾਂ-ਬੋਲੀ ਵੀ ਭੁੱਲਿਆ ਮਾਂ ਦਾ ਜਾਇਆ।

(ਅਗਰਬੱਤੀ 51)

ਗ਼ਜ਼ਲਗੋ ਜਗਵਿੰਦਰ ਜੋਧਾ ਸਭਿਆਚਾਰਕ ਤਣਾਉ ਬਾਰੇ ਆਪਣੀਆਂ ਗ਼ਜ਼ਲਾਂ ਵਿਚ ਲਿਖਦਾ ਹੈ।ਪਰਦੇਸਾਂ ਵਿਚ ਵਸਦੇ ਪਰਦੇਸੀ ਆਪਣੇ ਘਰ ਨੂੰ ਬਹੁਤ ਯਾਦ ਕਰਦੇ ਹਨ। ਉਹ ਸਭਿਆਚਾਰਕ ਤਣਾਉ ਹੰਢਾਉਂਦੇ ਹੋਏ ਉਹ ਆਪਣਿਆਂ ਨੂੰ ਖ਼ਤਾਂ ਰਾਹੀਂ ਆਪਣਾ ਹਾਲ ਦੱਸਦੇ ਹਨ।

ਸਰਦਲਾਂ ਨੂੰ ਯਾਦ ਕੀਤਾ, ਖਿੜਕੀਆਂ ਨੂੰ ਖ਼ਤ ਲਿਖੇ

ਜਦ ਅਸੀਂ ਬਨਵਾਸੀਆਂ ਨੇ ਬਸਤੀਆਂ ਨੂੰ ਖ਼ਤ ਲਿਖੇ।

(ਸਾਰੰਗੀ 16)

ਇਕ ਪਰਦੇਸੀ ਜਦੋਂ ਮੁੱਦਤਾਂ ਬਾਅਦ ਆਪਣੀ ਅੱਧੀ ਨਾਲੋਂ ਵੱਧ ਉਮਰ ਕੱਢ ਕੇ ਜਦੋਂ ਆਪਣੇ ਵਤਨੀਂ ਵਾਪਿਸ ਆਉਂਦਾ ਹੈ ਤਾਂ ਉਹ ਆਪਣੇ ਘਰ ਦੀ ਸਥਿਤੀ ਦੇਖ ਕੇ ਦੰਗ ਰਹਿ ਜਾਂਦਾ ਹੈ। ਉਸ ਨੂੰ ਆਪਣੇ ਘਰ ਦਾ ਅੱਧ ਖੁੱਲ੍ਹਾ

ਦਰਵਾਜ਼ਾ ਘਰ ਵਿਚਲੇ ਸੁੱਕੇ ਬੂਟੇ, ਸੁੱਕੀਆਂ ਵੇਲਾਂ ਅਤੇ ਸੁੰਨ-ਮਸਾਨ ਵਿਹੜਾ ਦਿਖਦਾ ਹੈ ਜਿਸ ਨੂੰ ਦੇਖ ਕੇ ਉਸ ਨੂੰ ਉਹ ਦਿਨ ਯਾਦ ਆਉਂਦੇ ਹਨ ਜਦੋਂ ਇਹੀ ਸੁੰਨੇ ਵਿਹੜੇ ਵਿਚ ਉਸ ਦਾ ਪੂਰਾ ਪਰਿਵਾਰ ਹੱਸਦਾ ਖੇਡਦਾ ਸੰਘਣੇ ਦਰੱਖ਼ਤਾਂ ਦੀਆਂ ਛਾਹਵਾਂ ਮਾਣਦਾ ਸੀ। ਪਰ ਵਿਦੇਸ਼ਾਂ ਵਿਚੋਂ ਵਾਪਿਸ ਪਰਤ ਕੇ ਆਉਣ ਤੋਂ ਬਾਅਦ ਜੋ ਮੰਜ਼ਰ ਭਾਵ ਨਜ਼ਾਰਾ ਉਹ ਦੇਖ ਰਿਹਾ ਸੀ ਉਹ ਪਹਿਲਾਂ ਨਾਲੋਂ ਉੱਲਟ ਸੀ।

ਸੁੰਨਾ ਵਿਹੜਾ, ਸੁੱਕੀਆਂ ਵੇਲਾਂ, ਅੱਧਖੁੱਲ੍ਹਾ ਦਰ ਵੇਖ ਰਿਹਾਂ

ਉਮਰ ਗਵਾ ਕੇ ਘਰ ਮੁੜਿਆ ਇਹ ਕੈਸੇ ਮੰਜ਼ਰ ਵੇਖ ਰਿਹਾਂ।

(ਸਾਰੰਗੀ 49)

ਭਾਰਤ ਵਿਚ ਖਾਸ ਕਰ ਕੇ ਪੰਜਾਬ ਵਿਚ ਨੌਜਵਾਨਾਂ ਪੜ੍ਹੇ-ਲਿਖੇ ਹੋ ਕੇ ਵੀ ਬੇਰੋਜ਼ਗਾਰੀ ਦੇ ਸੰਤਾਪ ਨੂੰ ਹੰਢਾ ਰਹੇ ਹਨ। ਉਹਨਾਂ ਨੂੰ ਮਜਬੂਰ ਹੋ ਕੇ ਵਿਦੇਸ਼ੀ ਕੰਪਨੀਆਂ ਦੇ ਝਾਂਸੇ ਵਿਚ ਆ ਕੇ ਆਪਣਾ ਰੁਖ ਵਿਦੇਸ਼ਾਂ ਵੱਲ ਕਰਨਾ ਪੈ ਰਿਹਾ ਹੈ। ਵਿਦੇਸ਼ੀ ਕੰਪਨੀਆਂ ਵੱਡੇ-ਵੱਡੇ ਦਾਅਵੇ ਕਰ ਕੇ ਜ਼ਿਆਦਾ ਲਾਲਚ ਦੇ ਕੇ ਸਾਡੀ ਨੌਜਵਾਨ ਪੀੜ੍ਹੀ ਨੂੰ ਆਪਣੇ ਕੋਲ ਲੇਬਰ ਲਈ ਬੁਲਾ ਲੈਂਦੇ ਹਨ ਅਤੇ ਉਹਨਾਂ ਦੀ ਪੈਸੇ ਦੀ ਇੱਛਾ ਪੂਰੀ ਕਰਦੇ ਹਨ। ਨੌਜਵਾਨ ਪੀੜ੍ਹੀ ਦਾ ਆਪਣੇ ਮੁਲਕ ਤੋਂ ਦੂਜੇ ਥਾਂ ਤੇ ਚਲੇ ਜਾਣਾ ਸਾਡੇ ਮੁਲਕ ਲਈ ਤ੍ਰਾਸਦੀ ਭਰੀ ਗੱਲ ਹੈ ਜਿਸ ਕਾਰਨ ਪੰਜਾਬ ਅੰਦਰੋਂ-ਅੰਦਰੀ ਗ਼ਮਗ਼ੀਨ ਹੁੰਦਾ ਜਾ ਰਿਹਾ ਹੈ।

ਕੈਦ ਕਰ ਕੇ ਮਰਤਬਾਨਾਂ ਵਿਚ ਸੁਨਿਹਰੀ ਮਛਲੀਆਂ

ਉਹ ਵਪਾਰੀ ਲੈ ਗਿਆ ਵੇਚਣ ਲਈ ਬਾਜ਼ਾਰ ਵਿਚ

ਏਸ ਸਦਮੇ ਨਾਲ ਨੀਲੀ ਝੀਲ ਪੱਥਰ ਹੋ ਗਈ

ਅੰਦਰੇ-ਅੰਦਰ ਖੋਲਦਾ ਪਾਣੀ ਰਿਹਾ ਇਸ ਵਾਰ ਵੀ।

(ਸਾਰੰਗੀ 63)

ਪਰਦੇਸ ਵਿਚ ਬੈਠਾ ਪਰਦੇਸੀ ਆਪਣੇ ਵਤਨ ਆਪਣੀ ਮਿੱਟੀ ਨੂੰ ਬਹੁਤ ਜ਼ਿਆਦਾ ਯਾਦ ਕਰਦਾ ਹੈ। ਉਸ ਨੂੰ ਸੁਪਨੇ ਵਿਚ ਵੀ ਆਪਣੇ ਪਿੰਡ ਦੀ ਜ਼ਮੀਨ ਤੇ ਕਣਕ ਦੇ ਸਿੱਟਿਆਂ ਨਾਲ ਕਲੋਲਾਂ ਕਰਦੀ ਬਹਾਰ ਦਿਖਾਈ ਦਿੰਦੀ ਹੈ ਭਾਵ ਉਹ ਆਪਣੇ ਪਿੰਡ ਦੇ ਨਜ਼ਾਰਿਆਂ ਨੂੰ ਬਹੁਤ ਯਾਦ ਕਰਦਾ ਹੈ।

ਕੱਲ੍ਹ ਰਾਤੀਂ ਮੈਂ ਸੁਪਨੇ ਵਿਚ ਫਿਰ ਉਹੀ ਮੰਜ਼ਰ ਦੇਖੇ

ਕਣਕ ਦੇ ਸਾਵੇ ਸਿੱਟਿਆਂ ਦੇ ਮੂੰਹ ਚੁੰਮਦੀ ਸੀ ਪੁਰਵਾਈ।

(ਬੇਤਰਤੀਬੀਆਂ 43)

ਜਦੋਂ ਵਿਦੇਸ਼ ਵਿਚ ਪੈਸਾ ਕਮਾਉਣ ਗਇਆ ਬੰਦਾ ਥੱਕ-ਹਾਰ ਕੇ ਢਾਬੇ ਤੇ ਰੋਟੀ ਖਾਣ ਬੈਠਦਾ ਹੈ ਤਾਂ ਉਸ ਨੂੰ ਆਪਣੀ ਦਾਦੀ ਜਾਂ ਫਿਰ ਮਾਂ ਦੇ ਹੱਥ ਦਾ ਸਰੋਂ ਦਾ ਸਾਗ, ਲੱਡੂ ਅਤੇ ਦੇਸੀ ਘਿਊ ਦੀ ਪਿੰਨੀਆਂ ਦੀ ਬਹੁਤ ਯਾਦ ਆਉਂਦੀ ਹੈ ਤਾਂ ਉਸ ਦੇ ਹੱਥ ਵਿਚ ਢਾਬੇ ਦੀ ਰੋਟੀ ਕੰਬ ਉੱਠਦੀ ਹੈ।

ਸਾਗ ਸਰੋਂ ਦਾ, ਤਿਲ ਦੇ ਲੱਡੂ, ਘਿਊ ਦੀਆਂ ਪਿੰਨੀਆਂ ਚੇਤੇ ਆਈਆਂ

ਉਸ ਦੇ ਹੱਥ ਵਿਚ ਕੰਬਣ ਲੱਗੀ ਇਕ ਢਾਬੇ ਦੀ ਰੋਟੀ।

(ਬੇਤਰਤੀਬੀਆਂ 72)

ਪਰਵਾਸੀ ਗ਼ਜ਼ਲਕਾਰਾ ਸੁਰਜੀਤ ਸਖੀ ਆਪਣੀਆਂ ਗ਼ਜ਼ਲਾਂ ਰਾਹੀਂ ਪਰਵਾਸ ਹੰਢਾ ਰਹੀ ਅਜੋਕੀ ਪੀੜ੍ਹੀ ਦੇ ਦਰਦ ਨੂੰ ਸਭਿਆਚਾਰਕ ਤਣਾਉ ਦੇ ਆਧਾਰ ਤੇ ਬਿਆਨ ਕਰਦੀ ਕਹਿੰਦੀ ਹੈ ਕਿ ਪਰਦੇਸਾਂ ਵਿਚ ਵਸ ਰਹੀਆਂ ਸਾਡੀਆਂ ਪੀੜ੍ਹੀਆਂ ਸਭਿਆਚਾਰਕ ਤਣਾਉ ਨੂੰ ਆਪਣੇ ਤਨ ਅਤੇ ਮਨ ਤੇ ਹੰਢਾਉਂਦੀਆਂ ਹਨ। ਉਹ ਸਰੀਰਕ ਅਤੇ ਦੁਨੀਆਵੀ ਸੁੱਖਾਂ ਦੀ ਪੂਰਤੀ ਲਈ ਪੱਛਮ ਭਾਵ ਵਿਦੇਸ਼ੀ ਧਰਤੀ ਤੇ ਜਾ ਕੇ ਤਾਂ ਜ਼ਰੂਰ ਵੱਸ ਗਏ ਹਨ ਪਰ ਉੱਥੋਂ ਦੇ ਸਭਿਆਚਾਰ, ਰੀਤੀ ਰਿਵਾਜ਼ਾਂ ਪ੍ਰਤੀ ਉਹਨਾਂ ਦਾ ਮਨ ਸੁਖਾਵਾਂ ਨਹੀਂ ਹੈ ਅਤੇ ਨਾ ਹੀ ਆਤਮਿਕ ਸ਼ਾਂਤੀ ਮਿਲਦੀ ਹੈ। ਉਹਨਾਂ ਨੇ ਆਤਮਾ ਦੀ ਸ਼ਾਤੀ ਅਤੇ ਤ੍ਰਿਪਤੀ ਲਈ ਆਪਣੇ ਹੀ ਵਤਨ ਵਾਪਿਸ ਜਾਣਾ ਹੁੰਦਾ ਹੈ ਕਿਉਂ ਕਿ ਉਹ ਮਹਿਸੂਸ ਕਰਦੇ ਹਨ ਕਿ ਵਿਦੇਸ਼ੀ ਸਭਿਆਚਾਰ ਉਹਨਾਂ ਦੇ ਆਪਣੀ ਧਰਤੀ ਦੇ ਸਭਿਆਚਾਰ ਜਿੰਨ੍ਹਾਂ ਸੁਖਾਵਾਂ ਨਹੀਂ ਹੁੰਦਾ।

ਸਰੀਰਕ ਸ਼ਾਂਤੀ ਖ਼ਾਤਰ ਅਸੀਂ ਪੱਛਮ ’ਚ ਆਏ ਸਾਂ

ਤੇ ਮੁੜ ਕੇ ਆਤਮਕ ਤ੍ਰਿਪਤੀ ਲਈ ਪੂਰਬ ’ਚ ਜਾਵਾਂਗੇ।

(ਧੁੰਦ 43)

ਪਰਦੇਸ ਗਏ ਬੰਦੇ ਨੂੰ ਬੇਗਾਨੀ ਧਰਤੀ ਤੇ ਜਾ ਕੇ ਆਪਣੇ ਦੇਸ਼ ਦੀਆਂ ਯਾਦਾਂ ਘੇਰਦੀਆਂ ਹਨ। ਉਹਨਾਂ ਦੀਆਂ ਯਾਦਾਂ ਵਿਚ ਪੰਜਾਬ ਦੀ ਹਰ ਇਕ ਚੀਜ਼ ਘੁੰਮਦੀ ਨਜ਼ਰ ਆਉਂਦੀ ਹੈ। ਉਹ ਬੰਦਾ ਸੋਚਦਾ ਹੈ ਕਿ ਇੱਥੇ ਪਰਦੇਸ ਵਿਚ ਲੋਕ ਮਸ਼ੀਨ ਦੀ ਤਰ੍ਹਾਂ ਹੀ ਬਣ ਗਏ ਹਨ। ਦਿਨ-ਰਾਤ ਬਿਨਾਂ ਰੁਕੇ ਅਤੇ ਥੱਕੇ ਮਸ਼ੀਨਾਂ ਵਾਂਗ ਹੀ ਕੰਮ ਕਰੀ ਜਾਂਦੇ ਹਨ। ਉਸ ਨੂੰ ਇਹ ਵੀ ਜਾਪਦਾ ਹੈ ਕਿ ਉੱਥੇ ਲੋਕ ਕਿਸੇ ਪਿੰਜਰੇ ਵਿਚ ਕੈਦ ਕਿਸੇ ਪੰਛੀ ਵਾਂਗ ਆਪਣੇ ਦੇਸ਼ ਉਡਾਰੀ ਮਾਰਨ ਦਾ ਖ਼ਵਾਬ ਵੇਖ ਰਿਹਾ ਹੇ ਕਿ ਕਦੋਂ ਉਹ ਮਸ਼ੀਨੀ ਜ਼ਿੰਦਗੀ ਦੀ ਭੱਜ-ਦੌੜ ਤੋਂ ਦੂਰ ਇੱਥੋਂ ਨਿਕਲ ਜਾਵੇ ਅਤੇ ਆਪਣੇ ਮੁਲਕ ਜਾ ਕੇ ਵਸੇਬਾ ਕਰੇ। ਪੰਜਾਬੀ ਪਰਵਾਸੀ ਗ਼ਜ਼ਲਕਾਰਾ ਸੁਰਜੀਤ ਸਖੀ ਆਪਣੀ ਗ਼ਜ਼ਲ ਦੇ ਇਕ ਸ਼ਿਅਰ ਵਿਚ ਇਸ ਨੂੰ ਬਿਆਨ ਕਰਦੀ ਹੈ।

ਸਿਮਰਤੀਆਂ ਵਿਚ ਜੰਗਲ ਵੱਸਦਾ ਲੋਕੀਂ ਬਣੇ ਮਸ਼ੀਨਾਂ ਵਾਂਗ

ਜਿਉਂ ਪਿੰਜਰੇ ਦਾ ਪੰਛੀ ਕੋਈ ਸੁਪਨਾ ਲਵੇ ਉਡਾਰੀ ਦਾ।

(ਧੁੰਦ 66)

ਅਜੋਕੀ ਇਸ ਤਰ੍ਹਾਂ ਦੀ ਸਥਿਤੀ ਬਣ ਗਈ ਹੈ ਕਿ ਜਦੋਂ ਕੋਈ ਬਾਹਰਲੇ ਮੁਲਕ ਵਿਚੋਂ ਆਪਣੇ ਮੁਲਕ ਵਾਪਿਸ ਆਉਂਦਾ ਹੈ ਤਾਂ ਪੂਰੀ ਜ਼ਿੰਦਗੀ ਬਾਹਰ ਹੰਢਾਉਣ ਦੇ ਬਾਅਦ ਵੀ ਜਦ ਉਹ ਆਪਣਾ ਪਿੰਡ ਸਾਰਾ ਤੁਰ-ਫਿਰ ਕੇ ਦੇਖਦਾ ਹੈ ਤਾਂ ਉਸ ਨੂੰ ਪਿੰਡ ਦੇ ਕਿਸੇ ਵੀ ਸ਼ਖ਼ਸ ਦੇ ਦਿਲ ਵਿਚ ਕੋਈ ਪਿਆਰ ਕੋਈ ਖਿੱਚ ਆਪਣਾਪਨ ਕੁੱਝ ਵੀ ਮਹਿਸੂਸ ਨਹੀਂ ਹੁੰਦਾ। ਹੁਣ ਬਦਲਦੇ ਹਾਲਾਤਾਂ ਨਾਲ ਸਭ ਕੁੱਝ ਹੀ ਬਦਲ ਚੁੱਕਿਆ ਹੈ। ਪਹਿਲਾਂ ਵਾਲੀ ਦਿਲਾਂ ਅਤੇ ਰਿਸ਼ਤਿਆਂ ਦੀ ਸਾਂਝ ਮੁੱਕ ਗਈ ਹੈ।

ਮੁੱਦਤ ਪਿੱਛੋਂ ਆਪਣਾ ਪਿੰਡ ਵੀ ਸਾਰਾ ਘੁੰਮ ਕੇ ਤੱਕਿਆ ਅੱਜ

ਨਾ ਉਹ ਖਿੱਚ ਦਿਲਾਂ ਵਿਚ ਬਾਕੀ ਨਾ ਉਹ ਬੇ-ਪਰਵਾਹੀਆਂ ਨੇ।

(ਧੁੰਦ 76)

ਪੰਜਾਬੀ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਨੇ ਪੰਜਾਬੀਆਂ ਵਲੋਂ ਹੰਢਾਏ ਜਾ ਰਹੇ ਭੂ-ਹੇਰਵੇ ਨੂੰ ਆਪਣੀਆਂ ਗ਼ਜ਼ਲਾਂ ਵਿਚ ਬਿਆਨ ਕੀਤਾ ਹੈ। ਜਦੋਂ ਪਰਦੇਸਾਂ ਵਿਚ ਬੈਠੇ ਪਰਦੇਸੀ ਦੇ ਸਾਹਮਣੇ ਕੋਈ ਟਹਿਣੀ ਤੋਂ ਪੱਤਾ ਗਿਰਦਾ ਹੈ ਭਾਵ ਕੋਈ ਬਜ਼ੁਰਗ ਸਵਰਗ ਸਿਧਾਰਦਾ ਹੈ ਤਾਂ ਉਸ ਪਰਦੇਸੀ ਨੂੰ ਆਪਣੇ ਪਿੰਡ ਦੇ ਬੋਹੜ ਰੁੱਖਾਂ ਦੇ ਹੇਠ ਜਵਾਨ ਹੋਏ ਉਹ ਸਾਕ-ਸਬੰਧੀ ਚੇਤੇ ਆ ਜਾਂਦੇ ਹਨ ਜਿਹਨਾਂ ਦੀ ਛਾਂ ਹੇਠ ਉਹ ਪਲਿਆ ਤੇ ਫਿਰ ਉਹ ਸੋਚਦਾ ਹੈ ਕਿ ਉਹ ਸਾਰੇ ਵੀ ਅਜੇ ਤੱਕ ਜਿਊਂਦੇ ਹੋਣਗੇ ਜਾਂ ਫਿਰ ਸਾਨੂੰ ਵਤਨੀਂ ਮੁੜ ਕੇ ਜਾਣ ਤੇ ਉਹਨਾਂ ਨੂੰ ਦੇਖਣਾ ਵੀ ਨਸੀਬ ਹੋਣਾ ਹੈ ਜਾਂ ਨਹੀਂ।

ਕੰਬ ਜਾਵੇ ਜੇ ਟਹਿਣੀ ਤੋਂ ਪੱਤਾ ਕਿਰੇ

ਦਿਲ ਵਿਚਾਰਾ ਖ਼ਿਆਲਾਂ ਨੂੰ ਪੁੱਛਦਾ ਫਿਰੇ

ਜਿਹੜੇ ਬੋਹੜਾਂ ਦੇ ਥੱਲੇ ਜੁਆਨੀ ਖਿੜੀ

ਤੁਰ ਗਏ ਹੋਣਗੇ ਕਿ ਖੜ੍ਹੇ ਹੋਣਗੇ

(ਪੁੰਨਿਆਂ 21)

ਮਨੁੱਖ ਦੀ ਮਾਨਸਿਕਤਾ ਵੀ ਕਿੰਨੀ ਅਜੀਬ ਹੈ ਉਸ ਨੂੰ ਚਾਹੇ ਦੁਨੀਆਂ ਭਰ ਦੇ ਐਸ਼ ਆਰਾਮ ਦੇ ਦਿੱਤੇ ਜਾਣ ਪਰ ਜਦ ਵਿਦੇਸ਼ ਤੋਂ ਵਾਪਿਸ ਪਰਤ ਕੇ ਉਹ ਆਪਣੀ ਧਰਤੀ ਨਾਲ ਨਤਮਸਤਕ ਹੁੰਦਾ ਹੈ ਤਾਂ ਉਸ ਦਾ ਤਨ, ਮਨ ਬਾਗੋ-ਬਾਗ ਹੋ ਉੱਠਦਾ ਹੈ। ਆਪਣੇ ਵਤਨ ਦੀ ਮਿੱਟੀ ਦਾ ਅਸਰ ਹੀ ਅਜਿਹਾ ਹੁੰਦਾ ਹੈ ਜਿਸ ਦਾ ਅਸਰ ਦਿਲ ਅਤੇ ਦਿਮਾਗ ਤੇ ਬੇਅਸਰ ਹੋਏ ਬਿਨਾਂ ਨਹੀਂ ਰਹਿੰਦਾ। ਉਹ ਤਾਂ ਪਿੰਡ ਵੜਦਿਆਂ ਹੀ ਫਿਰਨੀ ਤੋਂ ਹੀ ਖੁਸ਼ੀ 'ਚ ਹੁਲਾਰੇ ਲੈਣ ਲੱਗ ਜਾਂਦਾ ਹੈ।

ਪਿੰਡ ਦੀ ਫਿਰਨੀ ਤੇ ਆ ਕੇ ਝੂਮ ਉੱਠਿਆ ਦਿਲ ਮੇਰਾ

ਆਪਣੀ ਮਿੱਟੀ ਦੀ ਖ਼ੁਸ਼ਬੂ ਬੇਅਸਰ ਹੁੰਦੀ ਨਹੀਂ।

(ਪੁੰਨਿਆਂ 28)

ਤਣਾਉ ਮਨੁੱਖੀ ਮਨ ਦੀ ਅਜਿਹੀ ਅੰਦਰਲੀ ਪ੍ਰਕਿਰਿਆ ਹੈ ਜਿਸ ਦਾ ਅਧਿਐਨ ਮਨੋਵਿਗਿਆਨ, ਮਾਨਵ ਵਿਗਿਆਨ, ਸਮਾਜ ਵਿਗਿਆਨ ਅਤੇ ਹੋਰ ਅਨੇਕਾਂ ਵਿਗਿਆਨਾਂ ਰਾਹੀਂ ਕੀਤਾ ਜਾਂਦਾ ਹੈ। ਜਿਸ ਦਾ ਸਬੰਧ ਮਨੁੱਖ ਦੀ ਮਾਨਸਿਕਤਾ ਨਾਲ ਹੈ ਅਤੇ ਇਸ ਨੂੰ ਸਮਝਣ ਦਾ ਕਾਰਜ ਔਖਾ ਹੈ। ਤਣਾਉ ਗ੍ਰਸਤ ਮਨੁੱਖ ਦਾ ਪ੍ਰਗਟਾਵਾ ਉਸ ਦੀਆਂ ਸਰੀਰਕ ਕਿਰਿਆਵਾਂ ਜਿਵੇਂ ਪਰੇਸ਼ਾਨੀ, ਥਕਾਵਟ, ਗੁੱਸੇ ਨਾਲ ਬੋਲਣਾ ਆਦਿ ਤੋਂ ਹੁੰਦਾ ਹੈ। ਤਣਾਉ ਮਨੁੱਖੀ ਮਨ ਦੀ ਅੰਦਰੂਨੀ ਪ੍ਰਕਿਰਿਆ ਹੈ ਪਰ ਇਸ ਦਾ ਸਬੰਧ ਬਾਹਰਮੁਖੀ ਸਮਾਜਕ ਘਟਨਾਵਾਂ ਨਾਲ ਹੈ। ਸਮਾਜ ਗਤੀਸ਼ੀਲਤਾ ਅਤੇ ਪਰਿਵਰਤਨਸ਼ੀਲਤਾ ਦੇ ਨੇਮ 'ਤੇ ਅਧਾਰਿਤ ਹੈ। ਆਵਾਸੀ ਧਰਤੀ ਤੇ ਕਈ ਵਰੇ ਬੀਤਾਉਣ ਤੋਂ ਬਾਅਦ ਜਦੋਂ ਮਨੁੱਖ ਵਿਦੇਸ਼ੀ ਧਰਤੀ ਦਾ ਵਸਨੀਕ ਬਣਦਾ ਹੈ ਤਾਂ ਉਹ ਉੱਥੋਂ ਦੇ ਸਭਿਆਚਾਰ, ਸੰਸਕ੍ਰਿਤੀ ਨੂੰ ਅਪਣਾਉਣ ਤੋਂ ਆਪਣੇ ਆਪ ਨੂੰ ਅਸਹਿਜ ਮਹਿਸੂਸ ਕਰਦਾ ਹੈ। ਉਸ ਦੇ ਹਾਲਾਤ ਇਹ ਬਣ ਜਾਂਦੇ ਹਨ ਕਿ ਉਹ ਨਾਂ ਤਾਂ ਆਪਣਾ ਸਭਿਆਚਾਰ, ਆਪਣੀ ਵਿਰਾਸਤ ਭੁੱਲ ਸਕਦਾ ਹੈ ਅਤੇ ਨਾ ਹੀ ਉੱਥੋਂ ਦੇ ਹਾਲਾਤਾਂ ਅਨੁਸਾਰ ਆਪਣੇ ਆਪ ਨੂੰ ਢਾਲ ਸਕਦਾ ਹੈ। ਇਹਨਾਂ ਪਰਸਥਿਤੀਆਂ ਨੂੰ ਹਢਾਉਂਦਾ ਮਨੁੱਖ ਮਾਨਸਿਕ ਦੁੱਖ ਭੋਗਦਾ ਹੈ। ਮਨੁੱਖ ਦੇ ਇਸ ਤਰ੍ਹਾਂ ਦੇ ਹਾਲਾਤਾਂ ਨੂੰ ਬਿਆਨ ਕਰਦੀਆਂ ਗ਼ਜ਼ਲਾਂ ਹਨ ਜਿਨ੍ਹਾਂ ਵਿਚ ਗ਼ਜ਼ਲਕਾਰਾਂ ਨੇ ਉਸ ਦੀ ਸਥਿਤੀ ਨੂੰ ਬਾਖ਼ੂਬੀ ਬਿਆਨ ਕੀਤਾ ਹੈ।

ਉਪਰੋਕਤ ਕੀਤੇ ਅਧਿਐਨ ਵਿਚ ਸਮਾਜ ਸ਼ਾਸਤਰੀ ਪੱਖ ਤੋਂ ਪਰਵਾਸ ਨਾਲ ਸਬੰਧਤ ਅਧਿਐਨ ਕੀਤਾ ਹੈ। ਅਜੋਕੇ ਸਮੇਂ ਵਿਚ ਇਹ ਸਾਡੇ ਸਮਾਜ ਦਾ ਇਕ ਭੱਖਵਾਂ ਮਸਲਾ ਹੈ। ਜਿੱਥੇ ਅਸੀਂ ਸਮਾਜ ਦੇ ਹਰ ਮਸਲੇ ਨੂੰ ਆਪਣੇ ਖੋਜ-ਪ੍ਰਬੰਧ ਦਾ ਹਿੱਸਾ ਬਣਾਇਆ ਹੈ ਤਾਂ ਇਸ ਨੂੰ ਅੱਖੋਂ ਪਰੋਖੇ ਕਿਵੇਂ ਕੀਤਾ ਜਾ ਸਕਦਾ ਸੀ। ਇਸ ਲਈ ਅਸੀਂ ਆਪਣੇ ਖੋਜ-ਪ੍ਰਬੰਧ ਵਿਚ ਇਸ ਨੂੰ ਸ਼ਾਮਿਲ ਕੀਤਾ ਹੈ। ਇਸ ਵਿਚ ਗ਼ਜ਼ਲਕਾਰਾਂ ਦੁਆਰਾ ਪਰਵਾਸ ਦੌਰਾਨ ਇਕ ਪਰਵਾਸੀ ਨੂੰ ਦਰਪੇਸ਼ ਸਮੱਸਿਆਵਾਂ ਦਾ ਸਾਹਮਣਾ ਕਰਦਿਆਂ ਕੀ ਰੁਕਾਵਟਾਂ ਆਉਂਦੀਆਂ ਹਨ ਉਹਨਾਂ ਦੇ ਅਨੁਭਵ ਨੂੰ ਖੋਜ-ਪ੍ਰਬੰਧ ਨਾਲ ਸਬੰਧਤ ਵੱਖ-ਵੱਖ ਗ਼ਜ਼ਲਕਾਰ ਖ਼ਾਸ ਕਰ ਕੇ ਪਰਵਾਸੀ ਅਜ਼ੀਮ ਸ਼ੇਖ਼ਰ, ਸੁਰਿੰਦਰ ਸੀਰਤ, ਸੁਰਜੀਤ ਸਖੀ ਅਤੇ ਗੌਤਮ ਆਪਣੀਆਂ ਰਚਨਾਵਾਂ ਵਿਚ ਪ੍ਰਗਟਾਉਂਦੇ ਹਨ। ਸਿਰਫ਼ ਪਰਵਾਸੀ ਹੀ ਨਹੀਂ ਬਲਕਿ ਭਾਰਤੀ ਗ਼ਜ਼ਲਗੋ ਗੁਰਭਜਨ ਗਿੱਲ,

ਜਗਵਿੰਦਰ ਜੋਧਾ, ਸੁਖਵਿੰਦਰ ਅੰਮ੍ਰਿਤ ਵੀ ਇਹਨਾਂ ਸਮੱਸਿਆਵਾਂ ਨੂੰ ਆਪਣੀਆਂ ਗ਼ਜ਼ਲਾਂ ਵਿਚ ਪੇਸ਼ ਕਰਦੇ ਹਨ ਇਹ ਸਮੱਸਿਆਵਾਂ ਕਈ ਪ੍ਰਕਾਰ ਦੀਆਂ ਹਨ: ਪਰਵਾਸੀ ਸੰਵੇਦਨਾ, ਭੂ-ਹੇਰਵਾ, ਨਸਲੀ ਵਿਤਕਰਾ, ਪੀੜ੍ਹੀ-ਪਾੜਾ, ਸਭਿਆਚਾਰਕ ਤਣਾਊ, ਆਪੇ ਦੀ ਪਛਾਣ ਆਦਿ ਹਨ ਜਿਨ੍ਹਾਂ ਨੂੰ ਵੱਖ-ਵੱਖ ਗ਼ਜ਼ਲਕਾਰਾਂ ਨੇ ਆਪਣੀਆਂ ਗ਼ਜ਼ਲਾਂ ਵਿਚ ਪੇਸ਼ ਕੀਤਾ ਹੈ। ਰੋਜ਼ੀ-ਰੋਟੀ ਦੀ ਤਲਾਸ਼ ਜਾਂ ਵਧੇਰੇ ਪਦਾਰਥਕ ਸੁੱਖਾਂ ਦੀ ਪ੍ਰਾਪਤੀ ਦੀ ਲਾਲਸਾ ਹੀ ਮਨੁੱਖ ਨੂੰ ਉਸ ਦੀ ਜਨਮ ਭੂਮੀ ਤੋਂ ਵੱਖ ਕਰਦੀ ਹੈ। ਪਰਵਾਸ ਕੱਟ ਰਹੇ ਪੰਜਾਬੀਆਂ ਦੀ ਪੁਰਾਣੀ ਪੀੜ੍ਹੀ ਨੂੰ ਭੂ-ਹੇਰਵੇ ਦਾ ਸੰਤਾਪ ਵਧੇਰੇ ਦੁਖੀ ਕਰ ਰਿਹਾ ਹੈ। ਅਜਿਹੀ ਸਥਿਤੀ ਵਿਚ ਪਰਵਾਸੀ ਨੂੰ ਪਰਵਾਸ ਦੌਰਾਨ ਸਿਰਜਿਆ ਵਤਨ ਦੀ ਵਾਪਸੀ ਦੀ ਤਾਂਘ ਦਾ ਸੁਪਨਾ ਟੁੱਟਦਾ ਨਜ਼ਰ ਆਉਂਦਾ ਹੈ ਅਤੇ ਮਾਨਸਿਕ ਪੀੜਾ ਨੂੰ ਜਰਦਾ ਹੋਇਆ ਭਰੇ ਮਨ ਨਾਲ ਵਿਦੇਸ਼ ਵਾਪਸੀ ਕਰਦਾ ਹੈ। ਅਜੋਕੇ ਪੰਜਾਬੀ ਗ਼ਜ਼ਲਕਾਰਾਂ ਨੇ ਪਰਵਾਸ ਭੋਗਦੇ ਪੰਜਾਬੀਆਂ ਦੀ ਮਾਨਸਿਕਤਾ ਦੀ ਅੰਤਰ ਪੀੜ ਨੂੰ ਬਹੁਤ ਸੂਖ਼ਮਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੀਆਂ ਗ਼ਜ਼ਲਾਂ ਵਿਚ ਕਲਮਬੱਧ ਕੀਤਾ।

ਖੋਜ-ਪ੍ਰਬੰਧ ਦੇ ਤੀਜੇ ਅਧਿਆਇ ਵਿਚ ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਭਾਰਤੀ ਸਮਾਜ ਵਿਚ ਆਰਥਿਕ ਵੰਡ ਇਕ ਮਸਲਾ ਹੈ। ਗ਼ਜ਼ਲਕਾਰਾਂ ਨੇ ਆਪਣੀਆਂ ਗ਼ਜ਼ਲਾਂ ਰਾਹੀਂ ਜਿੱਥੇ ਸਮਾਜ ਵਿਚ ਆਰਥਿਕ ਤੌਰ 'ਤੇ ਪਿੱਛੜੇ ਲੋਕਾਂ ਦੀ ਸੰਘਰਸ਼ਮਈ ਜੀਵਨ ਗਾਥਾ ਨੂੰ ਬਿਆਨ ਕੀਤਾ ਹੈ ਉੱਥੇ ਮਜ਼ਦੂਰ ਵਰਗ ਨੂੰ ਆਪਣੇ ਹੱਕਾਂ ਵੱਲ ਵੀ ਪ੍ਰੇਰਿਤ ਕੀਤਾ ਹੈ। ਅਸੀਂ ਸਮਾਜ ਸ਼ਾਸਤਰੀ ਦ੍ਰਿਸਟੀਕੋਣ ਰਾਹੀਂ ਆਰਥਿਕਤਾ ਨੂੰ ਦੇਖਦੇ ਹਾਂ ਤਾਂ ਇਸ ਵਿਚ ਆਰਥਿਕਤਾ ਨਾਲ ਸਬੰਧਤ ਬਹਤ ਕੁੱਝ ਸਾਡੇ ਸਾਹਮਣੇ ਆਉਂਦਾ ਹੈ: ਜਿਵੇਂ ਕਿਰਤ ਦੀ ਲੁੱਟ, ਗਰੀਬ ਮਜਦੂਰ ਵਰਗ, ਗਰੀਬ ਮਜਦੂਰ ਔਰਤ, ਅਮੀਰ ਗਰੀਬ ਵਿਚਲਾ ਪਾੜਾ, ਕਿਸਾਨੀ ਖੁਦਕੁਸ਼ੀ ਆਦਿ ਮਸਲਿਆਂ ਨੂੰ ਗੁਰਭਜਨ ਗਿੱਲ, ਸਤੀਸ਼ ਗੁਲਾਟੀ, ਸੁਰਜੀਤ ਸਖੀ, ਜਗਵਿੰਦਰ ਜੋਧਾ, ਪਰਵਾਸੀ ਗ਼ਜ਼ਲਕਾਰ ਗੌਤਮ ਨੇ ਆਪਣੀਆਂ ਗ਼ਜ਼ਲਾਂ ਰਾਹੀਂ ਪੇਸ਼ ਕੀਤਾ ਹੈ। ਮਨੁੱਖੀ ਸਮਾਜ ਮੁੱਢ ਤੋਂ ਹੀ ਆਰਥਿਕ ਤੌਰ ਤੇ ਦੋ ਮੁਖ ਵਰਗਾਂ ਵਿਚ ਵੰਡਿਆ ਹੋਇਆ ਹੈ। ਇਕ ਵਰਗ ਉਹ ਜਿਸ ਕੋਲ ਆਪਣੀ ਸਮਰੱਥਾ ਤੋਂ ਵੀ ਵੱਧ ਪੂੰਜੀ ਹੈ ਜੋ ਆਪਣੇ ਸੁੱਖ-ਸਹੂਲਤ ਲਈ ਹਰ ਸਾਧਨਾਂ ਦੀ ਪੂਰਤੀ ਕਰ ਸਕਦਾ ਹੈ। ਦੂਜਾ ਵਰਗ ਉਹ ਜਿਸ ਨੂੰ ਇਕ ਵਕਤ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ।ਗ਼ਜ਼ਲਕਾਰਾਂ ਵਲੋਂ ਆਪਣੀਆਂ ਗ਼ਜ਼ਲਾਂ ਵਿਚ ਆਰਥਿਕ ਤੌਰ ਤੇ ਪੱਛੜੇ ਵਰਗ, ਮਜ਼ਦੂਰਾਂ, ਕਿਰਤੀਆਂ, ਛੋਟੇ ਕਿਸਾਨਾਂ ਦੀ ਜ਼ਿੰਦਗੀ ਵਿਚਲੀਆਂ ਮਜਬੂਰੀਆਂ, ਤੰਗੀਆਂ, ਤੁਰਸ਼ੀਆਂ, ਦੁੱਖਾਂ ਅਤੇ ਨਿਰਾਸ਼ਾਵਾਂ ਨੂੰ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ।ਇਸ ਆਰਥਿਕ ਪਾੜੇ ਦਾ ਯਥਾਰਥਕ ਚਿਤਰਨ ਗ਼ਜ਼ਲਕਾਰਾਂ ਵਲੋਂ ਬਾਖ਼ੂਬੀ ਪੇਸ਼ ਕੀਤਾ ਗਿਆ ਹੈ। ਆਰਥਿਕ ਵਿਕਾਸ ਵਿਚ ਵਪਾਰਕ ਬੁਨਿਆਦੀ ਕਾਰਨ ਇਹ ਹਨ ਕਿ ਰੋਜ਼ਗਾਰ ਦੇ ਅਵਸਰ ਦੇਣੇ ਚਾਹੀਦੇ ਹਨ। ਆਰਥਿਕ ਪੱਖੋਂ ਮਜਬੂਤ ਕਰਨਾ ਚਾਹੀਦਾ ਹੈ।ਬਸਤੀਵਾਦੀ ਯੁੱਗ ਵਿਚ ਇਮਾਰਤਾਂ, ਫ਼ੈਕਟਰੀਆਂ ਬਣਨ ਕਾਰਨ ਧਰਤੀ ਨੂੰ ਰੁੱਖਾਂ ਤੋਂ ਵਿਹੀਨ ਕਰ ਦਿੱਤਾ ਜਾਂਦਾ ਹੈ। ਗਰੀਬ ਵਰਗ ਲਈ ਉਹਨਾਂ ਦੇ ਕੰਮਾਂ ਨੂੰ ਸ਼ੁਰੂ ਕਰਨ ਲਈ ਘੱਟ ਵਿਆਜ ਦਰ ਸਕੀਮਾਂ ਹੋਣੀਆਂ ਚਾਹੀਦੀਆਂ ਹਨ। ਮਜਦੂਰਾਂ ਦੇ ਬੱਚਿਆਂ ਦੇ ਪਾਲਣ-ਪੋਸ਼ਣ ਅਤੇ ਪੜ੍ਹਾਈ ਲਈ ਚੰਗੀ ਵਿਵਸਥਾ ਹੋਣੀ ਚਾਹੀਦੀ ਹੈ। ਚੰਗੀ ਸਿਹਤ ਹੋਣ 'ਤੇ ਹੀ ਲੋਕ ਕੰਮ ਕਰ ਸਕਣਗੇ ਜਿਸ ਨਾਲ ਦੇਸ਼ ਦੀ ਅਰਥ ਵਿਵਸਥਾ ਮਜਬੂਤ ਬਣਦੀ ਹੈ। ਗ਼ਜ਼ਲਕਾਰਾਂ ਨੇ ਆਪਣੀਆਂ ਗ਼ਜ਼ਲਾਂ ਵਿਚ ਮੁੱਦੇ ਤਾਂ ਚੁੱਕੇ ਹਨ ਪਰ ਇਨ੍ਹਾਂ ਮੁੱਦਿਆਂ 'ਤੇ ਆਧਾਰਿਤ ਕੋਈਫ਼ੈਕਟਰੀ, ਕੋਈ ਵਪਾਰਕ ਚਿੰਨ੍ਹਾਂ ਬਾਰੇ ਜਾਂ ਦੂਜੇ ਦੇਸ਼ਾਂ ਦੇ ਆਰਥਿਕ ਪੱਖੋਂ ਮਜਬੂਤ

ਹੋਣ ਬਾਰੇ ਕੋਈ ਜ਼ਿਕਰ ਨਹੀਂ ਕੀਤਾ। ਪਰਵਾਸੀ ਅਧਿਐਨ ਵਿਚ ਅਸੀਂ ਦੇਖਦੇ ਹਾਂ ਕਿ ਭਾਰਤ ਵਿਚ ਪਰਵਾਸ ਦਾ ਪ੍ਰਚਲਨ ਕਾਫ਼ੀ ਜ਼ਿਆਦਾ ਹੈ ਖ਼ਾਸ ਕਰ ਕੇ ਪੰਜਾਬ ਵਿਚ ਤਾਂ ਬਹੁਤ ਵੇਖਣ ਨੂੰ ਮਿਲਦਾ ਹੈ। ਪੰਜਾਬ ਵਿਚ ਤਾਂ ਪਰਵਾਸ ਦੀ ਚਕਾਚੌਂਧ ਨੇ ਪਿੰਡਾਂ ਦੇ ਪਿੰਡ ਹੀ ਖਾਲੀ ਕਰ ਦਿੱਤੇ ਹਨ। ਪਰਵਾਸ ਦੇ ਵਿਸ਼ੇ ਨੂੰ ਸਮਾਜ ਸ਼ਾਸਤਰੀ ਰੂਪ ਤੋਂ ਅਧਿਐਨ ਕਰਨ ਵਾਲਾ ਹਰ ਇਕ ਵਿਦਵਾਨ ਹੈ ਕਿਉਂ ਕਿ ਸਮਾਜ ਸ਼ਾਸਤਰ ਵਿਚ ਸਮਾਜਿਕ ਸਮੱਸਿਆਵਾਂ ਦੀ ਗੱਲ ਕੀਤੀ ਜਾਂਦੀ ਹੈ ਅਤੇ ਪਰਵਾਸ ਦਾ ਮਸਲਾ ਸਮਾਜਿਕ ਸਮੱਸਿਆਵਾਂ ਦਾ ਹੀ ਹਿੱਸਾ ਹੈ। ਇਹ ਇੱਕੀਵੀਂ ਸਦੀ ਦਾ ਇਕ ਭੱਖਵਾਂ ਮਸਲਾ ਹੈ। ਪਰਵਾਸ ਵੀ ਸਮਾਜ ਦਾ ਹੀ ਹਿੱਸਾ ਹੈ ਇਹ ਸਮਾਜ ਤੋਂ ਅਲੱਗ ਨਹੀਂ ਹੈ ਇਸ ਲਈ ਹਰ ਇਕ ਸਮਾਜ ਸ਼ਾਸਤਰੀਆਂ ਲਈ ਇਹ ਇਕ ਅਧਿਐਨ ਦਾ ਵਿਸ਼ਾ ਬਣਦਾ ਹੈ। ਇਸ ਲਈ ਅਸੀਂ ਆਪਣੇ ਖੋਜ ਪ੍ਰਬੰਧ ਵਿਚ ਪਰਵਾਸ ਦੇ (ਪੀੜੀ-ਪਾੜਾ, ਨਸਲੀ ਵਿਤਕਰਾ, ਭੂ-ਹੇਰਵਾ, ਸਭਿਆਚਾਰਕ ਤਣਾਊ) ਇਹਨਾਂ ਸਮਾਜਿਕ ਮਸਲਿਆਂ ਦੀ ਪੰਜਾਬੀ ਗ਼ਜ਼ਲਕਾਰਾਂ ਦੀਆਂ ਗ਼ਜ਼ਲ ਰਾਹੀਂ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਸਮਾਜ ਵਿਚਲੇ ਇਹਨਾਂ ਭੱਖਵੇਂ ਮਸਲਿਆਂ ਨੂੰ ਸਮਾਜ ਸ਼ਾਸਤਰੀ ਵਿਧੀ ਰਾਹੀਂ ਅਸੀਂ ਆਪਣੇ ਖੋਜ ਪ੍ਰਬੰਧ ਵਿਚ ਗ਼ਜ਼ਲ ਉੱਤੇ ਆਧਾਰ ਬਣਾਇਆ ਹੈ। ਜਿਸ ਵਿਚ ਗ਼ਜ਼ਲ ਦੇ ਵੱਖ-ਵੱਖ ਵਿਸ਼ਿਆਂ ਨੂੰ ਸਮਾਜ-ਸ਼ਾਸਤਰੀ ਅਧਿਐਨ ਵਿਧੀ ਰਾਹੀਂ ਪਰਖਿਆ ਗਿਆ ਹੈ।

## ਅਧਿਆਇ ਚੌਥਾ

## ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ: ਰਾਜਨੀਤਿਕ ਅਧਿਐਨ

### 4.1 ਰਾਜਨੀਤੀ ਅਰਥ ਅਤੇ ਪਰਿਭਾਸ਼ਾ:

ਸਮਾਜ ਵਿਚ ਬਦਲਾਅ ਲਿਆਉਣ ਲਈ ਰਾਜਨੀਤਿਕ ਕਾਰਕ ਬਹੁਤ ਜ਼ਿਆਦਾ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਰਾਜਨੀਤੀ ਦਾ ਸਬੰਧ ਸੱਤਾਧਾਰੀ ਸਰਕਾਰ ਅਤੇ ਪ੍ਰਸ਼ਾਸਨ ਤੋਂ ਹੈ। ਸ਼ਾਸਕਾਂ ਨੂੰ ਨਵੀਆਂ ਨੀਤੀਆਂ, ਨਿਯਮ ਅਤੇ ਕਾਨੂੰਨ ਆਦਿ ਲਾਗੂ ਕਰਨ ਦਾ ਹੱਕ ਹੈ। ਜਿਸ ਨਾਲ ਸਮਾਜਕ ਪ੍ਰਣਾਲੀ ਵਿਚ ਬਦਲਾਅ ਆਉਂਦਾ ਹੈ। ਵੱਖ-ਵੱਖ ਰਾਜਨੀਤਕ ਪ੍ਰਣਾਲੀਆਂ ਵਿਚ ਸ਼ਾਸਕ ਜਨਤਾ ਉੱਤੇ ਕਾਬੂ ਰੱਖਣ ਅਤੇ ਉਸ ਦੇ ਵਿਹਾਰ ਵਿਚ ਪਰਿਵਰਤਨ ਲਿਆਉਣ ਲਈ ਵੱਖ-ਵੱਖ ਸਕੀਮਾਂ ਬਣਾਉਂਦੇ ਹਨ। ਵੀ ਕਾਰਤੂਨੋਵ *'ਆਧੁਨਿਕ ਸੰਸਾਰ ਵਿਚ ਵਿਚਾਰਾਂ ਦੀ ਜੰਗ'* ਅਜੋਕੀ ਰਾਜਨੀਤੀ ਬਾਰੇ ਲਿਖਦੇ ਹਨ,"ਵਰਤਮਾਨ ਵਿਚਾਰਧਾਰਕ ਜਦੋ-ਜਹਿਦ ਦੀ ਤੀਖਣਤਾ ਸਾਡੇ ਸਮਿਆਂ ਵਿਚ ਪੈਦਾ ਹੋ ਰਹੀਆਂ ਸਮਾਜਕ ਅਤੇ ਰਾਜਨੀਤਕ ਤਬਦੀਲੀਆਂ ਦਾ ਇਕ ਪ੍ਰਤੀਰੂਪ ਹੈ। ਇਹ ਪੂੰਜੀਵਾਦ ਅਤੇ ਸਮਾਜਵਾਦ ਵਿਚਾਲੇ ਇਤਿਹਾਸਕ ਟੱਕਰ ਵਿਚੋਂ ਜਨਮਦਾ ਹੈ।"(9)

ਰਾਜਨੀਤਕ ਸੰਘਰਸ਼ ਮਿਹਨਤਕਸ਼ ਲੋਕਾਂ ਦੀ ਮੁਕਤੀ ਲਈ ਸੰਘਰਸ਼ ਦਾ ਸਰਵਉੱਚ ਰੂਪ ਬਣ ਗਿਆ। ਰਾਜਨੀਤਕ ਸਰੋਕਾਰਾਂ ਦਾ ਸੰਬੰਧ ਸਾਡੇ ਜੀਵਨ ਦੇ ਵਿਭਿੰਨ ਪੱਖਾਂ ਸਮਾਜਕ, ਆਰਥਕ, ਨੈਤਿਕ, ਰਾਜਨੀਤਕ, ਮਨੋਵਿਗਿਆਨਕ, ਸਭਿਆਚਾਰਕ, ਭਾਵਾਤਮਕ, ਧਾਰਮਿਕ ਆਦਿ ਵਿਚ ਕਾਰਜਸ਼ੀਲ ਰਾਜਨੀਤਿਕ ਚੇਤੰਨਤਾ ਨਾਲ ਹੋ ਕੇ ਰਹਿ ਗਿਆ ਹੈ। ਰਾਜਨੀਤੀ ਅੰਗਰੇਜ਼ੀ ਦੇ ਸ਼ਬਦ Politics ਦਾ ਪੰਜਾਬੀ ਰੂਪਾਂਤਰ ਹੈ। ਜੋ ਕਿ ਯੂਨਾਨੀ ਭਾਸ਼ਾ ਦੇ ਸ਼ਬਦ 'ਪੋਲਿਸ' ਤੋਂ ਬਣਿਆ ਹੈ। ਜਿਸ ਦੇ ਅਰਥ ਨਗਰ-ਰਾਜ ਤੋਂ ਹਨ। ਪ੍ਰਾਚੀਨ ਯੂਨਾਨ ਵਿਚ ਲੋਕ ਛੋਟੇ-ਛੋਟੇ ਨਗਰ ਰਾਜਾਂ ਵਿਚ ਰਹਿੰਦੇ ਸੀ ਜੋ ਮਨੁੱਖੀ ਸਭਿਅਤਾ ਦੇ ਕੇਂਦਰ ਮੰਨੇ ਜਾਂਦੇ ਸੀ। ਯੂਨਾਨ ਵਿਚ ਨਗਰ ਰਾਜਾਂ ਦੇ ਅਧਿਐਨ ਨਾਲ ਸਬੰਧਤ ਵਿਸ਼ੇ ਨੂੰ ਰਾਜਨੀਤੀ ਜਾਂ ਪੋਲੀਟਿਕਸ ਦਾ ਨਾਮ ਦਿੱਤਾ ਜਾਂਦਾ ਹੈ। ਪ੍ਰਸਿੱਧ ਯੂਨਾਨੀ ਚਿੰਤਕ ਅਰਸਤੂ ਦੀ ਪੁਸਤਕ 'ਪੋਲੀਟਿਕਸ' ਦੇ ਸਿਰਲੇਖ ਦੇ ਇਹੋ ਅਰਥ ਹਨ। ਹੌਲੀ-ਹੌਲੀ ਯੂਨਾਨ ਵਿਚ ਨਗਰ-ਰਾਜਾਂ ਦੇ ਸਰੂਪ ਵਿਚ ਬਦਲਾਅ ਆਉਣ ਨਾਲ ਉਹਨਾਂ ਦੀ ਥਾਂ ਰਾਸ਼ਟਰ ਰਾਜ ਬਣ ਗਏ। ਜਿਸ ਨਾਲ ਸਮਾਂ ਪਾ ਕੇ ਰਾਜਨੀਤੀ ਦੇ ਅਰਥਾਂ ਵਿਚ ਵੀ ਬਦਲਾਅ ਆਇਆ। ਰਾਜਨੀਤੀ ਵਿਚ ਉਹ ਸਾਰੀਆਂ ਸਰਗਰਮੀਆਂ ਜੋ ਮਨੁੱਖ ਦੇ ਸਮਾਜਕ, ਧਾਰਮਕ, ਰਾਜਨੀਤਕ ਅਤੇ ਆਰਥਕ ਪਹਿਲੂਆਂ ਨਾਲ ਸਬੰਧਤ ਹੋਣ ਕਰ ਕੇ ਰਾਜਨੀਤਿਕ ਪ੍ਰਕਿਰਿਆ 'ਤੇ ਪ੍ਰਭਾਵ ਪਾਉਂਦੀਆਂ ਹਨ ਅਤੇ ਰਾਜਨੀਤੀ ਦੇ ਅਧਿਐਨ ਖੇਤਰ ਵਿਚ ਸ਼ਾਮਿਲ ਹੋਣ ਲੱਗਦੀਆਂ ਹਨ। ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਸੰਗਠਿਤ ਉਹ ਸਾਧਨ ਜਿਹੜੇ ਰਾਜਨੀਤਿਕ ਉਦੇਸ਼ਾਂ ਦੀ ਪੂਰਤੀ ਲਈ ਹੋਂਦ ਵਿਚ ਆਉਂਦੇ ਹਨ ਜੋ ਰਾਜਨੀਤਿਕ ਸੰਸਥਾਵਾਂ ਕਹਾਉਂਦੇ ਹਨ। ਰਾਜਨੀਤਿਕ ਸੰਸਥਾਵਾਂ ਰਾਜ ਨਾਲ ਸਬੰਧਤ ਹੁੰਦੀਆਂ ਹਨ। ਰਾਜ ਵਿਚ ਜਨਤਾ ਅਤੇ ਸਰਕਾਰ ਦੋਨੋਂ ਸ਼ਾਮਿਲ ਹੁੰਦੇ ਹਨ। ਸੰਗਠਿਤ ਜਨ-ਸਮੂਹ, ਨਿਸ਼ਚਿਤ ਭੂ-ਖੰਡ ਸ਼ਾਸਨ ਅਤੇ ਸਰਕਾਰ ਅਤੇ ਪ੍ਰਭੂਸੱਤਾ ਆਦਿ ਤੱਤਾਂ ਤੇ ਆਧਾਰਿਤਰਾਜ ਹੀ ਪ੍ਰਭੂਸੱਤਾ

ਸੰਪੰਨ ਰਾਜ ਅਖਵਾਉਂਦਾ ਹੈ। ਵਰਤਮਾਨ ਸਮੇਂ ਵਿਚ ਲੋਕਤੰਤਰਾਤਮਕ ਸਰਕਾਰ ਸਮੁੱਚੇ ਵਿਸ਼ਵ ਵਿਚ ਆਪਣੀ ਹੋਂਦ ਸਥਾਪਿਤ ਕਰ ਚੁਕੀ ਹੈ। ਸਮੂਹ ਰਾਜਨੀਤਿਕ ਦਲਾਂ ਰਾਹੀਂ ਲੋਕ-ਮਤ ਨਿਰਮਾਣ ਕਾਰਜ ਸੰਪੰਨ ਕੀਤਾ ਜਾਂਦਾ ਹੈ। ਹਰ ਰਾਜ ਦਾ ਆਪਣਾ ਸੰਵਿਧਾਨ ਅਤੇ ਕਾਨੂੰਨ ਵਿਵਸਥਾ ਹੁੰਦੀ ਹੈ ਜਿਸ ਰਾਹੀਂ ਸਰਕਾਰ ਅਤੇ ਜਨਤਾ ਨੂੰ ਨਿਯੰਤਰਿਤ ਕਰਨਾ ਸੰਭਵ ਹੁੰਦਾ ਹੈ। ਪੰਜਾਬੀ ਗ਼ਜ਼ਲ ਦੀ ਪਰੰਪਰਾ ਦਾ ਮਹੱਤਵਪੂਰਨ ਅੰਗ ਰਾਜਨੀਤਿਕ ਘਟਨਾਵਾਂ ਦੀ ਲੋਕ ਪਖੀ ਹੁੰਗਾਰੇ ਵਿਚਲੀ ਪੇਸ਼ਕਾਰੀ ਹੈ। ਅਜੋਕੇ ਗ਼ਜ਼ਲਗੋ ਪੰਜਾਬੀ ਗ਼ਜ਼ਲ ਵਿਚ ਰਾਜਨੀਤਿਕ ਸਰੋਕਾਰਾਂ ਦੀ ਪੇਸ਼ਕਾਰੀ ਬਾਖ਼ੂਬੀ ਢੰਗ ਨਾਲ ਪੇਸ਼ ਕਰ ਰਹੇ ਹਨ। ਰਾਜਨੀਤਿਕ ਰਚਨਾ ਉਸ ਵਿਦਰੋਹ ਦੀ ਸਿਖ਼ਰ ਹੁੰਦੀ ਹੈ ਜਦੋਂ ਕੋਈ ਲੇਖਕ ਸਮਾਜਕ ਵਿਸੰਗਤੀਆਂ ਦੇ ਖ਼ਿਲਾਫ਼ ਆਪਣੇ ਅੰਤਰਮਨ ਨਾਲ ਯੁੱਧ ਦੀ ਬਜਾਏ ਸੱਤਾ ਨਾਲ ਸੰਵਾਦ ਰਚਾਉਂਦਾ ਹੈ। ਰਾਜਨੀਤਿਕ ਮੁੱਦਿਆਂ ’ਤੇ ਅੱਜਕਲ ਦੇ ਸਾਹਿਤਕਾਰ ਦਿਲ ਖੋਲ ਕੇ ਸਾਹਿਤ ਰਚਨਾ ਕਰ ਰਹੇ ਹਨ। ਅਜੋਕੀ ਰਾਜਨੀਤੀ ਵਿਚ ਸੁਚਾਰੂ ਢੰਗ ਨਾਲ ਸੱਤਾ ਚਲਾਉਣ ਵਾਲੇ ਰਾਜਨੇਤਾਵਾਂ ਦੀ ਬਜਾਏ ਭ੍ਰਿਸ਼ਟਾਚਾਰੀ ਲੋਕਾਂ ਦਾ ਬੋਲ-ਬਾਲਾ ਹੋ ਰਿਹਾ ਹੈ। ਰਾਜਨੀਤੀ ਅਤੇ ਲੋਕ ਸੇਵਾ ਦੀ ਆੜ ਵਿਚ ਲੋਕਾਂ ਦੀ ਹੀ ਲੁੱਟ-ਖਸੁੱਟ ਹੋ ਰਹੀ ਹੈ। ਆਮ ਜਨਤਾ ਵਿਚ ਹਾਹਾਕਾਰ ਮਚੀ ਪਈ ਹੈ। ਉਹਨਾਂ ਦੇ ਸਵਾਲਾਂ ਦੇ ਨੇਤਾਵਾਂ ਕੋਲ ਕੋਈ ਜਵਾਬ ਨਹੀਂ ਹਨ। ਉਹਨਾਂ ਕੋਲ ਤਾਂ ਜਨਤਾ ਦੀਆਂ ਸਮੱਸਿਆਵਾਂ ਸੁਨਣ ਦਾ ਵੀ ਸਮਾਂ ਨਹੀਂ ਹੈ। ਅਜੋਕੀ ਰਾਜਨੀਤੀ ਦਾ ਘੋਟਾਲਿਆਂ ’ਚ ਕੋਈ ਮੁਕਾਬਲਾ ਨਹੀਂ। ਇਹ ਇਕ ਲੋਟੂ ਧਿਰ ਬਣ ਚੁੱਕੀ ਹੈ ਜੋ ਭੋਲੀ-ਭਾਲੀ ਜਨਤਾ ਨੂੰ ਲੁੱਟ ਰਹੀ ਹੈ। ਭ੍ਰਿਸ਼ਟਾਚਾਰੀ ਨੇਤਾਵਾਂ ਨੇ ਸੱਤਾ ਦੀ ਆੜ ਵਿਚ ਜਨਤਾ ਨੂੰ ਧਰਮ, ਸੰਸਕ੍ਰਿਤੀ ਤੋਂ ਦੂਰ ਕਰ ਦਿੱਤਾ ਹੈ। ਜਨਤਾ ਇਹਨਾਂ ਦੀਆਂ ਕੂਟ ਨੀਤੀਆਂ ਤੋਂ ਭਲੀ-ਭਾਂਤੀ ਜਾਣੂ ਤਾਂ ਹੈ ਪਰ ਉਹਨਾਂ ਦੇ ਹੱਥ-ਵੱਸ ਕੁੱਝ ਨਹੀਂ ਹੈ ਕਿਉਂ ਕਿ ਉਹਨਾਂ ਨੂੰ ‘ਅੱਛੇ ਦਿਨ ਆਏਂਗੇ’ ਸਰੂਪੀ ਆਸਾਂ ਦੀਆਂ ਮਿੱਠੀਆਂ ਗੋਲੀਆਂ ਨਾਲ ਟਰਕਾਇਆ ਜਾ ਰਿਹਾ ਹੈ।

ਅਜੋਕੇ ਗ਼ਜ਼ਲਕਾਰਾਂ ਨੇ ਭ੍ਰਿਸ਼ਟ ਨੇਤਾਵਾਂ ਦੀਆਂ ਕੋਝੀਆਂ ਚਾਲਾਂ ਨੂੰ ਉਜਾਗਰ ਕਰਦੇ ਹੋਏ ਉਹਨਾਂ ਦੁਆਰਾ ਭੜਕਾਏ ਜਾਣ ਵਾਲੇ ਸੰਪਰਦਾਇਕ ਦੰਗੇ, ਦੇਸ਼ ਦੀਆਂ ਵੰਡੀਆਂ, ਆਮ ਲੋਕਾਂ ’ਚ ਫ਼ੈਲੀ ਅਰਾਜਕਤਾ ਆਦਿ ਨੂੰ ਗ਼ਜ਼ਲ ਰੂਪ ਵਿਚ ਬਿਆਨ ਕੀਤਾ ਹੈ। ਉਹ ਇਹਨਾਂ ਨੇਤਾਵਾਂ ਦੀਆਂ ਲੋਟੂ ਅਤੇ ਦੋਗਲੀਆਂ ਨੀਤੀਆਂ ਨੂੰ ਆਪਣੀ ਗ਼ਜ਼ਲ ਚੇਤਨਾ ਰਾਹੀਂ ਜਨਤਾ ਸਾਹਵੇਂ ਰੂਪਮਾਨ ਕਰਦੇ ਪ੍ਰਤੀਤ ਹੁੰਦੇ ਹਨ। ਆਮ ਬੰਦਾ ਭ੍ਰਿਸ਼ਟ ਰਾਜਨੀਤੀ ਦੀਆਂ ਗਹਿਰੀਆਂ ਚਾਲਾਂ ਦਾ ਸ਼ਿਕਾਰ ਹੋਇਆ ਬੈਠਾ ਹੈ। ਲੋਟੂ ਸਰਕਾਰਾਂ ਆਪਣੇ ਮਤਲਬ ਲਈ ਮਨੁੱਖਤਾ ਵਿਚ ਵੰਡੀਆਂ ਪਵਾਉਂਦੇ ਹੋਏ ਸੰਪਰਦਾਇਕ ਦੰਗੇ ਕਰਵਾਉਂਦੇ ਹਨ। ਆਮ ਇਨਸਾਨ ਇਹਨਾਂ ਚਾਲਾਂ ਨੂੰ ਨਾ ਸਮਝ ਕੇ ਨਾਅਰਾਵਾਦੀ ਰਾਜਨੀਤੀ ਦਾ ਸ਼ਿਕਾਰ ਬਣ ਜਾਂਦਾ ਹੈ। ਸਾਡੇ ਦੇਸ਼ ਦੀ ਰਾਜਨੀਤੀ ਜਨਤਾ ਨੂੰ ਉਸ ਦੀ ਚੇਤਨਾ ਨਾਲ ਜੋੜਨ ਦੀ ਥਾਂ ਉਸ ਦਾ ਸਾਰਾ ਧਿਆਨ ਵਸਤੂਵਾਦੀ ਬਾਜ਼ਾਰ ਵੱਲ ਕੇਂਦਰਤ ਕਰ ਰਹੀ ਹੈ ਤਾਂ ਕਿ ਆਮ ਇਨਸਾਨ ਚੇਤੰਨ ਪੱਧਰ ’ਤੇ ਵਿਚਰਨ ਦੀ ਬਜਾਏ ਬਜ਼ਾਰੂ ਵਸਤ ਵਿਚ ਹੀ ਉੱਲਝ ਕੇ ਰਹਿ ਜਾਏ ਅਤੇ ਉਸ ਦਾ ਧਿਆਨ ਭ੍ਰਿਸ਼ਟ ਨੇਤਾ ਜਨ ਤੋਂ ਹੱਟਿਆ ਰਹੇ। ਅਜੋਕਾ ਗ਼ਜ਼ਲਗੋ ਸਿਆਸਤ ਤੋਂ ਭਲੀ-ਭਾਂਤੀ ਜਾਣੂ ਹੈ। ਰਾਜਨੀਤਿਕ ਸਰੋਕਾਰਾਂ ਵਾਲੀ ਗ਼ਜ਼ਲ ਰਾਜਨੀਤੀ ਦੀਆਂ ਕੋਝੀਆਂ ਚਾਲਾਂ ਵਿਰੁੱਧ ਵਿਦਰੋਹ ਪੈਦਾ ਕਰਦੀ ਹੈ। ਭ੍ਰਿਸ਼ਟ ਸਰਕਾਰਾਂ ਮਨੁੱਖ ਦੀ ਚੇਤੰਨ ਸੋਚ ਨੂੰ ਖਤਮ ਕਰਨ ਵਿਚ ਲੱਗੀਆਂ ਹੋਈਆਂ ਹਨ। ਇਹ ਆਪਣੇ ਬਲ ਦੀ ਵਰਤੋਂ ਕਰ ਕੇ ਮਨੁੱਖ ਦੀ ਸੋਚ ਨੂੰ ਗਿਰਾਵਟ ਦੇ ਪੱਧਰ ’ਤੇ ਪਹੁੰਚਾ ਰਹੇ ਹਨ। ਉਹਨਾਂ ਦਾ ਕੰਮ

ਜਨਤਾ ਨੂੰ ਝਾਂਸੇ ਵਿਚ ਲੈ ਕੇ ਵੋਟਾਂ ਹਾਸਿਲ ਕਰਨਾ ਹੈ। ਦੇਸ਼ ਦੇ ਭ੍ਰਿਸ਼ਟ ਨੇਤਾ ਦੀਨ-ਈਮਾਨ ਸਭ ਇਕ ਪਾਸੇ ਰੱਖ ਕੇ ਮਨੁੱਖਤਾ ਦੇ ਭਲੇ ਦੀ ਥਾਂ ਕੁਰਸੀ ਨੂੰ ਪਹਿਲ ਦਿੰਦੇ ਹਨ। ਜਨਤਾ ਉਹਨਾਂ ਦੇ ਹੱਥਾਂ ਦੀ ਕੱਠਪੁੱਤਲੀ ਬਣ ਕੇ ਰਹਿ ਗਈ ਹੈ। ਭਾਰਤ ਆਜ਼ਾਦ ਹੋਏ ਨੂੰ ਭਾਵੇਂ ਕਿੰਨੇ ਵਰੇ ਲੰਘ ਗਏ ਹਨ ਪਰ ਅੱਜ ਵੀ ਲਗਦਾ ਹੈ ਕਿ ਅਸੀਂ ਆਜ਼ਾਦ ਨਹੀਂ ਹਾਂ। ਸਾਨੂੰ ਦੇਸ਼ ਦੇ ਲੋਟੂ ਨੇਤਾਵਾਂ ਨੇ ਕੈਦ ਕਰ ਰੱਖਿਆ ਹੈ। ਅੱਜ ਹਿੰਸਾ-ਅਹਿੰਸਾ ਦੇ ਅਰਥ ਵੀ ਬਦਲ ਗਏ ਹਨ। ਸਿਆਸੀ ਲੋਕ ਆਪਣੇ ਹਿੱਤਾਂ ਲਈ ਵੋਟਾਂ ਦੀ ਖਾਤਰ ਲੋਕਾਂ ਨੂੰ ਭਰਮਾ ਰਹੇ ਹਨ। ਮਨੁੱਖੀ ਜ਼ਿੰਦਗੀ ਰਾਜਨੀਤੀ ਦੀ ਦਖ਼ਲ ਅੰਦਾਜ਼ੀ ਦੇ ਪੁੜਾਂ ਦੁਆਲੇ ਫ਼ੱਸ ਗਈ ਹੈ। ਸਿਆਸਤਦਾਨ ਆਪਣੀ ਕੁਰਸੀ ਲਈ ਮਨੁੱਖ ਦੀਆਂ ਭਾਵਨਾਵਾਂ ਨਾਲ ਕਲੋਲਾਂ ਕਰ ਰਹੀ ਹੈ। ਇੰਝ ਜਾਪਦਾ ਹੈ ਕਿ ਸਾਰਾ ਵਰਤਾਰਾ ਹੀ ਸਿਆਸੀਕਰਨ ਹੋ ਗਿਆ ਹੈ। ਕੁਰਸੀ ਲਈ ਨੇਤਾ ਹਰ ਮਾੜਾ-ਚੰਗਾ ਰਾਹ ਅਖ਼ਤਿਆਰ ਕਰ ਰਹੇ ਹਨ। ਹਰ ਧਿਰ ਦਾ ਮੁੱਖ ਮਕਸਦ ਜਨਤਾ ਦੀਆਂ ਵੋਟਾਂ ਹੱਥਿਆ ਕੇ ਕੁਰਸੀ 'ਤੇ ਬੈਠ ਕੇ ਹੁਕਮਰਾਨੀ ਕਰਨਾ ਰਹਿ ਗਿਆ ਹੈ।

### 4.2 ਰਾਜਸੀ ਵਰਤਾਰਾ:

ਰਾਜਨੀਤੀ ਦਾ ਜਨਮ ਆਰਥਿਕਤਾ ਵਿਚੋਂ ਹੋਇਆ ਹੁੰਦਾ ਹੈ। ਇਹ ਇਕ ਅਜਿਹਾ ਸੰਕਲਪ ਹੈ ਜੋ ਆਰਥਿਕਤਾ ਤੇ ਸਮਾਜਿਕ ਵਿਕਾਸ ਦੋਹਾਂ ਨੂੰ ਹੀ ਪ੍ਰਭਾਵਿਤ ਕਰਦਾ ਹੈ। ਰਾਜਨੀਤੀ ਦਾ ਆਰਥਿਕਤਾ ਉੱਤੇ ਕਾਬਜ ਹੋਣਾ ਪਹਿਲੀ ਸ਼ਰਤ ਹੁੰਦਾ ਹੈ। ਇਸ ਲਈ ਰਾਜਸੀ ਸੰਵੇਦਨਾ ਅਸਿੱਧੇ ਰੂਪ ਵਿਚ ਆਰਥਿਕਤਾ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਦੂਜੇ ਪਾਸੇ ਸਮਾਜਿਕ ਸੰਸਥਾਵਾਂ ਨਾਲ ਵੀ ਆਪਣਾ ਰਿਸ਼ਤਾ ਨਿਰਧਾਰਿਤ ਕਰਦੀ ਹੈ। ਵਿਚਾਰਧਾਰਾ ਦਾ ਰਾਜਸੀ ਸੰਵੇਦਨਾ ਵਿਚ ਅਹਿਮ ਰੋਲ ਹੈ। ਹਰ ਨਵੀਂ ਪੀੜ੍ਹੀ ਕੋਲ ਰਾਜਨੀਤਿਕ ਮਾਹੌਲ ਹੁੰਦਾ ਹੈ ਉਹ ਇਤਿਹਾਸ ਦੀ ਹੀ ਦੇਣ ਹੁੰਦਾ ਹੈ। ਰਾਜਨੀਤਕ ਵਾਤਾਵਰਣ ਸਮਾਜਿਕ ਰਿਸ਼ਤਿਆਂ ਦਾ ਹੀ ਤਾਣਾ-ਬਾਣਾ ਹੁੰਦਾ ਹੈ। ਇਸ ਤਾਣੇ-ਬਾਣੇ ਵਿਚ ਵੱਖ-ਵੱਖ ਸੰਸਥਾਵਾਂ ਰਾਜਾਂ ਅਤੇ ਸ਼੍ਰੇਣੀਆਂ ਵਿਚਕਾਰ ਤਰ੍ਹਾਂ-ਤਰ੍ਹਾਂ ਦੇ ਵਿਰੋਧ ਪਾਏ ਜਾਂਦੇ ਹਨ। ਕੁਝ ਰਾਜਨੀਤਿਕ ਵਿਚਾਰਾਂ ਨੇ ਸੰਸਥਾਗਤ ਰੂਪ ਗ੍ਰਹਿਣ ਕਰ ਲਿਆ ਹੈ।ਰਾਜਨੀਤਿਕ ਪ੍ਰਣਾਲੀ ਇਕ ਵਿਸ਼ੇਸ਼ ਸਾਧਨ ਹੈ। ਜਿਸ ਦੁਆਰਾ ਸੱਤਾ ਦੀਆਂ ਸੰਸਥਾਵਾਂ, ਸ਼੍ਰੇਣੀਆਂ ਅਤੇ ਸਮਾਜਿਕ ਗੁੱਟਾਂ ਦੇ ਆਪਸੀ ਸਬੰਧਾਂ ਨੂੰ ਨਿਯਮਿਤ ਕਰਦੀਆਂ ਹਨ।ਰਾਜਨੀਤਿਕ ਸੰਵੇਦਨਾ ਅਜਿਹੀ ਪ੍ਰਣਾਲੀ ਦਾ ਮਨੁੱਖੀ ਮਨ ਅਤੇ ਸਿਧਾਂਤਕ ਅਕਸ ਹੈ। ਲੋਕਾਂ ਦੀ ਰਾਜਨੀਤੀ ਪ੍ਰਤੀ ਸੋਚ ਅਤੇ ਉਹਨਾਂ ਦੇ ਰਾਜਸੀ ਵਿਚਾਰਾਂ ਦਾ ਰਾਜਨੀਤਿਕ ਸੰਵੇਦਨਾ ਨਾਲ ਗੂੜਾ ਸਬੰਧ ਹੈ। ਇਹ ਰਾਜਸੀ ਵਿਚਾਰ ਰਾਜਾਂ ਦੇ ਆਪਸੀ ਸਬੰਧਾਂ ਤੇ ਰਾਜ ਤੋਂ ਬਾਹਰੇ ਸਬੰਧਾਂ ਨੂੰ ਪ੍ਰਭਾਵਿਤ ਕਰਦੇ ਹਨ।ਇਸ ਬਾਰੇ ਲੇਖਕ ਵਰਿਆਮ ਸਿਘ ਸੰਧੂ *'ਕਥਾ ਤੇ ਰਾਜਸੀ ਪ੍ਰਵਚਨ'* ਵਿਚਾਰ ਹਨ, "ਮਨੁੱਖ ਦੀ ਚੇਤਨਾ ਦਾ ਉਹ ਰੂਪ ਰਾਜਸੀ ਸੰਵੇਦਨਾ ਹੈ ਜਿਸ ਵਿਚ ਮਨੁੱਖ ਆਪਣੀ ਹੋਂਦ ਨਾਲ ਜੁੜੇ ਸਮੁੱਚੇ ਸਮਾਜਿਕ ਵਰਤਾਰਿਆਂ ਵਿਚ ਬਸਰ ਕਰ ਚੁੱਕੀ ਤਾਕਤ ਅਤੇ ਸੱਤਾ ਦੇ ਅਮਾਨਵੀ ਅਤੇ ਸਥਾਪਿਤ ਰੂਪਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ।"(7)

ਮਨੁੱਖ ਇਕ ਅਜਿਹਾ ਸੁਚੇਤ ਪ੍ਰਾਣੀ ਹੈ ਜਿਸ ਨੂੰ ਆਪਣੀ ਹੋਂਦ ਅਤੇ ਇਸ ਨਾਲ ਜੁੜੇ ਸਮਾਜਿਕ ਵਰਤਾਰੇ ਦੀ ਸੋਝੀ ਹੈ। ਰਾਜਸੀ ਸੰਵੇਦਨਾ ਇਸ ਸਮਾਜ ਨੂੰ ਪਰਖਣ ਅਤੇ ਇਸ ਵਿਚ ਵਿਚਰਣ ਦਾ ਇਕ ਜ਼ਰੀਆ ਹੈ। ਇਹ ਸਾਨੂੰ

ਅਪਣੇ ਹੱਕਾਂ ਲਈ ਲੜ੍ਹਨ ਅਤੇ ਨਿਆਂ ਦਾ ਭਰੋਸਾ ਦਿਵਾਉਂਦੀ ਹੈ। ਇਹ ਸਾਡੇ ਸਮਾਜ ਦੀ ਅਰਥ ਵਿਵਸਥਾ ਅਤੇ ਕਦਰਾਂ-ਕੀਮਤਾਂ ਦੀ ਤਾਕਤ ਨੂੰ ਸਮਝਣ ਦੇ ਸਮਰੱਥ ਬਣਾਉਂਦੀ ਹੈ। ਰਾਜਸੀ ਸੰਵੇਦਨਾ ਇਕ ਅਜਿਹੀ ਸੂਝ ਹੈ ਜੋ ਸਾਨੂੰ ਦੱਸਦੀ ਹੈ ਕਿ ਅਸੀਂ ਕੌਣ ਹਾਂ? ਅਸੀਂ ਸਮਾਜ ਵਿਚ ਕਿਵੇਂ ਵਿਚਰਨਾ ਹੈ? ਸਾਡੀਆਂ ਕਦਰਾਂ-ਕੀਮਤਾਂ ਕੀ ਹਨ? ਇਹ ਇਕ ਅਜਿਹਾ ਰਾਹ ਹੈ ਜੋ ਲੰਬਾ ਹੋਣ ਦੇ ਨਾਲ-ਨਾਲ ਸੰਘਰਸ਼ਮਈ ਵੀ ਹੈ। ਇਹ ਸੰਵੇਦਨਾ ਸਵਾਲ ਕਰਨ ਜਾਂ ਮੁਲਾਂਕਨ ਕਰਨ ਦਾ ਜ਼ਰੀਆ ਹੀ ਨਹੀਂ ਬਲਕਿ ਸਾਡੇ ਸਿਸਟਮ ਨੂੰ ਪਾਰਦਰਸ਼ਤਾ ਵੀ ਪ੍ਰਦਾਨ ਕਰਨ ਵਿਚ ਸਹਾਈ ਹੁੰਦੀ ਹੈ। ਰਾਜਸੀ ਸੰਵੇਦਨਾ ਸਮਾਜ ਵਿਚੋਂ ਹੀ ਪੈਦਾ ਹੁੰਦੀ ਹੈ। ਹਮੇਸ਼ਾ ਤੋਂ ਹੀ ਸਮਾਜ ਸ਼੍ਰੇਣੀਆਂ ਵਿਚ ਵੰਡਿਆ ਹੁੰਦਾ ਹੈ। ਜਿਸਦਾ ਮੁਖ ਰੂਪ ਵਿਚ ਆਧਾਰ ਆਰਥਿਕਤਾ ਹੁੰਦੀ ਹੈ। ਰਾਜਨੀਤੀ ਦਾ ਜਨਮ ਵੀ ਆਰਥਿਕਤਾ ਵਿਚੋਂ ਹੀ ਹੁੰਦਾ ਹੈ। ਇਹ ਇਕ ਅਜਿਹਾ ਸੰਕਲਪ ਹੈ ਜੋ ਆਰਥਿਕਤਾ ਅਤੇ ਸਮਾਜ ਦੇ ਵਿਕਾਸ ਦੋਹਾਂ ਨੂੰ ਹੀ ਪ੍ਰਭਾਵਿਤ ਕਰਦਾ ਹੈ। ਲੋਕਾਂ ਨੂੰ ਚੇਤੰਨ ਤੌਰ ਤੇ ਸਮਾਜਿਕ ਵਿਕਾਸ ਨਾਲ ਰਾਜਨੀਤੀ ਰਾਹੀਂ ਹੀ ਜੋੜਿਆ ਜਾਂਦਾ ਹੈ। ਚਾਹੇ ਰਾਜੀਨੀਤੀ ਦਾ ਜਨਮ ਆਰਥਿਕਤਾ ਵਿਚੋਂ ਹੁੰਦਾ ਹੈ ਪਰ ਰਾਜਨੀਤੀ ਦਾ ਆਰਥਿਕਤਾ ਨੂੰ ਆਪਣੇ ਕਬਜ਼ੇ ਵਿਚ ਰੱਖਣਾ ਪਹਿਲੀ ਸ਼ਰਤ ਹੁੰਦਾ ਹੈ। ਲੋਕਾਂ ਦੀ ਰਾਜਨੀਤੀ ਪ੍ਰਤੀ ਸੋਚ ਅਤੇ ਅਤੇ ਉਹਨਾਂ ਦੇ ਰਾਜਸੀ ਵਿਚਾਰਾਂ ਦਾ ਰਾਜਨੀਤਕ ਚੇਤਨਾ ਨਾਲ ਗੂੜਾ ਸਬੰਧ ਹੈ। ਇਹੀ ਰਾਜਸੀ ਵਿਚਾਰ ਰਾਜਾਂ ਦੇ ਆਪਸੀ ਸਬੰਧਾਂ ਅਤੇ ਰਾਜ ਦੇ ਬਾਹਰੇ ਸਬੰਧਾਂ ਨੂੰ ਪ੍ਰਭਾਵਿਤ ਕਰਦੇ ਹਨ। ਰਾਜਸੀ ਸੰਵੇਦਨਾ ਇਸ ਸਮਾਜ ਨੂੰ ਸਮਝਣ, ਪਰਖਣ ਅਤੇ ਇਸ ਵਿਚ ਵਿਚਰਣ ਦਾ ਇਕ ਜ਼ਰੀਆ ਹੈ। ਇਹ ਆਪਣੇ ਹੱਕਾਂ ਲਈ ਲੜਨ ਅਤੇ ਨਿਆਂ ਲੈਣ ਵਿਚ ਮਦਦ ਕਰਦੀ ਹੈ। ਇਹ ਸਾਡੇ ਸਮਾਜ ਦੀ ਅਰਥ ਵਿਵਸਥਾ ਨੂੰ ਸਮਝਣ ਦੇ ਸਮਰੱਥ ਬਣਾਉਂਦੀ ਹੈ। ਰਾਜਸੀ ਸੰਵੇਦਨਾ ਦੇ ਸੰਦਰਭ ਵਿਚ ਜਗਦੀਸ਼ ਕੌਰ ਵਾਡੀਆ *'ਪੰਜਾਬੀ ਨਾਵਲ ਵਿਚ ਰਾਜਨੀਤਕ ਅੰਸ਼'* ਪੁਸਤਕ ਵਿਚ ਲਿਖਦੀ ਹੈ,

> "ਰਾਜਨੀਤੀ ਦਾ ਮੂਲ ਆਧਾਰ ਸਮਾਜ ਵਿਚ ਪੈਦਾਵਰੀ ਸਾਧਨਾਂ ਅਤੇ ਪੈਦਾਵਰੀ ਰਿਸ਼ਤਿਆਂ ਦੀ ਵਿਸ਼ੇਸ਼ ਰੂਪ ਵਿਚ ਹੋਂਦ ਹੈ। ਪੈਦਾਵਰੀ ਸਾਧਨਾਂ ਦੇ ਵਿਕਾਸ ਅਤੇ ਰਿਸ਼ਤਿਆਂ ਦੇ ਕਾਰਣ ਸ਼੍ਰੇਣੀ ਸਮਾਜ ਹੋਂਦ ਵਿਚ ਆਉਂਦਾ ਹੈ। ਜਿਸ ਕਾਰਨ ਪੈਦਾ ਹੋਣ ਵਾਲੇ ਸਾਧਨਾਂ ਦਾ ਨਿਯੰਤਰਣ ਕਰਨ ਵਾਲੀ ਜਮਾਤ ਅਤੇ ਪੈਦਾਵਰੀ ਸਾਧਨਾਂ ਰਹਿਤ ਸ਼ੋਸ਼ਿਤ ਸਮਾਜ ਵਿਚ ਟੱਕਰ ਦਾ ਆਰੰਭ ਹੁੰਦਾ ਹੈ। ਪੈਦਾਵਰੀ ਸਾਧਨਾਂ ਨੂੰ ਆਪਣੇ ਅਧਿਕਾਰ ਵਿਚ ਰੱਖਣ ਲਈ ਸਮਾਜ ਵਿਚ ਜਮਾਤਾਂ ਦਾ ਇਹ ਸੰਘਰਸ਼ ਹੀ ਰਾਜ ਅਤੇ ਰਾਜਨੀਤੀ ਦੇ ਜਨਮ ਦਾ ਮੂਲ ਕਾਰਨ ਹੈ।"(1)

ਗੁਰਭਜਨ ਗਿੱਲ ਨੇ ਰਾਜਸੀ ਮਸਲਿਆਂ 'ਤੇ ਕਰਾਰੀ ਚੋਟ ਕੀਤੀ ਹੈ। ਰਾਜਨੀਤੀ 'ਚ ਵੱਧ ਰਹੇ ਭ੍ਰਿਸ਼ਟਾਚਾਰ ਨੂੰ ਦੇਖਦੇ ਹੋਏ ਅਜੋਕਾ ਗ਼ਜ਼ਲਕਾਰ ਰਾਜਸੀ ਆਗੂ ਨੂੰ ਸੰਬੋਧਨ ਹੁੰਦਾ ਹੈ ਕਿ ਤੂੰ ਤਾਂ ਚੌਧਰੀ ਬਣ ਕੇ ਉਹਨਾਂ ਠੰਢੀਆਂ ਥਾਵਾਂ ਤੇ ਬੈਠ ਗਿਆ ਹੈ ਪਰੰਤੂ ਆਮ ਆਦਮੀ ਉਹਨਾਂ ਰੁੱਖਾਂ ਥੱਲੇ ਹੀ ਵਾਸ ਕਰ ਰਿਹਾ ਹੈ ਜਿਹੜੇ ਰੁੱਖ ਸਾਡੀਆਂ ਜੜ੍ਹਾਂ ਦਾ ਅਤੇ ਜਿਉਂਦੇ ਹੋਣ ਦਾ ਪ੍ਰਤੀਕ ਹਨ ਉਹਨਾਂ ਨਾਲ ਜੁੜੀਆਂ ਯਾਦਾਂ ਤੇ ਪੁਰਾਣੀਆਂ ਥਾਵਾਂ ਸਾਡੇ ਚੇਤਿਆਂ ਵਿਚ ਵੱਸਦੀਆਂ ਹਨ ਪਰ ਸੱਤਾਧਾਰੀ ਇਹ ਸਭ ਕੁੱਝ ਭੁੱਲ ਗਿਆ ਹੈ। ਸਿਆਸਤ ਵਿਚ ਆਏ ਨਿਘਾਰ ਬਾਰੇ ਉਹ ਲਾਹੌਰ ਦੀ ਸਭ ਤੋਂ ਬਦਨਾਮ

ਦੇਹ-ਵਪਾਰ ਦਾ ਬਿੰਬ ਬਣੀ ਹੀਰਾ ਮੰਡੀ ਦੇ ਹਵਾਲੇ ਨਾਲ ਇਸ ਦਾ ਚੀਰ-ਹਰਨ ਕਰਦਾ ਹੈ ਕਿਉਂ ਕਿ ਸਿਆਸਤ ਦੀ ਹਾਲਤ ਇੰਨੀ ਨੀਵੇਂ ਪੱਧਰ ਤੇ ਆ ਗਈ ਹੈ ਜਿਸ ਤਰ੍ਹਾਂ ਤਵਾਇਫ਼ਾਂ ਆਪਣਾ ਜਿਸਮ ਦੂਜਿਆਂ ਦੇ ਸਾਹਮਣੇ ਨਗਨ ਕਰਦੀਆਂ ਹਨ ਇਸੇ ਤਰ੍ਹਾਂ ਅੱਜ ਸਿਆਸਤ ਅਤੇ ਸਿਆਸਤਦਾਨ ਆਪਣੀ ਕੁਰਸੀ ਬਚਾਉਣ ਅਤੇ ਹਥਿਆਉਣ ਲਈ ਆਪਣਾ ਅਤੇ ਦੂਸਰਿਆਂ ਦਾ ਸੌਦਾ ਕਰਦੇ ਹਨ। ਸਿਆਸਤ ਦੇ ਗੰਦਲੇਪਨ ਨੂੰ ਰਾਜਸੀ ਦਰਬਾਰਾਂ ਵਿਚ ਹਰ ਵਿਅਕਤੀ ਨੂੰ ਵਸਤੂ ਵਿਚ ਤਬਦੀਲ ਕਰ ਦਿੱਤਾ ਹੈ ਜਿਵੇਂ ਵਸਤੂਆਂ ਦਾ ਮੁੱਲ ਮਿੱਥਿਆ ਜਾਂਦਾ ਹੈ ਇਸੇ ਤਰ੍ਹਾਂ ਹੁਣ ਸਿਆਸਤਦਾਨਾਂ ਦਾ ਵੀ ਮੁੱਲ ਪੈਂਦਾ ਹੈ ਅਤੇ ਉਹ ਬਿਕਦੇ ਹਨ। ਗ਼ਜ਼ਲਕਾਰ ਗੁਰਭਜਨ ਗਿੱਲ ਸਿਆਸਤ ਵਿਚ ਆਏ ਇਸ ਨਿਘਾਰ ਨੂੰ ਆਪਣੇ ਵੱਖੋ-ਵੱਖ ਸ਼ਿਅਰਾਂ ਰਾਹੀਂ ਪੇਸ਼ ਕਰਦਾ ਹੈ। ਉਸ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਜ਼ਮੀਨ ਨਾਲ ਜੁੜ ਕੇ ਪੁਰਾਤਨ ਵਿਰਸੇ ਦੇ ਰਾਹੀਂ ਸਿਆਸਤ ਦਾ ਨੰਗਾ ਕੀਤਾ ਸੱਚ ਪਾਠਕਾਂ ਅੱਗੇ ਰੱਖਦਾ ਹੈ। ਭਾਵੇਂ ਦੇਸ਼ ਵਿਚ ਆਜ਼ਾਦੀ ਤੋਂ ਬਾਅਦ ਲੋਕਤੰਤਰ ਦੇ ਨਾਲ ਸਰਕਾਰਾਂ ਬਦਲਦੀਆਂ ਹਨ ਵਿਡੰਬਨਾ ਇਹ ਹੈ ਅਜੇ ਤੱਕ ਕੋਈ ਅਜਿਹੀ ਸਰਕਾਰ ਨਹੀਂ ਆਈ ਜਿਹੜੀ ਆਮ ਲੋਕਾਂ ਨੂੰ ਨਜ਼ਰ ਆਉਂਦੀ ਹੋਵੇ ਪਰੰਤੂ ਰਾਜ ਵਿਚ ਹੁੰਦੀਆਂ ਅਣਮਨੁੱਖੀ ਅਤੇ ਮਾਰੂ ਲੋਕ ਨੀਤੀਆਂ ਦੇ ਨਾਲ ਭਰੀਆਂ ਅਖ਼ਬਾਰਾਂ ਆਉਂਦੀਆਂ ਹਨ। ਗੰਧਲੀ ਸਿਆਸਤ ਨੇ ਆਮ ਵਿਅਕਤੀ ਨੂੰ ਤਰਸ ਦਾ ਪਾਤਰ ਬਣਾ ਦਿੱਤਾ ਹੈ। ਗੁਰਭਜਨ ਗਿੱਲ ਤਿੱਖੇ ਸ਼ਬਦਾਂ ਅਤੇ ਵਿਅੰਗ ਰਾਹੀਂ ਸਿਆਸਤ ਦੇ ਪਾਜ ਉਧੇੜਦਾ ਹੈ। ਉਸ ਦੇ ਇਹਨਾਂ ਸ਼ਿਅਰਾਂ ਨੂੰ ਉਦਾਹਰਨ ਦੇ ਤੌਰ ਤੇ ਵੇਖਿਆ ਜਾ ਸਕਦਾ ਹੈ:

ਤੂੰ ਕੁਰਸੀ ਦਾ ਪੁੱਤਰ ਬਣ ਕੇ, ਠੰਢੇ ਭਵਨੀਂ ਬੈਠ ਗਿਆ

ਸਾਡੀਆਂ ਹਾਲੇ ਪਿਲਖਣ ਥੱਲੇ, ਉਹੀ ਪੁਰਾਣੀਆਂ ਥਾਵਾਂ ਨੇ।

(ਗੁਲਨਾਰ 53)

ਰਾਜਸੀ ਸੰਵੇਦਨਾ ਦੇ ਸੰਦਰਭ ਵਿਚ ਗੁਰਭਜਨ ਗਿੱਲ ਲਿਖਦੇ ਹਨ ਕਿ ਪੰਜਾਬ ਦੀ ਰਾਜਨੀਤੀ ਵਿਚ ਲਾਹੌਰ ਦੀ ਹੀਰਾ ਮੰਡੀ ਦੀ ਤਰ੍ਹਾਂ ਪੂਰੀ ਤਰ੍ਹਾਂ ਨਾਲ ਨਿਘਾਰ ਆ ਚੁੱਕਾ ਹੈ। ਜਿਵੇਂ ਲਾਹੌਰ ਦੀ ਹੀਰਾ ਮੰਡੀ ਵਿਚਲਾ ਮਾਹੌਲ ਠੀਕ ਨਹੀਂ ਹੈ ਇਸੇ ਤਰ੍ਹਾਂ ਹੀ ਪੰਜਾਬ ਦੀ ਰਾਜਨੀਤੀ ਵਿਚ ਵੀ ਮਾਹੌਲਠੀਕ ਨਹੀਂ ਹੈ । ਰਾਜਨੀਤੀ ਵਿਚ ਹਰ ਬੰਦਾ ਵਿਕਿਆ ਹੋਇਆ ਹੈ। ਕੋਈ ਨੋਟਾਂ ਲਈ, ਕੋਈ ਸ਼ਰਾਬ ਲਈ, ਕੋਈ ਵੋਟਾਂ ਲਈ ਅਤੇ ਕੋਈ ਕੁਰਸੀ ਲਈ ਆਪਣਾ ਈਮਾਨ ਵੇਚ ਰਿਹਾ ਹੈ ਅਤੇ ਦੇਸ਼ ਦੀ ਜਨਤਾ ਨੂੰ ਅੰਨੇ ਵਾਹੇ ਲੁੱਟੀ ਹੀ ਜਾ ਰਿਹਾ ਹੈ।

ਬਣ ਗਈ ਨਗਨ ਸਿਆਸਤ, ਹੀਰਾ ਮੰਡੀ ਵਿਚ ਤਵਾਇਫ਼ ਜਿਹੀ

ਦੱਸ ਵਿਕਾਊ ਕੀਹ ਨਾ ਏਥੇ, ਓਹਲਾ ਰੱਖਿਐ ਨਾਵਾਂ ਨੇ।

(*ਗੁਲਨਾਰ* 55)

ਰਾਜਸੀ ਸੰਵੇਦਨਾ ਦੇ ਸੰਦਰਭ ਵਿਚ ਪੰਜਾਬੀ ਗ਼ਜ਼ਲਗੋ ਗੁਰਭਜਨ ਗਿੱਲ ਆਪਣੀ ਗ਼ਜ਼ਲ ਰਾਹੀਂ ਬਿਆਨ ਕਰਦਾ ਹੈ ਕਿ ਜਨਤਾ ਨੂੰ ਚੰਗੇ ਕੰਮ-ਕਾਰ ਕਰਨ ਵਾਲੀ ਸਰਕਾਰ ਦੀ ਭਾਲ ਰਹਿੰਦੀ ਹੈ। ਸਮੇਂ ਦੀਆਂ ਸਰਕਾਰਾਂ ਸਿਰਫ਼ ਉਸ ਸਮੇਂ ਹੀ ਦਰਸ਼ਨ ਦਿੰਦੀਆਂ ਹਨ ਜਦ ਇਹਨਾਂ ਨੂੰ ਵੋਟਾਂ ਦੀ ਜ਼ਰੂਰਤ ਹੁੰਦੀ ਹੈ ਨਹੀਂ ਤਾਂ ਪੰਜ ਸਾਲ ਇਹਨਾਂ ਦੇ ਦਰ ਤੇ ਜਿੰਨੀ ਮਰਜ਼ੀ ਕੋਈ ਫ਼ਰਿਆਦ ਲੈ ਕੇ ਚਲਾ ਜਾਵੇ ਇਹਨਾਂ ਦੇ ਦਰਸ਼ਨ ਹੋਣੇ ਅਸਭੰਵ ਹੋ ਜਾਂਦੇ ਹਨ। ਇਕ ਸਹੀ ਸਰਕਾਰ ਨੂੰ ਜਨਤਾ ਹੁਣ ਤੱਕ ਲੱਭ ਰਹੀ ਹੈ ਕਿਉਂ ਕਿ ਮੌਜੂਦਾ ਸਰਕਾਰਾਂ ਤਾਂ ਵੋਟਾਂ ਹਥਿਆ ਕੇ ਲਾਂਭੇ ਲੱਗ ਜਾਂਦੀਆਂ ਹਨ। ਰੋਜ਼ ਦਿਹਾੜੀ ਅਖ਼ਬਾਰਾਂ ਵਿਚ ਮਹਿੰਗਾਈ, ਔਰਤਾਂ ਦੀ ਬੇਪੱਤੀ, ਮਜ਼ਦੂਰਾਂ ਨਾਲ ਧੱਕਾ, ਬੇਰੋਜ਼ਗਾਰੀ ਦੇ ਧਰਨੇ ਆਦਿ ਇਹੋ ਜਿਹੀਆਂ ਖ਼ਬਰਾਂ ਨਾਲ ਭਰਿਆ ਅਖ਼ਬਾਰ ਰੋਜ਼ ਹੀ ਦਰਵਾਜ਼ੇ ਆ ਵੱਜਦਾ ਹੈ ਅਤੇ ਉਸ ਵਿਚਲੀਆਂ ਅਣਸੁਖਾਵੀਆਂ ਘਟਨਾਵਾਂ ਤੋਂ ਨਿਜਾਤਪਾਉਣ ਲਈ ਜਨਤਾ ਸਰਕਾਰ ਦੀ ਭਾਲ ਕਰ ਰਹੀ ਹੈ।

ਮੈਂ ਵਰਿਆਂ ਤੋਂ ਲੱਭਦਾ ਫਿਰਨਾਂ, ਕਿੱਥੇ ਹੈ ਸਰਕਾਰ ਬੇਲੀਆ?
ਟੂਣੇ ਵਾਂਗ ਬਰੂਹੀਂ ਡਿੱਗੇ, ਰੋਜ਼ਾਨਾ ਅਖ਼ਬਾਰ ਬੇਲੀਆ।

(*ਮਨ ਦੇ ਬੂਹੇ ਬਾਰੀਆਂ*14)

ਗ਼ਜ਼ਲਗੋ ਜਸਵਿੰਦਰ ਆਪਣੀਆਂ ਗ਼ਜ਼ਲਾਂ ਵਿਚ ਰਾਜਨੀਤਕ ਸਰੋਕਾਰਾਂ ਨੂੰ ਬਿਆਨਦਾ ਹੈ। ਜਸਵਿੰਦਰ ਰਾਜਸੀ ਚੇਤਨਾ ਪ੍ਰਤੀ ਇੰਨਾ ਗੰਭੀਰ ਅਤੇ ਸੂਖ਼ਮ ਦ੍ਰਿਸ਼ਟੀ ਦੇ ਨਾਲ ਇਸ ਦਾ ਵਿਸ਼ਲੇਸ਼ਣ ਕਰਦਾ ਹੈ। ਜਸਵਿੰਦਰ ਮੁੱਢਲੇ ਦੌਰ ਵਿਚ ਇੰਨਕਲਾਬੀ ਜੱਥੇਬੰਦੀਆਂ ਵਿਚ ਸਰਗਰਮ ਭੂਮਿਕਾ ਨਿਭਾ ਚੁਕਿਆ ਹੈ। ਉਸ ਨੂੰ ਰਾਜਸੀ ਗਲਆਰਿਆਂ ਵਿਚ ਦਿਨ-ਬ-ਦਿਨ ਵੱਧ ਰਹੇ ਭ੍ਰਿਸ਼ਟਾਚਾਰ ਅਤੇ ਸੱਤਾ ਹਥਿਆਉਣ ਦੇ ਗਲਤ ਢੰਗ ਤਰੀਕਿਆਂ ਦੀ ਚੇਤਨਾ ਹੈ। ਉਹ ਰਾਜਸੀ ਪਾਰਟੀਆਂ ਅਤੇ ਸੱਤਾ ਦੀਆਂ ਉਹਨਾਂ ਕੇਂਦਰੀ ਸੰਸਥਾਵਾਂ ਨੂੰ ਬਹੁਤ ਹੀ ਨੇੜੇ ਤੋਂ ਵੇਖਦਾ ਹੋਇਆ ਇਸ ਭ੍ਰਿਸ਼ਟ ਤੰਤਰ ਨੂੰ ਆਪਣੀ ਸ਼ਾਇਰੀ ਦਾ ਹਿੱਸਾ ਬਣਾਉਂਦਾ ਹੈ। ਉਸ ਨੂੰ ਆਮ ਲੋਕਾਂ ਦੇ ਦਰਦ ਦਾ ਅਹਿਸਾਸ ਹੈ ਅਤੇ ਸੱਤਾ ਦੇ ਬਘਿਆੜੀ ਪੰਜਿਆਂ ਦਾ ਵਿਸ਼ਲੇਸ਼ਣ ਆਪਣੀ ਸ਼ਾਇਰੀ ਵਿਚ ਬਹੁਤ ਹੀ ਮਾਰਮਿਕ ਤਰੀਕੇ ਨਾਲ ਪ੍ਰਗਟਾਉਂਦਾ ਹੈ। ਸ਼ਾਇਰ ਦੀ ਸੂਖ਼ਮ ਦ੍ਰਿਸ਼ਟੀ ਸੱਤਾ ਵਿਚਲੇ ਨਿਘਾਰ ਨੂੰ ਵੱਖ-ਵੱਖ ਬਿੰਬਾਂ, ਪ੍ਰਤੀਕਾਂ, ਚਿੰਨਾਂ ਰਾਹੀਂ ਪੇਸ਼ ਕਰਦੀ ਹੈ। ਜਸਵਿੰਦਰ ਦੀ ਸਮੂਚੀ ਸ਼ਾਇਰੀ ਰਾਜਸੀ ਸਰੋਕਾਰਾਂ ਨਾਲ ਬਹੁਤ ਨੇੜੇ ਦੀ ਸਾਂਝ ਰੱਖਦੀ ਹੈ। ਉਹ ਸੱਤਾ ਦੇ ਅੰਦਰੂਨੀ ਅਤੇ ਬਾਹਰੀ ਰੂਪਾਂ ਨੂੰ ਆਪਣੀ ਸ਼ਾਇਰੀ ਦਾ ਹਿੱਸਾ ਹੀ ਨਹੀਂ ਬਣਾਉਂਦਾ ਬਲਕਿ ਉਹ ਆਮ ਵਿਅਕਤੀਆਂ ਨੂੰ ਇਹਨਾਂ ਰਾਜਸੀ ਬਘਿਆੜਾਂ ਦੇ ਵਿਰੁੱਧ ਲਕੀਰ ਖਿੱਚ ਕੇ ਲੜਨ ਲਈ ਪ੍ਰੇਰਿਤ ਵੀ ਕਰਦਾ ਹੈ। ਸ਼ਾਇਰ ਦਾ ਇਹ ਫ਼ਰਜ਼ ਵੀ ਹੁੰਦਾ ਹੈ ਕਿ ਉਹ ਸਮਾਜ ਵਿਚਲੇ ਗਲਤ ਵਰਤਾਰਿਆਂ ਨੂੰ ਸੋਧ ਕੇ ਉਹਨਾਂ ਦੀ ਨਿਸ਼ਾਨਦੇਹੀ ਕਰ ਸਕੇ। ਸੱਤਾ ਹਮੇਸ਼ਾ ਹੀ ਵਿਕਾਸ ਦੇ ਨਾਂ ਹੇਠ ਲੋਕਤਾ ਦਾ ਘਾਣ ਕਰਦੀ ਹੈ। ਆਮ ਲੋਕਾਂ ਨੂੰ ਸੱਤਾ ਦੇ ਇਹਨਾਂ ਲੋਕ ਮਾਰੂ ਨੀਤੀਆਂ ਦਾ ਗਿਆਨ ਨਹੀਂ ਹੁੰਦਾ। ਆਮ ਲੋਕਾਂ ਨੂੰ ਗਿਆਨ ਤਾਂ ਸਿੱਖਿਆ ਪ੍ਰਣਾਲੀ ਨੇ ਦੇਣਾ ਹੁੰਦਾ ਹੈ ਪਰ ਭਾਰਤੀ ਲੋਕ-ਤੰਤਰ ਵਿਚ ਸਿੱਖਿਆ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਚਲੀ ਗਈ ਹੈ। ਸੱਤਾ ਨੇ ਆਮ ਵਿਅਕਤੀ ਹੀ ਨਹੀਂ ਬਲਕਿ ਸੂਖ਼ਮ ਦ੍ਰਿਸ਼ਟੀ ਵਾਲੀਆਂ ਕਲਮਾਂ ਨੂੰ ਵੀ ਆਪਣੇ ਸਮਾਜ ਪ੍ਰਤੀ ਹੀ ਨਹੀਂ ਬਲਕਿ ਖੁਦ ਨਾਲ ਵੀ ਅਸਹਿਮਤ ਕਰ ਰਹੀਆਂ ਉਹਨਾਂ ਹਵਾਵਾਂ ਦੇ ਹਵਾਲੇ ਨਾਲ ਸੱਤਾ

ਦੇ ਇਸ ਲੋਕ ਮਾਰੂ ਵਰਤਾਰੇ ਨੂੰ ਹਵਾਵਾਂ ਦੇ ਬਿੰਬ ਰਾਹੀਂ ਪੇਸ਼ ਕਰਦਾ ਹੈ। ਸ਼ਾਇਰ ਦੀ ਦ੍ਰਿਸ਼ਟੀ ਸਮਾਜ ਪ੍ਰਤੀ ਅਤੇ ਆਮ-ਲੋਕਾਂ ਲਈ ਸਾਰਥਕ ਹੈ ਇਸ ਕਰ ਕੇ ਉਹ ਆਪਣੀ ਸ਼ਾਇਰੀ ਰਾਹੀਂ ਸੱਤਾ ਦੇ ਵਿਰੁੱਧ ਆਮ ਵਿਅਕਤੀ ਨੂੰ ਸੰਘਰਸ਼ ਕਰਨ ਲਈ ਪ੍ਰੇਰਿਤ ਕਰਦਾ ਹੈ।

ਹੁਣ ਤਾਂ ਮੈਂ ਖੁਦ ਨਾਲ ਵੀ ਸਹਿਮਤ ਨਹੀਂ ਹੁੰਦਾ ਕਦੇ

ਮੈਨੂੰ ਮੇਰੇ ਉਲਟ ਕਰ ਗਈਆਂ ਹਵਾਵਾਂ ਕੌਣ ਨੇ।

(*ਅਗਰਬੱਤੀ* 66)

ਗ਼ਜ਼ਲਕਾਰ ਸਤੀਸ਼ ਗੁਲਾਟੀ ਆਪਣੀਆਂ ਗ਼ਜ਼ਲਾਂ ਵਿਚ ਰਾਜਸੀ ਸਰੋਕਾਰਾਂਨੂੰ ਚਿਤਰਦੇ ਹਨ। ਅਜੋਕੀ ਰਾਜਨੀਤੀ ਤਾਂ ਇਸ ਕਦਰ ਗਿਰ ਚੁੱਕੀ ਹੈ ਕਿ ਜੇ ਕਰ ਜਨਤਾ ਵਿਚੋਂ ਕੋਈ ਵੀ ਇਸ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਦਾ ਹੈ ਤਾਂ ਉਸ ਦੀ ਆਵਾਜ਼ ਨੂੰ ਹੀ ਖੋਹ ਲਿਆ ਜਾਂਦਾ ਹੈ। ਉਸ ਨੂੰ ਮਾਨਸਿਕ ਅਤੇ ਸਰੀਰਕ ਤੌਰ ’ਤੇ ਪਰੇਸ਼ਾਨ ਕੀਤਾ ਜਾਂਦਾ ਹੈ। ਕਿਸੇ ਵੀ ਰਾਜਸੀ ਭਾਸ਼ਣ ਸਮਾਰੋਹ ਵਿਚ ਜਦੋਂ ਕਿਸੇ ਵੀ ਨੇਤਾ ਦੇ ਭਾਸ਼ਣ ਦੌਰਾਨ ਜਨਤਾ ਵੱਲੋਂ ਸਪੱਸ਼ਟੀਕਰਨ ਮੰਗਿਆ ਜਾਂਦਾ ਹੈ ਤਾਂ ਉਸ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਓਸ ਨੂੰ ਸੌੜੀ ਸਿਆਸਤ ਕਤਲ਼ ਕਰਨਾ ਲੋਚਦੀ,

ਜੋ ਕਿਸੇ ਵੀ ਕੱਠ ਅੰਦਰ ਬੋਲਦਾ ਚੁੱਪ ਦੇ ਖ਼ਿਲਾਫ਼।

(*ਚੁੱਪ ਦੇ ਖ਼ਿਲਾਫ਼* 30)

ਵੋਟਾਂ ਦੇ ਦੌਰਾਨ ਜਦੋਂ ਸਿਆਸੀ ਲੀਡਰਾਂ ਵਲੋਂ ਰੈਲੀਆਂ ਕੱਢੀਆਂ ਜਾਂਦੀਆਂ ਹਨ ਤਾਂ ਜਨਤਾ ਵਲੋਂ ਵਿਕਾਸ ਨਾਲ ਸਬੰਧਤ ਸਵਾਲ ਪੁੱਛਣ ’ਤੇ ਲੀਡਰ ਸ਼ਬਦਹੀਨ ਹੋ ਜਾਂਦੇ ਹਨ। ਕਈ ਵਾਰ ਉਹਨਾਂ ਨਾਲ ਤਸ਼ੱਦਦ ਕਰਨ ਦੇ ਮਾਮਲੇ ਵੀ ਸਾਹਮਣੇ ਆਏ ਹਨ। ਇਸ ਤਰ੍ਹਾਂ ਗ਼ਜ਼ਲਕਾਰਾਂ ਵਲੋਂ ਸਿਆਸਤ ਦੇ ਪਾਜ ਉਧੇੜਦੀ ਸ਼ਾਇਰੀ ਕੀਤੀ ਹੈ।ਰਾਜਸੀ ਸੰਵੇਦਨਾ ਨੂੰ ਪ੍ਰਗਟਾਉਂਦਿਆਂ ਸਤੀਸ਼ ਗੁਲਾਟੀ ਆਪਣੀ ਗ਼ਜ਼ਲ ਰਾਹੀਂ ਪੇਸ਼ ਕਰਦੇ ਹਨ ਕਿ ਹੁਣ ਅਜੋਕੀ ਜਨਤਾ ਨੂੰ ਅੱਖਾਂ ਬੰਦ ਕਰ ਕੇ ਫ਼ੈਸਲੇ ਨਹੀਂ ਲੈਣੇ ਚਾਹੀਦੇ। ਅਜੋਕੀ ਪੀੜੀ ਪੜ੍ਹੀ-ਲਿਖੀ ਅਤੇ ਸੂਝਵਾਨ ਹੈ। ਉਸ ਨੂੰ ਚੰਗੇ ਮਾੜੇ ਦੀ ਪਰਖ਼ ਹੈ ਅਤੇ ਜੋ ਸਿਆਸੀ ਲੋਕ ਕੁਰਸੀ ਮਿਲਣ ’ਤੇ ਪਲਾਂ ਵਿਚ ਗਿਰਗਟ ਵਾਂਗੂੰ ਰੰਗ ਬਦਲ ਜਾਂਦੇ ਹਨ ਜਨਤਾ ਉਹਨਾਂ ਤੋਂ ਜਵਾਬ ਮੰਗਣ ਦੀ ਹੱਕਦਾਰ ਹੈ। ਹੁਣ ਸਮਾਂ ਆ ਗਿਆ ਹੈ ਕਿ ਜਨਤਾ ਸਿਆਸਤ ਨੂੰ ਬਦਲੇ ਅਤੇ ਉਹਨਾਂ ਚਿਹਰਿਆਂ ਨੂੰ ਬੇਨਕਾਬ ਕਰੇ ਜੋ ਵੋਟਾਂ ਤੋਂ ਪਹਿਲਾਂ ਕੁੱਝ ਹੋਰ ਹੁੰਦੇ ਹਨ ਅਤੇ ਵੋਟਾਂ ਤੋਂ ਮਗਰੋਂ ਕੁੱਝ ਹੋਰ। ਅਜੋਕੀ ਰਾਜਨੀਤੀ ਵਿਚ ਜੋ ਕੁੱਝ ਵਾਪਰ ਰਿਹਾ ਹੈ ਉਸ ਬਾਰੇ ਹੁਣ ਦੇਸ਼ ਦੀ ਜਨਤਾ ਨੂੰ ਚੌਕਸੀ ਵਰਤਣੀ ਪੈਣੀ ਹੈ ਅਤੇ ਬਿਨਾਂ ਸੋਚੇ ਸਮਝੇ ਕਿਸੇ ਲਾਲਚ ਵਿਚ ਆ ਕੇ ਕਿਸੇ ਨੂੰ ਵੀ ਆਪਣਾ ਨੇਤਾ ਨਹੀਂ ਕਬੂਲਨਾ ਚਾਹੀਦਾ। ਸਗੋਂ ਹਰ ਪੱਖ ਤੋਂ ਪੂਰੀ ਛਾਣ ਬੀਣ ਦੇ ਨਾਲ ਹੀ ਆਪਣਾ ਕੀਮਤੀ ਵੋਟ ਕਿਸੇ ਨੂੰ ਦੇਣਾ ਚਾਹੀਦਾ ਹੈ।

ਸਿਆਸਤ ਦੇ ਬਦਲਦੇ ਦੌਰ 'ਤੇ ਕੁਝ ਸੋਚਣਾ ਪੈਣੈ

ਪਲਾਂ ਵਿਚ ਰੰਗ ਜੋ ਬਦਲੇ ਉਹ ਚਿਹਰਾ ਪਰਖਣਾ ਪੈਣੈ।

(*ਚੁੱਪ ਦੇ ਖ਼ਿਲਾਫ਼* 38)

ਪਰਵਾਸੀ ਗ਼ਜ਼ਲਕਾਰ ਅਜ਼ੀਮ ਸ਼ੇਖਰ ਰਾਜਨੀਤੀ ਨੂੰ ਦਰਸਾਉਂਦੀਆਂ ਗ਼ਜ਼ਲਾਂ ਪੇਸ਼ ਕਰਦੇ ਹਨ ਕਿ ਢਿੱਡ ਦੀ ਭੁੱਖ ਖ਼ਾਤਿਰ ਰੱਸਿਆਂ ਤੇ ਨੱਚਣ ਵਾਲੇ ਖੇਡ ਤਮਾਸ਼ੇ ਤਾਂ ਬਹੁਤ ਦੇਖਣ ਨੂੰ ਮਿਲ ਜਾਂਦੇ ਸਨ ਪਰ ਅਜੋਕੀ ਸਿਆਸਤਵਾਲੇ ਹਾਲਾਤਾਂਵਿਚ ਦੇਸ਼ ਦੀ ਜਨਤਾ ਵਲੋਂ ਗਲਤ ਬੰਦੇ ਨੂੰ ਆਪਣਾ ਨੇਤਾ ਬਣਾਉਣ ਮਗਰੋਂ ਰੋਜ਼ ਹੀ ਨਵੀਆਂ ਮੁਸੀਬਤਾਂ ਝੱਲਣੀਆਂ ਪੈਂਦੀਆਂ ਹਨ। ਕਦੇ ਮਹਿੰਗਾਈ ਦੀ ਮਾਰ, ਕਦੇ ਬੇਰੋਜ਼ਗਾਰੀ ਦੀ ਮਾਰ ਤੇ ਕਦੇ ਔਰਤਾਂ ਦੀ ਇੱਜਤ ਤੇ ਮਾਰ ਇਹੋ ਜਿਹੀਆਂ ਅਣਸੁਖਾਵੀਆਂ ਘਟਨਾਵਾਂ ਰੋਜ਼ ਹੀ ਜਨਤਾ ਨੂੰ ਸਹਿਣੀਆਂ ਪੈ ਰਹੀਆਂ ਹਨ।

ਰੱਸੀਆਂ 'ਤੇ ਤੁਰਨ ਵਾਲੇ ਲੋਕ ਤਾਂ ਵੇਖੇ ਸੀ ਪਰ

ਵਕਤ ਸਾਨੂੰ ਅਗਨ ਉੱਪਰ ਨਾਚ ਨਚਾਉਂਦਾ ਹੈ ਰੋਜ਼।

(*ਹਵਾ ਨਾਲ ਖੁੱਲ੍ਹਦੇ ਬੂਹੇ* 64)

ਪਰਵਾਸੀ ਗ਼ਜ਼ਲਗੋ ਸੁਰਿੰਦਰ ਸੀਰਤ ਗ਼ਜ਼ਲ ਦੇ ਸ਼ਿਅਰ ਰਾਹੀਂ ਪਰਵਾਸੀ ਸੰਵੇਦਨਾ ਨੂੰ ਦਰਸਾਉਂਦਾ ਲਿਖਦਾ ਹੈ ਕਿ ਪੰਜਾਬੀ ਦੇ ਇਕ ਮੁਹਾਵਰੇ ਅਨੁਸਾਰ ਦੁੱਧ ਦਾ ਸੜਿਆ ਲੱਸੀ ਨੂੰ ਵੀ ਫੂਕਾਂ ਮਾਰ-ਮਾਰ ਪੀਂਦਾ ਹੈ। ਇਸ ਤਰ੍ਹਾਂ ਜਨਤਾ ਨੂੰ ਹਰੇਕ ਲੀਡਰ ਵਿਚ ਚੋਰ, ਠੱਗ ਨਜ਼ਰ ਆਉਂਦਾ ਹੈ। ਜਨਤਾ ਚਾਹੁੰਦੀ ਹੈ ਕਿ ਹਰੇਕ ਦੇ ਮੁਖ ਤੋਂ ਨਕਾਬ ਉਤਰਨਾ ਚਾਹੀਦਾ ਹੈ ਕਿਉਂ ਕਿ ਹਰ ਇਕ ਇਨਸਾਨ ਬਹੁਤੇ ਰੂਪਾਂ ਵਾਲਾ ਲੱਗਦਾ ਹੈ। ਜਨਤਾ ਲਈ ਇਹ ਸਮਝਣਾ ਔਖਾ ਹੋ ਜਾਂਦਾ ਹੈ ਕਿ ਕਿਸ ਨੂੰ ਵੋਟ ਪਾ ਕੇ ਅਸੀਂ ਆਪਣੇ ਦੇਸ਼ ਦਾ ਭਵਿੱਖ ਸਹੀ ਹੱਥਾਂ ਵਿਚ ਦੇਈਏ ਕਿਉਂਕਿ ਵੋਟਾਂ ਸਮੇਂ ਤਾਂ ਸਾਰਿਆਂ ਦੀਆਂ ਗੱਲਾਂ ਵਿਕਾਸ ਕਰਨ ਦੀਆਂ ਹੁੰਦੀਆਂ ਹਨ ਪਰ ਜਦੋਂ ਅਸਲ ਗੱਲ ਵਿਕਾਸ ਦੀ ਆਂਉਂਦੀ ਹੈ ਤਾਂ ਕੋਈ ਗੱਲ ਤੱਕ ਨਹੀਂ ਕਰਦਾ।

ਰੱਖ ਮੁਖੌਟੇ ਉਤਾਰ ਕੇ ਸਭ ਦੇ

ਸ਼ਖ਼ਸ ਹਰ ਇਕ ਬਹਿਰੂਪੀਆ ਲੱਗਦੈ।

(*ਅਰੂਪੇ ਅੱਖਰਾਂ ਦਾ ਅਕਸ* 58)

ਪਰਵਾਸੀ ਗ਼ਜ਼ਲਕਾਰ ਆਪਣੀ ਗ਼ਜ਼ਲ ਰਾਹੀਂ ਦੇਸ਼ ਦੀ ਜਨਤਾ ਦੀ ਮਨੋਅਵਸਥਾ ਨੂੰ ਬਿਆਨ ਕਰਦਾ ਲਿਖਦਾ ਹੈ ਕਿ ਦੇਸ਼ ਦੀ ਜਨਤਾ ਹੁਣ ਇਹੀ ਭਾਲ ਕਰ ਰਹੀ ਹੈ ਕਿ ਆਉਂਦੀਆਂ ਵੋਟਾਂ ਵੇਲੇ ਕੋਈ ਐਸਾ ਉਮੀਦਵਾਰ ਜਿੱਤ ਜਾਵੇ ਜੋ ਲੋਕਾਂ ਦੀਆਂ ਮੁਸੀਬਤਾਂ ਨੂੰ ਮਸੀਹਾ ਬਣ ਕੇ ਹਰਨ ਵਾਲਾ ਹੋਵੇ ਅਤੇ ਆਪਣੇ ਚੰਗੇ ਅਤੇ ਦੇਸ਼ ਉਸਾਰੂ ਕੰਮਾਂ ਨਾਲ ਦੁੱਖੀ ਹੋਈ ਜਨਤਾ ਦੇ ਕਲੇਜੇ ਠੰਡ ਪਾ ਦੇਵੇ।ਸ਼ਾਇਰ ਆਪਣੀ ਸ਼ਾਇਰੀ ਰਾਹੀਂ ਕਹਿਣਾ ਚਾਹੁੰਦਾ ਹੈ ਕਿ ਕੋਈ ਵੀ ਇਨਸਾਨ

ਚਾਹੇ ਉਹ ਦੇਸ਼ ਦਾ ਆਗੂ ਹੋਵੇ ਜਾਂ ਫਿਰ ਕੋਈ ਆਮ ਇਨਸਾਨ ਉਹ ਹਰ ਇਕ ਦੇ ਦਿਲ ਨੂੰ ਜਿੱਤ ਸਕਦਾ ਹੈ ਜੇਕਰ ਉਹ ਸਹੀ ਤਰੀਕਿਆਂ ਨਾਲ ਹਰ ਕੰਮ ਸੁਚਾਰੂ ਢੰਗ ਨਾਲ ਕਰਦਾ ਰਹੇ। ਜੇ ਉਸ ਦੇ ਕੰਮਾਂ ਕਾਰਨ ਉਸ ਦਾ ਚਰਿੱਤਰ ਵਧੀਆ ਸਾਬਿਤ ਹੋ ਜਾਂਦਾ ਹੈ ਤਾਂ ਉਸ ਨੂੰ ਸਨਮਾਨ ਖਰੀਦਣੇ ਨਹੀਂ ਪੈਂਦੇ ਸਗੋਂ ਉਹ ਆਪਣੀ ਉੱਚ ਸ਼ਖ਼ਸੀਅਤ ਸਦਕਾ ਬਣਦਾ ਆਦਰ, ਮਾਨ-ਸਨਮਾਨ ਕਮਾ ਹੀ ਲੈਂਦਾ ਹੈ।ਗ਼ਜ਼ਲਗੋ ਜੋ ਕਿ ਪਰਵਾਸੀ ਗ਼ਜ਼ਲਗੋ ਹੈ ਉਹ ਆਪਣੀ ਗ਼ਜ਼ਲ ਰਾਹੀਂ ਲੋਕਾਂ ਦੇ ਦਿਲ ਦੀ ਗੱਲ ਬਾਖੂਬੀ ਬਿਆਨ ਕਰਦਾ ਹੈ ਕਿ ਦੇਸ਼ ਦੀ ਜਨਤਾ ਹੁਣ ਅਜਿਹਾ ਆਗੂ ਚਾਹੁੰਦੀ ਹੈ ਜੋ ਦੇਸ਼ ਦੇ ਕੰਮ ਆਵੇ ਅਤੇ ਆਪਣੀਆਂ ਜੇਬਾਂ ਨਾ ਭਰੇ ਅਤੇ ਲੋਕਾਂ ਨੂੰ ਆਦਰ-ਸਤਿਕਾਰ ਦੇਵੇ। ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਨੇ ਅਜੋਕੀ ਰਾਜਨੀਤੀ ਦੇ ਪਾਜ ਆਪਣੀਆਂ ਗ਼ਜ਼ਲਾਂ ਰਾਹੀਂ ਉਘਾੜੇ ਹਨ। ਰਾਜਨੇਤਾ ਭੋਲੇ-ਭਾਲੇ ਲੋਕਾਂ ਦੇ ਜਜ਼ਬਾਤਾਂ ਨਾਲ ਖੇਡਦੇ ਹਨ। ਉਹ ਜਨਤਾ ਨੂੰ ਸਬਜ ਬਾਗ ਦਿਖਾ ਕੇ ਉਹਨਾਂ ਦੀ ਸੋਚ ਨੂੰ ਆਪਣੇ ਅਨੁਸਾਰ ਢਾਲ ਰਹੇ ਹਨ ਅਤੇ ਉਹਨਾਂ ਤੋਂ ਵੋਟਾਂ ਹਾਸਿਲ ਕਰਨ ਵਿਚ ਲੱਗੇ ਹੋਏ ਹਨ।

ਸੋਚਾਂ ਬਦਲੀ ਜਾਂਦੇ ਉਹ
ਰਮਜ਼ਾਂ ਬਦਲੀ ਜਾਂਦੇ ਉਹ

(*ਸ਼ੀਸ਼ਾ* 34)

ਭ੍ਰਿਸ਼ਟ ਰਾਜਨੀਤੀ ਦੇ ਪਾਜ ਉਘੇੜਦਿਆਂ ਪਰਵਾਸੀ ਗ਼ਜ਼ਲਗੋ ਗੌਤਮ ਲਿਖਦਾ ਹੈ ਕਿ ਏਥੇ ਰਾਜਨੇਤਾ ਸਾਰੇ ਭ੍ਰਿਸ਼ਟ ਹਨ। ਸਭ ਆਪਣੀਆਂ ਲੋੜਾਂ ਨੂੰ ਪੂਰੀਆਂ ਕਰਨ ਵਿਚ ਲੱਗੇ ਹੋਏ ਹਨ। ਮਹਿੰਗਾਈ ਦਿਬ-ਬ-ਦਿਨ ਆਪਣੇ ਰੰਗ ਵਿਖਾ ਰਹੀ ਹੈ। ਟੈਕਸਾਂ ਦੇ ਨਾਮ ਤੇ ਜਨਤਾ ਕੋਲੋਂ ਖੂਬ ਪੈਸਾ ਲੁੱਟਿਆ ਜਾ ਰਿਹਾ ਹੈ। ਸਾਰੇ ਮੰਤਰੀ ਇਕੋ ਜਿਹੇ ਹੀ ਹਨ। ਕਰਸੀ ਭਾਈ ਭਤੀਜਾਵਾਦ ਤੇ ਹੀ ਟਿਕੀ ਹੋਈ ਹੈ। ਆਪਸੀ ਕਾਂਵਾਂ ਰੌਲੀ ਨੇ ਜਨਤਾ ਦੀ ਸੁਰ ਨੂੰ ਦਬਾ ਕੇ ਰੱਖਿਆ ਹੋਇਆ ਹੈ। ਜੇ ਭ੍ਰਿਸ਼ਟ ਮੰਤਰੀਆਂ ਵਿਚ ਕੋਈ ਇਕ ਨੇਤਾ ਸਹੀ ਵੀ ਨਿਕਲਦਾ ਹੈ ਤਾਂ ਬਾਕੀ ਦੇ ਕਾਂ ਉਸ ਨੂੰ ਆਪਣੇ ਰੰਗ ਵਿਚ ਢਾਲ ਲੈਂਦੇ ਹਨ ਅਤੇ ਉਸ ਨੂੰ ਚੰਗਾ ਨਹੀਂ ਰਹਿਣ ਦਿੰਦੇ।

ਕਾਵਾਂ ਦੀ ਸਰਕਾਰ ਹੈ ਏਥੇ ਸੁਰ 'ਤੇ ਹੈ ਪਾਬੰਦੀ
ਜਿਸ ਦੇ ਮਨ ਵਿਚ ਕੋਇਲ ਵਸਦੀ ਉਸ ਨੂੰ ਗਾਉਣ ਨਾ ਦਿੰਦੇ

(*ਸੁਪਨੇ ਸੌਣ ਨਾ ਦਿੰਦੇ* 26)

ਵੱਡੇ-ਵੱਡੇ ਮੰਤਰੀ ਲੋਕਾਂ ਨੂੰ ਆਪਣੇ ਪਿਆਦੇ ਬਣਾ ਕੇ ਚਾਲਾਂ ਖੇਡ ਰਹੇ ਹਨ। ਉਹ ਲੋਕਾਂ ਨੂੰ ਸ਼ਤਰੰਜ ਦੇ ਮੋਹਰਿਆਂ ਦੀ ਤਰ੍ਹਾਂ ਵਰਤ ਰਹੇ ਹਨ। ਇਸ ਤਰ੍ਹਾਂ ਸਿਆਸਤ ਕੋਝੀ ਚਾਲ ਚੱਲਦੀ ਹੈ ਅਤੇ ਸਾਰੇ ਪੂਰੇ ਜੋਸ਼ ਨਾਲ ਬੈਠੇ ਤਮਾਸ਼ਾ ਵੇਖ ਰਹੇ ਹਨ।

ਇਵੇਂ ਹੀ ਲੜ ਰਹੇ ਲੋਕੀ, ਜਿਵੇਂ ਸ਼ਤਰੰਜ ਦੇ ਮੋਹਰੇ

ਸਿਆਸਤ ਚਾਲ ਚਲਦੀ ਹੈ, ਕਜ਼ਾ ਪੁਰਜੋਸ਼ ਬੈਠੀ ਹੈ

(*ਸੁਪਨੇ ਸੌਣ ਨਾ ਦਿੰਦੇ* 28)

ਪਰਵਾਸੀ ਸ਼ਾਇਰ ਗੌਤਮ ਅਜੋਕੀ ਗੰਦਲੀ ਹੋ ਚੁੱਕੀ ਸਿਆਸਤ ਤੋਂ ਦੁਖੀ ਹੋਇਆ ਰੱਬ ਅੱਗੇ ਅਰਦਾਸਾਂ ਕਰਦਾ ਕਹਿੰਦਾ ਹੈ ਕਿ ਪਰਮਾਤਮਾ ਸਿਆਸਤਦਾਨਾਂ ਅਤੇ ਲੋਕਾਂ ਨੂੰ ਸੁਮੱਤ ਅਤੇ ਸਬਰ ਬਖਸ਼ੇ ਤਾਂ ਜੋ ਉਹ ਇਕ ਦੂਜੇ ਲਈ ਵੈਰ ਵਿਰੋਧ ਦੀ ਭਾਵਨਾ ਨੂੰ ਤਿਆਗ ਕੇ ਇਕ ਦੂਜੇ ਦਾ ਭਲਾ ਮੰਗ ਸਕਣ। ਸ਼ਾਇਰ ਆਪਣੀ ਗ਼ਜ਼ਲ ਰਾਹੀਂ ਲੋਕਾਂ ਤੱਕ ਅਤੇ ਗੁਆਂਢੀ ਮੁਲਕਾਂ ਤੱਕ ਇਹ ਸੰਦੇਸ਼ ਪੁੰਹਚਾਉਂਦਾ ਹੈ ਕਿ ਵੈਰ ਵਿਰੋਧ ਅਤੇ ਨਫ਼ਰਤ ਦੀ ਭਾਵਨਾ ਦਾ ਤਿਆਗ ਕਰ ਕਰੋ ਅਤੇ ਆਪਣੇ ਗੁਆਂਢੀਆਂ ਦੀਆਂ ਨੀਹਾਂ ਨੂੰ ਢਾਹ ਨਾ ਲਾਉ ਕਿਉਂ ਕਿ ਇਸ ਨਾਲ ਸਿਰਫ਼ ਨੁਕਸਾਨ ਉਹਨਾਂ ਦਾ ਹੀ ਨਹੀਂ ਬਲਕਿ ਤੁਹਾਡੀਆਂ ਕੁਲੀ ਵੀ ਢਹਿ ਢੇਰੀ ਹੋ ਸਕਦੀ ਹੈ।

ਖ਼ੁਦਾ ਤੌਫ਼ੀਕ ਹੁਣ ਬਖ਼ਸ਼ੇ, ਸਿਆਸਤ ਨੂੰ ਤੇ ਲੋਕਾਂ ਨੂੰ

ਨਾ ਪੁੱਟੋ ਨੀਂਹ ਗੁਆਂਢੀ ਦੀ ਕਿ ਘਰ ਆਪਣਾ ਵੀ ਢਹਿੰਦਾ ਹੈ

(*ਸੁਪਨੇ ਸੌਣ ਨਾ ਦਿੰਦੇ* 62)

ਇਹ ਮਸਲਾ ਸਿਰਫ ਹਕੂਮਤ ਹਾਸਿਲ ਕਰਨ ਦਾ ਅਤੇ ਕੁਰਸੀ ਦਾ ਹੀ ਹੈ। ਸਾਡੇ ਮੁਲਕ ਦੀ ਜਨਤਾ ਨੂੰ ਇਕ ਜੁੱਟ ਹੋਣਾ ਹੀ ਪੈਣਾ ਹੈ ਅਤੇ ਇਹਨਾਂ ਘਟੀਆ ਲੀਡਰਾਂ ਦੇ ਖ਼ਿਲਾਫ਼ ਬਗਾਵਤ ਕਰਨੀ ਹੀ ਪੈਣੀ ਹੈ।

ਹਕੂਮਤ ਦਾ ਨਹੀਂ ਮਸਲਾ ਇਹ ਸਾਰਾ ਦੋਸ਼ ਤੰਤਰ ਦਾ

ਇਹ ਦੁਨੀਆਂ ਜੇ ਬਚਾਉਣੀ ਤਾਂ ਬਗ਼ਾਵਤ ਦੀ ਜ਼ਰੂਰਤ ਹੈ

(*ਸੁਪਨੇ ਸੌਣ ਨਾ ਦਿੰਦੇ* 68)

ਗੌਤਮ ਸ਼ਾਇਰ ਮੁਲਕ ਦੀ ਜਨਤਾ ਨੂੰ ਸੰਬੋਧਨ ਕਰਦਾ ਕਹਿੰਦਾ ਹੈ ਕਿ ਸਾਡੇ ਮੁਲਕ ਦੇ ਲੋਕ ਝੂਠੇ ਲੀਡਰਾਂ ਦੀਆਂ ਝੂਠੀਆਂ ਗੱਲਾਂ ਅਤੇ ਝੂਠੇ ਲਾਰਿਆਂ ਵਿਚ ਆ ਕੇ ਕਿਸੇ ਨੂੰ ਵੀ ਵੋਟ ਪਾ ਦਿੰਦੇ ਹਨ ਅਤੇ ਰਾਜ ਦਾ ਨੇਤਾ ਚੁਣ ਲੈਂਦੇ ਹਨ ਅਤੇ ਪੰਜ ਸਾਲਾਂ ਲਈ ਅਸੀਂ ਸੱਪ ਪਾਲ ਲੈਂਦੇ ਹਾਂ। ਜਦੋਂ ਅਸੀਂ ਉਹਨਾਂ ਤੋਂ ਉਹਨਾਂ ਦੁਆਰਾ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਜ਼ੋਰ ਪਾਉਂਦੇ ਹਾਂ ਤਾਂ ਉਹ ਦੋ ਮੂਹੀਏ ਸੱਪ ਜਨਤਾ ਨੂੰ ਹੀ ਡੰਗਦੇ ਹਨ।

ਪਤਾ ਸੀ ਡੰਗ ਮਾਰਨਗੇ ਉਹ ਮੌਕਾ ਦੇਖ ਕੇ ਇਕ ਦਿਨ

ਤੁਸੀਂ ਵਹਿਸ਼ਤ ਜ਼ਰਾ ਦੇਖੋ ਅਸੀਂ ਸੱਪ ਫੇਰ ਵੀ ਪਾਲ਼ੇ

(*ਸੁਪਨੇ ਸੌਣ ਨਾ ਦਿੰਦੇ* 71)

**4.3 ਭ੍ਰਿਸ਼ਟਾਚਾਰ:**

ਭ੍ਰਿਸ਼ਟਾਚਾਰ ਦਾ ਅਰਥ ਹੈ: ਭਿਟਿਆ ਹੋਇਆ ਵਿਅਕਤੀ ਭਾਵ ਗਲਤ ਤਰੀਕੇ ਨਾਲ ਪੈਸੇ ਕਮਾਉਣ ਵਾਲਾ। ਸਿੱਧੇ ਜਾਂ ਅਸਿੱਧੇ ਰੂਪ ਵਿਚ ਲੁੱਟ ਖੋਹ ਕਰਨ ਵਾਲਾ ਵਿਅਕਤੀ।ਅਜੋਕੀ ਰਾਜਨੀਤੀ ਵਿਚ ਭ੍ਰਿਸ਼ਟਾਚਾਰ ਇਕ ਅਜਿਹਾ ਘੁਣ ਹੈ ਜੋ ਸਾਰੇ ਸਿਸਟਮ ਨੂੰ ਘੁੱਣ ਵਾਂਗ ਖਾ ਰਿਹਾ ਹੈ।ਅਜੋਕੀ ਰਾਜਨੀਤੀ ਸਿਰਫ ਇਕ ਪੂਰੇ ਦੇਸ਼ ਅਤੇ ਜਨਤਾ ਉੱਤੇ ਰਾਜ ਕਰਨ ਤਕ ਹੀ ਸੀਮਤ ਨਹੀਂ ਰਹੀ। ਬਲਕਿ ਇਸ ਵਿਚ ਭ੍ਰਿਸ਼ਟਾਚਾਰ ਰੂਪੀ ਸਿਉਂਕ ਪੂਰੇ ਸਿਸਟਮ ਨੂੰ ਲੱਗ ਚੁੱਕੀ ਹੈ। ਜਿਸ ਨਾਲ ਇਹ ਦੇਸ਼ ਦੀ ਨੀਂਹ ਨੂੰ ਖੋਖਲਾ ਕਰ ਰਹੀ ਹੈ। ਰਾਜਨੀਤੀ ਵਿਚ ਭ੍ਰਿਸ਼ਟਾਚਾਰ ਨੂੰ ਅਜੋਕੀ ਗ਼ਜ਼ਲਕਾਰੀ ਵਿਚ ਚਿਤਰਤ ਹੁੰਦੇ ਵੇਖਿਆ ਜਾ ਸਕਦਾ ਹੈ। ਇਸ ਬਾਰੇ ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਰਾਜਨੀਤੀ ਵਿਚ ਭ੍ਰਿਸ਼ਟਾਚਾਰ ਨੂੰ ਉਜਾਗਰ ਕਰਦੀਆਂ ਹਨ।

ਜਮਾਤਾਂ ਨੂੰ ਜਦੋਂ ਵੀ ਜਾਤ ਲਈ ਕੁਰਬਾਨ ਕਰਦੀ ਹੈ

ਸਿਆਸਤ ਇਸ ਤਰ੍ਹਾਂ ਹੀ ਮੁਲਕ ਨੂੰ ਵੀਰਾਨ ਕਰਦੀ ਹੈ।

(*ਗੁਲਨਾਰ*105)

ਭ੍ਰਿਸ਼ਟਾਚਾਰ ਦੇ ਸੰਦਰਭ ਵਿਚ ਗੁਰਭਜਨ ਗਿੱਲ ਲਿਖਦਾ ਹੈ ਕਿ ਰਾਜਸੀ ਮਾਮਲਿਆਂ ਬਾਰੇ ਅਤੇ ਸਿਆਸਤਦਾਨਾਂ ਦੇ ਕਿਰਦਾਰ ਸਬੰਧੀ ਗੁਰਭਜਨ ਗਿੱਲ ਇੰਨਾ ਸੁਚੇਤ ਹੈ ਕਿ ਉਹ ਰਾਜਸੀ ਸੱਤਾ ਅੰਦਰ ਵਾਪਰ ਰਹੇ ਉਹਨਾਂ ਵਰਤਾਰਿਆਂ ਦੀ ਬਹੁਤ ਹੀ ਬਾਰੀਕ ਨਜ਼ਰੀਏ ਦੇ ਨਾਲ ਪਰਖ-ਪੜਚੋਲ ਕਰਦਾ ਹੈ। ਸੱਤਾਧਾਰੀ ਕੁਰਸੀ ਹੱਤਿਆਉਣ ਲਈ ਆਪਣੀ ਜ਼ਮੀਰ ਤਕ ਗਹਿਣੇ ਰੱਖ ਦਿੰਦਾ ਹੈ ਤੇ ਲੋਕਾਂ ਵਿਚ ਉਸ ਦਾ ਸਿਰਫ਼ ਜਿਸਮ ਵਿਚਰਦਾ ਹੈ। ਰਾਜਸੀ ਗਲਿਆਰਿਆਂ ਵਿਚ ਇਸ ਹੱਦ ਤੱਕ ਨੀਵਾਂਪਨ ਆ ਗਿਆ ਹੈ ਕਿ ਕੁਰਸੀ ਲਈ ਕੁੱਝ ਵੀ ਦਾਅ ਤੇ ਲਾਇਆ ਜਾ ਸਕਦਾ ਹੈ।

ਜ਼ਮੀਰ ਆਪਣੀ ਰੱਖਦੇ ਨੇ ਗਹਿਣੇ ਕੁਰਸੀ ਲਈ

ਪਤਾ ਨਹੀਂ ਜਿਸਮ ਕਿੰਝ ਫੋਕੀ ਇਹ ਸ਼ਾਨ ਰੱਖਦੇ ਨੇ।

(*ਮਿਰਗਾਵਲੀ* 45)

ਗਿੱਲ ਆਪਣੀ ਸ਼ਾਇਰੀ ਰਾਹੀਂ ਆਮ ਵਿਅਕਤੀ ਨੂੰ ਉਸ ਦੀਆਂ ਲੋੜਾਂ-ਥੋੜਾਂ ਸਬੰਧੀ ਸੁਚੇਤ ਹੀ ਨਹੀਂ ਕਰਦਾ ਬਲਕਿ ਉਹਨਾਂ ਦੀ ਇਹ ਹਾਲਤ ਕਿਵੇਂ ਅਤੇ ਕਿਸ ਨੇ ਬਣਾਈ ਹੈ ਉਸ ਪ੍ਰਤੀ ਵੀ ਸੁਚੇਤ ਕਰਦਾ ਹੈ। ਉਹ ਆਪਣਾ ਧਰਮ

ਨਿਭਾਉਂਦਾ ਹੋਇਆ ਆਮ ਵਿਅਕਤੀ ਨੂੰ ਸੱਤਾ ਦੇ ਵਿਰੁੱਧ ਲੜਣ ਲਈ ਪ੍ਰੇਰਿਤ ਕਰਦਾ ਹੈ।ਆਪਣੇ ਹੱਕਾਂ ਦੀ ਰਾਖੀ ਕਰਨ ਲਈ ਲੜਨ ਦਾ ਢੰਗ ਜਿਸ ਨੂੰ ਸ਼ਾਇਰ ਬਹੁਤ ਸੂਖ਼ਮ ਤਰੀਕੇ ਨਾਲ ਆਪਣੀ ਸ਼ਾਇਰੀ ਵਿਚ ਵਰਤਦਾ ਹੈ। ਜਿਸ ਤਰ੍ਹਾਂ ਦੇ ਹਾਲਾਤ ਸੱਤਾ ਨੇ ਸਮਾਜ ਦੇ ਬਣਾ ਦਿੱਤੇ ਹਨ ਉਸ ਨੇ ਆਮ ਵਿਅਕਤੀ ਨੂੰ ਕੁੱਲੀ, ਗੁਲੀ, ਜੁਲੀ ਤੋਂ ਦੂਰ ਕਰ ਦਿੱਤਾ ਹੈ। ਸਿਹਤ, ਸਿੱਖਿਆ, ਰੁਜ਼ਗਾਰ ਅਤੇ ਆਮ ਵਿਅਕਤੀ ਦੀ ਸੁਰੱਖਿਆ ਤੋਂ ਸਮਾਜ ਵਿਰਵੀ ਹੁੰਦਾ ਜਾ ਰਿਹਾ ਹੈ। ਰਾਜਨੀਤੀ ਵਿਚ ਭ੍ਰਿਸ਼ਟਾਚਾਰ ਦੇ ਸੰਦਰਭ ਵਿਚ ਗੁਰਭਜਨ ਗਿੱਲ ਇਤਿਹਾਸਕ ਵੇਰਵਿਆਂ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ ਕਿ ਜਿਵੇਂ ਕਦੇ ਪੰਜਾਬ ਉੱਤੇ ਮੁਗਲ ਬਾਦਸ਼ਾਹ ਬਾਬਰ ਦਾ ਕਬਜਾ ਸੀ । ਉਸ ਨੇ ਜਨਤਾ ਤੇ ਬਹੁਤ ਜ਼ੁਰਮ ਕੀਤੇ ਸਨ ਅਤੇ ਉਸ ਦੇ ਰਾਜ ਵਿਚ ਜਨਤਾ ਦੁਖੀ ਸੀ ਬਿਲਕੁਲ ਹੀ ਉਸੇ ਤਰ੍ਹਾਂ ਹੀ ਸਮੇਂ ਦੀਆਂ ਸਰਕਾਰਾਂ ਵੀ ਜਨਤਾ ਦੇ ਨੱਕ ਵਿਚ ਦਮ ਕਰੀ ਰੱਖਦੀਆਂ ਹਨ। ਦਿਨ-ਬ-ਦਿਨ ਮਹਿੰਗਾਈ ਨੇ ਆਮ ਬੰਦੇ ਦਾ ਜਿਊਣਾ ਔਖਾ ਕੀਤਾ ਹੋਇਆ ਹੈ। ਘਰੇਲੂ ਚੀਜ਼ਾਂ ਦੀਆਂ ਕੀਮਤਾਂ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ। ਜਨਤਾ ਨੂੰ ਵੋਟਾਂ ਲਈ ਝੂਠੇ ਲਾਰਿਆਂ ਦੀ ਆੜ ਵਿਚ ਰੱਖ ਕੇ ਕਈ ਤਰ੍ਹਾਂ ਦੇ ਲਾਲਚ ਦਿੱਤੇ ਜਾਂਦੇ ਹਨ। ਉਹਨਾਂ ਦਿਨਾਂ ਵਿਚ ਦਾਰੂ ਅਤੇ ਨਸ਼ੇ ਤਾਂ ਆਮ ਹੀ ਹੋ ਜਾਂਦੇ ਹਨ। ਗੁਰਭਜਨ ਗਿੱਲ ਨੂੰ ਸਮੇਂ ਦੀਆਂ ਸਰਕਾਰਾਂ ਮੁਗਲ ਬਾਦਸ਼ਾਹ ਬਾਬਰ ਦੀ ਹੀ ਨਸਲ ਲੱਗਦੀਆਂ ਹਨ ਜਿਹੜੀ ਕਿ ਪੂਰੀ ਧਰਤੀ ਤੇ ਫੈਲੀ ਹੋਈ ਹੈ ਅਤੇ ਜੋ ਜਿਵੇਂ ਮਨ ਆਏ ਲੋਕਾਂ ਤੇ ਜ਼ੁਲਮ ਵੀ ਕਰਦੀ ਹੈ ਅਤੇ ਅਧਿਕਾਰ ਵੀ ਜਤਾਉਂਦੀ ਹੈ।

ਬਾਬਰ ਦੀ ਨਸਲ ਫ਼ੈਲ ਗਈ ਸਾਰੇ ਗਲੋਬ ਤੇ

ਕਰਦੇ ਨੇ ਜ਼ਬਰ ਜ਼ੁਲਮ ਜੋ ਅਧਿਕਾਰ ਵਾਂਗਰਾਂ।

(*ਮਨ ਪਰਦੇਸੀ* 41)

ਜਸਵਿੰਦਰ ਰਾਜਸੀ ਚੇਤਨਾ ਪ੍ਰਤੀ ਸੁਚੇਤ ਹੀ ਨਹੀਂ ਬਲਕਿ ਉਹ ਇਸ ਤੋਂ ਛੁਟਕਾਰਾ ਪਾਉਣ ਲਈ ਵੀ ਜਾਗਰੂਕ ਹੈ। ਉਸ ਦੇ ਬਹੁਤ ਸਾਰੇ ਸ਼ਿਅਰ ਰਾਜਸੀ ਸਰੋਕਾਰਾਂ ਨਾਲ ਸਿੱਧੇ ਤੌਰ ’ਤੇ ਜੁੜੇ ਹੋਏ ਹਨ। ਉਸ ਦੇ ਇਹਨਾਂ ਸ਼ਿਅਰਾਂ ਵਿਚ ਉਸ ਦੀ ਰਾਜਸੀ ਚੇਤਨਾ ਉਸ ਪ੍ਰਤੀ ਪਹੁੰਚ ਅਤੇ ਸਮਾਜ ਵਿਚ ਫੈਲੇ ਭ੍ਰਿਸ਼ਟ ਰਾਜਸੀ ਤੰਤਰ ਦੇ ਕਾਰਨ ਉਹਨਾਂ ਅਲਾਹਮਤਾਂ ਪ੍ਰਤੀ ਪਾਠਕਾਂ ਨੂੰ ਸੁਚੇਤ ਹੀ ਨਹੀਂ ਕਰਦਾ ਬਲਕਿ ਉਹਨਾਂ ਦੇ ਖ਼ਿਲਾਫ਼ ਸੰਘਰਸ਼ ਕਰਨ ਲਈ ਵੀ ਪ੍ਰੇਰਦਾ ਹੈ।

ਕੋਈ ਧਿਰ ਚੁਣਨੀ ਪਵੇਗੀ, ਬਚ ਨਹੀਂ ਸਕਦੇ ਅਸੀਂ

ਏਸ ਨਿਰੰਤਰ ਜੰਗ ਦੇ ਰਸਤਾ ਨਹੀਂ ਹੈ ਦਰਮਿਆਨ।

(*ਅਗਰਬੱਤੀ* 73)

ਪੰਜਾਬੀ ਗ਼ਜ਼ਲਗੋ ਜਗਵਿੰਦਰ ਜੋਧਾ ਸਾਡੇ ਰਾਜਨੇਤਾਵਾਂ ਦੇ ਭ੍ਰਿਸ਼ਟ ਰਵੱਈਏ ਨੂੰ ਬਿਆਨ ਕਰਦਾ ਲਿਖਦਾ ਹੈ ਕਿ ਲੋਟੂ ਧਿਰ ਵਲੋਂ ਆਪਣਾ ਕੰਮ ਨਿਕਲ ਜਾਣ ਮਗਰੋਂ ਲੁੱਟੀ ਜਾ ਰਹੀ ਧਿਰ ਨਾਲ ਬਹੁਤ ਮਾੜੀ ਕੀਤੀ ਜਾਂਦੀ ਹੈ। ਹਮੇਸ਼ਾ ਹੀ ਨੇਤਾਵਾਂ ਵਲੋਂ ਗਰੀਬਾਂ ਦੀ ਗੱਲ ਸੁਣਨ ਦੀ ਮਨਾਹੀ ਹੋ ਜਾਂਦੀ ਹੈ। ਉਹ ਬੇਚਾਰੇ ਲੋਕ ਕਈ-ਕਈ ਘੰਟੇ ਨੇਤਾਵਾਂ ਦੀਆਂ

ਕੋਠੀਆਂ ਬਾਹਰ ਆਪਣੀ ਫ਼ਰਿਆਦ ਲਈ ਖੜੇ ਰਹਿੰਦੇ ਹਨ ਪਰ ਨੇਤਾ ਵਲੋਂ ਕੋਈ ਵੀ ਸੁਖਾਵਾਂ ਜਵਾਬ ਨਹੀਂ ਦਿੱਤਾ ਜਾਂਦਾ। ਰਾਜਨੀਤੀ ਵਿਚ ਭ੍ਰਿਸ਼ਟਾਚਾਰ ਭਰੇ ਮਾਹੌਲ ਨੂੰ ਉਜਾਗਰ ਕਰਦਾ ਜਗਵਿੰਦਰ ਜੋਧਾ ਆਪਣੀਆਂ ਗ਼ਜ਼ਲਾਂ ਰਾਹੀਂ ਭ੍ਰਿਸ਼ਟ ਰਾਜਨੀਤੀ ਦੀ ਤਸਵੀਰ ਪੇਸ਼ ਕਰਦਾ ਹੈ।

ਸੱਤ ਕੰਧਾਂ ਦੇ ਪਾਰ ਨਾ ਹਾਕਮ ਤਕ ਪੁੱਜੀ ਆਵਾਜ਼,

ਇਕਫ਼ਰਿਆਦੀ ਦੇਰ ਤਕ ਚੀਕ-ਪੁਕਾਰ ਕੇ ਤੁਰ ਪਿਆ।

(*ਸਾਰੰਗੀ* 51)

ਪੰਜਾਬੀ ਗ਼ਜ਼ਲਕਾਰ ਜਗਵਿੰਦਰ ਜੋਧਾ ਸੰਸਦ ਵਿਚ ਭਾਈ ਭਤੀਜਾਵਾਦ ਨੂੰ ਭ੍ਰਿਸ਼ਟਾਚਾਰ ਦੇ ਸੰਦਰਭ ਹੇਠ ਰੱਖਦਿਆਂ ਬਿਆਨ ਕਰਦਾ ਹੈ ਕਿ ਸਿਆਸਤ ਵਿਚ ਜ਼ਿਆਦਾਤਰ ਨੇਤਾ ਪੀੜ੍ਹੀ-ਦਰ-ਪੀੜ੍ਹੀ ਹੀ ਆਏ ਹੋਏ ਹਨ। ਇਸ ਵਿਚ ਭਾਈ-ਭਤੀਜਾਵਾਦ ਹੀ ਚਲਦਾ ਹੈ। ਇਹ ਲੋਕ ਆਪਣੇ ਅਨਪੜ੍ਹ ਪੁੱਤ,ਪੋਤਿਆਂ, ਭਤੀਜਿਆਂ ਆਦਿ ਨੂੰ ਨੇਤਾਗਿਰੀ ਲਈ ਕੁਰਸੀ 'ਤੇ ਬਿਠਾ ਦਿੰਦੇ ਹਨ।

ਸਿਆਸਤ ਹੈ ਉਹ ਬੁੱਢੀ ਜਾਦੂਗਰਨੀ ਸਾਡੇ ਸਮਿਆਂ ਦੀ,

ਜੋ ਅੱਖ ਦੇ ਫੋਰ ਵਿਚ ਇਨਸਾਨ ਨੂੰ ਕੁਰਸੀ ਬਣਾਉਂਦੀ ਹੈ।

(*ਸਾਰੰਗੀ* 57)

ਜਗਵਿੰਦਰ ਜੋਧਾ ਭ੍ਰਿਸ਼ਟਾਚਾਰ ਦੇ ਸੰਦਰਭ ਵਿਚ ਲਿਖਦੇ ਹਨ ਕਿ ਲੋਕ ਅੰਨੇਵਾਹ ਇਕ ਦੂਜੇ ਦੇ ਮਗਰ ਲੱਗ ਕੇ ਆਪਣਾ ਨੇਤਾ ਚੁਣੀ ਜਾਂਦੇ ਹਨ ਜਦੋਂ ਉਹਨਾਂ ਨੇਤਾਵਾਂ ਦੁਆਰਾ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਜਾਂਦੇ ਤਾਂ ਲੋਕਾਂ ਦੀਆਂ ਅੱਖਾਂ ਖੁੱਲ ਜਾਂਦੀਆਂ ਹਨ ਅਤੇ ਉਹਨਾਂ ਦੇ ਭਵਿੱਖਮਈ ਸੁਪਨੇ ਟੁੱਟ ਜਾਂਦੇ ਹਨ ਅਤੇ ਉਹ ਆਪਣੇ ਆਪ ਨੂੰ ਪੰਜ ਸਾਲਾਂ ਲਈ ਕਿਸੇ ਕੈਦ ਵਿਚ ਜਕੜਿਆ ਮਹਿਸੂਸ ਕਰਦੇ ਹਨ।

ਰੁਕੀ ਜਦ ਪੌਣ ਇਕਦਮ ਹੋਸ਼ ਪਰਤੀ

ਫਸੇ ਆ ਬੇਰੀਆਂ ਦੇ ਕੰਡਿਆਂ ਵਿਚ,

ਪਤੰਗ ਅੰਬਰ ਨੂੰ ਛੂਹਣਾ ਲੋਚਦੇ ਸਨ

ਹਵਾ ਦੇ ਸੁਪਨਈ ਮੋਢੇ 'ਤੇ ਚੜ੍ਹ ਕੇ।

(*ਸਾਰੰਗੀ* 71)

ਪੰਜਾਬੀ ਗ਼ਜ਼ਲਗੋ ਜਗਵਿੰਦਰ ਜੋਧਾ ਭ੍ਰਿਸ਼ਟਾਚਾਰ ਦੇ ਸੰਦਰਭ ਰਾਹੀਂ ਨੇਤਾਵਾਂ ਦੀਆਂ ਕੋਝੀਆਂ ਚਾਲਾਂ ਬਾਰੇ ਦੱਸਦਾ ਕਹਿੰਦਾ ਹੈ ਕਿ ਦੇਸ਼ ਦੀ ਜਨਤਾ ਦੀਆਂ ਅੱਖਾਂ ਨੇਤਾਵਾਂ ਦੁਆਰਾ ਦਿਖਾਏ ਹਸੀਨਮਈ ਸੁਪਨਿਆਂ ਨੇ ਚੁੰਧਿਆ ਦਿੱਤੀਆਂ ਹੋਈਆਂ ਹਨ। ਉਹਨਾਂ ਨੂੰ ਬਸ ਉਹੀ ਦਿਖਦਾ ਹੈ ਜੋ ਸਰਕਾਰ ਦਿਖਾਉਣਾ ਚਾਹੁੰਦੀ ਹੈ। ਸਰਕਾਰ ਭੋਲੀ-ਭਾਲੀ ਜਨਤਾ ਦੇ ਖੰਭਾਂ ਨੂੰ ਸੋਨੇ ਵਿਚ ਮੜਾ ਕੇ ਉਹਨਾਂ ਨੂੰ ਅੰਬਰੀਂ ਉੱਡਣ ਤੋਂ ਰੋਕਦੀ ਹੈ ਭਾਵ ਸਰਕਾਰ ਨੂੰ ਇਹ ਡਰ ਹੁੰਦਾ ਹੈ ਕਿ ਕਿਤੇ ਜਨਤਾ ਉਹਨਾਂ ਦੇ ਪਿਛਲੇ ਕੰਮਾਂ ਦਾ ਹਿਸਾਬ ਨਾ ਮੰਗ ਲਵੇ। ਇਸ ਲਈ ਸਰਕਾਰ ਵਲੋਂ ਉਹਨਾਂ ਨੂੰ ਵੋਟਾਂ ਵੇਲੇ ਰਿਸ਼ਵਤ ਦੇ ਕੇ ਉਹਨਾਂ ਦੀਆਂ ਅੱਖਾਂ ਤੇ ਪੱਟੀ ਬੰਨ ਦਿੱਤੀ ਜਾਂਦੀ ਹੈ ਤਾਂ ਜੋ ਲੋਕ ਇਹਨਾਂ ਦੀ ਅਸਲੀਅਤ ਨਾ ਵੇਖ ਸਕਣ ਅਤੇ ਉਹਨਾਂ ਤੇ ਕੋਈ ਟੀਕਾ ਟਿੱਪਣੀ ਨਾ ਕੀਤੀ ਜਾ ਸਕੇ।

ਮੇਰੇ ਖ਼ਾਬਾਂ ’ਚੋਂ ਨੀਲੇ ਅਰਸ਼ ਦਾ ਮੰਜ਼ਰ ਗੁਆ ਦਿੱਤਾ

ਪਰ ਉਪਰ ਜਦੋਂ ਤੋਂ ਉਸ ਨੇ ਸੋਨਾ ਮੜ੍ਹਾ ਦਿੱਤਾ।

(ਸਾਰੰਗੀ 75)

ਜਗਵਿੰਦਰ ਜੋਧਾ ਆਪਣੀ ਗ਼ਜ਼ਲ ਦੇ ਸ਼ਿਅਰ ਰਾਹੀਂ ਭ੍ਰਿਸ਼ਟ ਰਾਜਨੀਤੀ ਨੂੰ ਬਿਆਨਦਾ ਹੈ। ਕਈ ਵਾਰ ਬੰਦੇ ਲਈ ਆਪਣਾ ਕੰਮ ਕਢਵਾਉਣ ਲਈ ਘਟੀਆ ਲੋਕਾਂ ਨੂੰ ਵੀ ਸਲਾਮ ਠੋਕਣੀ ਪੈਂਦੀ ਹੈ। ਇਹ ਸਲੀਕਾ ਵੀ ਸਿੱਖਣਾ ਪੈਂਦਾ ਹੈ।

ਇਹ ਸਲੀਕਾ ਵੀ ਅਸਾਨੂੰ ਜੀਣ ਲਈ ਸਿਖਣਾ ਪਿਆ

ਰੋਜ਼ ਮੁਰਦਾ ਕੁਰਸੀਆਂ ਦੇ ਸਾਹਮਣੇ ਝੁਕਣਾ ਪਿਆ।

(ਬੇਤਰਤੀਬੀਆਂ 17)

ਪੰਜਾਬੀ ਗ਼ਜ਼ਲਗੋ ਜਗਵਿੰਦਰ ਜੋਧਾ ਭ੍ਰਿਸ਼ਟ ਰਾਜਨੀਤੀ ਦੇ ਸੰਦਰਭ ਵਿਚ ਸਮੇਂ ਦੀਆਂ ਸਰਕਾਰਾਂ ਦੇ ਆਪਣੇ ਵਾਅਦਿਆਂ ਤੋਂ ਮੁਕਰਨ ਨੂੰ ਪੇਸ਼ ਕਰਦਾ ਲਿਖਦਾ ਹੈ ਕਿ ਸਰਕਾਰ ਦੇ ਵਾਅਦੇ ਦੇਸ਼ ਦੇ ਭਵਿੱਖ ਸਵਾਰਣ ਦੀਆਂ ਗੱਲਾਂ ਸਭ ਕੰਧਾਂ ਉੱਤੇ ਉੱਕਰੇ ਕੱਚੇ ਰੰਗਾਂ ਜਿਹੀਆਂ ਹਨ। ਜ਼ਰਾ ਜਿੰਨਾ ਹਵਾ ਦਾ ਰੁਖ ਬਦਲਿਆ ਨਹੀਂ ਤਾਂ ਇਹ ਰੰਗ ਵੀ ਲਹਿ ਜਾਂਦੇ ਹਨ। ਜਗਵਿੰਦਰ ਜੋਧਾ ਭਾਰਤੀ ਜਨਤਾ ਦੇ ਦਿਲ ਦੇ ਹਾਲ ਨੂੰ ਬਿਆਨਦਾ ਲਿਖਦਾ ਹੈ ਕਿ ਭਾਰਤ ਵਿਚ ਲੋਕਤੰਤਰ ਜਿਹੇ ਦੇਸ਼ ਵਿਚ ਲੋਕਾਂ ਨੇ ਆਪਣੇ ਦੇਸ਼ ਦੇ ਨੇਤਾ ਆਪ ਚੁਣੇ ਹੁੰਦੇ ਹਨ ਅਤੇ ਉਹਨਾਂ ਨੂੰ ਆਪਣੀਆਂ ਕੀਮਤੀ ਵੋਟਾਂ ਦੇ ਕੇ ਬਾਦਸ਼ਾਹ ਬਣਾਇਆ ਹੁੰਦਾ ਹੈ। ਜਦੋਂ ਉਹਨਾਂ ਦੁਆਰਾ ਲੋਕਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਲੋਕ ਵੇਲੇ ਨੂੰ ਪਛਤਾਉਂਦੇ ਹਨ।

ਮੈਂ ਆਪ ਉਸ ਦੇ ਤਣਾਵਾਂ ਪਾਈਆਂ

ਤੇ ਆਪਣੇ ਹੱਥੀਂ ਉਡਾਇਆ ਉਸ ਨੂੰ

ਹੈ ਫ਼ਿਕਰ ਹੁਣ ਡੋਰ ਤੋੜ ਕੇ ਉਹ

ਪਹੁੰਚ ਤੋਂ ਬਾਹਰ ਨਿਕਲ ਨਾ ਜਾਵੇ।

(ਬੇਤਰਤੀਬੀਆਂ 45)

ਇਸ ਸੰਦਰਭ ਵਿਚ ਜਗਵਿੰਦਰ ਜੋਧਾ ਲਿਖਦਾ ਹੈ ਕਿ ਸਾਨੂੰ ਉਸ ਵੇਲੇ ਕੁੱਝ ਵੀ ਬੁਰਾ ਮਹਿਸੂਸ ਨਹੀਂ ਹੁੰਦਾ ਜਦੋਂ ਨੇਤਾ ਦੁਆਰਾ ਜਨਤਾ ਨੂੰ ਲੁੱਟਿਆ ਜਾਂਦਾ ਹੈ ਕਿਉਂ ਕਿ ਉਸ ਸਮੇਂ ਸੋਨੇ ਦੀ ਛੁਰੀ ਨਾਲ ਲੋਕਾਂ ਦੀ ਗਰਦਨ ਨੂੰ ਹਥਿਆਰ ਬਣਾਇਆ ਜਾਂਦਾ ਹੈ ਭਾਵ ਮਿੱਠੇ-ਮਿੱਠੇ ਸੁਪਨੇ ਦਿਖਾ ਕੇ ਵੋਟਾਂ ਹਥਿਆ ਲਈਆਂ ਜਾਂਦੀਆਂ ਹਨ ਅਤੇ ਲੋਕਾਂ ਨੂੰ ਆਪਣੀ ਲੁੱਟ ਦਾ ਅਹਿਸਾਸ ਤੱਕ ਨਹੀਂ ਹੁੰਦਾ।

ਦਰਦ ਕਿੰਨਾ ਖ਼ੁਸ਼ਨੁਮਾ ਮਹਿਸੂਸ ਹੋਇਆ, ਉਹ ਜਦੋਂ

ਮੁਸਕਰਾਇਆ ਸੀ ਮੇਰੀ ਗਰਦਨ ’ਤੇ ਫੰਦਾ ਕੱਸਦਿਆਂ।

(ਬੇਤਰਤੀਬੀਆਂ 56)

ਪੰਜਾਬੀ ਗ਼ਜ਼ਲਕਾਰ ਜਗਵਿੰਦਰ ਜੋਧਾ ਭ੍ਰਿਸ਼ਟਾਚਾਰ ਦੇ ਸੰਦਰਭ ਵਿਚ ਆਪਣੀ ਗ਼ਜ਼ਲ ਰਾਹੀਂ ਇਕ ਨੇਤਾ ਦਾ ਵੋਟਾਂ ਮਿਲਣ ਤੋਂ ਬਾਅਦ ਜਿੱਤ ਜਾਣ ਤੇ ਉਸ ਦੇ ਬਦਲਦੇ ਰੂਪ ਨੂੰ ਬਿਆਨ ਕੀਤਾ ਹੈ।ਜਨਤਾ ਵੀ ਇਹ ਸਭ ਜਾਣਦੀ ਹੀ ਹੁੰਦੀ ਹੈ ਕਿ ਉਹਨਾਂ ਦੁਆਰਾ ਚੁਣਿਆ ਉਹਨਾਂ ਦਾ ਨੇਤਾ ਆਪਣਾ ਮਤਲਬ ਨਿਕਲ ਜਾਣ ਤੋਂ ਬਾਅਦ ਬਦਲ ਹੀ ਜਾਵੇਗਾ ਪਰ ਲੋਕਾਂ ਕੋਲ ਇਹ ਸਭ ਬਰਦਾਸ਼ਤ ਕਰਨ ਤੋਂ ਬਿਨਾਂ ਕੋਈ ਹੋਰ ਰਾਹ ਨਹੀਂ ਹੁੰਦਾ ਕਿਉਂ ਕਿ ਸਾਰੇ ਦੇ ਸਾਰੇ ਹੀ ਸਿਆਸਤ ਵਿਚ ਭ੍ਰਿਸ਼ਟ ਹਨ ਅਤੇ ਜਨਤਾ ਨੂੰ ਕੋਈ ਤਾਂ ਨੇਤਾ ਚੁਣਨਾ ਹੀ ਪੈਣਾ ਹੈ।

ਲਾਜ਼ਮ ਹੀ ਸੀ ਕਿ ਮੇਰਾ ਸਿਪਾਹ-ਸਾਲਾਰ

ਸੂਰਜ ਛਿਪਣ ਦੀ ਦੇਰ ਸੀ ਖ਼ੇਮਾ ਬਦਲ ਗਿਆ।

(ਬੇਤਰਤੀਬੀਆਂ 62)

ਪੰਜਾਬੀ ਗ਼ਜ਼ਲਕਾਰਾ ਸੁਖਵਿੰਦਰ ਅੰਮ੍ਰਿਤ ਆਪਣੀਆਂ ਗ਼ਜ਼ਲਾਂ ਰਾਹੀਂ ਅਜੋਕੀ ਰਾਜਨੀਤੀ ਵਿਚ ਆਉਂਦੇ ਬਦਲਾਅ ਨੂੰ ਪੇਸ਼ ਕਰਦੀ ਹੈ। ਵਾਰ-ਵਾਰ ਦੇਸ਼ ਦੀ ਜਨਤਾ ਤੋਂ ਸਰਕਾਰ ਦੀ ਚੋਣ ਕਰਨ ਵੇਲੇ ਉਹੀ ਗਲਤੀ ਹੋ ਜਾਂਦੀ ਹੈ ਕਿਉਂ ਕਿ ਸਿਆਸਤ ਵਿਚ ਸਾਰੇ ਇਕ ਤਰ੍ਹਾਂ ਦੇ ਹੀ ਲੋਕ ਬੈਠੇ ਹਨ। ਲੋਕ ਹਰ ਚੋਣਾਂ ਵੇਲੇ ਸੋਚਦੇ ਹਨ ਕਿ ਇਸ ਵਾਰ

ਵਧੀਆ ਬੰਦਾ ਚੁਣਿਆ ਜਾਉਗਾ ਪਰ ਫਿਰ ਹਾਲਾਤ ਉਹੀ ਹੋ ਜਾਂਦੇ ਹਨ ਅਤੇ ਉਹੀ ਲੋਟੂ ਬੰਦੇ ਦਾ ਰਾਜ ਸਥਾਪਤ ਹੋ ਜਾਂਦਾ ਹੈ।

ਮੇਰਾ ਮੱਥਾ ਉਸੇ ਦੀਵਾਰ ਵਿਚ ਫਿਰ ਜਾ ਕੇ ਵੱਜਿਆ

ਮੈਂ ਜਿਸ ਤੋਂ ਬਚਣ ਲਈ ਕੋਹਾਂ ਦਾ ਲੰਘੀ ਗੇੜ ਪਾ ਕੇ।

(ਪੁੰਨਿਆਂ 19)

ਪੰਜਾਬੀ ਗ਼ਜ਼ਲਕਾਰਾ ਸੁਖਵਿੰਦਰ ਅੰਮ੍ਰਿਤ ਨੇਤਾਵਾਂਦੀਆਂ ਕੁਹਜ ਚਾਲਾਂ ਦਾ ਵਰਣਨ ਕਰਦੀ ਲਿਖਦੀ ਹੈ ਕਿ ਦੇਸ਼ ਦੇ ਲੋਕ ਵਾਰ-ਵਾਰ ਲੀਡਰਾਂ ਦੀਆਂ ਮਨਮੋਹਣੀਆਂ ਗੱਲਾਂ ਵਿਚ ਆ ਜਾਂਦੇ ਹਨ। ਉਹਨਾਂ ਦੀਆਂ ਗੱਲਾਂ ਮਖ਼ਮਲ ਵਿਚ ਲਪੇਟ ਕੇ ਜੁੱਤੀਆਂ ਮਾਰਨ ਵਾਲੀਆਂ ਹੁੰਦੀਆਂ ਹਨ।

ਤੁਸੀਂ ਵੀ ਉਸ ਦੀਆਂ ਗੱਲਾਂ 'ਚ ਆ ਗਏ ਹੱਦ ਹੋ ਗਈ

ਉਹ ਜੰਗਲ ਫੂਕ ਦਿੰਦਾ ਹੈ ਅਗਰਬੱਤੀ ਜਲਾ ਕੇ।

(ਪੁੰਨਿਆਂ 19)

ਪੰਜਾਬੀ ਗ਼ਜ਼ਲਕਾਰਾ ਸੁਖਵਿੰਦਰ ਅੰਮ੍ਰਿਤ ਆਪਣੀ ਗ਼ਜ਼ਲ ਰਾਹੀਂ ਰਾਜਨੇਤਾਵਾਂ ਦੀਆਂ ਚਲਾਕੀਆਂ ਦਾ ਵਰਣਨ ਕਰਦੀ ਹੋਈ ਕਹਿੰਦੀ ਹੈ ਕਿ ਭ੍ਰਿਸ਼ਟਾਚਾਰ ਨੇ ਆਪਣੀਆਂ ਜੜ੍ਹਾਂ ਬਹੁਤ ਡੂੰਘੀਆਂ ਫੈਲਾ ਰੱਖੀਆਂ ਹਨ। ਭ੍ਰਿਸ਼ਟ ਨੇਤਾ ਇੰਨੀ ਚਾਲਾਕੀ ਨਾਲ ਜਨਤਾ ਨੂੰ ਲੁੱਟਦੇ ਹਨ ਕਿ ਲੋਕਾਂ ਨੂੰ ਉਹਨਾਂ ਦੀਆਂ ਚਾਲਾਕੀਆਂ ਦੀ ਭਿਣਕ ਤਕ ਨਹੀਂ ਪੈਂਦੀ।

ਚਾਂਦੀ ਰੰਗੇ ਨੀਰ ਹਰੀਆਂ ਵਾਦੀਆਂ

ਆਪ ਨਾ ਦਿਸਦਾ ਦਿਸਣ ਉਸਤਾਦੀਆਂ।

(ਪੁੰਨਿਆਂ 63)

ਪੰਜਾਬੀ ਗ਼ਜ਼ਲਕਾਰਾ ਸੁਖਵਿੰਦਰ ਅੰਮ੍ਰਿਤ ਬਿਆਨ ਕਰਦੀ ਹੈ ਕਿ ਸਰਕਾਰਾਂ ਹੱਥੋਂ ਦੁਖੀ ਜਨਤਾ ਜਿਸ ਦਿਨ ਆਪਣੀ ਆਈ ਤੇ ਆ ਜਾਂਦੀ ਹੈ ਤਾਂ ਲੀਡਰਾਂ ਲਈ ਮੁਸ਼ਕਿਲ ਖੜੀ ਹੋ ਜਾਂਦੀ ਹੈ। ਜਿਹੜੇ ਲੀਡਰ ਲੋਕ ਜਨਤਾ ਦੇ ਮੋਢੇ ਤੇ ਬੰਦੂਕਾਂ ਰੱਖ ਕੇ ਚਲਾਉਂਦੇ ਹਨ ਭਾਵ ਉਹਨਾਂ ਦੇ ਸਿਰਾਂ ਤੇ ਆਪਣੇ ਘਟੀਆ ਕੰਮਾਂ ਨੂੰ ਅੰਜਾਮ ਦਿੰਦੇ ਹਨ ਜਦੋਂ ਉਹਨਾਂ ਲੋਕਾਂ ਦੇ ਖ਼ੂਨ ਵਿਚ ਬਗਾਵਤ ਆ ਜਾਂਦੀ ਹੈ ਤਾਂ ਪੂਰੀ ਸਿਆਸਤ ਹਿਲ ਜਾਂਦੀ ਹੈ।

ਹਵਾ ਵਿਚ ਸਾਜਿਸ਼ਾਂ ਘੁਲੀਆਂ ਸਮੇਂ ਵਿਚ ਘੁਲ ਗਈ ਸਿਆਹੀ

ਰਵਾਂ ਸਾਡੇ ਲਹੂ ਵਿਚ ਵੀ ਬਗਾਵਤ ਹੋ ਗਈ ਤਾਂ ਕੀ

ਤੂੰ ਅਕਸਰ ਉੱਡਦੀਆਂ ਚਿੜੀਆਂ ਨੂੰ ਰੱਖਦਾ ਸੀ ਨਿਸ਼ਾਨੇ ਤੇ

ਜੇ ਚਿੜੀਆਂ ਦੇ ਲਹੂ ਵਿਚ ਵੀ ਹਰਾਰਤ ਹੋ ਗਈ ਤਾਂ ਕੀ।

(ਪੁੰਨਿਆਂ 79)

ਗ਼ਜਲਕਾਰਾ ਸੁਖਵਿੰਦਰ ਅੰਮ੍ਰਿਤ ਰਾਜਨੀਤੀ ਦੇ ਗੁਰ ਦੱਸਦੀ ਹੋਈ ਕਹਿੰਦੀ ਹੈ ਕਿ ਇਹ ਨੀਤੀ ਅਜਿਹੀ ਹੈ ਜਿੱਥੇ ਸਿੱਧੇ-ਸਾਦੇ ਬੰਦੇ ਦੀ ਦਾਲ ਨਹੀਂ ਗਲਦੀ।ਰਾਜਨੀਤੀ ਵਿਚ ਲੋਕਾਂ ਤੇ ਰਾਜ ਕਰਨਾ ਚਾਲਾਕ ਲੋਕਾਂ ਦੇ ਵੱਸ ਦੀ ਗੱਲ ਹੈ। ਰਾਜਨੀਤੀ ਵਿਚ ਉਹੀ ਬੰਦੇ ਸਫ਼ਲ ਹਨ ਜਿਹੜੇ ਝੂਠ ਬੋਲਣਾ ਅਤੇ ਜ਼ੁਲਮ ਕਰਨਾ ਸਿੱਖੇ ਹੁੰਦੇ ਹਨ। ਉਹਨਾਂ ਲਈ ਰਾਜਨੀਤੀ ਵਿਚ ਭਵਿੱਖ ਸੁਖਾਵਾਂ ਹੁੰਦਾ ਹੈ।

ਜ਼ੁਲਮ ਕਰਨਾ ਜਾਣਦੈ ਜੋ ਬੇਰਹਿਮ

ਉਹੀ ਚੰਗਾ ਹੈ ਹਕੂਮਤ ਵਾਸਤੇ।

(ਪੁਨਿੰਆਂ65)

ਪਰਵਾਸੀ ਗ਼ਜ਼ਲਗੋ ਸੁਰਿੰਦਰ ਸੀਰਤ ਅਜੋਕੀ ਰਾਜਨੀਤੀ ਬਾਰੇ ਸਪੱਸ਼ਟ ਕਰਦਾ ਹੈ ਕਿ ਦੇਸ਼ ਗਲਤ ਲੋਕਾਂ ਦੇ ਹੱਥਾਂ ਵਿਚ ਆਉਣ ਕਰ ਕੇ ਦੇਸ਼ ਦੀ ਜਨਤਾ ਵਿਚ ਹਰ ਪਾਸੇ ਮੌਤ, ਭ੍ਰਿਸ਼ਟਾਚਾਰ ਅਤੇ ਭੁੱਖਮਰੀ ਫੈਲੀ ਹੋਈ ਹੈ। ਇਹ ਕਿਸ ਤਰ੍ਹਾਂ ਦਾ ਪਸਾਰਾ ਹੈ ਕਿ ਲੋਕਾਂ ਵਿਚ ਇਨਸਾਨੀਅਤ ਦੀ ਘਾਟ ਨਜ਼ਰ ਆ ਰਹੀ ਹੈ।

ਹਰ ਦਿਸ਼ਾ ਵਿਚ ਮੌਤ, ਭੁੱਖ, ਰਿਸ਼ਵਤ, ਭ੍ਰਿਸ਼ਟਾਚਾਰ ਹੈ

ਕੈਸੀ ਆਖਰਤਾ ਹੈ ਇਹ ਇਨਸਾਨੀਅਤ ਦੀ ਥੋੜ ਹੈ।

(ਅਰੂਪੇ ਅੱਖਰਾਂ ਦਾ ਅਕਸ 35)

ਸੱਤਾ ਦੇ ਨ੍ਹੇਰੇ 'ਚੋਂ ਤੂੰ ਵੀ ਬਾਹਰ ਆ ਜਾ

ਵੇਖ ਲੈ ਜੁਗਨੂੰ ਕੀ ਰਾਹ ਦਿਖਲਾ ਗਏ ਹਨ।

ਨਾ ਕੋਈ ਆਹਟ ਨਾ ਹੀ ਸੰਕੇਤ ਕੋਈ

ਵਾਵਰੋਲੇ ਰੇਤ ਦੇ ਘਰ ਢਾਹ ਗਏ ਹਨ।

(*ਅਰੂਪੇ ਅੱਖਰਾਂ ਦਾ ਅਕਸ* 43)

ਇਹਨਾਂ ਭ੍ਰਿਸ਼ਟ ਨੇਤਾਵਾਂ ਦੀ ਕੀ ਗੱਲ ਕਰੀਏ? ਇਹਨਾਂ ਦਾ ਤਾਂ ਕੰਮ ਹਰ ਰੋਜ਼ ਝੂਠੇ ਲਾਰਿਆਂ ਦੀ ਪੰਡ ਜਨਤਾ ਦੇ ਸਿਰ ਤੇ ਰੱਖਣਾ ਹੈ। ਝੂਠ, ਫਰੇਬ ਤਾਂ ਇਹਨਾਂ ਦੇ ਖ਼ੂਨ ਵਿਚ ਰਚਿਆ ਹੁੰਦਾ ਹੈ ਕਿਉਂ ਕਿ ਇਹ ਸਾਰੇ ਭਾਈ ਭਤੀਜਾਵਾਦ ਦੀ ਨੀਤੀ ਨੂੰ ਅਪਣਾਉਂਦੇ ਹੋਏ ਲੀਡਰਗਿਰੀ ਕਰਦੇ ਹਨ।

ਲੀਡਰਾਂ ਦਾ ਇਥੇ ਤਾਂ ਊਤ ਗਿਆ ਆਵਾ ਹੀ

ਖੜਕਾਣ ਝੂਠੇ ਲਾਰਿਆਂ ਦੇ ਨਿੱਤ ਹੀ ਟੱਲ।

( ਅਰੂਪੇ ਅੱਖਰਾਂ ਦਾ ਅਕਸ 146)

ਰਾਜਨੀਤੀ ਬਾਰੇ ਪਰਵਾਸੀ ਗ਼ਜ਼ਲਗੋ ਅਜ਼ੀਮ ਸ਼ੇਖਰ ਲਿਖਦੇ ਹਨ ਕਿ ਭ੍ਰਿਸ਼ਟ ਰਾਜਨੀਤੀ ਦੇ ਭ੍ਰਿਸ਼ਟ ਲੀਡਰਾਂ ਦਾ ਅਜਿਹਾ ਹਾਲ ਹੈ ਕਿ ਉਹਨਾਂ ਨੇ ਆਪਣੇ ਭਾਈ-ਭਤੀਜਾਵਾਦ ਦੇ ਚੱਕਰ ਵਿਚ ਦੇਸ਼ ਦਾ ਅਤੇ ਦੇਸ਼ ਵਾਸੀਆਂ ਦਾ ਜੀਵਨ ਨਰਕਮਈ ਬਣਾ ਦਿੱਤਾ ਹੈ ਕਿਉਂ ਕਿ ਹਰ ਪੈਸੇ ਲੁੱਟ-ਖੋਹ ਹੈ। ਹਰ ਚੀਜ਼ਾਂ ਦੀਆਂ ਕੀਮਤਾਂ ਆਸਮਾਨ ਛੂਹ ਰਹੀਆਂ ਹਨ। ਪਰ ਇਸ ਗੱਲ ਦਾ ਭ੍ਰਿਸ਼ਟ ਲੋਕਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ।

ਹੋ ਗਿਆ ਕਮਾਲ ਬਲਿਹਾਰੇ ਜਾਉ ਲੀਡਰਾਂ ਦੇ

ਦੁਨੀਆਂ ਦਾ ਆਮ ਜੀਵਨ ਕੀਤਾ ਦੇਖੋ ਭੰਗ ਏ।

(*ਹਵਾ ਨਾਲ ਖੁੱਲ੍ਹਦੇ ਬੂਹੇ* 128)

ਦੇਸ਼ ਦੀ ਜਨਤਾ ਉੱਤੇ ਮਹਿੰਗਾਈ ਦਾ ਦੌਰ ਇਸ ਕਦਰ ਭਾਰੂ ਹੋਇਆ ਪਿਆ ਹੈ ਕਿ ਬਿਜਲੀ, ਗੈਸ, ਪਾਣੀ ਦੇ ਬਿਲ ਬਹੁਤ ਜ਼ਿਆਦਾ ਆ ਰਹੇ ਹਨ। ਸਭ ਕੁੱਝ ਦੇ ਭਾਅ ਗਰੀਬ ਜਨਤਾ ਦੇ ਵਸੋਂ ਬਾਹਰ ਹੋਏ ਪਏ ਹਨ। ਭਾਰਤ ਤੱਕ ਬੰਦ ਕਰਨ ਦੀ ਵੀ ਨੌਬਤ ਆ ਜਾਂਦੀ ਹੈ। ਹੜਤਾਲਾਂ, ਧਰਨੇ ਸਭ ਕੁੱਝ ਹੁੰਦਾ ਹੈ ਪਰ ਫਿਰ ਵੀ ਸਰਕਾਰਾਂ ਦੇ ਕੰਨਾਂ ਤੱਕ ਜੂੰ ਨਹੀਂ ਸਰਕਦੀ।

ਗੈਸ ਪਾਣੀ ਬਿਜਲੀ ਤੇ ਤੇਲ ਮਹਿੰਗਾ ਹੋ ਗਿਆ

ਸੱਤਾਂ ਰੁਪਇਆਂ ਲਈ ਇੰਡੀਆ ਕੀਤਾ ਬੰਦ ਏ।

(*ਹਵਾ ਨਾਲ ਖੁੱਲ੍ਹਦੇ ਬੂਹੇ* 128)

ਪਰਵਾਸੀ ਗ਼ਜ਼ਲਕਾਰ ਅਜ਼ੀਮ ਸ਼ੇਖਰ ਭ੍ਰਿਸ਼ਟਾਚਾਰ ਦੇ ਸੰਦਰਭ ਵਿਚ ਲੀਡਰਾਂ ਦੇ ਕਾਰਨ ਦੇਸ਼ ਵਿਚ ਆਈ ਕੰਗਾਲੀ ਨੂੰ ਬਿਆਨ ਕਰਦਾ ਕਹਿੰਦਾ ਹੈ ਕਿ ਦੇਸ਼ ਦੇ ਵਿਕਾਸ ਅਤੇ ਦੇਸ਼ ਦੀ ਜਨਤਾ ਦੇ ਸੁਧਾਰ ਲਈ ਜੋ ਗਰਾਂਟਾਂ ਆਉਂਦੀਆਂ ਹਨ ਉਹ ਅਫ਼ਸਰ ਹੀ ਖਾ ਪੀ ਜਾਂਦੇ ਹਨ। ਦੇਸ਼ ਦੇ ਵਿਕਾਸ ਦੇ ਨਾਮ ਤੇ ਕਰੋੜਾਂ ਦੇ ਗਬਨ ਕੀਤੇ ਜਾਂਦੇ ਹੈ। ਸਾਰੇ ਹੀ ਭ੍ਰਿਸ਼ਟ ਅਫ਼ਸਰਾਂ ਨੇ ਰਲ ਦੇਸ਼ ਨੂੰ ਕੰਗਾਲ ਬਣਾ ਕੇ ਰੱਖ ਦਿੱਤਾ ਹੈ।

ਕਰੋੜਾਂ ਦੇ ਘੁਟਾਲੇ ਹੋਏ ਉਦੋਂ ਸਾਰੇ ਕਿੱਥੇ ਮੋਏ

ਸਾਰਿਆਂ ਨੇ ਰਲ ਕੀਤਾ ਇੰਡੀਆ ਨੂੰ ਨੰਗ ਏ।

(*ਹਵਾ ਨਾਲ ਖੁੱਲ੍ਹਦੇ ਬੂਹੇ*128)

ਪਰਵਾਸੀ ਗ਼ਜ਼ਲਗੋ ਅਜ਼ੀਮ ਸ਼ੇਖਰ 'ਇਸ ਹਮਾਮ ਮੇਂ ਸਭ ਨੰਗੇ' ਵਾਲਾ ਮੁਹਾਵਰਾ ਨੂੰ ਨੇਤਾਵਾਂ ਤੇ ਸਪੱਸ਼ਟ ਕਰਦੇ ਹੋਏ ਕਹਿੰਦੇ ਹਨ ਕਿ ਇਹ ਪੰਜਾਬੀ ਮੁਹਾਵਰਾ ਇਨ੍ਹਾਂ ਭ੍ਰਿਸ਼ਟ ਲੀਡਰਾਂ ਤੇ ਖੂਬ ਢੁੱਕਦਾ ਹੈ। ਇੱਥੇ ਕੋਈ ਵੀ ਸਹੀ ਨੇਤਾ ਨਹੀਂ ਹੈ। ਚਾਹੇ ਉਹ ਪੰਜ ਸਾਲ ਪਹਿਲਾਂ ਦੀਆਂ ਸਰਕਾਰਾਂ ਹਨ ਜਾਂ ਫਿਰ ਮੌਜੂਦਾ ਸਰਕਾਰਾਂ ਸਾਰੇ ਹੀ ਨੇਤਾ ਚੋਰ, ਠੱਗ ਬਣੀ ਦੇਸ਼ ਨੂੰ ਘੁਣ ਵਾਂਗ ਖਾ ਰਹੇ ਹਨ। ਉਹਨਾਂ ਨੇ ਭਾਵੇਂ ਚਿੱਟੇ ਕੁੜਤੇ ਅਤੇ ਚਿੱਟੀਆਂ ਹੀ ਟੋਪੀਆਂ ਪਾਈਆਂ ਹਨ ਪਰ ਉਹਨਾਂ ਦੀ ਨੀਅਤ ਅਤੇ ਦਿਲ ਕਾਲੇ ਹੀ ਹਨ।

ਦੁੱਧ ਧੋਤਾ ਕੋਈ ਨਹੀਂ ਲੀਡਰ ਸਭ ਚੋਰ ਡਾਕੂ

ਧੋਤੀ, ਟੋਪੀ, ਪੱਗੜੀ ਦਾ ਭਾਵੇਂ ਵੱਖ ਰੰਗ ਏ।

(*ਹਵਾ ਨਾਲ ਖੁੱਲ੍ਹਦੇ ਬੂਹੇ* 129)

ਸ਼ਾਇਰ ਆਪਣੀ ਸ਼ਾਇਰੀ ਰਾਹੀਂ ਗੱਲ ਕਰਦਾ ਕਹਿੰਦਾ ਹੈ ਕਿ ਜੇ ਕਰ ਆਮ ਜਨਤਾ ਲੀਡਰਾਂ ਨਾਲ ਦੇਸ਼ ਦੇ ਵਿਕਾਸ ਦੀ ਗੱਲ ਕਰਦੀ ਹੈ ਤਾਂ ਉਹਨਾਂ ਇਕ ਹੀ ਜਵਾਬ ਹੁੰਦਾ ਹੈ ਕਿ ਸਰਕਾਰੀ ਖ਼ਜ਼ਾਨੇ ਖ਼ਾਲੀ ਹੋਏ ਪਏ ਹਨ। ਉਹਨਾਂ ਨੂੰ ਗਰਾਂਟਾਂ ਨਹੀਂ ਮਿਲ ਰਹੀਆਂ ਤਾਂ ਵਿਕਾਸ ਕਿਵੇਂ ਕਰੀਏ। ਪਰ ਸੱਚ ਗੱਲ ਤਾਂ ਇਹ ਹੈ ਕਿ ਉਹ ਝੂਠ ਹੀ ਖਾਲੀ ਖ਼ਜ਼ਾਨਿਆਂ ਦੀ ਗੱਲ ਕਰਦੇ ਹਨ ਪਰ ਉਹਨਾਂ ਦੀਆਂ ਆਪਣੀਆਂ ਜੇਬਾਂ ਤਾਂ ਨੋਟਾਂ ਨਾਲ ਭਰੀਆਂ ਹੁੰਦੀਆਂ ਹਨ ਅਤੇ ਥੱਲੇ ਸਰਕਾਰੀ ਅਤੇ ਲਗਜ਼ਰੀ ਗੱਡੀਆਂ ਹੁੰਦੀਆਂ ਹਨ। ਇਹ ਲੋਕ ਵੋਟਾਂ ਹਾਸਿਲ ਕਰਨ ਦੇ ਚੱਕਰ ਵਿਚ ਨੌਜਵਾਨ ਪੀੜ੍ਹੀ ਨੂੰ ਮੁਫ਼ਤ ਵਿਚ ਨਸ਼ੇ ਵੰਡਦੇ ਹਨ ਅਤੇ ਉਹਨਾਂ ਨੂੰ ਨਸ਼ਿਆਂ ਦੇ ਆਦਿ ਬਣਾ ਰਹੇ ਹਨ। ਸਾਲ ਦੇ ਵਿਚਲੇ ਦਿਨਾਂ ਵਿਚ ਇਹਨਾਂ ਭ੍ਰਿਸ਼ਟਾਂ ਨੇ ਜਨਤਾ ਦਾ ਅਤੇ ਸ਼ਹੀਦਾਂ ਦੇ ਪਰਿਵਾਰਾਂ ਦਾ ਹਾਲ-ਚਾਲ ਨਹੀਂ ਪੁੱਛਣਾ ਹੁੰਦਾ ਪਰ ਜਦੋਂ ਸਾਲ ਪਿੱਛੋਂ ਉਹਨਾਂ ਦੀ ਵਰੇ ਗੰਢ ਤੇ ਆਕੇ ਲੋਕ ਦਿਖਾਵੇ ਲਈ ਫੁੱਲ ਮਾਲਾਵਾਂ ਚੜਾਈਆਂ ਜਾਦੀਆਂ ਹਨ। ਕੋਈ ਇਹਨਾਂ ਨੂੰ ਸਮਝਾਏ ਕਿ ਇਨ੍ਹਾਂ ਕੋਝੀਆਂ ਹਰਕਤਾਂ ਨਾਲ ਸ਼ਹੀਦਾਂ ਦਾ ਸਨਮਾਨ ਨਹੀਂ ਹੁੰਦਾ।

ਖ਼ਜ਼ਾਨੇ ਖਾਲੀ ਜੇਬਾਂ ਭਰੀਆਂ ਨਸ਼ੇ ਮੁਫ਼ਤ ਹੀ ਵੰਡਦੇ ਨੇ

ਸਾਲ ਪਿੱਛੋਂ ਆ ਫ਼ੁੱਲ ਚੜਾਉਣੇ ਸ਼ਹੀਦਾਂ ਦਾ ਸਨਮਾਨ ਨਹੀਂ।

(*ਹਵਾ ਨਾਲ ਖੁੱਲ੍ਹਦੇ ਬੂਹੇ* 133)

ਪਰਵਾਸੀ ਪੰਜਾਬੀ ਗ਼ਜ਼ਲਕਾਰਾ ਸੁਰਜੀਤ ਸਖੀ ਰਾਜਨੀਤੀ ਵਿਚ ਭ੍ਰਿਸ਼ਟਾਚਾਰ ਨੂੰ ਸੰਬੋਧਨ ਕਰਦੇ ਕਹਿੰਦੀ ਹੈ ਕਿ ਸਾਡੇ ਦੇਸ਼ ਦੀ ਰਾਜਨੀਤੀ ਇੰਨੀ ਕੁ ਭ੍ਰਿਸ਼ਟ ਹੋ ਚੁੱਕੀ ਹੈ ਕਿ ਹਰ ਇਕ ਕੁਰਸੀ ਤੇ ਬੈਠਣ ਵਾਲਾ ਵਿਕਿਆ ਹੋਇਆ ਹੈ।ਜਦ ਕਿਸੇ ਮਾਸੂਮ ਜਾਂ ਗਰੀਬ ਨਾਲ ਕੋਈ ਦੁੱਖਮਈ ਘਟਨਾ ਵਾਪਰਦੀ ਹੈ ਤਾਂ ਭ੍ਰਿਸ਼ਟ ਲੋਕ ਆਪਣੀ ਪਹੁੰਚ ਨਾਲ ਡਰ ਅਤੇ ਲਾਲਚ ਜਾਂ ਧਮਕੀਆਂ ਦੇ ਕੇ ਗਵਾਹਾਂ ਨੂੰ ਆਪਣੀ ਮੁੱਠੀ ਵਿਚ ਕਰ ਲੈਂਦੇ ਹਨ।

ਡਰ, ਲਾਲਚ, ਸੌਦੇ ਤੇ ਧਮਕੀ ਕਰਨ ਕਹਾਣੀ ਕੁੱਝ ਦੀ ਕੁੱਝ ਹੀ

ਭੇਸ ਬਦਲ ਕੇ ਪਹੁੰਚ ਬਣਾਉਂਦੇ ਸੱਚ ਤੇ ਅੜੇ ਗਵਾਹਾਂ ਤੀਕਰ।

(*ਧੁੰਦ* 22)

ਸਾਡੇ ਦੇਸ਼ ਦਾ ਸਿਸਟਮ ਇੰਨਾ ਕੁ ਖਰਾਬ ਹੋ ਚੁੱਕਿਆ ਹੈ ਕਿ ਗਲੀਆਂ, ਸੜਕਾਂ, ਪੁੱਲ ਸਭ ਟੁੱਟੇ ਪਏ ਹਨ ਅਤੇ ਇਨ੍ਹਾਂ ਨੂੰ ਬਣਾਉਣ ਲਈ ਗਰਾਂਟਾਂ ਵੀ ਆਉਂਦੀਆਂ ਹਨ ਪਰ ਧੋਖਾਧੜੀ ਕਰਨ ਵਾਲੇ ਅਫ਼ਸਰ ਸਾਰਾ ਪੈਸਾ ਆਪ ਹੀ ਖਾ ਪੀ ਜਾਂਦੇ ਹਨ। ਪੁੱਲ, ਸੜਕਾਂ ਆਦਿ ਦਾ ਕੰਮ ਅਸਲ ਵਿਚ ਨਹੀਂ ਬਲਕਿ ਕਾਗਜ਼ੀ ਹੀ ਹੁੰਦਾ ਹੈ।

ਪੁਲ, ਸੜਕਾਂ ਤੇ ਪੱਕੀਆਂ ਗਲੀਆਂ ਬਣਦੇ ਟੁੱਟਦੇ ਕਾਗਜ਼ ਵਿਚ

ਮਦਦ, ਵਿਕਾਸ, ਗਰਾਂਟਾਂ, ਪੈਨਸ਼ਨ ਸਾਰੇ ਖ਼ਾਤੇ ਫ਼ਰਜ਼ੀ ਨੇ।

(*ਧੁੰਦ* 33)

ਭੋਲੀ-ਭਾਲੀ ਜਨਤਾ ਭ੍ਰਿਸ਼ਟ ਉਮੀਦਵਾਰਾਂ ਦੇ ਆਖੇ ਲੱਗ ਕੇ ਮੌਨ ਵਰਤ ਰੱਖ ਕੇ ਧਰਨੇ ਤੇ ਬੈਠ ਜਾਂਦੀ ਹੈ ਪਰ ਉਹਨਾਂ ਨੂੰ ਇਹ ਨਹੀਂ ਪਤਾ ਕਿ ਇਸ ਸਭ ਨਾਲ ਉਹਨਾਂ ਦਾ ਕੋਈ ਫ਼ਾਇਦਾ ਨਹੀਂ ਹੋਣ ਵਾਲਾ ਸਗੋਂ ਉਲਟਾ ਉਹਨਾਂ ਦੇ ਬਾਲ ਬੱਚੇ ਹੀ ਭੁੱਖੇ ਮਰਨ ਤੇ ਉਤਾਰੂ ਹੋਏ ਬੈਠੇ ਹਨ ਅਤੇ ਚੋਰ ਨੇਤਾ ਦਾ ਕੁੱਝ ਨਹੀਂ ਜਾਣਾ। ਉਹਨਾਂ ਨੇ ਤਾਂ ਸਿਰਫ਼ ਆਪਣੇ ਮਤਲਬ ਲਈ ਹੀ ਇਹ ਸਭ ਕੁੱਝ ਕਰਨਾ ਹੁੰਦਾ ਹੈ।

ਰੱਖੋ ਵਰਤ ਲਗਾਉ ਧਰਨੇ ਵਾਅਦੇ ਕਿਸ ਨੇ ਪੂਰੇ ਕਰਨੇ

ਚੋਰਾਂ ਦਾ ਤੇ ਕੁੱਝ ਨਹੀਂ ਜਾਣਾ ਸਾਡੇ ਬੱਚੇ ਭੁੱਖੇ ਮਰਨੇ।

(ਧੁੰਦ 35)

ਦੇਸ਼ ਦੇ ਗਲਤ ਅਤੇ ਭ੍ਰਿਸ਼ਟ ਸਿਸਟਮ ਤੋਂ ਹਰ ਇਕ ਆਦਮੀ ਦੁਖੀ ਹੋਇਆ ਪ੍ਰਤੀਤ ਹੁੰਦਾ ਹੈ। ਇਸ ਦਾ ਦਰਦ ਗ਼ਜ਼ਲਕਾਰਾ ਸੁਰਜੀਤ ਸਖੀ ਬਿਆਨ ਕਰਦੀ ਹੈ। ਉਹ ਅਜੋਕੀ ਰਾਜਨੀਤੀ ਦੇ ਗੰਦੇ ਸਿਸਟਮ ਨੂੰ ਬਦਲਦਾ ਹੋਇਆ ਵੇਖਣਾ ਚਾਹੁੰਦੀ ਹੈ ਅਤੇ ਕਹਿੰਦੀ ਹੈ ਕਿ ਹੁਣ ਬਹੁਤ ਕੁੱਝ ਸਹਿ ਲਿਆ ਦੇਸ਼ ਦੀ ਜਨਤਾ ਨੇ ਹੁਣ ਸਿਸਟਮ ਵਿਚ ਬਦਲਾਅ ਆਉਣਾ ਚਾਹੀਦਾ ਹੈ ਅਤੇ ਸਾਰਾ ਰਾਜਕਾਜ ਸਹੀ ਅਤੇ ਸੁਚੱਜੇ ਤਰੀਕੇ ਨਾਲ ਚਲਣਾ ਚਾਹੀਦਾ ਹੈ।

ਬਸ ਬਹੁਤ ਹੋ ਗਿਆ ਹੁਣ ਤਾਂ ਨਿਜ਼ਾਮ ਬਦਲੇ

ਇਹ ਰਾਜ-ਕਾਜ ਸਾਰਾ ਇਹ ਇੰਤਜ਼ਾਮ ਬਦਲੇ

(ਧੁੰਦ 35)

ਸਾਡੀ ਭ੍ਰਿਸ਼ਟ ਰਾਜਨੀਤੀ ਦੇ ਆਗੂ ਇਸ ਤਰ੍ਹਾਂ ਦੇ ਹਨ ਕਿ ਲੋਕਾਂ ਵਿਚ ਬੈਠ ਕੇ ਜਨਤਾ ਦਾ ਸਾਹਮਣੇ ਰੈਲੀਆਂ ਵਿਚ ਤਾਂ ਉਹ ਵਿਰੋਧੀ ਪਾਰਟੀ ਦੇ ਪਾਜ ਉਘਾੜਣ ਵਿਚ ਲੱਗੇ ਰਹਿੰਦੇ ਹਨ। ਉਹਨਾਂ ਨੂੰ ਅਤੇ ਉਹਨਾਂ ਦੇ ਕੰਮਾਂ ਨੂੰ ਹਰ ਪਾਸੇ ਤੋਂ ਗਲਤ ਸਾਬਿਤ ਕਰਨ ਵਿਚ ਕੋਈ ਕਸਰ ਨਹੀਂ ਛੱਡਦੇ ਪਰ ਅਸਲੀਅਤ ਤਾਂ ਇਹ ਹੈ ਕਿ ਉਹ ਸਿਰਫ਼ ਆਪਣਾ ਉੱਲੂ ਸਿੱਧਾ ਕਰਨ ਲਈ ਇਹ ਹੱਥਕੰਡੇ ਅਪਣਾਉਂਦੇ ਹਨ ਅਤੇ ਸ਼ਾਮ ਨੂੰ ਉਹੀ ਵਿਰੋਧੀ ਪਾਰਟੀ ਦੇ ਨੇਤਾ ਇਕ ਦੂਜੇ ਨਾਲ ਜਾਮ ਸਾਂਝੇ ਕਰ ਰਹੇ ਹੁੰਦੇ ਹਨ। ਇਹ ਸਾਰਾ ਕੰਮ ਜਨਤਾ ਨੂੰ ਧੋਖੇ ਵਿਚ ਰੱਖ ਕੇ ਕੀਤਾ ਜਾਂਦਾ ਹੈ।

ਇਕ ਦੂਜੇ ਨੂੰ ਕਲ੍ਹ ਸੀ ਨੰਗਿਆਂ ਕਰਨ ਦਾ ਦਾਅਵਾ

ਅੱਜ ਰਾਤ ਰਹਿਬਰਾਂ ਨੇ ਮਹਿਫ਼ਲ 'ਚ ਜਾਮ ਬਦਲੇ।

(*ਧੁੰਦ* 53)

## 4.4 ਵੋਟ ਬੈਂਕ:

ਅਜੋਕੀ ਰਾਜਨੀਤੀ ਦੇ ਦੌਰ ਵਿਚ ਵੇਖਿਆ ਜਾਵੇ ਤਾਂ ਇਸ ਗੱਲ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਰਾਜਨੀਤੀ ਵਿਚ ਚੋਣਾਂ ਦੇ ਆਉਣ ਨਾਲ ਉਮੀਦਵਾਰਾਂ ਵਲੋਂ ਵੋਟਾਂ ਖਰੀਦਣ ਦੀਆਂ ਸਕੀਮਾਂ ਘੜ ਲਈਆਂ ਜਾਂਦੀਆਂ ਹਨ। ਵੋਟਾਂ ਹਥਿਆਉਣ ਦੀ ਖ਼ਾਤਿਰ ਜਨਤਾ ਨੂੰ ਕਈ ਤਰ੍ਹਾਂ ਦੇ ਲਾਲਚ ਦੇ ਕੇ ਲੀਡਰਸ਼ਿਪ ਹਥਿਆ ਲਈ ਜਾਂਦੀ ਹੈ। ਆਮ ਵਿਅਕਤੀ ਸੱਤਾ ਦਾ ਕਿਵੇਂ ਸ਼ਿਕਾਰ ਬਣਦਾ ਹੈ। ਉਸ ਨੂੰ ਸਭ ਕੁੱਝ ਪਤਾ ਹੋਣ ਦੇ ਬਾਵਜ਼ੂਦ ਵੀ ਉਹ ਸੱਤਾ ਦੇ ਜਾਲ ਵਿਚ ਫ਼ੱਸਦਾ ਹੈ। ਗੁਰਭਜਨ ਗਿੱਲ ਸੱਤਾਧਾਰੀਆਂ ਨੂੰ ਉਸ ਸ਼ਿਕਾਰੀ ਦੇ ਬਿੰਬ ਵਜੋਂ ਵਰਤਦਾ ਹੈ ਜਿਹੜਾ ਪੰਛੀਆਂ ਨੂੰ ਚੋਗ ਦਾ ਲਾਲਚ ਦੇ ਕੇ ਆਪਣੇ ਜ਼ਾਲ ਵਿਚ ਫ਼ਸਾਉਂਦਾ ਹੈ। ਸੱਤਾਧਾਰੀ ਪਾਰਟੀਆਂ ਨੇ ਆਪਣੀ ਕੁਰਸੀ ਕਾਇਮ ਰੱਖਣ ਲਈ ਆਮ ਵਿਅਕਤੀਆਂ ਨੂੰ ਮੁਫ਼ਤ ਦੀਆਂ ਸੁੱਖ-ਸਹੂਲਤਾਂ ਦੇ ਕੇ ਆਪਣੇ ਜ਼ਾਲ ਵਿਚ ਫ਼ਸਾਇਆ ਹੋਇਆ ਹੈ। ਇਸ ਜ਼ਾਲ ਵਿਚ

ਫ਼ਸੀ ਲੋਕਾਈ ਸੱਤਾਧਾਰੀਆਂ ਦੀ ਮਹਿਜ਼ ਵੋਟ ਬਣ ਕੇ ਰਹਿ ਗਈ ਹੈ। ਆਜ਼ਾਦੀ ਤੋਂ ਬਾਅਦ ਰਾਜਸੀ ਪਾਰਟੀਆਂ ਬਦਲ-ਬਦਲ ਕੇ ਆਮ ਲੋਕਾਂ ਨੂੰ ਲੁੱਟ ਰਹੀਆਂ ਹਨ। ਭੋਲੇ-ਭਾਲੇ ਲੋਕ ਭੁੱਖ-ਮਰੀ ਅਣਪੜ੍ਹਤਾ ਅਤੇ ਸਿੱਖਿਆ ਤੋਂ ਵਿਹੂਣੇ ਹਨ ਅਤੇ ਸੱਤਾਧਾਰੀ ਉਹਨਾਂ ਦੀ ਇਸ ਕਮਜ਼ੋਰੀ ਦਾ ਲਾਭ ਉਠਾਉਂਦੇ ਹਨ। ਇਸ ਦੀਆਂ ਉਦਾਹਰਣਾਂ ਗ਼ਜ਼ਲਗੋ ਗੁਰਭਜਨ ਗਿੱਲ ਆਪਣੀਆਂ ਗ਼ਜ਼ਲਾਂ ਵਿਚ ਦਿੰਦੇ ਹਨ। ਉਦਾਹਰਣ ਵਜੋਂ ਇਹਨਾਂ ਸ਼ਿਅਰਾਂ ਨੂੰ ਵੇਖਿਆ ਜਾ ਸਕਦਾ ਹੈ:

ਸ਼ਿਕਾਰੀ ਜਾਲ ਲਾ ਕੇ ਚੋਗ ਪਾ ਭਰਮਾ ਰਿਹਾ ਏ

ਪਰਿੰਦੇ ਚਾਲ ਦਾ ਕਿੰਨਾ ਗਿਆਨ ਰੱਖਦੇ ਨੇ।

(*ਮਿਰਗਾਵਲੀ* 45)

ਭ੍ਰਿਸ਼ਟ ਰਾਜਨੀਤੀ ਨੇ ਚੋਣਾਂ ਦੇ ਦਿਨਾਂ ਵਿਚ ਕੀ-ਕੀ ਕਾਰੇ ਨਹੀਂ ਕਰਵਾਏ। ਜਨਤਾ ਨੂੰ ਆਪਸ ਵਿਚ ਲੜਾਇਆ। ਏਥੋਂ ਤਕ ਕਿ ਧਾਰਮਿਕ ਗ੍ਰੰਥਾਂ ਦੇ ਪਵਿੱਤਰ ਅੰਗ ਤੱਕ ਪੜਵਾ ਦਿੱਤੇ ਗਏ ਤਾਂ ਜੋ ਲੋਕ ਆਪਸ ਵਿਚ ਲੜ-ਲੜ ਮਰੀ ਜਾਣ। ਹਰ ਇਕ ਧਾਰਮਿਕ ਗ੍ਰੰਥ ਦੀ ਬੇਅਦਬੀ ਕੀਤੀ ਗਈ। ਸਾਰੇ ਧਰਮਾਂ ਨੂੰ ਇਕ ਦੂਜੇ ਦੇ ਵਿਰੁੱਧ ਕੀਤਾ ਜਾਂਦਾ ਹੈ ਅਤੇ ਆਪਸ ਵਿਚ ਦੰਗੇ ਕਰਵਾਏ ਜਾਂਦੇ ਹਨ ਤਾਂ ਜੋ ਲੋਕ ਧਰਮਾਂ ਵਿਚ ਹੀ ਉਲਝ ਕੇ ਰਹਿ ਜਾਣ ਅਤੇ ਸਾਡੇ ਵੱਲ ਕਿਸੇ ਦਾ ਧਿਆਨ ਹੀ ਨਾ ਜਾਵੇ। ਚੋਣਾਂ ਦੇ ਦੌਰਾਨ ਦਾ ਸਿਆਸੀ ਲੀਡਰਾਂ ਦਾ ਵਤੀਰਾ ਅਪਣੱਤ ਭਰਿਆ ਹੁੰਦਾ ਹੈ ਪਰ ਜਿੱਤ ਤੋਂ ਬਾਅਦ ਸਭ ਭੁੱਲ ਜਾਂਦੇ ਹਨ। ਧਰਮ ਦੀ ਆੜ ਲੈ ਕੇ ਕਈ ਸਿਆਸੀ ਲੀਡਰ ਆਪ ਹੀ ਧਾਰਮਿਕਤਾ ਨੂੰ ਠੇਸ ਪਹੁੰਚਾ ਦਿੰਦੇ ਹਨ ਫ਼ਿਰ ਬਹੁਤਾ ਚਾਲਾਕੀ ਨਾਲ ਉਸ ਨੂੰ ਸੰਵਾਰਨ ਦੀ ਵੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਜਨਤਾ ਸਮਝਦਾਰ ਹੈ ਉਹ ਦੇਖਦੀ ਹੈ ਕਿ ਇਹ ਚੰਗਿਆਈ ਦਾ ਢੌਂਗ ਸਿਰਫ਼ ਵੋਟਾਂ ਤੱਕ ਹੀ ਸੀਮਿਤ ਹੈ।

ਧਰਮ ਗਰੰਥੋਂ ਪੱਤਰੇ ਪਾੜੇ, ਗੀਤਾ ਅਤੇ ਕੁਰਾਨ ਨਾ ਬਖ਼ਸ਼ੇ

ਕੀਹ-ਕੀਹ ਰੰਗ ਦਿਖਾਏ ਸਾਨੂੰ, ਤਿੱਖੇ ਚੋਣ ਬੁਖ਼ਾਰ ਦਾ ਮੌਸਮ

(*ਮਿਰਗਾਵਲੀ* 106)

ਆਈਆਂ ਚੋਣਾਂ, ਘਰ ਘਰ ਰੋਣਾਂ, ਫਿਰ ਧੜਿਆਂ ਵਿਚ ਵੰਡਣਗੇ

ਬੱਕਰੇ ਦੀ ਮਾਂ ਕਿੰਝ ਉਡੀਕੇ, ਦੱਸੋ ਜੀ, ਬਕਰੀਦਾਂ ਨੂੰ।

(ਗੁਲਨਾਰ *104*)

ਰਾਜਸੀ ਲੋਕ ਕੁਰਸੀ 'ਤੇ ਬੈਠਣ ਲਈ ਜਨਤਾ ਨੂੰ ਕਈ ਤਰ੍ਹਾਂ ਦੇ ਭਰੋਸੇ ਦਿਵਾਉਂਦੇ ਹਨ। ਉਹਨਾਂ ਨਾਲ ਵੱਡੇ-ਵੱਡੇ ਵਾਦੇ ਕਰਦੇ ਹਨ। ਆਪਣੀਆਂ ਇਨ੍ਹਾਂ ਕੋਝੀਆਂ ਚਾਲਾਂ ਰਾਹੀਂ ਇਹ ਲੋਕ ਭੋਲੀ-ਭਾਲੀ ਜਨਤਾ ਨੂੰ ਵਰਗਲਾ ਲੈਂਦੇ ਹਨ

ਅਤੇ ਵੋਟਾਂ ਹਥਿਆਉਣ ਵਿਚ ਸਫ਼ਲ ਹੋ ਜਾਂਦੇ ਹਨ। ਲੋਕ ਆਪਣੇ ਵਾਦੇ ਪੂਰੇ ਕਰਵਾਉਣ ਲਈ ਇਹਨਾਂ ਦਾ ਰਾਹ ਤਕਦੇ ਰਹਿੰਦੇ ਹਨ ਪਰ ਇਹ ਤਾਂ ਜਨਤਾ ਨਾਲ ਗੱਲ ਕਰਨੀ ਤਾਂ ਦੂਰ ਉਹਨਾਂ ਨਾਲ ਅੱਖ ਤਕ ਵੀ ਨਹੀਂ ਮਿਲਾਉਂਦੇ। ਇਹ ਹੈ ਸਾਡੀ ਭ੍ਰਿਸ਼ਟ ਰਾਜਨੀਤੀ। ਉਦਯੋਗਪਤੀਆਂ ਦੇ ਸਿਰਾਂ ਤੋਂ ਸੱਤਾ ਵਿਚ ਆਉਣ ਵਾਲੇ ਕਈ ਸਿਆਸੀ ਲੀਡਰ ਵੋਟਾਂ ਤੋਂ ਬਾਅਦ ਤਾਂ ਜਨਤਾ ਨੂੰ ਅੱਖੋਂ ਪਰੋਖੇ ਕਰ ਦਿੰਦੇ ਹਨ।

ਜਿਨ੍ਹਾਂ ਨੂੰ ਵੋਟ ਪਾ ਕੇ ਭੇਜਦੇ ਹਾਂ ਰਾਜ ਭਵਨ ਅੰਦਰ

ਉਹ ਆਪਣੇ ਆਪ ਤਾਈਂ ਗਿਣਨ ਲੱਗਦੇ ਨੇ ਨਵਾਬਾਂ ਵਿਚ।

(ਮਨ ਦੇ ਬੂਹੇ ਬਾਰੀਆਂ 92)

ਰਾਜਨੀਤੀ ਵਿਚ ਵੋਟ ਬੈਂਕ ਰਾਹੀਂ ਬਦਲ ਰਹੇ ਢਾਂਚੇ ਨੂੰ ਗੁਰਭਜਨ ਗਿੱਲ ਨੇ ਆਪਣੀਆਂ ਰਚਨਾਵਾਂ ਵਿਚ ਬਾਖ਼ੂਬੀ ਪੇਸ਼ ਕੀਤਾ ਹੈ। ਉਸ ਨੇ ਸਿਆਸਤਦਾਨਾਂ ਵਲੋਂ ਰਾਜਨੀਤੀ ਦੀ ਆੜ ਹੇਠ ਲੋਕਾਂ ਨੂੰ ਮੂਰਖ ਬਣਾਉਣ ਦੇ ਵਰਤਾਰੇ ਉੱਤੋਂ ਪਰਦਾ ਚੁੱਕਿਆ ਹੈ ਕਿ ਕਿਵੇਂ ਅਜੋਕੀ ਸਿਆਸੀ ਪਾਰਟੀਆਂ ਲੋਕਾਂ ਨੂੰ ਮਿੱਠੀਆਂ ਗੋਲੀਆਂ ਦੇ ਕੇ ਪੰਜ ਸਾਲਾਂ ਲਈ ਆਪਣੇ ਝਾਂਸੇ ਵਿਚ ਫਸਾਈ ਜਾਂਦੀਆਂ ਹਨ। ਵੋਟਾਂ ਦੇ ਸ਼ੁਰੂਆਤੀ ਦਿਨਾਂ ਵਿਚ ਲੋਕਾਂ ਨੂੰ ਪਾਗਲ ਬਣਾ ਕੇ ਵੋਟਾਂ ਲੈ ਕੇ ਪੰਜ ਸਾਲਾਂ ਲਾਰੇ ਲਗਾਉ, ਲੋਕਾਂ ਨੂੰ ਚੰਗੀ ਤਰ੍ਹਾਂ ਵਰਤੋ ਅਤੇ ਸਿਆਸਤ ਖੇਡੋ।

ਪਹਿਲਾਂ ਲੋਕ ਬਣਾਓ ਭੇਡਾਂ, ਉਨ ਉਤਾਰੋ ਕਰ ਕੇ ਝੇਡਾਂ,

ਪੰਜੀਂ ਸਾਲੀਂ ਲਾਰੇ ਨਾਅਰੇ, ਲੋਕਾਂ ਨੂੰ ਵਰਤਾਈ ਚੱਲੋ।

(ਰਾਵੀ 75)

ਪੰਜਾਬੀ ਗ਼ਜ਼ਲਕਾਰ ਗੁਰਭਜਨ ਗਿੱਲ ਵੋਟ ਬੈਂਕ ਦੇ ਸੰਦਰਭ ਵਿਚ ਆਪਣੇ ਇਕ ਸ਼ਿਅਰ ਰਾਹੀਂ ਦਰਸਾਉਂਦੇ ਹਨ ਕਿ ਰਾਜਨੇਤਾ ਲੋਕਾਂ ਨੂੰ ਸਬਜ਼ ਬਾਗ ਦਿਖਾਉਂਦੇ ਹਨ ਕਿ ਲੋਕਾਂ ਨੂੰ ਇਹ ਲੱਗੇ ਕਿ ਉਹ ਉਹਨਾਂ ਲਈ ਮਸੀਹਾ ਬਣ ਕੇ ਆਏ ਹਨ। ਉਹ ਲੋਕਾਂ ਨੂੰ ਮਨ ਮੋਹ ਲੈਣ ਵਾਲੇ ਸੁਪਨੇ ਦਿਖਾਉਂਦੇ ਹਨ ਕਿ ਉਹਨਾਂ ਦੇ ਦਿਨ ਫਿਰ ਜਾਣਗੇ। ਪਰ ਇਹ ਤਾਂ ਸਿਰਫ ਉਹਨਾਂ ਦਾ ਇਕ ਵਹਿਮ ਹੁੰਦਾ ਹੈ ਕਿਉਂ ਕਿ ਨੇਤਾ ਰੂਪੀ ਜਾਦੂਗਰ ਤਾਂ ਸਿਰਫ ਹਵਾਈ ਕਿਲੇ ਹੀ ਉਸਾਰ ਸਕਦੇ ਹਨ।

ਦਿਨ ਪਰਤਣਗੇ ਸੋਹਣੇ-ਸੋਹਣੇ, ਰੰਗ ਬਿਰੰਗੇ ਤੇ ਮਨਮੋਹਣੇ

ਜਾਦੂਗਰ ਜੀ! ਧਰਤੀ ਉੱਤੇ ਅਰਸ਼ੀ ਕਿੱਲੇ ਬਣਾਈ ਚੱਲੋ।

(ਰਾਵੀ 75)

ਸਰਕਾਰਾਂ ਦਾ ਤਾਂ ਇਹ ਹਾਲ ਹੈ ਕਿ ਬਸ ਵੋਟਾਂ ਲਉ ਅਤੇ ਆਪਣੀ ਸਰਕਾਰ ਬਣਾ ਕੇ ਪੰਜ ਸਾਲ ਐਸ਼ ਕਰੋ ਅਤੇ ਪੰਜ ਸਾਲਾਂ ਬਾਅਦ ਫਿਰ ਤੋਂ ਨਵੀਂ ਸਰਕਾਰ ਆਵੇਗੀ ਅਤੇ ਲੋਕਾਂ ਨੂੰ ਨਵੇਂ ਸੁਪਨੇ ਦਿਖਾਏਗੀ ਅਤੇ ਨਵੇਂ ਵਾਅਦੇ ਕਰੂਗੀ। ਵੈਸੇ ਵੇਖਿਆ ਜਾਵੇ ਤਾਂ ਗੱਲਾਂ, ਲਾਰੇ ਅਤੇ ਸੁਪਨੇ ਸਾਰੇ ਨੇਤਾਵਾਂ ਦੀਆਂ ਉਹੀ ਇਕ ਹੀ ਹੁੰਦੀਆਂ ਹਨ ਪਰ ਉਹਨਾਂ ਦੀ ਪੇਸ਼ਕਾਰੀ ਦਾ ਢੰਗ ਬਦਲ ਜਾਂਦਾ ਹੈ। ਇਸ ਨੂੰ ਦਰਸਾਉਂਦਾ ਇਕ ਸ਼ਿਅਰ ਗੁਰਭਜਨ ਗਿੱਲ ਦੇ ਗ਼ਜ਼ਲ ਸੰਗ੍ਰਹਿ ਰਾਵੀ ਵਿਚੋਂ ਹੈ:

ਪੰਜ ਸਾਲਾਂ ਬਾਅਦ ਹਾਕਮ, ਆਉਣਗੇ ਫਿਰ ਗਾਉਣਗੇ

ਤਰਜ਼ ਬਦਲਣਗੇ ਗਵੱਈਏ, ਫਿਰ ਨਵੇਂ ਇਕਰਾਰ ਦੀ।

(ਰਾਵੀ 93)

ਅਜੋਕੀ ਰਾਜਨੀਤੀ ਵਿਚ ਵੋਟ ਬੈਂਕ ਇਕ ਅਹਿਮ ਮਸਲਾ ਹੈ ਕਿਉਂ ਕਿ ਰਾਜਨੇਤਾ ਲੋਕਾਂ ਦੀਆਂ ਵੋਟਾਂ ਦੇ ਸਹਾਰੇ ਹੀ ਤਾਂ ਟਿਕੇ ਹੁੰਦੇ ਹਨ। ਜੇ ਉਹਨਾਂ ਨੂੰ ਵੋਟਾਂ ਨਾ ਮਿਲਣ ਤਾਂ ਇਕ ਤਰ੍ਹਾਂ ਨਾਲ ਉਹਨਾਂ ਦਾ ਵਜੂਦ ਰੁਲ ਜਾਵੇਗਾ। ਉਹਨਾਂ ਦੀਆਂ ਐਸ਼ਾਂ ਬੰਦ ਹੋ ਜਾਣਗੀਆਂ ਜੋ ਉਹ ਜਨਤਾ ਦੇ ਸਿਰ ਤੇ ਕਰਦੇ ਰਹੇ ਹਨ ਅਤੇ ਹੁਣ ਤਕ ਕਰੀ ਜਾ ਰਹੇ ਹਨ। ਇਸ ਹੀ ਸੰਦਰਭ ਵਿਚ ਪੰਜਾਬੀ ਗ਼ਜ਼ਲਕਾਰ ਗੁਰਭਜਨ ਗਿੱਲ ਆਪਣੀ ਗ਼ਜ਼ਲ ਰਾਹੀਂ ਬਿਆਨ ਕਰਦਾ ਹੋਇਆ ਲਿਖਦਾ ਹੈ ਕਿ ਰਾਜਨੀਤੀ ਵਿਚ ਨੇਤਾ ਵੋਟਾਂ ਦੇ ਦਿਨਾਂ ਵਿਚ ਲੋਕਾਂ ਨਾਲ ਆਪਣਾ ਵਤੀਰਾ ਬਹੁਤ ਸੂਖ਼ਮ ਬਣਾਉਣ ਦੀ ਕੋਸ਼ਿਸ਼ ਵਿਚ ਲੱਗੇ ਰਹਿੰਦੇ ਹਨ। ਜਿਹੜੇ ਪੂਰੇ ਪੰਜ ਸਾਲ ਜਨਤਾ ਵੱਲ ਪਲਟ ਕੇ ਨਹੀਂ ਵੇਖਦੇ ਉਹ ਨੇਤਾ, ਲੀਡਰ ਵੋਟਾਂ ਦੇ ਦਿਨਾਂ ਵਿਚ ਵੋਟਾਂ ਦੀ ਖ਼ਾਤਿਰ ਚਿੱਟੇ ਵਸਤਰ ਭਾਵ ਸ਼ਰਾਫ਼ਤ ਦਾ ਨਕਾਬ ਪਾਈ ਜਨਤਾ ਦੀ ਸੇਵਾ ਲਈ ਹਰ ਪਲ ਤਿਆਰ ਬਰ ਤਿਆਰ ਖੜੇ ਰਹਿੰਦੇ ਹਨ। ਇਹ ਨੇਤਾ ਇਕ ਚਾਲਾਕ ਸ਼ਿਕਾਰੀ ਦੀ ਤਰ੍ਹਾਂ ਹੀ ਬਹੁਤ ਚਤੁਰਾਈ ਨਾਲ ਜਨਤਾਦਾ ਸ਼ਿਕਾਰ ਕਰਦੇ ਹਨ ਭਾਵ ਜਨਤਾ ਅੱਗੇ ਨਿਮਾਣੇ ਹੋ ਕੇ ਵੋਟਾਂ ਮੰਗਣ ਜਾਂਦੇ ਹਨ।ਵੋਟਾਂ ਮਿਲਦੇ ਸਾਰ ਹੀ ਜਿੱਤ ਹਾਸਿਲ ਕਰ ਕੇ ਇਹਨਾਂ ਦੇ ਰੰਗ ਢੰਗ ਫਿਰ ਤੋਂ ਬਦਲਜਾਂਦੇ ਹਨ। ਸਾਡੇ ਦੇਸ਼ ਦੀ ਜਨਤਾ ਵੀ ਚੰਦ ਪੈਸਿਆਂ ਅਤੇ ਨਸ਼ੀਲੇ ਪਦਾਰਥਾਂ ਦੇ ਲਾਲਚ ਵਿਚ ਆ ਕੇ ਇਹਨਾਂ ਨੂੰ ਆਪਣਾ ਕੀਮਤੀ ਵੋਟ ਦੇ ਕੇ ਭਿਖਾਰੀ ਤੋਂ ਬਾਦਸ਼ਾਹ ਬਣਾ ਦਿੰਦੀ ਹੈ। ਲੋਕ ਲੀਡਰਾਂ ਦੇ ਝਾਂਸੇ ਵਿਚ ਆ ਕੇ ਅੰਨੇ ਅਤੇ ਬੋਲੇ ਹੋ ਜਾਂਦੇ ਹਨ ਭਾਵ ਉਹਨਾਂ ਨੂੰ ਸੱਚਾਈ ਦਿਖਾਈ ਨਹੀਂ ਦਿੰਦੀ ਅਤੇ ਚੰਗੀਆਂ ਗੱਲਾਂ ਸੁਣਾਈ ਨਹੀਂ ਦਿੰਦੀਆਂ। ਇਸ ਕਰ ਕੇ ਜਨਤਾ ਵੀ ਘੱਟ ਨਹੀਂ ਹੈ ਉਹ ਵੀ ਸ਼ਰਾਬ ਅਤੇ ਨਸ਼ੇ ਦੀ ਖ਼ਾਤਿਰ ਇਹਨਾਂ ਨੇਤਾਵਾਂ ਨੂੰ ਆਪਣਾ ਕੀਮਤੀ ਵੋਟ ਦੇ ਕੇ ਪੰਜ ਸਾਲਾਂ ਲਈ ਇਹਨਾਂ ਦੀ ਗੁਲਾਮ ਬਣ ਜਾਂਦੀ ਹੈ।

ਕੁਝ ਪੌਂਡਾਂ ਲਈ ਬੰਦੇ ਵਿਕਦੇ ਵੇਖੇ ਨੇ

ਲਾਲਚ ਖ਼ਾਤਰ ਅੰਨ੍ਹੇ ਬੋਲ਼ੇ ਹੋ ਜਾਂਦੇ।

ਦੋਧੇ ਵਸਤਰ ਬਗਲੇ ਇਕ ਲੱਤ ਭਾਰ ਖੜ੍ਹੇ

ਚਤੁਰ ਸ਼ਿਕਾਰੀ ਬਹੁਤ ਨਿਮਾਣੇ ਹੋ ਜਾਂਦੇ।

(ਮਨ ਪਰਦੇਸੀ 49)

ਸਤੀਸ਼ ਗੁਲਾਟੀ ਆਪਣੀ ਗ਼ਜ਼ਲ ਰਾਹੀਂ ਲੀਡਰਾਂ ਦੇ ਲਾਰਿਆਂ ਦੀ ਗੱਲ ਕਰਦਾ ਕਹਿੰਦਾ ਹੈ ਕਿ ਚੋਣਾਂ ਸਮੇਂ ਸਾਡੇ ਪਿਆਰੇ ਨੇਤਾ ਵੋਟਾਂ ਦੀ ਖ਼ਾਤਿਰ ਲੋਕਾਂ ਅੱਗੇ ਜੋ ਝੂਠੇ ਵਾਦਿਆਂ ਦੀ ਝੜੀ ਲਗਾਉਂਦੇ ਹਨ। ਉਹੀ ਵਾਦੇ ਕੋਈ ਹੋਰ ਨੇਤਾ ਵੀ ਕਰੀ ਜਾਂਦੇ ਹਨ।

ਰਾਜਨੇਤਾ ਦਾ ਅਹਿਮ ਸਾਮਾਨ ਚੋਰੀ ਹੋ ਗਿਆ

ਉਸ ਨੇ ਜੋ ਕਰਨਾ ਸੀ ਉਹ ਐਲਾਨ ਚੋਰੀ ਹੋ ਗਿਆ।

(ਚੁੱਪ ਜਿਹਾ ਸੰਵਾਦ 55)

ਵੋਟਾਂ ਵੇਲੇ ਨੇਤਾਵਾਂ ਦੇ ਲੋਕਾਂ ਨਾਲ ਕੀਤੇ ਵਾਅਦੇ ਵੋਟਾਂ ਮਿਲਣ ਤੋਂ ਬਾਅਦ ਸਾਰੇ ਝੂਠੇ ਹੀ ਨਿਕਲਦੇ ਹਨ। ਵੋਟਾਂ ਦੇ ਦਿਨਾਂ ਵਿਚ ਲੀਡਰ ਲੋਕ ਜਨਤਾ ਦੇ ਆਸ-ਪਾਸ ਮੰਡਰਾਉਂਦੇ ਰਹਿੰਦੇ ਹਨ। ਉਹਨਾਂ ਦੇ ਹਰ ਕੰਮ ਭੱਜ-ਭੱਜ ਕੇ ਕਰੀ ਜਾਂਦੇ ਹਨ। ਉਹਨਾਂ ਨੂੰ ਅਨੇਕਾਂਪ੍ਰਕਾਰ ਦੇ ਲਾਲਚ ਦੇ ਕੇ ਉਹਨਾਂ ਤੋਂ ਹਰ ਹੀਲੇ ਵੋਟਾਂ ਹਥਿਆਉਣਦੇ ਆਹਰ ਵਿਚ ਲੱਗੇ ਰਹਿੰਦੇ ਹਨ। ਜਨਤਾ ਨੂੰ ਲੱਗਣ ਲੱਗ ਜਾਂਦਾ ਹੈ ਬਈ ਇਸ ਤੋਂ ਵਧੀਆ ਨੇਤਾ ਸਾਡੇ ਦੇਸ਼ ਲਈ ਕੋਈ ਹੋਰ ਨਹੀਂ ਹੋ ਸਕਦਾ ਪਰ ਸਥਿਤੀ ਇਸ ਦੇ ਉੱਲਟ ਹੀ ਹੋ ਜਾਂਦੀ ਹੈ ਕਿਉਂ ਕਿ ਜੋ ਜਨਤਾ ਨੂੰ ਵੋਟਾਂਦੇ ਦਿਨਾਂ ਵਿਚ ਲੀਡਰਾਂ ਵਲੋਂ ਪਰੋਸਿਆ ਜਾਂਦਾ ਹੈ ਉਹ ਮਹਿਜ਼ ਇਕ ਛਲਾਵਾ ਅਤੇ ਧੋਖਾ ਹੀ ਹੁੰਦਾ ਹੈ ਜੋ ਜਨਤਾ ਨੂੰ ਵੱਸ ਕਰਨ ਲਈ ਆਗੂਆਂ ਵਲੋਂ ਅਪਣਾਇਆ ਜਾਂਦਾ ਹੈ। ਇਸ ਸੰਦਰਭ ਵਿਚ ਜਗਵਿੰਦਰ ਜੋਧਾ ਦਾ ਇਹ ਸ਼ਿਅਰ ਦੇਖਣਯੋਗ ਹੈ:

ਉਡਦੀਆਂ ਰਹੀਆਂ ਚੁਫ਼ੇਰੇ ਤਿਤਲੀਆਂ ਕਾਗਜ਼ ਦੀਆਂ

ਪਰ ਨਿਰਾ ਧੋਖਾ ਨਿਕਲੀਆਂ ਸ਼ੋਖ਼ੀਆਂ ਕਾਗਜ਼ ਦੀਆਂ।

(ਸਾਰੰਗੀ 25)

ਪੰਜਾਬੀ ਗ਼ਜ਼ਲਕਾਰਾ ਸੁਖਵਿੰਦਰ ਅੰਮ੍ਰਿਤ ਆਪਣੇ ਸ਼ਿਅਰ ਰਾਹੀਂ ਭਾਰਤੀ ਰਾਜਨੀਤੀ ਨੂੰ ਦਰਸਾਉਂਦੀ ਹੈ ਕਿ ਚੋਣਾਂ ਤੋਂ ਬਾਅਦ ਨੇਤਾ ਦੀ ਚੋਣ ਕਰ ਕੇ ਦੇਸ਼ ਦੀ ਜਨਤਾ ਸੋਚ ਰਹੀ ਸੀ ਕਿ ਹੁਣ ਅੱਛੇ ਦਿਨ ਭਾਵ ਸੁਖਮਈ ਦਿਨ ਆ ਜਾਣਗੇ ਪਰ ਫਿਰ ਤੋਂ ਉਹੀ ਡਫ਼ਲੀ ਤੇ ਉਹੀ ਰਾਗ ਵਾਲੀ ਗੱਲ ਸਿੱਧ ਹੋ ਰਹੀ ਹੈ। ਚਾਰੇ ਪਾਸੇ ਉਹੀ ਭੁੱਖਮਰੀ, ਗਰੀਬੀ, ਲੁੱਟ-ਖੋਹ ਆਦਿ ਵਾਲੇ ਹਾਲਾਤ ਬਣੇ ਹੋਏ ਹਨ। ਕੁੱਝ ਵੀ ਸੁਧਾਰ ਨਹੀਂ ਹੋਇਆ ਹੈ ਸਭ ਕੁੱਝ ਪਹਿਲਾਂ ਵਰਗਾ ਹੀ ਹੈ ਸਗੋਂ ਪਹਿਲਾਂ ਨਾਲੋਂ ਹੋਰ ਵੀ ਜ਼ਿਆਦਾ ਹਾਲਾਤ ਖਰਾਬ ਹੋ ਰਹੇ ਹਨ ਪਰ ਲੋਕ ਤਾਂ ਬਹਾਰ ਭਾਵ ਸੁਖਮਈ ਦਿਨਾਂ ਦੀ ਉਡੀਕ ਵਿਚ ਬੈਠੇ ਹਨ।

ਅੰਗਿਆਰ ਖਿੜ ਰਹੇ ਨੇ ਤੇ ਫੁੱਟ ਰਹੀ ਹੈ ਪਿਆਸ

ਉਹ ਸਮਝਦੇ ਸੀ ਆ ਰਹੇ ਨੇ ਦਿਨ ਬਹਾਰ ਦੇ।

(ਪੁੰਨਿਆਂ 58)

ਦੇਸ਼ ਦੀਆਂ ਭ੍ਰਿਸ਼ਟ ਸਰਕਾਰਾਂ ਆਪਣੀ ਕੁਰਸੀ ਅਤੇ ਪੈਸੇ ਲਈ ਜਨਤਾ ਨੂੰ ਲੁੱਟਣ ਤੋਂ ਅਤੇ ਉਹਨਾਂ ਤੇ ਜ਼ੁਲਮ ਕਰਨ ਤੋਂ ਬਾਜ ਨਹੀਂ ਆਉਂਦੀਆਂ। ਉਹਨਾਂ ਦੇ ਪਾਪਾਂ ਵਾਲਾ ਘੜਾ ਭਰਦਾ ਜਾ ਰਿਹਾ ਹੈ ਅਤੇ ਇਸ ਦਾ ਇਨਸਾਫ਼ ਉਸ ਰੱਬ ਦੀ ਕਚਹਿਰੀ ਵਿਚ ਹੋ ਕੇ ਹੀ ਰਹਿਣਾ ਹੈ।

ਜ਼ਾਲਮ ਸਰਕਾਰਾਂ ਜ਼ੁਲਮ ਕਰ ਕੇ ਨਾ ਹਾਰੀਆਂ

ਪਲ-ਪਲ ਪਾਪਾਂ ਵਾਲਾ ਘੜਾ ਭਰਦਾ ਜਾ ਰਿਹਾ।

(ਅਜ਼ੀਮ ਸ਼ੇਖਰ ਹਵਾ ਨਾਲ ਖੁੱਲਦੇ ਬੂਹੇ 61)

ਪਰਵਾਸੀ ਗ਼ਜ਼ਲਗੋ ਅਜ਼ੀਮ ਸ਼ੇਖਰ ਦੇਸ਼ ਦੇ ਆਗੂਆਂ ਦੀਆਂ ਨੀਤੀਆਂਦਾ ਜ਼ਿਕਰ ਕਰਦਾ ਕਹਿੰਦਾ ਹੈ ਕਿ ਦੇਸ਼ ਦੇ ਆਗੂਆਂ ਨੇ ਦੇਸ਼ ਦੇ ਪਹਿਰੇਦਾਰ ਬਣ ਕੇ ਹੀ ਤਾਂ ਦੇਸ਼ ਨੂੰ ਲੁੱਟਣ ਵਿਚ ਕੋਈ ਕਸਰ ਨਹੀਂ ਛੱਡੀ ਹੈ। ਲੋਟੂ ਧਿਰ ਲੁੱਟਦੀ ਹੀ ਜਾ ਰਹੀ ਹੈ ਅਤੇ ਜਨਤਾ ਆਪਣਾ ਆਪ ਲੁਟਾ ਰਹੀ ਹੈ।

ਲੁੱਟੀਆਂ ਖ਼ੁਸ਼ਬੂਆਂ ਇਥੇ ਭੌਰਾਂ ਬਣ ਪਹਿਰੇਦਾਰ

ਪੱਤੀ ਪੱਤੀ ਫੁੱਲ ਫੁੱਲ ਦੇਖੋ ਮਰਦਾ ਜਾ ਰਿਹਾ।

(ਹਵਾ ਨਾਲ ਖੁੱਲਦੇ ਬੂਹੇ 61)

ਅਜੋਕੀ ਭ੍ਰਿਸ਼ਟ ਰਾਜਨੀਤੀ ਵਿਚ ਵੋਟਾਂ ਹਥਿਆਉਣ ਦੇ ਹਥਕੰਡਿਆਂ ਨੂੰ ਪਰਵਾਸੀ ਗ਼ਜ਼ਲਕਾਰ ਅਜ਼ੀਮ ਸ਼ੇਖਰ ਪੇਸ਼ ਕਰਦਾ ਹੈ ਕਿ ਤੋਂ ਹਰ ਕੋਈ ਹੀ ਦੁਖੀ ਹੋਇਆ ਫਿਰਦਾ ਹੈ। ਇਸ ਵਿਚ ਗ਼ਜ਼ਲਗੋ ਦਿਲ ਨਿੱਜਰ ਵੀ ਪਿੱਛੇ ਨਹੀਂ ਹੈ। ਜਦ ਉਹ ਦੇਖਦਾ ਹੈ ਕਿ ਦੇਸ਼ ਦਾ ਸਿਸਟਮ ਕਦੇ ਸੁਧਰਦਾ ਨਜ਼ਰ ਨਹੀਂ ਆਉਣਾ ਤਾਂ ਆਖ਼ਿਰ ਨੂੰ ਉਹ ਆਪਣਾ ਮਨ ਸਮਝਾਉਂਦੇ ਹੋਏ ਕਹਿੰਦਾ ਹੈ ਕਿ ਇਹਨਾਂ ਸਰਕਾਰਾਂ ਦੀਆਂ ਬਦਨੀਤੀਆਂ ਦੀ ਹੁਣ ਹੋਰ ਕੀ ਗੱਲ ਕੀਤੀ ਜਾਵੇ। ਇਸ ਦੁਨੀਆਂ ਤੇ ਚੰਗਾ ਇਨਸਾਨ ਬਣਨਾ ਹੀ ਸਭ ਤੋਂ ਔਖਾ ਹੈ। ਦੁਨੀਆਂ ਵਿਚ ਨੇਤਾ ਬਣਨ ਲਈ ਤਾਂ ਚੋਰ ਹੀ ਕਾਫ਼ੀ ਹਨ।

ਛੱਡ ਸਰਕਾਰਾਂ ਦੀ ਗੱਲ 'ਸ਼ੇਖ਼ਰ' ਕਿਹੜੇ ਖੂਹੇ ਪਾਈਏ

ਲੀਡਰ ਬਣਨ ਲਈ ਦੁਨੀਆਂ ਉੱਤੇ ਸਾਧੂ ਚੋਰ ਬਥੇਰੇ।

(ਹਵਾ ਨਾਲ ਖੁੱਲਦੇ ਬੂਹੇ 70)

ਭਾਰਤ ਦੇਸ਼ ਵਿਚਲੀ ਰਾਜਨੀਤੀ ਸਭ ਕੁੱਝ ਹੀ ਭ੍ਰਿਸ਼ਟ ਹੈ। ਥੱਲੇ ਤੋਂ ਲੈ ਕੇ ਉੱਤੇ ਤੱਕ ਹਰ ਤਰ੍ਹਾਂ ਦਾ ਅਫ਼ਸਰ ਭ੍ਰਿਸ਼ਟਚਾਰ ਦੀ ਗਿਰੱਫ਼ਤ ਵਿਚ ਆਇਆ ਹੋਇਆ ਹੈ। ਜਦੋਂ ਕੋਈ ਨਾ ਇਨਸਾਫ਼ੀ ਹੁੰਦੀ ਹੈ ਤਾਂ ਜਨਤਾ ਸੱਚ ਅਤੇ ਇਨਸਾਫ਼ ਦਾ ਨਾਅਰਾ ਲਗਾਉਂਦੀ ਹੈ ਤਾਂ ਜਨਤਾ ਦੀ ਆਵਾਜ਼ ਨੂੰ ਭ੍ਰਿਸ਼ਟ ਹਾਕਮਾਂ ਦੁਆਰਾ ਖਰੀਦ ਲਿਆ ਜਾਂਦਾ ਹੈ। ਸਾਡੇ ਦੇਸ਼ ਦਾ ਐਸਾ ਮੰਦਾ ਹਾਲ ਹੋਇਆ ਪਿਆ ਹੈ ਕਿ ਇੱਥੋਂ ਦੇ ਕਿਸਾਨ ਫ਼ਸਲਾਂ ਦੇ ਚੰਗੇ ਮੁੱਲ ਪ੍ਰਾਪਤ ਨਾ ਕਰਨ ਕਰ ਕੇ ਕਰਜ਼ੇ ਵਿਚ ਫਸੇ ਹੋਏ ਹਨ ਅਤੇ ਕਰਜ਼ੇ ਵਿਚ ਫਸਿਆ ਕਿਸਾਨ ਆਤਮ ਹੱਤਿਆ ਕਰ ਰਿਹਾ ਹੈ। ਇਸੇ ਹੀ ਦੇਸ਼ ਦੇ ਨੌਜਵਾਨ ਨਸ਼ਿਆਂ ਦੇ ਮਾਰੇ ਪਏ ਹਨ।

ਜਦ ਕਦੇ ਵੀ ਲੋਕਾਂ ਸੱਚ ਦਾ ਹੋਕਾ ਲਾਇਆ ਏ

ਇਹਦੀ ਸਦਾ ਆਵਾਜ਼ ਹੈ ਦਬਾਈ ਜ਼ਾਲਮ ਨੇ

ਕਰਜ਼ੇ ਨੇ ਕਿਰਸਾਨ ਮਾਰਿਆ ਗੱਭਰੂ ਮਾਰੇ ਨਸ਼ਿਆਂ

ਖ਼ੂਨ ਪੀਣ ਦੀ ਹਰ ਨੀਤੀ ਅਪਣਾਈ ਜ਼ਾਲਮ ਨੇ।

(ਹਵਾ ਨਾਲ ਖੁੱਲਦੇ ਬੂਹੇ 72)

ਹੁਣ ਜਨਤਾ ਵੀ ਸਮਝਦਾਰ ਹੋ ਗਈ ਹੈ। ਕਿਤੇ ਨਾ ਕਿਤੇ ਉਹ ਆਪਣਾ ਭਲਾ-ਬੁਰਾ ਸਭ ਪਹਿਚਾਨਣ ਲੱਗ ਪਈ ਹੈ। ਜਨਤਾ ਨੂੰ ਸਮਝ ਆ ਗਿਆ ਹੈ ਕਿ ਲੀਡਰਾਂ ਦੇ ਸਾਰੇ ਵਾਅਦੇ ਸਿਰਫ਼ ਵੋਟਾਂ ਤੱਕ ਹੀ ਸੀਮਤ ਹੁੰਦੇ ਹਨ। ਉਸ ਤੋਂ ਬਾਅਦ ਤਾਂ ਸਾਰੇ ਵਾਅਦੇ ਝੂਠੇ ਸਾਬਿਤ ਹੋ ਜਾਂਦੇ ਹਨ। ਜੋ ਜਨਤਾ ਨੂੰ ਝੂਠ ਦੇ ਮਹਿਲ ਵਿਖਾਏ ਜਾਂਦੇ ਹਨ ਉਹ ਸਭ ਢਹਿ ਢੇਰੀ ਹੋ ਜਾਂਦੇ ਹਨ। ਹੁਣ ਜਨਤਾ ਦੇਸ਼ ਦੇ ਆਗੂਆਂ ਨੂੰ ਇਹ ਕਹਿੰਦੀ ਪ੍ਰਤੀਤ ਹੁੰਦੀ ਹੈ ਕਿ ਹੁਣ ਦੇਸ਼ ਨੂੰ ਅਤੇ ਦੇਸ਼ ਦੀ ਜਨਤਾ ਨੂੰ ਲੁੱਟਣਾ ਖਤਮ ਕਰੋ ਅਤੇ ਆਪਣਾ ਝੂਠ ਬੰਦ ਕਰੋ।

ਬੜੇ ਕੀਤੇ ਨੇ ਝੂਠੇ ਵਾਅਦੇ ਸੱਚ ਦਾ ਸਾਰੇ ਮਹਿਲ ਹੀ ਢਹਿ ਗਏ

ਹਕੂਮਤ ਕਾਰੋ ਬਸ ਕਰੋ ਹੁਣ ਆਪਣਾ ਇਹ ਫ਼ਤੂਰ ਰਹਿਣ ਦਿਉ।

(ਹਵਾ ਨਾਲ ਖੁੱਲਦੇ ਬੂਹੇ 80)

ਦੇਸ਼ ਦੇ ਲੀਡਰ ਵੋਟਾਂ ਦੀ ਖਾਤਿਰ ਰੋਜ਼ ਹੀ ਝੂਠੇ ਵਾਅਦਿਆਂ ਦੀ ਨਵੀਂ ਕਹਾਣੀ ਸਿਰਜ ਜਾਂਦੇ ਹਨ ਅਤੇ ਪੰਜ ਸਾਲ ਪਹਿਲਾਂ ਕੀਤੇ ਵਾਅਦਿਆਂ ਦਾ ਅਜੇ ਤੱਕ ਕੋਈ ਲੇਖਾ-ਜੋਖਾ ਨਹੀਂ ਹੋਇਆ ਹੁੰਦਾ ਤਾਂ ਅਗਲੀ ਵਾਰ ਫਿਰ ਉਹੀ ਝੂਠੇ ਵਾਅਦਿਆਂ ਦੀ ਪੰਡ ਜਨਤਾ ਸਿਰ ਰੱਖਣ ਨੂੰ ਉਤਾਰੂ ਹੋ ਜਾਂਦੇ ਹਨ। ਨੇਤਾਵਾਂ ਨੇ ਕੁਰਸੀਆਂ ਸੰਭਾਲ ਰੱਖੀਆਂ ਹਨ। ਐਸ਼

ਪ੍ਰਸਤੀ ਦੀ ਜ਼ਿੰਦਗੀ ਬਸਰ ਕਰ ਰਹੇ ਹਨ ਪਰ ਦੇਸ਼ ਤਾਂ ਉਵੇਂ ਦਾ ਉਵੇਂ ਹੀ ਪਿਆ ਹੈ। ਉਸ ਦੇ ਸੁਧਾਰ ਵਿਚ ਕੋਈ ਵੀ ਬਦਲਾਅ ਨਹੀਂ ਆਇਆ ਹੈ।

ਵਾਅਦਿਆਂ ਦੀ ਲੜੀ ਝੜੀ ਰੋਜ਼ ਹੀ ਲਗਾ ਜਾਂਦੇ

ਕੀਤੇ ਜੋ ਪਹਿਲਾਂ ਉਹ ਹਿਸਾਬ ਅਜੇ ਹੋਇਆ ਨਈਂ

ਮੱਲੀਆਂ ਨੇ ਲੀਡਰਾਂ ਰਿਆਸਤਾਂ ਅਤੇ ਗੱਦੀਆਂ

ਸੁਧਾਰ ਸਾਡੇ ਦੇਸ਼ ਦਾ ਜਨਾਬ ਅਜੇ ਹੋਇਆ ਨਈਂ।

(ਹਵਾ ਨਾਲ ਖੁੱਲਦੇ ਬੂਹੇ 89)

ਹੁਣ ਕਾਫੀ ਹੱਦ ਤੱਕ ਦੇਸ਼ ਦੀ ਜਨਤਾ ਸਮਝਦਾਰ ਹੋ ਚੁੱਕੀ ਹੈ ਅਤੇ ਸਮਝ ਰਹੀ ਹੈ ਕਿ ਇਹ ਨੇਤਾ ਆਪ ਤਾਂ ਵਿਰੋਧੀ ਪਾਰਟੀ ਨਾਲ ਮਿਲੇ ਹੋਏ ਹਨ ਅਤੇ ਇਸ ਦੇ ਲਈ ਲੋਕਾਂ ਦਾ ਇਸਤਮਾਲ ਕੀਤਾ ਜਾ ਰਿਹਾ ਹੈ। ਹੁਣ ਜਨਤਾ ਸੋਚਣ ਲੱਗ ਪਈ ਹੈ ਕਿ ਸਾਡਾ ਤਾਂ ਕੁੱਝ ਵੀ ਨਹੀਂ ਸਵਰਨਾ ਚਾਹੇ ਕੋਈ ਵੀ ਆਗੂ ਜਿੱਤ ਜਾਵੇ ਚਾਹੇ ਹਾਰ ਜਾਵੇ।

ਸਾਡਾ ਕੁੱਝ ਨਹੀਂ ਬਣਨਾ ਆਗੂ

ਭਾਵੇਂ ਜਿੱਤਣ ਭਾਵੇਂ ਹਾਰਨ।

(ਧੁੰਦ 54)

ਪਰਵਾਸੀ ਗ਼ਜ਼ਲਕਾਰਾ ਸੁਰਜੀਤ ਸਖੀ ਆਪਣੇ ਸ਼ਿਅਰ ਰਾਹੀਂ ਲੀਡਰਾਂ ਦੀਆਂ ਚਾਲਾਂ ਨੂੰ ਦਰਸਾਉਂਦੀ ਹੋਈ ਕਹਿੰਦੀ ਹੈ ਕਿ ਇਹ ਲੋਕ ਤਾਂ ਵੋਟਾਂ ਲੈਣ ਦੀ ਖ਼ਾਤਿਰ ਇੰਨੇ ਗਿਰ ਚੁੱਕੇ ਹੁੰਦੇ ਹਨ ਕਿ ਇਹ ਦਿਨ ਰਾਤ ਵੀ ਨਹੀਂ ਦੇਖਦੇ ਅਤੇ ਜਨਤਾ ਦੇ ਘਰਾਂ ਦੇ ਬੂਹੇ ਅੱਧੀ ਰਾਤ ਨੂੰ ਭੰਨਣ ਤੋਂ ਵੀ ਗੁਰੇਜ ਨਹੀਂ ਕਰਦੇ। ਹਰ ਰੋਜ਼ ਤਰ੍ਹਾਂ-ਤਰ੍ਹਾਂ ਦੇ ਲਾਲਚ ਦੇ ਕੇ ਜਨਤਾ ਨੂੰ ਭਰਮਾ ਰਹੇ ਹਨ ਅਤੇ ਆਪਣੀਆਂਚਾਲਾਂ ਵਿਚ ਕਾਮਯਾਬ ਹੋ ਰਹੇ ਹਨ।

ਲੋਏ ਲੋਏ ਬਸਤੀ ਬਸਤੀ ਹੋਕਾ ਦੇ ਕੇ ਮਹਿਕਾਂ ਦਾ

ਰਾਤੀਂ ਆ ਆ ਬੂਹੇ ਭੰਨੇ ਆਦਮਖ਼ੋਰ ਹਵਾਵਾਂ ਨੇ।

(ਧੁੰਦ 17)

**4.5 ਫਿਰਕਾਪ੍ਰਸਤੀ:**

ਸੱਤਾ ਵਿਚ ਫੈਲੇ ਭ੍ਰਿਸ਼ਟਾਚਾਰ ਨੇ ਇਸ ਪੱਧਰ ਤਕ ਆਪਣੇ ਪੈਰ ਪਾਸਾਰ ਲਏ ਹਨ ਕਿ ਕੋਈ ਵੀ ਥਾਂ ਅਤੇ ਰਾਜਸੀ ਆਗੂ ਇਸ ਭ੍ਰਿਸ਼ਟਾਚਾਰ ਦੀ ਦਲਦਲ ਵਿਚੋਂ ਬਾਹਰ ਨਹੀਂ। ਨਿਤ ਹੁੰਦੇ ਘਪਲਿਆਂ ਦੀਆਂ ਖ਼ਬਰਾਂ ਮੀਡੀਆ ਵਿਚ ਆਉਂਦੀਆਂ ਹਨ। ਜਿੱਥੇ ਰਾਜਸੀ ਆਗੂਆਂ ਦੀਆਂ ਚਲ-ਅਚੱਲ ਜਾਇਦਾਦਾਂ ਵਿਚ ਚੋਖ਼ਾ ਵਾਧਾ ਹੁੰਦਾ ਹੈ ਉੱਥੇ ਆਮ ਵਿਅਕਤੀ ਦੀ ਹਾਲਤ ਆਰਥਿਕ ਤੌਰ 'ਤੇ ਦਿਨ-ਬ-ਦਿਨ ਨਿਘਰਦੀ ਜਾ ਰਹੀ ਹੈ। ਇਸ ਆਰਥਿਕ ਪਾੜੇ ਨੂੰ ਮਿਟਾਉਣ ਲਈ ਗੁਰਭਜਨ ਗਿੱਲ ਸਿਆਸਤਦਾਨਾਂ ਨੂੰ ਸਲਾਹ ਦਿੰਦਾ ਹੈ ਕਿ ਉਹ ਆਮ ਵਿਅਕਤੀ ਦਾ ਜੀਵਨ ਪੱਧਰ ਇੰਨਾ ਉੱਚਾ ਚੁੱਕ ਦੇਣ ਕਿ ਇਹ ਪਾੜਾ ਖ਼ਤਮ ਹੋਵੇ।

ਮੈਂ ਹਕੂਮਤ ਨੂੰ ਕਹਾਂਗਾ ਬੇਘਰਾਂ ਨੂੰ ਘਰ ਦਿਓ

ਨੀਵੀਆਂ ਥਾਵਾਂ ਨੂੰ ਉੱਚੀਆਂ ਦੇ ਬਰਾਬਰ ਕਰ ਦਿਓ।

(ਮਨ ਦੇ ਬੂਹੇ ਬਾਰੀਆਂ 134)

ਪੰਜਾਬੀ ਗ਼ਜ਼ਲਕਾਰ ਗੁਰਭਜਨ ਗਿੱਲ ਰਾਜਨੀਤੀ ਵਿਚ ਫ਼ਿਰਕਾਪ੍ਰਸਤੀ ਦੇ ਸੰਦਰਭ ਵਿਚ ਗ਼ਜ਼ਲਕਾਰੀ ਕਰਦਿਆਂ ਲਿਖਦੇ ਹਨ ਕਿ ਸਮਾਜ ਅੰਦਰ ਸੱਤਾ ਵਿਚ ਆਈ ਗਿਰਾਵਟ ਨੇ ਅਜਿਹਾ ਰੂਪ ਧਾਰ ਲਿਆ ਹੈ ਕਿ ਇਸ ਨੇ ਨਿਆਂ ਦੇ ਮੰਦਰਾਂ ਵਿਚ ਵੀ ਆਪਣੇ ਪੈਰ ਪਾਸਾਰ ਲਏ ਹਨ। ਵੇਖਣ ਨੂੰ ਤਾਂ ਕਾਨੂੰਨ ਹੈ ਪਰ ਕਾਨੂੰਨ ਰਾਜਸੀ ਆਗੂਆਂ ਦੇ ਹੀ ਪੱਖ ਪੂਰਦਾ ਹੈ ਜਦ ਕਿ ਆਮ ਵਿਅਕਤੀ ਦੇ ਲਈ ਖ਼ੌਫ਼ ਬਣਦਾ ਹੈ। ਸੱਤਾਧਾਰੀਆਂ ਨੇ ਕਾਨੂੰਨ ਨੂੰ ਰਬੜ ਦਾ ਨੱਕ ਬਣਾ ਦਿੱਤਾ ਹੈ। ਸੱਤਾਧਾਰੀ ਆਪਣੀ ਰਾਖ਼ੀ ਲਈ ਤਾਂ ਬੰਦੂਕਧਾਰੀਆਂ ਦੀ ਫ਼ੌਜ ਰੱਖਦੇ ਹਨ ਪਰ ਆਮ ਵਿਅਕਤੀ ਦੀ ਜਾਨ-ਮਾਲ ਦੀ ਰਾਖੀ ਲਈ ਕੁੱਝ ਵੀ ਨਹੀਂ। ਗੁਰਭਜਨ ਗਿੱਲ ਇਸ ਪਾੜੇ ਨੂੰ ਬਹੁਤ ਹੀ ਗੰਭੀਰਤਾ ਦੇ ਨਾਲ ਇਸ ਨੂੰ ਆਪਣੇ ਸ਼ਿਅਰਾਂ ਰਾਹੀਂ ਪੇਸ਼ ਕਰਦਾ ਹੈ।

ਹਰ ਕੁਰਸੀ ਦੀ ਰਾਖੀ ਬੈਠੇ, ਦਿਨ ਤੇ ਰਾਤ ਵਰਦੀਆਂ ਵਾਲੇ

ਹੱਕ ਸੱਚ ਇਨਸਾਫ਼ ਦਾ ਰਾਖਾ, ਇਕ ਵੀ ਪਹਿਰੇਦਾਰ ਨਹੀਂ ਹੈ।

(ਗੁਲਨਾਰ 94)

ਗੁਰਭਜਨ ਗਿੱਲ ਫ਼ਿਰਕਾਪ੍ਰਸਤੀ ਦੇ ਸੰਦਰਭ ਵਿਚ ਲ਼ਿਖਦੇ ਹਨ ਕਿ ਚਲਾਕ ਨੇਤਾ ਕੁਰਸੀ ਲਈ ਲੋਕਾਂ ਵਿਚ ਭੜਕਾਊ ਦੰਗੇ-ਫ਼ਸਾਦ ਕਰਵਾਉਂਦੇ ਹਨ। ਧਰਮ ਦਾ ਸਹਾਰਾ ਲੈ ਕੇ ਲੋਕਾਂ ਨੂੰ ਆਪਸ ਵਿਚ ਲੜਾਇਆ ਜਾਂਦਾ ਹੈ। ਆਮ ਜਨਤਾ ਦੇ ਮਨ ਵਿਚ ਜਾਤੀਵਾਦ ਦਾ ਬੀਜ ਬੀ ਕੇ ਆਪਸ ਵਿਚ ਲੜਾਇਆ ਜਾਂਦਾ ਹੈ ਤਾਂ ਜੋ ਲੋਕ ਆਪਸ ਵਿਚ ਹੀ ਲੜੀ

ਜਾਣ ਅਤੇ ਉਹਨਾਂ ਦੀਆਂ ਕੋਝੀਆਂ ਚਾਲਾਂ ਵੱਲ ਲੋਕਾਂ ਦਾ ਧਿਆਨ ਹੀ ਨਾ ਜਾਵੇ। ਕਈ ਸਿਆਸੀ ਲੀਡਰ ਤਾਂ ਧਾਰਮਿਕਤਾ ਦੇ ਨਾਮ ਤੇ ਵੋਟਾਂ ਹਥਿਆਉਂਦੇ ਦਿਖਦੇ ਹਨ। ਲੋਕ ਵੀ ਧਰਮ ਦੇ ਨਾਮ ਤੇ ਭਾਵੁਕ ਹੋ ਕੇ ਸਭ ਕੁਝ ਕਰਦੇ ਹਨ ਪਰ ਜਦੋਂ ਪਤਾ ਲੱਗਦਾ ਹੈ ਕਿ ਅਸਲੀਅਤ ਤਾਂ ਕੁਝ ਹੋਰ ਸੀ। ਆਪਸ ਫ਼ੁੱਟ ਪਵਾਉਣੀ ਅਤੇ ਰਾਜ ਕਰਨਾ। ਕਈ ਲੀਡਰਾਂ ਨੇ ਧਾਰਮਿਕ ਅਸਥਾਨਾਂ ਦੀ ਉਸਾਰੀ ਕਰਵਾ ਕੇ ਜਿੱਤ ਹਾਸਿਲ ਨਹੀਂ ਕੀਤੀ ਕਿਉਂ ਕਿ ਜਨਤਾ ਹੁਣ ਜਾਣੂ ਹੋ ਗਈ ਹੈ ਕਿ ਇਹ ਸਿਰਫ਼ ਦਿਖਾਵਾ ਹੈ ਵਿਕਾਸ ਨਹੀਂ।

ਕੁਰਸੀ ਦੀ ਖਾਤਰ ਧਰਮਾਂ ਨੂੰ, ਟੰਗ ਦੇਵੋ ਛਿੱਕੇ ਸ਼ਰਮਾਂ ਨੂੰ

ਅਸੀਂ ਭਰਮ ਜਾਲ ਨੂੰ ਸਮਝ ਲਿਆ, ਹੁਣ ਸਾਨੂੰ ਕੀਹ ਸਮਝਾਉਗੇ।

(ਮਿਰਗਾਵਲੀ 75)

ਅੱਜ ਕੱਲ ਬੇਰੋਜ਼ਗਾਰੀ ਦੇਸ਼ ਦਾ ਇੱਕ ਭੱਖਵਾਂ ਮੁੱਦਾ ਬਣ ਚੁੱਕੀ ਹੈ। ਅਜੋਕੀ ਪੀੜ੍ਹੀ ਪੜ੍ਹੀ-ਲਿਖੀ ਅਤੇ ਸਮਝਦਾਰ ਹੈ ਪਰ ਉਹਨਾਂ ਨੂੰ ਉਹਨਾਂ ਦੀ ਸਮਰੱਥਾ ਅਨੁਸਾਰ ਰੁਜ਼ਗਾਰ ਨਹੀਂ ਦਿੱਤਾ ਜਾਂਦਾ ਅਤੇ ਜੇਕਰ ਦਿੱਤਾ ਵੀ ਜਾਂਦਾ ਹੈ ਤਾਂ ਉਹਨਾਂ ਦੀ ਸਮਰੱਥਾ ਅਨੁਸਾਰ ਪੈਸੇ ਨਹੀਂ ਦਿੱਤੇ ਜਾਂਦੇ। ਜਿਸ ਕਾਰਨ ਜਨਤਾ ਭੜਕਦੀ ਹੈ। ਹੜਤਾਲਾਂ ਹੁੰਦੀਆਂ ਹਨ, ਪੱਥਰਾਓ ਕੀਤਾ ਜਾਂਦਾ ਹੈ। ਹਰ ਪਾਸੇ ਅਰਾਜਕਤਾ ਫੈਲਦੀ ਹੈ। ਇਹਨਾਂ ਸਭ ਦੀ ਜਿੰਮੇਵਾਰ ਸਾਡੀ ਅਜੋਕੀ ਰਾਜਨੀਤੀ ਹੈ।

ਜਦ ਹੱਥਾਂ ਨੂੰ ਹਾਣ ਬਰਾਬਰ, ਨਾ ਰੁਜ਼ਗਾਰ ਮਿਲੇ ਨਾ ਆਦਰ

ਰਾਜ ਭਵਨ ਵੱਲ ਤੁਰੇ ਜਵਾਨੀ, ਹੱਥਾਂ ਦੇ ਵਿਚ ਪੱਥਰ ਲੈ ਕੇ

(ਮੋਰ ਪੰਖ 114)

ਰਾਜਨੀਤੀ ਵਿਚ ਫ਼ਿਰਕਾਪ੍ਰਸਤੀ ਦੇ ਸੰਦਰਭ ਵਿਚ ਪੰਜਾਬੀ ਗ਼ਜ਼ਲਗੋ ਗੁਰਭਜਨ ਗਿੱਲ ਆਪਣੇ ਸ਼ਿਅਰ ਰਾਹੀਂ ਦਰਸਾਉਂਦਾ ਹੈ ਕਿ ਸੰਸਦ ਵਿਚ ਪੜ੍ਹੇ-ਲਿਖੇ ਅਤੇ ਸੂਝਵਾਨ ਲੋਕਾਂਦੀ ਘਾਟ ਹੈ। ਉੱਥੇ ਨਵੇਂ ਬੰਦੇ ਨੂੰ ਰਾਜਨੀਤੀ ਦੇ ਦਾਅ ਪੇਚ ਤੋਂ ਲਾਂਭੇ ਰੱਖਿਆ ਜਾਂਦਾ ਹੈ ਕਿਉਂ ਕਿ ਜਿਹੜੇ ਨੇਤਾ ਪਹਿਲਾਂ ਵਾਲੇ ਉੱਥੇ ਡਟੀ ਬੈਠੇ ਹਨ ਉਹ ਆਪਣੇ ਹੀ ਕੁਣਬੇ ਨੂੰ ਰਾਜਨੀਤੀ ਵਿਚ ਲਿਆਉਂਦੇ ਹਨ ਭਾਵ ਭਾਈ ਭਤੀਜਾਵਾਦ ਨੂੰ ਹੀ ਮੁਖ ਰੱਖਿਆ ਜਾਂਦਾ ਹੈ। ਸੰਸਦ ਵਿਚ ਸੂਝਵਾਨ ਬੰਦੇ ਦਾ ਕੋਈ ਮੁੱਲ ਨਹੀਂ ਬਸ ਜੇਕਰ ਮੁੱਲ ਹੈ ਤਾਂ ਉਸਦਾ ਕਿਉਹ ਕਿਸ ਨੇਤਾ ਦਾ ਪੁੱਤ,ਪੋਤਾ,ਭਤੀਜਾ ਜਾਂ ਭਾਣਜਾ ਹੈ।ਇਸ ਗੱਲਤੇ ਪੰਜਾਬੀ ਦਾ ਇਹ ਮੁਹਾਵਰਾ ਢੁੱਕਵਾਂ ਬੈਠਦਾ ਹੈ-ਅੰਨਾ ਵੰਡੇ ਸ਼ੀਰਨੀ ਮੁੜ-ਮੁੜ ਆਪਣਿਆਂ ਨੂੰ ਦੇਵੇ।

ਸਾਨੂੰ ਧੱਕੇ ਮਾਰ ਮਾਰ ਕੇ ਨੁੱਕਰੇ ਲਾਉਂਦੇ ਹਰ ਵੇਲੇ

ਰਾਜ ਘਰਾਣੇ ਪੁੱਤ ਭਤੀਜੇ ਸੰਸਦ ਵਾੜੀ ਜਾਂਦੇ ਨੇ।

(ਮਨ ਪਰਦੇਸੀ 68)

ਫ਼ਿਰਕਾਪ੍ਰਸਤੀ ਦੇ ਸੰਦਰਭ ਵਿਚ ਸਤੀਸ਼ ਗੁਲਾਟੀ ਲਿਖਦਾ ਹੈ ਕਿ ਰਾਜਸੀ ਧਿਰ ਆਪਣੇ ਮਤਲਬ ਲਈ ਲੋਕਾਂ ਵਿਚ ਫੁੱਟ ਪੁਆ ਕੇ ਲੜਾ ਸਕਦੀ ਹੈ ਪਰ ਜੇਕਰ ਕੋਈ ਵਿਰੋਧੀ ਦੇਸ਼ ਹਮਲਾ ਕਰ ਦੇਵੇ ਤਾਂ ਵੀ ਜਨਤਾ ਨੂੰ ਹੀ ਮੋਹਰਾ ਬਣਾਇਆ ਜਾਂਦਾ ਹੈ। ਰਾਜਨੇਤਾ ਆਪ ਤਾਂ ਬਸ ਖੜ ਕੇ ਤਮਾਸ਼ਾ ਵੇਖਣ ਵਾਲੇ ਹੁੰਦੇ ਹਨ। ਦੇਸ਼ ਕੌਮ ਲਈ ਜਾਨਾਂ ਵਾਰਨਾਂ ਇਹਨਾਂ ਦੇ ਵੱਸ ਦੀ ਗੱਲ ਨਹੀਂ ਹੈ।

ਉਹ ਆਪਣੀ ਜਾਨ ਦੀ ਬਾਜ਼ੀ ਲਗਾਵੇ, ਕੌਮ ਦੀ ਖ਼ਾਤਿਰ!

ਮੇਰੀ ਸਰਕਾਰ ਵਿਚ ਏਨੀ ਲਿਆਕਤ ਹੋ ਨਹੀਂ ਸਕਦੀ।

(ਚੁੱਪ ਦੇ ਖ਼ਿਲਾਫ਼ 41)

ਸਤੀਸ਼ ਗੁਲਾਟੀ ਅਜੋਕੀ ਰਾਜਨੀਤੀ ਬਾਰੇ ਆਪਣੇ ਵਿਚਾਰ ਦਿੰਦਾ ਹੈ ਕਿ ਅਜੋਕੇ ਰਾਜਨੀਤੀਵਾਨ ਲੋਕਾਂ ਦਾ ਖੁੱਲੇਆਮ ਸ਼ੋਸ਼ਣ ਕਰ ਰਹੇ ਹਨ। ਉਹਨਾਂ ਦਾ ਮੁੱਖ ਕੰਮ ਲੋਕਾਂ ਤੋਂ ਵੋਟਾਂ ਹੱਥਿਆ ਕੇ ਕੁਰਸੀ ਲੈਣੀ ਹੈ। ਇਸ ਕੰਮ ਲਈ ਉਹ ਹਰ ਰਾਹ ਅਖ਼ਤਿਆਰ ਕਰਨ ਤੋਂ ਵੀ ਨਹੀਂ ਝਿਜਕਦੇ। ਅਜੋਕੀ ਪੀੜੀ ਨੂੰ ਸ਼ਰਾਬ, ਚਿੱਟਾ ਆਦਿ ਦਾ ਲਾਲਚ ਦੇ ਕੇ ਵਰਗਲਾਇਆ ਜਾ ਇਹਾ ਹੈ। ਅਜੋਕੀ ਰਾਜਨੀਤੀ ਆਪਣੇ ਮਤਲਬ ਲਈ ਲੋਕਾਂ ਨੂੰ ਭਰਮਾ ਰਹੀ ਹੈ। ਜਦੋਂ ਉਹਨਾਂ ਦਾ ਮਤਲਬ ਪੂਰਾ ਹੋ ਜਾਂਦਾ ਹੈ ਤਾਂ ਉਹ ਜਨਤਾ ਦਾ ਪੂਰਾ ਸ਼ੋਸ਼ਣ ਕਰਦੀ ਹੈ। ਜੋ ਵੋਟਾਂ ਤੋਂ ਪਹਿਲਾਂ ਕੁੱਝ ਹੋਰ ਹੁੰਦੇ ਹਨ ਅਤੇ ਵੋਟਾਂ ਤੋਂ ਮਗਰੋਂ ਪੂਰੀ ਤਰ੍ਹਾਂ ਨਾਲ ਬਦਲ ਜਾਂਦੇ ਹਨ।

ਅਜੀਬ ਲੋਕ ਨੇ ਹਰ ਸ਼ੈਅ ਨੂੰ ਨਿਗਲ ਜਾਂਦੇ ਨੇ

ਜਦੋਂ ਵੀ ਸੱਤਾ ਬਦਲਦੀ ਹੈ ਬਦਲ ਜਾਂਦੇ ਨੇ।

(ਚੁੱਪ ਜਿਹਾ ਸੰਵਾਦ 15)

ਸਤੀਸ਼ ਗੁਲਾਟੀ ਅਜੋਕੀ ਸਿਆਸਤ ਬਾਰੇ ਲ਼ਿਖਦੇ ਹਨ ਕਿ ਲੋਕ ਰਾਜਨੇਤਾਵਾਂ ਤੋਂ ਦੁਖੀ ਹੋਏ ਫਿਰਦੇ ਹਨ। ਪੰਜ ਸਾਲਾਂ ਬਾਅਦ ਆਉਣ ਵਾਲੀਆਂ ਵੋਟਾਂ ਲੋਕਾਂ ਦੇ ਮਨਾਂ ਅੰਦਰ ਨਵੀਂ ਆਸ ਜਗਾਉਂਦੀਆਂ ਹਨ। ਨਵੀਂ ਆਸ ਦੇ ਜਾਗਣ ਨਾਲ ਉਹ ਕਈ ਤਰ੍ਹਾਂ ਦੇ ਨਵੇਂ ਅਤੇ ਸਮਾਜਪੱਖੀ ਬਦਲਾਅ ਦੀ ਆਸ ਰੱਖਣ ਲੱਗ ਪੈਂਦੇ ਹਨ।

ਸਿਆਸਤ ਦੀ ਅਨੋਖੀ ਕਾਰਵਾਈ ਨੇ ਮਨਾਂ ਅੰਦਰ,

ਨਵੀਂ ਮਨਸ਼ਾ ਜਗਾਈ, ਸ਼ਖ਼ਸ ਮੋਹਤਬਰ ਬਣਾ ਦਿੱਤੇ।

(ਚੁੱਪ ਜਿਹਾ ਸੰਵਾਦ 40)

ਜਦੋਂ ਲੋਟੂ ਨੇਤਾਵਾਂ ਦੀਆਂ ਦਰਿੰਦਗੀਆਂ ਬਰਦਾਸ਼ਤ ਤੋਂ ਬਾਹਰ ਹੋ ਜਾਂਦੀਆਂ ਹਨ ਤਾਂ ਲੋਕ ਸੜਕਾਂ ’ਤੇ ਆ ਕੇ ਪ੍ਰਦਰਸ਼ਨ ਵੀ ਕਰਨਾ ਸ਼ੁਰੂ ਕਰ ਦਿੰਦੇ ਹਨ। ਉਹਨਾਂ ਕਾਰਨ ਹੜਤਾਲਾਂ, ਕਰਫ਼ਿਊ ਵਰਗੇ ਹਾਲਾਤ ਪੈਦਾ ਹੋ ਜਾਂਦੇ ਹਨ। ਨੇਤਾਵਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜਿਹੜੀ ਜਨਤਾ ਉਹਨਾਂ ਨੂੰ ਆਪਣਾ ਕੀਮਤੀ ਵੋਟ ਦੇ ਕੇ ਕੁਰਸੀ ’ਤੇ ਬਿਠਾ ਸਕਦੀ ਹੈ ਤਾਂ ਇਕ ਦਿਨ ਉਹੀ ਜਨਤਾ ਉਹਨਾਂ ਨੂੰ ਕੁਰਸੀ ਤੋਂ ਲਾਹ ਦੇਣ ਦੀ ਵੀ ਸਮਰੱਥਾ ਰੱਖਦੀ ਹੈ।

ਜੇ ਬਿਠਾ ਦਿੱਤਾ ਹੈ ਤਖ਼ਤ ’ਤੇ ਨਾ ਕਰ ਗੁਮਾਨ,

ਯਾਦ ਰੱਖ! ਇਸ ਤਖ਼ਤ ਉਤੋਂ ਵੀ ਉਤਾਰੇਗਾ ਸਮਾਜ।

(ਚੁੱਪ ਦੇ ਖ਼ਿਲਾਫ਼ 40)

ਪੰਜਾਬੀ ਗ਼ਜ਼ਲਕਾਰ ਸਤੀਸ਼ਗੁਲਾਟੀ ਆਪਣੀ ਗ਼ਜ਼ਲ ਦੇ ਬਹੁਤ ਖ਼ੂਬਸੂਰਤ ਸ਼ਿਅਰ ਰਾਹੀਂ ਬਿਆਨ ਕਰਦਾ ਹੈ ਕਿ ਨੇਤਾ ਲੋਕ ਝੂਠੇ ਲਾਰਿਆਂ ਨਾਲ ਲੋਕਾਂ ਦੇ ਜਜ਼ਬਾਤਾਂ ਨਾਲ ਖੇਡਦੇ ਹਨ ਪਰ ਜਦ ਲੋਕ ਇਨ੍ਹਾਂ ਤੋਂ ਦੁਖੀ ਹੋਏ ਆਪਣੇ ਹੱਕ ਖੋਂਹਦੇ ਹਨ ਤਾਂ ਨੇਤਾਵਾਂ ਦੀ ਹਾਲਤ ਢਿੱਲੀ ਪੈ ਜਾਂਦੀ ਹੈ। ਜਦੋਂ ਲੀਡਰਾਂ ਦੇ ਕਹਿਰ ਤੋਂ ਤੰਗ ਆਏ ਲੋਕ ਬਗਾਵਤ ਕਰ ਦਿੰਦੇ ਹਨ ਤਾਂ ਨੇਤਾਵਾਂ ਦੇ ਸਭ ਐਸ਼ ਆਰਾਮ ਖ਼ਤਮ ਹੋ ਜਾਂਦੇ ਹਨ ਅਤੇ ਉਹਨਾਂ ਦੀਆਂ ਗੱਡੀਆਂ ਤੇ ਲੱਗੇ ਸਭ ਹੂਟਰ ਲਹਿ ਜਾਂਦੇ ਹਨ ਭਾਵ ਜਨਤਾ ਉਸ ਲੀਡਰ ਨੂੰ ਆਪਣਾ ਆਗੂ ਮੰਨਣ ਤੋਂ ਇਨਕਾਰੀ ਹੋ ਜਾਂਦੀ ਹੈ ਜਿਹੜਾ ਉਹਨਾਂ ਨੂੰ ਮਹਿੰਗਾਈਅਤੇ ਭੁੱਖਮਰੀ ਤੋਂ ਨਿਜਾਤ ਨਹੀਂ ਦੁਆਉਂਦਾ। ਜਿਹੜੇ ਸਿਆਸੀ ਲੀਡਰ ਕਾਰਪੋਰੇਟ ਘਰਾਣਿਆਂ ਦੀ ਆੜ ਲੈ ਕੇ ਸੱਤਾ ਵਿਚ ਆਉਂਦੇ ਹਨ ਤਾਂ ਜਦੋਂ ਜਨਤਾਇਨ੍ਹਾਂ ਦੀ ਅਸਲੀਅਤ ਤੋਂ ਜਾਣੂ ਹੋ ਜਾਂਦੀ ਹੈ ਤਾਂ ਉਹ ਇਨ੍ਹਾਂ ਨੂੰ ਥੱਲੇ ਲਾਉਣ ਦਾ ਦਮ ਵੀ ਰੱਖਦੀ ਹੈ।

ਜਦ ਸੱਤਾ ਦੀ ਚਾਬੀ ਲੋਕਾਂ ਹੱਥ ਆਉਂਦੀ ਹੈ,

ਕਾਰਾਂ-ਕੂਰਾਂ ਤੋਂ ਲਹਿ ਜਾਂਦੇ ਹੂਟਰ-ਹਾਟਰ ਸਭ।

(ਚੁੱਪ ਜਿਹਾ ਸੰਵਾਦ 78)

ਰਾਜਨੇਤਾ ਵੋਟਾਂ ਦੀ ਖ਼ਾਤਿਰ ਕਿਸੇ ਵੀ ਹੱਦ ਤਕ ਜਾ ਸਕਦੇ ਹਨ। ਉਹ ਜਿੱਤ ਤੋਂ ਮਗਰੋਂ ਆਪਣੇ ਅਹੁਦਿਆਂ ’ਤੇ ਪਹੁੰਚ ਕੇ ਜਨਤਾ ਨਾਲ ਕੀਤੇ ਸਭ ਵਾਦੇ ਭੁੱਲ ਜਾਂਦੇ ਹਨ ਅਤੇ ਜਨਤਾ ਨੂੰ ਲੁੱਟਣ ਦੀਆਂ ਨਵੀਆਂ ਸਕੀਮਾਂ ਵਿਚ ਜੁੱਟ ਜਾਂਦੇ ਹਨ। ਇਹ ਲੋਕ ਤਾਂ ਪੈਸੇ ਲਈ ਰਿਸ਼ਵਤ ਲੈਣ ਤੋਂ ਵੀ ਨਹੀਂ ਝਿਜਕਦੇ। ਜਿੰਨ੍ਹਾਂ ਦਾ ਇੰਨਾ ਨਾਮ ਵੀ ਹੁੰਦਾ ਹੈ ਉਹ ਵੀ ਸਰਕਾਰੀ ਅਧਿਕਾਰੀ ਕਿਸੇ ਦਾ ਕੋਈ ਸਰਕਾਰੀ ਕੰਮ ਜਾਂ ਫਿਰ ਕੋਈ ਵੀ ਰੁਕਿਆ ਕੰਮ ਕਰਵਾਉਣ ਬਦਲੇ ਛੋਟੀ ਰਕਮ ’ਤੇ ਹੀ ਆਪਣਾ ਈਮਾਨ ਤਕ ਵੇਚਣ ਲਈ ਤਿਆਰ ਹੋ ਜਾਂਦੇ ਹਨ। ਸਤੀਸ਼ ਗੁਲਾਟੀ ਵਰਗੇ ਗ਼ਜ਼ਲਕਾਰ ਉਹਨਾਂ ਭ੍ਰਿਸ਼ਟ ਨੇਤਾਵਾਂ ਦੀਆਂ ਇੰਨਾਂ ਕਰਤੂਤਾਂ ਨੂੰ ਕਲਮਬੱਧ ਕਰਦੇ ਹਨ।

ਭਵਨ ਦੇ ਅੰਦਰ ਬਣ ਰਹੇ ਰੋਜ਼ ਨਵੇਂ ਗਠਜੋੜ,

ਪਿੱਪਲ ਕਰਦਾ ਜਾਪਦਾ ਚੁੱਪ ਜਿਹਾ ਸੰਵਾਦ।

ਵੱਡੇ ਵੱਡੇ ਨਾਮ ਹਨ ਛੋਟੀ ਛੋਟੀ ਲੋੜ,

ਅਹੁਦੇ ਖ਼ਾਤਰ ਮੰਗਦੇ ਕੁਝ ਨਾ ਕੁਝ ਇਮਦਾਦ।

(ਚੁੱਪ ਜਿਹਾ ਸੰਵਾਦ 83)

ਆਮ ਜਨਤਾ ਲੋਟੂ ਸਰਕਾਰ ਤੋਂ ਦੁਖੀ ਹੁੰਦੇ ਹੋਏ ਵੀ ਸਭ ਕੁੱਝ ਸਹਿਣ ਕਰ ਰਹੀ ਹੈ ਕਿਉਂ ਕਿ ਸਾਰੀਆਂ ਧਿਰਾਂ ਇਕ ਸਮਾਨ ਹੀ ਹਨ। ਜੇਕਰ ਇਕ ਨੂੰ ਗੱਦੀ ਤੋਂ ਲਾਹ ਕੇ ਦੂਜੀ ਨੂੰ ਬਿਠਾਇਆ ਜਾਵੇਗਾ ਤਾਂ ਦੂਜੀ ਨੇ ਵੀ ਤਾਂ ਉਹੀ ਲੁੱਟ ਮਚਾਉਣੀ ਹੈ ਜੋ ਪਹਿਲੀ ਧਿਰ ਕਰ ਰਹੀ ਹੈ। ਇਹ ਭਾਵੇਂ ਵੇਖਣ ਨੂੰ ਇਕ ਦੂਜੇ ਦੇ ਵਿਰੋਧੀ ਹਨ ਪਰ ਵਿਚੋਂ ਸਭ ਇਕ ਹੀ ਹਨ। ਇਹਨਾਂ ਲੋਕਾਂ ਦਾ ਤਾਂ ਹਰ ਦਿਨ, ਨਵੀਂ ਸਵੇਰ ਖੁਸ਼ੀਆਂ ਲੈ ਕੇ ਆਉਂਦੀ ਹੈ ਪਰ ਆਮ ਜਨਤਾ ਲਈ ਤਾਂ ਨਵੀਂ ਸਵੇਰ ਦਾ ਸੂਰਜ ਉਹ ਹੋਵੇਗਾ ਜੋ ਲੋਕਾਂ ਦੇ ਹਿੱਤਾਂ ਨੂੰ ਲੈ ਕੇ ਉਹਨਾਂ ਦਰ ਆਵੇਗਾ।

ਸੱਤਾਵਾਨਾਂ ਦੇ ਲਈ ਦਿਨ ਚੜ੍ਹਦੈ ਹਰ ਰੋਜ਼,

ਲੋਕਾਂ ਦੇ ਲਈ ਪਰ ਅਜੇ ਹੋਈ ਨਾ ਪਰਭਾਤ।

(ਚੁੱਪ ਜਿਹਾ ਸੰਵਾਦ 95)

ਗ਼ਜ਼ਲਗੋ ਜਗਵਿੰਦਰ ਜੋਧਾ ਦੀਆਂ ਗ਼ਜ਼ਲਾਂ ਰਾਜਸੀ ਮੁੱਦਿਆਂ ਨੂੰ ਬਾਖ਼ੂਬੀ ਦਰਸਾਉਂਦੀਆਂ ਹਨ। ਗ਼ਜ਼ਲਕਾਰ ਲੋਕਾਂ ਦੇ ਦਰਦ ਨੂੰ ਆਪਣੀਆਂ ਗ਼ਜ਼ਲਾਂ ਵਿਚ ਬਿਆਨ ਕਰਦਾ ਹੈ ਕਿ ਲੋਕ ਪਹਿਲੇ ਨੇਤਾ ਤੋਂ ਪੰਜ ਸਾਲ ਬਹੁਤ ਜ਼ਿਆਦਾ ਦੁਖੀ ਹੋਏ ਹੁੰਦੇ ਹਨ ਕਿ ਉਹਨਾਂ ਨੂੰ ਵੋਟਾਂ ਵੇਲੇ ਨਵੇਂ ਆਗੂ ਦੀ ਆਸ ਹੁੰਦੀ ਹੈ।

ਜੇ ਫੁੱਲਾਂ ਨਾਲ ਇਕ ਵਾਰੀ ਇਹ ਪੋਟੇ ਸੜੇ ਨਾ ਹੁੰਦੇ

ਤੇਰੇ ਹੱਥੋਂ ਅੰਗਿਆਰ ਵੀ ਅਸੀਂ ਹੱਸ ਕੇ ਫੜੇ ਹੁੰਦੇ।

(ਸਾਰੰਗੀ 17)

ਜਗਵਿੰਦਰ ਜੋਧਾ ਆਪਣੀ ਗ਼ਜ਼ਲ ਦੇ ਸ਼ਿਅਰ ਰਾਹੀਂ ਇਹ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਦੇਸ਼ ਵਿਚ ਦੰਗਿਆਂ ਦਾ ਕਾਰਨ ਨੇਤਾਵਾਂ ਦੀ ਆਪਸੀ ਰੰਜਿਸ਼ ਹੁੰਦੀ ਹੈ ਅਤੇ ਇਸ ਵਿਚ ਆਮ ਜਨਤਾ ਦਾ ਬਹੁਤ ਨੁਕਸਾਨ ਹੋ ਜਾਂਦਾ ਹੈ। ਇਹਨਾਂ ਦੰਗਿਆਂ ਨੂੰ ਭੜਕਾਉਣ ਵਾਲੇ ਉਹ ਆਗੂ ਹੁੰਦੇ ਹਨ ਜੋ ਧਰਮ ਦੀ ਆੜ ਲੈ ਕੇ ਮੋਹਰੀ ਬਣੇ ਹੁੰਦੇ ਹਨ ਅਤੇ ਆਪਣੇ ਪਿਆਦਿਆਂਰਾਹੀਂ ਇਹ ਦੰਗੇ-ਫ਼ਸਾਦ ਕਰਵਾ ਕੇ ਤਮਾਸ਼ਾ ਵੇਖਦੇ ਹਨ ਉਲਟਾ ਉਹਨਾਂ ਪਿਆਦਿਆਂ ਦਾ ਹੀ

ਜਾਨੀ-ਮਾਲੀਨੁਕਸਾਨ ਹੁੰਦਾ ਹੈ ਜਿਹੜੇ ਆਪਣੇ ਆਗੂਆਂ ਦੀ ਛਤਰ ਛਾਇਆ ਹੇਠ ਇਨ੍ਹਾਂ ਬੁਰੇ ਕੰਮਾਂ ਨੂੰਅੰਜਾਮ ਦਿੰਦੇ ਹਨ।

ਇਹ ਕੈਸੀ ਸ਼ਤਰੰਜ ਕਿ ਜਦ ਵੀ

ਬਾਜ਼ੀ ਖ਼ਤਰੇ ਵਿਚ ਪੈਂਦੀ ਹੈ,

ਵਾਰੇ ਜਾਂਦੇ ਇਕ-ਦੋ ਪਿਆਦੇ

ਰਾਜੇ-ਰਾਣੀ ਖ਼ਾਤਰ ਮੌਲਾ।

(ਸਾਰੰਗੀ 33)

ਪੰਜਾਬੀ ਗ਼ਜ਼ਲਕਾਰਾ ਸੁਖਵਿੰਦਰ ਅੰਮ੍ਰਿਤ ਆਪਣੀਆਂ ਗ਼ਜ਼ਲਾਂ ਰਾਹੀਂ ਅਜੋਕੀ ਰਾਜਨੀਤੀ ਬਾਰੇ ਲਿਖਦੇ ਹਨ।ਰਾਜ ਨੇਤਾਵਾਂ ਵਲੋਂ ਜਨਤਾ ਨੂੰ ਕੋਮਲ ਜ਼ੰਜੀਰਾਂ ਨਾਲ ਬੰਨਿਆ ਜਾ ਰਿਹਾ ਹੈ ਭਾਵ ਮਿੱਠੀਆਂ ਗੱਲਾਂ ਵਿਚ ਲਿਆ ਜਾਂਦਾ ਹੈ। ਲੋਕਾਂ ਨੂੰ ਉਹਨਾਂ ਦੁਆਰਾ ਦਿੱਤੀ ਸਜ਼ਾ ਦਾ ਕੋਈ ਅਸਰ ਨਹੀਂ ਹੁੰਦਾ ਕਿਉਂ ਕਿ ਉਹ ਸਜ਼ਾ ਮਨਮੋਹਕ ਤਰੀਕੇ ਨਾਲ ਦਿੱਤੀ ਜਾਂਦੀ ਹੈ। ਜਿਸ ਵਿਚੋਂ ਨਿਕਲਣ ਲਈ ਕਿਸੇ ਤਰ੍ਹਾਂ ਦੀ ਕੋਈ ਇੱਛਾ ਨਹੀਂ ਕੀਤੀ ਜਾਂਦੀ।

ਇਨ੍ਹਾਂ ਕੋਮਲ ਜ਼ੰਜੀਰਾਂ ਨਾਲ ਕੋਈ ਰੰਜਿਸ਼ ਨਹੀਂ ਹੁੰਦੀ

ਮੈਂ ਐਸੀ ਕੈਦ ਵਿਚ ਹਾਂ ਮੁਕਤੀ ਦੀ ਖ਼ਾਹਿਸ਼ ਨਹੀਂ ਹੁੰਦੀ।

(ਪੁੰਨਿਆਂ 59)

ਪਰਵਾਸੀ ਗ਼ਜ਼ਲਗੋ ਅਜ਼ੀਮ ਸ਼ੇਖਰ ਆਪਣੀਆਂ ਗ਼ਜ਼ਲਾਂ ਵਿਚ ਲੀਡਰਾਂ ਦੇ ਪਾਜ ਉਘਾੜਦੇ ਹਨ। ਲੀਡਰ ਵੋਟਾਂ ਤੋਂ ਪਹਿਲਾਂ ਆਪਣੇ ਬੋਲ ਬਦਲਣੇ ਸਿਖ ਜਾਂਦੇ ਹਨ ਅਤੇ ਆਪਣੇ ਚਿਹਰਿਆਂ ਤੇ ਚੰਗੇਪਨ ਦੇ ਨਕਾਬ ਚੜਾਉਣ ਵਿਚ ਮਾਹਿਰ ਹੋ ਜਾਂਦੇ ਹਨ।

ਹਵਾ ਹੁਣ ਵਗਣ ਤੋਂ ਪਹਿਲਾਂ ਬਦਲਦੀ ਹੈ ਬੜੇ ਚਿਹਰੇ

ਸ਼ਨਾਖ਼ਤ ਭਾਲਣੀ ਚਾਹੇ ਉਹ ਬੇਰੰਗ ਮੌਸਮਾਂ ਵਿਚੋਂ।

(ਹਵਾ ਨਾਲ ਖੁੱਲ੍ਹਦੇ ਬੂਹੇ 89)

ਸੁਰਿੰਦਰ ਸੀਰਤ ਗ਼ਜ਼ਲ ਦੇ ਸ਼ਿਅਰ ਰਾਹੀਂ ਲਿਖਦੇ ਹਨ ਕਿ ਸੱਚ ਨੂੰ ਰਾਜਸੀ ਲੋਕ ਮੈਲਾ ਕਰ ਰਹੇ ਹਨ। ਮਨੁੱਖ ਦੀ ਅੰਦਰਲੀ ਆਤਮਾ ਇਸ ਸੁਧਾਰ ਲਈ ਦੁਹਾਈ ਦੇ ਰਹੀ ਹੈ। ਜਿਹੜੇ ਲੋਕਾਂ ਦੇ ਹਿਤਾਂ ਦੀਆਂ ਗੱਲਾਂ ਕਰ ਰਹੇ ਹਨ ਉਹੀ ਲੋਕ ਅੰਦਰ ਖਾਤੇ ਸਰਮਾਏਦਾਰਾਂ ਨਾਲ ਕੋਝੀਆਂ ਸਾਜਿਸ਼ਾਂ ਵਿਚ ਰਲੇ ਹੋਏ ਹਨ।

ਸਤਿ ਨੂੰ ਸੱਤਾ ਰਹੀ ਕਰਦੀ ਮਲੀਨ

ਹੋਂਦ ਮੇਰੀ ਕਰਦੀ ਰਹਿ ਗਈ ਪੁਕਾਰ

ਪਲ ਰਹੇ ਸਰਮਾਏਦਾਰੀ ਦੇ ਘਰੀਂ

ਜੋ ਬਣੇ ਹਨ ਲੋਕ ਹਿੱਤ ਦੇ ਦਾਅਵੇਦਾਰ।

(ਅਰੂਪੇ ਅੱਖਰਾਂ ਦਾ ਅਕਸ 45)

ਲੀਡਰ ਚੋਣਾਂ ਦੇ ਦਿਨਾਂ ਵਿਚ ਲੋਕਾਂ ਨੂੰ ਦਿਹਾੜੀ ਤੇ ਲੈ ਕੇ ਵੋਟਾਂ ਦੀਆਂ ਮੰਗਾਂ ਕਰ ਰਹੇ ਹਨ। ਉਹ ਦਿਹਾੜੀਦਾਰ ਲੋਕ ਧੁੱਪ-ਛਾਂ ਅਤੇ ਮੀਂਹ-ਹਨੇਰੀ ਵਿਚ ਬੇਚਾਰੇ ਨੰਗੇ ਪੈਰੀਂ ਲੀਡਰਾਂ ਦੀਆਂ ਉਂਗਲਾਂ ਤੇ ਨੱਚ ਰਹੇ ਹਨ। ਇਹ ਰਾਜਨੀਤੀ ਦੀ ਖੇਡ ਹੀ ਹੈ ਜਿਸ ਵਿਚ ਮਾਸੂਮ ਲੋਕ ਮਰ ਰਹੇ ਹਨ ਭਾਵ ਲੀਡਰਾਂ ਹੱਥੋਂ ਲੁੱਟੇ ਜਾ ਰਹੇ ਹਨ।

ਧੁੱਪ ਛਾਂ ਹੇਠ ਤੁਰੇ ਨੰਗੇ ਬਦਨ

ਸੀਤ ਲਹਿਰਾਂ 'ਚ ਨੇ ਜਜ਼ਬਾਤ ਠਰਨ

ਖੇਡ ਹੁੰਦੀ ਏ ਸਿਆਸਤ ਦੀ ਹਮੇਸ਼ਾ

ਲ਼ੋਕ ਮਾਸੂਮ ਨਿਹੱਥੇ ਈ ਮਰਨ।

(ਅਰੂਪੇ ਅੱਖਰਾਂ ਦਾ ਅਕਸ 47)

ਪਰਵਾਸੀ ਗ਼ਜ਼ਲਕਾਰ ਨੇ ਰਾਜਨੀਤੀ ਦੇ ਪੱਖ ਨੂੰ ਆਪਣੀਆਂ ਗ਼ਜ਼ਲਾਂ ਰਾਹੀਂ ਪੇਸ਼ ਕੀਤਾ ਹੈ। ਦੇਸ਼ ਦੀਆਂ ਸਰਕਾਰਾਂ ਜਨਤਾ ਦੇ ਦਿਲਾਂ ਅਤੇ ਅਰਮਾਨਾਂ ਨਾਲ ਖੇਡ ਰਹੀ ਹੈ। ਉਹ ਜਨਤਾ ਨੂੰ ਨਿਸ਼ਾਨਾ ਬਣਾ ਕੇ ਆਪਣੀਆਂ ਕੋਝੀਆਂ ਚਾਲਾਂ ਨੂੰ ਅੰਜਾਮ ਦੇ ਰਹੇ ਹਨ। ਹੁਣ ਲੋੜ ਹੈ ਦੇਸ਼ ਦੀ ਜਨਤਾ ਨੂੰ ਇਕ ਜੁੱਟ ਹੋਣ ਦੀ ਤਾਂ ਜੋ ਸਰਕਾਰਾਂ ਉਹਨਾਂ ਦਾ ਫ਼ਾਇਦਾ ਨਾ ਚੁੱਕ ਸਕਣ।

ਬੜੀ ਸੇਕੀ ਹੈ ਸਰਕਾਰਾਂ ਨੇ ਅੱਗ ਸਾਡੇ ਅਰਮਾਨਾਂ ਦੀ

ਸਤਾਰਾਂ ਅੰਦਰ ਅਸੀਂ ਨਾ ਐਂਵੇਂ ਕੱਖਾਂ ਵਾਂਗਰ ਬਲੀਏ।

(ਅਰੂਪੇ ਅੱਖਰਾਂ ਦਾ ਅਕਸ 15)

ਭਾਰਤ ਦੇਸ਼ ਦੀ ਰਾਜਨੀਤੀ ਦੇ ਤਾਂ ਇਹੋ ਜਿਹੇ ਹਾਲਾਤ ਨੇ ਕਿ ਇੱਥੇ ਦੇਸ਼ ਦੇ ਰਖਵਾਲੇ ਹੀ ਦੇਸ਼ ਨੂੰ ਲੁੱਟਣ ਵਿਚ ਲੱਗੇ ਹੋਏ ਹਨ। ਜੇ ਕਰ ਇਹੀ ਹਾਲ ਰਿਹਾ ਤਾਂ ਦੇਸ਼ ਨੂੰ ਦੇਸ਼ ਤੋਂ ਬਾਹਰਲੇ ਚੋਰਾਂ ਦਾ ਤਾਂ ਕੋਈ ਖ਼ਤਰਾ ਨਹੀਂ ਹੋਣਾ ਪਰ ਦੇਸ਼ ਦੇ ਆਗੂ ਹੀ ਜੋ ਚੋਰ, ਠੱਗ ਬਣੀ ਜਨਤਾ ਨੂੰ ਲੁੱਟੀ ਜਾਂਦੇ ਹਨ। ਉਹਨਾਂ ਤੋਂ ਹੀ ਦੇਸ਼ ਨੂੰ ਸਭ ਤੋਂ ਜ਼ਿਆਦਾ ਖ਼ਤਰਾ ਹੈ।

ਖਾਣ ਲੱਗੇ ਜਦ ਵਾੜ ਖੇਤ ਨੂੰ ਕੌਣ ਕਰੂ ਰਖ਼ਵਾਲੀ ਫ਼ਿਰ

ਲ਼ੁੱਟੀ ਜਾਂਦੇ ਆਪਣੇ ਹੀ ਲੋੜ ਨਹੀਂ ਕੋਈ ਚੋਰਾਂ ਦੀ।

(ਅਰੂਪੇ ਅੱਖਰਾਂ ਦਾ ਅਕਸ 34)

ਮੌਜੂਦਾ ਦੇਸ਼ ਦੀ ਸਰਕਾਰ ਹੋਵੇ ਚਾਹੇ ਪਹਿਲਾਂ ਵਾਲੀ ਸਰਕਾਰ ਹੋਵੇ ਸਾਰੇ ਹੀ ਜਨਤਾ ਨੂੰ ਲੁੱਟ ਕੇ ਖਾਣ ਵਿਚ ਕੋਈ ਕਸਰ ਨਹੀਂ ਛੱਡਦੇ। ਇਸ ਬਾਰੇ ਪਰਵਾਸੀ ਗ਼ਜ਼ਲਕਾਰ ਅਜ਼ੀਮ ਸ਼ੇਖਰ ਲਿਖਦੇ ਹਨ ਕਿ

ਬੋਟ ਤੇ ਆਂਡੇ ਸਦਾ ਹੀ ਖਾਂਦੇ ਚੁਣ ਚੁਣ ਕੇ ਸਰਕਾਰਾਂ

ਉਜੜੇ ਆਲਣਿਆਂ ਦੇ ਅੰਦਰ ਅੱਗ ਨਾ ਹੱਥੀਂ ਧਰਿਉ।

(ਹਵਾ ਨਾਲ ਖੁੱਲਦੇ ਬੂਹੇ 39)

ਅਜੋਕੀ ਰਾਜਨੀਤੀ ਦਾ ਅਜੋਕਾ ਸਿਸਟਮ ਇਹ ਹੈ ਕਿ ਹਰ ਇਕ ਨੇਤਾ, ਅਫ਼ਸਰ ਭ੍ਰਿਸ਼ਟ ਹੋਇਆ ਪਇਆ ਹੈ। ਹਰ ਇਕ ਦੇ ਦਿਲ ਵਿਚ ਬੇਇਮਾਨੀ, ਲਾਲਚ, ਠੱਗੀ ਵਸੀ ਹੋਈ ਹੈ। ਇਸ ਤਰ੍ਹਾਂ ਦੇ ਹਾਲਾਤ ਵਿਚ ਦੇਸ਼ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ ਜਿੱਥੇ ਮੁੱਖ ਆਗੂ ਹੀ ਕਾਤਿਲ ਹੋਵੇ ਉੱਥੇ ਇਨਸਾਫ਼ ਦੀ ਉਮੀਦ ਕਿਸ ਤੋਂ ਰਖੀ ਜਾਵੇ।

ਬੇਈਮਾਨੀ ਤੇ ਮੱਕਾਰੀ ਅੰਦਰ ਕਿਦਾਂ ਹੱਕ ਇਨਸਾਫ਼ ਮਿਲੂ

ਮੁਨਸਿਫ਼ ਜਿੱਥੇ ਕਾਤਿਲ ਹੈ ਉੱਥੇ ਸੱਚ ਸੁਣਾਉਣੇ ਔਖੇ ਨੇ।

(ਹਵਾ ਨਾਲ ਖੁੱਲਦੇ ਬੂਹੇ 47)

ਦੇਸ਼ ਦੇ ਹਾਲਾਤ ਇਸ ਤੋਂ ਬੱਤਰ ਕੀ ਹੋਣਗੇ ਜਿੱਥੇ ਬਿਨਾਂ ਕਿਸੇ ਦੀ ਸੰਗ ਸ਼ਰਮ ਦੇ ਸ਼ਹੀਦਾਂ ਦੀਆਂ ਸ਼ਹੀਦੀਆਂ ਨੂੰ ਨਿਰਾਰਥਕ ਸਿੱਧ ਕੀਤਾ ਜਾ ਰਿਹਾ ਹੈ। ਅਜਿਹੇ ਭ੍ਰਿਸ਼ਟ ਅਤੇ ਆਪਣੀ ਜ਼ਮੀਰ ਵੇਚ ਕੇ ਖਾ ਜਾਣ ਵਾਲੇ ਲੋਕਾਂ ਤੋਂ ਆਪਣੇ ਈਮਾਨ ਦਾ ਬਚਾਅ ਕਰਨਾ ਮੁਸ਼ਕਿਲ ਹੋ ਜਾਂਦਾ ਹੈ।

ਜਿੱਥੇ ਵੇਚਿਆ ਜਾਂਦਾ ਹੈ ਸ਼ਰੇਆਮ ਹੀ ਕੱਫ਼ਨ ਸ਼ਹੀਦਾਂ ਦਾ

ਉਨ੍ਹਾਂ ਬੇਜ਼ਮੀਰ ਇਨਸਾਨਾਂ ਤੋਂ ਈਮਾਨ ਬਚਾਉਣੇ ਔਖੇ ਨੇ।

(*ਹਵਾ ਨਾਲ ਖੁੱਲ੍ਹਦੇ ਬੂਹੇ* 47)

ਪਰਵਾਸੀ ਗ਼ਜ਼ਲਕਾਰਾ ਸੁਰਜੀਤ ਸਖੀ ਆਪਣੀਆਂ ਗ਼ਜ਼ਲਾਂ ਵਿਚ ਰਾਜਨੀਤੀ ਰਾਹੀਂ ਲੋਕਾਂ ਨਾਲ ਹੁੰਦੇ ਅਨਿਆ ਨੂੰ ਆਪਣੀਆਂ ਗ਼ਜ਼ਲਾਂ ਵਿਚ ਪੇਸ਼ ਕਰਦੀ ਹੈ। ਨੇਤਾ ਆਪਣੀਆਂ ਵੋਟਾਂ ਲੈਣ ਦੀ ਖ਼ਾਤਿਰ ਰੈਲੀਆਂ ਕੱਢਦੇ ਹਨ ਅਤੇ ਮਜ਼ਦੂਰ ਲੋਕਾਂ ਨੂੰ ਕਈ ਤਰ੍ਹਾਂ ਦੇ ਲਾਲਚ ਦੇ ਕੇ ਵਿਰੋਧੀ ਪਾਰਟੀ ਸਾਹਵੇਂ ਉਹਨਾਂ ਦਾ ਇਕੱਠ ਵਿਖਾਉਂਦੇ ਹਨ। ਉਸ ਰੈਲੀ ਵਿਚ ਨੇਤਾ ਅਤੇ ਉਮੀਦਵਾਰ ਆਪਣੇ ਦਿਲ ਭਰਮਾਊ ਭਾਸ਼ਣਾਂ ਨਾਲ ਲੋਕਾਂ ਦਾ ਸਮਾਂ ਬਰਬਾਦ ਕਰਦੇ ਹਨ। ਉਸ ਇਕੱਠ ਵਿਚ ਧੁੱਪ ਵਿਚ ਬੈਠੇ ਲੋਕਾਂ ਦਾ ਭੁੱਖ ਅਤੇ ਗਰਮੀ ਨਾਲ ਬੁਰਾ ਹਾਲ ਹੋ ਜਾਂਦਾ ਹੈ ਅਤੇ ਪਰ ਭ੍ਰਿਸ਼ਟ ਨੇਤਾਵਾਂ ਨੂੰ ਇਹਨਾਂ ਚੀਜ਼ਾਂ ਨਾਲ ਕੋਈ ਫ਼ਰਕ ਨਹੀਂ ਪੈਂਦਾ। ਉਹਨਾਂ ਨੇ ਤਾਂ ਸਿਰਫ਼ ਆਪਣੀਆਂ ਵੋਟਾਂ ਹੀ ਲੈਣੀਆਂ ਹੁੰਦੀਆਂ ਹਨ।

ਗਰਮੀ ’ਚ ਧੁੱਪੇ ਬੈਠ ਕੇ ਭਾਸ਼ਣ ਉਹਨਾਂ ਦਾ ਸੁਣਦਿਆਂ

ਕਈਆਂ ਦਾ ਸਿਰ ਚਕਰਾ ਗਿਆ ਕਈਆਂ ਦਾ ਦਿਲ ਘਬਰਾ ਗਿਆ।

(*ਧੁੰਦ* 15)

ਇਹ ਲੋਕ ਵੋਟਾਂ ਲੈਣ ਲਈ ਗਲੀ-ਗਲੀ ਮੁਹੱਲੇ-ਮੁਹੱਲੇ ਵਿਚ ਹੱਥ ਜੋੜੀ ਗਲ ਵਿਚ ਫ਼ੂਲਾਂ ਦੇ ਹਾਰ ਪਾਈ ਤੁਰੇ ਫ਼ਿਰਦੇ ਹਨ। ਪਰ ਜਦ ਲੋਕਾਂ ਦਾ ਸਮਰਥਨ ਤੇ ਵੋਟਾਂ ਹਾਸਿਲ ਕਰ ਲੈਂਦੇ ਹਨ। ਉਦੋਂ ਹੀ ਇਨ੍ਹਾਂ ਦੀਆਂ ਨਿਗਾਹਾਂ ਬਦਲ ਜਾਂਦੀਆਂ ਹਨ। ਫਿਰ ਇਹ ਜਨਤਾ ਸਾਹਮਣੇ ਨੀਂਵੀਂ ਪਾ ਕੇ ਨਜ਼ਰਾਂ ਚੁਰਾ ਕੇ ਲੰਘ ਜਾਂਦੇ ਹਨ।

ਫੁੱਲਾਂ ਦੇ ਪਾ ਕੇ ਹਾਰ ਗ਼ਲ ਆਏ ਨੇ ਰਾਖੇ ਬਾਗ਼ ਦੇ

ਲਗਰਾਂ ਨੇ ਨੀਵੀਂ ਪਾ ਲਈ ਕਲੀਆਂ ’ਚ ਮਾਤਮ ਛਾ ਗਿਆ।

(*ਧੁੰਦ* 15)

ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਆਪਣੀ ਗ਼ਜ਼ਲਕਾਰੀ ਨਾਲ ਲੀਡਰਾਂ ਦੀਆਂ ਬਦਲਦੀਆਂ ਨਜ਼ਰਾਂ ਨੂੰ ਬਿਆਨ ਕਰਦੀ ਹੈ।ਅਜੋਕੀ ਰਾਜਨੀਤੀ ਉੱਤੇ ਕਰਾਰੀ ਚੋਟ ਕਰਦਿਆਂ ਪਾਕਿਸਤਾਨੀ ਗ਼ਜ਼ਲਕਾਰਾ ਕਹਿੰਦੀ ਹੈ ਕਿ ਭ੍ਰਿਸ਼ਟ ਨੇਤਾ ਵੋਟਾਂ ਦੀ ਖਾਤਿਰ ਲੋਕਾਂ ਨੂੰ ਅੱਛੇ ਦਿਨਾਂ ਦੀ ਆਸ ਲਗਾ ਦਿੰਦੇ ਹਨ ਜਦ ਵੋਟਾਂ ਮਿਲ ਜਾਂਦੀਆਂ ਹਨ ਤਾਂ ਅੱਖਾਂ ਫੇਰ ਲੰਘ ਜਾਂਦੇ ਹਨ।ਲੀਡਰਾਂ ਵਲੋਂ ਸੁੱਖ ਦੇ ਦਿਨ ਦਿਖਾਉਣਦੇ ਵਾਅਦੇ ਜਨਤਾ ਨਾਲ ਜੋ ਕੀਤੇ ਗਏ ਸਨ ਉਹ ਸਭ ਝੂਠੇ ਨਿਕਲੇ। ਹੁਣ ਲੀਡਰ ਜਨਤਾ ਕੋਲੋਂ ਨਜ਼ਰਾਂ ਬਚਾ ਕੇ ਲੰਘ ਜਾਂਦੇ ਹਨ।

ਦਿਨ ਬਦਲਣ ਦਾ ਵਾਅਦਾ ਸੀ

ਨਜ਼ਰਾਂ ਬਦਲੀ ਜਾਂਦੇ ਉਹ।

(*ਸ਼ੀਸ਼ਾ*34)

ਚਾਹੇ ਗੱਲ ਪੰਜਾਬ ਦੀ ਹੋਵੇ ਜਾਂ ਫਿਰ ਗੁਆਂਢੀ ਮੁਲਕ ਪਾਕਿਸਤਾਨ ਦੀ ਹਰ ਥਾਂ ਤੇ ਭ੍ਰਿਸ਼ਟ ਰਾਜਨੀਤੀ ਹੀ ਵੇਖਣ ਨੂੰ ਮਿਲਦੀ ਹੈ। ਇਸ ਸੰਦਰਭ ਵਿਚ ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਆਪਣੀ ਗ਼ਜ਼ਲ ਰਾਹੀਂ ਇਹ ਕਹਿਣਾ ਚਾਹੁੰਦੀ ਹੈ ਕਿ ਅੱਛੇ ਦਿਨ ਲੈ ਕੇ ਆਉਣ ਦਾ ਵਾਦਾ ਕਰ ਕੇ ਨੇਤਾ ਲੋਕ ਤਾਂ ਜਨਤਾ ਨਾਲ ਅੱਖ ਵੀ ਨਹੀਂ ਮਿਲਾਉਂਦੇ। ਇਹ ਕਿਹੋ ਜਿਹਾ ਬਦਲਾਅ ਹੈ? ਜਿੱਥੇ ਗਰੀਬ ਅੱਜ ਵੀ ਗਰੀਬੀ ਦੀ ਮਾਰ ਝੱਲ ਰਿਹਾ ਹੈ ਉਸ ਨੂੰ ਮਿਹਨਤ ਮਜ਼ਦੂਰੀ ਕਰ ਕੇ ਵੀ ਦੋ ਵਕਤ ਦੀ ਰੋਟੀ ਖਾਣ ਨੂੰ ਨਸੀਬ ਨਹੀਂ ਹੁੰਦੀ। ਇਹ ਕਿਹੋ ਜਿਹਾ ਬਦਲਾਅ ਹੈ ਜਿੱਥੇ ਧੀਆਂ ਭੈਣਾਂ ਦੀ ਇੱਜਤ ਨਾਲ ਖਿਲਵਾੜ ਕਰ ਕੇ ਵੀ ਮੁਜ਼ਰਿਮ ਸ਼ਰੇਆਮ ਘੁੰਮ ਰਿਹਾ ਹੈ। ਉਸ ਨੂੰ ਕੋਈ ਸਜ਼ਾ ਨਹੀਂ ਐਲਾਨੀ ਗਈ ਅਤੇ ਮਾਸੂਮਾਂ ਨੂੰ ਇੱਜਤ ਵੀ ਗਵਾਉਣੀ ਪੈਂਦੀ ਹੈਅਤੇ ਆਪਣੀ ਜ਼ਿੰਦਗੀ ਤੋਂ ਹੱਥ ਵੀ ਧੋਣੇ ਪੈਂਦੇ ਹਨ। ਇਹ ਕਿਹੋ ਜਿਹਾਬਦਲਾਅ ਹੈ ਜਿੱਥੇ ਇਕ ਜ਼ੁਰਮ ਦੀ ਸਜ਼ਾ ਦੇਣ ਲੱਗਿਆਂ ਪੰਜ ਸਾਲਾਂਦਾ ਸਮਾਂ ਲੱਗਦਾ ਹੈ ਜਾਂ ਕਈ ਵਾਰ ਤਾਂ ਪੂਰੀ ਜ਼ਿੰਦਗੀ ਮੁਜ਼ਰਿਮ ਨੂੰ ਸਜ਼ਾ ਨਹੀਂ ਮਿਲਦੀ। ਇਹ ਕੈਸਾਬਦਲਾਅ ਹੈ ਜਿੱਥੇ ਦੇਸ਼ ਦੇ ਨੌਜਵਾਨ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ ਅਤੇ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਇਸ ਬਾਰੇ ਗ਼ਜ਼ਲਕਾਰਾ ਤਾਹਿਰਾ ਸਰਾ ਲਿਖਦੇ ਹਨ:

ਇਹ ਕਿਹੜੀ ਤਬਦੀਲੀ ਏ

ਸ਼ਕਲਾਂ ਬਦਲੀ ਜਾਂਦੇ ਉਹ।

(*ਸ਼ੀਸ਼ਾ* 34)

ਖੋਜ-ਪ੍ਰਬੰਧ ਦੇ ਚੌਥੇ ਅਧਿਆਇ ਵਿਚ ਜਦੋਂ ਅਸੀਂ ਸਮਾਜ ਸ਼ਾਸਤਰੀ ਵਿਧੀ ਰਾਹੀਂ ਰਾਜਨੀਤੀ ਨੂੰ ਦੇਖਦੇ ਹਾਂ ਤਾਂ ਇਸ ਵਿਚ ਰਾਜਨੀਤੀ ਨਾਲ ਸਬੰਧਤ ਬਹੁਤ ਕੁੱਝ ਸਾਡੇ ਸਾਹਮਣੇ ਆਉਂਦਾ ਹੈ: ਜਿਵੇਂ ਭ੍ਰਿਸ਼ਟ ਰਾਜਸੀ ਵਰਤਾਰਾ, ਭ੍ਰਿਸ਼ਟਾਚਾਰ, ਵੋਟ ਬੈਂਕ, ਫ਼ਿਰਕਾਪ੍ਰਸਤੀ ਆਦਿ ਜਿਨ੍ਹਾਂ ਨੂੰ ਸਾਡੇ ਖੋਜ-ਪ੍ਰਬੰਧ ਨਾਲ ਸਬੰਧਤ ਗ਼ਜ਼ਲਗੋ ਆਪਣੀਆਂ ਗ਼ਜ਼ਲਾਂ ਰਾਹੀਂ ਪੇਸ਼ ਕਰਦੇ ਹਨ। ਉਹ ਆਪਣੀਆਂ ਗ਼ਜ਼ਲਾਂ ਵਿਚ ਵੱਡੇ ਉਦਯੋਗਪਤੀਆਂ ਦੀ ਗੱਲ ਕਰਦੇ ਹਨ ਕਿ ਅਜੋਕੀ ਰਾਜਨੀਤੀ ਕਾਰਪੋਰੇਟ ਘਰਾਣਿਆਂ ਦੀ ਚਮਚਾਗਿਰੀ ਹੈ। ਇਹਨਾਂ ਦੇ ਇਸ਼ਾਰਿਆਂ 'ਤੇ ਹੀ ਕਈ ਸਿਆਸੀ ਲੀਡਰਾਂ ਵਲੋਂ ਰਾਜਨੀਤੀ ਕੀਤੀ ਜਾਂਦੀ ਹੈ। ਦੇਸ਼ ਨੂੰ ਚਲਾਉਣ ਦੇ ਲਈ ਨਾਮੀ ਉਦਯੋਗਪਤੀਆਂ ਦਾ ਅਹਿਮ ਰੋਲ ਹੈ। ਇਸ ਤਰ੍ਹਾਂ ਦੇ ਮੁੱਦਿਆਂ ਨੂੰ ਗ਼ਜ਼ਲਕਾਰ ਆਪਣੀਆਂ ਗ਼ਜ਼ਲਾਂ ਦਾ ਵਿਸ਼ਾ ਬਣਾਉਂਦੇ ਹਨ।ਮੁੱਢ ਤੋਂ ਲੈ ਕੇ ਅਜੋਕੇ ਦੌਰ ਤੱਕ ਵੇਖਿਆ ਜਾਵੇ ਤਾਂ ਰਾਜਨੀਤਿਕ ਆਗੂਆਂ ਅਤੇ ਨੇਤਾਵਾਂ ਨੇ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਅਪਣਾਉਂਦਿਆਂ ਫ਼ਿਰਕਾਪ੍ਰਸਤੀ, ਭ੍ਰਿਸ਼ਟਾਚਾਰ, ਜਾਤ-ਪਾਤ, ਧਾਰਮਿਕ ਹਿੰਸਾ, ਵੋਟ ਬੈਂਕ ਰਾਹੀਂ ਆਮ ਜਨਤਾ ਨੂੰ ਪਰੇਸ਼ਾਨ ਕਰਨ ਵਿਚ ਕੋਈ ਕਸਰ ਨਹੀਂ

ਛੱਡੀ।ਸਾਰੇ ਹੀ ਭ੍ਰਿਸ਼ਟ ਰਾਜਨੀਤੀ ਤੋਂ ਦੁਖੀ ਹੋਏ ਬੈਠੇ ਹਨ। ਇਸ ਦੁੱਖ ਨੂੰ ਚਾਹੇ ਪੰਜਾਬ ਦਾ ਲੇਖਕ ਗੁਰਭਜਨ ਗਿੱਲ, ਸਤੀਸ਼ ਗੁਲਾਟੀ, ਸੁਖਵਿੰਦਰ ਅੰਮ੍ਰਿਤ ਜਾਂ ਫਿਰ ਪਰਵਾਸੀ ਲੇਖਕ ਸੁਰਿੰਦਰ ਸੀਰਤ, ਅਜ਼ੀਮ ਸ਼ੇਖ਼ਰ, ਸੁਰਜੀਤ ਸਖੀ ਅਤੇ ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਸਾਰੇ ਹੀ ਆਪਣੀਆਂ ਗ਼ਜ਼ਲਾਂ ਵਿਚ ਬੇਬਾਕੀ ਨਾਲ ਪੇਸ਼ ਕਰਦੇ ਹਨ। ਜਿਸ ਵਿਚ ਜਨਤਾ ਦਾ ਦਰਦ ਝਲਕਦਾ ਹੈ। ਕਿਸੇ ਵੀ ਸਿਧਾਂਤ ਅਤੇ ਕਾਨੂੰਨ ਦੀ ਗੱਲ ਕੀਤੇ ਬਿਨਾਂ ਸਿਰਫ਼ ਕੁਰਸੀ ਨੂੰ ਹੱਥਿਆਉਣ ਦੀਆਂ ਸਾਜਿਸ਼ਾਂ 'ਤੇ ਪੂਰਾ ਜ਼ੋਰ ਦਿੱਤਾ ਜਾ ਰਿਹਾ ਹੈ। ਭ੍ਰਿਸ਼ਟਾਚਾਰ ਇਕ ਅਜਿਹੀ ਬੀਮਾਰੀ ਹੈ ਜੋ ਰਾਸ਼ਟਰ ਅਤੇ ਸਮਾਜ ਨੂੰ ਦਿਨ-ਬ-ਦਿਨ ਖੋਖਲਾ ਕਰ ਰਹੀ ਹੈ। ਭ੍ਰਿਸ਼ਟਾਚਾਰੀ ਇਨਸਾਨ ਮਾਨਸਿਕ, ਸਰੀਰਕ, ਬੌਧਿਕ ਅਤੇ ਆਤਮਿਕ ਪੱਖੋਂ ਅਪਾਹਜ ਬਣ ਜਾਂਦਾ ਹੈ ਤੇ ਆਖ਼ਿਰ ਤੇ ਉਸ ਦੀ ਗੁਣਵੱਤਾ ਫਿੱਕੀ ਪੈ ਜਾਂਦੀ ਹੈ। ਹਰ ਇਕ ਖੇਤਰ ਵਿਚ 'ਚਾਂਦੀ ਦੀ ਜੁੱਤੀ' ਹੀ ਪ੍ਰਧਾਨ ਬਣ ਕੇ ਰਹਿ ਗਈ ਹੈ। ਪੰਜਾਬੀ ਗ਼ਜ਼ਲਕਾਰ ਭ੍ਰਿਸ਼ਟ ਰਾਜਨੀਤੀ ਦੇ ਵਰਤਾਰੇ ਨੂੰ ਲੈ ਕੇ ਚਿੰਤਿਤ ਹਨ ਅਤੇ ਆਪਣੀਆਂ ਗ਼ਜ਼ਲਾਂ ਵਿਚਇਸ ਦੀ ਤਸਵੀਰ ਸਾਡੇ ਤੱਕ ਪਹੁੰਚਾਉਂਦੇ ਹਨ।

## ਅਧਿਆਇ ਪੰਜਵਾਂ

## ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਚੋਣਵੇਂ ਗ਼ਜ਼ਲਗੋ: ਤੁਲਨਾਤਮਕ ਅਧਿਐਨ

ਇਸ ਖੋਜ-ਪ੍ਰਬੰਧ ਵਿਚ ਪੰਜਾਬੀ ਗ਼ਜ਼ਲ ਅਤੇ ਗ਼ਜ਼ਲਕਾਰਾਂ ਦਾ ਤੁਲਨਾਤਮਕ ਅਧਿਐਨ ਨੂੰ ਅੰਤਲੇ ਅਧਿਆਇ ਵਿਚ ਸ਼ਾਮਿਲ ਕੀਤਾ ਗਿਆ ਹੈ। ਜਿਸ ਵਿਚ ਵਿਸ਼ੇ ਨਾਲ ਸਬੰਧਤ ਸਾਰੇ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਨੂੰ ਆਧਾਰ ਬਣਾਇਆ ਗਿਆ ਹੈ। ਇਸ ਵਿਚ ਅਸੀਂ ਸਭ ਤੋਂ ਪਹਿਲਾਂ ਤੁਲਨਾਤਮਕ ਅਧਿਐਨ ਦੇ ਅਰਥ ਅਤੇ ਪਰਿਭਾਸ਼ਾ ਅਤੇ ਇਤਿਹਾਸ ਨੂੰ ਜਾਣਾਂਗੇ। ਆਪਣੇ ਇਸ ਖੋਜ ਕਾਰਜ ਵਿਚ ਤੁਲਨਾਤਮਕ ਅਧਿਐਨ ਨੂੰ ਕਾਰਜ ਦਾ ਆਧਾਰ ਬਣਾਇਆ ਗਿਆ ਹੈ।ਜਿਸ ਅਧੀਨ ਹੱਥਲੇ ਖੋਜ ਕਾਰਜ ਨਾਲ ਸਬੰਧਤ ਗ਼ਜ਼ਲਕਾਰਾਂ ਦੇ ਵਿਚਾਰਾਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ। ਖੋਜ ਕਾਰਜ ਦੇਪੰਜਵੇਂ ਅਤੇ ਅੰਤਮ ਅਧਿਆਇ ਵਿਚ ਸਾਰੇ ਗ਼ਜ਼ਲਕਾਰਾਂ ਦੀਆਂ ਰਚਨਾਵਾਂ ਦੀਆਪਸੀ ਤੁਲਨਾਕਰਨ ਤੋਂ ਹੈ ਕਿਉਂ ਕਿ ਇਹਨਾਂ ਸਾਰੇ ਗ਼ਜ਼ਲਕਾਰਾਂ ਦੀਆਂ ਰਚਨਾਵਾਂ ਵਿਚ ਕੁਝ ਸਮਾਨ ਗੁਣ ਹਨ ਅਤੇ ਕੁਝ ਅਸਮਾਨ ਗੁਣ ਵੀ ਹਨ ਜੋ ਤੁਲਨਾਤਮਕ ਅਧਿਐਨ ਦਾ ਆਧਾਰ ਬਣਦੇ ਹਨ। ਤੁਲਨਾਤਮਕ ਅਧਿਐਨ ਨੂੰ ਦੋ ਆਧਾਰਾਂ ’ਤੇ ਵੰਡਿਆ ਗਿਆ ਹੈ। ਇਹ ਦੋ ਆਧਾਰ ਹਨ: ਵਿਸ਼ੇ ਦੀ ਦ੍ਰਿਸ਼ਟੀ ਅਤੇ ਰੂਪ ਦੀ ਦ੍ਰਿਸ਼ਟੀ।

### 5.1 ਤੁਲਨਾ: ਅਰਥ ਅਤੇ ਪਰਿਭਾਸ਼ਾ

ਤੁਲਨਾਤਮਕ ਸ਼ਬਦ ਦਾ ਸਾਫ਼-ਸਪੱਸ਼ਟ ਸੌਖਾ ਅਰਥ ਦੋ ਜਾਂ ਇਸ ਤੋਂ ਵਧੀਕ ਚੀਜ਼ਾਂ ਦੀ ‘ਤੁਲਨਾ’ ਤੋਂ ਹੈ। ਤੁਲਨਾ ਨੂੰ ਆਲੋਚਨਾ ਦੀ ਮੁੱਢਲੀ ਜ਼ਰੂਰਤ ਵੀ ਮੰਨਿਆ ਗਿਆ ਹੈ। ਤੁਲਨਾਤਮਕ ਸ਼ਬਦ ‘ਤੁਲਨਾ’ ਕਰਨ ਦੀ ਪ੍ਰਕਿਰਿਆ ਹੈ। ਤੁਲਨਾ ਕਰਨ ਸਮੇਂ ਚੀਜ਼ਾਂ ਨੂੰ ਇਸ ਤਰ੍ਹਾਂ ਉਭਾਰਿਆ ਜਾਂਦਾ ਹੈ ਜਿਸ ਨਾਲ ਉਹਨਾਂ ਦੀਆਂ ਸਮਾਨਤਾਵਾਂ ਅਤੇ ਭਿੰਨਤਾਵਾਂ ਸਪੱਸ਼ਟ ਰੂਪ ਵਿਚ ਦਿਖਾਈ ਦੇਣ। ਤੁਲਨਾ ਵਿਚੋਂ ਹੀ ਨਵੇਂ ਸਿੱਟੇ ਨਿਕਲਦੇ ਹਨ ਅਤੇ ਨਵੇਂ ਸਿੱਟੇ ਕੱਢਣ ਲਈ ਪਹਿਲੇ ਤੱਥਾਂ ਦੇ ਇਤਿਹਾਸ ਤੱਕ ਪਹੁੰਚਣਾ ਬਹੁਤ ਜ਼ਰੂਰੀ ਹੁੰਦਾ ਹੈ। ਸੌਖੇ ਸ਼ਬਦਾਂ ਵਿਚ ਤੁਲਨਾ ਦੋ ਜਾਂ ਦੋ ਤੋਂ ਵਧੀਕ ਵਸਤੂਆਂ, ਵਿਅਕਤੀਆਂ ਅਤੇ ਰਚਨਾਵਾਂ ਆਦਿ ਦੀ ਕੀਤੀ ਜਾਂਦੀ ਹੈ।ਇਕ ਸਾਹਿਤਕਾਰ ਇਕ ਤੋਂ ਅਨੇਕ ਭਾਸ਼ਾਵਾਂ ਵਿਚ ਵੀ ਰਚਨਾ ਕਰਦਾ ਹੈ ਤਾਂ ਅਸੀਂ ਉਸ ਦੀਆਂ ਪੰਜਾਬੀ, ਅੰਗਰੇਜ਼ੀ, ਉਰਦੂ, ਹਿੰਦੀ ਆਦਿ ਜਾਂ ਹੋਰ ਭਾਸ਼ਾਵਾਂ ਦੇ ਆਧਾਰ ’ਤੇ ਉਹਨਾਂ ਦਾ ‘ਤੁਲਨਾਤਮਕ ਅਧਿਐਨ’ ਨਹੀਂ ਕਰ ਸਕਦੇ ਕਿਉਂ ਕਿ ਇਸ ਵਿਚਫ਼ਰਕ ਸਿਰਫ਼ ਭਾਸ਼ਾ ਦਾ ਹੀ ਹੈ ਬਾਕੀ ਵਿਸ਼ੇ, ਰੂਪ, ਰਚਨਾ ਵਿਧਾਨ ਆਦਿ ਸਭ ਕੁਝ ਉਹੀ ਹਨ। ਤੁਲਨਾਤਮਕ ਵਿਧੀ ਰਾਹੀਂ ਦੋ ਜਾਂ ਦੋ ਤੋਂ ਵੱਧ ਪ੍ਰਤੀਮਾਨਾਂ ਨੂੰ ਵਿਸ਼ਲੇਸ਼ਣ ਦਾ ਆਧਾਰ ਬਣਾਇਆ ਜਾਂਦਾ ਹੈ। ਤੁਲਨਾਤਮਕ ਵਿਧੀ ਰਾਹੀਂ ਲੇਖਕਾਂ ਦੀਆਂ ਰਚਨਾਵਾਂ ਅਤੇ ਉਨ੍ਹਾਂ ਉੱਤੇ ਪਏ ਪ੍ਰਭਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਤੁਲਨਾਤਮਕ ਸਾਹਿਤ ਦਾ ਮੂਲ ਉਦੇਸ਼ ਵੱਖ-ਵੱਖ ਸਾਹਿਤਾਂ ਦੇ ਅੰਤਰ-ਸਬੰਧਾਂ ਦਾ ਅਧਿਐਨ ਮੰਨਿਆ ਜਾਂਦਾ ਹੈ। ਤੁਲਨਾਤਮਕ ਸਾਹਿਤ ਅੰਗਰੇਜ਼ੀ ਦੇ Comparative literature ਸ਼ਬਦ ਦਾ ਪੰਜਾਬੀ ਅਨੁਵਾਦ ਹੈ। ਤੁਲਨਾਤਮਕ ਸ਼ਬਦ ‘ਤੁਲਨਾ’ ਤੋਂ ਅਤੇ ‘ਤੁਲਨਾ’ ਸ਼ਬਦ ‘ਤੁਲ’ ਤੋਂ ਹੋਂਦ ਵਿਚ ਆਇਆ ਹੈ।

ਇਸ ਪ੍ਰਕਾਰ ਜਦੋਂ ਅਸੀਂ ਇਕ ਤੋਂ ਵਧੇਰੇ ਵਸਤੂਆਂ/ਚੀਜ਼ਾਂ/ਵਰਤਾਰਿਆਂ ਨੂੰ ਉਹਨਾਂ ਵਿਚੋਂ ਨਿਹਿਤ ਸਮਾਨਤਾਵਾਂ, ਵੱਖਰਤਾਵਾਂ ਜਾ ਵਿਰੋਧਤਾਵਾਂ ਦੇ ਆਧਾਰ 'ਤੇ ਤੋਲਦੇ ਹਾਂ ਤਾਂ ਤੋਲਣ ਦੀ ਇਸ ਪ੍ਰਕਿਰਿਆ ਨੂੰ ਤੁਲਨਾਤਮਕ ਕਾਰਜ ਕਿਹਾ ਜਾਂਦਾ ਹੈ ਅਤੇ ਇਸ ਤੁਲਨਾਤਮਕ ਕਾਰਜ ਨੂੰ ਆਧਾਰ ਬਣਾ ਕੇ ਕਿਸੇ ਵੀ ਵਸਤੂ ਜਾਂ ਵਰਤਾਰੇ ਦੇ ਕੀਤੇ ਗਏ ਅਧਿਐਨ ਨੂੰ 'ਤੁਲਨਾਤਮਕ ਅਧਿਐਨ' ਕਿਹਾ ਜਾਂਦਾ ਹੈ। ਇਸ ਤਰ੍ਹਾਂ ਸਾਹਿਤ ਦੇ ਖੇਤਰ ਵਿਚ ਵੀ ਜਦੋਂ ਦੋ ਜਾਂ ਦੋ ਤੋਂ ਵੱਧ ਸਾਹਿਤਕ ਕਿਰਤਾਂ ਦਾ ਅਧਿਐਨ ਮੇਲਵੇਂ, ਅਮੇਲਵੇਂ ਅਤੇ ਟਾਕਰਵੇਂ ਪੱਖਾਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ ਤਾਂ ਉਹ ਸਾਹਿਤ ਅਧਿਐਨ ਤੁਲਨਾਤਮਕ ਸਾਹਿਤ ਅਧਿਐਨ ਕਹਾਉਂਦਾ ਹੈ।ਤੁਲਨਾਤਮਕ ਅਧਿਐਨ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਉਹ ਦੋ ਸ਼ਬਦ ਹਨ: ਤੁਲਨਾ+ਅਧਿਐਨ। ਤੁਲਨਾ ਤੋਂ ਭਾਵ ਬਰਾਬਰੀ, ਮੁਕਾਬਲਾ ਜਾਂ ਉਪਮਾ ਤੋਂ ਲਿਆ ਜਾਂਦਾ ਹੈ। ਜਦ ਕਿ ਅਧਿਐਨ ਸ਼ਬਦ ਤੋਂ ਭਾਵ ਪੜਚੋਲਨਾ, ਘੋਖਣਾ ਜਾਂ ਪਰਖਣਾ ਹੈ। ਤੁਲਨਾ ਦਾ ਅਰਥ ਬਰਾਬਰੀ, ਤੋਲ, ਉਪਮਾ ਹੈ। ਜਦ ਕਿ ਪੰਜਾਬੀ ਕੋਸ਼ ਵਿਚ 'ਤੁਲ' ਧਾਤੂ ਦੇ ਅਰਥ ਸਮਾਨਤਾਵਾਂ, ਵੱਖਰਤਾਵਾਂ ਨੂੰ ਘੋਖਣ ਜਾਂ ਤੋਲਣ ਦੀ ਪ੍ਰਕਿਰਿਆ ਹੁੰਦੀ ਹੈ। ਇਸ ਪ੍ਰਕਾਰ ਤੁਲਨਾ ਦਾ ਸਾਧਾਰਨ ਤੇ ਵਿਹਾਰਕ ਅਰਥ ਕਿਸੇ ਦੋ ਚੀਜ਼ਾਂ ਦੇ ਬਰਾਬਰ ਗੁਣਾਂ ਦੇ ਆਧਾਰ 'ਤੇ ਉਨ੍ਹਾਂ ਦੀ ਪੂਰਨਤਾ ਜਾਨਣ ਲਈ ਪ੍ਰੀਖਣ ਕਰਨਾ, ਤੋਲਣਾ ਆਦਿ।

## 5.2 ਤੁਲਨਾ: ਪਰਿਭਾਸ਼ਾ

ਤੁਲਨਾਤਮਕ ਅਧਿਐਨ ਦੇ ਸੰਬੰਧ ਵਿਚ ਵੱਖ-ਵੱਖ ਵਿਦਵਾਨਾਂ ਦੇ ਆਪਣੇ-ਆਪਣੇ ਵਿਚਾਰ ਹਨ। ਉਹਨਾਂ ਦੇ ਇਹਨਾਂ ਵਿਚਾਰਾਂ ਨੂੰ ਅਸੀਂ ਪਰਿਭਾਸ਼ਾਵਾਂ ਦੇ ਰੂਪ ਵਿਚ ਲਿਖ ਰਹੇ ਹਾਂ। ਇਹਨਾਂ ਵਿਚੋਂ ਵੱਖ-ਵੱਖ ਵਿਦਵਾਨਾਂ ਦੇ ਤੁਲਨਾਤਮਕ ਸਾਹਿਤ ਬਾਰੇ ਵੱਖ-ਵੱਖ ਵਿਚਾਰ ਹੇਠ ਲਿਖੇ ਹਨ। ਇਸ ਸੰਦਰਭ ਵਿਚ ਭਾਈ ਕਾਹਨ ਸਿੰਘ ਨਾਭਾ '*ਮਹਾਨ ਕੋਸ਼*' ਵਿਚ ਲਿਖਦੇ ਹਨ, "'ਤੁਲਨਾ' ਸ਼ਬਦ ਤੁਲਨਾ ਧਾਤੂ ਤੋਂ ਵਿਉਂਤਪਤ ਹੋਇਆ ਹੈ। 'ਤੁਲਾ' ਧਾਤੂ ਤੋਂ ਭਾਵਵਾਚਕ ਸੰਗਿਆ ਬਣਦੀ ਹੈ 'ਤੋਲਣਾ'। 'ਤੁਲਾ' ਧਾਤੂ ਤੋਂ ਹੀ ਤੁਲਾ (ਤਰਾਜ਼ੂ) ਸ਼ਬਦ ਬਣਿਆ ਹੈ। ਇਸ ਰੂਪ ਵਿਚ ਤੁਲਨਾ ਸ਼ਬਦ ਦਾ ਅਰਥ ਹੈ: ਬਰਾਬਰੀ, ਮੁਕਾਬਲਾ ਜਾਂ ਹੋੜ। ਮਹਾਨਕੋਸ਼ ਅਨੁਸਾਰ ਵੀ ਤੁਲਨਾ ਦਾ ਅਰਥ 'ਬਰਾਬਰੀ' ਹੈ।"(598).

*'ਭਾਸ਼ਾ ਵਿਭਾਗ ਪੰਜਾਬੀ ਕੋਸ਼ ਜਿਲਦ ਤੀਜੀ'* ਵਿਚ 'ਤੁਲ' ਧਾਤੂ ਦੇ ਅਰਥ ਤੋਲਨਾ ਅਤੇ ਬਰਾਬਰੀ ਕਰਨਾ ਦਰਜ਼ ਕੀਤੇ ਗਏ ਹਨ।"(268) '*ਪੰਜਾਬੀ ਕੋਸ਼ ਜ਼ਿਲਦ ਤੀਜੀ ਭਾਸ਼ਾ ਵਿਭਾਗ ਪਟਿਆਲਾ*' ਅਨੁਸਾਰ 'ਤੁਲ' ਸ਼ਬਦ ਦੇ ਅਰਥ ਹਨ-ਬਰਾਬਰ, ਸਾਵਾਂ, ਵਰਗਾ, ਸਮਾਨ।"(269) ਇਸ ਤਰ੍ਹਾਂ 'ਤੁਲ' ਸ਼ਬਦ ਤੋਂ ਭਾਵ ਦੋ ਜਾਂ ਦੋ ਤੋਂ ਵੱਧ ਚੀਜ਼ਾਂ ਦਾ ਇਕ ਸਮਾਨ/ਬਰਾਬਰ ਜਾਂ ਇਕੋ ਜਿਹਾ ਹੋਣਾ ਹੈ। 'ਤੁਲਨਾ' ਸ਼ਬਦ ਦੇ ਅਰਥ The Oxford English Dictionary vol-3 ਅਨੁਸਾਰ, "ਦੋ ਜਾਂ ਦੋ ਤੋਂ ਵੱਧ ਵਸਤੂਆਂ ਦੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਘੋਖਣ ਜਾਂ ਤੋਲਣ ਦੀ ਪ੍ਰਕਿਰਿਆ ਹੁੰਦੀ ਹੈ।"(59). ਡਾ. ਹਰਿਭਜਨ ਸਿੰਘ *'ਇਕਹਿਰੀ ਸਾਹਿਤ ਯੋਗਤਾ ਤੇ ਤੁਲਨਾਤਮਕ ਸਾਹਿਤ' ਪੁਸਤਕ ਵਿਚ* ਇਕ ਰਚਨਾ ਦੀ ਦੂਜੀ ਰਚਨਾ ਨਾਲ ਅੰਤਰ-ਸਬੰਧਤਾ ਨਿਰਧਾਰਤ ਕਰਦਿਆਂ ਕਹਿੰਦੇ ਹਨ "ਹਰ ਪਾਠ ਅੰਤਰ ਪਾਠ ਦੇ ਅੰਦਰ ਟਿਕਿਆ ਹੁੰਦਾ ਹੈ ਤੇ ਅੰਤਰ ਪਾਠ ਆਪ ਕਿਸੇ ਹੋਰ ਪਾਠ ਦੇ ਅੰਦਰ ਵਾਰ ਹੁੰਦਾ ਹੈ।"(116) ਡਾ. ਸਤਿੰਦਰ ਸਿੰਘ *'ਤੁਲਨਾਤਮਕ ਅਧਿਐਨ'* ਪੁਸਤਕ ਰਾਹੀਂ ਦੱਸਦੇ ਹਨ, "ਤੁਲਨਾਤਮਕ ਸਾਹਿਤ ਅਧਿਐਨ ਤੋਂ ਸਾਨੂੰ ਦੇਸ਼, ਧਰਮ ਤੇ

ਸਥਾਨ ਦੀਆਂ ਹੱਦਾਂ ਤੋਂ ਉਪਰ ਰਾਸ਼ਟਰ ਅਤੇ ਅੰਤਰ ਰਾਸ਼ਟਰੀ ਚੇਤਨਾ ਅਤੇ ਸਾਹਿਤਕ ਸਿਰਜਣਾ ਦੀ ਏਕਤਾ/ਵਿਲੱਖਣਤਾ/ਵਿਵਧਤਾ ਦੇ ਭਾਵ ਦ੍ਰਿਸ਼ਟੀਗੋਚਰ ਹੋ ਸਕਦੇ ਹਨ।"(12) ਐਸ. ਐਸ. ਪਵਾਰ *Comparative literary Studies: An Introduction Duckworth 1973* ਤੁਲਨਾਤਮਕ ਸਾਹਿਤ ਦੀ ਪਰਿਭਾਸ਼ਾ ਦਿੰਦੇ ਲਿਖਦੇ ਹਨ, "ਤੁਲਨਾਤਮਕ ਸਾਹਿਤ ਇਕ ਤੋਂ ਵਧੇਰੇ ਭਾਸ਼ਾਵਾਂ ਵਿਚ ਲਿਖੇ ਸਾਹਿਤ-ਪਾਠਾਂ ਦਾ ਵਿਰੋਧ, ਅਨੁਰੂਪਤਾ ਜਾਂ ਪ੍ਰਭਾਵਾਂ ਦੀ ਛਾਣ-ਬੀਣ ਦੁਆਰਾ ਕੀਤਾ ਅਧਿਐਨ ਹੈ। ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਦੋ ਜਾਂ ਦੋ ਤੋਂ ਵੱਧ ਸਮੂਹਾਂ ਦੇ ਸਾਹਿਤਕ ਸਬੰਧਾਂ ਅਤੇ ਸੰਚਾਰ ਦਾ ਅਧਿਐਨ ਵੀ ਹੈ।"(34) ਡਾ. ਪਿਆਰ ਸਿੰਘ ਆਪਣੀ ਪੁਸਤਕ *'ਖੋਜ ਸਿਧਾਂਤ ਤੇ ਵਿਹਾਰ'* ਅਨੁਸਾਰ ਤੁਲਨਾਤਮਕ ਅਧਿਐਨ ਦੀ ਪਰਿਭਾਸ਼ਾ ਦਿੰਦੇ ਹੋਏ ਲਿਖਦੇ ਹਨ: "ਤੁਲਨਾਤਮਕ ਖੋਜ ਇਕ ਹੀ ਭਾਸ਼ਾ ਜਾਂ ਦੋ ਵੱਖ-ਵੱਖ ਭਾਸ਼ਾਵਾਂ ਦੇ ਦੋ ਲੇਖਕਾਂ, ਦੋ ਰਚਨਾਵਾਂ, ਦੋ ਧਾਰਾਵਾਂ, ਦੋ ਯੁੱਗਾਂ ਜਾਂ ਫਿਰ ਦੋ ਵਿਧਾਵਾਂ ਦੀਆਂ ਪ੍ਰਾਪਤੀਆਂ ਦੀ ਤੁਲਨਾ ਦਾ ਰੂਪ ਧਾਰਦੀ ਹੈ। ਇਸ ਦਾ ਘੇਰਾ ਬਹੁਤ ਵਿਸ਼ਾਲ ਹੁੰਦਾ ਹੈ।"(201) ਡਾ. ਸਤਿੰਦਰ ਸਿੰਘ *'ਤੁਲਨਾਤਮਕ ਭਾਰਤੀ ਸਾਹਿਤ'* ਦੀ ਸੰਪਾਦਨਾ ਵਿਚ ਇਸ ਪੱਖ ਸਬੰਧੀ ਚਰਚਾ ਕਰਦਾ ਹੋਏ ਕਹਿੰਦੇ ਹਨ:

> "ਤੁਲਨਾਤਮਕ ਸਾਹਿਤ ਦਾ ਭਾਵੇਂ ਆਪਣਾ ਅੱਡ ਸਾਹਿਤ ਸਿਧਾਂਤ ਨਹੀਂ ਪਰ ਇਸ ਦੀ ਆਪਣੀ ਨਿਸ਼ਚਿਤ ਅਧਿਐਨ ਵਿਧੀ ਜਾਂ ਖੋਜ ਤਕਨੀਕ ਜ਼ਰੂਰ ਹੈ ਅਤੇ ਸੰਜਮ ਜਾਂ ਅਨੁਸ਼ਾਸਨ ਬਣਨ ਦੀ ਸਮਰੱਥਾ ਦਾ ਇਕ ਮੁੱਖ ਪਛਾਣ ਚਿੰਨ੍ਹ ਹੀ ਇਹੀ ਹੁੰਦਾ ਹੈ ਕਿ ਉਸ ਦੀ ਆਪਣੀ ਇਕ ਨਿਸ਼ਚਿਤ ਅਧਿਐਨ ਵਿਧੀ ਹੋਵੇ।"(9)

ਤੁਲਨਾਤਮਕ ਸਾਹਿਤ ਅਧਿਐਨ ਵਿਚ ਸਿਰਫ਼ ਚੰਗਾ ਜਾਂ ਮਾੜਾ ਪੱਖ ਵੇਖਣਾ ਹੀ ਸਹੀ ਨਹੀਂ ਹੈ ਸਗੋਂ ਸਾਹਿਤ ਦੇ ਪ੍ਰਸੰਗ ਵਿਚ ਉਸ ਦੀ ਸਾਹਿਤਕ ਉਪਯੋਗਤਾ ਨੂੰ ਵੇਖਣਾ ਜ਼ਿਆਦਾ ਜ਼ਰੂਰੀ ਹੈ। ਰਚਨਾ ਦੇ ਰੂਪਾਕਾਰ ਨੂੰ ਅੱਖੋਂ ਉਹਲੇ ਕਰ ਕੇ ਕੀਤੀ ਸਾਹਿਤ ਆਲੋਚਨਾ ਸਹੀ ਸਾਹਿਤਕ ਆਲੋਚਨਾ ਨਹੀਂ ਹੋ ਸਕਦੀ। ਤੁਲਨਾ ਤਾਂ ਦੋ ਸਾਹਿਤਕਾਰਾਂ ਜਾਂ ਦੋ ਸਾਹਿਤਕ ਵਿਧਾਵਾਂ ਨੂੰ ਜਾਨਣ ਦਾ ਸਾਧਨ ਹੈ। ਜਿਸ ਨਾਲ ਉਸ ਦੀ ਵਿਸ਼ਿਸ਼ਟਤਾ ਨੂੰ ਉਜਾਗਰ ਕੀਤਾ ਜਾ ਸਕਦਾ ਹੈ। ਹਰ ਤਰ੍ਹਾਂ ਦੇ ਉੱਚਤਮ ਗਿਆਨ ਦੀ ਪ੍ਰਾਪਤੀ ਤੁਲਨਾ ਦੁਆਰਾ ਹੀ ਕੀਤੀ ਜਾਂਦੀ ਹੈ। ਤੁਲਨਾ ਦੁਆਰਾ ਲੇਖਕ ਜਾਂ ਰਚਨਾ ਦੇ ਇਕ ਦੂਜੇ ਦੇ ਸੰਪਰਕ ਵਿਚ ਆਉਣ ਨਾਲ ਇਹਨਾਂ ਦੇ ਨਵੇਂ ਰੂਪ ਦੇ ਦਰਸ਼ਨ ਹੁੰਦੇ ਹਨ। ਵਿਸ਼ੇਸ਼ ਕਰ ਕੇ ਤੁਲਨਾਤਮਕ ਅਧਿਐਨ ਨੂੰ ਜਰਮਨ ਸਕੂਲ, ਅਮਰੀਕੀ ਸਕੂਲ, ਰੂਸੀ ਸਕੂਲ ਇਨ੍ਹਾਂ ਤਿਨਾਂ ਵਿਚ ਪੜ੍ਹਾਇਆ ਜਾਂਦਾ ਰਿਹਾ ਹੈ। ਪਹਿਲਾ ਫ਼ਰੈਂਚ ਜਰਮਨ ਸਕੂਲ ਜੋ ਸਾਹਿਤਕ ਕਿਰਤਾਂ ਦੇ ਇਤਿਹਾਸਕ ਦ੍ਰਿਸ਼ਟੀ ਤੋਂ ਕੀਤੇ ਗਏ ਤੁਲਨਾਤਮਕ ਅਧਿਐਨ ਨੂੰ ਤੁਲਨਾਤਮਕ ਸਾਹਿਤ ਦੀ ਪ੍ਰਮੁੱਖ ਆਲੋਚਨਾ ਵਿਧੀ ਮੰਨਦਾ ਹੈ। ਦੂਜਾ ਅਮਰੀਕੀ ਸਕੂਲ ਹੈ ਜੋ ਸਾਹਿਤ ਅਧਿਐਨ ਸਮੇਂ ਸਾਹਿਤਕ ਕਿਰਤਾਂ ਦੇ ਸੁਹਜ-ਸ਼ਾਸਤਰੀ ਅਧਿਐਨ ਨੂੰ ਪ੍ਰਮੁੱਖ ਪ੍ਰਵਿਧੀ ਵਜੋਂ ਅਧਿਐਨ ਦਾ ਆਧਾਰ ਬਣਾਉਂਦਾ ਹੈ। ਤੀਸਰਾ ਰੂਸੀ ਸਕੂਲ ਹੈ ਜੋ ਸਮਾਜਕ ਯਥਾਰਥਵਾਦੀ ਆਲੋਚਨਾ ਪ੍ਰਣਾਲੀ ਉਪਰ ਆਧਾਰਤ ਹੈ। ਇਹ ਪ੍ਰਣਾਲੀ ਮਾਰਕਸਵਾਦੀ ਸੁਹਜ-ਸ਼ਾਸਤਰੀ ਪੈਮਾਨਿਆਂ ਉਪਰ ਸਾਹਿਤਕ ਕਿਰਤ ਨੂੰ ਤੋਲਦੀ ਹੈ ਅਤੇ ਉਸ ਦਾ ਮੁਲਾਂਕਣ ਕਰਦੀ ਹੈ। ਇਹ ਆਲੋਚਨਾ ਪ੍ਰਣਾਲੀ ਸਮਾਜ ਨੂੰ ਆਧਾਰ ਅਤੇ ਸਾਹਿਤ ਨੂੰ ਉਸਾਰ ਮੰਨਦੀ ਹੋਈ ਸਾਹਿਤ ਅਤੇ ਸਮਾਜ ਦੇ ਦਵੰਦਾਤਮਕ ਸਬੰਧਾਂ ਦਾ

ਯਥਾਰਥਵਾਦੀ ਅਧਿਐਨ ਕਰਨ ਉੱਤੇ ਜ਼ੋਰ ਦਿੰਦੀ ਹੈ। ਇਹ ਆਲੋਚਨਾ ਦ੍ਰਿਸ਼ਟੀ ਸਾਹਿਤਕ ਕਿਰਤਾਂ ਦੇ ਡੂੰਘੇ ਵਿਗਿਆਨ ਅਧਿਐਨ ਉੱਪਰ ਜ਼ੋਰ ਦਿੰਦੀ ਹੈ। ਇਹ ਮਨੁੱਖੀ ਸੁਭਾਅ ਵਿਚ ਸੁਭਾਵਕ ਹੈ ਕਿ ਉਹ ਇਕ ਚੀਜ਼ ਨੂੰ ਦੂਜੀ ਤੋਂ ਵਖਰਿਆਉਣ ਲੱਗ ਜਾਂਦਾ ਹੈ। ਤੁਲਨਾ ਕਰਨਾ ਮਨੁੱਖੀ ਫ਼ਿਤਰਤ ਦਾ ਇਕ ਸਹਿਜ ਅੰਗ ਹੈ। ਜਦੋਂ ਵੀ ਅਸੀਂ ਕਿਸੇ ਚੀਜ਼ ਜਾਂ ਕਿਰਤ ਨੂੰ ਪਹਿਲਾਂ ਤੋਂ ਵੇਖੀ, ਸੁਣੀ, ਪੜ੍ਹੀ ਜਾਂ ਮਹਿਸੂਸ ਕੀਤੀ ਵਸਤੂ ਨੂੰ ਪਿਛਲੀਆਂ ਸਮਾਨਤਾਵਾਂ ਜਾਂ ਵੱਖਰਤਾਵਾਂ ਦੇ ਆਧਾਰ 'ਤੇ ਤੋਲਦੇ ਹਾਂ ਤਾਂ ਅਸੀਂ ਨਿਸ਼ਚਿਤ ਰੂਪ ਵਿਚ 'ਤੁਲਨਾ' ਕਰ ਰਹੇ ਹੁੰਦੇ ਹਾਂ।ਇਸ ਤਰ੍ਹਾਂ ਤੁਲਨਾ, ਤੁਲਨਾਤਮਕ ਸਾਹਿਤ ਅਧਿਐਨ ਦਾ ਜ਼ਰੂਰੀ ਸੰਦ ਅਤੇ ਵਿਧੀ ਹੈ। ਤੁਲਨਾ ਅਤੇ ਤੁਲਨਾਤਮਕ ਅਧਿਐਨ ਲਈ ਸਾਹਿਤਕ ਕਿਰਤਾਂ ਵਿਚ ਮੂਲਭੂਤ ਸਾਂਝ ਦਾ, ਵਿਰੋਧਤਾਵਾਂ ਦਾ ਅਤੇ ਵੱਖਰਤਾਵਾਂ ਦਾ ਹੋਣਾ ਬਹੁਤ ਜ਼ਰੂਰੀ ਹੈ ਅਤੇ ਅਜਿਹੇ ਅਧਿਐਨ ਦਾ ਮਨੋਰਥ ਸਮਝ ਅਤੇ ਗਿਆਨ ਪੈਦਾ ਕਰਨਾ ਹੁੰਦਾਹੈ। ਇਹ ਤੱਤ ਤੁਲਨਾਤਮਕ ਸਾਹਿਤ ਦੀ ਹੋਂਦ ਦੇ ਮੁੱਖ ਆਧਾਰ ਹਨ। ਤੁਲਨਾਤਮਕ ਸਾਹਿਤ ਨੂੰ ਸਮਝਣ ਅਤੇ ਪਰਿਭਾਸ਼ਤ ਕਰਨ ਲਈ ਵਿਦਵਾਨਾਂ ਨੇ ਇਸ ਨੂੰ ਵੱਖਰੇ ਦ੍ਰਿਸ਼ਟੀਕੋਣਾਂ ਤੋਂ ਵੇਖਣ ਅਤੇ ਸਮਝਣ ਦੀ ਕੋਸ਼ਿਸ਼ ਕੀਤੀ ਹੈ।

### 5.2 ਤੁਲਨਾ: ਇਤਿਹਾਸਿਕ ਪੱਖ

ਤੁਲਨਾਤਮਕ ਸਾਹਿਤ ਦਾ ਜਗਤ ਪ੍ਰਸਿੱਧ ਅਮਰੀਕੀ ਚਿੰਤਕ 'ਰੇਮਾਕ' ਨੂੰ ਮੰਨਿਆ ਗਿਆ ਹੈ। ਉਸ ਨੇ ਇਹ ਗੱਲ ਸਪੱਸ਼ਟ ਕੀਤੀ ਹੈ ਕਿ ਦੁਨੀਆਂ ਦੇ ਕਿਸੇ ਵੀ ਦੇਸ਼ ਵਿਚ ਤੁਲਨਾਤਮਕ ਸਾਹਿਤ ਦਾ ਵਰਤਮਾਨ ਵਿਕਾਸ ਇਨ੍ਹਾਂ ਉਸਾਰੂ ਨਹੀਂ ਜਿਨ੍ਹਾਂ ਕਿ ਭਾਰਤ ਦੇਸ਼ ਵਿਚ ਹੈ। ਭਾਰਤ ਇਕ ਬਹੁ-ਭਾਸ਼ੀ ਦੇਸ਼ ਹੋਣ ਕਰ ਕੇ ਤੁਲਨਾਤਮਕ ਅਧਿਐਨ ਜ਼ਿਆਦਾ ਪ੍ਰਫ਼ੁਲਿਤ ਹੋਇਆ ਹੈ। ਭਾਰਤ ਵਿਚ ਤੁਲਨਾਤਮਕ ਸਾਹਿਤ ਦਾ ਅਰੰਭ 1958-59 ਨੂੰ ਬੰਗਾਲੀ ਭਾਸ਼ਾ ਵਿਚ ਸ਼ੁਰੂ ਹੋਇਆ। ਉਸ ਤੋਂ ਬਾਅਦ ਇਸੇ ਹੀ ਸਾਲ ਕਲਕੱਤਾ ਯੂਨੀਵਰਸਿਟੀ ਨੇ ਬੰਗਾਲੀ ਭਾਸ਼ਾ ਦੀ ਐਮ. ਏ ਵਿਚ ਅੰਗਰੇਜ਼ੀ ਕਾਵਿ ਅਤੇ ਸੰਸਕ੍ਰਿਤ ਸਾਹਿਤ ਨੂੰ ਤੁਲਨਾਤਮਕ ਸਾਹਿਤ ਦੇ ਪਰਚੇ ਵਜੋਂ ਅਧਿਐਨ ਦਾ ਕੰਮ ਸ਼ੁਰੂ ਕਰਵਾਇਆ। ਉਸ ਤੋਂ ਮਗਰੋਂ ਦਿੱਲੀ ਯੂਨੀਵਰਸਿਟੀ ਨੇ ਪ੍ਰੋ. ਆਰ. ਕੇ ਦਾਸ ਗੁਪਤਾ ਦੀ ਯੋਗ ਅਗਵਾਈ ਹੇਠ 1974 ਵਿਚ ਭਾਰਤੀ ਸਾਹਿਤ ਵਿਚ ਐਮ.ਏ ਕੋਰਸ ਆਰੰਭ ਕਰਵਾਇਆ ਜਿਸ ਨੂੰ ਤੁਲਨਾਤਮਕ ਭਾਰਤੀ ਸਾਹਿਤ ਨਾਮ ਹੇਠ ਆਰੰਭਿਆ ਗਿਆ। ਭਾਰਤ ਵਿਚ ਤੁਲਨਾਤਮਕ ਸਾਹਿਤ ਦੀ ਰਫ਼ਤਾਰ 1976 ਵਿਚ ਤੇਜੀ ਫ਼ੜ ਗਈ। ਕਈ ਯੂਨੀਵਰਸਿਟੀ ਨੇ ਇਸ ਸਬੰਧ ਵਿਚ ਸੈਮੀਨਾਰ ਕਰਵਾਉਣੇ ਆਰੰਭ ਕਰ ਦਿੱਤੇ। 1977 ਵਿਚ ਦਿੱਲੀ ਵਿਚ ਯੂ.ਜੀ. ਸੀ ਦੀ ਅਗਵਾਈ ਹੇਠ ਇਸੇ ਹੀ ਵਿਸ਼ੇ 'ਤੇ ਪਹਿਲਾ ਸੈਮੀਨਾਰ ਕਰਵਾਇਆ ਗਿਆ ਅਤੇ 1981 ਵਿਚ 'ਕੰਪੈਰੇਟਿਵ ਲਿਟਰੇਚਰ' ਐਸੋਸਿਏਸ਼ਨ ਦੀ ਸਥਾਪਨਾ ਹੋਈ। 1986 ਵਿਚ ਯੂ. ਜੀ. ਸੀ ਨੇ ਹਰੇਕ ਯੂਨੀਵਰਸਿਟੀ ਨੂੰ ਇਕ ਸੈਕੁਲਰ ਦੇ ਅਧੀਨ ਹਰੇਕ ਵਿਸ਼ੇ ਉੱਤੇ ਤੁਲਨਾਤਮਕ ਸਾਹਿਤ ਦੇ ਵਿਸ਼ੇ 'ਤੇ ਖੋਜ ਕਰਨ ਨੂੰ ਕਿਹਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ 1982 ਵਿਚ ਤੁਲਨਾਤਮਕ ਸਾਹਿਤ ਉੱਤੇ ਰਾਸ਼ਟਰੀ ਪੱਧਰ 'ਤੇ ਸੈਮੀਨਾਰ ਕਰਵਾਇਆ। ਇਸ ਸੈਮੀਨਾਰ ਦੌਰਾਨ ਪੜੇ ਗਏ ਪੱਤਰਾਂ ਨੂੰ 1990 ਵਿਚ ਡਾ. ਸਤਿੰਦਰ ਸਿੰਘ ਨੇ ਸੰਪਾਦਨ ਤੋਂ ਬਾਅਦ ਪ੍ਰਕਾਸ਼ਨ ਦਾ ਕੰਮ ਕਰਵਾਇਆ ਅਤੇ ਉਸ ਨੂੰ ਪੁਸਤਕ ਦਾ ਰੂਪ ਦਿੱਤਾ। ਉਸ ਸਮੇਂ ਅਜਿਹਾ ਦੌਰ ਚਲ ਗਿਆ ਸੀ ਕਿ ਹਰ ਇਕ ਯੂਨੀਵਰਸਿਟੀ ਤੁਲਨਾਤਮਕ ਅਧਿਐਨ ਨੂੰ ਮੁੱਖ

ਰੱਖਦੇ ਹੋਏ ਕੋਈ ਨਾ ਕੋਈ ਸੈਮੀਨਾਰ ਜਾਂ ਰਸਾਲਾ ਕਢਾਉਂਦੀ ਰਹੀ ਤਾਂ ਜੋ ਤੁਲਨਾਤਮਕ ਅਧਿਐਨ ਲਈ ਮਾਹੌਲ ਬਣਿਆ ਰਹੇ।ਜੇਕਰ ਅਸੀਂ ਪੰਜਾਬੀ ਵਿਚ ਤੁਲਨਾਤਮਕ ਅਧਿਐਨ ਦੀ ਗੱਲ ਕਰੀਏ ਤਾਂ ਇਸ ਦਾ ਕੰਮ ਤਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ ਕਿਉਂ ਕਿ ਗੌਰ ਨਾਲ ਵੇਖਿਆਂ-ਪੜ੍ਹਿਆਂ ਤੋਂ ਪਤਾ ਚੱਲਦਾ ਹੈ ਕਿ ਇਸ ਵਿਚਲੀਆਂ ਬਾਣੀਕਾਰ ਦੀਆਂ ਕਿਰਤਾਂ ਇਕ ਦੂਜੇ ਦੇ ਨਜ਼ਦੀਕ ਹੋਣ ਦੇ ਨਾਲ-ਨਾਲ ਆਪਸ ਵਿਚ ਤੁਲਨਾਤਮਕ ਅੰਸ਼ ਪੈਦਾ ਕਰਦੀਆਂ ਹਨ। ਭਗਤ ਬਾਣੀ ਅਤੇ ਗੁਰਬਾਣੀ ਦੀ ਤੁਲਨਾ ਦਾ ਆਭਾਸ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੀ ਹੋ ਜਾਂਦਾ ਹੈ ਪਰ ਸੁਚੇਤ ਰੂਪ ਵਿਚ ਤੁਲਨਾਤਮਕ ਸਾਹਿਤ ਦਾ ਅਧਿਐਨ ਆਧੁਨਿਕ ਕਾਲ ਤੋਂ ਹੀ ਸ਼ੁਰੂ ਹੋਇਆ। ਤੁਲਨਾਤਮਕ ਸਾਹਿਤ ਦਾ ਪ੍ਰਮੁੱਖ ਰੂਪ ਵਿਚ ਆਰੰਭ 1982 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਤੁਲਨਾਤਮਕ ਅਧਿਐਨ ਸਬੰਧੀ ਕਰਵਾਏ ਸੈਮੀਨਾਰ ਤੋਂ ਹੁੰਦਾ ਹੈ। ਤੁਲਨਾਤਮਕ ਅਧਿਐਨ ਸਬੰਧੀ ਵਧੇਰੇ ਕਾਰਜ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਹੋਇਆ ਹੈ। ਤੁਲਨਾਤਮਕ ਅਧਿਐਨ ਦੇ ਸਬੰਧ ਵਿਚ ਪ੍ਰੋ. ਪੂਰਨ ਸਿੰਘ ਨੇ ਕਈ ਯਤਨ ਆਰੰਭ ਕੀਤੇ। ਉਹਨਾਂ ਦੇ ਲਿਖੇ ਲੇਖ ਵਾਲਟ ਵਿਟਮੈਨ ਵਿਚ ਤੁਲਨਾ ਦਾ ਵਧੇਰੇ ਅੰਸ਼ ਵਿਖਾਈ ਦਿੰਦਾ ਹੈ ਅਤੇ ਸਪਿਰਟ ਆਫ ਔਰੀਐਂਟਲ ਪੋਇਟਰੀ ਵਿਚਲੇ ਨਿਬੰਧ ਵਿਚ ਵੀ ਤੁਲਨਾਤਮਕ ਸਾਹਿਤ ਅਧਿਐਨ ਉੱਤੇ ਕਾਫੀ ਕੰਮ ਕੀਤਾ ਮਿਲਦਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ 1983 ਵਿਚ ਖੋਜਾਰਥੀ ਗੁਰਤਰਨ ਸਿੰਘ ਸਿੱਧੂ ਦੁਆਰਾ ਪ੍ਰੋ. ਪੂਰਨ ਸਿੰਘ ਅਤੇ ਵਾਲਟ ਵਿਟਮੈਨ ਦਾ ਤੁਲਨਾਤਮਕ ਅਧਿਐਨ ਸਬੰਧੀ ਖੋਜ ਪ੍ਰਬੰਧ ਲਿਖਿਆ। ਇਸ ਤਰ੍ਹਾਂ ਵੇਖਿਆ ਜਾ ਸਕਦਾ ਹੈ ਕਿ ਪੰਜਾਬੀ ਦੇ ਵਿਦਵਾਨ ਸਮੇਂ ਦੇ ਨਾਲ-ਨਾਲ ਤੁਲਨਾਤਮਕ ਸਾਹਿਤ ਸਿਧਾਂਤਾਂ ਪ੍ਰਤੀ ਜਾਗਰੂਕ ਹੋ ਗਏ ਸਨ ਅਤੇ ਤੁਲਨਾਤਮਕ ਸਾਹਿਤ ਦੇ ਮੂਲ ਉਦੇਸ਼ਾਂ ਵੱਲ ਅਗਰਸਰ ਹਨ। ਪੰਜਾਬੀ ਵਿਚ ਤੁਲਨਾਤਮਕ ਸਾਹਿਤ ਅਧਿਐਨ ਸਬੰਧੀ ਐਮ. ਫਿਲ ਅਤੇ ਪੀ-ਐਚ. ਡੀ ਦੀ ਡਿਗਰੀ ਲਈ ਖੋਜ ਕਾਰਜ ਕੀਤੇ ਜਾ ਰਹੇ ਹਨ ਜੋ ਤੁਲਨਾਤਮਕ ਅਧਿਐਨ ਨੂੰ ਕਾਫੀ ਅੱਗੇ ਤਕ ਲੈ ਕੇ ਜਾਣ ਲਈ ਮਦਦਗਾਰ ਸਿੱਧ ਹੋ ਰਹੇ ਹਨ। ਤੁਲਨਾਤਮਕ ਸਾਹਿਤ ਅੰਗਰੇਜ਼ੀ ਦੇ 'ਕੰਪੈਰੇਟਿਵ ਲਿਟਰੇਚਰ' ਦਾ ਪੰਜਾਬੀ ਅਨੁਵਾਦ ਵਜੋਂ ਜਾਣਿਆ ਜਾਂਦਾ ਹੈ। ਇਹ ਸ਼ਬਦ 'ਤੁਲਨਾ' ਕਰਨ ਦੀ ਪ੍ਰਕਿਰਿਆ ਵੱਲ ਸੰਕੇਤਕ ਹੈ। ਤੁਲਨਾ ਨੂੰ ਆਲੋਚਨਾਤਮਕ ਕਾਰਜ ਦਾ ਅੰਗ 'ਅਰਸਤੂ' ਦੇ ਸਮੇਂ ਤੋਂ ਹੀ ਮੰਨਿਆ ਜਾਣ ਲੱਗ ਪਿਆ। ਇਸ ਬਾਰੇ ਉਹਨਾਂ ਦੀ ਪੁਸਤਕ 'ਦ ਪੋਇਟਿਕਸ' ਵਿਚੋਂ ਭਲੀ ਭਾਂਤੀ ਜਾਣਿਆ ਜਾ ਸਕਦਾ ਹੈ। ਕਿਸੇ ਵੀ ਲੇਖਕ ਦੀ ਸਾਹਿਤਕ ਕਿਰਤ ਦੀ ਵਿਲੱਖਣਤਾ ਅਤੇ ਮਹੱਤਵ ਨੂੰ ਸਾਹਿਤ ਅਧਿਐਨ ਵਿਚ ਤੁਲਨਾ ਦੀ ਕਸਵੱਟੀ ਉੱਤੇ ਹੀ ਪਰਖਿਆ ਜਾਂਦਾ ਹੈ। ਤੁਲਨਾਤਮਕ ਸਾਹਿਤ ਬਾਰੇ ਮੁੱਖ ਗੱਲ ਤਾਂ 'ਤੁਲਨਾ' ਹੀ ਹੈ ਜੋ ਇਸ ਦੀ ਵਿਧੀ ਹੋਣ ਦੇ ਨਾਲ-ਨਾਲ ਸੰਦ ਵਜੋਂ ਵੀ ਪ੍ਰਯੋਗ ਹੁੰਦੀ ਹੈ। ਤੁਲਨਾਤਮਕ ਚਿੰਤਨ ਸਿਰਫ਼ ਵਿਗਿਆਨ ਕਲਾ ਜਾਂ ਦਰਸ਼ਨ ਤਕ ਹੀ ਸੀਮਤ ਨਹੀਂ ਹੁੰਦਾ ਬਲਕਿ ਇਸ ਦੇ ਕਲਾਵੇ ਵਿਚ 'ਸਾਹਿਤ' ਵੀ ਆਉਂਦਾ ਹੈ। ਤੁਲਨਾਤਮਕ ਸਾਹਿਤ ਅਧਿਐਨ ਦੀ ਵਿਧੀ ਇਕ ਰਚਨਾ ਨੂੰ ਦੂਜੀ ਰਚਨਾ ਵਿਚੋਂ ਤਲਾਸ਼ ਕਰਨ ਦੀ ਵਿਧੀ ਹੁੰਦੀ ਹੈ।ਤੁਲਨਾਤਮਕ ਸਾਹਿਤ ਅਧਿਐਨ ਦਾ ਖੇਤਰ ਬਹੁਤ ਵਿਸ਼ਾਲ ਹੈ। ਇਸ ਦੇ ਘੇਰੇ ਵਿਚ ਇਕ ਲੇਖਕ ਦੀ ਦੂਜੇ ਲੇਖਕ ਨਾਲ, ਇਕ ਯੁੱਗ ਦੇ ਸਾਹਿਤ ਦੀ ਦੂਜੇ ਯੁੱਗ ਦੇ ਸਾਹਿਤ ਨਾਲ, ਇਕ ਰੂਪਾਕਾਰ ਦੀ ਦੂਜੇ ਰੂਪਾਕਾਰ ਨਾਲ ਤੁਲਨਾ ਕੀਤੀ ਜਾਂਦੀ ਹੈ। ਤੁਲਨਾਤਮਕ ਸਾਹਿਤ ਦਾ ਖੇਤਰ ਵਿਸ਼ਾਲ ਤੋਂ ਵੀ ਕਿਤੇ ਵਿਸ਼ਾਲ ਨਜ਼ਰ ਆਉਂਦਾ ਹੈ। ਤੁਲਨਾਤਮਕ ਸਾਹਿਤ ਅਧਿਐਨ ਵਿਧੀ ਇਕ ਤੋਂ ਵਧੇਰੇ ਸਾਹਿਤ ਰਚਨਾਵਾਂ ਨੂੰ ਪੜ੍ਹਨ ਜਾਂ ਜਾਚਣ ਦੀ ਵਿਧੀ ਮੰਨੀ ਜਾਂਦੀ ਹੈ। ਇਸ ਦਾ ਆਧਾਰ

ਇਕ ਤੋਂ ਵਧੇਰੇ ਸਾਹਿਤ-ਰਚਨਾਵਾਂ ਦੀ ਅੰਤਰ-ਸਬੰਧਤਾ ਨਾਲ ਹੈ। ਆਧੁਨਿਕ ਯੁੱਗ ਵਿਚ ਮਨੁੱਖ ਬਹੁਤ ਵਿਕਾਸ ਕਰ ਚੁੱਕਾ ਹੈ ਅਤੇ ਅੱਗੇ ਵੀ ਲਗਾਤਾਰ ਕਰ ਰਿਹਾ ਹੈ। ਇਸ ਯੁੱਗ ਵਿਚ 'ਤੁਲਨਾ' ਮਨੁੱਖ ਦੇ ਜੀਵਨ ਦਾ ਇਕ ਮਹੱਤਵਪੂਰਨ ਅੰਗ ਬਣ ਚੁੱਕੀ ਹੈ। ਮਨੁੱਖ ਅੱਜ ਕਿਸੇ ਨਾ ਕਿਸੇ ਕੰਮ ਵਿਚ 'ਤੁਲਨਾ' ਕਰਦਾ ਜ਼ਰੂਰ ਨਜ਼ਰ ਆਉਂਦਾ ਹੈ। ਫਿਰ ਭਾਵੇਂ ਉਹ ਖਾਣ-ਪੀਣ, ਰਹਿਣ-ਸਹਿਣ, ਪੜ੍ਹਾਈ-ਲਿਖਾਈ ਤੇ ਇਥੋਂ ਤੱਕ ਕਿ ਵਿਅਕਤੀ ਦੇ ਲਿਬਾਸ ਤੱਕ ਦੀ ਵੀ ਤੁਲਨਾ ਕਰਦਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਅੱਜ ਦਾ ਮਨੁੱਖ ਵਧੇਰੇ ਚੇਤੰਨ ਹੈ ਤੇ ਸਮੇਂ ਨਾਲ ਉਸ ਨੇ ਤਰੱਕੀ ਵੀ ਕੀਤੀ ਹੈ। ਇਸ ਤਰੱਕੀ ਪਿੱਛੇ ਸਭ ਤੋਂ ਵਧੇਰੇ ਸਫ਼ਲ ਤਰੀਕਾ ਉਸ ਦੇ ਆਪਣੇ ਵਿਚਾਰਾਂ ਤੋਂ ਲੈ ਕੇ ਸੋਚ ਤੱਕ ਦੀ 'ਤੁਲਨਾ' ਹੈ ਕਿਉਂ ਕਿ ਇਕ ਵਿਅਕਤੀ ਦੇ ਵਿਚਾਰ ਹੋਣ ਜਾਂ ਉਸ ਦੀਆਂ ਭਾਵਨਾਵਾਂ ਉਹ ਕਦੇ ਵੀ ਦੂਸਰੇ ਜਾਂ ਤੀਸਰੇ ਵਿਅਕਤੀ ਨਾਲ ਮੇਲ ਨਹੀਂ ਖਾਂਦੀਆਂ। ਇਹੋ ਜਿਹੀ ਸਥਿਤੀ ਸਾਹਿਤ ਵਿਚ ਵੀ ਨਜ਼ਰ ਆ ਰਹੀ ਹੈ। ਪੁਰਾਤਨ ਸਮੇਂ ਦੌਰਾਨ ਸਾਹਿਤ ਕਿਹੋ ਜਿਹਾ ਸੀ? ਅਤੇ ਹੁਣ ਸਾਹਿਤ ਦੇ ਰੂਪ ਪੁਰਾਣੇ ਸਾਹਿਤ ਨਾਲੋਂ ਵੱਖਰੇ ਹਨ ਜਾਂ ਇਸ ਵਿਚ ਕਿਸ ਤਰ੍ਹਾਂ ਤਬਦੀਲੀ ਆ ਰਹੀ ਹੈ? ਇਸ ਦਾ ਪਤਾ ਸਾਨੂੰ ਤੁਲਨਾਤਮਕ ਅਧਿਐਨ ਤੋਂ ਹੀ ਲੱਗਦਾ ਹੈ। ਕਿਸੇ ਵੀ ਆਲੋਚਕ ਜਾਂ ਸਾਹਿਤਕਾਰ ਦਾ ਆਪਣਾ ਵਿਅਕਤੀਗਤ ਦ੍ਰਿਸ਼ਟੀਕੋਣ ਹੁੰਦਾ ਹੈ। ਜਿਸ ਨੂੰ ਸਮਕਾਲੀ ਸਾਹਿਤਕ ਹਾਲਾਤਾਂ ਪ੍ਰਭਾਵਿਤ ਕਰਦੀਆਂ ਹਨ। ਸੋ ਵੱਖ-ਵੱਖ ਸਾਹਿਤਕਾਰਾਂ ਦੀਆਂ ਕਿਰਤਾਂ ਵਿਚ ਵਖਰੇਵੇਂ ਅਤੇ ਸਮਾਨਤਾਵਾਂ ਸਪੱਸ਼ਟ ਹੁੰਦੀਆਂ ਹਨ। ਇਨ੍ਹਾਂ ਨੂੰ ਤੁਲਨਾਤਮਕ ਅਧਿਐਨ ਰਾਹੀਂ ਵੇਖਿਆ ਜਾ ਸਕਦਾ ਹੈ। ਸਾਹਿਤ ਇਕ ਅਜਿਹਾ ਖੇਤਰ ਹੈ ਜਿਸ ਵਿਚ ਦਿਨ-ਪ੍ਰਤੀ-ਦਿਨ ਲੇਖਕ ਜਾਂ ਸਾਹਿਤਕਾਰ ਆਪਣੇ ਨਜ਼ਰੀਏ ਨਾਲ ਘੋਖ ਕਰਕੇ ਪਹਿਲਾਂ ਦੇ ਸਾਹਿਤ ਤੋਂ ਕੁੱਝ ਹੋਰ ਵਧੇਰੇ ਪੱਖਾਂ ਨੂੰ ਪਾਠਕਾਂ ਸਾਹਮਣੇ ਰੱਖਦਾ ਹੈ। ਭਾਵੇਂ ਉਹ ਰਹਿਣ-ਸਹਿਣ ਹੋਵੇ, ਬੋਲੀ, ਸ਼ੈਲੀ ਜਾਂ ਫਿਰ ਸਮਾਜਿਕ ਸਮੱਸਿਆਵਾਂ ਹੀ ਕਿਉਂ ਨਾ ਹੋਣ। ਇਸ ਲਈ ਸਮਕਾਲੀਨ ਜਾਂ ਪ੍ਰਾਚੀਨ ਕਾਲ ਦੀਆਂ ਕੁੱਝ ਬਰਾਬਰ ਗੁਣ ਰੱਖਣ ਵਾਲੀਆਂ ਦੋ ਜਾਂ ਦੋ ਤੋਂ ਵੱਧ ਸਾਹਿਤਕ ਧਾਰਾਵਾਂ, ਭਾਸ਼ਾਵਾਂ, ਕਲਾ-ਕਿਰਤਾਂ, ਲੇਖਕਾਂ ਆਦਿ ਦੀ ਤੁਲਨਾ ਕਰ ਕੇ ਉਹਨਾਂ ਦੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਦਾ ਨਿਰੀਖਣ ਕਰਨਾ ਵੀ 'ਤੁਲਨਾ' ਦੇ ਘੇਰੇ ਵਿਚ ਆ ਜਾਣ ਵਾਲਾ ਖੇਤਰ ਹੈ। ਇਸ ਤਰ੍ਹਾਂ ਤੁਲਨਾਤਮਕ ਅਧਿਐਨ ਤੋਂ ਭਾਵ ਹੈ ਜੋ ਦੋ ਜਾਂ ਦੋ ਤੋਂ ਵੱਧ ਰਚਨਾਵਾਂ, ਥਾਵਾਂ, ਵਿਅਕਤੀ ਵਸਤੂਆਂ ਨੂੰ ਇਕ ਦੂਜੇ ਦੇ ਸਨਮੁੱਖ ਰੱਖ ਕੇ ਤੁਲਨਾ ਦੇ ਆਧਾਰ ਤੇ ਪਰਖਣਾ, ਤੋਲਣਾ ਅਤੇ ਪੜਚੋਲਣਾ ਹੈ। ਤੁਲਨਾਤਮਕ ਸ਼ਬਦ ਦੀ ਵਰਤੋਂ ਸੋਲਵੀਂ ਸਦੀ ਵਿਚ ਸ਼ੈਕਸਪੀਅਰ ਅਤੇ ਫਰਾਂਸਿਸ ਮੇਅਰਜ਼ ਦੁਆਰਾ ਕੀਤੀ ਗਈ। ਇਸ ਤੋਂ ਇਲਾਵਾ ਆਰਨਾਰਡ. ਆਸਟਿਨ ਵਾਰਨ, ਪਰਾਅਰ ਕੇ. ਐਸ ਜਾਰਜ਼, ਡਾ.ਇੰਦਰਨਾਥ ਚੌਧਰੀ, ਡਾ. ਨਗੇਂਦਰ, ਡਾ. ਕੁਲਦੀਪ ਸਿੰਘ ਧੀਰ, ਡਾ. ਸਤਿੰਦਰ ਸਿੰਘ, ਡਾ. ਹਰਿਭਜਨ ਸਿੰਘ, ਡਾ. ਗੁਰਭਗਤ ਸਿੰਘ ਆਦਿ ਦੇ ਨਾਮ ਵੀ ਤੁਲਨਾਤਮਕ ਅਧਿਐਨ ਲਈ ਪ੍ਰਮੁੱਖ ਹਨ। ਤੋਲਨ ਦੇ ਅਰਥਾਂ ਵਿਚ ਕਿਸੇ ਵਸਤੂ ਦੇ ਰੂਪ ਜਾਂ ਗੁਣ ਆਦਿ ਦੇ ਆਧਾਰ 'ਤੇ ਦੂਸਰੀ ਵਸਤੂ ਨਾਲ ਸਮਾਨਤਾ ਜਾਂ ਅਸਮਾਨਤਾ ਪੈਦਾ ਹੁੰਦੀ ਹੈ। ਇਸ ਤਰ੍ਹਾਂ ਅਸੀਂ ਤੁਲਨਾ ਨੂੰ ਕਿਸੇ ਦੋ ਸਮਾਨ ਵਸਤੂਆਂ ਦੀ ਗੁਣਾਂ ਦੇ ਆਧਾਰ 'ਤੇ ਉਹਨਾਂ ਦੀ ਪੂਰਣਤਾ ਜਾਨਣ ਲਈ ਕੀਤੇ ਪ੍ਰੀਖਣ ਤੋਂ ਮੰਨ ਸਕਦੇ ਹਾਂ। ਤੁਲਨਾ ਲਈ ਇਹ ਗੱਲ ਬੇਹਦ ਜ਼ਰੂਰੀ ਹੋ ਜਾਂਦੀ ਹੈ ਕਿ ਤੁਲਨਾਈਆਂ ਜਾ ਰਹੀਆਂ ਵਸਤਾਂ ਵਿਚ ਸਮਾਨਤਾ ਦੇ ਨਾਲ ਅਸਮਾਨਤਾ ਦਾ ਅੰਸ਼ ਹੋਣਾ ਵੀ ਜ਼ਰੂਰੀ ਹੈ। ਤੁਲਨਾਤਮਕਤਾ ਉਹ ਹੈ ਜਿਸ ਵਿਚ ਦੋ ਜਾਂ ਕਈ ਚੀਜ਼ਾਂ ਦੇ ਗੁਣਾਂ ਦੀ ਸਮਾਨਤਾ ਅਤੇ ਅਸਮਾਨਤਾ ਨੂੰ ਦਰਸਾਇਆ ਗਿਆ ਹੁੰਦਾ ਹੈ ਅਤੇ ਤੁਲਨਾ ਕਰਦੇ

ਹੋਏ ਵਿਚਾਰਾਂ ਦੀ ਅਭਿਵਿਅਕਤੀ ਹੁੰਦੀ ਹੈ। ਖੋਜ ਦੇ ਖੇਤਰ ਵਿਚ ਤੁਲਨਾ ਸ਼ਬਦ ਸੰਕੁਚਿਤ ਅਰਥਾਂ ਨੂੰ ਗ੍ਰਹਿਣ ਕਰ ਕੇ ਨਿਸ਼ਚਿਤ ਅਰਥਾਂ ਨੂੰ ਧਾਰਣ ਕਰਦਾ ਹੈ। ਤੁਲਨਾ ਤੋਂ ਭਾਵ ਸਮਕਾਲੀਨ ਜਾਂ ਪ੍ਰਾਚੀਨ ਕਾਲ ਦੀਆਂ ਕੁੱਝ ਸਮਾਨ ਗੁਣ ਰੱਖਣ ਵਾਲੀਆਂ ਦੋ ਜਾਂ ਦੋ ਤੋਂ ਵੱਧ ਕਲਾ-ਕ੍ਰਿਤੀਆਂ, ਸਾਹਿਤਕ ਧਾਰਾਵਾਂ, ਲੇਖਕਾਂ, ਭਾਸ਼ਾਵਾਂ ਆਦਿ ਦੀ ਤੁਲਨਾ ਕਰ ਕੇ ਉਹਨਾਂ ਦੀਆਂ ਸਮਾਨਤਾਵਾਂ ਅਤੇ ਵਿਭਿੰਨਤਾਵਾਂ ਦਾ ਨਿਰੂਪਣ ਕੀਤਾ ਜਾਂਦਾ ਹੈ। ਵੇਖਿਆ ਜਾਵੇ ਤਾਂ ਹਰ ਵਸਤੂ ਜਾਂ ਵਿਚਾਰ ਦੂਸਰੀ ਵਸਤੂ ਜਾਂ ਵਿਚਾਰ ਨਾਲ ਇਕ ਏਕੇ ਅਤੇ ਵੱਖਰਤਾ ਦੇ ਪਹਿਲੂ ਤੋਂ ਜੁੜੀ ਹੋਈ ਹੈ। ਇਸ ਏਕੇ ਅਤੇ ਵੱਖਰਤਾ ਨੂੰ ਹੀ ਤੁਲਨਾ ਦਾ ਆਧਾਰ ਮੰਨਿਆ ਜਾਂਦਾ ਹੈ।

## 5.3 ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਚੋਣਵੇਂ ਗ਼ਜ਼ਲਕਾਰਾਂ ਦੀ ਕਾਵਿ-ਭਾਸ਼ਾ: ਤੁਲਨਾਤਮਕ ਅਧਿਐਨ

ਖੋਜ ਕਾਰਜ ਅਧੀਨ ਚੁਣੇ ਹੋਏ ਗ਼ਜ਼ਲਕਾਰਾਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਉਹਨਾਂ ਦੀਆਂ ਗ਼ਜ਼ਲਾਂ ਦੇ ਵਿਸ਼ੇ ਵਸਤੂ ਨੂੰ ਲੈ ਕੇ ਉਸ ਵਿਚੋਂ ਸਿਰਜਣਾਤਮਕ ਪਲਾਂ ਦੀ ਤੁਲਨਾਤਮਕ ਚਰਚਾ ਕੀਤੀ ਗਈ। ਕਿਸੇ ਵੀ ਲੇਖਕ ਦੀ ਰਚਨਾ ਦੀ ਰਚਨਾਕਾਰੀ ਦਾ ਕੰਮ ਕਿਸੇ ਖ਼ਾਸ ਪਲਾਂ ਦੀ ਆਮਦ ਵਿਚ ਹੁੰਦਾ ਹੈ। ਇਸ ਆਮਦ ਦਾ ਪਿਛੋਕੜ ਉਸ ਦੀਆਂ ਦੁਨਿਆਵੀ ਅਤੇ ਭਾਵਾਨਾਤਮਕ ਸਥਿਤੀਆਂ ਉੱਤੇ ਨਿਰਭਰ ਕਰਦਾ ਹੈ। ਜਦੋਂ ਅਸੀਂ ਕਿਸੇ ਲੇਖਕ ਦੀ ਰਚਨਾ ਨੂੰ ਪੜ੍ਹਦੇ ਹਾਂ ਤਾਂ ਸਾਨੂੰ ਉਸ ਅਵਸਥਾ ਦੇ ਨੇੜੇ ਜਾ ਕੇ ਹੀ ਉਸ ਦੇ ਕਹਿਣ ਦੇ ਅੰਦਾਜ਼ ਅਤੇ ਲਿਖਣ ਦੇ ਵਿਸ਼ਾ ਵਸਤੂਦਾ ਗਿਆਨ ਹੋ ਸਕਦਾ ਹੈ। ਕਿਸੇ ਲੇਖਕ ਦੀ ਕਿਸੇ ਵੀ ਰਚਨਾ ਨੂੰ ਸਮਝਣ ਲਈਉਸ ਦੇ ਪੂਰੇ ਸੰਗ੍ਰਹਿ ਨੂੰ ਪੜ੍ਹੇ ਬਿਨਾਂ ਉਸ ਰਚਨਾ ਦਾ ਭਾਵ ਸਮਝਿਆ ਨਹੀਂ ਜਾ ਸਕਦਾ। ਜਦੋਂ ਕਈ ਲੇਖਕਾਂ ਦਾ ਤੁਲਨਾਤਮਕ ਅਧਿਐਨ ਕਰਨਾ ਹੋਵੇ ਤਾਂ ਇਸ ਕਾਰਜ ਲਈ ਉਹਨਾਂ ਦੇ ਲਿਖਣ ਦੇ ਸੁਭਾਅ ਨੂੰ ਬਹੁਤ ਬਾਰੀਕੀ ਨਾਲ ਸਮਝਣ ਦੀ ਲੋੜ ਪੈਂਦੀ ਹੈ। ਹਰ ਲੇਖਕ ਦੀ ਸੰਵੇਦਨਾ ਸਮਾਜ ਲਈ ਲਗਭਗ ਇਕੋ ਜਿਹੀ ਹੀ ਹੁੰਦੀ ਹੈ। ਇਸ ਲਈ ਉਹਨਾਂ ਰਚਨਾਵਾਂ ਦੀ ਇਕਸਾਰਤਾ ਹੋਣਾ ਸੁਭਾਵਿਕ ਹੈ ਪਰ ਨਾਲ ਵੱਖਰਤਾਵਾਂ ਵੀ ਹਨ। ਇਹਨਾਂ ਚੁਣੇ ਹੋਏ ਗ਼ਜ਼ਲਕਾਰਾਂ ਦੀਆਂ ਰਚਨਾਵਾਂ ਵਿਚ ਕੁੱਝ ਸਾਂਝਾਂ ਅਤੇ ਵੱਖਰਤਾਵਾਂ ਦੋਨੋਂ ਹੀ ਹਨ।

### 5.3.1 ਚੁਣੇ ਹੋਏ ਗ਼ਜ਼ਲਕਾਰ: ਪ੍ਰਮੁੱਖ ਸਾਂਝਾਂ

ਖ਼ੋਜ-ਕਾਰਜ ਨਾਲ ਜੁੜੇ ਹੋਏ ਗ਼ਜ਼ਲਕਾਰਾਂ ਵਿਚ ਵਿਸ਼ੇ ਨਾਲ ਸਬੰਧਤ ਸਾਂਝਾਂ ਅਤੇ ਵੱਖਰਤਾਵਾਂ ਮਿਲਦੀਆਂ ਹਨ। ਗ਼ਜ਼ਲਗੋ ਗੁਰਭਜਨ ਗਿੱਲ, ਸਤੀਸ਼ ਗੁਲਾਟੀ, ਜਗਵਿੰਦਰ ਜੋਧਾ, ਅਜ਼ੀਮ ਸ਼ੇਖ਼ਰ ਬਦਲਦੇ ਸਮਾਜਿਕ ਰਿਸ਼ਤਿਆਂ ਦਾ ਵਰਣਨ ਆਪਣੀਆਂ ਗ਼ਜ਼ਲਾਂ ਵਿਚ ਕਰਦੇ ਹਨ। ਗ਼ਜ਼ਲਕਾਰ ਗੁਰਭਜਨ ਗਿੱਲ ਪੁਰਾਤਨ ਪੰਜਾਬੀ ਸਭਿਆਚਾਰ ਦੇ ਖ਼ਤਮ ਹੋਣ ਤੋਂ ਡਰਦਾ ਹੈ ਤਾਂ ਸੁਖਵਿੰਦਰ ਅੰਮ੍ਰਿਤ ਅਤੇ ਪਰਵਾਸੀ ਗ਼ਜ਼ਲਗੋ ਅਜ਼ੀਮ ਸ਼ੇਖ਼ਰ ਵੀ ਇਸੇ ਹੀ ਕੜੀ ਦਾ ਹਿੱਸਾ ਹਨ। ਇਸ ਤਰ੍ਹਾਂ ਆਰਥਿਕਤਾ ਦੀ ਮਾਰ ਝੱਲ ਰਿਹਾ ਮਨੁੱਖ ਪਰਵਾਸ ਧਾਰਦਾ ਹੈ। ਉਸ ਨੂੰ ਪਰਵਾਸ ਦੌਰਾਨ ਕਿਹੜੀਆਂ ਤੰਗੀਆਂ-ਤੁਰਸ਼ੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਇਸ ਨੂੰ ਆਪਣੀਆਂ ਗ਼ਜ਼ਲਾਂ ਵਿਚ ਸੁਰਜੀਤ ਸਖੀ, ਜਗਵਿੰਦਰ ਜੋਧਾ, ਅਜ਼ੀਮ ਸ਼ੇਖ਼ਰ ਨੇ ਬਿਆਨ ਕੀਤਾ ਹੈ। ਨਾਰੀਵਾਦ ਨੂੰ ਆਪਣੀਆਂ ਗ਼ਜ਼ਲਾਂ ਵਿਚ ਉਭਾਰਨ ਵਾਲੇ ਗ਼ਜ਼ਲਗੋ

ਸੁਖਵਿੰਦਰ ਅੰਮ੍ਰਿਤ, ਤਾਹਿਰਾ ਸਰਾ, ਸੁਰਜੀਤ ਸਖੀ, ਗੌਤਮ ਹਨ। ਅਜੋਕੀ ਰਾਜਨੀਤੀ ਦਾ ਭ੍ਰਿਸ਼ਟ ਹੋਣ ਬਾਰੇ ਗੁਰਭਜਨ ਗਿੱਲ, ਸਤੀਸ਼ ਗੁਲਾਟੀ, ਜਗਵਿੰਦਰ ਜੋਧਾ ਜਿਹੇ ਗ਼ਜ਼ਲਕਾਰਾਂ ਨੇ ਆਪਣੀਆਂ ਗ਼ਜ਼ਲਾਂ ਵਿਚ ਚਿਤਰਨ ਕੀਤਾ ਹੈ।

ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਕੋਈ ਵੀ ਵਿਅਕਤੀ ਜੋ ਕੁਝ ਵੀ ਆਪਣੇ ਆਲੇ ਦੁਆਲੇ ਦੇਖਦਾ ਹੈ ਉਹ ਸਭ ਕੁਝ ਸਮਾਜ ਵਿਚ ਵਾਪਰ ਰਿਹਾ ਹੁੰਦਾ ਹੈ। ਇਸ ਤਰ੍ਹਾਂ ਲੇਖ਼ਕ ਸਮਾਜ ਵਿਚਲੀਆਂ ਘਟਨਾਵਾਂ ਨੂੰ ਆਪਣੀਆਂ ਰਚਨਾਵਾਂ ਦਾ ਹਿੱਸਾ ਬਣਾਉਂਦਾ ਹੈ। ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਵਿਚ ਸਮਾਜ-ਸ਼ਾਸਤਰੀ ਅਧਿਐਨ ਦੌਰਾਨ ਜਿਹੜੇ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ ਉਹ ਸਮਕਾਲੀ ਹਨ। ਉਹਨਾਂ ਦੀਆਂ ਗ਼ਜ਼ਲਾਂ ਵਿਚ ਵਿਸ਼ੇ ਪੱਖੋਂ ਅਤੇ ਰੂਪ ਪੱਖੋਂ ਕੁੱਝ ਸਮਾਨਤਾਵਾਂ ਵੀ ਹਨ ਅਤੇ ਅਸਮਾਨਤਾਵਾਂ ਵੀ ਮਿਲਦੀਆਂ ਹਨ। ਖੋਜ-ਕਾਰਜ ਅਧੀਨ ਚੁਣੇ ਹੋਏ ਗ਼ਜ਼ਲਕਾਰਾਂ ਦੀਆਂ ਰਚਨਾਵਾਂ ਵਿਚ ਹੇਠ ਲਿਖੀਆਂ ਪ੍ਰਮੁੱਖ ਸਾਂਝਾਂ ਇਸ ਤਰ੍ਹਾਂ ਹਨ।

**ਸਮੇਂ ਅਤੇ ਸਥਾਨ ਦੀ ਸਾਂਝ:** ਚੁਣੇ ਹੋਏ ਗ਼ਜ਼ਲਕਾਰ ਲਗਭਗ ਇਕੋ ਹੀ ਕਾਲ ਵਿਚ ਪੈਦਾ ਹੋਏ ਸਾਹਿਤਕਾਰ ਹਨ। ਉਹਨਾਂ ਦੀਆਂ ਰਚਨਾਵਾਂ ਇਕ ਦੂਜੇ ਨੂੰ ਮੁਖ਼ਾਤਿਬ ਹੁੰਦੀਆਂ ਰਹੀਆਂ ਹਨ।

**ਕਾਵਿ-ਧਾਰਾਵਾਂ ਦੀ ਸਾਂਝ:** ਸਥਾਨ ਅਤੇ ਸਮੇਂ ਦੀ ਸਾਂਝ ਹੋਣ ਕਰ ਕੇ ਸਾਰੇ ਲੇਖਕ ਇਕ ਦੂਜੇ ਦੇ ਪ੍ਰਭਾਵ ਨੂੰ ਕਬੂਲਦੇ ਹੋਣ ਕਰ ਕੇ ਕਾਵਿ-ਧਾਰਾਵਾਂ ਦੀ ਸਾਂਝ ਬਣਾਈ ਰੱਖਦੇ ਹਨ। ਪ੍ਰਮੁੱਖ ਰੂਪ ਵਿਚ ਸਾਰੇ ਲੇਖਕਾਂ ਦੀ ਕਾਵਿ-ਸੁਰ ਇਕੋ ਜਿਹੀ ਹੀ ਹੈ। ਸਾਰਿਆਂ ਨੇ ਅਜੋਕੇ ਭੱਖਦੇ ਮਸਲਿਆਂ ਨੂੰ ਮੁੱਖ ਰੱਖ ਕੇ ਕਾਵਿ-ਰਚਨਾ ਕੀਤੀ ਹੈ ਅਤੇ ਆਧੁਨਿਕਤਾ ਨੂੰ ਨਵੇਂ ਪਾਸਾਰਾਂ ਤੋਂ ਪੇਸ਼ ਕੀਤਾ ਹੈ।

**ਵਿਸ਼ਿਆਂ ਦੀ ਸਾਂਝ:** ਇਕੋ ਜਿਹੀ ਕਾਵਿ-ਧਾਰਾ ਵਿਚ ਆਉਣ ਕਰ ਕੇ ਵਿਸ਼ਿਆਂ ਦੀ ਸਾਂਝ ਆਉਣੀ ਸੁਭਾਵਿਕ ਹੀ ਹੈ। ਇਹਨਾਂ ਸਾਰਿਆਂ ਨੇ ਵਧੇਰੇ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਆਦਿ ਵਿਸ਼ਿਆਂ ਉੱਪਰ ਲਿਖਿਆ। ਸਮਾਜਿਕ ਪੱਖ ਲਗਭਗ ਸਾਰੇ ਕਵੀਆਂ ਨੇ ਇਕੋ ਜਿਹੇ ਮਸਲਿਆਂ ਨੂੰ ਉਭਾਰਿਆ। ਸਾਰੇ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਸਮਾਜਿਕ ਉੱਥਲ-ਪੁੱਥਲ ਨੂੰ ਪੇਸ਼ ਕਰਦੀਆਂ ਹਨ। ਸਮੇਂ ਦੀ ਸਰਕਾਰ ਦੀਆਂ ਲੋਟੂ ਨੀਤੀਆਂ ਅਤੇ ਆਵਾਮ ਦੇ ਸ਼ੋਸ਼ਣ ਨੂੰ ਬਿਆਨ ਕਰਨ ਦੀ ਸਫ਼ਲ ਕੋਸ਼ਿਸ਼ ਕੀਤੀ ਗਈ ਹੈ। ਪੰਜਾਬੀ ਗ਼ਜ਼ਲਕਾਰਾ ਸੁਖਵਿੰਦਰ ਅੰਮ੍ਰਿਤ ਅਤੇ ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਨੇ ਸਮਾਜਿਕ ਵਿਸ਼ਿਆਂ ਵਿਚ ਇਸਤਰੀ ਦੀ ਵੇਦਨਾ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਚਿਤਰਿਆ ਹੈ।

**ਸਮਾਜਿਕ ਰਿਸ਼ਤਿਆਂ ਦੀ ਸਾਂਝ:** ਚੁਣੇ ਹੋਏ ਗ਼ਜ਼ਲਕਾਰਾਂ ਨੇ ਸਮਾਜਿਕ ਰਿਸ਼ਤਿਆਂ ਬਾਰੇ ਇਹੀ ਲਿਖਿਆ ਹੈ ਕਿ ਮਨੁੱਖ ਦੀਆਂ ਨਿੱਜ ਨਾਲ ਜੁੜੀਆਂ ਹੋਈਆਂ ਭਾਵਨਾਵਾਂ, ਲੋੜਾਂ ਤੇ ਲਾਲਚ ਉਹਨਾਂ ਦੀਆਂ ਪ੍ਰਤੀਮਾਨ ਹਨ। ਉਹ ਲੋੜਾਂ ਭਾਵਨਾਤਮਕ ਹੁੰਦੀਆਂ ਹਨ ਚਾਹੇ ਨਿੱਜ ਨਾਲ ਜੁੜੀਆਂ ਹੋਣ ਭਾਵੇਂ ਸਮਾਜਿਕ। ਮਨੁੱਖ ਕਦੇ ਵੀ ਆਪਣੇ ਨਿੱਜ ਨੂੰ ਨਹੀਂ ਛੱਡਦਾ। ਨਿੱਜ ਮਨੁੱਖ ਤੇ ਹਮੇਸ਼ਾ ਤੋਂ ਹੀ ਭਾਰੂ ਰਿਹਾ ਹੈ। ਗੁਰਭਜਨ ਗਿੱਲ ਲਿਖਦਾ ਹੈ ਕਿ ਮਨੁੱਖ ਬਿਨਾਂ ਕਿਸੇ ਸਵਾਰਥ ਦੇ

ਕਿਸੇ ਨਾਲ ਸਾਂਝ ਨਹੀਂ ਪਾਉਂਦਾ। ਉਸ ਦੀ ਇਕ ਦੂਜੇ ਤੋਂ ਵੱਖਰਤਾ ਵੱਧਦੀ ਹੀ ਜਾਂਦੀ ਹੈ। ਇਸ ਨੂੰ ਅੱਗੇ ਤੋਰਦਿਆਂ ਬਰਜਿੰਦਰ ਚੌਹਾਨ ਲਿਖਦਾ ਹੈ ਕਿ ਮਨੁੱਖ ਦੀ ਕਿਸੇ ਨਾਲ ਕੋਈ ਸਾਂਝ ਨਹੀਂ ਹੈ ਮਨੁੱਖ ਦੇ ਆਖਿਰ ਸਮੇਂ ਤੱਕ ਉਸਦਾ ਪਰਛਾਵਾਂ ਹੀ ਉਸ ਨਾਲ ਜਾਂਦਾ ਹੈ। ਜਗਵਿੰਦਰ ਜੋਧਾ ਵੀ ਮਨੁੱਖ ਦੇ ਸਮਾਜ ਵਿਚਲੇ ਦੋਹਰੇ ਚਿਹਰਿਆਂ ਨੂੰ ਰੂਪਮਾਨ ਕਰਦਾ ਹੋਇਆ ਕਹਿੰਦਾ ਹੈ ਕਿ ਆਦਮੀ ਤਾਂ ਆਦਮੀ ਨਾਲ ਸਿਰਫ ਗਰਜ਼ਾਂ ਤੱਕ ਹੀ ਰਿਸ਼ਤੇ ਵਿਚ ਬੱਝਾ ਹੈ। ਜਸਵਿੰਦਰ ਕਹਿੰਦਾ ਹੈ ਕਿ ਬੋਹੜਾਂ ਵਰਗੇ ਅਪਣੱਤ ਭਰਿਆ ਵਤੀਰਾ ਰੱਖਣ ਵਾਲੇ ਤਾਂ ਲੋਕ ਹੁਣ ਸਮੇਂ ਦੇ ਨਾਲ-ਨਾਲ ਬਦਲ ਗਏ ਹਨ। ਸਤੀਸ਼ ਗੁਲਾਟੀ ਅਨੁਸਾਰ ਦਿਲਾਂ ਵਿਚ ਇਕ ਦੂਜੇ ਲਈ ਪਿਆਰ, ਇੱਜਤ ਹੋਏ ਬਿਨਾਂ ਕੋਈ ਕਿਸੇ ਨਾਲ ਦੁੱਖ-ਸੁੱਖ ਦਾ ਭਾਈਵਾਲ ਨਹੀਂ ਬਣਦਾ। ਸੁਰਿੰਦਰ ਸੀਰਤ ਅਨੁਸਾਰ ਹਰੇਕ ਮਨੁੱਖ ਲਈ ਨਿੱਜ ਇੰਨਾ ਭਾਰੂ ਹੋ ਗਿਆ ਹੈ ਕਿ ਕਿਸੇ ਲਈ ਉਹ ਬਿਨਾਂ ਕਿਸੇ ਮਤਲਬ ਦੇ ਕੁੱਝ ਵੀ ਨਹੀਂ ਕਰਦਾ। ਪਰਵਾਸੀ ਗ਼ਜ਼ਲਗੋ ਅਜ਼ੀਮ ਸ਼ੇਖਰ ਅਨੁਸਾਰ ਜਦ ਰਿਸ਼ਤਿਆਂ ਵਿਚ ਨਿਵਾਣ ਆ ਜਾਵੇ ਤਾਂ ਮਜਬੂਰੀ ਵੱਸ ਇਕ ਬੰਦੇ ਨੂੰ ਦੂਜੇ ਤੋਂ ਵੱਖ ਹੋਣਾ ਹੀ ਪੈਂਦਾ ਹੈ। ਸੁਰਜੀਤ ਸਖੀ ਕਹਿੰਦੇ ਹਨ ਕਿ ਬਦਲਦੇ ਸਮਾਜ ਵਿਚ ਭੌਤਿਕ ਵਸਤੂਆਂ ਦਾ ਮੋਹ ਹੀ ਮਨੁੱਖ ਦੇ ਅੰਤਰੀਵ ਰਿਸ਼ਤੇ ਤੇ ਡੂੰਘਾ ਅਸਰ ਕਰਦਾ ਹੈ। ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਵੀ ਟੁੱਟਦੇ ਤਿੜਕਦੇ ਰਿਸ਼ਤਿਆਂ ਦੀ ਗੱਲ ਕਰਦੇ ਹਨ ਕਿ ਚਾਲਾਕ ਲੋਕ ਹਮੇਸ਼ਾਂ ਹੀ ਕਿਸੇ ਨਵੀਂ ਗ਼ਰਜ਼ ਨਾਲ ਆਪਣੀ ਚਾਲਾਕੀ ਨਾਲ ਪਿਆਰੇ ਰਿਸ਼ਤਿਆਂ ਨੂੰ ਅਕਸਰ ਗੁਆ ਲੈਂਦੇ ਹਨ। ਇਹਨਾਂ ਸਾਰੇ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਇਸ ਯਥਾਰਥ ਦੀ ਪੇਸ਼ਕਾਰੀ ਕਰਦੀਆਂ ਹਨ।

ਇਕ ਦੂਜੇ ਤੋਂ ਏਨੀ ਚੋਰੀ, ਹਦੋਂ ਵੱਧ ਗਈ ਬੇਵਿਸ਼ਵਾਸੀ
ਸੱਜੇ ਹੱਥ ਨੂੰ ਖ਼ਬਰ ਨਾ ਕੋਈ, ਖੱਬਾ ਅੱਜਕੱਲ ਕੀ ਕਰਦਾ ਹੈ?

(ਗੁਰਭਜਨ ਗਿੱਲ ਰਾਵੀ 33)

ਧੀਆਂ ਪੁੱਤਰ ਮਹਿਲ ਮਾੜੀਆਂ ਦੋਸਤੀਆਂ ਤੇ ਦੁਸ਼ਮਣੀਆਂ

ਇਕ ਆਪਣੇ ਪਰਛਾਵੇਂ ਬਾਝੋਂ ਕੌਣ ਸਿਵੇ ਤਕ ਨਾਲ਼ ਗਿਆ।

(ਬਰਜਿੰਦਰ ਚੌਹਾਨ ਸਫ਼ਰ ਦੀ ਖ਼ੁਸ਼ਬੋ 59)

ਬੜੇ ਉਜਲੇ ਨੇ ਬਾਹਰੋਂ ਅੰਦਰੋਂ ਮੈਲੇ ਕੁਚੈਲੇ ਨੇ

ਚੁਫ਼ੇਰੇ ਰਿਸ਼ਤਿਆਂ ਦੇ ਭੇਸ ਵਿਚ ਕੇਵਲ ਮੁਖੌਟੇ ਨੇ।

(ਜਗਵਿੰਦਰ ਜੋਧਾ ਸਾਰੰਗੀ 50)

ਰਿਸ਼ਤਿਆਂ ਵਾਲੇ ਮੁਖੌਟੇ-ਦਰ-ਮੁਖੌਟੇ ਪਹਿਨਦੇ,

ਹੁਣ ਅਸੀਂ ਚਿਹਰੇ ਗੁਆ ਕੇ ਬਸ ਮੁਖੌਟੇ ਹੋ ਗਏ।

(ਜਗਵਿੰਦਰ ਜੋਧਾ ਸਾਰੰਗੀ 55)

ਸਾਨੂੰ ਪਈਆਂ ਪਾਉਣੀਆਂ ਥੋਹਰਾਂ ਨਾਲ ਪਰੀਤੀਆਂ

ਬੋਹੜਾਂ ਵਰਗੇ ਲੋਕ ਹੁਣ ਟਾਵੇਂ ਟੱਲੇ ਰਹਿ ਗਏ।

(ਜਸਵਿੰਦਰਕੱਕੀ ਰੇਤ ਦੇ ਵਰਕੇ 46)

ਜੇ ਦਿਲਾਂ ਵਿਚ ਰਿਸ਼ਤਿਆਂ ਦਾ ਮਾਣ ਮੋਹ ਹੀ ਨਾ ਰਿਹਾ

ਕਿਸ ਤਰ੍ਹਾਂ ਅਹਿਸਾਸ ਦੇ ਨਗ਼ਮੇ ਰਚਾਏ ਜਾਣਗੇ?

(ਸਤੀਸ਼ ਗੁਲਾਟੀ ਚੁੱਪ ਦੇ ਖ਼ਿਲਾਫ਼ 72)

ਕਿਸੇ ਤੋਂ ਕੌਣ ਕਰਦਾ ਜਾਨ ਆਪਣੀ ਹੁਣ ਨਿਛਾਵਰ

ਹਰ ਇਕ ਪਹਿਚਾਣ ਖੁਰਦੀ ਗਈ ਅਦਭੁਤ ਬਣੀ ਏ।

(ਸੁਰਿੰਦਰ ਸੀਰਤ ਅਰੂਪੇ ਅੱਖਰਾਂ ਦਾ ਅਕਸ 31)

ਆਦਮੀ ਦਾ ਖ਼ੂਨ ਜਿਸ ਦਿਨ ਪਾਣੀਉਂ ਸਸਤਾ ਪਿਆ।

ਵਕਤ ਨਾਲੋਂ ਫੇਰ ਮੈਨੂੰ ਤੋੜਨਾ ਰਿਸ਼ਤਾ ਪਿਆ।

(ਅਜ਼ੀਮ ਸ਼ੇਖਰ ਹਵਾ ਨਾਲ ਖੁੱਲ੍ਹਦੇ ਬੂਹੇ 21)

ਮੁੱਦਤ ਪਿੱਛੋਂ ਆਪਣਾ ਪਿੰਡ ਵੀ ਸਾਰਾ ਘੁੰਮ ਕੇ ਤੱਕਿਆ ਅੱਜ

ਨਾ ਉਹ ਖਿੱਚ ਦਿਲਾਂ ਵਿਚ ਬਾਕੀ ਨਾ ਉਹ ਬੇਪਰਵਾਹੀਆਂ ਨੇ।

(ਸੁਰਜੀਤ ਸਖੀ ਧੁੰਦ 76)

ਜਾਣ ਵੇਲੇ ਯਾਦ ਕਰ ਕੇ ਕਰਨੀਆਂ ਬੰਦ ਖਿੜਕੀਆਂ,

ਵਰਨਾ ਫਿਰ ਮਜਬੂਰ ਹੋ ਕੇ ਜਾਗਦਾ ਰਹਿੰਦੈ ਮਕਾਨ।

(ਸੁਖਵਿੰਦਰ ਅੰਮ੍ਰਿਤ ਪੁਨਿਆਂ 87)

ਵੇਖ ਕੇ ਲੋਕੀਂ ਭੋਲੇ ਭਾਲੇ

ਲੱਭ ਲੈਂਦੇ ਨੇ ਲੁੱਟਣ ਵਾਲੇ

(ਤਾਹਿਰਾ ਸਰਾ ਸ਼ੀਸ਼ਾ 45)

**ਆਰਥਿਕਤਾ ਨਾਲ ਸਬੰਧਤ ਵਿਸ਼ਿਆਂ ਦੀ ਸਾਂਝ:**

ਖੋਜ ਕਾਰਜ ਵਿਸ਼ੇ ਅਧੀਨ ਚੁਣੇ ਹੋਏ ਗ਼ਜ਼ਲਗੋ ਸਮਾਜ ਵਿਚਲੀ ਆਰਥਿਕਤਾ ਨੂੰ ਆਪਣੀਆਂ ਗ਼ਜ਼ਲਾਂ ਰਾਹੀਂ ਪੇਸ਼ ਕਰਦੇ ਹਨ। ਇਸ ਸੰਦਰਭ ਵਿਚ ਪੰਜਾਬੀ ਕਵੀ ਗੁਰਭਜਨ ਗਿੱਲ ਦੇ ਸ਼ਬਦ ਵਿਚਾਰਨ ਯੋਗ ਹਨ। ਅੱਜ ਦੇ ਹਾਲਾਤਾਂ ਵਿਚ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ। ਅਮੀਰ ਗਰੀਬ ਵਿਚਲੀ ਖਾਈ ਦਿਨੋਂ ਦਿਨ ਹੋਰ ਚੌੜੀ ਹੁੰਦੀ ਜਾ ਰਹੀ ਹੈ ਕਿਉਂ ਕਿ ਸ਼ਾਹੂਕਾਰ ਲੋਕ ਉਸ ਤੋਂ ਮਜ਼ਦੂਰੀ ਤਾਂ ਪੂਰੀ ਕਰਵਾ ਲੈਂਦੇ ਹਨ ਪਰ ਉਸ ਦਾ ਅੱਧ ਮੁੱਲ ਵੀ ਨਹੀਂ ਪਾਉਂਦੇ। ਜਿਸ ਕਾਰਨ ਬੇਚਾਰਾ ਮਜ਼ਦੂਰ ਲਾਚਾਰ ਤੇ ਪਰੇਸ਼ਾਨ ਹੋਇਆ ਗਰੀਬੀ ਦੀ ਮਾਰ ਝੱਲ ਰਿਹਾ ਹੈ। ਉਹ ਵਿਚਾਰਾ ਆਪਣੇ ਬਾਲਾਂ ਨੂੰ ਦੋ ਵਕਤ ਦੀ ਰੋਟੀ ਦੇਣ ਦੇ ਯੋਗ ਨਹੀਂ ਹੈ। ਪੰਜਾਬੀ ਗ਼ਜ਼ਲਗੋ ਸਤੀਸ਼ ਗੁਲਾਟੀ ਆਪਣੀ ਗ਼ਜ਼ਲ ਦੇ ਸ਼ਿਅਰ ਰਾਹੀਂ ਅਮੀਰ ਅਤੇ ਗਰੀਬ ਦੀ ਆਰਥਿਕ ਸਥਿਤੀ ਦਾ ਵਰਣਨ ਕਰਦਾ ਕਹਿੰਦਾ ਹੈ ਕਿ ਭਾਰਤ ਦੇਸ਼ ਵਿਚ ਗਰੀਬੀ ਜ਼ਿਆਦਾ ਹੈ। ਅਮੀਰ ਅਮੀਰ ਨੂੰ ਹੀ ਭਰ ਰਿਹਾ ਹੈ। ਇਸ ਵਜ੍ਹਾ ਨਾਲ ਅਮੀਰ ਅਮੀਰ ਹੋਈ ਜਾ ਰਿਹਾ ਹੈ ਅਤੇ ਗਰੀਬ ਗਰੀਬ। ਝੁੱਗੀਆਂ ਦੀ ਗਿਣਤੀ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ। ਇਹ ਨਿਰੰਤਰ ਵਾਧਾ ਹੀ ਮਹਿਲਾਂ ਦਾ ਰਾਹ ਪੁੱਛ ਰਿਹਾ ਹੈ। ਆਰਥਿਕਤਾ ਨੂੰ ਦਰਸਾਉਂਦੀਆਂ ਗ਼ਜ਼ਲਕਾਰ ਜਗਵਿੰਦਰ ਜੋਧਾ ਦੀਆਂ ਗ਼ਜ਼ਲਾਂ ਵਿਚ ਆਰਥਿਕਤਾ ਦੀ ਤਸਵੀਰ ਝਲਕਦੀ ਹੈ। ਅੱਜਕੱਲ ਦੇ ਮਹਿੰਗਾਈ ਦੇ ਜ਼ਮਾਨੇ ਵਿਚ ਰੋਟੀ ਕਮਾਉਣਾ ਔਖਾ ਹੈ ਪਰ ਇਸ ਦੇ ਲਈ ਪ੍ਰਾਪਤ ਰੁਜ਼ਗਾਰ ਦਾ ਮਿਲਣਾ ਵੀ ਜ਼ਰੂਰੀ ਹੈ। ਇਕ ਗਰੀਬ ਮਿਹਨਤ ਮਜ਼ਦੂਰੀ ਕਰਨ ਵਾਲਾ ਵਿਅਕਤੀ ਜਿੰਨਾ ਮਰਜ਼ੀ ਮਿਹਨਤ ਕਰ ਲਵੇ ਪਰ ਉਸ ਨੂੰ ਆਪਣੀ ਮਿਹਨਤ ਦਾ ਪੂਰਾ ਮੁੱਲ ਨਹੀਂ ਮਿਲਦਾ ਤੇ ਉਸ ਦੇ ਬੱਚੇ ਰੋਟੀ ਲਈ ਤਰਸਦੇ ਹੀ ਰਹਿ ਜਾਂਦੇ ਹਨ। ਅਮੀਰ ਲੋਕ ਸਾਰਾ ਕਰੈਡਿਟ ਆਪ ਲੈ ਜਾਂਦੇ ਹਨ। ਜਦੋਂ ਕੋਈ ਬੰਧੂਆ ਮਜ਼ਦੂਰ ਥੱਕ ਹਾਰ ਕੇ ਖਾਲੀ ਹੱਥ ਆਪਣੀ ਝੁੱਗੀ ਵੱਲ ਪਰਤਦਾ ਹੈ ਤਾਂ ਉਸ ਦਾ ਬੱਚਾ ਰੋਟੀ ਲਈ ਤਰਸਦਾ ਹੋਇਆ ਚੰਦਰਮਾ ਤੱਕ ਨੂੰ ਖਾਣ ਲਈ ਉਤਾਰੂ ਹੋਣ ਲੱਗਦਾ ਹੈ ਅਤੇ ਆਪਣੇ ਬਾਪ ਤੋਂ ਪੁੱਛਦਾ ਹੈ ਕਿ ਆਸਮਾਨ ਵਾਲਾ ਚੰਦ ਉਸ ਲਈ ਰੋਟੀ ਕਿਉਂ ਨਹੀਂ ਹੋ ਸਕਦਾ? ਗ਼ਜ਼ਲਕਾਰਾ ਸੁਰਜੀਤ ਸਖੀ ਕਹਿੰਦੀ ਹੈ ਕਿ ਮੌਜੂਦਾ ਦੀ ਸਥਿਤੀ ਅਨੁਸਾਰ ਗਰੀਬ ਗਰੀਬ ਹੀ ਹੋਈ ਜਾਂਦਾ ਹੈ। ਗਰੀਬਾਂ ਨੂੰ ਤਾਂ ਜੱਦੀ-ਪੁਸ਼ਤੀ ਗਰੀਬੀ ਹੀ ਮਿਲਦੀ ਹੈ। ਉਹਨਾਂ ਦੇ ਬੱਚੇ ਗਰੀਬੀ ਹਢਾਉਂਦੇ ਹੀ ਰਹਿ ਜਾਂਦੇ ਹਨ। ਪਾਕਿਸਤਾਨੀ ਤਾਹਿਰਾ ਸਰਾ ਆਰਥਿਕਤਾ ਬਾਰੇ ਆਪਣੇ ਵਿਚਾਰ ਦਿੰਦੀ ਕਹਿੰਦੀ ਹੈ ਕਿ ਜਿਹੜੇ ਬੇਚਾਰੇ ਝੁੱਗੀਆਂ ਝੋਂਪੜੀਆਂ ਵਾਲੇ ਤਿਉਹਾਰਾਂ ਦੇ ਦਿਨਾਂ ਵਿਚ ਆਪ ਤਾਂ ਲੋਕਾਂ ਦੇ ਘਰ ਰੁਸ਼ਨਾਉਣ ਲਈ ਮਿੱਟੀ ਦੇ ਦੀਵੇ ਬਣਾਉਂਦੇ ਹਨ ਅਤੇ ਉਹਨਾਂ ਨੂੰ ਵੇਚ ਕੇ ਆਪਣੀ ਰੋਜ਼ੀ ਰੋਟੀ ਦਾ ਹੀਲਾ ਕਰਦੇ ਹਨ ਪਰ ਉਹਨਾਂ ਵਿਚਾਰਿਆਂ ਦੀਆਂ ਆਪਣੀਆਂ ਕੁਲੀਆਂ ਚਾਨਣ ਰਹਿਤ ਹਨ।

ਠੰਡਾ ਚੁੱਲ੍ਹਾ ਖਾਲੀ ਬੋਰੀ ਸੱਖਣੇ ਪੀਪੇ ਰੋਂਦੇ

ਵੇਖ ਭੜੋਲੀਆਂ ਖ਼ਾਲੀ-ਖ਼ਾਲੀ ਸਾਹ-ਸਤ ਮੁੱਕਦਾ ਜਾਵੇ।

(ਗੁਰਭਜਨ ਗਿੱਲ ਮਨ ਦੇ ਬੂਹੇ ਬਾਰੀਆਂ 57)

ਮੈਂ ਝੁੱਗੀਆਂ ਦੀ ਗਿਣਤੀ ਕਰਦਾ ਕਰਦਾ ਥੱਕ ਜਾਂਦਾ ਹਾਂ,

ਹਰ ਝੁੱਗੀ ਜਦ ਮੈਥੋਂ ਮਹਿਲ ਮੁਨਾਰੇ ਪੁੱਛ ਰਹੀ ਹੈ।

(ਸਤੀਸ਼ ਗੁਲਾਟੀ ਚੁੱਪ ਜਿਹਾ ਸੰਵਾਦ ਪੰਨਾ 46)

ਕਿਸੇ ਝੁੱਗੀ 'ਚ ਇਕ ਮਾਸੂਮ ਆਪਣੇ ਬਾਪ ਤੋਂ ਪੁੱਛੇ,

ਕਿਉਂ ਚੰਦਰਮਾ ਕਿਸੇ ਭੁੱਖੇ ਲਈ ਰੋਟੀ ਨਹੀਂ ਹੁੰਦਾ?

(ਜਗਵਿੰਦਰ ਜੋਧਾ ਸਾਰੰਗੀ ਪੰਨਾ 46)

ਮਿਲਦੀ ਜਦ ਭੁੱਖ ਵਸੀਅਤ ਵਿਚ ਵਿਰਸੇ ਵਿਚ ਪਿਆਸ ਮਿਲੇ

ਕੀ ਰੌਣਕ ਆਵੇ ਚਿਹਰੇ ਤੇ ਕੀ ਅੱਖਾਂ ਵਿਚ ਵਿਸ਼ਵਾਸ ਮਿਲੇ।

(ਸੁਰਜੀਤ ਸਖੀ ਧੁੰਦ 56)

ਉਹਨਾਂ ਦੇ ਘਰ ਦੀਵਾ ਨਹੀਂ

ਜਿਹਨਾਂ ਸੂਰਜ ਵੰਡੇ ਨੇ

(ਤਾਹਿਰਾ ਸਰਾ ਸ਼ੀਸ਼ਾ 58)

**ਪਰਵਾਸ ਨਾਲ ਸਬੰਧਤ ਵਿਸ਼ਿਆਂ ਦੀ ਸਾਂਝ:**

ਖੋਜ ਕਾਰਜ ਵਿਸ਼ੇ ਅਧੀਨ ਚੁਣੇ ਹੋਏ ਗ਼ਜ਼ਲਗੋ ਸਮਾਜ ਵਿਚਲੇ ਪਰਵਾਸ ਦੇ ਵਿਸ਼ੇ ਨੂੰ ਆਪਣੀਆਂ ਗ਼ਜ਼ਲਾਂ ਰਾਹੀਂ ਪੇਸ਼ ਕਰਦੇ ਹਨ। ਇਸ ਸੰਦਰਭ ਵਿਚ ਪੰਜਾਬੀ ਕਵੀ ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਵਿਚ ਪਰਵਾਸੀ ਵਿਸ਼ੇ ਨੂੰ ਵੀ ਛੂਹਿਆ ਗਿਆ ਹੈ। ਜੀਵਨ ਦੀ ਤੰਦ ਘਰ ਦੀਆਂ ਕੰਧਾਂ, ਦਰਵਾਜ਼ਿਆਂ, ਕੁੰਡਿਆਂ, ਜਿੰਦਿਆਂ ਨਾਲ ਜੁੜੀਆਂ ਹੋਈਆਂ ਉਹ ਸਾਂਝਾਂ ਹਨ ਜਿਸ ਨੂੰ ਗੁਰਭਜਨ ਗਿੱਲ ਆਪਣੇ ਬਿੰਬਾਂ ਰਾਹੀਂ ਦਰਸਾਉਣ ਦਾ ਯਤਨ ਕਰਦਾ ਹੈ ਕਿ ਮਨੁੱਖ ਦੇ ਨਾਲ-ਜੁੜੇ ਇਹ ਉਹ ਸਾਂਝ ਦੇ ਰਿਸ਼ਤੇ ਹਨ ਜਿਹੜੇ ਉਸ ਦੇ ਪਰਦੇਸੀ ਹੋਣ ਤੋਂ ਬਾਅਦ ਉਸ ਦੀ ਮਾਂ ਨੂੰ ਉਹ ਜਿੰਦਰੇ ਪ੍ਰਤੀਤ ਹੁੰਦੇ ਹਨ ਜਿਹੜੇ ਜਿੰਦਰੇ ਉਹ ਆਪਣੀ ਮਾਂ ਦੇ ਜਿਹਨ ਵਿਚ ਲਾ ਗਿਆ ਹੈ। ਪਰਵਾਸੀ ਜੀਵਨ ਬਾਰੇ ਜਸਵਿੰਦਰ ਨੇ ਵੀ ਆਪਣੀ ਸ਼ਾਇਰੀ ਵਿਚ ਉੱਥੋਂ ਦੇ ਦਰਦ ਨੂੰ ਬਿਆਨਿਆ ਹੈ। ਉਹ ਕਬਰਾਂ ਅੰਦਰ ਸੁੱਤੀਆਂ ਮਾਂਵਾਂ ਦੇ ਦਰਦ ਨੂੰ ਪਰਦੇਸ ਗਏ ਪੁੱਤਾਂ ਰਾਹੀਂ ਬਿਆਨਦਾ ਹੋਇਆ ਆਖਦਾ ਹੈ ਕਿ ਪਰਵਾਸ ਨੇ ਪੌਂਡ, ਡਾਲਰ, ਯੂਰੋ ਤਾਂ ਬਥੇਰੇ ਦੇ ਦਿੱਤੇ ਪਰ ਉਹਨਾਂ ਦੀਆਂ ਯਾਦਾਂ ਵਿਚਲੇ ਉਹ ਰਿਸ਼ਤੇ ਗੁਆਚੇ ਨਹੀਂ। ਕਬਰਾਂ ਜਿੱਥੇ ਮਨੁੱਖ ਦੀ ਅੰਤਮ ਥਾਂ ਹਨ। ਇਹ ਬਿੰਬ ਪਰਵਾਸੀਆਂ ਦੇ ਇਧਰਲੇ ਘਰਾਂ ਦਾ ਪ੍ਰਤੀਕ ਹੈ ਜਿੱਥੇ ਆਪਣਿਆਂ ਦੇ ਹੁੰਦੇ ਹੋਇਆਂ ਵੀ ਘਰ ਕਧਾਂ ਬਣ ਗਏ ਹਨ। ਅਜਿਹੀ ਹਾਲਤ ਵਿਚ ਮਾਂਵਾਂ ਆਪਣੇ ਲਾਡਲੇ ਪੁੱਤਾਂ ਨੂੰ ਉਡੀਕਦੀਆਂ ਕਬਰਾਂ ਤਕ ਪਹੁੰਚ ਗਈਆਂ ਹਨ।ਇਕ ਪਰਦੇਸੀ ਜਦੋਂ ਮੁੱਦਤਾਂ ਬਾਅਦ ਆਪਣੀ ਅੱਧੀ ਨਾਲੋਂ ਵੱਧ ਉਮਰ ਕੱਢ ਕੇ ਜਦੋਂ ਆਪਣੇ ਵਤਨੀਂ ਵਾਪਿਸ ਆਉਂਦਾ ਹੈ ਤਾਂ ਉਹ ਆਪਣੇ ਘਰ ਦੀ ਸਥਿਤੀ ਦੇਖ ਕੇ ਦੰਗ ਰਹਿ ਜਾਂਦਾ ਹੈ। ਉਸ ਨੂੰ ਆਪਣੇ ਘਰ ਦਾ ਅੱਧ ਖੁੱਲ੍ਹਾ ਦਰਵਾਜ਼ਾ ਘਰ ਵਿਚਲੇ ਸੁੱਕੇ ਬੂਟੇ, ਸੁੱਕੀਆਂ ਵੇਲਾਂ ਅਤੇ ਸੁੰਨ-ਮਸਾਨ ਵਿਹੜਾ ਦਿਖਦਾ ਹੈ ਜਿਸ ਨੂੰ ਦੇਖ ਕੇ ਉਸ ਨੂੰ ਉਹ ਦਿਨ ਯਾਦ ਆਉਂਦੇ ਹਨ ਜਦੋਂ ਇਹੀ ਸੁੰਨੇ ਵਿਹੜੇ ਵਿਚ ਉਸ ਦਾ ਪੂਰਾ ਪਰਿਵਾਰ ਹੱਸਦਾ ਖੇਡਦਾ ਸੰਘਣੇ ਦਰੱਖ਼ਤਾਂ ਦੀਆਂ ਛਾਂਵਾਂ ਮਾਣਦਾ ਸੀ। ਪਰ ਵਿਦੇਸ਼ਾਂ ਵਿਚੋਂ ਵਾਪਿਸ ਪਰਤ ਕੇ ਆਉਣ ਤੋਂ ਬਾਅਦ ਜੋ ਮੰਜ਼ਰ ਭਾਵ ਨਜ਼ਾਰਾ ਉਹ ਦੇਖ ਰਿਹਾ ਸੀ ਉਹ ਪਹਿਲਾਂ ਨਾਲੋਂ ਉੱਲਟ ਸੀ।ਪਰਵਾਸੀ ਗ਼ਜ਼ਲਕਾਰ ਅਜ਼ੀਮ ਸ਼ੇਖ਼ਰ ਆਪਣੀਆਂ ਗ਼ਜ਼ਲਾਂ ਵਿਚ ਪਰਵਾਸੀ ਸੰਵੇਦਨਾ ਨੂੰ ਪ੍ਰਗਟਾਉਂਦਿਆਂ ਲਿਖਦਾ ਹੈ ਕਿ ਹੁਣ ਤਾਂ ਬਾਹਰਲੇ ਮੁਲਕ ਗਏ ਬੰਦਿਆਂ ਦੇ ਘਰਾਂ ਦੀਆਂ ਕੰਧਾਂ ਅਤੇ ਘਰਾਂ ਵਿਚਲੀ ਸ਼ਾਤੀ ਹੁਣ ਸੁੰਨ-ਮਸਾਨ ਹੋਣ ਤੇ ਕੋਈ ਸਵਾਲ-ਜਵਾਬ ਨਹੀਂ ਕਰਦੀ ਕਿਉਂ ਕਿ ਉਸ ਨੂੰ ਪਤਾ ਹੈ ਕਿ ਪਰਦੇਸੀ ਪਰਦੇਸਾਂ ਨੂੰ ਪੈਸੇ ਕਮਾਉਣ ਲਈ ਜਾਂਦੇ ਹਨ ਤਾਂ ਕੰਮ-ਕਾਰ ਵਿਚ ਰੁੱਝੇ ਹੋਣ ਕਾਰਨ ਅਤੇ ਬਹੁਤੇ ਪੈਸਿਆਂ ਦਾ ਮੋਹ ਵਤਨ ਵਾਪਿਸ ਪਰਤਣ ਹੀ ਨਹੀਂ ਦਿੰਦਾ।ਸੁਰਜੀਤ ਸਖੀ ਇਕ ਪਰਵਾਸੀ ਗ਼ਜ਼ਲਕਾਰਾ ਹੈ ਜਿਸ ਨੇ ਆਪਣੀਆਂ ਗ਼ਜ਼ਲਾਂ ਵਿਚ ਸਾਰੇ ਵਿਸ਼ਿਆਂ ਨੂੰ ਛੂਹਿਆ ਹੈ ਅਤੇ ਉਸ ਨੇ ਪਰਵਾਸ ਦੇ ਵਿਸ਼ੇ 'ਤੇ ਗੱਲ ਕੀਤੀ ਹੈ। ਉਹ ਖੁਦ ਪਰਵਾਸ ਧਾਰਨ ਕਰ ਚੁੱਕੀ ਹਨ ਅਤੇ ਉਹ ਪੰਜਾਬੀਆਂ ਦੀ ਮਾਨਸਿਕਤਾ ਵਿਚ ਭੂ-ਹੇਰਵੇ ਨੂੰ ਭਲੀ-ਭਾਂਤੀ ਬਿਆਨ ਕਰਦੀ ਹੈ। ਪੰਜਾਬ ਦੀ ਅਜੋਕੀ ਸਥਿਤੀ ਇਹ ਬਣ ਚੁੱਕੀ ਹੈ ਹਰ ਘਰ ਵਿਚੋਂ ਇਕ-ਦੋ ਜਣੇ ਵਿਦੇਸ਼ਾਂ ਨੂੰ ਗਏ ਹੋਏ ਹਨ। ਅੱਜਕੱਲ੍ਹ ਤਾਂ ਹੁੰਦੇ ਹੀ ਇਕ ਜਾਂ ਦੋ ਬੱਚੇ ਹਨ ਅਤੇ ਉਹ ਵੀ ਪਰਦੇਸਾਂ ਨੂੰ ਤੁਰ ਜਾਂਦੇ ਹਨ ਮਗਰੋਂ ਇਕੱਲੇ ਮਾਂ-ਬਾਪ ਬੁਢਾਪਾ ਕੱਟ ਰਹੇ ਹੁੰਦੇ ਹਨ। ਕਈ ਵਾਰ ਤਾਂ ਬੱਚੇ ਮਾਂ-ਬਾਪ ਨੂੰ ਵੀ ਬੁਲਾ ਲੈਂਦੇ ਹਨ ਤਾਂ ਪੰਜਾਬ ਵਾਲੇ ਘਰ ਦੀ ਸਥਿਤੀ ਅਜਿਹੀ ਹੋ ਜਾਂਦੀ ਹੈ ਕਿ ਜਦੋਂ ਕੋਈ ਪਰਦੇਸੀ ਕਈ ਵਰਿਆਂ ਮਗਰੋਂ ਆਪਣੇ ਵਤਨੀਂ ਆਪਣੇ ਘਰ ਮੁੜ੍ਹਦਾ ਹੈ ਤਾਂ ਉਹ ਆਪਣੇ ਉੱਜੜੇ, ਬੀਆਬਾਨ ਘਰ ਦੀ ਸਥਿਤੀ ਦੇਖ ਕੇ ਘਰ ਦੀਆਂ ਕੰਧਾਂ ਦੇ ਗਲ ਧਾਹੀਂ

ਮਾਰ ਕੇ ਰੋਣ ਲੱਗ ਜਾਂਦਾ ਹੈ। ਪਰਵਾਸੀ ਗ਼ਜ਼ਲਗੋ ਸੁਰਿੰਦਰ ਸੀਰਤ, ਅਜ਼ੀਮ ਸ਼ੇਖ਼ਰ, ਸੁਰਜੀਤ ਸਖੀ ਦੇ ਸ਼ਬਦ ਹਨ ਕਿ ਪਰਵਾਸ ਵਿਚ ਪਰਦੇਸੀ ਬੰਦੇ ਨੂੰ ਕੰਮ-ਕਾਰ ਅਤੇ ਡਾਲਰਾਂ ਦੇ ਮੋਹ ਵਿਚ ਦਿਨ-ਰਾਤ ਦਾ ਫ਼ਰਕ ਨਹੀਂ ਪਤਾ ਲੱਗਦਾ। ਉਹ ਸਭ ਰਿਸ਼ਤਿਆਂ ਨੂੰ ਵਿਸਾਰੀ ਕਮਾਈਆਂ ਕਰਨ ਵਿਚਲੱਗਾ ਹੋਇਆ ਹੈ।

ਆਸਾਂ ਦੀ ਤੰਦ ਟੁੱਟ ਗਈ ਜਾਪੇ, ਕੰਧਾਂ ਡੁਸਕਦੀਆਂ ਨੇ ਦੱਸਿਆ

ਪੁੱਤ ਪਰਦੇਸੀ ਘਰ ਨੂੰ ਬਾਹਰੋਂ, ਕੁੰਡੇ ਜੰਦਰੇ ਮਾਰ ਗਿਆ ਹੈ।

(ਗੁਰਭਜਨ ਗਿੱਲ ਮਿਰਗਾਵਲੀ 13)

ਪਰਦੇਸੀ ਪੁੱਤ ਪੂੰਝਦੇ ਅੱਖਾਂ ਪੌਡਾਂ ਨਾਲ

ਕਬਰਾਂ ਅੰਦਰ ਸੁੱਤੀਆਂ ਮਾਂਵਾਂ ਕਰ ਕੇ ਯਾਦ।

(ਜਸਵਿੰਦਰ ਕੱਕੀ ਰੇਤ ਦੇ ਵਰਕੇ 54)

ਇਕ ਦਿਨ ਘਰ ਦਾ ਸਿਰਨਾਵਾਂ ਵੀ ਭੁੱਲ ਗਏ

ਪਰਦੇਸਾਂ ਵਿਚ ਆਏ ਸੀ ਰੁਜ਼ਗਾਰ ਲਈ।

(ਬਰਜਿੰਦਰ ਚੌਹਾਨ ਸਫ਼ਰ ਦੀ ਖੁਸ਼ਬੋ 50)

ਸੁੰਨਾ ਵਿਹੜਾ, ਸੁੱਕੀਆਂ ਵੇਲਾਂ, ਅੱਧਖੁੱਲ੍ਹਾ ਦਰ ਵੇਖ ਰਿਹਾਂ

ਉਮਰ ਗਵਾ ਕੇ ਘਰ ਮੁੜਿਆ ਇਹ ਕੈਸੇ ਮੰਜ਼ਰ ਵੇਖ ਰਿਹਾਂ।

(ਜਗਵਿੰਦਰ ਜੋਧਾ ਸਾਰੰਗੀ 49)

ਜ਼ਿੰਦਗੀ ਨੂੰ ਵੀ ਕਦੇ ਕਰਦੀ ਨਹੀਂ ਕੋਈ ਸਵਾਲ

ਹੁਣ ਘਰਾਂ ਦੀ ਚੁੱਪ ਵੀ ਕਿੰਨੀ ਸਿਆਣੀ ਹੋ ਗਈ।

(ਅਜ਼ੀਮ ਸ਼ੇਖਰ ਹਵਾ ਨਾਲ ਖੁੱਲ੍ਹਦੇ ਬੂਹੇ 45)

ਕੰਧਾਂ ਦੇ ਨਾਲ ਲੱਗ ਕੇ, ਰੋਣਾ ਪਿਆ ਹੈ ਮੈਨੂੰ

ਕੀ ਹਾਲ ਪੁੱਛ ਲਿਆ ਮੈਂ, ਉਜੜੇ ਮਕਾਨ ਕੋਲੋਂ।

(ਸੁਰਜੀਤ ਸਖੀ ਧੁੰਦ 60)

ਰਾਤ ਦਿਨ ਸੁਬ੍ਹ-ਸ਼ਾਮ ਦਾ ਅੰਤਰ ਏ ਏਥੇ ਲਾਪਤਾ

ਸਿੱਕਿਆਂ ਦਾ ਮੋਹ ਈ ਬੰਦੇ ਦੀ ਸ਼ਨਾਖ਼ਤ ਕਰ ਗਿਆ।

(ਸੁਰਿੰਦਰ ਸੀਰਤ ਪੰਨਾ 37)

**ਰਾਜਨੀਤਿਕ ਵਿਸ਼ਿਆਂ ਦੀ ਸਾਂਝ:**

ਖੋਜ ਕਾਰਜ ਵਿਸ਼ੇ ਅਧੀਨਚੁਣੇ ਹੋਏ ਗ਼ਜ਼ਲਗੋ ਸਮਾਜ ਵਿਚਲੀ ਭ੍ਰਿਸ਼ਟ ਰਾਜਨੀਤੀ ਨੂੰ ਆਪਣੀਆਂ ਗ਼ਜ਼ਲਾਂ ਰਾਹੀਂ ਪੇਸ਼ ਕਰਦੇ ਹਨ। ਇਸ ਸੰਦਰਭ ਵਿਚ ਪੰਜਾਬੀ ਗ਼ਜ਼ਲਕਾਰ ਗੁਰਭਜਨ ਗਿੱਲ ਸਿਆਸਤ ਵਿਚ ਆਏ ਇਸ ਨਿਘਾਰ ਨੂੰ ਆਪਣੇ ਵੱਖੋ-ਵੱਖ ਸ਼ਿਅਰਾਂ ਰਾਹੀਂ ਪੇਸ਼ ਕਰਦਾ ਹੈ। ਉਸ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਜ਼ਮੀਨ ਨਾਲ ਜੁੜ ਕੇ ਪੁਰਾਤਨ ਵਿਰਸੇ ਦੇ ਰਾਹੀਂ ਸਿਆਸਤ ਦਾ ਨੰਗਾ ਕੀਤਾ ਸੱਚ ਪਾਠਕਾਂ ਅੱਗੇ ਰੱਖਦਾ ਹੈ। ਭਾਵੇਂ ਦੇਸ਼ ਵਿਚ ਆਜਾਦੀ ਤੋਂ ਬਾਅਦ ਲੋਕਤੰਤਰ ਦੇ ਨਾਲ ਸਰਕਾਰਾਂ ਬਦਲਦੀਆਂ ਹਨ ਵਿਡੰਬਨਾ ਇਹ ਹੈ ਅਜੇ ਤਕ ਕੋਈ ਅਜਿਹੀ ਸਰਕਾਰ ਨਹੀਂ ਆਈ ਜਿਹੜੀ ਆਮ ਲੋਕਾਂ ਨੂੰ ਨਜ਼ਰ ਆਉਂਦੀ ਹੋਵੇ ਪਰੰਤੂ ਰਾਜ ਵਿਚ ਹੁੰਦੀਆਂ ਅਣਮਨੁੱਖੀ ਅਤੇ ਮਾਰੂ ਲੋਕ ਨੀਤੀਆਂ ਦੇ ਨਾਲ ਭਰੀਆਂ ਅਖ਼ਬਾਰਾਂ ਆਉਂਦੀਆਂ ਹਨ। ਗੰਧਲੀ ਸਿਆਸਤ ਨੇ ਆਮ ਵਿਅਕਤੀ ਨੂੰ ਤਰਸ ਦਾ ਪਾਤਰ ਬਣਾ ਦਿੱਤਾ ਹੈ। ਗੁਰਭਜਨ ਗਿੱਲ ਤਿੱਖੇ ਸ਼ਬਦਾਂ ਅਤੇ ਵਿਅੰਗ ਰਾਹੀਂ ਸਿਆਸਤ ਦੇ ਪਾਜ ਉਧੇੜਦਾ ਹੈ। ਗ਼ਜ਼ਲਕਾਰ ਸਤੀਸ਼ ਗੁਲਾਟੀ ਆਪਣੀਆਂ ਗ਼ਜ਼ਲਾਂ ਵਿਚ ਰਾਜਸੀ ਸਰੋਕਾਰਾਂ ਨੂੰ ਚਿਤਰਦੇ ਹਨ। ਅਜੋਕੀ ਰਾਜਨੀਤੀ ਤਾਂ ਇਸ ਕਦਰ ਗਿਰ ਚੁੱਕੀ ਹੈ ਕਿ ਜੇ ਕਰ ਜਨਤਾ ਵਿਚੋਂ ਕੋਈ ਵੀ ਇਸ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਦਾ ਹੈ ਤਾਂ ਉਸ ਦੀ ਆਵਾਜ਼ ਨੂੰ ਹੀ ਖੋਹ ਲਿਆ ਜਾਂਦਾ ਹੈ। ਉਸ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਪੜਤਾੜਿਤ ਕੀਤਾ ਜਾਂਦਾ ਹੈ। ਕਿਸੇ ਵੀ ਰਾਜਸੀ ਭਾਸ਼ਣ ਸਮਾਰੋਹ ਵਿਚ ਜਦੋਂ ਕਿਸੇ ਵੀ ਨੇਤਾ ਦੇ ਭਾਸ਼ਣ ਦੌਰਾਨ ਜਨਤਾ ਵੱਲੋਂ ਸਪੱਸ਼ਟੀਕਰਨ ਮੰਗਿਆ ਜਾਂਦਾ ਹੈ ਤਾਂ ਉਸ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪੰਜਾਬੀ ਗ਼ਜ਼ਲਗੋ ਜਗਵਿੰਦਰ ਜੋਧਾ ਸਾਡੇ ਰਾਜਨੇਤਾਵਾਂ ਦੇ ਭ੍ਰਿਸ਼ਟ ਰਵੱਈਏ ਨੂੰ ਬਿਆਨ ਕਰਦਾ ਲਿਖਦਾ ਹੈ ਕਿ ਲੋਟੂ ਧਿਰ ਵਲੋਂ ਆਪਣਾ ਕੰਮ ਨਿਕਲ ਜਾਣ ਮਗਰੋਂ ਲੁੱਟੀ ਜਾ ਰਹੀ ਧਿਰ ਨਾਲ ਬਹੁਤ ਮਾੜੀ ਕੀਤੀ ਜਾਂਦੀ ਹੈ। ਹਮੇਸ਼ਾ ਹੀ ਨੇਤਾਵਾਂ ਵਲੋਂ ਗਰੀਬਾਂ ਦੀ ਗੱਲ ਸੁਣਨ ਦੀ ਮਨਾਹੀ ਹੋ ਜਾਂਦੀ ਹੈ। ਉਹ ਬੇਚਾਰੇ ਲੋਕ ਕਈ-ਕਈ ਘੰਟੇ ਨੇਤਾਵਾਂ ਦੀਆਂ ਕੋਠੀਆਂ ਬਾਹਰ ਆਪਣੀ ਫ਼ਰਿਆਦ ਲਈ ਖੜੇ ਰਹਿੰਦੇ ਹਨ ਪਰ ਨੇਤਾ ਵਲੋਂ ਕੋਈ ਵੀ ਸੁਖਾਵਾਂ ਜਵਾਬ ਨਹੀਂ ਦਿੱਤਾ ਜਾਂਦਾ। ਰਾਜਨੀਤੀ ਵਿਚ ਭ੍ਰਿਸ਼ਟਾਚਾਰ ਭਰੇ ਮਾਹੌਲ ਨੂੰ ਉਜਾਗਰ ਕਰਦਾ ਜਗਵਿੰਦਰ ਜੋਧਾ ਆਪਣੀਆਂ ਗ਼ਜ਼ਲਾਂ ਰਾਹੀਂ ਭ੍ਰਿਸ਼ਟ ਰਾਜਨੀਤੀ ਦੀ ਤਸਵੀਰ ਪੇਸ਼ ਕਰਦਾ ਹੈ। ਗ਼ਜਲਕਾਰਾ ਸੁਖਵਿੰਦਰ ਅੰਮ੍ਰਿਤ ਰਾਜਨੀਤੀ ਦੇ ਗੁਰ ਦੱਸਦੀ ਹੋਈ ਕਹਿੰਦੀ ਹੈ ਕਿ ਇਹ ਨੀਤੀ ਅਜਿਹੀ ਹੈ ਜਿੱਥੇ ਸਿੱਧੇ-ਸਾਦੇ ਬੰਦੇ ਦੀ ਦਾਲ ਨਹੀਂ ਗਲਦੀ। ਰਾਜਨੀਤੀ ਵਿਚ ਲੋਕਾਂ ਤੇ ਰਾਜ ਕਰਨਾ ਚਾਲਾਕ ਲੋਕਾਂ ਦੇ ਵੱਸ ਦੀ ਗੱਲ ਹੈ। ਰਾਜਨੀਤੀ ਵਿਚ ਉਹੀ ਬੰਦੇ ਸਫ਼ਲ ਹਨ ਜਿਹੜੇ ਝੂਠ ਬੋਲਣਾ ਅਤੇ ਜ਼ੁਲਮ ਕਰਨਾ ਸਿੱਖੇ ਹੁੰਦੇ ਹਨ। ਉਹਨਾਂ ਲਈ ਰਾਜਨੀਤੀ ਵਿਚ ਭਵਿੱਖ ਸੁਖਾਵਾਂ ਹੁੰਦਾ

ਹੈ।ਪਰਵਾਸੀ ਗ਼ਜ਼ਲਗੋ ਸੁਰਿੰਦਰ ਸੀਰਤ ਅਜੋਕੀ ਰਾਜਨੀਤੀ ਬਾਰੇ ਸਪੱਸ਼ਟ ਕਰਦਾ ਹੈ ਕਿ ਦੇਸ਼ ਗਲਤ ਲੋਕਾਂ ਦੇ ਹੱਥਾਂ ਵਿਚ ਆਉਣ ਕਰ ਕੇ ਦੇਸ਼ ਦੀ ਜਨਤਾ ਵਿਚ ਹਰ ਪਾਸੇ ਮੌਤ, ਭ੍ਰਿਸ਼ਟਾਚਾਰ ਅਤੇ ਭੁੱਖਮਰੀ ਫੈਲੀ ਹੋਈ ਹੈ। ਇਹ ਕਿਸ ਤਰ੍ਹਾਂ ਦਾ ਪਸਾਰਾ ਹੈ ਕਿ ਲੋਕਾਂ ਵਿਚ ਇਨਸਾਨੀਅਤ ਦੀ ਘਾਟ ਨਜ਼ਰ ਆ ਰਹੀ ਹੈ। ਅਜੋਕੀ ਸਿਆਸਤ ਬਾਰੇ ਪਾਕਿਸਤਾਨੀ ਤਾਹਿਰਾ ਸਰਾ ਦਾ ਕਹਿਣਾ ਹੈ ਕਿ ਸਾਡੇ ਅਜੋਕੇ ਸਿਆਸਤਦਾਨ ਚਾਹੇ ਉਹ ਭਾਰਤਦੇ ਹੋਣ ਜਾਂ ਫਿਰ ਪਾਕਿਸਤਾਨ ਦੇ ਸਾਰੇ ਹੀ ਇਕੋ ਜਿਹੇ ਹੀ ਹੁੰਦੇ ਹਨ।ਲੋਕਾਂ ਨੂੰ ਚੰਗੇ ਦਿਨਾਂ ਦਾ ਲਾਰਾ ਲਗਾਉਂਦੇ ਹਨ ਅਤੇ ਲੋਕਾਂ ਨੂੰ ਲੁੱਟਣ ਵਿਚ ਕੋਈ ਕਸਰ ਨਹੀਂ ਛੱਡਦੇ।

ਉਸ ਨੂੰ ਸੌੜੀ ਸਿਆਸਤ ਕਤਲ਼ ਕਰਨਾ ਲੋਚਦੀ,

ਜੋ ਕਿਸੇ ਵੀ ਕੱਠ ਅੰਦਰ ਬੋਲਦਾ ਚੁੱਪ ਦੇ ਖ਼ਿਲਾਫ਼।

(ਸਤੀਸ਼ ਗੁਲਾਟੀ ਚੁੱਪ ਦੇ ਖ਼ਿਲਾਫ਼ 30)

ਜਦ ਸੱਤਾ ਦੀ ਚਾਬੀ ਲੋਕਾਂ ਹੱਥ ਆਉਂਦੀ ਹੈ

ਕਾਰਾਂ-ਕੂਰਾਂ ਤੋਂ ਲਹਿ ਜਾਂਦੇ ਹੂਟਰ-ਹਾਟਰ ਸਭ।

(ਚੁੱਪ ਜਿਹਾ ਸੰਵਾਦ 78)

ਸੱਤ ਕੰਧਾਂ ਦੇ ਪਾਰ ਨਾ ਹਾਕਮ ਤਕ ਪੁੱਜੀ ਆਵਾਜ਼,

ਇਕ ਫ਼ਰਿਆਦੀ ਦੇਰ ਤਕ ਚੀਕ-ਪੁਕਾਰ ਕੇ ਤੁਰ ਪਿਆ।

(ਜਗਵਿੰਦਰ ਜੋਧਾ ਸਾਰੰਗੀ 51)

ਸਿਆਸਤ ਹੈ ਉਹ ਬੁੱਢੀ ਜਾਦੂਗਰਨੀ ਸਾਡੇ ਸਮਿਆਂ ਦੀ

ਜੋ ਅੱਖ ਦੇ ਫੋਰ ਵਿਚ ਇਨਸਾਨ ਨੂੰ ਕੁਰਸੀ ਬਣਾਉਂਦੀ ਹੈ। (ਸਾਰੰਗੀ 57)

ਜ਼ੁਲਮ ਕਰਨਾ ਜਾਣਦੈ ਜੋ ਬੇਰਹਿਮ

ਉਹੀ ਚੰਗਾ ਹੈ ਹਕੂਮਤ ਵਾਸਤੇ। (ਸੁਖਵਿੰਦਰ ਅੰਮ੍ਰਿਤ ਪੁੰਨਿਆਂ 65)

ਜਦੋਂ ਪਾਣੀ ਹਵਾ ਅਗਨੀ ਸਮਰਪਿਤ ਹੋਣ ’ਤੇ ਆਵਣ

ਅਜਿਹੀ ਧੁੰਨ ’ਚੋਂ ਆ ਉਗਮੇ ਭ੍ਰਿਸ਼ਟਾਚਾਰ ਦਾ ਮੰਤਰ।

(ਸੁਰਿੰਦਰ ਸੀਰਤ ਅਰੂਪੇ ਅੱਖਰਾਂ ਦਾ ਅਕਸ 18)

ਹਰ ਦਿਸ਼ਾ ਵਿਚ ਮੌਤ, ਭੁੱਖ, ਰਿਸ਼ਵਤ, ਭ੍ਰਿਸ਼ਟਾਚਾਰ ਹੈ

ਕੈਸੀ ਆਖਰਤਾ ਹੈ ਇਹ ਇਨਸਾਨੀਅਤ ਦੀ ਥੋੜ ਹੈ।

(ਅਰੂਪੇ ਅੱਖਰਾਂ ਦਾ ਅਕਸ 35)

ਪੁਲ, ਸੜਕਾਂ ਤੇ ਪੱਕੀਆਂ ਗਲੀਆਂ ਬਣਦੇ ਟੁੱਟਦੇ ਕਾਗਜ਼ ਵਿਚ

ਮਦਦ, ਵਿਕਾਸ, ਗਰਾਂਟਾਂ, ਪੈਨਸ਼ਨ ਸਾਰੇ ਖਾਤੇ ਫ਼ਰਜ਼ੀ ਨੇ। (ਸੁਰਜੀਤ ਸਖੀ ਧੁੰਦ 33)

ਦਿਨ ਬਦਲਣ ਦਾ ਵਾਅਦਾ ਸੀ

ਨਜ਼ਰਾਂ ਬਦਲੀ ਜਾਂਦੇ ਉਹ

ਇਹ ਕਿਹੜੀ ਤਬਦੀਲੀ ਏ

ਸ਼ਕਲਾਂ ਬਦਲੀ ਜਾਂਦੇ ਉਹ।

(ਤਾਹਿਰਾ ਸਰਾ ਸ਼ੀਸ਼ਾ 34)

**ਨਾਰੀ ਦ੍ਰਿਸ਼ਟੀਕੋਣ ਦੀ ਸਾਂਝ:**

ਖੋਜ ਕਾਰਜ ਵਿਸ਼ੇ ਅਧੀਨ ਚੁਣੇ ਹੋਏ ਗ਼ਜ਼ਲਗੋ ਸਮਾਜ ਵਿਚਲੀ ਔਰਤ ਦੀ ਸਥਿਤੀ ਨੂੰ ਆਪਣੀਆਂ ਗ਼ਜ਼ਲਾਂ ਰਾਹੀਂ ਪੇਸ਼ ਕਰਦੇ ਹਨ। ਇਸ ਸੰਦਰਭ ਵਿਚ ਪੰਜਾਬੀ ਗ਼ਜ਼ਲਕਾਰ ਅਜੋਕੇ ਸਮਾਜ ਵਿਚ ਔਰਤ ਦੀ ਜੋ ਸਥਿਤੀ ਹੈ ਉਸ ਨੂੰ ਬਿਆਨਦਾ ਪੰਜਾਬੀ ਗ਼ਜ਼ਲਕਾਰ ਗੁਰਭਜਨ ਗਿੱਲ ਆਖਦਾ ਹੈ ਕਿ ਔਰਤ ਨੂੰ ਮਰਦ ਸ਼ੁਰੂ ਤੋਂ ਹੀ ਭੋਗ ਵਿਲਾਸ ਦੀ ਚੀਜ਼ ਸਮਝਦਾ ਹੈ। ਜਦ ਦਿਲ ਕੀਤਾ ਉਸ ਨੂੰ ਵਰਤਿਆ ਤੇ ਜਦ ਦਿਲ ਕੀਤਾ ਵਰਤ ਕੇ ਸੁੱਟ ਦਿੱਤਾ। ਔਰਤ ਨੂੰ ਮਰਦ ਤੋਂ ਹਮੇਸ਼ਾ ਇਹੀ ਸ਼ਿਕਾਇਤ ਰਹਿੰਦੀ ਹੈ ਕਿ ਮਰਦ ਉਸ ਦੇ ਦਿਲ ਨਾਲੋਂ ਉਸਦੇ ਸ਼ਰੀਰ ਨੂੰ ਵੱਧ ਅਹਿਮੀਅਤ ਦਿੰਦਾ ਹੈ। ਗ਼ਜ਼ਲਗੋ ਜਸਵਿੰਦਰ ਆਪਣੀਆਂ ਗ਼ਜ਼ਲਾਂ ਵਿਚ ਨਾਰੀਵਾਦੀ ਸਰੋਕਾਰ ਨੂੰ ਪ੍ਰਗਟਾਉਂਦੇ ਹਨ। ਜੋ ਆਦਮੀ ਔਰਤ ਨੂੰ ਸਿਰਫ਼ ਭੋਗ ਵਿਲਾਸ ਦੀ ਹੀ ਚੀਜ਼ ਸਮਝਦਾ ਹੈ ਅਤੇ ਉਸ ਦਾ ਮਨ ਅਕਸਰ ਜਿਸਮਾਂ ਨੂੰ ਪਾਉਣ ਦੀਆਂ ਸਕੀਮਾਂ ਘੜਦਾ ਰਹਿੰਦਾ ਹੈ। ਉਹ ਇਨਸਾਨ ਕਦੇ ਵੀ ਕਿਸੇ ਦਾ ਸੱਚਾ ਪਿਆਰ ਹਾਸਿਲ ਨਹੀਂ ਕਰ ਸਕਦਾ ਹੈ। ਗ਼ਜ਼ਲਗੋ ਸਤੀਸ਼ ਗੁਲਾਟੀ ਔਰਤ ਬਾਰੇ ਕਹਿੰਦਾ ਹੈ ਕਿ ਭਾਵੇਂ ਔਰਤ ਹਾਲੇ ਵੀ ਤ੍ਰਾਸਦਿਕ ਸਥਿਤੀਆਂ 'ਚ ਜਿਉਂ ਰਹੀ ਹੈ। ਉਸ ਦੇ ਬਣਦੇ ਹੱਕਾਂ ਦੀ ਬਹਾਲੀ ਪੂਰੀ ਤਰ੍ਹਾਂ ਨਹੀਂ ਹੋਈ ਪਰ ਫਿਰ ਵੀ ਅੱਜ ਔਰਤ ਪੜ੍ਹ-ਲਿਖ ਕੇ ਜਾਗਰੂਕ ਵੀ ਹੋ ਰਹੀ ਹੈ। ਔਰਤ ਦੇ ਪੜ੍ਹਨ-ਲਿਖਣ ਨਾਲ ਅੱਜ ਉਸ ਦੀ ਦਸ਼ਾ ਅਤੇ ਦਿਸ਼ਾ ਵਿਚ ਕਾਫੀ ਸਾਕਾਰਾਤਮਕ ਤਬਦੀਲੀ ਆਈ ਹੈ। ਲੇਖਕ ਆਸ਼ਾਵਾਦੀ ਸੁਰ

ਵਿਚ ਮਹਿਲਾ ਸਸ਼ਕਤੀਕਰਨ ਨੂੰ ਬਿਆਨ ਕਰਦਾ ਹੋਇਆ ਕਹਿੰਦਾ ਹੈ ਕਿ ਕੁੜੀਆਂ ਲਈ ਕੁੱਝ ਨਾ ਕੁੱਝ ਤਾਂ ਸਾਰਥਕ ਕੀਤਾ ਜਾ ਰਿਹਾ ਹੈ ਅਤੇ ਉਹ ਕਲਪਨਾ ਚਾਵਲਾ ਅਤੇ ਯੂਸਫ਼ ਮਲਾਲਾ ਬਣ ਕੇ ਦੇਸ਼ ਦਾ ਨਾਮ ਚਮਕਾ ਰਹੀ ਹੈ।ਇਕ ਮਰਦ ਲਈ ਔਰਤ ਸਿਰਫ਼ ਭੋਗਣ ਦਾ ਹੀ ਜ਼ਰੀਆ ਰਹੀ ਹੈ। ਮਰਦ ਔਰਤ ਨੂੰ ਸਿਰਫ਼ ਘਰ ਬਾਰ ਸੰਭਾਲਣ ਵਾਲੀ ਅਤੇ ਹਮਬਿਸਤਰ ਹੋਣ ਤੱਕ ਹੀ ਸੀਮਤ ਰੱਖਦਾ ਹੈ। ਇਸ ਤੋਂ ਅਗਾਂਹ ਉਹ ਔਰਤ ਨੂੰ ਕੁੱਝ ਵੀ ਨਹੀਂ ਸਮਝਦਾ। ਪੰਜਾਬੀ ਗ਼ਜ਼ਲਕਾਰਾ ਸੁਖਵਿੰਦਰ ਅੰਮ੍ਰਿਤ ਔਰਤ ਦੇ ਦਰਦ ਨੂੰ ਬਿਆਨ ਕਰਦੀ ਲਿਖਦੀ ਕਹਿੰਦੀ ਹੈ ਕਿ ਔਰਤ ਦੀ ਜ਼ਿੰਦਗੀ ਤਾਂ ਹਰ ਪਲ ਸੰਘਰਸ਼ ਵਿਚ ਹੀ ਬੀਤਦੀ ਹੈ। ਹਰ ਕੋਈ ਔਰਤ ਨੂੰ ਥੱਲੇ ਡੇਗਣ ਦੀ ਕੋਸ਼ਿਸ਼ ਕਰਦਾ ਹੈ ਅਤੇ ਔਰਤ ਹਰ ਪਲ ਹਰ ਘੜੀ ਆਪਣੇ ਆਪ ਨੂੰ ਮੁੜ ਉਸਾਰਦੀ ਹੈ। ਪਰਵਾਸੀ ਗ਼ਜ਼ਲਗੋ ਅਜ਼ੀਮ ਸ਼ੇਖਰ ਔਰਤ ਦੇ ਹੱਕ ਵਿਚ ਕਹਿੰਦੇ ਹਨ ਕਿ ਔਰਤ ਹਮੇਸ਼ਾ ਤੋਂ ਹੀ ਸਮਾਜ ਦੀ ਗ਼ੁਲਾਮੀ ਹੰਢਾ ਰਹੀ ਹੈ। ਇਸ ਨੂੰ ਹਰ ਤਰ੍ਹਾਂ ਦੀ ਕੈਦ ਤੋਂ ਆਜ਼ਾਦ ਕਰਨਾ ਚਾਹੀਦਾ ਹੈ। ਪਰਵਾਸੀ ਸ਼ਾਇਰਾ ਸੁਰਜੀਤ ਸਖੀ ਔਰਤ ਦੇ ਬਾਰੇ ਕਹਿ ਰਹੀ ਹੈ ਕਿ ਜੇਕਰ ਔਰਤ ਲੋਕਾਂ ਦੀਆਂ ਨਜ਼ਰਾਂ ਤੋਂ ਬਚ ਵੀ ਜਾਵੇ ਤਾਂ ਵੀ ਕਈ ਵਾਰ ਆਪਣੇ ਹੀ ਘਰ ਵਿਚ ਸ਼ਾਰੀਰਿਕ ਸ਼ੋਸ਼ਣ ਦਾ ਸ਼ਿਕਾਰ ਹੋ ਜਾਂਦੀ ਹੈ। ਪਾਕਿਸਤਾਨੀ ਸ਼ਾਇਰਾ ਤਾਹਿਰਾ ਸਰਾ ਦੇ ਔਰਤ ਬਾਰੇ ਵਿਚਾਰ ਹਨ ਕਿ ਇਕ ਔਰਤ ਦਾਆਪਣਾਕੋਈ ਵਜੂਦ ਨਹੀਂ ਹੈ। ਉਹ ਤਾਂ ਸਿਰਫ਼ ਰਸਮਾਂ-ਰਿਵਾਜ਼ਾਂ ਵਿਚ ਹੀ ਉਲਝ ਕੇ ਰਹਿ ਗਈ ਹੈ। ਆਪਣੀ ਮਨ ਮਰਜ਼ੀ ਦਾ ਵਰ ਚੁਨਣ ਦਾ ਅਧਿਕਾਰ ਨਹੀਂ ਹੈ। ਉਹ ਪੂਰੀ ਤਰ੍ਹਾਂ ਨਾਲ ਸਮਾਜ ਦੀ ਪਕੜ ਵਿਚ ਜਕੜੀ ਹੋਈ ਹੈ। ਇਸ ਸੰਦਰਭ ਵਿਚ ਪੰਜਾਬੀ ਸ਼ਾਇਰ ਆਪਣੇ ਤਰੀਕੇ ਨਾਲ ਔਰਤ ਦੀ ਵੇਦਨਾ ਨੂੰ ਆਪਣੇ ਸ਼ਿਅਰਾਂ ਵਿਚ ਪਰੋਂਦੇ ਹੋਏ ਕਹਿੰਦੇ ਹਨ:

ਜਿਸਮ ਦੀ ਮਿੱਟੀ ਨੂੰ ਫ਼ੋਲਣ ਵਾਲਿਆ

ਮੇਰੇ ਦਿਲ ਨੂੰ ਜਾਣ ਤੂੰ ਸੁਲਤਾਨ ਬਣ।

(ਗੁਰਭਜਨ ਗਿੱਲ ਮਨ ਪਰਦੇਸੀ 24)

ਜਿਸਮ ਦੇ ਜੁਗਰਾਫ਼ੀਏ ਵਿਚ ਕੈਦ ਬੰਦੇ ਨੂੰ ਕਦੇ

ਰੂਹ ਦੁਆਲੇ ਲਿਪਟਿਆ ਸੰਗਲ ਨਜ਼ਰ ਆਉਂਦਾ ਨਹੀਂ।

(ਜਸਵਿੰਦਰ ਅਗਰਬੱਤੀ 48)

ਚਲੋ ਇਕ ਗੱਲ ਤਸੱਲੀ ਦੇਣ ਵਾਲੀ
ਕਿ ਹੁਣ ਚਿੰਤਨ ਤੇ ਮੰਥਨ ਹੋ ਰਿਹਾ ਹੈ
ਕਿਤੇ ਬੇਟੀ ਕਲਪਨਾ ਬਣ ਰਹੀ ਹੈ
ਕਿਤੇ ਬੇਟੀ ਮਲਾਲਾ ਹੋ ਰਹੀ ਹੈ।

(ਸਤੀਸ਼ ਗੁਲਾਟੀ ਚੁੱਪ ਜਿਹਾ ਸੰਵਾਦ 53)

ਤੂੰ ਮੈਨੂੰ ਜਿਸਮ ਦੇ ਸਰਵਰਕ ਤੋਂ ਅੱਗੇ ਤਾਂ ਪੜ੍ਹਦਾ

ਮੈਂ ਤੇਰੀ ਹੋਂਦ ਵਿਚ ਡੂੰਘਾ ਉਤਰ ਵੀ ਜਾਣਾ ਸੀ।

(ਜਗਵਿੰਦਰ ਜੋਧਾ ਸਾਰੰਗੀ 21)

ਉਹ ਮੈਨੂੰ ਬਖ਼ਸ਼ਦਾ ਹੈ ਚਾਰ ਕੰਧਾਂ, ਛੱਤ ਤੇ ਕੁੱਝ ਰਿਸ਼ਤੇ

ਤੇ ਫਿਰ ਪੁੱਛੇ, "ਇਹ ਸਭ ਕੁੱਝ ਜੀਣ ਲਈ ਕਾਫ਼ੀ ਨਹੀਂ ਹੁੰਦਾ"?

(ਜਗਵਿੰਦਰ ਜੋਧਾ ਸਾਰੰਗੀ 46)

ਮੈਂ ਜ਼ਿੰਦਗੀ ਹਾਂ ਮੇਰਾ ਹਰ ਪਲ ਸੰਘਰਸ਼ ਜਾਰੀ

ਪਲ ਪਲ ਮੈਂ ਢਹਿ ਰਹੀ ਹਾਂ ਪਲ ਪਲ ਉਸਰ ਰਹੀ ਹਾਂ।

(ਸੁਖਵਿੰਦਰ ਅੰਮ੍ਰਿਤ ਪੁੰਨਿਆ 33)

ਖਿੱਲਰੇ ਅੰਗ ਇਕੱਠੇ ਕੀਤੇ

ਆਪਣੇ ਜ਼ਖ਼ਮ ਮੈਂ ਆਪੇ ਸੀਤੇ

ਸਾਰੀ ਦੁਨੀਆਂ ਕੋਲ ਖੜ੍ਹੀ ਸੀ

ਦੁੱਖ ਦਾ ਭਾਈਵਾਲ ਨਹੀਂ ਸੀ।

(ਸੁਖਵਿੰਦਰ ਅੰਮ੍ਰਿਤ ਪੁੰਨਿਆ 36)

ਚਿੜੀਆਂ ਦੇ ਦੁੱਖ ਕਿਹੜਾ ਜਾਣੇ

ਕਿੰਨੀਆਂ ਗਈਆਂ ਭੰਗ ਦੇ ਭਾਣੇ

ਵਕਤ ਦੇ ਖੰਜਰ ਉੱਤੇ ਲੋਕੋ

ਇਕ ਵੀ ਛਿੱਟਾ ਲਾਲ ਨਹੀਂ ਸੀ।

(ਸੁਖਵਿੰਦਰ ਅੰਮ੍ਰਿਤ ਪੁੰਨਿਆ 37)

ਪਿੰਜਰੇ ਦਾ ਦਰਵਾਜ਼ਾ ਖੋਹਲੋ ਹਰ ਬੁਲਬੁਲ ਆਜ਼ਾਦ ਕਰੋ,

ਇਹ ਕੰਧਾਂ ਦਾ ਰੰਗ ਘੋਲ ਕੇ ਕਦ ਤੱਕ ਪੀਂਦੀਆਂ ਰਹਿਣਗੀਆਂ।

(ਅਜ਼ੀਮ ਸ਼ੇਖਰ ਹਵਾ ਨਾਲ ਖੁੱਲ੍ਹਦੇ ਬੂਹੇ 83)

ਕਿਤੇ ਸੀਤਾ ਹਰਣ ਹੋਈ ਕਿਤੇ ਪੱਤ ਦ੍ਰੋਪਤੀ ਲੱਥੀ

ਬਣੀ ਰਾਮੈਣ ਇਹ ਕਿਧਰੇ ਹੈ ਗੀਤਾ ਵਾਰ ਇਹ ਧਰਤੀ।

(ਸੁਰਿੰਦਰ ਸੀਰਤ ਅਰੂਪੇ ਅੱਖਰਾਂ ਦਾ ਅਕਸ 26)

ਨਿੱਤ ਆਲ੍ਹਣਿਆਂ ਵਿਚ ਖ਼ੁਸ਼ ਰਹਿਣਾ ਹੁਣ ਚਿੜੀਆਂ ਦੀ ਤਕਦੀਰ ਨਹੀਂ

ਜੇ ਬਿਜਲੀ ਕੋਲੋਂ ਬਚੀਆਂ ਨੇ ਤਾਂ ਸ਼ਿਕਰੇ ਦੀ ਨਜ਼ਰੇ ਚੜ੍ਹੀਆਂ ਨੇ।

(ਸੁਰਜੀਤ ਸਖੀ ਧੁੰਦ 14)

ਚੁਣੇ ਹੋਏ ਗ਼ਜ਼ਲਕਾਰਾਂ ਦੀ ਰਚਨਾ ਨਾਰੀਮੁਖੀ ਦ੍ਰਿਸ਼ਟੀਕੋਣ ਤੋਂ ਰਚੀ ਗਈ ਹੈ। ਇਹਨਾਂ ਦੀ ਸਾਂਝ ਦਾ ਇਕ ਪ੍ਰਮੁੱਖ ਗੁਣ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਇਹਨਾਂ ਸਾਰੇ ਕਵੀਆਂ ਨੇ ਆਪਣੀਆਂ ਗ਼ਜ਼ਲਾਂ ਵਿਚ ਨਾਰੀ ਸੰਵੇਦਨਾ ਦੀ ਬਾਖ਼ੂਬੀ ਪੇਸ਼ਕਾਰੀ ਕੀਤੀ ਹੈ। ਚੁਣੇ ਹੋਏ ਗ਼ਜ਼ਲਕਾਰਾਂ ਵਿਚ ਬਹੁਤੇ ਮਰਦ ਪਾਤਰ ਹਨ ਅਤੇ ਇਹਨਾਂ ਨੇ ਨਾਰੀ ਦੇ ਦੁੱਖ-ਦਰਦ ਨੂੰ ਅਪਣੱਤ ਭਰੇ ਢੰਗ ਨਾਲ ਬਿਆਨ ਕੀਤਾ ਹੈ। ਇਸਤਰੀ ਗ਼ਜ਼ਲਕਾਰਾਂ ਜਿਵੇਂ ਪੰਜਾਬੀ ਗ਼ਜ਼ਲਗੋ ਸੁਖਵਿੰਦਰ ਅੰਮ੍ਰਿਤ, ਸੁਰਜੀਤ ਸਖੀ ਅਤੇ ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਨੇ ਇਸਤਰੀ ਦੀ ਪੀੜ ਨੂੰ ਬਹੁਤ ਸ਼ਿੱਦਤ ਨਾਲ ਚਿਤਰਿਆ ਹੈ। ਉਹਨਾਂ ਨੇ ਆਧੁਨਿਕ ਦੌਰ ਵਿਚ ਵਿਚਰਦੀ ਨਾਰੀ ਦੀ ਦਾਸਤਾਨ ਨੂੰ ਪੇਸ਼ ਕੀਤਾ ਹੈ ਕਿ ਨਾਰੀ ਕਿਵੇਂ ਸਮਾਜ ਦੀਆਂ ਪਾਰੰਪਰਕ ਕਦਰਾਂ-ਕੀਮਤਾਂ ਦੀ ਭੇਂਟ ਚੜ੍ਹ ਜਾਂਦੀ ਹੈ। ਸ਼ਹਿਰੀ ਮਾਹੌਲ ਵਿਚ ਵਿਚਰਨ ਕਰ ਕੇ ਉਹਨਾਂ ਨੇ ਬਹੁਤ ਹੀ ਬੇਬਾਕੀ ਨਾਲ ਨਾਰੀ ਦੇ ਵਿਸ਼ੇ ਨੂੰ ਛੂਹਿਆ ਹੈ ਜੋ ਸਾਹਿਤ ਜਗਤ ਵਿਚ ਚਰਚਾ ਦਾ ਵਿਸ਼ਾ ਬਣਦੇ ਹਨ।ਤਾਹਿਰਾ ਸਰਾ ਨੇ ਔਰਤ ਦੀ ਘੁਟਨ ਅਤੇ ਸਮਾਜ ਦੀਆਂ ਬੰਦਿਸ਼ਾਂ ਨੂੰ ਪ੍ਰਮੁੱਖ ਰੂਪ ਵਿਚ ਪੇਸ਼ ਕੀਤਾ ਹੈ। ਉਸ ਨੇ 'ਸ਼ੀਸ਼ਾ' ਗ਼ਜ਼ਲ ਸੰਗ੍ਰਹਿ ਵਿਚ ਔਰਤ ਦੀ ਨਿਘਰਦੀ ਹਾਲਤ ਨੂੰ ਬਿਆਨ ਕੀਤਾ ਹੈ।

ਮੇਰੀ ਤਾਕਤ ਦਾ ਅੰਦਾਜ਼ਾ ਕੀ ਹੋਵੇ

ਰਸਮਾਂ ਵਿਚ ਈ ਖਿੱਲਰ-ਪੁੱਲਰ ਜਾਨੀ ਆਂ।

(ਤਾਹਿਰਾ ਸਰਾ ਸ਼ੀਸ਼ਾ 24)

ਔਰਤ ਆਪਣੀ ਸਥਿਤੀ ਆਪ ਹੀ ਬਿਆਨ ਕਰਦੀ ਹੋਈ ਕਹਿ ਰਹੀ ਹੈ ਕਿ ਮੈਂ ਆਪਣੇ ਹੱਥਾਂ ਦੀਆਂ ਲਕੀਰਾਂ ਨੂੰ ਵੇਖ ਰਹੀ ਸੀ ਤਾਂ ਮੈਨੂੰ ਇੰਝ ਲੱਗ ਰਿਹਾ ਸੀ ਜਿਵੇਂ ਮੇਰੇ ਹੱਥਾਂ ਦੀਆਂ ਲਕੀਰਾਂ ਕਿਸੇ ਕਿੱਕਰ ਦੇ ਕੰਡਿਆਲੇ ਗੁੱਛੇ ਵਰਗੀਆਂ ਹਨ। ਜਿਨ੍ਹਾਂ ਨੂੰ ਸੁਲਝਾਉਣ ਵਿਚ ਵਕਤ ਲੱਗੇਗਾ।

ਕੱਲ੍ਹ ਮੈਂ ਨਕਸ਼ਾ ਵੇਖ ਰਹੀ ਸੀ ਹੱਥਾਂ ਵਿਚ ਲਕੀਰਾਂ ਦਾ

ਇੰਝ ਹੀ ਸਮਝੋ ਜਿਸਰਾਂ ਗੁੱਛਾ ਕਿੱਕਰ ਟੰਗੀਆਂ ਲੀਰਾਂ ਦਾ।

(ਤਾਹਿਰਾ ਸਰਾ ਸ਼ੀਸ਼ਾ 25)

ਔਰਤ ਆਪਣੀ ਹਾਲਤ ਸਿਰਫ਼ ਕਾਗਜ਼ਾਂ ਤੱਕ ਹੀ ਬਿਆਨ ਕਰਦੀ ਹੈ। ਉਹ ਕਾਗਜ਼ ਉੱਤੇ ਹੀ ਸਭ ਲਿਖ ਕੇ ਹੀ ਸਭ ਗਿਲੇ ਸ਼ਿਕਵੇ ਬਿਆਨ ਕਰਦੀ ਹੈ। ਉਸ ਦਾ ਵਿਆਹ ਉਸ ਦੀ ਮਨ-ਮਰਜ਼ੀ ਦੇ ਸਾਥ ਨਾਲ ਨਹੀਂ ਹੁੰਦਾ ਤਾਂ ਉਹ ਆਪਣੀਆਂ ਸਧਰਾਂ ਦਾ ਗਲਾ ਘੁੱਟ ਕੇ ਲੋਕਾਚਾਰੀ ਲਈ ਮਾਪਿਆਂ ਦੀ ਮਰਜ਼ੀ ਵਾਲੇ ਖਾਵੰਦ ਨਾਲ ਚਲੀ ਜਾਂਦੀ ਹੈ।

ਵਿੰਗੀਆਂ ਸਿੱਧੀਆਂ ਲੀਕਾਂ ਮਾਰੀ ਜਾਨੀ ਆਂ

ਕਾਗਜ਼ ਉੱਤੇ ਚੀਕਾਂ ਮਾਰੀ ਜਾਨੀ ਆਂ

ਮਰ ਜਾਂਦੀ ਏ ਮਨ ਦੀ ਵਹੁਟੀ ਡੋਲੀ ਵਿਚ

ਲਾੜੇ ਨਾਲ ਸ਼ਰੀਕਾਂ ਮਾਰੀ ਜਾਨੀ ਆਂ।

(ਤਾਹਿਰਾ ਸਰਾ ਸ਼ੀਸ਼ਾ 33)

**ਕਾਵਿ ਰੂਪਾਂ ਦੀ ਸਾਂਝ:**

ਸਾਰੇ ਗ਼ਜ਼ਲਕਾਰਾਂ ਵਿਚ ਮੁੱਖ ਰੂਪ ਵਿਚ ਕਾਵਿ-ਰੂਪਾਂ ਦੀ ਸਾਂਝ ਪਾਈ ਜਾਂਦੀ ਹੈ। ਇਹਨਾਂ ਗ਼ਜ਼ਲਕਾਰਾਂ ਨੇ ਗੀਤ, ਗ਼ਜ਼ਲ ਵਿਚ ਕਾਵਿ ਰਚਨਾ ਕੀਤੀ।ਗੁਰਭਜਨ ਗਿੱਲ, ਜਸਵਿੰਦਰ, ਬਰਜਿੰਦਰ ਚੌਹਾਨ, ਅਜ਼ੀਮ ਸ਼ੇਖਰ, ਜਗਵਿੰਦਰ ਜੋਧਾ, ਸੁਰਿੰਦਰ ਸੀਰਤ, ਸੁਰਜੀਤ ਸਖੀ, ਸੁਖਵਿੰਦਰ ਅੰਮ੍ਰਿਤ, ਤਾਹਿਰਾ ਸਰਾ, ਆਦਿ ਗ਼ਜ਼ਲਕਾਰਾਂ ਨੇ ਪੰਜਾਬੀ ਸਾਹਿਤ ਨੂੰ ਆਧੁਨਿਕਤਾ ਦੀਆਂ ਲੀਹਾਂ ਤੇ ਤੋਰਿਆ।

**ਸ਼ਬਦ ਯੋਜਨਾ ਦੀ ਸਾਂਝ:**

ਚੁਣੇ ਹੋਏ ਸਾਰੇ ਗ਼ਜ਼ਲਕਾਰਾਂ ਦੀ ਸ਼ਬਦ ਯੋਜਨਾ ਬਾ-ਕਮਾਲ ਹੈ। ਸਾਰੇ ਕਵੀਆਂ ਨੇ ਸ਼ਬਦਾਂ ਨੂੰ ਬਹੁਤ ਹੀ ਸੋਹਣੇ ਢੰਗ ਨਾਲ ਚਿਤਰਿਆ ਹੈ। ਇਹਨਾਂ ਨੇ ਆਪਣੇ ਆਲੇ-ਦੁਆਲੇ ਵਿਚੋਂ ਸ਼ਬਦਾਂ ਦੀਆਂ ਵੰਨਗੀਆਂ ਨੂੰ ਘੜਿਆ ਅਤੇ ਆਪਣੀ ਰਚਨਾ ਦਾਹਿੱਸਾ ਬਣਾਇਆ। ਉਹਨਾਂ ਦੀ ਕਾਵਿ ਰਚਨਾ ਵਿਚ ਉਰਦੂ ਦੇ ਸ਼ਬਦ ਵੀ ਦੇਖਣ ਨੂੰ ਮਿਲਦੇ ਹਨ।

ਇਸ ਤਰ੍ਹਾਂ ਉਪਰੋਕਤ ਵਿਵਰਣ ਦੇ ਆਧਾਰ ਤੇ ਸਾਰੇ ਗ਼ਜ਼ਲਕਾਰਾਂ ਵਿਚ ਪਾਈਆਂ ਗਈਆਂ ਸਾਂਝਾਂ ਦਾ ਨਿਰੂਪਣ ਕੀਤਾ ਗਿਆ ਹੈ। ਉਹਨਾਂ ਵਿਚ ਸਮਾਜਿਕ ਵਿਸ਼ਿਆਂ ਦੀ ਸਾਂਝ, ਰਾਜਨੀਤਿਕ ਵਿਸ਼ਿਆਂ ਦੀ ਸਾਂਝ, ਆਰਥਿਕਤਾ ਨਾਲ ਸਬੰਧਤ ਸਾਂਝ, ਨਾਰੀਵਾਦੀ ਦ੍ਰਿਸ਼ਟੀਕੋਣ ਸਬੰਧੀ ਸਾਂਝ ਅਤੇ ਸ਼ਬਦਾਂ ਦੀ ਘਾੜਤ ਸਬੰਧੀ ਸਾਂਝ ਹੈ। ਸਾਰੇ ਕਵੀ ਇਕ ਦੂਜੇ ਨਾਲ ਸਮਾਨਤਾ ਰੱਖਦੇ ਹੋਏ ਵੀ ਕਈ ਪੱਖਾਂ ਤੋਂ ਇਕ ਦੂਜੇ ਤੋਂ ਭਿੰਨ ਹਨ। ਉਹਨਾਂ ਦੀਆਂ ਵਿਭਿੰਨਤਾਵਾਂ ਨੂੰ ਵੀ ਪ੍ਰਮੁੱਖ ਰੂਪ ਵਿਚ ਪੇਸ਼ ਕੀਤਾ ਗਿਆ ਹੈ।

### 5.3.2 ਚੁਣੇ ਹੋਏ ਗ਼ਜ਼ਲਕਾਰ: ਪ੍ਰਮੁੱਖ ਵੱਖਰਤਾਵਾਂ:

ਖੋਜ ਕਾਰਜ ਅਧੀਨ ਚੁਣੇ ਹੋਏ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਵਿਚ ਉਪਰੋਕਤ ਦਰਸਾਈਆਂ ਸਾਂਝਾਂ ਦੇ ਨਾਲ-ਨਾਲ ਬਹੁਤ ਵੱਖਰਤਾਵਾਂ ਵੀ ਹਨ।

**ਉਪਬੋਲੀ ਦੀ ਵੱਖਰਤਾ:** ਖੋਜ ਕਾਰਜ ਅਧੀਨ ਚੁਣੇ ਹੋਏ ਗ਼ਜ਼ਲਕਾਰਾਂ ਵਿਚ ਸਥਾਨਕ ਸਾਂਝ ਬਿਲਕੁਲ ਵੀ ਨਹੀਂ ਹੈ। ਸਾਰੇ ਲੇਖਕ ਅਲੱਗ-ਅਲੱਗ ਸ਼ਹਿਰਾਂ ਅਤੇ ਅਲੱਗ-ਅਲੱਗ ਦੇਸ਼ਾਂ ਤੋਂ ਸਬੰਧ ਰੱਖਦੇ ਹਨ। ਜਿਸ ਕਾਰਨ ਬੋਲੀ ਦਾ ਕਾਫੀ ਫ਼ਰਕ ਨਜ਼ਰ ਆਉਂਦਾ ਹੈ। ਇਹਨਾਂ ਸਾਰੇ ਗ਼ਜ਼ਲਕਾਰਾਂ ਦੀਆਂ ਰਚਨਾਵਾਂ ਵਿਚ ਮਾਝਾ, ਮਾਲਵਾ, ਦੁਆਬਾ ਅਤੇ ਪਾਕਿਸਤਾਨੀ ਬੋਲੀ ਦਾ ਸੁਮੇਲ ਦੇਖਣ ਨੂੰ ਮਿਲਦਾ ਹੈ।ਚੁਣੇ ਹੋਏ ਗ਼ਜ਼ਲਕਾਰ ਪੰਜਾਬ, ਜੰਮੂ, ਵਿਦੇਸ਼ੀ ਧਰਤੀ ਅਤੇ ਪਾਕਿਸਤਾਨ ਨਾਲ ਸਬੰਧਤ ਹਨ। ਇਹਨਾਂ ਸਾਰਿਆਂ ਨੇ ਵਿਭਿੰਨ ਸਥਾਨਕ ਪ੍ਰਭਾਵਾਂ ਨੂੰ ਗ੍ਰਹਿਣ ਕੀਤਾ ਹੈ।ਬਹੁਤੇ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਵਿਚ ਮਲਵਈ ਬੋਲੀ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਕਈਆਂ ਵਿਚ ਮਾਝਾ, ਦੁਆਬਾ ਅਤੇ ਪਾਕਿਸਤਾਨੀ ਬੋਲੀ ਦੇ ਅੰਸ਼ ਦਿਖਾਈ ਦਿੰਦੇ ਹਨ। ਪਾਕਿਸਤਾਨੀ ਸ਼ਾਇਰਾ ਤਾਹਿਰਾ ਸਰਾ ਦੀਆਂ ਗ਼ਜ਼ਲਾਂ ਵਿਚ ਪਾਕਿਸਤਾਨੀ ਬੋਲੀ ਦਾ ਅੰਸ਼ ਪ੍ਰਧਾਨ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਉਹਨਾਂ ਨੇ ਆਪਣੀਆਂ ਰਚਨਾਵਾਂ ਚਾਹੇ ਪੰਜਾਬੀ ਭਾਸ਼ਾ ਵਿਚ ਲਿਖੀਆਂ ਹਨ ਪਰ ਕਿਤੇ ਨਾ ਕਿਤੇ ਉਹਨਾਂ ਦੀ ਮਾਤ ਭਾਸ਼ਾ ਦਾ ਅਸਰ ਉਹਨਾਂ ਦੀ ਲਿਖ਼ਤ ਵਿਚ ਕਾਫ਼ੀ ਦ੍ਰਿਸ਼ਟੀਮਾਨ ਹੈ। ਉਦਾਹਰਣ ਵਜੋਂ:

**ਕਿਸਰਾਂ** ਡਰ ਦਾ ਘੁਣ ਖਾ ਜਾਂਦਾ ਏ ਨੀਂਦਰ ਨੂੰ

ਤੂੰ ਕੀ ਜਾਣੇਂ ਤੇਰੇ ਘਰ ਜੋ ਬੇਰੀ ਨਹੀਂ।

(ਤਾਹਿਰਾ ਸਰਾ ਸ਼ੀਸ਼ਾ 23)

ਲੱਕ **ਅਸਾਡੇ** ਟੁੱਟੇ ਪਏ ਨੇ

ਕੀ ਕਰਨਾ ਏ ਲਾਲ ਪਰਾਂਦਾ।

(ਤਾਹਿਰਾ ਸਰਾ ਸ਼ੀਸ਼ਾ 52)

ਚਾਲ ਈ ਇੰਜ ਦੀ ਚੱਲੀ **ਸੂ**

ਜਿੱਤਦਾ ਏ ਨਾ ਹਰਦਾ ਏ।

(ਤਾਹਿਰਾ ਸਰਾ ਸ਼ੀਸ਼ਾ 53)

**ਕਾਵਿ ਸ਼ੈਲੀ ਦੀ ਵੱਖਰਤਾ:**

ਹਰ ਲੇਖਕ ਦੀ ਆਪਣੀ ਕਾਵਿ ਸ਼ੈਲੀ ਹੁੰਦੀ ਹੈ। ਉਸ ਦੀ ਭਾਸ਼ਾ ਹੀ ਉਸਦੇ ਵਿਚਾਰਾਂ ਦਾ ਪ੍ਰਵਾਹ ਹੁੰਦੀ ਹੈ। ਉਹ ਕਿਸੇ ਵੀ ਕਾਵਿ ਸ਼ੈਲੀ ਵਿਚ ਆਪਣੇ ਵਿਚਾਰਾਂ ਨੂੰ ਪੇਸ਼ ਕਰਨ ਲਈ ਸੁਤੰਤਰ ਹੈ। ਕਾਵਿ ਦੇ ਕੇਂਦਰ ਵਿਚ ਹਮੇਸ਼ਾ ਹੀ ਵਿਚਾਰ ਕਾਰਜਸ਼ੀਲ ਮੰਨਿਆ ਜਾਂਦਾ ਹੈ। ਉਹ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਕਿਸੇ ਵੀ ਕਾਵਿ-ਸ਼ੈਲੀ ਵਿਚ ਕਰ ਸਕਦਾ ਹੈ।ਖੋਜ ਕਾਰਜ ਨੂੰ ਮੁੱਖ ਰੱਖਦੇ ਹੋਏ ਚੁਣੇ ਹੋਏ ਸਾਰੇ ਗ਼ਜ਼ਲਕਾਰਾਂ ਨੇ ਆਪਣੇ ਅਨੁਭਵਾਂ ਨੂੰ ਵੱਖੋ-ਵੱਖ ਕਾਵਿ ਸ਼ੈਲੀਆਂ ਰਾਹੀਂ ਵਿਅਕਤ ਕੀਤਾ ਹੈ। ਕਈਆਂ ਦੀ ਸ਼ੈਲੀ ਲੈਆਤਮਕ ਹੈ ਅਤੇ ਕਈਆਂ ਦੀ ਵਿਆਖਿਆਤਮਕ ਹੈ ਅਤੇ ਕਈ ਬਿਰਤਾਂਤਾਤਮਕ ਸ਼ੈਲੀ ਰਾਹੀਂ ਗ਼ਜ਼ਲਕਾਰੀ ਕਰਦੇ ਹਨ। ਤੁਲਨਾਤਮਕ ਅਧਿਐਨ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਖੋਜ ਕਾਰਜ ਅਧੀਨ ਚੁਣੇ ਹੋਏ ਗ਼ਜ਼ਲਕਾਰਾਂ ਨੇ ਪੰਜਾਬੀ ਸਾਹਿਤ ਜਗਤ ਵਿਚ ਆਪਣੀ ਇਕ ਵੱਖਰੀ ਪਛਾਣ ਬਣਾਈ ਹੋਈ ਹੈ। ਇਹਨਾਂ ਦੀ ਸ਼ਖ਼ਸੀਅਤ ਅਤੇ ਭਾਸ਼ਾਈ ਨੁਹਾਰ ਨੂੰ ਚਿਤਰਦਿਆਂ ਕਈ ਸਾਂਝਾਂ ਅਤੇ ਵੱਖਰਤਾਵਾਂ ਪਾਈਆਂ ਗਈਆਂ ਹਨ। ਹਰ ਗ਼ਜ਼ਲਗੋ ਨੇ ਆਪਣੀ ਉਪਭਾਸ਼ਾ ਵਿਚ ਹੀ ਆਪਣੇ ਭਾਵਾਂ ਦੀ ਅਭਿਵਿਅਕਤੀ ਕਰਦੇ ਹੋਏ ਆਪਣੀ ਰਚਨਾ ਨੂੰ ਪਾਠਕਾਂ ਤੱਕ ਪਹੁੰਚਾਇਆ ਹੈ। ਇਸ ਤਰ੍ਹਾਂ ਇਹਨਾਂ ਗ਼ਜ਼ਲਕਾਰਾਂ ਦੀਆਂ ਕਾਵਿ-ਰਚਨਾਵਾਂ ਉਹਨਾਂ ਦੀਆਂ ਕਾਵਿ-ਕਿਰਤਾਂ ਦੇ ਆਧਾਰ ਤੇ ਤੁਲਨਾਤਮਕ ਅਧਿਐਨ ਦੀ ਨਿਸ਼ਾਨਦੇਹੀ ਕਰਦੀਆਂ ਪ੍ਰਤੀਤ ਹੁੰਦੀਆਂ ਹਨ।

ਸਾਹਿਤ ਵਿਚ ਵਸਤੂ ਤੇ ਰੂਪ ਦੀ ਸਹਿਹੋਂਦ ਲਾਜ਼ਮੀ ਤੌਰ ਤੇ ਤਾਂ ਬਣੀ ਰਹਿੰਦੀ ਹੈ ਜੇ ਕਰ ਸ਼ਬਦ ਅਤੇ ਅਰਥ ਦੀ ਕਲਾਤਮਿਕ ਸਿਰਜਣਾ ਹੋਵੇ। ਕਿਸੇ ਸਾਹਿਤਕ ਰਚਨਾ ਜਾਂ ਵਿਧਾ ਦਾ ਮੁਲਾਂਕਣ ਵਸਤੂ ਤੇ ਰੂਪ ਦੀ ਪ੍ਰਤੀਤੀ ਤੋਂ ਬਿਨਾਂ ਸੰਭਵ ਨਹੀਂ ਹੈ। ਵਸਤੂ ਤੇ ਰੂਪ ਦਾ ਅਨਿੱਖੜ ਸਬੰਧ ਹੈ। ਰੂਪ ਨਾਲ ਸਿਰਫ਼ ਵਸਤੂ ਦਾ ਹੀ ਪ੍ਰਗਟਾਵਾ ਨਹੀਂ ਹੁੰਦਾ ਬਲਕਿ ਇਹ ਵਸਤੂ ਦੇ ਵਿਸ਼ੇ ਦੀ ਸਾਰਥਿਕਤਾ ਅਤੇ ਵਸਤੂ ਦੇ ਸੁਹਜ ਪੱਖ ਨੂੰ ਵੀ ਨਿਰਧਾਰਿਤ ਕਰਦਾ ਹੈ। ਇਸ ਲਈ ਕਿਸੇ ਵਿਧਾ ਦੇ ਨਿਰਮਾਣ ਵਿਚ ਵਸਤੂ ਤੇ ਰੂਪ ਇਕ ਦੂਜੇ ਪੂਰਕ ਇਕਾਈਆਂ ਵਜੋਂ ਜਾਣੇ ਜਾਂਦੇ ਹਨ। ਕਾਵਿ ਵਿਚ ਜਿੱਥੇ ਵਿਚਾਰਾਂ ਦੀ ਸਾਰਥਿਕਤਾ ਲਾਜ਼ਮੀ ਹੁੰਦੀ ਹੈ ਉੱਥੇ ਕਾਵਿ ਦਾ ਢੁੱਕਵਾਂ ਸੰਗਠਨ ਵੀ ਜ਼ਰੂਰੀ ਹੋ ਜਾਂਦਾ ਹੈ। ਕਿਸੇ ਵੀ ਕਾਵਿ ਕਿਰਤ ਦਾ ਮੁਲ਼ਾਂਕਣ ਕਰਨ ਲਈ ਛੰਦ, ਲੈਅ, ਤੁਕਾਂਤ, ਅਲੰਕਾਰ, ਪ੍ਰਤੀਕ, ਬਿੰਬ, ਭਾਸ਼ਾ ਸ਼ੈਲੀ ਆਦਿ ਕਾਵਿ ਜੁਗਤਾਂ ਹਨ ਜਿਨ੍ਹਾਂ ਦੁਆਰਾ ਕਿਸੇ ਵੀ ਕਾਵਿ ਕਿਰਤ ਦਾ ਸਹੀ ਮੁਲਾਂਕਣ ਕੀਤਾ ਜਾ ਸਕਦਾ ਹੈ। ਖ਼ਾਸ ਤੌਰ ਤੇ ਗੱਲ ਜਦੋਂ ਗ਼ਜ਼ਲ

ਦੀ ਹੋਵੇ ਤਾਂ ਰੂਪਾਤਮਕ ਵਿਸ਼ੇਸ਼ਤਾਵਾਂ ਦੀ ਅਹਿਮੀਅਤ ਜ਼ਿਆਦਾ ਵੇਖੀ ਜਾਂਦੀ ਹੈ ਕਿਉਂ ਕਿ ਗ਼ਜ਼ਲ ਦੂਜੇ ਰੂਪਾਂ ਦੇ ਮੁਕਾਬਲੇ ਸ਼ਿਲਪੀ ਬੰਧਨ ਵਾਲਾ ਕਾਵਿ ਰੂਪ ਹੈ। ਕਿਸੇ ਵੀ ਗ਼ਜ਼ਲਗੋ ਦੀਆਂ ਗ਼ਜ਼ਲਾਂ ਦਾ ਤੁਲਨਾਤਮਕ ਅਧਿਐਨ ਕਰਨ ਲਈ ਉਹਨਾਂ ਦੀ ਲਿਖ਼ਤ ਦੇ ਰੂਪਾਤਮਕ ਪਹਿਲੂ ਦਾ ਅਧਿਐਨ ਕਰਨਾ ਜ਼ਰੂਰੀ ਹੋ ਜਾਂਦਾ ਹੈ। ਅਸੀਂ ਅਲੰਕਾਰ, ਬਿੰਬ, ਪ੍ਰਤੀਕ, ਰਸ, ਭਾਸ਼ਾ ਸ਼ੈਲੀ ਕਾਵਿ ਜੁਗਤਾਂ ਦੇ ਆਧਾਰ ਤੇ ਚੁਣੇ ਹੋਏ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਦਾ ਤੁਲਨਾਤਮਕ ਅਧਿਐਨ ਕਰਾਂਗੇ।

**ਅਲੰਕਾਰ ਵਿਧਾਨ:**

ਕਿਸੇ ਵੀ ਰਚਨਾ ਸਮੇਂ ਕਿਸੇ ਵੀ ਲੇਖਕ ਦਾ ਉਦੇਸ਼ ਕੇਵਲ ਭਾਵਾਂ ਤੇ ਵਿਚਾਰਾਂ ਦਾ ਸਾਧਾਰਣ ਪ੍ਰਗਟਾਵਾ ਨਹੀਂ ਹੁੰਦਾ ਜਦ ਕਿ ਕਾਵਿ ਕਿਰਤ ਕਿਸੇ ਵੀ ਲੇਖਕ ਦਾ ਉਹ ਕਰਮ ਹੁੰਦਾ ਹੈ ਜਿਸ ਵਿਚ ਉਹ ਪਾਠਕ ਨੂੰ ਸੁਹਜ ਆਨੰਦ ਦੀ ਪ੍ਰਾਪਤੀ ਤਾਂ ਕਰਾਉਂਦਾ ਹੈ ਨਾਲ ਦੀ ਨਾਲ ਸੂਚਨਾ, ਸੁਝਾਉ ਤੇ ਸੋਚ ਵੀ ਦਿੰਦਾ ਹੈ। ਇਸ ਲਈ ਹੀ ਕੋਈ ਕਵੀ ਕਲਾਤਮਿਕ ਜੁਗਤਾਂ ਨੂੰ ਘੜਦਾ ਹੈ ਤਾਂ ਜੋ ਪਾਠਕ ਦਾ ਧਿਆਨ ਕਾਵਿ ਕਿਰਤ ਤੇ ਕੇਂਦਰਿਤ ਹੋ ਸਕੇ। ਕਵੀ ਸਿਰਫ਼ ਆਪਣੇ ਵਿਚਾਰਾਂ ਨੂੰ ਹੀ ਪ੍ਰਗਟ ਨਹੀਂ ਕਰਦਾ ਸਗੋਂ ਇਸ ਨੂੰ ਸੂਖ਼ਮ ਕਲਾ ਛੋਹਾਂ ਨਾਲ ਸ਼ਿੰਗਾਰ ਕੇ ਸੁਹਜਮਈ, ਆਕਰਸ਼ਕ ਤੇ ਬਹੁਤ ਸੋਹਣਾ ਬਣਾ ਕੇ ਪੇਸ਼ ਕਰਦਾ ਹੈ। ਉਹ ਵਿਸ਼ਿਆਂ ਦਾ ਸਿੱਧਾ ਪ੍ਰਗਟਾਵਾ ਨਾ ਕਰ ਕੇ ਅਲੰਕਾਰਾਂ ਰਾਹੀਂ ਕਾਵਿ ਜੁਗਤੀ ਦਾ ਸਹਾਰਾ ਲੈ ਕੇ ਕਾਵਿ ਉਕਤੀਆਂ ਰਚਦਾ ਹੈ ਅਤੇ ਸ਼ਬਦਾਂ ਤੇ ਅਰਥਾਂ ਦੇ ਪ੍ਰਭਾਵ ਨੂੰ ਤੇਜ ਬਣਾਉਂਦਾ ਹੈ। ਅਲੰਕਾਰ ਨੂੰ ਕਵਿਤਾ ਦਾ ਸ਼ਿੰਗਾਰ ਮੰਨਿਆ ਜਾਂਦਾ ਹੈ। ਅਲੰਕਾਰ ਕਿਸੇ ਕਾਵਿ ਰਚਨਾ ਨੂੰ ਸ਼ਿੰਗਾਰਨ ਦਾ ਹੀ ਕੰਮ ਨਹੀਂ ਕਰਦੇ ਸਗੋਂ ਬਲਕਿ ਉਸ ਦੇ ਅਰਥ ਸਿਰਜਣ ਨੂੰ ਵੀ ਪ੍ਰਭਾਵੀ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਗ਼ਜ਼ਲ ਜਾਂ ਕਾਵਿ ਰਚਨਾ ਵਿਚ ਸੁਹਜ ਦੀ ਪ੍ਰਾਪਤੀ ਲਈ ਅਲੰਕਾਰ, ਬਿੰਬ, ਪ੍ਰਤੀਕ, ਰਸ ਸ਼ਬਦ ਚੋਣ ਮੁੱਖ ਸਥਾਨ ਰੱਖਦੇ ਹਨ। ਡਾ. ਯੋਗਰਾਜ ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦਾ ਸੁਹਜ ਸ਼ਾਸਤਰ "ਅਲੰਕਾਰ ਅਜਿਹੇ ਸਾਧਨ ਹਨ ਜਿਹੜੇ ਕਵਿਤਾ ਦੀ ਭਾਸ਼ਾ ਨੂੰ ਸੁਹਜ ਭਰਪੂਰ ਬਣਾਉਣ ਵਿਚ ਸਹਾਈ ਹੁੰਦੇ ਹਨ।"(14).

ਇਕ ਵਧੀਆ ਲਿਖ਼ਾਰੀ ਦੀ ਲਿਖ਼ਤ ਵਿਚ ਅਲੰਕਾਰ ਸਹਿਜੇ ਹੀ ਪ੍ਰਾਪਤ ਹੋ ਜਾਂਦੇ ਹਨ। ਕਵੀ ਦੀ ਕਲਪਨਾ, ਪ੍ਰਤਿਭਾ ਤੇ ਚਿੰਤਨ ਜਿਨ੍ਹਾਂ ਉੱਚਾ ਹੋਵੇਗਾ ਅਲੰਕਾਰ ਵੀ ਉਸਦੀ ਰਚਨਾ ਵਿਚ ਉਨ੍ਹੇ ਹੀ ਪ੍ਰਭਾਵਸ਼ਾਲੀ ਹੋਣਗੇ। ਅਲੰਕਾਰਾਂ ਦੀਆਂ ਕਈ ਕਿਸਮਾਂ ਹਨ- ਉਪਮਾ ਅਲੰਕਾਰ, ਅਨੁਪ੍ਰਾਸ ਅਲੰਕਾਰ, ਰੂਪਕ ਅਲੰਕਾਰ, ਅਤਿਕਥਨੀ ਅਲੰਕਾਰ, ਦ੍ਰਿਸ਼ਟਾਂਤਅਲੰਕਾਰ ਆਦਿ। ਚੁਣੇ ਹੋਏ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਵਿਚ ਉਹਨਾਂ ਦੁਆਰਾ ਆਪਣੀਆਂ ਰਚਨਾਵਾਂ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ ਅਲੰਕਾਰਾਂ ਦਾ ਸਹਾਰਾ ਲਿਆ ਜਾਂਦਾ ਹੈ। ਅਸੀਂ ਉਹਨਾਂ ਦੀਆਂ ਰਚਨਾਵਾਂ ਦਾ ਅਲੰਕਾਰਾਂ ਦੇ ਆਧਾਰ 'ਤੇ ਤੁਲਨਾਤਮਕ ਅਧਿਐਨ ਕਰਨ ਦਾ ਯਤਨ ਕੀਤਾ ਹੈ।

**ਉਪਮਾ ਅਲੰਕਾਰ–**

ਏਥੇ ਭਾਵੇਂ ਚੰਦਰਮਾ ਵੀ, ਆਪਣੇ ਚੰਨ ਤੋਂ ਵੱਡਾ

ਪਰ ਨਾ ਵਿਚੋਂ ਦਿਸਦਾ ਮੈਨੂੰ ਨਾਨੀ ਦਾ ਪਰਛਾਵਾਂ।

(ਗੁਰਭਜਨ ਗਿੱਲ ਮਨ ਪਰਦੇਸੀ 20)

ਸੂਰਜ ਕਹਿ ਕਹਿ ਤੈਨੂੰ ਉਮਰ ਗੁਜ਼ਾਰ ਲਈ
ਤੇਰੇ ਤਾਂ ਦਿਲ 'ਚ ਬਿਲਕੁਲ ਨੇਰ੍ਹਾ ਹੈ।

(ਗੁਰਭਜਨ ਗਿੱਲ ਮਨ ਪਰਦੇਸੀ 23)

ਜਦ ਮੁੱਕ ਜਾਵੇ ਜ਼ਿੰਦਗੀ ਦੇ ਦੀਵੇ ਵਿਚੋਂ ਤੇਲ
ਬੱਤੀ ਆਂਦਰਾਂ ਦੀ ਬਾਲ਼ ਸਾਡੀ ਰੱਤ ਨੇ ਜਗਾਇਆ।

(ਉਹੀ 53)

ਜਿਦਾਂ ਮਹਿਕੇ ਅੰਬ ਸੰਧੂਰੀ ਜਾਂ ਮਰੂਏ ਦਾ ਬੂਟਾ ਕਿਧਰੇ
ਰੂਹ ਦੇ ਬਾਗੀ ਇਉਂ ਲੱਗਿਆ ਹੈ ਤੂੰ ਮੈਨੂੰ ਆਵਾਜ਼ ਹੈ ਮਾਰੀ।

(ਉਹੀ ਰਾਵੀ 43)

ਸੱਜਰੀ ਸੱਜਰੀ ਕੋਸੀ ਕੋਸੀ ਸਿਖ਼ਰ ਸਿਆਲੀ ਧੁੱਪ ਦੇ ਵਾਂਗ
ਰਿਸ਼ਮ ਰੁਪਹਿਲੀ ਬਣ ਆਇਆ ਕਰ ਸਾਡੇ ਵਤਨ ਗਿਰਾਵਾਂ ਨੂੰ।

(ਉਹੀ ਰਾਵੀ 15)

ਵਾਦਾ ਕਰ ਕੇ ਆਵਣ ਦਾ
ਮਾਣ ਵਧਾ ਦੇ ਸਾਵਣ ਦਾ।

(ਤਾਹਿਰਾ ਸਰਾ ਸ਼ੀਸ਼ਾ 27)

**ਅਤਿਕਥਨੀ ਅਲੰਕਾਰ–**

ਚੱਲ ਅੰਬਰਾਂ ਨੂੰ ਚੁੰਮੀਏ ਹੁਲਾਰਿਆਂ ਦੇ ਨਾਲ
ਕੋਈ ਗੱਲਬਾਤ ਤੋਰੀਏ ਸਿਤਾਰਿਆਂ ਦੇ ਨਾਲ

(ਗੁਰਭਜਨ ਗਿੱਲ ਮਨ ਪਰਦੇਸੀ 43)

ਸੂਰਜ ਅੱਗੇ ਨਾਕਾ ਭਲਿਆ ਕੌਣ ਭਲਾ ਦੱਸ ਲਾ ਸਕਿਆ ਹੈ

ਸਗਲ ਸ੍ਰਿਸ਼ਟੀ ਚਾਨਣ ਦਾ ਹੜ੍ਹ ਕੌਣ ਰੁਕਾਵਟ ਡਾਹ ਸਕਿਆ ਹੈ।

(ਉਹੀ 99)

ਏਕਮ ਦੇ ਚੰਨ ਮੁੰਦਰੀ ਅੰਦਰ ਜੇ ਮੈਨੂੰ ਜੜ ਦਏ ਸੁਨਿਆਰਾ

ਸੱਚ ਪੁੱਛੋ ਤਾਂ ਹੋਰ ਜਨਮ ਦੀ ਨਾ ਰਹੇ ਮੈਨੂੰ ਲੋੜ।

(ਉਹੀ ਰਾਵੀ 30)

ਮਾਰ ਉਡਾਰੀ ਚੱਲ ਹੁਣ ਚੱਲੀਏ, ਅੰਬਰ ਤੋਂ ਵੀ ਪਾਰ ਬਾਬਲਾ

ਧਰਤ ਕਲਾਵਾ ਭਰਿਆ ਮੈਂ ਤਾਂ ਦੋ ਬਾਹਾਂ ਵਿਚਕਾਰ ਬਾਬਲਾ।

(ਉਹੀ ਰਾਵੀ 40)

ਸੂਰਜ ਤੀਕਰ ਪੀਂਘ ਚੜ੍ਹਾ ਕੇ ਆ ਅੰਬਰ ਵਿਚ ਤਾਰੀ ਲਾਈਏ

ਕੁੱਲ ਸ੍ਰਿਸ਼ਟੀ ਨੂੰ ਇਹ ਦੱਸੀਏ ਮੈਂ ਤੇਰਾ ਤੂੰ ਮੇਰੀ ਹੋਈ।

(ਉਹੀ ਰਾਵੀ 48)

ਚੰਨ ਅਸਮਾਨ 'ਚ ਕੰਬਦਾ ਦੇਖ ਗ਼ਜ਼ਬ ਦਾ ਖੇਲ੍ਹ

ਜਗਦੇ ਦੀਵੇ ਪੀ ਰਹੇ ਇਕ ਦੂਜੇ ਦਾ ਤੇਲ

(ਜਸਵਿੰਦਰ ਅਗਰਬੱਤੀ 24)

ਕਿਸ ਤਰ੍ਹਾਂ ਦੀ ਪਿਆਸ ਹੈ ਇਹ ਆਦਮੀ ਦੀ ਯਾ ਖ਼ੁਦਾ

ਇਹ ਤਾਂ ਨਦੀਆਂ ਪੀ ਕੇ ਵੀ ਆਖ਼ਰ ਨੂੰ ਤਿਰਹਾਇਆ ਗਿਆ।

(ਬਰਜਿੰਦਰ ਚੌਹਾਨ ਸਫ਼ਰ ਦੀ ਖ਼ੁਸ਼ਬੋ 18)

ਅੰਨ੍ਹੇ ਦੇ ਹੱਥਾਂ ਵਿਚ ਸ਼ੀਸ਼ਾ ਬੋਲੇ ਦੇ ਹੱਥਾਂ ਵਿਚ ਸਾਜ਼

ਤੇਰੇ ਸ਼ਹਿਰ ਦਿਆਂ ਵਸਨੀਕਾਂ ਦੇ ਵੀ ਸ਼ੌਂਕ ਨਿਰਾਲੇ ਸੀ।

(ਉਹੀ 19)

ਕਤਲ ਸੂਰਜ ਦਾ ਹੋਣਾ ਸੀ ਹੋਇਆ

ਕਿਉਂ ਚਿਰਾਗ਼ਾਂ ਤੇ ਜ਼ੁਲਮ ਟੁੱਟਿਆ।

(ਸੁਰਿੰਦਰ ਸੀਰਤ ਅਰੂਪੇ ਅੱਖਰਾਂ ਦਾ ਅਕਸ 60)

ਪੂਰਬ ਤੋਂ ਕੰਡਿਆਲਾ ਸੂਰਜ ਚੁੱਕ ਕੇ ਪੱਛਮ ਤੀਕਰ ਢੋਂਹਦਾ

ਆਥਣ, ਘਰ ਪਰਤਣ ਵੇਲੇ ਉਹ ਰੂਹ ਤਕ ਘਾਯਲ ਹੋ ਜਾਂਦਾ ਹੈ।

(ਜਗਵਿੰਦਰ ਜੋਧਾ ਬੇਤਰਤੀਬੀਆਂ 32)

ਅੱਖਾਂ ਦੀ ਜੇ ਗੱਲ ਹੋ ਜਾਵੇ ਆਪਸ ਵਿਚ

ਫ਼ੇਰ ਨਹੀਂ ਦਿੱਸਦੇ ਚਿੱਟੇ ਕਾਲੇ ਅੱਖਾਂ ਨੂੰ।

(ਤਾਹਿਰਾ ਸਰਾ ਸ਼ੀਸ਼ਾ 31)

ਕਾਲੀ ਰਾਤ ਹਨੇਰੜੀ

ਅੰਬਰ ਨਿਕਲੀ ਪਿੱਤ ਵੇ।

(ਗੌਤਮ ਸੁਪਨੇ ਸੌਣ ਨਾ ਦਿੰਦੇ 49)

ਤੇਰੇ ਘਰ ਦੇ ਚਾਨਣ ਖ਼ਾਤਰ ਇੰਝ ਹੀ ਸਾਰੀ ਰਾਤ ਬਲਾਂਗਾ

ਤੇਰਾ ਸੂਰਜ ਚੜ੍ਹ ਆਵੇਗਾ ਲੋਅ ਮੇਰੀ ਦੇ ਮਰਦੇ ਮਰਦੇ।

(ਗੌਤਮ ਸੁਪਨੇ ਸੌਣ ਨਾ ਦਿੰਦੇ 78)

**ਬਿੰਬ ਵਿਧਾਨ:**

ਗ਼ਜ਼ਲ ਜਾਂ ਕਵਿਤਾ ਮਨੁੱਖੀ ਅਨੁਭਵ ਦੇ ਪ੍ਰਗਟਾਵੇ ਵਿਚੋਂ ਨਿਕਲੀ ਅਜਿਹੀ ਕਲਾਤਮਕ ਪ੍ਰਾਪਤੀ ਹੈ ਜਿਹੜੀ ਮਨੁੱਖੀ ਮਨ ਦੀਆਂ ਅਨੁਭੂਤੀਆਂ, ਭਾਵਨਾਵਾਂ ਅਤੇ ਵਿਚਾਰਾਂ ਆਦਿ ਨੂੰ ਸੂਖ਼ਮ ਰੂਪ ਵਿਚ ਪ੍ਰਗਟ ਕਰਦੀ ਹੈ। ਲੇਖਕ

ਆਪਣੇ ਮਨ ਦੀਆਂ ਭਾਵੁਕ ਅਨੁਭੂਤੀਆਂ ਨੂੰ ਅਭਿਵਿਅਕਤ ਕਰਨ ਲਈ ਆਪਣੇ ਭਾਵਾਂ ਨੂੰ ਤੀਬਰਤਾ ਅਤੇ ਕਲਾਤਮਕਤਾ ਸਹਿਤ ਪ੍ਰਗਟ ਕਰਨ ਲਈ ਬਿੰਬ ਦੀ ਵਰਤੋਂ ਕਰਦਾ ਹੈ। ਕਾਵਿ ਰਚਨਾ ਨੂੰ ਸ਼ਿੰਗਾਰਨ ਲਈ ਬਿੰਬ ਕਾਵਿ ਜੁਗਤ ਦੀ ਵਰਤੋਂ ਕੀਤੀ ਜਾਂਦੀ ਹੈ। ਜੇ ਕਰ ਬਿੰਬ ਨੂੰ ਗ਼ਜ਼ਲ ਦਾ ਗਹਿਣਾ ਮੰਨ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਡਾ. ਪ੍ਰੇਮ ਪ੍ਰਕਾਸ਼ ਸਿੰਘ *'ਕਾਵਿ ਦੇ ਤੱਤ'* ਵਿਚ ਲਿਖਦੇ ਹਨ "ਕਵਿਤਾ ਬਿੰਬਮਈ ਹੁੰਦੀ ਹੈ ਬਿੰਬ ਕਵਿਤਾ ਦਾ ਉਹ ਅੰਸ਼ ਹੁੰਦਾ ਹੈ ਜਿਹੜਾ ਭਾਵ ਤੋਂ ਲੈ ਕੇ ਸ਼ੈਲੀ ਤੱਕ ਵਸਤੂ ਤੋਂ ਲੈ ਕੇ ਰੂਪ ਤੱਕ ਪਸਰਿਆ ਰਹਿੰਦਾ ਹੈ। ਬਿੰਬ ਕਾਵਿ ਦੀ ਮਹੱਤਵਪੂਰਨ ਇਕਾਈ ਹੈ।"(100)

ਡਾ. ਰਤਨ ਸਿੰਘ ਜੱਗੀ *'ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ'* ਵਿਚ ਲਿਖਦੇ ਹਨ "ਬਿੰਬ ਕਿਸੇ ਸਾਹਿਤਕਾਰ ਵਲੋਂ ਭਾਵ ਪ੍ਰਗਟਾਵੇ ਦਾ ਸਾਧਨ ਹੁੰਦੇ ਹਨ। ਸਾਧਾਰਨ ਤੌਰ ਤੇ ਬਿੰਬ ਦਾ ਅਰਥ ਕਿਸੇ ਮੂਲ ਵਸਤੂ ਦੀ ਪ੍ਰਤੀਕ੍ਰਿਤ ਪ੍ਰਤੀਛਾਇਆ ਹੁੰਦਾ ਹੈ।"(613).

ਹਰ ਕਵੀ ਦੀ ਬਿੰਬਾਵਲੀ ਵੱਖਰੀ ਹੁੰਦੀ ਹੈ। ਆਪੋ ਆਪਣੀ ਵੱਖਰੀ ਬਿੰਬਾਵਲੀ ਕਾਰਨ ਹੀ ਸਾਰੇ ਲੇਖਕਾਂ ਦੀ ਲਿਖ਼ਤ ਵੀ ਵੱਖ ਹੁੰਦੀ ਹੈ। ਕਵਿਤਾ ਬਿੰਬ ਸਹਿਜ ਸੁਭਾਅ ਹੀ ਪ੍ਰਗਟ ਹੋ ਜਾਂਦੇ ਹਨ। ਕਾਵਿ ਵਿਚ ਬਿੰਬਾਵਲੀ ਇਕ ਅਜਿਹੀ ਵਿਧੀ ਹੈ ਜਿਸ ਰਾਹੀਂ ਸ਼ਬਦਾਂ ਦੁਆਰਾ ਅਜਿਹੇ ਚਿੱਤਰ ਜਾਂ ਦ੍ਰਿਸ਼ ਸੁਰਜੀਤ ਕੀਤੇ ਜਾਂਦੇ ਹਨ ਜਿਹੜੇ ਕਾਵਿ ਦੇ ਭਾਵ ਪੱਖ ਨੂੰ ਤੀਬਰ ਤੇ ਸਪੱਸ਼ਟ ਕਰਦੇ ਹਨ ਜਿੱਥੇ ਕਾਵਿ ਬਿੰਬ ਕਿਸੇ ਵੀ ਕਾਵਿ ਕਿਰਤ ਨੂੰ ਸੋਹਣਾ ਬਣਾਉਂਦੇ ਹਨ ਉੱਥੇ ਇਹ ਕਾਵਿ-ਵਸਤੂ ਦਾ ਸਹੀ ਰੂਪ ਉਲੀਕਣ ਵਿਚ ਵੀ ਸਹਾਇਕ ਹੁੰਦੇ ਹਨ। ਕਾਵਿ ਬਿੰਬ ਸਾਡੀਆਂ ਇੰਦਰੀਆਂ ਨੂੰ ਉਤੇਜਿਤ ਕਰ ਕੇ ਸ਼ਬਦ ਚਿੱਤਰ ਨੂੰ ਮਨ ਅੰਦਰ ਬਿਠਾਉਂਦੇ ਹਨ। ਅਜਿਹੇ ਬਿੰਬ ਇੰਦਰਆਵੀ ਬਿੰਬ ਕਹਾਉਂਦੇ ਹਨ। ਇਸ ਤੋਂ ਬਿਨਾਂ ਗ਼ਜ਼ਲਗੋਸਮਾਜਿਕ, ਧਾਰਮਿਕ, ਰਾਜਨੀਤਕ ਆਦਿ ਹੋਰ ਅਨੇਕਾਂ ਖੇਤਰਾਂ ਵਿਚ ਬਿੰਬਾਂ ਦੀ ਚੋਣ ਕਰਦਾ ਹੈ। ਬਿੰਬ ਵੀ ਕਈ ਤਰ੍ਹਾਂ ਦੇ ਹੁੰਦੇ ਹਨ- ਦ੍ਰਿਸ਼ ਬਿੰਬ, ਸਪਰਸ਼ ਬਿੰਬ, ਰਸ ਬਿੰਬ, ਮਿਥਿਹਾਸਕ ਬਿੰਬ ਆਦਿ।ਅਸੀਂ ਚੁਣੇ ਹੋਏ ਗ਼ਜ਼ਲਕਾਰਾਂ ਦੀ ਲਿਖਤ ਵਿਚ ਉਹਨਾਂ ਵਲੋਂ ਉਲੀਕੇ ਵੱਖ-ਵੱਖ ਬਿੰਬਾਂ ਦੇ ਆਧਾਰ ਤੇ ਉਹਨਾਂ ਦੀਆਂ ਰਚਨਾਵਾਂ ਦਾ ਤੁਲਨਾਤਮਕ ਅਧਿਐਨ ਕਰਨ ਦਾ ਯਤਨ ਕੀਤਾ ਹੈ।

ਔੜਾਂ ਵਿਚ ਵੀ ਸੂਹੇ ਫੁੱਲ ਮੁਸਕਾਉਂਦੇ ਨੇ

ਮੈਂ ਬਲਿਹਾਰੇ ਜਾਵਾਂ ਜੰਡ ਕਰੀਰਾਂ ਦੇ ।

(ਗੁਰਭਜਨ ਗਿੱਲ ਮਨ ਪਰਦੇਸੀ 17)

ਪਾਣੀ ਭਰੇ ਗਿਲਾਸ 'ਚ ਇਹ ਜੋ ਡੋਲ ਰਿਹਾ ਪਰਛਾਵਾਂ

ਮਾਏ ਨੀ, ਪਰਦੇਸੀ ਪੁੱਤ ਦਾ ਬਸ ਏਹੀ ਸਿਰਨਾਵਾਂ

(ਉਹੀ 20)

ਰੁੱਖ ਤੇ ਬੰਦੇ ਦੇਖੋ ਸਿਰਫ਼ ਦੁਪਹਿਰਾਂ ਨੂੰ

ਸ਼ਾਮ ਸਵੇਰੇ ਸਭ ਦਾਕਦ ਲੰਮੇਰਾ ਹੈ।

(ਉਹੀ 23)

ਆਲ੍ਹਣਿਆਂ ਵਿਚ ਰਾਤ ਗੁਜ਼ਾਰਨ ਪੰਛੀ ਤੇ ਪਰਦੇਸੀ

ਏਸ ਨਗਰ ਤਾਂ ਕੋਇਲ ਪਪੀਹੇ ਹੋਂਠੀ ਰੱਖਦੇ ਤਾਲੇ।

(ਉਹੀ ਰਾਵੀ 25)

ਬਲਦੀ ਜਿਉਂ ਪਰਚੰਡ ਜਵਾਲਾ ਪਾਸ਼ ਕੋਈ ਅਵਤਾਰ ਨਹੀਂ ਸੀ

ਜਿੰਨ੍ਹਾ ਵੀ ਸੀ ਲਟ ਲਟ ਬਲਿਆ ਉਹ ਕੱਲ੍ਹਾ ਇਕਰਾਰ ਨਹੀਂ ਸੀ।

(ਉਹੀ ਰਾਵੀ ਪੰਨਾ 49)

ਚੰਦ ਤਾਂ ਖੁਣਵਾ ਲਿਆ ਮੱਥੇ 'ਤੇ ਕਿੰਨਾ ਸ਼ਾਨਦਾਰ

ਫੇਰ ਵੀ ਸੀਨੇ 'ਚ ਹੈ ਓਵੇਂ ਦਾ ਅੰਧਕਾਰ।

(ਜਸਵਿੰਦਰ ਅਗਰਬੱਤੀ 43)

ਉਹੀ ਨੀਲਾ ਜਿਹਾ ਅੰਬਰ ਉਹੀ ਪੀਲਾ ਜਿਹਾ ਸੂਰਜ

ਕਦੇ ਇਹਨਾਂ ਦੇ ਅੰਦਰ ਹੋਰ ਵੀ ਤਾਂ ਰੰਗ ਭਰ ਕੋਈ।

(ਬਰਜਿੰਦਰ ਚੌਹਾਨ ਸਫ਼ਰ ਦੀ ਖ਼ੁਸ਼ਬੋ 32)

ਦੁੱਧ ਦੀਆਂ ਧਾਰਾਂ ਵਾਂਗੂੰ ਛਲਕੀ ਮਾਂ ਦੀਆਂ ਅੱਖਾਂ ਵਿਚ ਉਦਾਸੀ

ਮੁੱਦਤ ਮਗਰੋਂ ਘਰ ਮੁੜਿਆ ਹੈ ਅੱਜ ਇਕਲੌਤਾ ਪੁੱਤ ਬਨਵਾਸੀ।

(ਜਗਵਿੰਦਰ ਜੋਧਾ ਬੇਤਰਤੀਬੀਆਂ 72)

ਪਿਆਸ ਦੀ ਸ਼ਿੱਦਤ, ਬਦਨ ਦੀ ਮੈਲ, ਮਰਿਆਦਾ ਦਾ ਸ਼ੋਰ

ਕਸ਼ਮਕਸ਼ ਵਿਚ ਹਾਂ ਮੈਂ ਸਾਵੀ ਝੀਲ ਵਿਚ ਉਤਰਦਿਆਂ।

(ਜਗਵਿੰਦਰ ਜੋਧਾ ਬੇਤਰਤੀਬੀਆਂ 73)

ਤੇਰੇ ਨੈਣਾਂ 'ਚ ਏਦਾਂ ਟਿਮਟਿਮਾਉਂਦੇ ਅਕਸ ਸਧਰਾਂ ਦਾ

ਜਿਵੇਂ ਗੰਗਾ ਦੇ ਨਿਰਮਲ ਪਾਣੀ 'ਤੇ ਦੀਪ ਤਰਦੇ ਨੇ।

(ਜਗਵਿੰਦਰ ਜੋਧਾ ਸਾਰੰਗੀ 50)

ਸ਼ੀਸ਼ੇ ਅੱਗੇ ਸ਼ੀਸ਼ਾ ਧਰਿਆ ਵੇਲੇ ਨੇ

ਦੋ ਰੁਖ਼ੀਆਂ ਤਸਵੀਰਾਂ ਹੱਥ ਕੀ ਆਇਆ ਏ।

(ਤਾਹਿਰਾ ਸਰਾ ਸ਼ੀਸ਼ਾ 26)

ਚਕੋਰਾਂ ਵਰਗੀਆਂ ਅੱਖਾਂ ਤੇ ਪਹਿਰੇ ਨੇ ਅਨਾਵਾਂ ਦੇ

ਵੇ ਚੰਨਾ! ਸਾਨੂੰ ਤੇਰੀ ਚਾਨਣੀ ਤਕਲੀਫ਼ ਦੇਂਦੀ ਏ।

(ਤਾਹਿਰਾ ਸਰਾ ਸ਼ੀਸ਼ਾ 70)

ਘੜੇ ਮੂਰਤ, ਕਲਮ ਚੁੱਕੇ, ਫੜੇ ਤਲਵਾਰ ਜਾਂ ਤਸਬੀ

ਚੜ੍ਹੇ ਪਹਿਚਾਣ ਦਾ ਸੂਰਜ, ਸਦਾ ਆਪਣੇ ਘਰਾਂ ਵਿਚੋਂ।

(ਗੌਤਮ ਸੁਪਨੇ ਸੌਣ ਨਾ ਦਿੰਦੇ 42)

**ਰਸ ਵਿਧਾਨ:**

ਭਾਰਤੀ ਕਾਵਿ ਸ਼ਾਸਤਰ ਵਿਚ ਰਸ ਨੂੰ ਕਾਵਿ ਦੀ ਆਤਮਾ ਮੰਨਿਆ ਜਾਂਦਾ ਹੈ। ਰਸ ਦਾ ਮੂਲ ਆਧਾਰ ਭਾਵ ਹੁੰਦੇ ਹਨ। ਰਸ ਕਾਵਿ ਜੁਗਤ ਨਾਲ ਕਾਵਿ ਨੂੰ ਸ਼ਿਗਾਰਿਆ ਜਾਂਦਾ ਹੈ। ਰਸ ਯੁਕਤ ਕਾਵਿ ਉਕਤੀ ਬਹੁਤ ਸੋਹਣੀ ਹੋ ਜਾਂਦੀ ਹੈ ਅਤੇ ਪਾਠਕ ਨੂੰ ਆਨੰਦ ਭਰਪੂਰ ਕਰ ਦਿੰਦੀ ਹੈ। ਭਰਤ ਮੁਨੀ ਦੇ ਨਾਟ ਸ਼ਾਸਤਰ ਵਿਚ ਅੱਠ ਤਰ੍ਹਾਂ ਦੇ ਰਸ ਮੰਨੇ ਗਏ ਹਨ। ਸ਼ਿੰਗਾਰ ਰਸ, ਹਾਸ ਰਸ, ਕਰੁਣਾ ਰਸ, ਰੌਦਰ ਰਸ, ਵੀਰ ਰਸ, ਭਿਆਨਕ ਰਸ, ਅਦਭੂਤ ਰਸ, ਸ਼ਾਂਤ ਰਸ।

ਇਹਨਾਂ ਵਿਚੋਂ ਸ਼ਿਗਾਰ ਰਸ ਨੂੰ ਪ੍ਰਮੁੱਖ ਮੰਨਿਆ ਜਾਂਦਾ ਹੈ। 'ਸ਼ਿੰਗਾਰ ਰਸ' ਨੂੰ ਰਸਾਂ ਦਾ ਰਾਜਾ ਵੀ ਕਿਹਾ ਜਾਂਦਾ ਹੈ। ਸ਼ਿੰਗਾਰ ਰਸ ਦੇ ਵੀ ਅੱਗੋਂ ਦੋ ਭੇਦ ਹਨ-ਸੰਯੋਗ ਰਸ, ਵਿਯੋਗ ਰਸ।

ਡਾ. ਪ੍ਰੇਮ ਪ੍ਰਕਾਸ਼ ਸਿੰਘ *'ਭਾਰਤੀ ਕਾਵਿ ਸ਼ਾਸਤਰ'* ਵਿਚ ਲਿਖਦੇ ਹਨ: "ਸਾਹਿਤ ਦੇ ਪੜ੍ਹਨ-ਸੁਣਨ ਤੋਂ ਪਾਠਕ ਜਾਂ ਸਰੋਤੇ ਨੂੰ ਟੁੰਬਣ ਵਾਲਾ ਜਾਂ ਹੁਲਾਰਾ ਦੇਣ ਵਾਲਾ ਜੋ ਵੀ ਸੁਹਜ-ਸੁਆਦ ਜਾਂ ਆਨੰਦ ਮਹਿਸੂਸ ਹੁੰਦਾ ਹੈ ਉਹ ਕਾਵਿ-ਸ਼ਾਸਤਰੀ ਸ਼ਬਦਾਵਲੀ ਵਿਚ 'ਰਸ' ਅਖਵਾਉਂਦਾ ਹੈ।"(158). ਅਸੀਂ ਚੁਣੇ ਹੋਏ ਗ਼ਜ਼ਲਕਾਰਾਂ ਦੀ ਲਿਖਤ ਵਿਚ ਰਸਾਂ ਦੇ ਆਧਾਰ ਤੇ ਉਹਨਾਂ ਦੀਆਂ ਰਚਨਾਵਾਂ ਦਾ ਤੁਲਨਾਤਮਕ ਅਧਿਐਨ ਕਰਾਂਗੇ।

**ਸ਼ਿੰਗਾਰ ਰਸ (ਵਿਯੋਗ ਰਸ)**

ਪੈਰੀਂ ਝਾਂਜਰ ਛਣਕ ਛਣਕ ਕੇ ਆਖ ਰਹੀ

ਸੁਰ ਤੇ ਤਾਲ ਬੇਗਾਨਾ ਕੁਝ ਵੀ ਮੇਰਾ ਨਹੀਂ।

(ਗੁਰਭਜਨ ਗਿੱਲ ਮਨ ਪਰਦੇਸੀ 22)

ਸੁੰਨੀ ਮਾਂਗ ਸੰਧੂਰੀ ਕਰ ਤੂੰ ਨੈਣ ਉਡੀਕਣ ਸਿਹਰੇ ਵਾਲਾ

ਧਰਤ ਉਡੀਕੇ ਤੈਨੂੰ ਚਿਰ ਤੋਂ ਨਵੀਆਂ ਪੈੜਾਂ ਪਾਉਣ ਵਾਲਿਆ।

(ਉਹੀ ਰਾਵੀ 85)

ਵੰਗਾਂ ਛਣਕਣ, ਝਾਂਜਰ ਲਰਜ਼ੇ, ਕੰਬੇ ਸ਼ੀਸ਼ੇ ਦਾ ਪਾਣੀ

ਕਿੰਨੇ ਜ਼ਖ਼ਮ ਹਰੇ ਹੋ ਜਾਂਦੇ ਇਕ ਜੋਗੀ ਦੀ ਫੇਰੀ ਨਾਲ਼।

(ਜਗਵਿੰਦਰ ਜੋਧਾ ਬੇਤਰਤੀਬੀਆਂ 36)

ਬਹੁਤ ਚੁਭਦੇ ਨੇ ਅੱਖਾਂ ਨੂੰ ਤੇਰੇ ਬੇਰੰਗ ਪਹਿਰਾਵੇ

ਤੇਰੇ ਦਾਮਨ 'ਚ ਇਕ ਇੰਦਰ ਧਨੁੱਖ ਧਰ ਜਾਣ ਦੇ ਮੈਨੂੰ।

(ਜਗਵਿੰਦਰ ਜੋਧਾ ਸਾਰੰਗੀ 39)

ਆਪਣੇ ਆਪ ਨੂੰ ਵੇਖ ਰਹੀ ਹਾਂ ਹੈਰਤ ਨਾਲ

ਕੱਚੀ ਵੰਗ ਦੇ ਟੋਟੇ ਵਰਗੀ ਹੋ ਗਈ ਆਂ।

(ਤਾਹਿਰਾ ਸਰਾ ਸ਼ੀਸ਼ਾ 43)

ਕਿਸੇ ਰਿਸ਼ਤੇ ਕਿਸੇ ਸੁੱਖ ਦਾ ਕੋਈ ਮਤਲਬ ਨਹੀਂ ਰਹਿੰਦਾ

ਸਵਿੱਤਰੀ ਨਾਰ ਦਾ ਮੈਲ਼ਾ ਜਦੋਂ ਸੰਧੂਰ ਹੁੰਦਾ ਹੈ।

(ਗੌਤਮ ਸੁਪਨੇ ਸੌਣ ਨਾ ਦਿੰਦੇ 48)

**ਸ਼ਿੰਗਾਰ ਰਸ (ਸੰਯੋਗ ਰਸ)**

ਮਹਿਕਦੀਏ ਚੰਬੇ ਦੀ ਕਲੀਏ ਮੇਰੇ ਧੁਰ ਅੰਦਰ ਖ਼ੁਸ਼ਬੋਈਏ

ਜਿਹੜੀ ਥਾਂ ਤੂੰ ਹਾਜ਼ਰ ਨਾਜ਼ਰ ਉੱਥੇ ਕਿਵੇਂ ਹਨੇਰਾ ਹੋਵੇ।

(ਉਹੀ 98)

ਸਿਰ ਤੇ ਲੈ ਬੱਦਲਾਂ ਦੀ ਚੁੰਨੀ ਆ ਅੰਬਰ ਵਿਚ ਪੀਂਘ ਚੜ੍ਹਾਈਏ

ਅਨਹਦ ਨਾਦ ਵਜਾਈਏ ਰੂਹ ਦਾ ਪੌਣਾਂ ਨੂੰ ਗਲਵਕੜੀ ਪਾਈਏ।

(ਉਹੀ ਰਾਵੀ 44)

ਮਨ ਦੇ ਚਾਅ ਮੁਦਰਾਵਾਂ ਬਣ ਕੇ ਅੱਡੀਆਂ ਤਕ ਆ ਗਏ ਨੇ

ਝਾਂਜਰਾਂ ਵਿਚ ਜਾਗਦੀ ਛਮ-ਛਮ ਵੀ ਹੈ, ਚਲ ਇਸ਼ਕ ਕਰੀਏ।

(ਜਗਵਿੰਦਰ ਜੋਧਾ ਬੇਤਰਤੀਬੀਆਂ 41)

ਸਮਾਧੀ ਵਿਚ ਤਾਂ ਅੱਖਾਂ ਮੀਟ ਕੇ ਬੈਠਾਂ ਹਾਂ ਪਰ ਮੈਨੂੰ

ਕਦੇ ਵੰਗਾਂ ਸਦਾ ਦਿੰਦੀਆਂ, ਕਦੇ ਝਾਂਜਰ ਬੁਲਾਉਂਦੀ ਹੈ।

(ਜਗਵਿੰਦਰ ਜੋਧਾ ਸਾਰੰਗੀ 57)

ਮੈਨੂੰ ਜਿਸ ਦੇ ਹਿਜਰ ਨੇ ਤਾਂਬਾ ਕਰਿਆ ਸੀ

ਮਿਲਿਆ ਏ ਤੇ ਸੋਨੇ ਵਰਗੀ ਹੋ ਗਈ ਆਂ।

(ਤਾਹਿਰਾ ਸਰਾ ਸ਼ੀਸ਼ਾ 43)

ਸੂਹੀ ਸਵੇਰ ਦਾ ਮੈਂ ਸੂਰਜ ਉਭਾਰ ਕੇ

ਮਿਲਣਾ ਹੈ ਪਾਰ ਤੈਨੂੰ 'ਨ੍ਹੇਰਾ ਉਤਾਰ ਕੇ।

(ਗੌਤਮ ਸੁਪਨੇ ਸੌਣ ਨਾ ਦਿੰਦੇ 36)

ਉਹਦੀ ਖ਼ੁਸ਼ਬੂ, ਉਹਦਾ ਸ਼ਿੰਗਾਰ ਆਪੇ ਦੱਸ ਦਿੰਦੇ ਨੇ

ਕਲੀ ਨੂੰ ਭੌਰ ਦਾ ਆਉਣਾ, ਜਦੋਂ ਮਨਜ਼ੂਰ ਹੁੰਦਾ ਹੈ।

(ਗੌਤਮ ਸੁਪਨੇ ਸੌਣ ਨਾ ਦਿੰਦੇ 48)

**(ਵੀਰ ਰਸ)**

ਮੋੜ ਵੈਰੀਆਂ ਦੇ ਹੱਲੇ ਚੁੱਪ ਬੈਠਾ ਕਿਹੜੀ ਗੱਲੇ

ਰਣ ਭੂਮੀ ਵਿਚ ਜਾ ਕੇ ਤੂੰ ਵੀ ਵੈਰੀ ਲਲਕਾਰ।

(ਉਹੀ 28)

ਹਿੰਮਤ ਕਰੋ, ਜੀਵਨ ਨਿਭੇ ਕਿਰਦਾਰ ਵਾਂਗਰਾਂ

ਬੈਠੋ ਨਾ ਢਾਹ ਕੇ ਢੇਰੀਆਂ ਮੁਰਦਾਰ ਵਾਂਗਰਾਂ।

(ਉਹੀ 41)

ਸੰਘਰਸ਼ਾਂ ਦਾ ਅਣਥੱਕ ਯੋਧਾ ਵਾਹੋ ਦਾਹੀ ਤੁਰਦਾ ਤੁਰਦਾ

ਨੇਕੀ ਦੀ ਗੱਠੜੀ ਨੂੰ ਚੁੱਕੀ ਉਹ ਸੂਰਜ ਤੋਂ ਪਾਰ ਤੁਰ ਗਿਆ।

(ਉਹੀ 104)

ਇਕ ਵਾਰੀ ਜੈਕਾਰਾ ਲਾ ਕੇ ਬਹਿ ਨਾ ਜਾਇਓ ਸ਼ੇਰ ਬਾਂਕਿਓ

ਢਾਹ ਦੇਵੋ ਇਹ ਕੰਧ ਜਰਜਰੀ ਹੋਰ ਜ਼ੋਰ ਦੀ ਹੱਲਾ ਮਾਰੋ।

(ਉਹੀ ਰਾਵੀ 45)

ਸਮੇਂ ਦੇ ਨਾਲ ਭਿੜਨਾ ਮਰਦ-ਏ-ਕਮਾਲ ਦਾ ਤਸੱਵਰ ਹੈ

ਨਿਤਰਦਾ ਹੈ ਜੋ ਅਜ਼ਮਾਇਸ਼ 'ਚੋਂ ਉਹ ਅੱਜ ਦਾ ਪੈਗ਼ਬੰਰ ਹੈ।

(ਸੁਰਿੰਦਰ ਸੀਰਤ ਅਰੂਪੇ ਅੱਖਰਾਂ ਦਾ ਅਕਸ 14)

ਜੇ ਜਿਤਣੀ ਹੈ ਤਾਂ ਜੰਗ ਆਪੇ ਦੀ ਜਿੱਤੋ

ਜੇ ਹਰਦੇ ਹੋ ਤਾਂ ਆਪੇ ਤੋਂ ਹਰੋਗੇ।

(ਸੁਰਿੰਦਰ ਸੀਰਤ ਅਰੂਪੇ ਅੱਖਰਾਂ ਦਾ ਅਕਸ 30)

ਬਣ ਸਿਕੰਦਰ ਜੋ ਲੜੇਗਾ ਇਸ ਨਾਲ

ਆਣ ਝੁੱਕ ਜਾਏਗਾ ਦਾਤਾਰ ਸਮਾਂ

(ਸੁਰਿੰਦਰ ਸੀਰਤ ਅਰੂਪੇ ਅੱਖਰਾਂ ਦਾ ਅਕਸ 49)

**(ਕਰੁਣਾ ਰਸ)**

ਪੈਰੀਂ ਛਾਲੇ, ਅੱਖ ਵਿਚ ਅੱਥਰੂ, ਅਮਨ ਦੇ ਚਿੱਟੇ ਪਰਚਮ ਵਾਲਾ

ਗੋਲੀਮਾਰਾਂ ਦੀ ਬਸਤੀ ਵਿਚ ਸਭਨਾਂ ਨੂੰ ਲਲਕਾਰ ਤੁਰ ਗਿਆ।

(ਉਹੀ 104)

ਦਰਦ ਸਿਆਹੀ ਨਾਲ ਤੂੰ ਲੀਕਾਂ ਵਾਹੀਆਂ ਨੇ

ਦਿਲ ਤੇ ਅੱਖੀਆਂ ਦੋਵੇਂ ਹੀ ਭਰ ਆਈਆਂ ਨੇ।

(ਉਹੀ 87)

ਇਕ ਪਾਸੇ ਕੰਜਕਾਂ ਨੂੰ ਪੂਜੋ ਦੂਜੇ ਬੰਨੇ ਕੁੱਖ ਵਿਚ ਮਾਰੋ

ਨਸਲਘਾਤ ਕਰਵਾ ਬੈਠੋਗੇ ਸਮਝੋ! ਸਮਝੋ! ਬਰਖ਼ੁਦਾਰੋ।

(ਉਹੀ ਰਾਵੀ 45)

ਸਾਰੰਗੀ ਦੀਆਂ ਤਾਰਾਂ ਟੁੱਟੀਆਂ ਗੁੰਮ-ਸੁੰਮ ਹੈ ਸ਼ਹਿਨਾਈ

ਸਾਜ਼ਿੰਦੇ ਨੂੰ ਤਿਲ-ਤਿਲ ਕਰ ਕੇ ਖਾ ਚੱਲੀ ਤਨਹਾਈ।

(ਜਗਵਿੰਦਰ ਜੋਧਾ ਬੇਤਰਤੀਬੀਆਂ 43)

ਇਹ ਤੇਰੀ ਬੇਦਿਲੀ ਤੇ ਬੇਰੁਖ਼ੀ ਤਕਲੀਫ਼ ਦੇਂਦੀ ਏ

ਤੇਰੇ ਗਲ ਲੱਗ ਕੇ ਰੋਵਣ ਦੀ ਕਮੀ ਤਕਲੀਫ਼ ਦੇਂਦੀ ਏ।

(ਤਾਹਿਰਾ ਸਰਾ ਸ਼ੀਸ਼ਾ 70)

ਆਖ਼ਰੀ ਅਲਫ਼ਾਜ਼ ਨੇ ਹੁਣ ਗੁਣਗੁਣਾ ਹੀ ਲੈਣ ਦੇ

ਗੀਤ ਮੇਰਾ ਕੀ ਪਤਾ ਮੁੜ ਕੇ ਕੋਈ ਗਾਵੇ ਕਿ ਨਾ।

(ਗੌਤਮ ਸੁਪਨੇ ਸੌਣ ਨਾ ਦਿੰਦੇ 50)

**(ਸ਼ਾਂਤ ਰਸ)**

ਯਾਦਾਂ 'ਚੋਂ ਕਾਹਦਾ ਨਿਕਲਿਆ ਦਿਲਦਾਰ ਮਲਕੜੇ

ਮੇਰਾ ਵਜੂਦ ਬਰਫ਼ ਠੰਢਾ ਠਾਰ ਕਰ ਗਿਆ।

(ਉਹੀ 96)

ਦਫ਼ਨ ਹੋਵੇ ਜਿਸ 'ਚ ਨਿਤ ਖ਼ਾਹਿਸ਼ ਨਵੀਂ

ਮੇਰੇ ਅੰਦਰ ਐਸਾ ਕਬਰਿਸਤਾਨ ਹੈ।

(ਬਰਜਿੰਦਰ ਚੌਹਾਨ ਸਫ਼ਰ ਦੀ ਖ਼ੁਸ਼ਬੋ 27)

ਸਾਂਝਨਾ ਹੁਣ ਰਹੀ ਘਰਾਂ ਅੰਦਰ

ਹੋਰ ਸਭ ਖ਼ੈਰ ਹੈ ਗਰਾਂ ਅੰਦਰ।

(ਉਹੀ 51)

**(ਹਾਸ ਰਸ)**

ਜਿਵੇਂ ਸ਼ਰੀਂਹ ਦੀਆਂ ਫ਼ਲੀਆਂ ਛਣਕਣ ਪੌਣ ਵਗੇ ਘੁੰਗਰਾਲਾਂ ਵਾਂਗ
ਹਾਸੇ ਦੀ ਛਣਕਾਰ 'ਚ ਕੀ ਤੂੰ ਜਾਦੂ ਦੱਸ ਦੇ ਭਰਿਆ ਯਾਰ।

(ਉਹੀ 92)

**(ਭਿਆਨਕ ਰਸ)**

ਅੱਗ ਨਾਲ ਖੇਡੀਏ ਅੰਗਾਰਾਂ ਨਾਲ ਖੇਡੀਏ
ਆ ਜਾ ਕਦੇ ਸੋਹਣਿਆ ਵਿਚਾਰਾਂ ਨਾਲ ਖੇਡੀਏ।

(ਗੁਰਭਜਨ ਗਿੱਲ ਮਨ ਪਰਦੇਸੀ 90)

ਲੰਮ ਸਲੰਮੀ ਕਾਲੀ ਨਾਗਣ ਗ਼ਮ ਦੀ ਰਾਤ ਕਦੇ ਨਾ ਮੁੱਕੇ
ਅੰਨ੍ਹੀ ਸੁਰੰਗ ਉਦਾਸ ਬੜੀ ਹੈ ਇਸ ਅੰਦਰ ਨਾ ਜਾਇਆ ਕਰ ਤੂੰ।

(ਉਹੀ 73)

ਸੁਫ਼ਨੇ ਵਿਚ ਸੀ ਦੇਖਿਆ ਰਾਤੀ ਇਕ ਤੂਫ਼ਾਨ
ਦਿਨ ਚੜ੍ਹਦੇ ਨੂੰ ਹੋ ਗਿਆ ਵਸਦਾ ਸ਼ਹਿਰ ਤਬਾਹ।

(ਬਰਜਿੰਦਰ ਚੌਹਾਨ ਸਫ਼ਰ ਦੀ ਖ਼ੁਸ਼ਬੋ 17)

**(ਰੌਦਰ ਰਸ)**

ਹਉਕੇ ਭਰਦੀ ਮਰਦੀ ਜ਼ਖ਼ਮੀ ਰੂਹ ਖ਼ਾਤਰ
ਹਮਦਰਦੀ ਦੇ ਬੋਲ ਵੀ ਸਾਥੋਂ ਸਰਦੇ ਨਹੀਂ।

(ਗੁਰਭਜਨ ਗਿੱਲ ਮਨ ਪਰਦੇਸੀ 62)

ਗਿੱਧਾ ਚੁੱਪ, ਗਵਾਚਾ ਬੀਹੂ ਗੁੰਮ ਸੁਮ ਝੁੰਮਰ, ਕਿੱਕਲੀ, ਲੁੱਡੀ

ਨਿੰਮੋਝੂਣ ਧਮਾਲ ਪਈ ਹੈ ਸੰਮੀ ਦਾ ਨਾ ਚਿੱਤ ਕਰਾਰਾ।

(ਉਹੀ ਰਾਵੀ 51)

ਮਿਲਿਆ ਕਿਸੇ ਵੀ ਯੁੱਗ 'ਚ ਨਾ ਇਕ ਪਲ ਸਕੂਨ ਦਾ

ਖੰਡਰ ਲਏ ਫਰੋਲ ਮੈਂ ਥੇਹਾਂ ਵੀ ਛਾਣੀਆਂ।

(ਜਸਵਿੰਦਰ ਅਗਰਬੱਤੀ ਪੰਨਾ 16)

ਖ਼ੌਫ਼ ਲਾਚਾਰੀ ਉਦਾਸੀ ਨਾਉਮੀਦੀ ਬੇਵਸੀ

ਰੋਜ਼ ਹੀ ਰਹਿੰਦਾ ਹੈ ਸਾਡੇ ਘਰ ਕੋਈ ਆਇਆ ਗਿਆ

(ਬਰਜਿੰਦਰ ਚੌਹਾਨ ਸਫ਼ਰ ਦੀ ਖ਼ੁਸ਼ਬੋ 18)

ਤੇਰੇ ਮਿਲ਼ਣ ਤੋਂ ਵਿਛੜਣ ਤੀਕਰ ਸਾਰੇ ਦੇ ਅਹਿਸਾਸ

ਮੇਰੇ ਦਿਲ ਵਿਚ ਮੇਰੇ ਸ਼ਿਅਰਾਂ ਅੰਦਰ ਸਾਂਭੇ ਹੋਏ ਨੇ।

(ਉਹੀ 52)

ਹਰ ਸੜਕ 'ਚੋਂ ਲੰਘਦੇ ਇਕ ਡਰ ਜਿਹਾ ਤੁਰਦਾ ਏ ਨਾਲ

ਸ਼ਖ਼ਸ ਕਿਹੜਾ ਇਹ ਨਗਰ ਮੇਰੇ ਦੀ ਹਾਲਤ ਕਰ ਗਿਆ।

(ਸੁਰਿੰਦਰ ਸੀਰਤ ਅਰੂਪੇ ਅੱਖਰਾਂ ਦਾ ਅਕਸ 37)

ਮੇਰੇ ਮਨ ਦਾ ਪਰਿੰਦਾ ਫੜਫੜਾਉਂਦਾ ਹੀ ਰਿਹਾ ਏ

ਕਦੀ ਅਸਮਾਨ ਨਾ ਲਭਿਆ ਕਦੀ ਪਰ ਨਾ ਸੰਭਾਲੇ।

(ਸੁਰਿੰਦਰ ਸੀਰਤ ਅਰੂਪੇ ਅੱਖਰਾਂ ਦਾ ਅਕਸ 24)

ਹਰ ਸੜਕ 'ਚੋਂ ਲੰਘਦੇ ਇਕ ਡਰ ਜਿਹਾ ਤੁਰਦਾ ਏ ਨਾਲ

ਸ਼ਖ਼ਸ ਕਿਹੜਾ ਇਹ ਨਗਰ ਮੇਰੇ ਦੀ ਹਾਲਤ ਕਰ ਗਿਆ।

(ਸੁਰਿੰਦਰ ਸੀਰਤ ਅਰੂਪੇ ਅੱਖਰਾਂ ਦਾ ਅਕਸ 37)

**ਕਾਵਿ ਭਾਸ਼ਾ ਤੇ ਸ਼ੈਲੀ:**

ਇਕ ਸਾਹਿਤਕ ਵਿਧਾ ਹੋਣ ਦੇ ਨਾਤੇ ਜਿੱਥੇ ਗ਼ਜ਼ਲ ਦੀ ਭਾਸ਼ਾ ਸਾਧਾਰਣ ਭਾਸ਼ਾ ਨਾਲੋਂ ਵਧੇਰੇ ਸੁਹਜਮਈ ਹੁੰਦੀ ਹੈ। ਉੱਥੇ ਕਾਵਿ ਭਾਸ਼ਾ ਵਿਲੱਖਣ ਹੋਣ ਕਰ ਕੇ ਵਧੇਰੇ ਸੂਖ਼ਮ, ਭਾਵੁਕ ਅਤੇ ਵਿਅੰਗਾਤਮਕ ਵੀ ਹੁੰਦੀ ਹੈ। ਲੇਖਕ ਦੀ ਭਾਸ਼ਾ ਭਾਵਾਂ ਨੂੰ ਸੁੰਦਰਤਾ ਤੇ ਸਪੱਸ਼ਟਤਾ ਸਹਿਤ ਪ੍ਰਗਟ ਕਰਨ ਦੀ ਸਮਰੱਥਾ ਰੱਖਦੀ ਹੈ। ਉਹ ਸਮਕਾਲੀ ਭਾਵ ਬੋਧ ਦੇ ਅਨੁਕੂਲ ਪਰੰਪਰਾਗਤ ਸ਼ਬਦਾਵਲੀ ਨੂੰ ਨਵਾਂਪਣ ਦਿੰਦਿਆਂ ਨਵੀਨ ਚਿਹਨਾਂ ਦੀ ਪੇਸ਼ਕਾਰੀ ਬਹੁਤ ਖ਼ੂਬਸੂਰਤੀ ਨਾਲ ਕਰਦਾ ਹੈ। ਸ਼ੈਲੀ ਕਈ ਪ੍ਰਕਾਰ ਦੀ ਹੁੰਦੀ ਹੈ-ਬਿਆਨੀਆ ਸ਼ੈਲੀ, ਸੰਬੋਧਨੀ ਸ਼ੈਲੀ, ਪ੍ਰਸ਼ਨੋਤਰੀ ਸ਼ੈਲੀ, ਸਵੈ ਕਥਨ ਸ਼ੈਲੀ, ਹਿੰਦੀ ਸੰਸਕ੍ਰਿਤ ਸ਼ੈਲੀ, ਅੰਗਰੇਜ਼ੀ ਸ਼ੈਲੀ ਆਦਿ। ਲੇਖਕ ਇਹਨਾਂ ਸ਼ੈਲੀਆਂ ਦਾ ਸਹਾਰਾ ਲੈ ਕੇ ਆਪਣੀ ਰਚਨਾ ਨੂੰ ਸਾਧਾਰਨ ਭਾਸ਼ਾ ਤੋਂ ਵਿਲੱਖਣ ਬਣਾਉਣ ਦਾਯਤਨ ਕਰਦਾ ਹੈ। ਅਸੀਂ ਚੁਣੇ ਹੋਏ ਗ਼ਜ਼ਲਕਾਰਾਂ ਵਿਚ ਭਾਸ਼ਾ ਅਤੇ ਸ਼ੈਲੀ ਦੀ ਵਿਲੱਖਣਤਾ ਦੇ ਆਧਾਰ ਤੇ ਉਹਨਾਂ ਦੀਆਂ ਰਚਨਾਵਾਂ ਦਾ ਤੁਲਨਾਤਮਕ ਅਧਿਐਨ ਕਰਾਂਗੇ।

**(ਸੰਬੋਧਨੀ ਸ਼ੈਲੀ)**

ਮੇਰਾ ਵੀਰ **ਜਤਿੰਦਰ** ਪੰਨੂੰ ਤੇਜ਼ ਧਾਰ ਤਲਵਾਰ ਦੇ ਵਰਗਾ

ਹਰ ਪਲ ਹਰ ਥਾਂ ਨਜ਼ਰ ਟਿਕਾਏ ਕੋਈ ਨਾ ਮੇਰੇ ਯਾਰ ਦੇ ਵਰਗਾ।

(ਗੁਰਭਜਨ ਗਿੱਲ ਰਾਵੀ 17)

**ਲੋਚੀ ਤੇ ਮਨਜਿੰਦਰ** ਨਾਂ ਦੇ ਸ਼ਹਿਰ ਮੇਰੇ ਵੱਲ ਆਉਂਦੇ ਰਾਹ ਨੇ

ਤੁਰਦੇ ਫਿਰਦੇ ਮਿਲਦੇ ਗਿਲਦੇ ਦੋਵੇਂ ਅਦਬ ਦੀ ਇੱਕ ਦਰਗਾਹ ਨੇ।

(ਉਹੀ26)

**ਪਾਤਰ, ਗੁਰਇਕਬਾਲ, ਰਵਿੰਦਰ ਤੇ ਸੁਖਵਿੰਦਰ** ਦੇਣ ਗਵਾਹੀ

ਮਰੂੰ ਮਰੂੰ ਨਹੀਂ ਕਰਦੇ ਵੇਖੇ ਦਿਲ ਦੀ ਦੌਲਤ ਕਰਕੇ ਸ਼ਾਹ ਨੇ।

(ਉਹੀ)

ਬਾਰੀਂ ਬਰਸੀਂ ਖੱਟਣ ਗਿਆ ਸੀ ਖੱਟਣ ਗਿਆ ਨਾ ਆਇਆ

ਮਾਂ ਵੀ ਭੁੱਲਿਆ ਮਾਂ ਬੋਲੀ ਵੀ ਭੁੱਲਿਆ **ਮਾਂ ਦਾ ਜਾਇਆ**।

(ਜਸਵਿੰਦਰ ਅਗਰਬੱਤੀ ਪੰਨਾ 51)

ਯਾਦ ਬੜਾ 'ਹੈਰੀ' ਨੂੰ ਆਇਆ ਉਹ **'ਹਰਦੇਵ'** ਨਿਆਣਾ

ਸੁਫ਼ਨੇ ਵਿਚ ਜਦ ਲਾਡ ਲਡਾਉਂਦਾ ਦਿਸਿਆ ਅਰਜਣ ਤਾਇਆ।

(ਉਹੀ)

ਸੁਣੀਆਂ ਨਾ **ਤੈਨੂੰ** ਚੀਕਾਂ ਸਦੀਆਂ ਤੋਂ ਮੈਂ ਉਡੀਕਾਂ

ਸੂਲ਼ੀ 'ਤੇ ਲਟਕਦੇ ਨੂੰ ਹੇਠਾਂ ਉਤਾਰ ਮੈਨੂੰ।

(ਉਹੀ 44)

ਉਹ ਹੈ **ਜਗਤਾਰ** ਪੀੜਾਂ ਦਾ ਮੁਸੱਵਰ

ਉਹਦੇ ਹਰ ਸ਼ਬਦ ਨੂੰ ਸਿਜਦਾ ਕਰੋਗੇ।

(ਸੁਰਿੰਦਰ ਸੀਰਤ ਅਰੂਪੇ ਅੱਖਰਾਂ ਦਾ ਅਕਸ 30)

ਉਹ ਕਹਿੰਦਾ ਏ ਪਿਆਰ ਤੇ ਜੰਗ ਵਿਚ ਜਾਇਜ਼ ਏ ਸਭ

ਮੈਂ ਕਹਿਨੀ ਆਂ ਊਂ ਹੂੰ.....ਹੇਰਾ ਫੇਰੀ ਨਹੀਂ।

(ਤਾਹਿਰਾ ਸਰਾ ਸ਼ੀਸ਼ਾ 23)

'ਤਾਹਿਰਾ' ਦੁਨੀਆਂ ਵੇਖੇਗੀ

ਮੈਂ ਜੋ ਕਰਨਾ **ਤੇਰੇ ਨਾਲ**।

(ਤਾਹਿਰਾ ਸਰਾ ਸ਼ੀਸ਼ਾ 62)

ਕੀਤੀ ਤੇ ਪਛਤਾਏਂਗਾ

ਸਾਰੀ ਦੁਨੀਆਂ 'ਤਾਹਰਾ' ਨਹੀਂ।

(ਤਾਹਿਰਾ ਸਰਾ ਸ਼ੀਸ਼ਾ 66)

**(ਪ੍ਰਸ਼ਨੋਤਰੀ ਸ਼ੈਲੀ)**

ਏਸ ਫ਼ਿਕਰ ਨੇ ਮਾਰ ਲਿਆ ਹੈ ਕਿਹੜਾ ਅੱਜ ਕੱਲ੍ਹ **ਕੀ** ਕਰਦਾ ਹੈ?

ਏਸ ਕਰ ਕੇ ਹਰ ਇਕ ਬੰਦਾ ਜੀਂਦਾ ਘੱਟ ਤੇ ਮਰਦਾ ਵੱਧ ਹੈ।

(ਗੁਰਭਜਨ ਗਿੱਲ ਰਾਵੀ ਪੰਨਾ 33)

ਜਾਨ ਤੋਂ ਪਿਆਰਾ ਆਖਣ ਵਾਲਾ ਅੱਜ ਕੱਲ੍ਹ ਜੋ ਮੂੰਹ ਫ਼ੇਰ ਕੇ ਲੰਘਦੈ

ਦਿਲ ਤਾਂ ਕਰਦੈ ਪੁੱਛ ਲਵਾਂ ਕਿ ਬਿਨ ਸਾਹਾਂ ਤੋਂ **ਕਿੰਜ** ਸਰਦਾ ਹੈ?

(ਉਹੀ)

ਅਜੇ ਵੀ ਬਹੁਤ ਸਾਰੇ ਬੀਜ ਪੁੰਗਰਨ ਨੂੰ ਮਚਲਦੇ ਨੇ

ਭਲਾ ਇਹ ਲੋਕ ਮਿੱਟੀ ਗਮਲਿਆਂ ਦੀ **ਕਿਉਂ** ਬਦਲਦੇ ਨੇ?

(ਜਸਵਿੰਦਰ ਅਗਰਬੱਤੀ ਪੰਨਾ 31)

ਸਾੜ ਕੇ ਮੇਰਾ ਲਹੂ ਮਹਿਕਾਂ ਫ਼ਿਜ਼ਾ ਵਿਚ ਵੰਡਦੀ

ਮੇਰੇ ਅੰਦਰ ਧੁਖ਼ ਰਹੀ ਇਹ ਅਗਰਬੱਤੀ **ਕੌਣ** ਹੈ?

(ਜਸਵਿੰਦਰ ਅਗਰਬੱਤੀ ਪੰਨਾ 14)

ਬੜਾ ਇਤਰਾਜ਼ ਹੈ ਜੰਗਲ ’ਤੇ ਪਤਝੜ ਦੇ ਵਕੀਲਾਂ ਨੂੰ

ਬਿਨਾਂ ਮਨਜ਼ੂਰੀਓਂ ਇਹ ਬਿਰਖ਼ **ਕਿਉਂ** ਪੱਤੇ ਬਦਲਦੇ ਨੇ?

(ਉਹੀ)

ਪਹਿਲੀ ਗੱਲ ਕਿ ਸਾਰੀ ਗਲਤੀ ਮੇਰੀ ਨਹੀਂ

ਜੇ ਕਰ ਮੇਰੀ ਵੀ ਏ **ਕੀ** ਮੈਂ ਤੇਰੀ ਨਹੀਂ?

(ਤਾਹਿਰਾ ਸਰਾ ਸ਼ੀਸ਼ਾ 23)

ਮੇਰੀ ਮੰਨ ਤੇ ਆਪਣੇ-ਆਪਣੇ ਰਾਹ ਪਈਏ

**ਕੀ** ਕਹਿਨਾਂ ਏਂ ! ਜਿੰਨੀ ਹੋਈ ਬਥੇਰੀ ਨਹੀਂ?

(ਤਾਹਿਰਾ ਸਰਾ ਸ਼ੀਸ਼ਾ 23)

**ਕਿਵੇਂ** ਮੈਂ ਦੇ ਦਿਆਂ ਤੈਨੂੰ ਖਿੜੇ ਫੁੱਲਾਂ ਜਿਹਾ ਦਰਜਾ

ਕਿ ਨਖ਼ਰਾ ਹੋਰ ਹੁੰਦਾ ਹੈ ਇਬਾਰਤ ਹੋਰ ਹੁੰਦੀ ਹੈ

(ਗੌਤਮ ਸੁਪਨੇ ਸੌਣ ਨਾ ਦਿੰਦੇ 37)

**(ਸਵੈ ਕਥਨ ਸ਼ੈਲੀ)**

ਸ਼ੀਸ਼ੇ ਅੰਦਰ ਹਰ ਬੰਦਾ ਹੀ ਕਿਉਂ ਨਹੀਂ ਤੱਕਦਾ ਆਪਣਾ ਚਿਹਰਾ

**ਮੇਰਾ ਆਪਣਾ ਆਪਾ** ਵੀ ਹੁਣ ਇਸ ਦੇ ਕੋਲੋਂ ਕਿਉਂ ਡਰਦਾ ਹੈ?

(ਗੁਰਭਜਨ ਗਿੱਲ ਰਾਵੀ ਪੰਨਾ 33)

ਸਰਬਕਾਲ ਪਰਮੇਸ਼ਰ ਪੋਥੀ ਸ਼ਬਦਗੁਰੂ ਸਰਬੱਤ ਦੀ ਖ਼ਾਤਰ

ਨਿਰਭਓ ਤੇ ਨਿਰਵੈਰ ਨੇ ਕੱਢਣਾ ਜਿਹੜੀ **ਮੈਂ** ਦਲਦਲ ਵਿਚ ਧੱਸਿਆ।

(ਉਹੀ ਪੰਨਾ 36)

ਕੌਣ ਮੇਰਾ ਹੈ ਤੇ ਮੈਂ ਕਿਸਦਾ ਹਾਂ

ਸਾਰੇ ਰਿਸ਼ਤੇ ਨੇ ਲੋੜ ਦੇ ਇਹ ਤਾਂ

ਸਰਦ ਰਾਤਾਂ 'ਚ ਕੋਈ ਸੇਕ ਲਏ

ਕੋਈ ਧੁੱਪਾਂ 'ਚ ਤਾਣਦਾ **ਮੈਨੂੰ** ।

(ਬਰਜਿੰਦਰ ਚੌਹਾਨ ਸਫ਼ਰ ਦੀ ਖ਼ੁਸ਼ਬੋ 43)

ਰੱਖੀ ਗਈ ਨਾ **ਮੈਥੋਂ** ਜ਼ਮੀਰ ਗਿਰਵੀ

ਕਰਦਾ ਰਿਹਾ ਇਸ਼ਾਰੇ ਅਕਸਰ ਬਜ਼ਾਰ ਮੈਨੂੰ

(ਉਹੀ 44)

ਤਲੀ ਸਿਰ ਧਰ ਜਦੋਂ ਨਿਤਰਾਂ **ਮੈਂ 'ਸੀਰਤ'** ਯਾਰੜੇ ਖ਼ਾਤਰ

ਮਿਰੇ ਅਹਿਸਾਸ ਅੰਦਰ ਪਨਪਦਾ ਜਜ਼ਬਾ ਪਵਿੱਤਰ ਹੈ।

(ਸੁਰਿੰਦਰ ਸੀਰਤ ਅਰੂਪੇ ਅੱਖਰਾਂ ਦਾ ਅਕਸ 14)

ਆ ਗਿਆ ਜੀਵਨ 'ਚ **ਮੇਰੇ** ਕਿਸ ਤਰ੍ਹਾਂ ਦਾ ਮੋੜ ਹੈ

ਮੁੜ ਨਵਾਂ ਸੰਘਰਸ਼ ਹੈ ਇਕ ਸਾਰਥੀ ਦੀ ਲੋੜ ਹੈ।

(ਸੁਰਿੰਦਰ ਸੀਰਤ ਅਰੂਪੇ ਅੱਖਰਾਂ ਦਾ ਅਕਸ 35)

ਐਸੀ ਖੇਡ ਨੂੰ ਖੇਡਣ ਦਾ ਕੀ ਚਾਅ **'ਸੀਰਤ'**

ਜਿਸ ਵਿਚ ਜਿੱਤਣ ਦਾ ਹੀ ਮੁੱਲ ਵਧੇਰਾ ਏ।

(ਸੁਰਿੰਦਰ ਸੀਰਤ ਅਰੂਪੇ ਅੱਖਰਾਂ ਦਾ ਅਕਸ 72)

ਹੋ ਕੇ ਤਾਰੀਫ਼ਾਂ ਤੋਂ ਲਾਂਭੇ ਈਰਖਾਵਾਂ ਤੋਂ ਪਰੇ

ਦੇਰ ਹੋਈ ਹੈ ਖਲੋਇਆਂ **ਆਪਣੇ** ਹੀ ਰੂ-ਬ-ਰੂ।

(ਜਗਵਿੰਦਰ ਜੋਧਾ ਸਾਰੰਗੀ 54)

**'ਤਾਹਿਰਾ'** ਪਿਆਰ ਦੀ ਖ਼ੌਰੇ ਕਿਹੜੀ ਮੰਜ਼ਿਲ ਏ

ਸਭ ਕੁੱਝ ਮੇਰਾ ਏ ਪਰ ਮਰਜ਼ੀ ਮੇਰੀ ਨਹੀਂ।

(ਤਾਹਿਰਾ ਸਰਾ ਸ਼ੀਸ਼ਾ 23)

**'ਤਾਹਿਰਾ'** ਹਾਲੇ ਦਿਲ ਦੀ ਵਾਰੀ ਆਉਣੀ ਏ

ਦਲ ਸੁੱਟਿਆ ਸੂ ਪਹਿਲੇ ਗ਼ਾਲੇ ਅੱਖਾਂ ਨੂੰ।

(ਤਾਹਿਰਾ ਸਰਾ ਸ਼ੀਸ਼ਾ 31)

ਕਰੇ ਮੰਜ਼ਿਲ ਦੀ ਕਿਉਂ ਚਿੰਤਾ ਤੂੰ ਰਾਹ 'ਤੇ ਰੱਖ ਨਿਗਾਹ **'ਗੌਤਮ'**

ਤੇਰਾ ਅੰਜਾਮ ਉਕਰਨਗੇ ਤੇਰੇ ਇਹ ਆਪਣੇ ਕਾਰੇ।

(ਗੌਤਮ ਸੁਪਨੇ ਸੌਣ ਨਾ ਦਿੰਦੇ 53)

ਨਾ ਹੀ ਖੁੱਲ੍ਹੇ ਨਾ ਹੀ ਟੁੱਟੇ ਇਹ ਮੇਰੀ ਪੀੜ ਤੋਂ **'ਗੌਤਮ'**

ਬਣੇ ਸੀ ਓਸ ਦੇ ਦਿਲ ਦੇ ਪਤਾ ਨਹੀਂ ਕਾਸਦੇ ਬੂਹੇ।

(ਗੌਤਮ ਸੁਪਨੇ ਸੌਣ ਨਾ ਦਿੰਦੇ 79)

**(ਉਰਦੂਭਾਸ਼ਾ)**

ਹਿੰਮਤ ਨਾਲ ਘੁੰਮਾ ਦੇ ਚਾਬੀ  ਹਰ ਜੰਦਰੇ ਨੂੰ ਖੋਲ੍ਹਣਹਾਰੀ

ਉੱਡਣਗੇ ਫਿਰ ਵਾਂਗਰ ਬਾਜ਼ਾਂ **ਖਾਬ੍ਹ ਖ਼ਿਆਲ** ਜੋ ਵਖ਼ਤਾਂ ਮਾਰੇ।

(ਰਾਵੀ41)

ਬਿਨ ਮੰਗੇ ਤੋਂ ਏਨੀ **ਰਹਿਮਤ** ਮੇਰੀ ਨਿੱਕੀ ਝੋਲੀ ਅੰਦਰ

ਮਹਿਕ ਗਿਆ ਹੈ ਤਨ ਮਨ ਮੇਰਾ ਮਿਹਰ ਤੇਰੀ ਸਦਕੇ ਬਲਿਹਾਰੀ

(ਉਹੀ 43)

ਇੱਕ ਦੋ ਬੋਲ ਮਿਸ਼ਰੀਉਂ ਮਿੱਠੇ ਜਿਉਂ ਮਿਲ ਗਈ ਹੈ ਦਾਤ **ਇਲਾਹੀ**

**ਇਤਰ** ਸਮੁੰਦਰ ਦੇ ਵਿੱਚ ਲਗਦੈ **ਰੂਹ** ਨਿਰਵਸਤਰ ਲਾਵੇ ਤਾਰੀ।

(ਉਹੀ 43)

**ਕੂੜਕੁਫ਼ਰ** ਦੀ ਬੁੱਕਲ ਦੇ ਵਿੱਚ ਬੈਠ ਗਏ ਜੇ ਧਰਮੀ ਪੁੱਤਰ

ਰਾਜ ਭਾਗ ਨੇਰ੍ਹੇ ਦਾ ਤਾਂ ਹੀ ਰਾਤ ਪਿਆਂ ਧਰਤੀ ਨੂੰ ਘੇਰੇ।

(ਉਹੀ 117)

ਸਾੜ ਕੇ ਮੇਰਾ ਲਹੂ **ਮਹਿਕਾਂਫ਼ਿਜ਼ਾ** ਵਿਚ ਵੰਡਦੀ

ਮੇਰੇ ਅੰਦਰ ਧੁਖ਼ ਰਹੀ ਇਹ ਅਗਰਬੱਤੀ ਕੌਣ ਹੈ?

(ਅਗਰਬੱਤੀ 14)

ਛਿੜੇ ਜਦ ਕੰਬਣੀ **ਖ਼੍ਵਾਬਾਂ** 'ਚ ਉਸ ਵੇਲੇ ਸਮਝ ਆਉਂਦੀ

ਕਿ ਪਾਲ਼ਾ ਸਿਰਫ਼ ਖੁੱਲ੍ਹੀਆਂ ਬਾਰੀਆਂ ਵਿਚਦੀ ਨਹੀਂ ਲੱਗਦਾ।

(ਅਗਰਬੱਤੀ 15)

**ਗ਼ਰਦਿਸ਼** 'ਚ **ਕਾਇਨਾਤ** ਹੈ ਤਾਰੇ ਨੇ ਬੇਆਰਾਮ

ਹੁੰਦੀਆਂ ਮਹਾਨ ਹਸਤੀਆਂ ਆਖ਼ਰ ਨਿਮਾਣੀਆਂ।

(ਉਹੀ 16)

ਅਜੇ ਵੀ**ਇਸ਼ਕ** ਦੀ **ਸ਼ਿੱਦਤ ਲਹੂ** ਅੰਦਰ **ਸਲਾਮਤ** ਹੈ

ਗਵਾਚੀ ਪੈੜ **ਡਾਚੀ** ਦੀ ਥਲਾਂ 'ਚੋਂ ਭਾਲ ਛੱਡਾਂਗੇ।

(ਅਗਰਬੱਤੀ 26)

ਅਸੀਂ ਏਸੇ ਲਈ ਆਵਾਜ਼ ਨੂੰ **ਜ਼ਹਿਮਤ** ਨਹੀਂ ਦਿੱਤੀ

ਕੋਈ**ਮਹਿਰਮ** ਅਸਾਡੀ ਚੁੱਪ ਹੀ ਸੁਣਦਾ ਰਹੇ ਸ਼ਾਇਦ।

(ਜਗਵਿੰਦਰ ਜੋਧਾ ਸਾਰੰਗੀ 29)

**ਹਿਮਾਕਤ** ਹੋਰ ਹੁੰਦੀ ਹੈ, **ਬਗ਼ਾਵਤ** ਹੋਰ ਹੁੰਦੀ ਹੈ

**ਤਜ਼ਰਬਾ** ਹੋਰ ਹੁੰਦਾ ਹੈ, **ਲਿਆਕਤ** ਹੋਰ ਹੁੰਦੀ ਹੈ।

(ਗੌਤਮ ਸੁਪਨੇ ਸੌਣ ਨਾ ਦਿੰਦੇ 37)

ਤੇਰੀ**ਮਹਿਫ਼ਲ** 'ਚ ਚੰਗਾ ਹੈ ਜੋ ਹੋਇਆ **ਜ਼ਿਕਰ** ਫੁੱਲਾਂ ਦਾ

ਹੈ ਫੁੱਲਾਂ ਤੋਂ ਵੀ ਕੋਮਲ ਕਰਨ ਜੋ **ਇਜ਼ਹਾਰ** ਆਇਆ ਹਾਂ।

(ਗੌਤਮ ਸੁਪਨੇ ਸੌਣ ਨਾ ਦਿੰਦੇ 66)

**(ਉਰਦੂ-ਅੰਗਰੇਜ਼ੀ ਭਾਸ਼ਾ)**

**ਐਟਮੀ ਬਾਰੂਦ** ਚੁੱਕੀ ਫਿਰ ਰਹੇ ਨੇ

ਅਮਨ ਦੀ ਰਾਖ਼ੀ ਦੀ ਖ਼ਾਤਰ ਕੀ ਬਹਾਨਾ ਹੋ ਗਿਆ।

(ਉਹੀ ਪੰਨਾ 99)

ਸ਼ਹਿਰ **ਸ਼ਿਕਾਗੋ** ਵਰਗਾ ਨਕਸ਼ਾ ਹਰ ਜ਼ਾਲਮ ਦੇ ਮੱਥੇ

ਓਹੀ ਲਾਠੀ ਓਹੀ ਗੋਲੀ ਕੀ ਗੋਰੇ ਕੀ ਕਾਲ਼ੇ।

(ਉਹੀ ਪੰਨਾ 111)

ਕਾਲੀਆਂ ਪੌਣਾਂ ਅਜੇ ਇਕ ਇਕ ਨੂੰ **ਸੈਂਸਰ** ਕਰਦੀਆਂ

ਪਿਆਸ ਨੇ ਬਰਸਾਤ ਨੂੰ **ਖ਼ਤ** ਲਿਖੇ ਦੁੱਖਾਂ ਭਰੇ।

(ਜਸਵਿੰਦਰ ਅਗਰਬੱਤੀ ਪੰਨਾ 45)

ਪੌਣ ਨਾਲੋਂ ਤੇਜ਼ ਰੱਥ ’ਤੇ ਹੈ **ਇੰਡੀਆ** ਜਾ ਰਿਹਾ

ਧੂੜ ਵਿਚ ਗੱਡੇ ’ਤੇ ਪਿੱਛੇ ਆ ਰਿਹਾ ਹਿੰਦੋਸਤਾਨ।

(ਉਹੀ 16)

**(ਹਿੰਦੀ-ਉਰਦੂ ਭਾਸ਼ਾ)**

**ਸਮਰਪਿਤ** ਕਰ ਗਿਆ ਹੈ ਜੋ **ਹਯਾਤੀ** ਰੌਸ਼ਨੀ ਖ਼ਾਤਰ

ਉਹੀ ਦਿਨਕਰ ਉਹੀ ਜੁਗਨੂੰ ਉਹੀ ਇਕ ਮੀਲ ਪੱਥਰ ਹੈ।

(ਸੁਰਿੰਦਰ ਸੀਰਤ ਅਰੂਪੇ ਅੱਖਰਾਂ ਦਾ ਅਕਸ 14)

ਜੇ ਸਾਬਤ ਹੈ ਤਾਂ **ਦਰਪਣ** ਹੈ ਜੇ ਟੁੱਟੇ ਚੂਰ ਹੁੰਦਾ ਹੈ

**ਮੁਹੱਬਤ**ਦਾ **ਸ਼ਾਰਾਫ਼ਤ** ਦਾ ਇਹੋ **ਦਸਤੂਰ** ਹੁੰਦਾ ਹੈ।

(ਗੌਤਮ ਸੁਪਨੇ ਸੌਣ ਨਾ ਦਿੰਦੇ 48)

**ਇਬਾਰਤ** ਜਦ ਲਿਖੇਂਗਾ ਤੂੰ **ਮੁਹੱਬਤ** ਦਾ **ਖ਼ੁਦਾ** ਬਣ ਕੇ

ਜੋ ਮੇਰੇ ਨਾਮ ਦਾ ਹੋਇਆ ਉਹ ਅੱਖਰ ਤੂੰ **ਗਿਰਾ** ਦੇਵੀਂ।

(ਗੌਤਮ ਸੁਪਨੇ ਸੌਣ ਨਾ ਦਿੰਦੇ 60)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਅਲੱਗ-ਅਲੱਗ ਸ਼ਾਇਰਾਂ ਵਲੋਂ ਉਹਨਾਂ ਦੀਆਂ ਰਚਨਾਵਾਂ ਵਿਚ ਪੰਜਾਬੀ ਤੋਂ ਬਿਨਾਂ ਹਿੰਦੀ, ਉਰਦੂ ਅਤੇ ਅੰਗਰੇਜ਼ੀ ਦੇ ਸ਼ਬਦਾਂ ਦੀ ਬਹੁਤਾਤ ਮਿਲਦੀ ਹੈ। ਸੰਖੇਪ ਵਿਚ ਇਹ ਕਿਹਾ ਜਾਂਦਾ ਹੈ ਕਿ ਉਪਰੋਕਤ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਵਿਚ ਵਿਸ਼ੇ ਪੱਖ ਤੋਂ ਅਤੇ ਰੂਪਕ ਪੱਖ ਤੋਂ ਸਮਾਨਤਾਵਾਂ ਅਤੇ ਵਿਭਿੰਨਤਾਵਾਂ ਹਨ। ਹਰ ਇਕ ਗ਼ਜ਼ਲਕਾਰ ਆਪਣੇ ਇਲਾਕੇ ਨੂੰ ਮੁਖ਼ਾਤਿਬ ਹੋ ਕੇ ਰਚਨਾ ਕਰਦਾ ਹੈ। ਉਸ ਦੀਆਂ ਰਚਨਾਵਾਂ ਵਿਚ ਉਸ ਦੇ ਆਪਣੇ ਪਰਿਵਾਰ ਅਤੇ ਸਮਾਜ ਤੋਂ ਮਿਲੇ ਅੰਸ਼ਾਂ ਦੀ ਤਸਵੀਰ ਮਿਲਦੀ ਹੈ। ਇਸ ਤਰ੍ਹਾਂ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਰਾਹੀਂ ਉਹਨਾਂ ਵਿਚਲੇ ਤੁਲਨਾਤਮਕ ਅਧਿਐਨ ਤੋਂ ਅਸੀਂ ਕਹਿ ਸਕਦੇ ਹਾਂ ਕਿ ਸਾਰੇ ਗ਼ਜ਼ਲਕਾਰਾਂ ਨੇ ਆਪਣੇ-ਆਪਣੇ ਢੰਗ ਰਾਹੀਂ ਰਚਨਾਵਾਂ ਕੀਤੀਆਂ। ਜਿਨ੍ਹਾਂ ਵਿਚ ਉਹਨਾਂ ਦੁਆਰਾ ਆਪਸੀ ਸਮਾਨਤਾਵਾਂ ਵੀ ਪਾਈਆਂ ਗਈਆਂ ਅਤੇ ਗ਼ਜ਼ਲ ਜੁਗਤਾਂ ਵਿਚ ਅਸਮਾਨਤਾਵਾਂ ਵੀ ਦੇਖੀਆਂ ਗਈਆਂ। ਵਿਸ਼ੇ ਪੱਖ ਤੋਂ ਦੇਖਿਆ ਜਾਵੇ ਤਾਂ ਹਰ ਇਕ ਗ਼ਜ਼ਲਕਾਰ ਦੇ ਵਿਸ਼ੇ ਪੱਖ ਤੋਂ ਸਮਾਨਤਾਵਾਂ ਨਜ਼ਰ ਆਈਆਂ ਕਿਉਂ ਕਿ ਬੇਸ਼ਕ ਪੰਜਾਬੀ ਗ਼ਜ਼ਲ ਦਾ ਆਰੰਭ ਸ਼ਿਲਪ ਪੱਖੋਂ ਰਵਾਇਤੀ ਢਾਂਚੇ ਅਨੁਸਾਰ ਹੋਇਆ ਹੈ ਪਰ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਵਿਚ ਕੁੱਝ ਨਵੇਂ ਤਜ਼ਰਬੇ ਵੀ ਕੀਤੇ ਨਜ਼ਰ ਆਉਂਦੇ ਹਨ। ਜਿੱਥੇ ਸਮੇਂ ਦੇ ਬਦਲਾਅ ਨਾਲ ਪੰਜਾਬੀ ਗ਼ਜ਼ਲ ਵਿਚ ਮਨੁੱਖੀ ਚੇਤਨਾ ਦੇ ਵਿਕਾਸ ਦੇ ਸਮਰੂਪ ਨਵੀਨ ਸਰੋਕਾਰਾਂ ਦਾ ਆਗਮਨ ਹੋਇਆ। ਇਸ ਦੌਰ ਦੀ ਪੰਜਾਬੀ ਗ਼ਜ਼ਲ ਪਰੰਪਰਾਗਤ ਬੰਧਨਾਂ ਨੂੰ ਤੋੜਦੀ ਹੋਈ ਨਵੀਆਂ ਤਬਦੀਲੀਆਂ ਸਵੀਕਾਰ ਕਰਦੀ ਦ੍ਰਿਸ਼ਟੀਗੋਚਰ ਹੁੰਦੀ ਹੈ।

## ਵਿਸ਼ੇ ਨਾਲ ਸਬੰਧਿਤ ਚੁਣੇ ਹੋਏ ਗ਼ਜ਼ਲਕਾਰਾਂ ਦਾ ਸਾਹਿਤਕ ਸਫ਼ਰ ਅਤੇ ਮੁਲਾਕਾਤਾਂ

**ਗੁਰਭਜਨ ਗਿੱਲ:** ਗੁਰਭਜਨ ਗਿੱਲ ਅੱਜ ਦੇ ਪੰਜਾਬੀ ਗ਼ਜ਼ਲਕਾਰਾਂ ਵਿਚੋਂ ਇੱਕ ਜਾਣਿਆ-ਪਛਾਣਿਆ ਹਸਤਾਖ਼ਰ ਹੈ। ਜਿਨ੍ਹਾਂ ਨੇ ਆਪਣੀ ਰਚਨਾਤਮਕ ਸਾਧਨਾ ਦੁਆਰਾ ਗ਼ਜ਼ਲ ਦੇ ਖੇਤਰ ਵਿਚ ਆਪਣੀ ਨਿਵੇਕਲੀ ਪਹਿਚਾਣ ਬਣਾਈ ਹੈ। ਉਹ ਪਿੱਛਲੇ ਕੁੱਝ ਦਹਾਕਿਆਂ ਤੋਂ ਕਾਵਿ-ਸੰਵੇਦਨਾ ਦੀਆਂ ਰਾਹਾਂ ਵਿਚ ਆਪਣੇ ਕਦਮਾਂ ਦੇ ਨਿਸ਼ਾਨ ਉਲੀਕਦਾ ਨਜ਼ਰੀਂ ਪੈਂਦਾ ਹੈ। ਗੁਰਭਜਨ ਗਿੱਲ ਇੱਕ ਵਧੀਆ ਗ਼ਜ਼ਲਗੋ ਹੋਣ ਦੇ ਨਾਲ-ਨਾਲ ਕਵੀ ਤੇ ਗੀਤਕਾਰ ਵੀ ਹਨ। ਉਹਨਾਂ ਨੇ ਗਿਣਤੀ ਪੱਖੋਂ ਪੰਜਾਬੀ ਸਾਹਿਤ ਨੂੰ ਬਹੁਤ ਯੋਗਦਾਨ ਦਿੱਤਾ। ਉਹਨਾਂ ਦੇ ਸੱਤ ਗ਼ਜ਼ਲ-ਸੰਗ੍ਰਹਿ, ਅੱਠ ਕਾਵਿ-ਸੰਗ੍ਰਹਿ, ਇੱਕ ਗੀਤ ਸੰਗ੍ਰਹਿ ਅਤੇ ਇੱਕ ਵਾਰਤਕ ਸੰਗ੍ਰਿਹ ਸ਼ਾਮਲ ਹੈ। ਹਰ ਧੁੱਖਦਾ ਪਿੰਡ ਮੇਰਾ ਹੈ, ਮਨ ਦੇ ਬੂਹੇ ਬਾਰੀਆਂ, ਮੋਰ ਪੰਖ਼, ਗੁਲਨਾਰ, ਦੋ ਹਰਫ਼ ਰਸੀਦੀ, ਤਾਰਿਆਂ ਨਾਲ ਗੱਲਾਂ ਕਰਦਿਆਂ, ਪਿੱਪਲ ਪੱਤੀਆਂ, ਮਿਰਗਾਵਲੀ।

ਉਹ ਪ੍ਰਗਤੀਸ਼ੀਲ ਦ੍ਰਿਸ਼ਟੀ ਤਹਿਤ ਸਮਾਜਕ-ਸਾਪੇਖਕ ਜੀਵਨ ਮੁੱਲਾਂ ਨੂੰ ਆਪਣੀਆਂ ਨਜ਼ਮਾਂ ਦਾ ਆਧਾਰ ਬਣਾਉਂਦਿਆਂ ਸਮਕਾਲੀ ਸ਼ਰੇਣੀ, ਸਮਾਜ ਵਿਚ ਭਾਰੂ ਜਮਾਤ ਦੀ ਵਿਚਾਰਧਾਰਾ ਅਤੇ ਜੀਵਨ ਮੁੱਲਾਂ ਨੂੰ ਵੰਗਾਰਦਾ ਗ਼ਜ਼ਲ ਰਚਨਾ ਕਰਦਾ ਹੈ। ਗੁਰਭਜਨ ਗਿੱਲ ਇਕ ਉੱਚਪਾਏ ਅਤੇ ਨਵੇਂ ਭਾਵ ਬੋਧ ਵਾਲਾ ਗ਼ਜ਼ਲਗੋ ਹੈ। ਉਸ ਦੀਆਂ ਗ਼ਜ਼ਲਾਂ ਵਿਚ ਲੋਕ-ਤ੍ਰਾਸਦੀ, ਚਿਣਗ, ਮਸਲੇ ਅਤੇ ਮਾਨਵੀ ਸਰੋਕਾਰ ਵਿਦਮਾਨ ਹਨ। ਉਸ ਦੀ ਗ਼ਜ਼ਲਕਾਰੀ ਵਿਚ ਇਕ ਪੂਰਾ ਪੰਜਾਬ ਵੱਸਦਾ ਹੈ। ਉਸ ਨੂੰ ਗ਼ਜ਼ਲ ਦੀ ਤਕਨੀਕ ਬਾਰੇ ਪੂਰੀ ਜਾਣਕਾਰੀ ਹੈ ਅਤੇ ਗ਼ਜ਼ਲ ਦੇ ਹਰ ਇਕ ਪੱਖਾਂ ਬਾਰੇ ਪੂਰਾ ਗਿਆਨ ਹੈ। ਇਹੀ ਉਸ ਦੀ ਸਫ਼ਲ ਗ਼ਜ਼ਲਕਾਰੀ ਦੀ ਨਿਸ਼ਾਨੀ ਹੈ। ਗੁਰਭਜਨ ਗਿੱਲ ਬਾਰੇ ਪ੍ਰਸਿੱਧ ਗ਼ਜ਼ਲਗੋ ਸੁਲੱਖਣ ਸਰਹੱਦੀ ਦੇ ਵਿਚਾਰ ਹਨ:

> "ਉਸ ਦੇ ਸਮੁੱਚੇ ਸ਼ਿਅਰਾਂ ਵਿਚ ਪੰਜਾਬ ਦਾ ਜਨ-ਜੀਵਨ ਅਤੇ ਉਸ ਦੀ ਸਮੁੱਚੀ ਜੀਵਨ ਸ਼ੈਲੀ ਦਾ ਪ੍ਰਤੌਅ ਹੈ। ਛੰਦ ਅਤੇ ਬਹਿਰ ਵਿਚ ਉਹ ਪ੍ਰਬੀਨ ਸ਼ਾਇਰ ਹੈ ਅਤੇ ਗ਼ਜ਼ਲ ਦੀਆਂ ਤਕਨੀਕੀ ਜੁਗਤਾਂ ਨੂੰ ਪੂਰਨ ਤੌਰ 'ਤੇ ਨਿਭਾਉਂਦਾ ਹੈ। ਉਸ ਦੇ ਕਾਫ਼ੀਏ ਅਤੇ ਰਦੀਫ਼ ਤਾਜ਼ਗੀ ਭਰਪੂਰ ਅਤੇ ਨਵੇਂ-ਨਵੇਂ ਹਨ। ਉਸ ਨੇ ਉਹ ਬਹਿਰ ਅਤੇ ਛੰਦ ਵਰਤੇ ਹਨ ਜੋ ਉਸ ਦੀ ਰੂਹ ਵਿਚ ਸਮਾਏ ਹੋਏ ਹਨ ਅਤੇ ਲੋਕਾਂ ਦੇ ਸੁਰ ਵਿਚ ਵੀ ਸ਼ਾਮਿਲ ਹੋ ਚੁੱਕੇ ਹਨ।" (ਸੁਲੱਖਣ ਸਰਹੱਦੀ, ਮੁੱਖ ਬੰਦ ਗ਼ਜ਼ਲ-ਸੰਗ੍ਰਹਿ *ਗੁਲਨਾਰ*)

ਸੁਰਜੀਤ ਪਾਤਰ ਦਾ 'ਹਰ ਧੁੱਖਦਾ ਪਿੰਡ ਮੇਰਾ (ਭੂਮਿਕਾ)' ਵਿਚ ਗੁਰਭਜਨ ਗਿੱਲ ਬਾਰੇ ਕਹਿਣਾ ਹੈ, "ਗੁਰਭਜਨ ਦੀ ਪੰਜਾਬੀ ਗ਼ਜ਼ਲ ਦੇ ਪਿੰਡ-ਪਰਾਣ ਨੂੰ ਪੰਜਾਬੀਪਨ ਦਾ ਜਾਮਾ ਪਹਿਨਾਉਣ ਦੀ ਕੋਸ਼ਿਸ਼ ਬੜੀ ਉੱਘੜਵੀਂ ਤੇ ਮੁੱਲਵਾਨ ਹੈ।" (15)

ਇੱਕੀਵੀਂ ਸਦੀ ਦੇ ਪੰਜਾਬੀ ਸਾਹਿਤ ਵਿਚ ਗ਼ਜਲ ਨੂੰ ਵਿਚਾਰਿਆ ਜਾਵੇ ਤਾਂ ਸਾਡੇ ਕੋਲ ਗੁਰਭਜਨ ਗਿੱਲ ਦਾ ਨਾਮ ਸਭ ਤੋਂ ਪਹਿਲਾਂ ਆਉਂਦਾ ਹੈ। ਉਹ ਪੰਜਾਬੀ ਦੇ ਸਿਰਮੌਰ ਗ਼ਜ਼ਲਗੋ ਹਨ। ਪੰਜਾਬੀ ਸਾਹਿਤ ਨੂੰ ਉਹਨਾਂ ਦੀ ਬਹੁਤ ਦੇਣ ਹੈ। ਉਹਨਾਂ ਦਾ ਜਨਮ ਜਿਲ੍ਹਾ ਗੁਰਦਾਸਪੁਰ ਦੇ ਪਿੰਡ ਬਸੰਤਕੋਟ ਵਿਖੇ ਹੋਇਆ। ਉਹਨਾਂ ਦੇ ਪਿਤਾ ਜੀ ਸ. ਹਰਨਾਮ ਸਿੰਘ ਅਤੇ ਮਾਤਾ ਜੀ ਤੇਜ ਕੌਰ ਹਨ। ਉਹ ਆਪਣੇ ਮਾਤਾ-ਪਿਤਾ ਦੀ ਸਭ ਤੋਂ ਛੋਟੀ ਸੰਤਾਨ ਹਨ। ਉਹਨਾਂ ਦੀ ਮੁੱਢਲੀ ਵਿਦਿਆ ਪਿੰਡ ਦੇ ਹੀ ਸਕੂਲ ਤੋਂ ਸੰਪੂਰਨ ਹੋਈ ਅਤੇ ਕਾਲਜ ਦੀ ਪੜ੍ਹਾਈ ਉਹਨਾਂ ਨੇ ਲੁਧਿਆਣਾ ਦੇ ਜੀ. ਜੀ. ਐਨ ਖ਼ਾਲਸਾ ਕਾਲਜ ਤੋਂ ਸੰਪੂਰਨ ਕੀਤੀ। ਉਹਨਾਂ ਨੂੰ ਘਰ ਵਿਚ ਗ਼ਜ਼ਲਕਾਰੀ ਦਾ ਮਾਹੌਲ ਬਹੁਤ ਹੀ ਸੁਖਾਵਾਂ ਮਿਲਿਆ। ਉਹਨਾਂ ਦੀ ਧਰਮ ਪਤਨੀ ਜਸਵਿੰਦਰ ਕੌਰ ਬੇਟਾ ਪੁਨੀਤਪਾਲ ਅਤੇ ਨੂੰਹ ਰਵਨੀਤ ਕੌਰ ਦੇ ਸਾਥ ਸਦਕਾ ਉਹਨਾਂ ਨੇ ਆਪਣੀ ਸਾਹਿਤ ਸਿਰਜਣਾ ਦੇ ਕੰਮ ਨੂੰ ਬਾਖੂਬੀ ਨੇਪਰੇ ਚਾੜਿਆ। ਕੋਈ ਵੀ ਸਾਹਿਤ ਸਿਰਜਣਾ ਕਰਨੀ ਹੋਵੇ ਤਾਂ ਉਸ ਵਿਚ ਸ਼ਬਦਾਵਲੀ ਦਾ ਮੁੱਖ ਰੋਲ ਹੁੰਦਾ ਹੈ ਕਿ ਉਸ ਦੀ ਭਾਸ਼ਾ, ਸ਼ਬਦਾਵਲੀ ਪਾਠਕਾਂ ਤਕ ਸੌਖਿਆਂ ਸਮਝ ਆ ਜਾਣੀ ਚਾਹੀਦੀ ਹੈ ਅਤੇ ਗੁਰਭਜਨ ਗਿੱਲ ਦੀ ਸਾਹਿਤਕ ਭਾਸ਼ਾ ਬਹੁਤ ਹੀ ਠੇਠ, ਸਰਲ ਅਤੇ ਦਿਲ ਟੁੰਬਵੀਂ ਰਹੀ ਹੈ। ਹਰੇਕ ਪਾਠਕ ਨੂੰ ਉਹ ਆਪਣੇ ਤੇ ਬੀਤੀ ਹੀ ਮਹਿਸੂਸ ਹੁੰਦੀ ਹੈ। ਉੱਘੇ ਲੇਖਕ ਅਤੇ ਗੀਤਕਾਰ ਸ਼ਮਸ਼ੇਰ ਸੰਧੂ ਨਾਲ ਪਈਆਂ

ਨਜ਼ਦੀਕੀਆਂ ਸਦਕਾ ਹੀ ਉਹਨਾਂ ਦੀ ਰੁਚੀ ਸਾਹਿਤ ਵਿਚ ਵਧੀ ਅਤੇ 'ਸ਼ੀਸ਼ਾ ਝੂਠ ਬੋਲਦਾ ਹੈ' ਕਾਵਿ-ਸੰਗ੍ਰਹਿ ਤੋਂ ਸਾਹਿਤ ਵੱਲ ਰੁਝਾਨ ਕੀਤਾ। ਉਹਨਾਂ ਨੇ 1976 ਵਿਚ ਲੁਧਿਆਣਾ ਦੇ ਗੋਰਮਿੰਟ ਕਾਲਜ ਤੋਂ ਐਮ. ਏ ਪੰਜਾਬੀ ਵਿਦਿਆ ਗ੍ਰਹਿਣ ਕੀਤੀ। ਫਿਰ ਸੱਤ ਸਾਲ ਜਗਰਾਉਂ ਦੇ ਕਾਲਜ ਵਿਚ ਅਧਿਆਪਨ ਦਾ ਕਾਰਜ ਕੀਤਾ। 1983 ਵਿਚ ਪੰਜਾਬ ਯੂਨੀਵਰਸਿਟੀ ਲੁਧਿਆਣਾ ਵਿਚੋਂ 2013 ਵਿਚ ਸੀਨੀਅਰ ਸੰਪਾਦਕ ਸੇਵਾ ਮੁਕਤ ਹੋਏ। ਸੇਵਾ ਮੁਕਤੀ ਤੋਂ ਉਪਰੰਤ ਉਹਨਾਂ ਨੇ ਗੁਰੂ ਕਾਸ਼ੀ ਯੂਨੀਵਰਸਿਟੀ ਬਠਿੰਡਾ ਵਿਖੇ ਡਾਇਰੈਕਟਰ ਦਾ ਅਹੁਦਾ ਸੰਭਾਲਿਆ। ਉਹਨਾਂ ਨੇ ਇਕ ਕਾਵਿ-ਸੰਗ੍ਰਹਿ ਤੋਂ ਬਾਅਦ ਲਗਾਤਾਰ ਗੀਤ, ਕਵਿਤਾਵਾਂ, ਗ਼ਜ਼ਲਾਂ, ਰੁਬਾਈਆਂ ਅਤੇ ਵਾਰਤਕ ਪੰਜਾਬੀ ਸਾਹਿਤ ਦੀ ਝੋਲੀ ਪਾਏ। ਉਹਨਾਂ ਨੂੰ ਪ੍ਰਸਿੱਧੀ 1985 ਵਿਚ ਲਿਖੇ ਗ਼ਜ਼ਲ ਸੰਗ੍ਰਹਿ 'ਹਰ ਧੁਖਦਾ ਪਿੰਡ ਮੇਰਾ ਹੈ' ਤੋਂ ਪ੍ਰਾਪਤ ਹੋਈ। ਉਹਨਾਂ ਦੇ ਹੁਣ ਤਕ ਪੰਜ ਮੌਲਿਕ ਗ਼ਜ਼ਲ-ਸੰਗ੍ਰਹਿ ਛਪ ਚੁੱਕੇ ਹਨ-ਹਰ ਧੁਖਦਾ ਪਿੰਡ ਮੇਰਾ ਹੈ (1985), ਮੋਰ ਪੰਖ (2010), ਗੁਲਨਾਰ (2015), ਮਿਰਗਾਵਲੀ (2016), ਰਾਵੀ (2017) ਅਤੇ ਛੇਵਾਂ ਗ਼ਜ਼ਲ ਸੰਗ੍ਰਹਿ ਜੋ ਨਵਾਂ ਨਕੋਰ ਹੈ-ਮਨ ਪਰਦੇਸੀ (2019). ਗੁਰਭਜਨ ਗਿੱਲ ਹੁਣ ਤਕ 700 ਗ਼ਜ਼ਲਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ। 1976 ਵਿਚ ਪਹਿਲੀ ਗ਼ਜ਼ਲ 2019 ਵਿਚ ਛਪ ਚੁਕੀ ਹੈ। ਇਸ ਤੋਂ ਬਿਨਾਂ ਉਹਨਾਂ ਦੇ ਤਿੰਨ ਹੋਰ ਸੰਪਾਦਿਤ ਗ਼ਜ਼ਲ ਸੰਗ੍ਰਹਿ-ਦੋ ਹਰਫ਼ ਰਸੀਦੀ, ਮਨ ਦੇ ਬੂਹੇ ਬਾਰੀਆਂ ਅਤੇ ਤਾਰਿਆਂ ਦੇ ਨਾਲ ਗੱਲਾਂ ਕਰਦਿਆਂ ਛੱਪ ਚੁੱਕੇ ਹਨ। ਇਹਨਾਂ ਨੂੰ ਸ਼ਰੋਮਣੀ ਕਵੀ ਦਾ ਸਨਮਾਨ ਵੀ ਹਾਸਿਲ ਹੋ ਚੁੱਕਿਆ ਹੈ।

**ਜਸਵਿੰਦਰ ਸਾਹਿਤਕ ਸਫ਼ਰ:** ਜਸਵਿੰਦਰ ਆਪਣੀ ਸ਼ਾਇਰੀ ਰਾਹੀਂ ਪੰਜਾਬੀ ਕਾਵਿ ਦੀ ਮੁੱਖ ਧਾਰਾ ਦੇ ਆਉਣ ਵਾਲੇ ਵਿਕਾਸ ਦਾ ਮੁਖ ਪਾਸਾਰ ਬਣ ਕੇ ਸਾਹਮਣੇ ਆਉਂਦਾ ਹੈ। ਉਸ ਦੀ ਰਚਨਾ ਸਮਾਜਕ ਪਰਿਪੇਖਾਂ ਨੂੰ ਦਰਸਾਉਂਦੀ ਹੋਈ ਵਿਅਕਤੀ ਵਿਸ਼ੇਸ਼ ਦੀ ਗੱਲ ਕਰਦੀ ਹੈ ਅਤੇ ਫਿਰ ਉਥੋਂ ਹੀ ਆਪਣਾ ਸਫ਼ਰ ਸ਼ੁਰੂ ਕਰ ਕੇ ਉਸ ਦੇ ਆਲੇ-ਦੁਆਲੇ ਦੇ ਵਰਤਾਰਿਆਂ ਨੂੰ ਆਪਣੇ ਕਲੇਵਰ ਵਿਚ ਸਮੇਟਦੀ ਹੈ। ਜ਼ਿਆਦਾਤਰ ਉਸ ਦੀ ਗ਼ਜ਼ਲਕਾਰੀ ਵਾਸਤਵਿਕਤਾ 'ਤੇ ਕੇਂਦਰਤ ਰਹਿੰਦੀ ਹੈ। ਉਹ ਸਮਾਜਕ ਮਨੁੱਖ ਦੇ ਵਿਭਿੰਨ ਪਹਿਲੂਆਂ ਨੂੰ ਮਾਨਵ ਮੁਖੀ ਦ੍ਰਿਸ਼ਟੀ ਤੋਂ ਆਲੋਚਨਾਤਮਕ ਦ੍ਰਿਸ਼ਟੀ ਨਾਲ ਵੇਖਦਾ, ਘੋਖਦਾ ਅਤੇ ਸਿਰਜਦਾ ਹੋਇਆ ਬਹੁਤ ਸਾਰੀਆਂ ਪਰਤਾਂ ਫਰੋਲ ਜਾਂਦਾ ਹੈ। ਕੱਕੀ ਰੇਤ ਦੇ ਵਰਕੇ, ਕਾਲੇ ਹਰਫ਼ਾਂ ਦੀ ਲੋਅ, ਅਗਰਬੱਤੀ ਉਸ ਦੇ ਗ਼ਜ਼ਲ ਸੰਗ੍ਰਹਿ ਹਨ।

ਕੱਸੀ ਤਾਂ ਮੁਰੱਬਿਆਂ ਦੇ ਖ਼ਾਲਾਂ 'ਚ ਗੁਆਚ ਗਈ

ਬੁੱਝਦੀ ਹੈ ਪਿਆਸ ਕਦੋਂ ਕੰਨੀ ਦੇ ਕਿਆਰੇ ਦੀ।

(ਜਸਵਿੰਦਰ)

ਦੁਨੀਆਂ ਵਿਚ ਪੰਜਾਬੀ ਦੇ ਬੁਲੰਦ ਗ਼ਜ਼ਲਕਾਰਾਂ ਦੀ ਗਿਣਤੀ ਹੱਥਾਂ ਦੀਆਂ ਪੋਰਾਂ ਤੱਕ ਹੀ ਸੀਮਤ ਰਹਿ ਜਾਂਦੀ ਹੈ। ਜਸਵਿੰਦਰ ਉਹਨਾਂ ਪੋਰਾਂ ਵਿਚ ਆਉਂਦਾ ਪੰਜਾਬੀ ਦਾ ਇੱਕ ਸੂਖ਼ਮ ਗ਼ਜ਼ਲਕਾਰ ਹੈ। ਜਸਵਿੰਦਰ ਬਾਰੇ ਪੰਜਾਬੀ ਦੇ ਮਰਹੂਮ ਗ਼ਜ਼ਲਗੋ ਜਗਤਾਰ ਦੇ ਕਹੇ ਸ਼ਬਦ ਯਾਦ ਆ ਜਾਂਦੇ ਹਨ:

> "ਪੰਜਾਬੀ ਗ਼ਜ਼ਲ ਵਿਚ ਦੀਦਾਵਰ ਪੈਦਾ ਹੋ ਗਿਆ ਅਤੇ ਉਹ ਜਸਵਿੰਦਰ ਹੈ ਜਿਸਦੀ ਸ਼ਾਇਰੀ ਜ਼ਿੰਦਗੀ ਦੇ ਹਰ ਪਹਿਲੂ ਤੇ ਹਰ ਸਰੋਕਾਰ ਦੀ ਤਰਜ਼ਮਾਨੀ ਕਰ ਰਹੀ ਹੈ ਅਤੇ ਇਹ ਪੰਜਾਬੀ ਕਾਵਿ ਦੀ ਬਹੁਤ ਵੱਡੀ ਪ੍ਰਾਪਤੀ ਹੈ। ਉਸਦੇ ਸ਼ਿਅਰ ਗੁਲਬੀਨ ਵਰਗੇ ਹਨ ਜਿਸ ਦੇ ਸਾਰੇ ਰੰਗ ਨਹੀਂ ਫੜੇ ਜਾ ਸਕਦੇ।"

(*ਕੱਕੀ ਰੇਤ ਦੇ ਵਰਕੇ* 15)

ਜਸਵਿੰਦਰ ਆਪਣੇ ਆਸ-ਪਾਸ ਹੋ ਰਹੀਆਂ ਸਰਗਰਮੀਆਂ ਨੂੰ ਜਿਵੇਂ ਅਸਲੀ ਜ਼ਿੰਦਗੀ ਵਿਚ ਦੇਖਦਾ ਹੈ ਉਵੇਂ ਹੀ ਆਪਣੀਆਂ ਗ਼ਜ਼ਲਾਂ ਵਿਚ ਬਿਆਨਦਾ ਹੈ। ਉਹ ਨਿੱਤ ਹੁੰਦੀਆਂ ਘਟਨਾਵਾਂ ਦੇ ਪ੍ਰਭਾਵਾਂ ਨੂੰ ਘੋਖਦਾ ਅਤੇ ਪਰਖਦਾ ਹੈ ਫਿਰ ਆਪਣੀ ਗ਼ਜ਼ਲਕਾਰੀ ਦਾ ਹਿੱਸਾ ਬਣਾਉਂਦਾ ਹੈ। ਉਹ ਇਸ ਨੂੰ ਪੂਰੀ ਗਹਿਰਾਈ ਅਤੇ ਇਕਾਗਰਤਾ ਨਾਲ ਅਪਣਾਉਂਦਾ ਹੈ। ਉਸ ਦੀ ਸੰਵੇਦਨਾ ਅਤੇ ਸਰੋਕਾਰ ਸਾਡੇ ਅਜੋਕੇ ਸਮਾਜ ਦੀਆਂ ਹਰ ਘਟਨਾਵਾਂ ਨਾਲ ਸਬੰਧਤ ਹਨ। ਉਹ ਉਹਨਾਂ ਘਟਨਾਵਾਂ ਨੂੰ ਅੰਤਰਸਾਤ ਕਰ ਕੇ ਉਹਨਾਂ ਨੂੰ ਗ਼ਜ਼ਲਾਂ ਦਾ ਰੂਪ ਦਿੰਦਾ ਹੈ ਅਤੇ ਕਈ ਕੋਝੇ ਰੀਤੀ ਰਿਵਾਜ਼ਾਂ ਤੋਂ ਮਨੁੱਖ ਜਾਤੀ ਨੂੰ ਨਿਜਾਤ ਪਾਉਣ ਲਈ ਵੀ ਪ੍ਰੇਰਦਾ ਹੈ। ਉਸ ਬਾਰੇ ਬਹੁਤ ਹੀ ਸੂਝਵਾਨ ਅਤੇ ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਜੀ ਲਿਖਦੇ ਹਨ:

> "ਜਸਵਿੰਦਰ ਸਾਡਾ ਅਜਿਹਾ ਸ਼ਾਇਰ ਹੈ ਜਿਸ ਲਈ ਗ਼ਜ਼ਲਕਾਰੀ ਮਹਿਜ਼ ਸ਼ਿਲਪ ਅਤੇ ਕਲਪਨਾ ਦਾ ਖੇਲ ਨਹੀਂ ਬਲਕਿ ਜੀ ਜਾਨ ਵਿਚ ਰਮੀ ਹੋਈ ਪ੍ਰਕਿਰਿਆ ਹੈ, ਆਪਣੀ ਧੜਕਣ ਦਾ ਤਰਜਮਾ ਹੈ, ਰੱਤ ਤੋਂ ਕਸ਼ੀਦ ਹੋਏ ਕਤਰਿਆਂ ਦੀ ਸਤਰਬੰਦੀ।"

(*ਕੱਕੀ ਰੇਤ ਦੇ ਵਰਕੇ* 17)

ਜਸਵਿੰਦਰ ਕਿਸੇ ਵੀ ਮਿੱਥ ਨੂੰ ਮਾਨਵੀ ਤਜਰਬੇ ਦੇ ਸਾਧਾਰਨ ਅਰਥਾਂ ਵਿਚ ਨਹੀਂ ਵਰਤਦਾ ਸਗੋਂ ਪੂਰਬ ਇਤਿਹਾਸ ਦੀ ਮਿੱਥ ਬਣੇ ਯਥਾਰਥ ਨੂੰ ਅਜੋਕੇ ਮਾਨਵ ਦੀ ਮਜਬੂਰੀ ਅਤੇ ਬੇਬਸੀ ਦੀ ਸਥਿਤੀ ਦੇ ਪ੍ਰਸੰਗਿਕ ਪਸਾਰੇ ਨੂੰ ਅਜੋਕੇ ਮਾਨਵੀ ਸਰੋਕਾਰਾਂ ਨਾਲ ਜੋੜਦਾ ਹੈ। ਉਹ ਬਦਲਵੇਂ ਸਮਾਜ ਵਿਚੋਂ ਬਦਲਦੇ ਹਾਲਾਤਾਂ ਵਿਚੋਂ ਪੈਦਾ ਹੋਏ ਯਥਾਰਥ ਨੂੰ ਨਵੀਆਂ ਵਿਧੀਆਂ, ਨਵੇਂ ਮੁਹਾਵਰੇ ਅਤੇ ਨਵੇਂ ਭਾਸ਼ਾਈ ਮਾਪਦੰਡਾਂ ਰਾਹੀਂ ਬਿਆਨਦਾ ਹੈ। ਉਹ ਸਿਆਸਤ ਦੇ ਪੱਖਾਂ ਨੂੰ ਵੀ ਚੰਗੀ ਤਰ੍ਹਾਂ ਸਮਝਦਾ ਅਤੇ ਗ਼ਜ਼ਲਾਂ ਵਿਚ ਰੂਪਮਾਨ ਕਰਦਾ ਹੈ। ਉਹ ਸਭ ਸਮਝਦਾ ਹੈ ਕਿ ਰਾਜੇ-ਰਜਵਾੜਿਆਂ ਦਾ ਦੌਰ ਖ਼ਤਮ ਹੋ ਕੇ ਲੋਕਤੰਤਰਤਾ ਦਾ ਦੌਰ ਚਲ ਰਿਹਾ ਹੈ। ਜਸਵਿੰਦਰ ਇੱਕੀਵੀਂ ਸਦੀ ਵਿਚਲੀ ਔਰਤ ਦੀ ਦਸ਼ਾ ਨੂੰ ਆਪਣੇ ਅਨੁਭਵ ਦਾ ਮਾਧਿਅਮ ਬਣਾਉਂਦਾ ਹੋਇਆ ਰਚਨਾਵਾਂ ਕਰਦਾ ਹੈ। ਉਸਦੀ ਗ਼ਜ਼ਲਕਾਰੀ ਰੁਮਕਦੀ ਫ਼ਿਜ਼ਾ ਵਿਚ ਕਹਿਕਸ਼ਾਂ ਦੇ ਸੁੰਦਰ ਨਜ਼ਾਰਿਆਂ ਨਾਲ ਪਾਠਕਾਂ ਨੂੰ ਸਰਾਬੋਰ ਕਰਦੀ ਹੈ। ਉਸਦੇ ਲਫ਼ਜ਼ ਪਰਿੰਦਿਆਂ ਦੀ ਤਰ੍ਹਾਂ ਪਰਵਾਜ਼ ਭਰਦੇ ਹੋਏ ਮਲਵਈ ਮੁਹਾਵਰੇ ਦੀ ਰੰਗਣ ਵਿਚ ਰੰਗੇ ਹੋਏ ਪ੍ਰਤੀਤ ਹੁੰਦੇ ਹਨ। ਜਸਵਿੰਦਰ ਦੇ ਸਮਰੱਥ ਸ਼ਾਇਰ ਹੋਣ ਬਾਰੇ ਡਾ. ਗੁਰਇਕਬਾਲ ਫ਼ਰਮਾਉਂਦੇ ਹਨ:

> "ਜਸਵਿੰਦਰ ਪੰਜਾਬੀ ਗ਼ਜ਼ਲ ਵਿਚ ਵਾਹਿਦ ਨਾਮ ਹੈ ਜਿਸ ਨੇ ਜਗਤਾਰ-ਪਾਤਰ ਤੋਂ ਬਾਅਦ ਖ਼ਾਲੀ ਹੋਈ ਸਪੇਸ ਨੂੰ ਭਰਿਆ ਅਤੇ ਅਗਾਂਹ ਤੋਰਿਆ ਹੈ। ਉਹ ਆਪਣੀ ਗ਼ਜ਼ਲ ਵਿਚ ਕਾਮਲ ਮਨੁੱਖ ਦੀ ਗੱਲ ਕਰਦਾ, ਕਾਲੇ ਕੋਹਾਂ ਦੇ ਪੈਂਡਿਆਂ ਨੂੰ ਸਰ ਕਰਦਾ, ਅਹਿਸਾਸ ਦੀ ਜ਼ਰਖੇਜ਼ ਧਰਤੀ ਤੇ ਮੋਹ ਭਰੀਆਂ ਪੈਲੀਆਂ ਲਹਿ ਲਹਾਣ ਦੇ ਸਪਨਿਆਂ ਦੀ ਸ਼ਾਇਰੀ ਕਰਦਾ ਹੈ। ਜਸਵਿੰਦਰ ਇੱਕੀਵੀਂ ਸਦੀ ਦੇ ਚੜ੍ਹਦੇ ਸੂਰਜ ਦੀ ਲਾਲੀ ਵਰਗਾ ਸਮਰੱਥ ਸ਼ਾਇਰ ਹੈ ਤੇ ਉਸ ਦੀ ਸ਼ਾਇਰੀ ਪੰਜੇਬਾਂ ਤੇ ਝਾਂਜਰਾਂ ਦਾ ਓਢਣ ਓਢੀ ਮੜ੍ਹਕ-ਮੜ੍ਹਕ ਤੁਰਦੀ ਸੁਰ ਤੇ ਸਾਜ਼ ਦਾ ਸੰਗਮ ਹੈ।"
>
> (ਕਾਲੇ ਹਰਫ਼ਾਂ ਦੀ ਲੋਅ ਸਰਵਰਕ)

ਜਸਵਿੰਦਰ ਦੀ ਗ਼ਜ਼ਲਕਾਰੀ ਦੀ ਸ਼ੁਰੂਆਤ ਉਸਦੇ ਪਹਿਲੇ ਗ਼ਜ਼ਲ ਸੰਗ੍ਰਹਿ 'ਕਾਲੇ ਹਰਫ਼ਾਂ ਦੀ ਲੋਅ (1996)' ਤੋਂ ਹੁੰਦੀ ਹੈ। ਉਸ ਦੀ ਲਿਖ਼ਤ ਵਿਚ ਆਧੁਨਿਕ ਭਾਵ ਬੋਧ, ਪ੍ਰਮਾਣਿਕ ਕਾਵਿ-ਮੁਹਾਵਰਾ ਅਤੇ ਗ਼ਜ਼ਲ ਦੀਆਂ ਬੰਦਿਸ਼ਾਂ ਅਤੇ ਲੋੜਾਂ ਦਾ ਲੋੜੀਂਦਾ ਗਿਆਨ ਝਲਕਦਾ ਹੈ। ਜਸਵਿੰਦਰ ਦੀ ਗ਼ਜ਼ਲਕਾਰੀ ਅਜੋਕੇ ਸਾਮਾਜਿਕ ਸਰੋਕਾਰਾਂ ਨੂੰ ਮੁਖ਼ਾਤਿਬ ਹੁੰਦੀ ਹੋਈ ਵਿਅਕਤੀ ਦੀ ਗੱਲ ਕਰਦੀ ਹੋਈ ਪੂਰੇ ਸਮਾਜ ਦੀ ਅਭਿਵਿਅਕਤੀ ਕਰਦੀ ਪ੍ਰਤੀਤ ਹੁੰਦੀ ਹੈ। ਜਸਵਿੰਦਰ ਦੀ ਸ਼ਾਇਰੀ ਦੀ ਸਮਰੱਥਾ ਨੂੰ ਜ਼ਾਹਿਰ ਕਰਦਿਆਂ ਉੱਘੇ ਪੰਜਾਬੀ ਆਲੋਚਕ ਸੁਰਜੀਤ ਜੱਜ *'ਪੰਜਾਬੀ ਗ਼ਜ਼ਲ: ਸੰਵੇਦਨਾ ਤੇ ਸਰੋਕਾਰ'* ਰਾਹੀਂ ਵਿਚਾਰ ਹਨ:

> "ਜਸਵਿੰਦਰ ਸ਼ਬਦ ਦੇ ਸੁਹਜ ਨੂੰ ਪਛਾਨਣ ਦੀ ਸਮਰੱਥਾ ਰੱਖਣ ਵਾਲਾ ਸ਼ਾਇਰ ਹੈ ਤੇ ਉਹਦੀ ਇਹੋ ਸਮਰੱਥਾ ਉਹਦੀ ਸ਼ਾਇਰੀ ਦੀ ਸੁਹਜ ਭਰਪੂਰ ਵਿਲੱਖਣਤਾ ਦੀ ਬੁਨਿਆਦ ਹੈ ਤੇ ਇਹੋ ਕਾਰਨ ਹੈ ਕਿ ਉਪਰੋਕਤ ਵਰਤਾਰਾ ਉਹਦੀ ਸ਼ਾਇਰੀ ਵਿਚ ਅਪਵਾਦ ਰੂਪ ਵਿਚ ਹੀ ਮਿਲਦਾ ਹੈ। ਉਂਝ ਇਨ੍ਹਾਂ ਅਪਵਾਦਾਂ ਦੀ ਮੌਜੂਦਗੀ ਦੇ ਬਾਵਜੂਦ ਜਸਵਿੰਦਰ ਆਧੁਨਿਕ ਭਾਵ ਬੋਧ ਵਾਲੇ ਪ੍ਰਮਾਣਿਕ ਕਾਵਿ ਮੁਹਾਵਰੇ ਦੀ ਸਿਰਜਣਾ ਕਰਨ ਵਾਲੇ ਸ਼ਾਇਰ ਵਜੋਂ ਪੰਜਾਬੀ ਗ਼ਜ਼ਲ ਦਾ ਹਾਸਿਲ ਬਣਨ ਦੀ ਸਮਰੱਥਾ ਰੱਖਣ ਦੇ ਸਮਰੱਥ ਹੈ।" (51)

ਜਸਵਿੰਦਰ ਅਜੋਕੇ ਸਮਾਜ ਦੀਆਂ ਸਥਿਤੀਆਂ ਨੂੰ ਉਭਾਰਨ ਵਾਲਾ ਅਜਿਹਾ ਸਮਰੱਥਸ਼ੀਲ ਗ਼ਜ਼ਲਗੋ ਹੈ ਜਿਹੜਾ ਕਿਸੇ ਵੀ ਵਿਸ਼ੇ ਨੂੰ ਡੂੰਘਾਈ ਨਾਲ ਘੋਖਣ ਦਾ ਦ੍ਰਿਸ਼ਟੀਕੋਣ ਰੱਖਦਾ ਹੈ ਅਤੇ ਆਪਣੇ ਅਨੁਭਵੀ ਅਹਿਸਾਸਾਂ ਨੂੰ ਕਾਵਿ ਬਿੰਬ ਵਿਚ ਢਾਲਣ ਦੀ ਸਮਰੱਥਾ ਵੀ ਰੱਖਦਾ ਹੈ। ਉਸ ਨੇ ਮਾਨਵੀ ਸੰਵੇਦਨਾਵਾਂ ਨੂੰ ਆਪਣੀ ਮੌਲਿਕਤਾ ਦੀ ਰੰਗਣ ਵਿਚ ਰੰਗ ਕੇ ਗ਼ਜ਼ਲਕਾਰੀ ਵਿਚ ਆਪਣੀਆਂ ਪੈੜਾਂ ਛੱਡੀਆਂ ਹਨ। ਉਸ ਦਾ ਵਿਵੇਕਸ਼ੀਲ ਕਾਵਿਕ ਦ੍ਰਿਸ਼ਟੀ ਪਾਠਕਾਂ ਦੀ ਚੇਤਨਾ ਨੂੰ ਧੁਰ ਅੰਦਰ ਤੱਕ ਖਿੱਚ ਪਾਉਂਦੀ ਹੈ। ਉਹ ਸਮਕਾਲੀ ਪਰਤਾਂ ਨੂੰ ਉਘਾੜਦਾ ਹੋਇਆ ਸੰਵੇਦਨਸ਼ੀਲਤਾ ਭਰਪੂਰ ਲਹਿਜੇ ਨਾਲ ਸ਼ਾਇਰੀ ਕਰਦਾ ਹੈ। ਉਹ ਆਪਣੀ ਗ਼ਜ਼ਲ ਵਿਚ ਹਕੀਕਤ ਅਤੇ ਕਲਪਨਾ ਦੇ ਸੁਮੇਲਿਤ ਰੂਪ ਨਾਲ ਮਾਨਵੀ ਦੁੱਖਾਂ-ਸੁੱਖਾਂ

ਦੀ ਗੱਲ ਕਰਦਾ ਨਜ਼ਰੀਂ ਪੈਂਦਾ ਹੈ। ਉਸਦੀ ਕਾਵਿਕ ਭਾਸ਼ਾ ਵਿਚਲਾ ਵਿਲੱਖਣ ਸੁਹਜ ਪਾਠਕਾਂ ਨੂੰ ਮੰਤਰ ਮੁਗਧ ਕਰ ਦਿੰਦਾ ਹੈ। ਉਸ ਨੇ ਗਿਣਾਤਮਕ ਨਹੀਂ ਸਗੋਂ ਗੁਣਾਤਮਕ ਕਾਰਜ ਰਾਹੀਂ ਪੰਜਾਬੀ ਸਾਹਿਤ ਵਿਚ ਆਪਣਾ ਯੋਗਦਾਨ ਪਾਇਆ ਹੈ। ਉਸ ਨੇ ਤਿੰਨ ਗ਼ਜ਼ਲ ਸੰਗ੍ਰਹਿ ਕਾਲੇ ਹਰਫ਼ਾਂ ਦੀ ਲੋਅ (1996), ਕੱਕੀ ਰੇਤ ਦੇ ਵਰਕੇ (2002), ਅਗਰਬੱਤੀ (2011) ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। 'ਅਗਰਬੱਤੀ' ਗ਼ਜ਼ਲ ਸੰਗ੍ਰਹਿ ਲਈ ਉਸ ਨੂੰ 2014 ਵਿਚ ਸਾਹਿਤ ਅਕਾਦਮੀ ਪੁਰਸਕਾਰ ਨਾਲ ਵੀ ਨਿਵਾਜਿਆ ਜਾ ਚੁੱਕਾ ਹੈ।

**ਬਰਜਿੰਦਰ ਚੌਹਾਨ ਸਾਹਿਤਕ ਸਫ਼ਰ:** ਡਾ. ਬਰਜਿੰਦਰ ਚੌਹਾਨ ਪੰਜਾਬੀ ਗ਼ਜ਼ਲ ਵਿਚ ਇੱਕ ਉੱਭਰਦਾ ਨਾਮ ਹੈ। ਸਾਹਿਤ ਜਗਤ ਵਿਚ ਭਾਵੇਂ ਉਹਨਾਂ ਦੀਆਂ ਦੋ ਹੀ ਕਿਤਾਬਾਂ ਆਈਆਂ ਹਨ ਪਰ ਦੋ ਹੀ ਕਿਤਾਬਾਂ ਵਿਚ ਉਹਨਾਂ ਨੇ ਜ਼ਿੰਦਗੀ ਦੇ ਸਾਰੇ ਪੱਖਾਂ ਨੂੰ ਪੇਸ਼ ਕੀਤਾ ਹੈ। ਜੇ ਕਰ ਇੰਝ ਕਹਿ ਲਿਆ ਜਾਵੇ ਕਿ ਉਹਨਾਂ ਦਾ ਯੋਗਦਾਨ ਭਾਵੇਂ ਪੰਜਾਬੀ ਸਾਹਿਤ ਵਿਚ ਗਿਣਾਤਮਕ ਪੱਖੋਂ ਘੱਟ ਹੈ ਪਰ ਗੁਣਾਤਮਕ ਪੱਖੋਂ ਭਰਪੂਰ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪੌਣਾਂ ਉੱਤੇ ਦਸਤਖ਼ਤ, ਸਫ਼ਰ ਦੀ ਖ਼ੁਸ਼ਬੋ ਉਸ ਦੇ ਗ਼ਜ਼ਲ-ਸੰਗ੍ਰਹਿ ਹਨ।ਉਹਨਾਂ ਦਾ ਪਹਿਲਾ ਗ਼ਜ਼ਲ ਸੰਗ੍ਰਿਹ 'ਪੌਣਾਂ ਉੱਤੇ ਦਸਤਖ਼ਤ' ਹੈ ਜੋ 1995 ਵਿਚ ਪ੍ਰਕਾਸ਼ਿਤ ਹੋਇਆ ਅਤੇ 2016 ਵਿਚ ਦੂਜਾ ਗ਼ਜ਼ਲ ਸੰਗ੍ਰਿਹ 'ਸਫ਼ਰ ਦੀ ਖ਼ੁਸ਼ਬੋ' ਪ੍ਰਕਾਸ਼ਿਤ ਹੋਇਆ। ਭਾਵ ਪੂਰੇ ਇੱਕੀ ਸਾਲਾਂ ਬਾਅਦ ਉਹਨਾਂ ਨੇ ਦੂਜਾ ਗ਼ਜ਼ਲ ਸੰਗ੍ਰਿਹ ਪੰਜਾਬੀ ਸਾਹਿਤ ਦੀ ਝੋਲੀ ਪਾਇਆ। ਇੰਨੇ ਲੰਬੇ ਅਰਸੇ ਬਾਅਦ ਦੂਜੇ ਗ਼ਜ਼ਲ ਸੰਗ੍ਰਿਹ ਦੇ ਪ੍ਰਕਾਸ਼ਿਤ ਹੋਣ ਦੇ ਕੀ ਕਾਰਨ ਹਨ ਤਾਂ ਇਸ ਦਾ ਜਵਾਬ ਉਹਨਾਂ ਨਾਲ ਹੋਈ ਮੁਲਾਕਾਤ ਵਿਚ ਸਾਨੂੰ ਮਿਲ ਜਾਂਦਾ ਹੈ। ਉਹਨਾਂ ਦਾ ਕਹਿਣਾ ਹੈ

> "ਮੈਨੂੰ ਗ਼ਜ਼ਲ ਲਿਖਣ ਵਿਚ ਸਮਾਂ ਲੱਗਦਾ ਹੈ ਭਾਵੇਂ ਗ਼ਜ਼ਲ ਆਪ-ਮੁਹਾਰੇ ਫੁੱਟਦੀ ਹੈ ਪਰ ਉਸ ਵਿਚ 'ਨਫ਼ਾਜ਼ਤ, ਨਜ਼ਾਕਤ ਤੇ ਲਿਆਕਤ' ਬਰਕਰਾਰ ਰੱਖਣੀ ਪੈਂਦੀ ਹੈ। ਕਈ ਸ਼ਾਇਰ ਤਾਂ ਦਿਹਾੜੀ ਵਿਚ ਦੋ-ਤਿੰਨ ਗ਼ਜ਼ਲਾਂ ਲਿਖ ਦਿੰਦੇ ਹਨ ਪਰ ਮੇਰੇ ਤੋਂ ਤਾਂ ਮਸਾਂ ਹੀ ਇੱਕ ਜਾਂ ਦੋ ਸ਼ਿਅਰ ਹੀ ਲਿਖੇ ਜਾਂਦੇ ਹਨ।"

(ਡਾ. ਬਰਜਿੰਦਰ ਚੌਹਾਨ ਇਕ ਮੁਲਾਕਾਤ)

ਡਾ. ਬਰਜਿੰਦਰ ਚੌਹਾਨ ਦੇ ਦੋਵੇਂ ਗ਼ਜ਼ਲ ਸੰਗ੍ਰਿਹ ਪੜ੍ਹਨ ਤੋਂ ਬਾਅਦ ਇੰਝ ਮਹਿਸੂਸ ਹੁੰਦਾ ਹੈ ਕਿ ਉਹਨਾਂ ਦੀ ਗ਼ਜ਼ਲਕਾਰੀ ਵਿਚ ਚੰਗੀ ਪਕੜ ਹੈ ਅਤੇ ਗ਼ਜ਼ਲ ਦੀਆਂ ਬਾਰੀਕੀਆਂ ਦਾ ਬਾਖ਼ੂਬੀ ਗਿਆਨ ਹੈ। ਇਸ ਗਿਆਨ ਦਾ ਮਾਹੌਲ ਉਹਨਾਂ ਨੂੰ ਬਚਪਨ ਵਿਚ ਘਰ ਤੋਂ ਹੀ ਪ੍ਰਾਪਤ ਹੁੰਦਾ ਹੈ। ਉਹਨਾਂ ਦੇ ਪਿਤਾ ਸ. ਕੰਵਰ ਚੌਹਾਨ ਵੀ ਆਪਣੇ ਵੇਲੇ ਦੇ ਸਿਰਕੱਢ ਗ਼ਜ਼ਲਗੋ ਰਹੇ ਸਨ। ਬਰਜਿੰਦਰ ਚੌਹਾਨ ਕਈ ਵਰਿਆਂ ਤੋਂ ਗ਼ਜ਼ਲਕਾਰੀ ਕਰ ਰਿਹਾ ਹੈ। ਜਦੋਂ ਤੋਂ ਉਸ ਨੇ ਹੋਸ਼ ਸੰਭਾਲੀ ਉਦੋਂ ਤੋਂ ਹੀ ਗ਼ਜ਼ਲ ਉਸਦੇ ਅੰਗ-ਸੰਗ ਰਹੀ ਹੈ। ਉਸ ਨੇ ਆਰੰਭ ਤਾਂ ਕਵਿਤਾ ਤੋਂ ਕੀਤਾ ਸੀ ਪਰ ਉਸ ਦਾ ਮਾਧਿਅਮ ਗ਼ਜ਼ਲ ਹੀ ਸੀ। ਉਸ ਨੂੰ ਗ਼ਜ਼ਲ ਦਾ ਮਾਹੌਲ ਘਰ ਵਿਚ ਹੀ ਮਿਲ ਗਿਆ ਸੀ ਕਿਉਂ ਕਿ ਉਸ ਦੇ ਪਿਤਾ ਕੰਵਰ ਚੌਹਾਨ ਵੀ ਗ਼ਜ਼ਲ ਦੇ ਮਹਾਂਰਥੀ ਮੰਨੇ ਜਾਂਦੇ ਹਨ। ਉਸ ਦੀ ਅਤੇ ਉਸਦੀ ਗ਼ਜ਼ਲ ਦੀ ਸਾਂਝ ਦਾ ਸਬੱਬ ਉਸਦੇ ਪਿਤਾ ਹੀ

ਹਨ। ਚਾਹੇ ਉਸ ਨੇ ਗ਼ਜ਼ਲ ਦੀ ਤਕਨੀਕੀ ਤਾਲੀਮ ਹਾਸਿਲ ਨਹੀਂ ਕੀਤੀ ਪਰ ਉਸ ਨੇ ਪਿਤਾ ਦੀ ਪਰਪੱਕ ਅਤੇ ਪਭਾਵਸ਼ਾਲੀ ਗ਼ਜ਼ਲਕਾਰੀ ਤੋਂ ਬਹੁਤ ਕੁਝ ਸਿੱਖਿਆ। ਗ਼ਜਲ ਦੇ ਬਹਿਰ, ਅਰੂਜ਼ ਅਤੇ ਵਿਧਾ ਦੀ ਸਮਝ ਉਸ ਨੇ ਆਪਣੇ ਪਿਤਾ ਤੋਂ ਗ੍ਰਹਿਣ ਕੀਤੀ। ਉਸ ਨੇ ਲਗਾਤਾਰ ਕਈ ਸਾਲ ਗ਼ਜ਼ਲ ਦੇ ਰੂਪਕ ਵਿਸ਼ੇ ਤੇ ਮਿਹਨਤ ਕੀਤੀ ਉੱਤੇ ਉਸ ਮਿਹਨਤ ਸਦਕਾ ਹੀ ਉਹ ਗ਼ਜ਼ਲਕਾਰੀ ਵਿਚ ਨਿਪੁਣਤਾ ਹਾਸਿਲ ਕਰ ਸਕਿਆ ਹੈ।

ਉਸਦੀ ਗ਼ਜ਼ਲਕਾਰੀ ਬਾਰੇ ਪ੍ਰੋ. ਸੁਤਿੰਦਰ ਸਿੰਘ ਨੂਰ *'ਪੌਣਾਂ ਉੱਤੇ ਦਸਤਖ਼ਤ'* ਦੇ ਮੁੱਖ ਬੰਦ ਵਿਚ ਲਿਖਦੇ ਹਨ, "ਬਰਜਿੰਦਰ ਚੌਹਾਨ ਨੇ ਜਿਸ ਸਮੇਂ ਵਿਚ ਆਪਣੀ ਗ਼ਜ਼ਲ ਨੂੰ ਪਰਪੱਕ ਕੀਤਾ ਹੈ ਉਸ ਸਮੇਂ ਗ਼ਜ਼ਲ ਬਾਰੇ ਕਈ ਕਿਸਮ ਦੇ ਵਿਵਾਦ ਸਾਹਮਣੇ ਆਉਂਦੇ ਰਹੇ ਹਨ।" (9)

ਪਰ ਇਹਨਾਂ ਵਿਵਾਦਾਂ ਦੇ ਹੁੰਦਿਆਂ ਵੀ ਉਹ ਲਗਾਤਾਰ ਗ਼ਜ਼ਲ ਦੀ ਵਿਧਾ ਨੂੰ ਸਮਝਣ ਵਿਚ ਲੱਗਿਆ ਰਿਹਾ ਅਤੇ ਗ਼ਜ਼ਲਾਂ ਲਿਖਦਾ ਰਿਹਾ। ਉਹ ਚੰਗੀ ਤਰ੍ਹਾਂ ਸਮਝਦਾ ਹੈ ਕਿ ਚੰਗੀ ਨਜ਼ਮ ਜਾਂ ਗ਼ਜ਼ਲ ਦੀ ਰਚਨਾ ਓਨੀ ਦੇਰ ਅਸੰਭਵ ਹੈ ਜਿੰਨੀ ਦੇਰ ਉਸ ਰਚੇ ਜਾ ਰਹੇ ਰੂਪਾਕਾਰ ਦੇ ਪੂਰੇ ਦ੍ਰਿਸ਼ ਨੂੰ ਆਪਣੀ ਚੇਤਨਾ ਵਿਚ ਨਾ ਸਮਾ ਲਇਆ ਜਾਵੇ। ਬਰਜਿੰਦਰ ਚੌਹਾਨ ਇਸ ਗੱਲ ਤੋਂ ਵੀ ਭਲੀ-ਭਾਂਤੀ ਜਾਣੂ ਹੈ ਕਿ ਨਜ਼ਮ ਅਤੇ ਗ਼ਜ਼ਲ ਵਿਚ ਬਹੁਤ ਅੰਤਰ ਹੁੰਦਾ ਹੈ। ਉਹ ਇਹ ਵੀ ਸਮਝਦਾ ਹੈ ਕਿ ਗ਼ਜ਼ਲ ਵਿਚ ਜੋ ਮਰਜ਼ੀ ਨਹੀਂ ਲਿਖਿਆ ਜਾ ਸਕਦਾ ਅਤੇ ਇਸ ਨੂੰ ਬੇ-ਮੁਹਾਰੇ ਨਹੀਂ ਛੱਡਿਆ ਜਾ ਸਕਦਾ। ਗ਼ਜ਼ਲ ਦਾ ਆਪਣਾ ਸੁਹਜ ਅਤੇ ਸਹਿਜ ਹੁੰਦਾ ਹੈ ਅਤੇ ਗ਼ਜ਼ਲ ਦੀਆਂ ਸਤਰਾਂ ਵਿਚ ਸੰਪੂਰਣ ਸ਼ਿਅਰ ਬਣਨ ਦੀ ਸਮਰੱਥਾ ਹੋਣੀ ਚਾਹੀਦੀ ਹੈ। ਇਹ ਸਮਰੱਥਾ ਹੀ ਗ਼ਜ਼ਲ ਦੀ ਖ਼ੂਬਸੂਰਤੀ ਵਧਾਉਂਦੀ ਹੈ। ਉਹ ਇਸ ਕਲਾ ਨੂੰ ਜਾਣਦਾ ਹੈ ਇਸ ਲਈ ਤਾਂ ਉਸ ਦੇ ਸ਼ਿਅਰ ਪਾਠਕਾਂ ਦੀ ਜ਼ੁਬਾਨ ਤੇ ਆਸਾਨੀ ਨਾਲ ਆ ਜਾਂਦੇ ਹਨ। ਉਸ ਦੀਆਂ ਗ਼ਜ਼ਲਾਂ ਵਿਚ ਪੀੜ ਤੇ ਉਦਾਸੀ ਦੇ ਚਿੰਨ੍ਹ ਵਿਖਾਈ ਦਿੰਦੇ ਹਨ ਪਰ ਉਹ ਉਸ ਉਦਾਸੀ ਵਿਚ ਵੀ ਚੇਤਨਾ ਨਾਲ ਜੁੜਦਾ ਹੈ ਅਤੇ ਉਸ ਤੋਂ ਉਪਰਾਮ ਬਿਲਕੁਲ ਵੀ ਨਹੀਂ ਹੁੰਦਾ। ਇਹੀ ਤਰੀਕਾ ਪਾਠਕਾਂ ਨੂੰ ਅੰਦਰ ਤੱਕ ਹਲੂਣ ਕੇ ਰੱਖਦਾ ਹੈ। ਇਸ ਤਰਾਂ ਦੀ ਸੋਝੀ ਸਾਰੇ ਗ਼ਜ਼ਲਕਾਰਾਂ ਵਿਚ ਬਹੁਤ ਘੱਟ ਦੇਖਣ ਨੂੰ ਮਿਲਦੀ ਹੈ। ਕਈ ਗ਼ਜ਼ਲਗੋ ਸ਼ਿਅਰ ਦੀ ਬਾਹਰਲੀ ਸੁੰਦਰਤਾ ਤੱਕ ਹੀ ਸਿਮਟ ਕੇ ਰਹਿ ਜਾਂਦੇ ਹਨ। ਪਰ ਚੌਹਾਨ ਆਪਣੀ ਸਮਰੱਥਾ ਅਤੇ ਸੋਝੀ ਸਦਕਾ ਵਧੀਆ ਗ਼ਜ਼ਲਾਂ ਦੀ ਪੇਸ਼ਕਾਰੀ ਕਰਦਾ ਹੈ। ਆਪਣੀ ਗ਼ਜ਼ਲਕਾਰੀ ਦੀ ਚੋਣ ਬਾਰੇ ਬਰਜਿੰਦਰ ਚੌਹਾਨ *'ਸਫ਼ਰ ਦੀ ਖ਼ੁਸ਼ਬੋ'* ਵਿਚ ਲਿਖਦੇ ਹਨ,

> "ਆਪਣੇ ਜਜ਼ਬਾਤ ਦੇ ਇਜ਼ਹਾਰ ਲਈ ਸਿਰਫ਼ ਗ਼ਜ਼ਲ ਦੀ ਚੋਣ ਮੈਂ ਇਸ ਲਈ ਵੀ ਕੀਤੀ ਕਿਉਂ ਕਿ ਮੇਰਾ ਤੇ ਗ਼ਜ਼ਲ ਦਾ ਸੁਭਾਅ ਵੀ ਆਪਸ ਵਿਚ ਕਾਫ਼ੀ ਮੇਲ਼ ਖਾਂਦਾ ਹੈ। ਮੈਂ ਆਮ ਬੋਲ-ਚਾਲ ਵਿਚ ਬਹੁਤਾ ਬੋਲਣ ਦਾ ਆਦੀ ਨਹੀਂ। ਘੱਟ ਤੋਂ ਘੱਟ ਸ਼ਬਦ ਖ਼ਰਚ ਕੇ ਆਪਣੀ ਗੱਲ ਕਹਿਣਾ ਮੇਰੀ ਤਬੀਅਤ ਦਾ ਹਿੱਸਾ ਹੈ ਅਤੇ ਗ਼ਜ਼ਲ ਕਾਵਿ-ਰੂਪ ਦੀ ਵੀ ਇਹੀ ਵਿਸ਼ੇਸ਼ਤਾ ਹੈ। ਜ਼ੁਬਾਨ ਦੀ ਸਾਦਗੀ, ਸਰਲਤਾ ਅਤੇ ਅਰਥ ਸੰਚਾਰ ਮੇਰੀ ਪਹਿਲੀ ਕੋਸ਼ਿਸ਼ ਰਹੀ ਹੈ।" (11)

ਉਸ ਦੀਆਂ ਗ਼ਜ਼ਲਾਂ ਪੜ੍ਹਦਿਆਂ ਇਕ ਦਾਰਸ਼ਨਿਕ ਡੂੰਘਾਈ ਅਤੇ ਤਾਜ਼ਗੀ ਦਾ ਅਹਿਸਾਸ ਹੁੰਦਾ ਹੈ। ਉਸ ਕੋਲ ਆਧੁਨਿਕ ਭਾਵ-ਬੋਧ ਦੇ ਨਾਲ-ਨਾਲ ਪ੍ਰਮਾਣਿਕ ਕਾਵਿ-ਮੁਹਾਵਰਾ ਵੀ ਹੈ ਅਤੇ ਗ਼ਜ਼ਲ ਰੂਪ ਦੀਆਂ ਬੰਦਿਸ਼ਾਂ ਅਤੇ ਰਚਨਾਤਮਕ ਲੋੜਾਂ ਦਾ ਲੋੜੀਂਦਾ ਗਿਆਨ ਵੀ ਹੈ। ਉਹ ਆਪਣੀਆਂ ਗ਼ਜ਼ਲਾਂ ਵਿਚ ਅਜੋਕੇ ਮਨੁੱਖ ਦੀ ਸਥਿਤੀ ਨੂੰ ਅਨੁਭਵ ਕਰ ਕੇ ਬਹੁਤ ਸ਼ਿੱਦਤ, ਅਹਿਸਾਸ ਦੀ ਤੀਖਣਤਾ ਅਤੇ ਦਾਰਸ਼ਨਿਕ ਗਹਿਰਾਈ ਨਾਲ ਬਿਆਨਦਾ ਹੈ। ਉਹ ਵਾਸਤਵਿਕਤਾ ਤੋਂ ਪ੍ਰਾਪਤ ਅਹਿਸਾਸ ਅਤੇ ਅਨੁਭਵ ਨੂੰ ਪ੍ਰਤੀਕਾਤਮਕਤਾ ਦੇ ਜਾਮੇ ਰਾਹੀਂ ਸ਼ਾਇਰੀ ਕਰਦਾ ਹੈ। ਉਸ ਦੀ ਸਿਰਜਨਾਤਮਕ ਸਮਰੱਥਾ ਇਹ ਪ੍ਰਗਟਾਉਂਦੀ ਹੈ ਕਿ ਉਹ ਸ਼ਿਅਰਾਂ ਨੂੰ ਪ੍ਰਤੀਕਾਤਮਕ ਅਰਥਾਂ ਦੀ ਗਹਿਰਾਈ ਪ੍ਰਦਾਨ ਕਰਦਾ ਹੋਇਆ ਉਸ ਵਿਚਲੀ ਅਰਥ ਸੰਚਾਰ ਦੀ ਸਮੱਸਿਆ ਅਤੇ ਸੁਹਜ ਨੂੰ ਬਰਕਰਾਰ ਰੱਖਦਾ ਹੈ। ਇਹੀ ਸਹਿਜ ਪਾਠਕ ਨੂੰ ਆਪਣੀ ਕਲਾਤਮਕ ਜੜ੍ਹਤ ਨਾਲ ਪ੍ਰਭਾਵਿਤ ਕਰਦਾ ਹੈ। ਉਸ ਦੀ ਗ਼ਜ਼ਲਕਾਰੀ ਦੀ ਮੂਲ ਸੁਰ ਆਧੁਨਿਕ ਭਾਵ ਬੋਧ ਨੂੰ ਅਪਨਾ ਕੇ ਬਹੁ ਪਰਤੀ ਤੇ ਬਹੁ ਪਸਾਰੀ ਅਰਥ ਸਿਰਜਣਾ ਕਰਦੀ ਹੈ। ਉਸ ਦੇ ਲਈ ਸ਼ਬਦਾਂ ਦਾ ਜਾਦੂ, ਭਾਸ਼ਾ ਦੀ ਖ਼ੂਬਸੂਰਤੀ ਬਹੁਤ ਅਹਿਮੀਅਤ ਰੱਖਦੀ ਹੈ। ਉਸ ਦੀ ਸ਼ਾਇਰੀ ਵਿਚ ਕੂਕ ਨਹੀਂ ਸਗੋਂ ਰਮਜ਼ ਹੈ। ਉਸਦੀ ਗ਼ਜ਼ਲਕਾਰੀ ਪੰਜਾਬੀ ਕਾਵਿ ਜਗਤ ਦਾ ਇਕ ਅਹਿਮ ਪਸਾਰ ਹੈ, ਜਿਸ ਨਾਲ ਗ਼ਜ਼ਲ ਕਾਵਿ ਰੂਪ ਦੇ ਅਗਲੇਰੇ ਵਿਕਾਸ ਦੀਆਂ ਸੰਭਾਵਨਾਵਾਂ ਉਜਾਗਰ ਹੁੰਦੀਆਂ ਹਨ। ਬਰਜਿੰਦਰ ਚੌਹਾਨ ਪੰਜਾਬੀ ਗ਼ਜ਼ਲ ਦਾ ਉਹ ਹਸਤਾਖ਼ਰ ਹੈ ਜਿਸ ਦੀ ਗੂੜ੍ਹੀ ਛਾਪ ਹਮੇਸ਼ਾ ਪੰਜਾਬੀ ਸਾਹਿਤ ਵਿਚ ਬਰਕਰਾਰ ਰਹੇਗੀ। ਉਸ ਦੀ ਸਿਰਜਣਾਤਮਕ ਪ੍ਰਤਿਭਾ ਪੰਜਾਬੀ ਗ਼ਜ਼ਲ ਦੇ ਵਿਕਾਸ ਦੀ ਸੂਚਕ ਹੈ ਅਤੇ ਅੱਗੋਂ ਵੀ ਰਹਿਣ ਦੀ ਪੂਰੀ ਉਮੀਦ ਹੈ। ਉਸ ਨੇ ਪੰਜਾਬੀ ਸਾਹਿਤ ਨੂੰ ਹੁਣ ਤੱਕ ਦੋ ਗ਼ਜ਼ਲ-ਸੰਗ੍ਰਹਿ ਦਿੱਤੇ ਹਨ। ਉਸ ਦਾ ਪਹਿਲਾ ਗ਼ਜ਼ਲ-ਸੰਗ੍ਰਹਿ 'ਪੌਣਾਂ ਉੱਤੇ ਦਸਤਖ਼ਤ (1995) ਅਤੇ ਦੂਜਾ ਗ਼ਜ਼ਲ-ਸੰਗ੍ਰਹਿ 'ਸਫ਼ਰ ਦੀ ਖ਼ੁਸ਼ਬੋ (2016)।

**ਸਤੀਸ਼ ਗੁਲਾਟੀ ਸਾਹਿਤਕ ਸਫ਼ਰ:** ਸਤੀਸ਼ ਗੁਲਾਟੀ 'ਚੁੱਪ' ਨਾਲ ਸੰਵਾਦ ਰਚਾਉਂਦਾ ਹੋਇਆ ਪੰਜਾਬੀ ਗ਼ਜ਼ਲਕਾਰੀ ਵਿਚ ਆਪਣਾ ਯੋਗਦਾਨ ਪਾ ਰਿਹਾ ਹੈ। ਉਸ ਦੀਆਂ ਗ਼ਜ਼ਲ ਰਚਨਾਵਾਂ 'ਚੁੱਪ' ਤੋਂ ਹੀ ਸ਼ੁਰੂ ਹੁੰਦੀਆਂ ਹੋਈਆਂ 'ਚੁੱਪ' 'ਤੇ ਕੇਂਦਰਤ ਹੋ ਕੇ ਆਖਿਰ 'ਚੁੱਪ' 'ਤੇ ਹੀ ਮੁੱਕ ਜਾਂਦੀਆਂ ਹਨ। ਉਹ 'ਚੁੱਪ' ਦੇ ਵਿਰੋਧ ਵਿਚ ਕਿਸੇ ਨੂੰ ਹੋਕਾ ਦੇਣ ਦੀ ਥਾਂ ਖੁਦ ਉਸ 'ਚੁੱਪ' ਨਾਲ ਜੂਝਦਾ ਦਿਸਦਾ ਹੈ। ਉਸ ਦੀ 'ਚੁੱਪ' ਵਿਚ ਹੀ ਸਮਾਜਕ ਪਰਤਾਂ ਪਰਤ-ਦਰ-ਪਰਤ ਖੁਲ੍ਹਦੀਆਂ ਜਾਂਦੀਆਂ ਹਨ। 'ਚੁੱਪ' ਨੂੰ ਬੋਲਾਂ ਦਾ ਰੂਪ ਦੇਣਾ ਗ਼ਜ਼ਲਗੋ ਗੁਲਾਟੀ ਨੂੰ ਬਹੁਤ ਸੁਚਾਰੂ ਢੰਗ ਨਾਲ ਆਉਂਦਾ ਹੈ। ਇਹ ਉਸ ਨੂੰ ਦੂਜੇ ਸ਼ਾਇਰਾਂ ਤੋਂ ਵਿਲੱਖਣ ਰੂਪ ਦਿੰਦੀ ਹੈ। ਉਹ ਆਪਣੀਆਂ 'ਚੁੱਪ' ਰਚਨਾਵਾਂ ਰਾਹੀਂ ਬਹੁਤ ਹੀ ਡੂੰਘੇ ਅਰਥ ਸਿਰਜਣ ਦੀ ਸਮਰੱਥਾ ਰੱਖਦਾ ਹੈ। ਚੁੱਪ ਦੇ ਖ਼ਿਲਾਫ਼, ਚੁੱਪ ਦੇ ਅੰਦਰ ਬਾਹਰ, ਚੁੱਪ ਨਦੀ ਤੇ ਮੈਂ, ਚੁੱਪ ਜਿਹਾ ਸੰਵਾਦ।

ਸਤੀਸ਼ ਗੁਲਾਟੀ ਉਰਦੂ ਅਤੇ ਪੰਜਾਬੀ ਜ਼ੁਬਾਨ ਦਾ ਇਕ ਸੁਹਿਰਦ ਸ਼ਾਇਰ ਹੈ ਜੋ ਪਿਛਲੇ ਦਹਾਕੇ ਤੋਂ ਮਾਸਿਕ ਰਸਾਲਿਆਂ ਅਤੇ ਕਵੀ ਦਰਬਾਰਾਂ ਰਾਹੀਂ ਉਭਰ ਕੇ ਸਰੋਤਿਆਂ ਨੂੰ ਆਪਣੀ ਸ਼ਾਇਰੀ ਨਾਲ ਕੀਲ ਰਿਹਾ ਹੈ। ਉਸਦੀ ਕਾਵਿ ਸ਼ੈਲੀ ਪਾਠਕ ਵਰਗ ਦੇ ਮਨਾਂ ਤੇ ਆਪਣੀਆਂ ਪੈੜਾਂ ਛੱਡ ਜਾਂਦੀ ਹੈ। ਉਸਦੀਆਂ ਮੌਲਿਕ ਪ੍ਰਤਿਭਾ ਸਦਕਾ ਹੀ ਉਸ ਦੀਆਂ ਰਚਨਾਵਾਂ ਪਾਠਕਾਂ ਦੇ ਮਨ ਮੋਹ ਲੈਂਦੀਆਂ ਹਨ। ਉਹ ਹਮੇਸ਼ਾ ਤੋਂ ਹੀ ਕਲਿਆਣਕਾਰੀ ਸੋਚ ਦਾ ਧਾਰਨੀ ਸ਼ਾਇਰ ਹੈ ਅਤੇ

ਆਪਣੇ ਬੁਲੰਦ ਹੌਂਸਲਿਆਂ ਸਦਕਾ ਬੇ-ਨਿਆਜ਼ ਹੋ ਕੇ ਗ਼ਜ਼ਲਕਾਰੀ ਕਰਦਾ ਹੈ। ਉਹ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਸਮਾਜਿਕ ਘਟਨਾਵਾਂ ਨੂੰ ਦੇਖਦਾ ਹੀ ਨਹੀਂ ਸਗੋਂ ਅੰਤਰੀਵ ਮਨ ਨਾਲ ਆਤਮਸਾਤ ਕਰ ਕੇ ਗ਼ਜ਼ਲਾਂ ਦਾ ਰੂਪ ਦਿੰਦਾ ਹੈ। ਉਸ ਨੂੰ ਜੀਵਨ ਯਥਾਰਥ ਨਾਲ ਟਕਰਾਉਣ ਦਾ ਹੌਂਸਲਾ ਵਿਰਸੇ ਵਿਚੋਂ ਪ੍ਰਾਪਤ ਹੋਇਆ ਹੈ। ਉਸ ਦੇ ਅੰਦਰ ਕੁਝ ਕਰ ਵਿਖਾਉਣ ਦੀ ਸਿਰਫ਼ ਕਲਪਨਾ ਹੀ ਨਹੀਂ ਹੈ ਸਗੋਂ ਉਹ ਉਸ ਕਲਪਨਾ ਨੂੰ ਅਮਲੀ ਜਾਮਾ ਵੀ ਪਹਿਨਾਉਂਦਾ ਹੈ। ਉਹ ਕਲਪਨਾ ਦੀ ਉਡਾਰੀ ਰਾਹੀਂ ਨਵੀਆਂ ਪਗਡੰਡੀਆਂ ਅਤੇ ਨਵੇਂ ਰਿਸ਼ਤਿਆਂ ਨੂੰ ਸਿਰਜਦਾ ਹੋਇਆ ਜ਼ਿੰਦਗੀ ਦੇ ਸੰਘਰਸ਼ ਵਿਚ ਆਪਣੀ ਵਿਲੱਖਣ ਹੋਂਦ ਰੱਖਦਾ ਹੈ। ਉਹ ਭੀੜ ਦਾ ਹਿੱਸਾ ਬਣਨ ਵਾਲਾ ਸ਼ਾਇਰ ਨਹੀਂ ਹੈ। ਉਸ ਦੀ ਸ਼ਾਇਰੀ ਵਿਚ ਮਨੁੱਖਤਾ ਨੂੰ ਪ੍ਰਦੂਸ਼ਤ ਹਵਾ, ਸ਼ੋਰ ਘੁਟਨ ਅਤੇ ਸਾਹਾਂ ਵਿਚ ਘੁਲੀ ਹੋਈ ਚੁੱਪ ਤੇ ਕਟਾਖਸ਼ ਕਰਦੀ ਪ੍ਰਤੀਤ ਹੁੰਦੀ ਹੈ। ਉਹ ਵਿਅੰਗ ਦੇ ਸਹਾਰੇ ਨਾਲ ਬਹੁਤ ਡੂੰਘੀਆਂ ਗੱਲਾਂ ਕਹਿ ਜਾਣ ਦੀ ਸਮਰੱਥਾ ਰੱਖਦਾ ਹੈ। ਉਸ ਨੇ ਪੰਜਾਬ ਦੇ ਸੰਤਾਪ ਨੂੰ ਤਨ ਤੇ ਹੰਢਾਇਆ ਹੈ ਅਤੇ ਹਰ ਸੰਕਟ ਨੂੰ ਨੇੜੇ ਹੋ ਕੇ ਮਹਿਸੂਸ ਕੀਤਾ ਹੈ। ਉਹ ਆਪਣੀ ਸ਼ਾਇਰੀ ਰਾਹੀਂ ਪਾਠਕਾਂ ਨੂੰ ਇਸ ਬਾਰੇ ਚੌਕਸ ਕਰਦਾ ਹੈ। ਉਸਦੇ ਬਾਰੇ ਅਜਾਇਬ ਚਿੱਤਰਕਾਰ ਦੇ ਬੋਲ ਹਨ:

> "ਮੈਂ ਸ਼ਾਇਰ ਨੂੰ ਝੂਠੀ ਪ੍ਰਸ਼ੰਸਾ ਜਾਂ ਹੱਲਾ-ਸ਼ੇਰੀ ਰਾਹੀਂ ਗੁੰਮਰਾਹ ਨਹੀਂ ਕਰਨਾ ਚਾਹੁੰਦਾ। ਉਸਦੀ ਸ਼ਾਇਰੀ 'ਚ ਅਨੇਕਾਂ ਗੁਣ ਹਨ ਜੋ ਪਾਠਕਾਂ ਅਤੇ ਸਰੋਤਿਆਂ ਤੇ ਤਲਿੱਸਮੀ ਅਸਰ ਪਾਉਣ ਦੀ ਸਮਰੱਥਾ ਰੱਖਦੇ ਹਨ ਪਰ ਕਿਤੇ ਕਿਤੇ ਬਣਤਰ ਪੱਖੋਂ ਕੁਝ ਊਣਤਾਈਆਂ ਵੀ ਮਿਲ ਜਾਂਦੀਆਂ ਹਨ। ਪਰ ਮੈਂ ਸਤੀਸ਼ ਗੁਲਾਟੀ ਦੀ ਸ਼ਾਇਰੀ ਬਾਰੇ ਬੜੇ ਯਕੀਨ ਨਾਲ ਕਹਿ ਸਕਦਾ ਹਾਂ ਕਿ ਭਵਿੱਖ ਵਿਚ ਇਹ ਆਪਣੇ ਰੰਗ, ਖ਼ੁਸ਼ਬੂ, ਕੋਮਲਤਾ, ਸੁਹਜ ਤੇ ਸ਼ਕਤੀ ਦੇ ਜਲੌਅ ਕਾਰਨ ਲੋਕ ਮਨਾਂ 'ਤੇ ਡੂੰਘਾ ਅਸਰ ਪਾਏਗੀ।"
>
> (*ਚੁੱਪ ਦੇ ਖ਼ਿਲਾਫ਼* 11)

ਉਸਦੀ ਸ਼ਾਇਰੀ ਦੀ ਪਛਾਣ, ਉਸ ਦਾ ਦ੍ਰਿਸ਼ਟੀਕੋਣ, ਅਰੂਜ਼ੀ ਇਲਮ ਇਸ ਤੱਤ ਨੂੰ ਪ੍ਰਮਾਣਿਕਤਾ ਦਿੰਦੇ ਹਨ ਕਿ ਸ਼ਾਇਰੀ ਕਾਹਲੀ ਦਾ ਕੰਮ ਨਹੀਂ ਹੈ। ਸ਼ਾਇਰੀ ਤਾਂ ਸ਼ੀਤਲ ਪਾਣੀ ਜਿਹੀ ਸੰਜੀਦਗੀ ਅਤੇ ਠਰੰਮੇ ਦਾ ਅਹਿਸਾਸ ਦਿਵਾਉਂਦੀ ਹੈ। ਉਸਦੀ ਸ਼ਾਇਰੀ ਰਾਹੀਂ ਭ੍ਰਿਸ਼ਟ ਸਿਆਸਤ ਹੱਥੋਂ ਸਤਾਈ ਲੋਕਾਈ ਦੇ ਭਾਵਾਂ, ਜਜ਼ਬਿਆਂ ਤੇ ਬੋਧ ਨੂੰ ਕਾਵਿਕ ਜ਼ੁਬਾਨ ਮਿਲ ਗਈ ਹੈ। ਉਸਦੀ ਗ਼ਜ਼ਲਕਾਰੀ ਵਿਚ ਵਿਚਾਰਧਾਰਕ ਸੂਝ ਅਤੇ ਸੰਵਾਦ ਦੀ ਸੁਰ ਦੇ ਨਾਲ-ਨਾਲ ਆਤਮ ਦੀ ਪਛਾਣ, ਨਿਰੰਤਰ ਬਦਲਦੀ ਮਨੁੱਖੀ ਮਾਨਸਿਕਤਾ, ਸਮਿਆਂ ਦੀ ਚੁੱਪ, ਚੁੱਪ ਦੇ ਵਿਰੁਧ ਸੰਵਾਦ, ਰਾਜਨੀਤੀ ਦੀਆਂ ਕੁਟਿਲ ਚਾਲਾਂ, ਸਮਾਜਿਕ ਤਣਾਓ, ਮਾਨਵੀ ਰਿਸ਼ਤਿਆਂ ਦਾ ਅਹਿਸਾਸ ਆਦਿ ਦੀ ਸੁਰ ਵੀ ਨਜ਼ਰ ਆਉਂਦੀ ਹੈ। ਸਤੀਸ਼ ਗੁਲਾਟੀ ਦੀ ਸ਼ਾਇਰੀ ਨੂੰ ਲੈ ਕੇ ਡਾ. ਸਰਬਜੀਤ ਸਿੰਘ ਲਿਖਦੇ ਹਨ:

> "ਸ਼ਾਇਰੀ ਉਸ ਦਾ ਸ਼ੌਂਕ ਨਹੀਂ, ਫ਼ਰਜ਼ ਹੈ। ਇਸੇ ਫ਼ਰਜ਼ ਕਾਰਨ ਉਸਦੀ ਗ਼ਜ਼ਲ ਵਿਚ ਵਿਚਾਰਧਾਰਕ ਸੂਝ ਅਤੇ ਸੰਵਾਦ ਦੀ ਸੁਰ ਹੈ। ਅੱਜ ਦੇ ਸਮੇਂ ਜਦੋਂ ਚੁਤਰਫ਼ੇ ਆਮ ਮਨੁੱਖ

ਪੀੜ੍ਹਾ ਗ੍ਰਸਤ ਹੋਵੇ, ਹਾਲਾਤਾਂ ਦੇ ਪੁੜਾਂ ਵਿਚ ਪੀਸਿਆ ਜਾ ਰਿਹਾ ਹੋਵੇ, ਉਪਭੋਗੀ ਅਤੇ ਖ਼ੁਦਗਰਜ਼ ਕਦਰਾਂ-ਕੀਮਤਾਂ ਹੋਣ, ਮਨੁੱਖ ਵਿਚ ਮਾਨਵਤਾ ਮੁੱਕ ਰਹੀ ਹੋਵੇ ਤਾਂ ਉਦੋਂ ਮਨੁੱਖੀ ਜੀਵਨ ਦੇ ਮੋਹ ਦਾ ਗੀਤ ਗਾਉਣਾ ਸਹਿਜ ਕਾਰਜ ਨਹੀਂ। ਪਰ ਸਤੀਸ਼ ਗੁਲਾਟੀ ਇਸ ਕਠਿਨ ਅਮਲ ਵਿਚੋਂ ਮਨੁੱਖੀ ਜੀਵਨ ਦੀ ਬਿਹਤਰੀ ਦੇ ਨਕਸ਼ ਸਿਰਜੇ ਤਾਂ ਅਚੰਭਾ ਨਹੀਂ, ਖੁਸ਼ੀ ਦੀ ਗੱਲ ਹੈ। ਉਹ ਜ਼ਿੰਦਗੀ ਦੇ ਹਾਣ ਦੀ ਗ਼ਜ਼ਲ ਕਹਿ ਕੇ ਸ਼ਾਇਰੀ ਤੇ ਮਨੁੱਖ ਦੇ ਮਹੱਤਵ ਨੂੰ ਸਾਰਥਕ ਵੀ ਬਣਾਉਂਦਾ ਹੈ ਅਤੇ ਮਾਨਵਕਾਰੀ ਵੀ। ਉਹ ਭਵਿੱਖ ਦਾ ਵਿਸ਼ਵਾਸਯੋਗ ਅਤੇ ਸਮਰੱਥ ਸ਼ਾਇਰ ਹੋਵੇਗਾ, ਇਹ ਆਸ ਉਸ ਦੀ ਸ਼ਾਇਰੀ ਬੰਨ੍ਹਾਉਂਦੀ ਹੈ।"

(*ਚੁੱਪ ਦੇ ਖ਼ਿਲਾਫ਼* 14)

ਡਾ. ਗੁਰਇਕਬਾਲ ਕਹਿੰਦੇ ਹਨ,

"ਸਤੀਸ਼ ਗੁਲਾਟੀ ਦਿਲਾਂ ਦੀ ਅਮੀਰੀ ਦਾ ਸ਼ਾਇਰ ਹੈ। ਉਸ ਦੀ ਸ਼ਾਇਰੀ ਵਿਚਲਾ ਚੁੱਪ ਦਾ ਸਫ਼ਰ ਉਸ ਦੀਆਂ ਕਾਵਿ ਸੰਵੇਦਨਾ ਵਿਚਲੀਆਂ ਸ਼ਕਤੀਸ਼ਾਲੀ ਪਰਤਾਂ ਦਾ ਪਰਤੌ ਹੈ। ਉਹ ਇਕ ਅਜਿਹਾ ਸ਼ਾਇਰ ਹੈ ਜੋ ਅੰਦਰੋਂ ਬਾਹਰ ਦਾ ਸਫ਼ਰ ਕਰਦਾ ਹੋਇਆ ਬੰਦੇ ਨੂੰ ਦਿਲ ਦੀ ਅਮੀਰੀ ਦਾ ਅਹਿਸਾਸ ਕਰਵਾਉਂਦਾ ਇਨਸਾਨੀ ਫ਼ਿਤਰਤ ਦੀਆਂ ਕਨਸੋਆਂ ਦਿੰਦਾ ਆਸ਼ਾਵਾਦੀ ਸੰਘਰਸ਼ ਚੇਤਨਾ ਦੇ ਅਹਿਦ ਨੂੰ ਸਥਾਪਿਤ ਕਰਦਾ ਚੁੱਪ ਰਹਿ ਕੇ ਵੀ ਚੁੱਪ ਨਹੀਂ ਕਰਦਾ ਤੇ ਨਾ ਹੀ ਚੁੱਪ ਰਹਿਣ ਦਿੰਦਾ ਹੈ। ਇਹ ਹੀ ਉਸਦੀ ਸ਼ਾਇਰੀ ਦੀ ਖ਼ੂਬਸੂਰਤੀ ਹੈ।"

(*ਚੁੱਪ ਦੇ ਖ਼ਿਲਾਫ਼* ਸਰਵਰਕ)

ਸਤੀਸ਼ ਗੁਲਾਟੀ ਚੁੱਪ ਨੂੰ ਸੁਰ ਦੀ ਰਮਜ਼ ਭਰਪੂਰ ਦ੍ਰਿਸ਼ਟੀ ਨਾਲ ਤੋੜਨ ਦੀ ਥਾਂ ਸ਼ੋਰ ਦੇ ਸਾਏ ਵਿਚ ਛੁਪਾ ਦੇਣ ਦੀ ਬਿਰਤੀ ਨੂੰ ਨਕਾਰਦਾ ਅਤੇ ਆਪਣੀ ਹੀ ਆਵਾਜ਼ ਨੂੰ ਸ਼ੋਰ ਬਣ ਜਾਣ ਤੋਂ ਬਚਾ ਕੇ ਚੁੱਪ ਨਾਲ ਸਹਿਜ ਸੰਵਾਦ ਰਚਾਉਂਦਾ ਨਜ਼ਰ ਆਉਂਦਾ ਹੈ। ਉਹ ਚੁੱਪ ਦੇ ਖ਼ਿਲਾਫ਼ ਹੋਕਾ ਨਹੀਂ ਦਿੰਦਾ ਬਲਕਿ ਖ਼ੁਦ ਨੂੰ ਮੁਖ਼ਾਤਿਬ ਹੋਣ ਦੇ ਗੁਰ ਜਾਣਦਾ ਹੈ। ਚੁੱਪ ਤੋਂ ਬੋਲ ਵੱਲ ਅਤੇ ਸ਼ੋਰ ਤੋਂ ਬੋਲ ਜਾਣਾ ਇਹ ਜ਼ਿੰਦਗੀ ਦੇ ਸਹਿਜ ਸਬੰਧਾਂ ਤੇ ਆਧਾਰਿਤ ਹੁੰਦੀਆਂ ਹਨ। ਇਹ ਸਹਿਜਤਾ ਜ਼ਿੰਦਗੀ ਦੀ ਸਹਿਜਤਾ ਤੋਂ ਵੱਖ ਹੈ। ਜ਼ਿੰਦਗੀ ਪ੍ਰਤੀ ਡੂੰਘੀ ਦਾਰਸ਼ਨਿਕ ਸੋਚ ਨੂੰ ਗ਼ਜ਼ਲ ਦੀ ਸੰਕੇਤਕ ਭਾਸ਼ਾ ਵਿਚ ਪ੍ਰਗਟਾਉਣ ਵਾਲਾ ਸ਼ਾਇਰ ਸਤੀਸ਼ ਗੁਲਾਟੀ ਹੈ। ਇਹ ਸ਼ਾਇਰ ਸੰਕੇਤਕ ਭਾਸ਼ਾ ਨਾਲ ਸਿਰਫ਼ ਸੁਣਨ ਦੀ ਹੀ ਕੋਸ਼ਿਸ਼ ਨਹੀਂ ਕਰਦਾ ਸਗੋਂ ਕਹਿਣ ਦੀ ਵੀ ਸਮਰੱਥਾ ਰੱਖਦਾ ਹੈ। ਉਸ ਦੀ ਸ਼ਾਇਰੀ ਦੀ ਸੁਰ ਬਹੁਤੀ ਵਾਰ ਆਲੋਚਨਾਤਮਕ ਅਤੇ ਵਿਅੰਗਾਤਮਕ ਰੁਖ਼ ਅਪਣਾਉਂਦੀ ਹੈ ਅਤੇ ਇਹੀ ਰੁਖ ਉਸ ਦੇ ਸੁਖ਼ਨ ਨੂੰ ਸ਼ੋਰ ਵੱਲ ਵਧਣ ਤੋਂ ਰੋਕਣ ਦਾ ਆਧਾਰ ਬਣਦਾ ਹੈ। ਉਹ ਰਾਜਨੀਤੀ ਤੇ ਵੀ ਵਿਅੰਗ ਕਰਦਾ ਹੋਇਆ ਬਹਤ ਹੀ ਗਹਿਰਾਈ ਨਾਲ ਆਪਣੀ ਗੱਲ ਕਹਿ ਜਾਂਦਾ ਹੈ। ਉਹ ਇਹ ਸਮਝਦਾ ਹੈ ਕਿ ਸੱਚ ਹੀ ਲੋਕਤੰਤਰ ਹਰ ਥਾਂ ਹੋਵੇ ਤਾਂ ਹਰ ਕਿਸੇ ਨੂੰ ਬਰਾਬਰੀ ਦਾ ਦਰਜਾ ਹਾਸਿਲ ਹੋਵੇ ਅਤੇ

ਬਗਾਵਤ ਵਰਗੀਆਂ ਘਟਨਾਵਾਂ ਸਾਡੇ ਦੇਸ਼ ਤੋਂ ਕੋਹਾਂ ਦੂਰ ਹੋ ਜਾਣ। ਖ਼ਾਸ ਤੌਰ ਤੇ ਉਸ ਦੀ ਗ਼ਜ਼ਲਕਾਰੀ ਦਾ ਮੂਲ ਸਰੋਕਾਰ ਖ਼ੂਬਸੂਰਤ ਜ਼ਿੰਦਗੀ ਅਤੇ ਜ਼ਿੰਦਗੀ ਦੀ ਖ਼ੂਬਸੂਰਤੀ ਲਈ ਕਿਰਿਆਸ਼ੀਲਤਾ ਹੈ। ਜ਼ਿੰਦਗੀ ਲਈ ਨਿਰੰਤਰ ਕੀਤੇ ਜਾਣ ਵਾਲੇ ਸੰਘਰਸ਼ ਪ੍ਰਤੀ ਉਸ ਦਾ ਦ੍ਰਿਸ਼ਟੀਕੋਣ ਬਹੁਪਰਤੀ ਕਾਵਿ-ਬਿੰਬਾਂ ਰਾਹੀਂ ਢਲ ਕੇ ਉਜਾਗਰ ਹੁੰਦਾ ਹੈ। ਆਪਣੇ ਵਿਰਸੇ ਆਪਣੇ ਸਭਿਆਚਾਰ ਪ੍ਰਤੀ ਮੋਹ, ਦੇਸ਼ ਨੂੰ ਭ੍ਰਿਸ਼ਟ ਸਿਆਸਤ ਦੇ ਚੁੰਗਲ ਚੋਂ ਆਜ਼ਾਦ ਕਰਵਾਉਣਾ ਅਤੇ ਵਾਤਾਵਰਨ ਦੇ ਪ੍ਰਦੂਸ਼ਣ ਪ੍ਰਤੀ ਜਾਗਰੁਕਤਾ ਉਸ ਦੀਆਂ ਗ਼ਜ਼ਲਾਂ ਦੇ ਮੁਖ ਵਿਸ਼ੇ ਹਨ। ਇਹਨਾਂ ਸਰੋਕਾਰਾਂ ਨੂੰ ਉਸ ਨੇ ਆਪਣੀਆਂ ਗ਼ਜ਼ਲਾਂ ਵਿਚ ਬਹੁਤ ਹੀ ਕਲਾਤਮਕ ਅੰਦਾਜ਼ ਨਾਲ ਪੇਸ਼ ਕੀਤਾ ਹੈ। ਇਸ ਦੇ ਨਾਲ-ਨਾਲ ਹੀ ਉਹ ਜ਼ਿੰਦਗੀਦੀਆਂ ਦੁਸ਼ਵਾਰੀਆਂ, ਦੁੱਖਾਂ, ਨਿਰਾਸ਼ਾ, ਸੰਤਾਪ, ਬੇਗਾਨਗੀ ਆਦਿ ਦੇ ਸੰਕਲਪ ਨੂੰ ਆਸ਼ਾਵਾਦੀ ਨਜ਼ਰੀਏ ਰਾਹੀਂ ਮਾਨਵੀ ਰਿਸ਼ਤਿਆਂ ਦੇ ਅਹਿਸਾਸਾਂ ਨੂੰ ਆਪਣੀ ਗ਼ਜ਼ਲਕਾਰੀ ਦਾ ਆਧਾਰ ਬਣਾਉਂਦਾ ਹੈ। ਉਸ ਦੀ ਗ਼ਜ਼ਲਕਾਰੀ ਦੇ ਅੰਦਾਜ਼ ਨੂੰ ਬਿਆਨ ਕਰਦਾ ਪੰਜਾਬੀ ਆਲੋਚਕ ਸੁਰਜੀਤ ਜੱਜ *'ਪੰਜਾਬੀ ਗ਼ਜ਼ਲ: ਸੰਵੇਦਨਾ ਤੇ ਸਰੋਕਾਰ'* ਕਹਿੰਦਾ ਹੈ:

> " 'ਚੁੱਪ' ਤੇ 'ਸ਼ੋਰ' ਅੱਜ ਦੇ ਦੌਰ ਦੀ ਤਲਖ਼ ਹਕੀਕਤ ਦੇ ਦੋ ਉਘੜਵੇਂ ਪਾਸਾਰ ਹਨ। ਅੱਜ ਮਾਨਵ ਦੇ ਸਾਹਮਣੇ ਵੱਡੀ ਚੁਣੌਤੀ 'ਬੋਲ' ਦੀ ਸਿਰਜਣਾ ਹੈ। ਹਰ ਕੋਈ ਜਾਂ ਤਾਂ ਚੁੱਪ ਹੈ ਜਾਂ ਸ਼ੋਰ ਮਚਾ ਰਿਹਾ ਹੈ ਤੇ ਇਹ ਦੋਵੇਂ ਅੰਤਮ ਤੌਰ ਤੇ ਇਕੋ ਸਾਰ ਵਾਲੇ ਹਨ ਅਸਿਰਜਨਾ ਮੁਖੀ। ਸਿਰਜਨਾ 'ਬੋਲ' ਤੋਂ ਸ਼ੁਰੂ ਹੁੰਦੀ ਹੈ ਅਤੇ 'ਸੁਰ' ਇਸ ਬੋਲ ਦੀ ਸਿਖ਼ਰ ਹੈ। ਸੁਰ-ਸਿਰਜਣ ਅਰਥਾਤ ਜ਼ਿੰਦਗੀ ਨੂੰ ਟੁਕੜਿਆਂ ਦੀ ਟੁੱਟ ਭੱਜ ਚੋਂ ਨਿਖੇੜ ਕੇ ਇਕ ਲੈਅ ਮਈ ਨੁਹਾਰ ਪ੍ਰਦਾਨ ਕਰਨ ਦੀ ਪ੍ਰਕਿਰਿਆ। ਸ਼ਾਇਰੀ ਜ਼ਿੰਦਗੀ ਦੇ ਇਸੇ ਹੁਸਨ ਦੀ ਤਲਾਸ਼ ਦਾ ਨਾਂ ਹੈ। ਸ਼ਾਇਰ ਸਤੀਸ਼ ਗੁਲਾਟੀ ਹਰ ਪਲ ਸ਼ਾਇਰੀ ਦੇ ਇਸ ਮਰ੍ਹਮ ਨੂੰ ਪਛਾਨਣ ਵੱਲ ਰੁਚਿਤ ਦਿਖਾਈ ਦਿੰਦਾ ਹੈ। ਜਦੋਂ ਕੋਈ ਸ਼ਾਇਰ ਗ਼ਜ਼ਲ ਦੇ ਸਮਰੱਥਾਵਾਨ ਹਸਤਾਖ਼ਰ ਹੋਣ ਦੀਆਂ ਸੰਭਾਵਨਾਵਾਂ ਉਜਾਗਰ ਕਰ ਰਿਹਾ ਹੋਵੇ ਤਾਂ ਇਸ ਰੂਪਕਾਰ ਦੀਆਂ ਮਹੀਨ ਤੋਂ ਮਹੀਨ ਰਮਜ਼ਾਂ ਨੂੰ ਪਕੜਨਾ ਉਹਦੇ ਲਈ ਲਾਜ਼ਮੀ ਹੋ ਜਾਦਾ ਹੈ। ਸਤੀਸ਼ ਗੁਲਾਟੀ ਇਸ ਪੱਖੋਂ ਸੁਚੇਤ ਤੌਰ ਤੇ ਯਤਨਸ਼ੀਲ ਪ੍ਰਤੀਤ ਵੀ ਹੁੰਦਾ ਹੈ। ਇਸ ਪ੍ਰਤੀਤੀ ਦਾ ਆਧਾਰ ਉਹ ਦੀ ਸਹਿਜ ਸੰਵਾਦ ਰਚਾਉਣ ਦੀ ਸਮਰੱਥਾ ਵਿਚ ਵੀ ਨਿਹਿਤ ਦਿਸਦਾ ਹੈ ਅਤੇ ਆਪਣੀ ਸਿਰਜਣਾਤਮਕ ਸ਼ਕਤੀ ਦਾ ਰਚਨਕਾਰੀ ਦੇ ਅਹਿਸਾਸ ਵਿਚ ਵੀ।" (72)

ਸਤੀਸ਼ ਗੁਲਾਟੀ ਨੇ ਪੰਜਾਬੀ ਪਾਠਕਾਂ ਨੂੰ ਤਿੰਨ ਗ਼ਜ਼ਲ-ਸੰਗ੍ਰਹਿ ਅਤੇ ਇਕ ਸਫ਼ਰਨਾਮਾ ਦਿੱਤੇ ਹਨ। 'ਚੁੱਪ ਦੇ ਖ਼ਿਲਾਫ਼ (1998) ਉਹਨਾਂ ਦਾ ਪਹਿਲਾ ਗ਼ਜ਼ਲ ਸੰਗ੍ਰਹਿ ਹੈ। 'ਚੁੱਪ ਨਦੀ ਤੇ ਮੈਂ (2005)' ਦੂਜਾ ਗ਼ਜ਼ਲ ਸੰਗ੍ਰਹਿ ਹੈ ਅਤੇ ਤੀਜਾ ਗ਼ਜ਼ਲ ਸੰਗ੍ਰਹਿ 'ਚੁੱਪ ਜਿਹਾ ਸੰਵਾਦ (2016)' ਹੈ। ਉਹਨਾਂ ਦਾ ਇਕ ਸਫ਼ਰਨਾਮਾ 'ਚੁੱਪ ਦੇ ਅੰਦਰ ਬਾਹਰ' 2005 ਵਿਚ ਪ੍ਰਕਾਸ਼ਿਤ ਹੋਇਆ ਹੈ।

**ਜਗਵਿੰਦਰ ਜੋਧਾ ਸਾਹਿਤਕ ਸਫ਼ਰ:** ਜਗਵਿੰਦਰ ਜੋਧਾ ਪੰਜਾਬੀ ਕਵਿਤਾ ਅਤੇ ਖ਼ਾਸ ਕਰ ਕੇ ਗ਼ਜ਼ਲ ਦੇ ਖੇਤਰ ਵਿਚ ਆਪਣੀ ਵੱਖਰੀ ਪਹਿਚਾਣ ਬਣਾਉਣ ਵਾਲਾ ਸ਼ਾਇਰ ਹੈ। ਉਸ ਦੇ ਸ਼ਿਅਰਾਂ ਦੀ ਤਾਕਤ ਉਸਦੀ ਸਿਰਜਣਾਤਮਕ ਸ਼ਖ਼ਸੀਅਤ ਕਰ ਕੇ ਹੈ ਜਿਸ ਵਿਚ ਪਾਠਕ ਨੂੰ ਮਨ ਮਸਤਕ ਦੇ ਅਕਸ ਨਜ਼ਰ ਆਉਂਦੇ ਹਨ। ਪਾਠਕ ਨੂੰ ਉਸ ਦੀਆਂ ਗ਼ਜ਼ਲਾਂ ਵਿਚ ਸਮੋਏ ਅਨੁਭਵ ਸੰਸਾਰ ਦੀ ਵੰਨ-ਸੁਵੰਨਤਾ, ਜਟਿਲਤਾ ਅਤੇ ਸੰਸਾਰ ਦੇ ਵਿਸਥਾਪਨ ਵੱਲ ਸੰਕੇਤ ਕਰਦੇ ਪ੍ਰਤੀਤ ਹੁੰਦੇ ਹਨ। ਉਸ ਦੀਆਂ ਗ਼ਜ਼ਲਾਂ ਦਾ ਮੁਖ ਥੀਮ 'ਘਰ' ਹੈ। ਉਸ ਦੇ ਹਰ ਸ਼ਿਅਰਾਂ ਵਿਚ 'ਘਰ' ਦੇ ਵੱਖ-ਵੱਖ ਅਰਥ ਉਤਪੰਨ ਹੁੰਦੇ ਹਨ। ਉਹ ਘਰ ਦੇ ਮੋਹ ਨੂੰ ਚਾਹਤ ਵਜੋਂ ਅਪਣਾਉਂਦਾ ਵੀ ਹੈ ਅਤੇ ਉਸ ਨੂੰ ਨਕਾਰਦਾ ਵੀ ਹੈ। ਉਹ ਘਰ ਦੀ ਮਿਠਾਸ, ਨਿੱਘ ਅਤੇ ਸੁਰੱਖਿਅਤਾ ਨੂੰ ਮੋਹ ਦੀਆਂ ਤੰਦਾਂ ਵਿਚ ਵੀ ਲਪੇਟ ਕੇ ਰੱਖਦਾ ਹੈ ਅਤੇ ਇਸ ਨੂੰ ਮਨੁੱਖ ਦੇ ਸਫ਼ਰ ਦੌਰਾਨ ਰਾਹ ਦੀਆਂ ਬੇੜੀਆਂ ਵੀ ਮੰਨਦਾ ਹੈ। ਇਸ ਤਰ੍ਹਾਂ ਘਰ ਅਤੇ ਸਫ਼ਰ ਦਾ ਦਵੰਦ ਹੰਢਾਉਂਦੀ ਉਸ ਦੀ ਸ਼ਾਇਰੀ ਪਾਠਕਾਂ ਦੇ ਅੰਤਰੀਵ ਮਨ ਦੀਆਂ ਤਰੰਗਾਂ ਨੂੰ ਛੂਹ ਲੈਂਦੀ ਹੈ। ਇਸ ਦੇ ਨਾਲ-ਨਾਲ ਉਸ ਦੀਆਂ ਗ਼ਜ਼ਲਾਂ ਵਿਚ ਬੇਬਸੀ ਅਤੇ ਨਿਰਾਸ਼ਾ ਦੇ ਭਾਵ, ਸਵੈ-ਅਭਿਮਾਨ, ਬੇਬਾਕੀ ਉਤੇ ਦਰਵੇਸ਼ੀ ਦੇ ਭਾਵ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਜਗਵਿੰਦਰ ਜੋਧਾ ਦੀ ਇਕ ਹੋਰ ਖ਼ਾਸੀਅਤ ਹੈ ਕਿ ਉਹ ਸਿਧਾਂਤ, ਵਿਚਾਰਧਾਰਾ, ਇਤਿਹਾਸ, ਕਾਵਿ-ਸ਼ਾਸਤਰ ਅਤੇ ਪੰਜਾਬੀ ਸਾਹਿਤ ਪਰੰਪਰਾ ਦੀ ਬਹੁਤ ਡੂੰਘਾਈ ਨਾਲ ਜਾਣਕਾਰੀ ਰੱਖਦਾ ਹੈ। ਇਹ ਖ਼ਾਸੀਅਤ ਉਸ ਦੀਆਂ ਗ਼ਜ਼ਲਾਂ ਵਿਚ ਭਲੀ-ਭਾਂਤੀ ਰੂਪਮਾਨ ਹੁੰਦੀ ਹੈ। ਡਾ. ਸੁਰਜੀਤ ਜਗਵਿੰਦਰ ਜੋਧਾ ਦੀ ਗ਼ਜ਼ਲਕਾਰੀ ਬਾਰੇ ਸਪੱਸ਼ਟ ਕਰਦੇ ਲਿਖਦੇ ਹਨ:

> "ਜਗਵਿੰਦਰ ਦੀ ਸ਼ਾਇਰੀ ਬਾਹਰਮੁਖੀ ਇਤਿਹਾਸਕ ਪਰਸਥਿਤੀਆਂ ਅਤੇ ਸ਼ਾਇਰ ਦੀ ਸੰਵੇਦਨਾ ਵਿਚ ਸਮੋਏ ਹੋਏ ਇਤਿਹਾਸ ਦੇ ਆਪਸੀ ਭੇੜ ਦਾ ਸਥਲ ਹੈ ਅਤੇ ਇਸ ਭੇੜ ਨੂੰ ਸਾਕਾਰ ਕਰਦਿਆਂ ਉਹ ਲਗਭਗ ਹਰ ਗ਼ਜ਼ਲ ਵਿਚ ਇਕ ਜਾਂ ਇਕ ਤੋਂ ਵਧੇਰੇ ਅਜਿਹੇ ਸ਼ਿਅਰ ਕਹਿ ਜਾਂਦਾ ਹੈ ਜਿਨ੍ਹਾਂ ਨੂੰ ਪੜ੍ਹ ਕੇ ਜੀਵਨ ਦਾ ਕੋਈ ਨਵਾਂ ਮੰਜ਼ਰ ਅੱਖਾਂ ਸਾਹਮਣੇ ਸਾਕਾਰ ਹੋ ਜਾਂਦਾ ਹੈ।"
>
> (*ਬੇਤਰਤੀਬੀਆਂ* 11)

ਉਸ ਦੀ ਸ਼ਾਇਰੀ ਬਾਰੇ ਤੇਜਵੰਤ ਸਿੰਘ ਗਿੱਲ ਲਿਖਦੇ ਹਨ, "ਅਜੋਕੇ ਮੋੜ ਤੇ ਜੋ ਦੁੱਖ ਪੰਜਾਬੀ ਰਹਿਤਲ ਨੂੰ ਆਵਾਜ਼ਾਰ ਕਰ ਰਹੇ ਹਨ ਉਨ੍ਹਾਂ ਸਭ ਨੂੰ ਜਗਵਿੰਦਰ ਵਲੋਂ ਪਰਖਿਆ ਪੜਚੋਲਿਆ ਗਿਆ ਹੈ। ਨਿਰਾਸ਼ਾ, ਮਜਬੂਰੀ, ਲਾਚਾਰੀ, ਬਹਿਬਤ ਸਭ ਨੂੰ ਪੇਸ਼ ਕੀਤਾ ਗਿਆ ਹੈ। ਉਹਨਾਂ ਦਾ ਪ੍ਰਗਟਾਅ ਅਤੇ ਨਿਬਾਹ ਕਈ ਤਰ੍ਹਾਂ ਦੇ ਤੋਲ-ਤੁਕਾਂਤ ਨਾਲ ਉਸ ਨੂੰ ਅਵਸਰ ਪ੍ਰਦਾਨ ਕਰਦਾ ਹੈ। ਰਵਾਇਤੀ ਬਿਰਤੀ ਵਾਲੇ ਪਾਠਕ ਉਸ ਦੇ ਪ੍ਰਯਾਸ ਨੂੰ ਬੇਤਰਤੀਬ ਕਹਿ ਸਕਦੇ ਹਨ। ਉਹਨਾਂ ਦਾ ਭੁਚੱਕਾ ਦੂਰ ਕਰਨ ਲਈ ਉਸ ਦਾ ਇਹ ਨਿਵੇਕਲਾ ਜਿਹਾ ਸ਼ਿਅਰ ਹਾਜ਼ਿਰ ਹੈ:

ਇਬਾਰਤ ਇਹ ਸਫ਼ਰ ਦੀ ਲਿਖ ਲਈ ਕੈਸੀ ਅਸੀਂ ਜਿਸ ਵਿਚ

ਕੋਈ ਕੌਮਾ, ਕੋਈ ਡੰਡੀ, ਕੋਈ ਵਿਸਰਾਮ ਨਾ ਆਏ।"

(*ਬੇਤਰਤੀਬੀਆਂ* ਸਰਵਰਕ)

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪਿਛਲੇ ਕੁਝ ਅਰਸੇ ਤੋਂ ਪੰਜਾਬੀ ਗ਼ਜ਼ਲ ਵਿਚ ਆਪਣੀ ਸਮਰੱਥਾ ਨੂੰ ਜ਼ਾਹਿਰ ਕਰਨ ਵਾਲੇ ਗ਼ਜ਼ਲਕਾਰਾਂ ਵਿਚ ਜਗਵਿੰਦਰ ਜੋਧਾ ਦਾ ਨਾਮ ਲਿਆ ਜਾ ਸਕਦਾ ਹੈ। ਉਸ ਨੇ ਅਰੂਜ਼ੀ ਪਾਬੰਦੀ ਵਾਲੀ ਪਰੰਪਰਾ ਤੋਂ ਕਿਨਾਰਾ ਕਰ ਕੇ ਚਿੰਤਨਸ਼ੀਲ ਸ਼ਾਇਰੀ ਦਾ ਰਾਹ ਅਖ਼ਤਿਆਰ ਕਰ ਕੇ ਇਕ ਸੂਖ਼ਮ ਗ਼ਜ਼ਲਗੋ ਵਜੋਂ ਆਪਣੀ ਪਛਾਣ ਕਾਇਮ ਕੀਤੀ ਹੈ। ਉਸ ਨੇ ਪੰਜਾਬੀ ਗ਼ਜ਼ਲਕਾਰੀ ਦੇ ਨਾਲ-ਨਾਲ ਸਾਹਿਤ ਅਧਿਐਨ ਦੇ ਖੇਤਰ ਵਿਚ ਵੀ ਨਾਮਣਾ ਖੱਟਿਆ ਹੈ। ਹੁਣ ਤੱਕ ਉਹ ਪੰਜਾਬੀ ਸਾਹਿਤ ਨੂੰ ਤਿੰਨ ਗ਼ਜ਼ਲ ਸੰਗ੍ਰਹਿ ਅਤੇ ਕਈ ਆਲੋਚਨਾਤਮਕ ਕਿਤਾਬਾਂ ਦੇ ਚੁੱਕਿਆ ਹੈ। ਉਸ ਨੇ ਆਪਣੀ ਗ਼ਜ਼ਲਕਾਰੀ ਦੀ ਸ਼ੁਰੂਆਤ 2001 ਵਿਚ 'ਮੀਲ ਪੱਥਰ ਤੇ ਮੁਸਾਫ਼ਿਰ' ਗ਼ਜ਼ਲ ਸੰਗ੍ਰਹਿ ਤੋਂ ਕੀਤੀ। ਉਸ ਦਾ ਦੂਜਾ ਗ਼ਜ਼ਲ ਸੰਗ੍ਰਹਿ 'ਸਾਰੰਗੀ (2012)' ਅਤੇ ਤੀਜਾ ਗ਼ਜ਼ਲ ਸੰਗ੍ਰਹਿ 'ਬੇਤਰਤੀਬੀਆਂ (2018)' ਹੈ। ਇਸ ਤੋਂ ਬਿਨਾਂ ਜਗਵਿੰਦਰ ਜੋਧਾ ਦੀਆਂ ਆਲੋਚਨਾਤਮਕ ਪੁਸਤਕਾਂ ਵਿਚੋਂ 'ਪੰਜਾਬੀ ਸੂਫ਼ੀ ਕਾਵਿ: ਸਮੀਖਿਆ ਸੰਵਾਦ (2011)', 'ਕੁਲਵਿੰਦਰ ਦੀ ਗ਼ਜ਼ਲ ਚੇਤਨਾ: ਆਲੋਚਨਾ (2012)', 'ਕਾਰਲ ਮਾਰਕਸ ਭਾਰਤ ਬਾਰੇ: ਚੋਣਵੀਆਂ ਲਿਖਤਾਂ (2014)', 'ਐਗਨਸ ਸਮੈਡਲੀ: ਇਤਿਹਾਸ (2015)', 'ਇਸਲਾਮ ਦੀ ਇਤਿਹਾਸਕ ਭੂਮਿਕਾ: ਐਮ. ਐਨ.ਰਾਇਅਨੁਵਾਦਕ (2016)', 'ਮੋਟਰਸਾਇਕਲ ਡਾਇਰੀ: ਚੀ ਗਵੇਰਾ (2017)', 'ਲਾਹੌਲ ਸਪਿਤੀ ਦੀਆਂ ਕਹਾਣੀਆਂ ਅਨੁਵਾਦਕ (2018)'

**ਸੁਖਵਿੰਦਰ ਅੰਮ੍ਰਿਤ ਸਾਹਿਤਕ ਸਫ਼ਰ:** ਪੰਜਾਬੀ ਗ਼ਜ਼ਲਕਾਰਾ ਸੁਖਵਿੰਦਰ ਅੰਮ੍ਰਿਤ ਪੰਜਾਬੀ ਗ਼ਜ਼ਲਕਾਰੀ ਵਿਚ ਇਕ ਸੁਹਿਰਦ ਨਾਮ ਵਜੋਂ ਜਾਣੀ ਜਾਂਦੀ ਹੈ। ਉਸ ਦੀਆਂ ਪਾਠਕਾਂ ਨੂੰ ਕੀਲਣ ਦਾ ਦਮ ਰੱਖਦੀਆਂ ਹਨ। ਕਈ ਗ਼ਜ਼ਲਕਾਰਾਂ ਤੀ ਤਰ੍ਹਾਂ ਗ਼ਜ਼ਲਕਾਰੀ ਉਸ ਨੂੰ ਵਿਰਸੇ ਵਿਚ ਨਹੀਂ ਮਿਲੀ ਸਗੋਂ ਵਿਰਸੇ ਵਿਚ ਤਾਂ ਗ਼ਜ਼ਲਕਾਰੀ ਕਰਨ ਦੇ ਵਿਰੋਧ ਵਿਚ ਢੇਰ ਸਾਰੀਆਂ ਝਿੜਕਾਂ ਮਿਲੀਆਂ। ਜਿਨ੍ਹਾਂ ਨੂੰ ਸਹਿ ਕੇ ਵੀ ਉਹ ਪੰਜਾਬੀ ਗ਼ਜ਼ਲਕਾਰੀ ਦਾ ਪੁਨਿਆਂ ਦਾ ਚੰਨ ਸਾਬਿਤ ਹੋਈ। ਸੁਖਵਿੰਦਰ ਅੰਮ੍ਰਿਤ ਆਪਣੇ ਮਾਪਿਆਂ ਦੀ ਜੇਠੀ ਧੀ ਹੈ। ਉਸ ਤੋਂ ਛੋਟੇ ਉਸਦੇ ਪੰਜ ਭੈਣ-ਭਰਾ ਹੋਰ ਹਨ। ਮਾਂ-ਬਾਪ ਨੇ ਕਬੀਲਦਾਰੀ ਜਲਦੀ ਨਜਿੱਠਣ ਦੇ ਚੱਕਰ ਵਿਚ ਸੁਖਵਿੰਦਰ ਦਾ ਵਿਆਹ 17 ਸਾਲ ਦੀ ਉਮਰ ਵਿਚ ਹੀ ਕਰ ਦਿੱਤਾ ਸੀ। ਉਸ ਨੂੰ ਸ਼ਾਇਰੀ ਲਿਖਣ ਦੀ ਚੇਟਕ ਤਾਂ ਬਚਪਨ ਤੋਂ ਹੀ ਲੱਗ ਗਈ ਸੀ ਪਰ ਉਸ ਦੇ ਘਰਦਿਆਂ ਨੂੰ ਇਹ ਕੰਮ ਚੰਗੇ ਨਹੀਂ ਸਨ ਲੱਗਦੇ। ਇਕ ਦਿਨ ਉਸਦੇ ਲਿਖੇ ਗੀਤਾਂ ਦੀ ਕਾਪੀ ਉਸਦੀ ਮਾਤਾ ਜੀ ਦੇ ਹੱਥ ਲੱਗ ਗਈ ਸੀ ਜਿਸ ਕਾਰਨ ਸੁਖਵਿੰਦਰ ਨੂੰ ਡਾਂਟ ਦੇ ਨਾਲ-ਨਾਲ ਕੁੱਟ ਵੀ ਪਈ ਅਤੇ ਉਸ ਦੀ ਮਾਤਾ ਜੀ ਵਲੋਂ ਉਹ ਗੀਤਾਂ ਵਾਲੀ ਕਾਪੀ ਚੁੱਲੇ ਵਿਚ ਸਾੜ ਦਿੱਤੀ ਗਈ। ਉਸ ਦੀ ਹਾਲਤ ਤਾਂ ਇਹ ਸੀ ਕਿ ਉਹ ਆਪਣੇ ਬੋਲਾਂ ਨੂੰ ਸਿਰਫ਼ ਆਪਣੇ ਸੀਨੇ ਅੰਦਰ ਹੀ ਦੱਬ ਕੇ ਰੱਖ ਲੈਂਦੀ। ਸੁਖਵਿੰਦਰ ਦੇ ਪੰਜਾਬੀ ਗ਼ਜ਼ਲਕਾਰੀ ਵਿਚ ਮਸ਼ਹੂਰ ਹੋਣ ਤੋਂ ਇਹ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਕਿ ਉਸ ਨੇ ਕਿਨ੍ਹਾਂ ਹਾਲਾਤਾਂ ਵਿਚ ਆਪਣੇ ਸ਼ੌਂਕ ਪੂਰੇ ਕੀਤੇ ਹੋਣਗੇ। ਵਿਆਹ ਤੋਂ ਬਾਅਦ ਉਸ ਨੂੰ ਲੱਗਿਆ ਕਿ ਸ਼ਾਇਦ ਇਸ ਘਰ ਵਿਚ ਉਸ ਦੀ ਸ਼ਾਇਰੀ ਦੇ ਸੁਪਨੇ ਪੂਰੇ ਹੋ ਜਾਣਗੇ ਪਰ ਇਹ ਘਰ ਵੀ ਉਸਦੀ ਲਿਖ਼ਤ ਨੂੰ ਚੁੱਲੇ ਵਿਚ ਸਾੜਨ ਵਾਲਾ ਹੀ ਨਿਕਲਿਆ। ਪਰ ਸਮੇਂ ਦੇ ਬੀਤ ਜਾਣ ਨਾਲ ਉਸ ਨੇ ਆਪਣੇ ਜੀਵਨ ਸਾਥੀ ਨੂੰ ਆਪਣੀ ਸਿਆਣਪ ਅਤੇ

ਪਿਆਰ ਨਾਲ ਜਿੱਤ ਹੀ ਲਿਆ। ਜਿਸ ਸਦਕਾ ਉਸ ਦੇ ਜੀਵਨ ਸਾਥੀ ਨੇ ਉਸ ਦੀ ਲੇਖਣੀ ਦੇ ਸ਼ੌਂਕ ਪੂਰੇ ਕੀਤੇ। ਫਿਰ ਤਾਂ ਹਾਲਾਤ ਇਹ ਬਣ ਗਏ ਕਿ ਉਸ ਦੀ ਸੱਸ ਵੀ ਉਸ ਦੀਆਂ ਛੱਪੀਆਂ ਕਿਤਾਬਾਂ ਵੇਖ ਕੇ ਖ਼ੁਸ਼ ਹੁੰਦੀ ਅਤੇ ਉਸ ਤੋਂ ਉਮੀਦ ਕਰਦੀ ਕਿ ਉਹ ਹੋਰ ਲਿਖੇ ਅਤੇ ਉਸ ਦੀਆਂ ਲਿਖੀਆਂ ਕਿਤਾਬਾਂ ਦੀ ਗਿਣਤੀ ਵੱਧਦੀ ਹੀ ਜਾਵੇ।

ਸੁਖਵਿੰਦਰ ਅੰਮ੍ਰਿਤ ਨੂੰ ਵਿਸ਼ਵ ਪੰਜਾਬੀ ਕਾਨਫ਼ਰੰਸ ਵਿਚ ਡੈਲੀਗੇਟ ਦੇ ਤੌਰ ਤੇ ਲਾਹੌਰ ਜਾਣ ਦਾ ਮੌਕਾ ਮਿਲਿਆ। ਉਸ ਦੀ ਸ਼ਾਇਰੀ ਨੇ ਉੱਥੋਂ ਦੇ ਸਰੋਤਿਆਂ ਤੇ ਅਜਿਹਾ ਜਾਦੂ ਕੀਤਾ ਕਿ ਹਰ ਕਿਸੇ ਦੀ ਜ਼ੁਬਾਨ ਤੇ ਇਹੀ ਸੀ ਕਿ ਸੁਖਵਿੰਦਰ ਨੇ ਤਾਂ ਲਾਹੌਰ ਲੁੱਟ ਲਿਆ ਅਤੇ ਵੱਖ-ਵੱਖ ਅਖ਼ਬਾਰਾਂ ਨੇ ਉਸ ਦੀਆਂ ਇੰਟਰਵਿਊਆਂ ਛਾਪੀਆਂ। ਉਸ ਦੀ ਗ਼ਜ਼ਲਕਾਰੀ ਦੀ ਸਭ ਤੋਂ ਵੱਡੀ ਖ਼ੂਬੀ ਉਸ ਵਿਚਲਾ ਬੇਪਨਾਹ ਮੁਹੱਬਤ ਦਾ ਜਜ਼ਬਾ ਹੈ। ਉਸ ਦੀ ਸ਼ਾਇਰੀ ਵਿਚ ਉਸਦੀ ਜ਼ਿੰਦਗੀ, ਉਸ ਦਾ ਵਜੂਦ, ਉਸ ਦੇ ਰਿਸ਼ਤੇ ਸਭ ਕੁੱਝ ਹੀ ਸਮਾਏ ਹੋਏ ਹਨ। ਜਦੋਂ ਦੀ ਉਸ ਨੇ ਸੁਰਤ ਸੰਭਾਲੀ ਹੈ ਉਦੋਂ ਤੋਂ ਹੀ ਉਹ ਗੀਤਾਂ ਦੀ ਦੀਵਾਨੀ ਹੈ ਅਤੇ ਬਹੁਤ ਗੀਤ ਤਾਂ ਉਸ ਨੂੰ ਜ਼ੁਬਾਨੀ ਯਾਦ ਹਨ। ਉਹ ਆਪ ਵੀ ਛੋਟੇ ਹੁੰਦਿਆਂ ਤੋਂ ਹੀ ਗੀਤ ਜੋੜਨ ਲੱਗ ਪਈ ਸੀ। ਉਸ ਨੇ ਆਪਣੇ ਬਚਪਨ ਵਿਚ ਔਖੀ ਪੜ੍ਹਾਈ ਦੇ ਇਵਜ਼ ਵਿਚ ਇਕ ਗੀਤ ਜੋੜਿਆ ਸੀ। ਉਸ ਦੀਆਂ ਚੰਦ ਸਤਰਾਂ ਇਸ ਤਰ੍ਹਾਂ ਹਨ:

ਹਾਏ ਨੀ ਅਲਜਬਰਾ

ਹਾਏ ਨੀ ਅੰਗਰੇਜ਼ੀ

ਸਾਨੂੰ ਲੱਗਦੀ ਸਮਾਜਕ ਔਖੀ

ਨਾਗਰਿਕਤਾ ਵੀ ਕਿਹੜੀ ਸੌਖੀ

ਨੀ ਇਹ ਕੀ ਪੁਆੜਾ ਪੈ ਗਿਆ

ਸਾਨੂੰ ਲੱਗਦੀ ਏ ਖੇਡ ਪਿਆਰੀ

ਉਤੋਂ ਪੇਪਰਾਂ ਦੀ ਹੋਈ ਨਾ ਤਿਆਰੀ

ਮਹੀਨਾ ਸਾਰਾ ਇਕ ਰਹਿ ਗਿਆ।

(*ਪੁੰਨਿਆਂ* 14)

ਉਹ ਇਤਿਹਾਸ, ਮਿਥਿਹਾਸ ਤੇ ਕਿੱਸਿਆਂ ਦੇ ਕਿਰਦਾਰਾਂ ਵਿਚੋਂ ਵੀ ਆਪਣੇ ਵਿਸ਼ੇ ਲੱਭ ਹੀ ਲੈਂਦੀ ਹੈ। ਸੁਖਵਿੰਦਰ ਅੰਮ੍ਰਿਤ ਦੀਆਂ ਗ਼ਜ਼ਲਾਂ ਪਾਕੀਜ਼ਗੀ ਅਤੇ ਸ਼ਿੱਦਤ ਨਾਲ ਲਬਰੇਜ਼ ਹਨ। ਉਸ ਦੀਆਂ ਗ਼ਜ਼ਲਾਂ ਵਿਚ ਸੂਫ਼ੀਆਨਾ ਰੰਗਤ ਦਾ ਵੀ ਝਾਉਲਾ ਪੈਂਦਾ ਹੈ। ਉਸ ਦੀ ਇਕ ਕਿਤਾਬ ਸੂਫ਼ੀ ਕਵੀਆਂ ਨੂੰ ਸਮਰਪਿਤ ਹੈ। ਇਸ ਰੰਗਤ ਵਿਚ ਹੀ ਉਸ ਨੇ ਪੰਜਾਬੀ

ਦੇ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਨੂੰ ਸਮਰਪਿਤ 'ਮੁਰਸ਼ਦਨਾਮਾ' ਵੀ ਲਿਖਿਆ। ਉਸ ਦੀ ਸ਼ਾਇਰੀ ਦੇ ਸੰਦਰਭ ਵਿਚ ਸੁਰਜੀਤ ਪਾਤਰ ਲਿਖਦੇ ਹਨ:

> "ਸੁਖਵਿੰਦਰ ਦੀ ਸ਼ਾਇਰੀ ਵਿਚ ਇਕ ਅਨੂਠਾ ਜਿਹਾ ਹੁਸਨ, ਪਾਕੀਜ਼ਗੀ ਅਤੇ ਸ਼ਿੱਦਤ ਹੈ। ਉਸ ਦੀਆਂ ਗ਼ਜ਼ਲਾਂ ਨਾਲ ਪੰਜਾਬੀ ਸ਼ਾਇਰੀ ਵਿਚ ਇਕ ਇਹੋ ਜਿਹਾ ਰੰਗ ਪ੍ਰਵੇਸ਼ ਕਰਦਾ ਹੈ ਜੋ ਸੁਖਵਿੰਦਰ ਹੀ ਲੈ ਕੇ ਆਈ ਹੈ। ਇਸ ਵਿਚ ਪਿਆਰ, ਕੁਦਰਤ, ਹੁਸਨ, ਸੰਜੋਗ, ਵਿਜੋਗ ਦੇ ਇਹੋ ਜਿਹੇ ਮਰਹਲੇ ਤੇ ਮੰਜ਼ਰ ਬਿਆਨ ਕੀਤੇ ਗਏ ਹਨ ਜਿਨ੍ਹਾਂ ਤੇ ਕਿਸੇ ਵੀ ਭਾਸ਼ਾ ਦੀ ਸ਼ਾਇਰੀ ਮਾਣ ਕਰ ਸਕਦੀ ਹੈ। ਉਸ ਨੂੰ ਰੋਜ਼ ਉਹਨਾਂ ਮੁੰਡਿਆਂ ਤੇ ਕੁੜੀਆਂ ਦੇ ਖ਼ਤ ਆਉਂਦੇ ਹਨ ਜਿਨ੍ਹਾਂ ਲਈ ਉਹ ਪ੍ਰੇਰਣਾ ਸਰੋਤ ਹੈ, ਜਿਹਨਾਂ ਲਈ ਉਹ ਆਸ ਦੀ ਕਿਰਨ ਹੈ, ਜਿਨ੍ਹਾਂ ਲਈ ਉਹ ਜਿਊਣ ਦਾ ਅੰਦਾਜ਼ ਹੈ। ਪੂਰਨ ਦੇ ਜਾਣ ਤੇ ਸੁੰਦਰਾਂ ਨੇ ਆਪਣੇ ਮਹਿਲ ਤੋਂ ਛਾਲ ਮਾਰ ਕੇ ਆਤਮ-ਹੱਤਿਆ ਕਰ ਲਈ ਸੀ ਪਰ ਸੁਖਵਿੰਦਰ ਉਹ ਸੁੰਦਰਾਂ ਹੈ ਜੋ ਆਪਣੀ ਇਕੱਲਤਾ ਦੀ ਅਟਾਰੀ ਤੋਂ ਡਿੱਗ ਕੇ ਮਰੀ ਨਹੀਂ ਸਗੋਂ ਕਾਲੇ ਮੋਤੀਆਂ ਵਾਂਗ ਚਿੱਟੇ ਪੰਨਿਆਂ ਤੇ ਬਿਖਰ ਗਈ ਹੈ।"
>
> (*ਪੁੰਨਿਆਂ* 18)

ਸੁਖਵਿੰਦਰ ਅੰਮ੍ਰਿਤ ਨੇ ਕਈ ਕਾਵਿ-ਸੰਗ੍ਰਹਿ ਅਤੇ ਗ਼ਜ਼ਲ-ਸੰਗ੍ਰਹਿ ਲਿਖੇ ਹਨ। ਜਿਨ੍ਹਾਂ ਵਿਚ 'ਸੂਰਜ ਦੀ ਦਹਿਲੀਜ਼', 'ਚਿਰਾਗਾਂ ਦੀ ਡਾਰ', 'ਪੱਤਝੜ ਵਿਚ ਪੁੰਗਰਦੇ ਪੱਤੇ', 'ਹਜ਼ਾਰ ਰੰਗਾਂ ਦੀ ਲਾਟ', 'ਕੇਸਰ ਦੇ ਛਿੱਟੇ' ਅਤੇ 'ਪੁੰਨਿਆਂ' ਗ਼ਜ਼ਲ-ਸੰਗ੍ਰਹਿ ਸ਼ਾਮਿਲ ਹਨ ਅਤੇ ਦੋ ਕਾਵਿ-ਸੰਗ੍ਰਹਿ 'ਕਣੀਆਂ', ਅਤੇ 'ਧੁੱਪ ਦੀ ਚੁੰਨੀ' ਪ੍ਰਮੁੱਖ ਹਨ।

**ਸੁਰਜੀਤ ਸਖੀ ਸਾਹਿਤਕ ਸਫ਼ਰ:** ਪਰਵਾਸੀ ਪੰਜਾਬੀ ਗ਼ਜ਼ਲਕਾਰਾ ਸੁਰਜੀਤ ਸਖੀ ਅਮਰੀਕਾ ਦੀ ਧਰਤੀ ਤੇ ਰਹਿੰਦੀ ਹੋਈ ਵੀ ਪੰਜਾਬੀ ਮਾਂ-ਬੋਲੀ ਅਤੇ ਪੰਜਾਬੀ ਸਾਹਿਤ ਨਾਲ ਜੁੜੀ ਹੋਈ ਹੈ। ਉਹ ਨਿਰੰਤਰ ਕਾਵਿ-ਰਚਨਾ ਕਰਦੀ ਨਜ਼ਰ ਆਉਂਦੀ ਹੈ। ਉਸ ਦੀ ਗ਼ਜ਼ਲ ਵਿਚ ਔਰਤ ਮਰਦ ਪਿਆਰ, ਮਨੁੱਖੀ ਰਿਸ਼ਤੇ, ਮਾਨਵੀ ਸਰੋਕਾਰ, ਵਾਤਾਵਰਣ ਚੇਤਨਾ, ਪ੍ਰਕਿਰਤੀ ਪਿਆਰ, ਮਨੁੱਖੀ ਸੰਵੇਗ, ਰਾਜਨੀਤੀ ਆਦਿ ਬਹੁਤ ਵਿਸ਼ੇ ਹਨ। ਉਸ ਦੀਆਂ ਗ਼ਜ਼ਲਾਂ ਵਿਚ ਵਿਚਾਰਧਾਰਾ, ਦਰਸ਼ਨ, ਗਿਆਨ ਦੇ ਭਾਰੀ ਸ਼ਬਦਾਂ ਦੇ ਕਥਨ ਨਹੀਂ ਸਗੋਂ ਉਸ ਕੋਲ ਘਟਨਾਵਾਂ, ਪਰਸਥਿਤੀਆਂ ਅਤੇ ਇਤਿਹਾਸ ਮਿਥਿਹਾਸ ਨੂੰ ਢੁਕਵੇਂ ਕਾਵਿਕ ਪ੍ਰਤੀਬਿੰਬਾਂ ਵਿਚ ਢਾਲਣ ਦੀ ਕਾਵਿਕ ਸਮਰੱਥਾ ਅਤੇ ਕਲਪਨਾ ਸ਼ਕਤੀ ਹੈ। ਉਸ ਦੀਆਂ ਗ਼ਜ਼ਲਾਂ ਦੇ ਆਪਣੇ ਵਿਸ਼ੇ ਹੁੰਦੇ ਹੋਏ ਵੀ ਹਰ ਇਕ ਗ਼ਜ਼ਲ ਦੇ ਸ਼ਿਅਰ ਵਿਚ ਅਨੇਕਾਂ ਹੀ ਵਿਸ਼ੇ ਪਰੋਏ ਹੋਏ ਹਨ। ਉਸ ਦੀਆਂ ਗ਼ਜ਼ਲਾਂ ਉਸ ਦੀ ਚਿੰਤਨਸ਼ੀਲ, ਪ੍ਰਤੀਬੱਧ ਤੇ ਗੰਭੀਰ ਕਿਸਮ ਦੀ ਕਲਮਕਾਰੀ ਨੂੰ ਸਥਾਪਿਤ ਕਰਦੀਆਂ ਹਨ। ਉਸ ਦੀ ਗ਼ਜ਼ਲਕਾਰੀ ਸਥਿਤੀਆਂ ਤੋਂ ਪ੍ਰੇਰਿਤ ਹੋ ਕੇ ਮਨੁੱਖੀ ਵਿਚਾਰ ਸ਼ਕਤੀ ਦੇ ਵਿਕਾਸ ਦੀ ਹਾਮੀ ਭਰਦੀ ਹੈ। ਉਹ ਆਪਣੀ ਸ਼ਾਇਰੀ ਲਈ ਸ਼ਬਦਾਂ ਅਤੇ ਸ਼ੇਲੀ ਦੀ ਚੋਣ ਕਰਨ ਸਮੇਂ ਗੰਭੀਰ ਅਤੇ ਸੁਚੇਤ ਹੈ। ਉਸ ਦੀ ਗ਼ਜ਼ਲਕਾਰੀ

ਸਥਾਨਿਕ ਸਰੋਕਾਰਾਂ ਤੋਂ ਸਮਾਜਿਕ ਆਜ਼ਾਦੀ ਨਾਲ ਜੁੜੇ ਵਿਸ਼ਵ ਪੱਧਰੀ ਸਰੋਕਾਰਾਂ ਤੱਕ ਫੈਲਦੀ ਨਜ਼ਰ ਆਉਂਦੀ ਹੈ। ਇਸ ਸੰਦਰਭ ਵਿਚ ਜਗਵਿੰਦਰ ਜੋਧਾ ਦੇ ਵਿਚਾਰ ਹਨ,

> "ਸੁਰਜੀਤ ਸਖੀ ਦੀ ਗ਼ਜ਼ਲਕਾਰੀ ਪੰਜਾਬੀ ਗ਼ਜ਼ਲ ਦਾ ਮਾਣਮੱਤਾ ਅਧਿਆਇ ਹੈ। ਉਸ ਦੀ ਆਮਦ ਸਦਕਾ ਪੰਜਾਬੀ ਸਮਾਜ ਦੀ ਅੱਧੀ ਆਬਾਦੀ ਨੂੰ ਇਸ ਵਿਧਾ ਦੇ ਹਵਾਲੇ ਨਾਲ ਜ਼ੁਬਾਨ ਮਿਲੀ। ਉਸ ਦੀ ਗ਼ਜ਼ਲਕਾਰੀ ਆਪਣੀ ਸੰਵੇਦਨਾ ਦੀ ਗੂੰਜ ਕਾਰਨ ਕਦੇ ਵੀ ਪੰਜਾਬੀ ਵਿਚਾਰ ਵਿਚੋਂ ਗੈਰ ਹਾਜ਼ਰ ਨਹੀਂ ਰਹੀ।"

(*ਧੁੰਦ* ਸਰਵਰਕ)

ਉਸ ਨੇ ਪੰਜਾਬੀ ਸਾਹਿਤ ਨੂੰ ਕਾਵਿ-ਸੰਗ੍ਰਹਿ ਅਤੇ ਗ਼ਜ਼ਲ-ਸੰਗ੍ਰਹਿ ਦਿੱਤੇ ਹਨ। 'ਕਿਰਨਾਂ', 'ਅੰਗੂਠੇ ਦਾ ਨਿਸ਼ਾਨ', 'ਜਵਾਬੀ ਖ਼ਤ ਤੇ ਹੋਰ ਕਵਿਤਾਵਾਂ', ਉਸਦੇ ਕਾਵਿ-ਸੰਗ੍ਰਹਿ ਹਨ ਅਤੇ 'ਮੈਂ ਸਿਕੰਦਰ ਨਹੀਂ', 'ਧੁੰਦ' ਉਸਦੇ ਗ਼ਜ਼ਲ ਸੰਗ੍ਰਹਿ ਹਨ ਅਤੇ ਇਕ ਹਿੰਦੀ ਗ਼ਜ਼ਲ ਸੰਗ੍ਰਹਿ 'ਯਹ ਉਨ ਦਿਨੋਂ ਕੀ ਬਾਤ ਹੈ' ਵੀ ਪ੍ਰਕਾਸ਼ਿਤ ਹੋ ਚੁੱਕੇ ਹਨ।

**ਅਜ਼ੀਮ ਸ਼ੇਖਰ ਸਾਹਿਤਕ ਸਫ਼ਰ:** ਅਜ਼ੀਮ ਸ਼ੇਖਰ ਪਰਵਾਸੀ ਪੰਜਾਬੀ ਗ਼ਜ਼ਲਗੋ ਹੈ। ਉਹ ਪੰਜਾਬ ਦੇ ਬਠਿੰਡਾ ਸ਼ਹਿਰ ਦਾ ਜੰਮਪਲ ਹੈ ਅਤੇ ਹੁਣ ਇੰਗਲੈਂਡ ਵਿਚ ਕਈ ਸਾਲਾਂ ਤੋਂ ਆਪਣੇ ਪਰਿਵਾਰ ਸਮੇਤ ਰਹਿ ਰਿਹਾ ਹੈ ਅਤੇ ਉੱਥੋਂ ਹੀ ਰਚਨਾਵਾਂ ਲਿਖ ਕੇ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰ ਰਿਹਾ ਹੈ। ਉਸ ਨੇ ਪੰਜਾਬੀ ਗ਼ਜ਼ਲ ਦੇ ਖ਼ੇਤਰ ਵਿਚ ਆਪਣੇ ਵੱਖਰੇ ਹਸਤਾਖ਼ਰ ਉਲੀਕੇ ਹਨ। ਪੰਜਾਬੀ ਗ਼ਜ਼ਲ ਦੇ ਵਾਰਿਸ ਮੰਨੇ ਜਾਂਦੇ ਸ਼ਾਇਰਾਂ ਵਿਚ ਅਜ਼ੀਮ ਸ਼ੇਖ਼ਰ ਦਾ ਇਕ ਚਰਚਿੱਤ ਨਾਮ ਹੈ। ਉਸ ਦੀਆਂ ਲਿਖ਼ਤਾਂ ਹਰ ਰਮਜ਼ ਨਾਲ ਵਾਰਤਾਲਾਪ ਕਰਦੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਮਨੁੱਖੀ ਹਿਰਦੇ ਵਿਚ ਵੱਸਦੀਆਂ ਜਾਂਦੀਆਂ ਹਨ। ਉਹਨਾਂ ਦੀ ਸ਼ਾਇਰੀ ਵਿਚ ਵਿਚਾਰ ਡੂੰਘਾਈ ਨਾਲ ਪੇਸ਼ ਹੋਏ ਹਨ। ਉਸ ਦੀ ਸ਼ਾਇਰੀ ਬਾਰੇ ਇਲਿਆਸ ਘੁੰਮਣ ਦਾ ਕਹਿਣਾ ਹੈ:

> "ਅਜ਼ੀਮ ਸ਼ੇਖ਼ਰ ਦਾ ਨਾਮ ਪੰਜਾਬੀ ਦੇ ਉਹਨਾਂ ਸ਼ਾਇਰਾਂ ਵਿਚ ਆਉਂਦਾ ਹੈ ਜੋ ਪੰਜਾਬੀ ਗ਼ਜ਼ਲ ਦੇ ਵਾਰਿਸ ਆਖੇ ਜਾ ਸਕਦੇ ਹਨ। ਉਸ ਦੀਆਂ ਲਿਖ਼ਤਾਂ ਪੜ੍ਹਦਿਆਂ ਤੁਹਾਨੂੰ ਸਮੇਂ ਦੀ ਹਰ ਰਮਜ਼ ਨਾਲ ਵਾਰਤਾਲਾਪ ਕਰਨ ਦਾ ਅਵਸਰ ਮਿਲਦਾ ਹੈ। ਸ਼ੇਖ਼ਰ ਦੀ ਸ਼ਾਇਰੀ ਮਨ ਦੇ ਅਨੰਤ ਵੇਗਾਂ ਨੂੰ ਆਪਣੀ ਤੋਰੇ ਤੋਰਨ ਜਾਣਦੀ ਹੈ, ਸ਼ਾਇਰ ਦੇ ਸ਼ਿਅਰ ਜਿਉਂਦੇ ਜਾਗਦੇ ਤੇ ਸਾਹ ਲੈਂਦੇ ਹੋਏ ਮਹਿਸੂਸ ਹੁੰਦੇ ਹਨ। ਆਉਂਦੀ ਭਲਕ ਵਿਚ ਵੀ ਮੈਨੂੰ ਸ਼ੇਖ਼ਰ ਅਤੇ ਉਸ ਦੀ ਕਲਮ ਤੋਂ ਬਹੁਤ ਚੰਗੀਆਂ ਆਸਾਂ-ਉਮੀਦਾਂ ਹਨ।"

(*ਹਵਾ ਨਾਲ ਖੁੱਲ੍ਹਦੇ ਬੂਹੇ* 15)

ਅਜ਼ੀਮ ਸ਼ੇਖ਼ਰ ਮਨੁੱਖੀ ਜੀਵਨ ਅੰਦਰ ਸਮਾਨਾਂਤਰ ਰੂਪ ਵਿਚ ਚਲ ਰਹੇ ਅਤੇ ਵਿਸ਼ਾਲ ਦਿਸ-ਹੱਦਿਆਂ ਵੱਲ ਵੱਧ ਰਹੇ ਅਹਿਸਾਸਾਂ ਦੀ ਪੇਸ਼ਕਾਰੀ ਕਰਨ ਵਾਲਾ ਗ਼ਜ਼ਲਗੋ ਹੈ। ਉਹ ਪੰਜਾਬੀ ਗ਼ਜ਼ਲ ਸੰਸਾਰ ਦਾ ਇਕ ਜਾਣਿਆ-ਪਛਾਣਿਆ ਅਤੇ ਚਰਚਿਤ ਨਾਮ ਹੈ। ਉਸ ਦੀ ਸਮੁੱਚੀ ਗ਼ਜ਼ਲ ਮਾਨਵੀ ਸਰੋਕਾਰ, ਔਰਤ-ਮਰਦ ਪਿਆਰ, ਪਰਵਾਸੀ ਜੀਵਨ, ਅਜੋਕੀ ਰਾਜਨੀਤੀ, ਪਾਖੰਡਵਾਦ ਆਦਿ ਵਿਸ਼ਿਆਂ ਨੂੰ ਆਪਣੇ ਕਲਾਵੇ ਵਿਚ ਸਮੋਈ ਬੈਠੀ ਹੈ। ਉਸ ਦੀ ਗ਼ਜ਼ਲਕਾਰੀ ਵਿਚ ਪੰਜਾਬ ਅਤੇ ਵਿਦੇਸ਼ੀ ਘਟਨਾਵਾਂ ਆਦਿ ਵਿਸ਼ਿਆਂ ਦੀ ਗੱਲ ਕੀਤੀ ਮਿਲਦੀ ਹੈ। ਉਸ ਦੀ ਗ਼ਜ਼ਲਕਾਰੀ ਵਿਚ ਸਦੀਆਂ ਤੋਂ ਚਲੀ ਆ ਰਹੀ ਕਿਰਤੀਆਂ ਦੀ ਲੁੱਟ ਦੀ ਆਵਾਜ਼ ਸੁਣਾਈ ਦਿੰਦੀ ਹੈ। ਉਹ ਆਪਣੀ ਗ਼ਜ਼ਲਕਾਰੀ ਰਾਹੀਂ ਕਿਰਤੀ ਕਾਮਿਆਂ ਦੇ ਹੱਕਾਂ ਵਿਚ ਆਵਾਜ਼ ਉਠਾਉਂਦਾ ਹੈ। ਉਸ ਕੋਲ ਸਮਾਜ ਅਤੇ ਰਾਜਨੀਤੀ ਨੂੰ ਸਮਝ ਸਕਣ ਦੀ ਇਤਿਹਾਸਕ ਸੂਝ ਅਤੇ ਬਹੁਪੱਖੀ ਸਮਰੱਥਾ ਹੈ। ਉਸ ਦੀ ਗ਼ਜ਼ਲਕਾਰੀ ਬਾਰੇ ਪੂਰਨ ਸਿੰਘ ਲਿਖਦੇ ਹਨ:

> "ਸਾਊ, ਸੰਗਾਊ ਅਤੇ ਸਾਧਾਰਨ ਦਿਸਣ ਵਾਲਾ ਸ਼ੇਖ਼ਰ ਨਿਰਾ ਸ਼ੇਖ਼ਰ ਹੀ ਨਹੀਂ ਸਗੋਂ ਅਜ਼ੀਮ ਵੀ ਹੈ। ਅਜ਼ੀਮ ਸ਼ੇਖ਼ਰ ਮੈਨੂੰ ਆਪਣੀ ਅਜ਼ਮਤ ਤੋਂ ਸਦਾ ਹੀ ਅਣਜਾਣ ਪ੍ਰਤੀਤ ਹੋਇਆ ਹੈ। ਖੜੋਤੇ ਪਾਣੀ ਕਦੇ ਸਲਾਹੇ ਨਹੀਂ ਗਏ। ਮਨੁੱਖੀ ਸਿਆਣਪ ਸਦਾ ਹੀ ਖੜੋਤੇ ਪਾਣੀਆਂ ਦੇ ਤ੍ਰਕਜਾਣ ਦਾ ਤੌਖਲਾ ਮਹਿਸੂਸ ਕਰਦੀ ਹੈ। ਅਜ਼ੀਮ ਸ਼ੇਖ਼ਰ ਨੇ ਪਹਿਲੀ ਵਾਰ ਖੜੋਤੇ ਪਾਣੀਆਂ ਦੀ ਅਜ਼ਮਤ ਦੀ ਗੱਲ ਕਰ ਕੇ ਮਨੁੱਖੀ ਸਿਆਣਪ ਦੇ ਫ਼ੈਸਲਿਆਂ ਵਿਚ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਹੈ। ਜਿਹੜਾ ਸ਼ੇਖ਼ਰ ਪਾਣੀਆਂ ਦੀ ਸੁੰਦਰਤਾ ਵੇਖ ਸਕਦਾ ਹੈ ਉਸ ਲਈ ਮਨੁੱਖੀ ਰਿਸ਼ਤਿਆਂ ਦੀ ਸੁੰਦਰਤਾ ਕਿੰਨੀ ਕੁ ਮਹੱਤਵਪੂਰਣ ਹੋ ਸਕਦੀ ਹੈ, ਇਸ ਦਾ ਅੰਦਾਜ਼ਾ ਲਗਾਉਣਾ ਔਖਾ ਨਹੀਂ।"
>
> (*ਹਵਾ ਨਾਲ ਖੁੱਲ੍ਹਦੇ ਬੂਹੇ* 16)

ਅਜ਼ੀਮ ਸ਼ੇਖ਼ਰ ਨੇ ਪੰਜਾਬੀ ਸਾਹਿਤ ਵਿਚ ਆਪਣੀਆਂ ਰਚਨਾਵਾਂ ਰਾਹੀਂ ਗਿਣਾਤਮਕ ਤਾਂ ਨਹੀਂ ਪਰ ਗੁਣਾਤਮਕ ਵਾਧਾ ਜ਼ਰੂਰ ਕੀਤਾ ਹੈ। ਉਸ ਨੇ ਪੰਜਾਬੀ ਸਾਹਿਤ ਨੂੰ ਤਿੰਨ ਗ਼ਜ਼ਲ ਸੰਗ੍ਰਹਿ ਦਿੱਤੇ ਹਨ। 'ਸੁੱਕੀ ਨਦੀ ਦੀ ਰੇਤ (1996)', 'ਮੁੰਦਰਾਂ (2000)', 'ਹਵਾ ਨਾਲ ਖੁੱਲ੍ਹਦੇ ਬੂਹੇ (2011)'।

**ਸੁਰਿੰਦਰ ਸਿੰਘ ਸੀਰਤ ਸਾਹਿਤਕ ਸਫ਼ਰ:** ਸੁਰਿੰਦਰ ਸੀਰਤ ਦਾ ਜਨਮ ਕਸ਼ਮੀਰ ਵਿਚ ਸ. ਗੁਰਬਖਸ਼ ਸਿੰਘ ਦੇ ਘਰ ਹੋਇਆ। ਉਹਨਾਂ ਨੇ ਐਮ. ਐਸ.ਸੀ (ਫਿਜ਼ਿਕਸ) ਦੀ ਡਿਗਰੀ ਹਾਸਿਲ ਕੀਤੀ ਹੋਈ ਹੈ। ਉਹਨਾਂ ਨੇ ਵੀਹ ਸਾਲ ਤੱਕ ਜੰਮੂ ਦੇ ਸਾਇੰਸ ਕਾਲਜ ਵਿਚ ਸੇਵਾ ਨਿਭਾਈ ਅਤੇ ਆਈ. ਬੀ. ਐਮ ਕਾਲਜ ਕੈਲੀਫੋਰਨੀਆ ਵਿਚ ਅੱਠ ਸਾਲ ਸੇਵਾ ਨਿਭਾਈ। ਇਸ ਸਮੇਂ ਉਹ ਪਿਛਲੇ ਤੇਰਾਂ ਸਾਲਾਂ ਤੋਂ ਪੋਸਟਲ ਵਿਭਾਗ ਯੂ. ਐਸ.ਏ ਵਿਚ ਸੇਵਾ ਨਿਭਾ ਰਹੇ ਹਨ।

**ਸਾਹਿਤਕ ਉਪਲੱਬਧੀ:** ਉਹਨਾਂ ਨੇ ਆਪਣਾ ਸਾਹਿਤਕ ਸਫ਼ਰ 1968 ਵਿਚ ਸ਼੍ਰੀ ਨਗਰ ਵਿਚ ਇਕ ਸਾਧਾਰਨ ਲੇਖਕ ਵਜੋਂ ਆਰੰਭ ਕੀਤਾ। 1973 ਵਿਚ ਉਹ ਪੰਜਾਬੀ ਲੇਖਕ ਸਭਾ ਜੰਮੂ ਦਾ ਮੈਂਬਰ ਵੀ ਰਿਹਾ। ਉਹ 1980 ਵਿਚ

ਪੰਜਾਬੀ ਸਾਹਿਤ ਸਭਾ ਦਾ ਜੀਵਨ ਮੈਂਬਰ ਹੈ। ਉਹਨਾਂ ਨੇ 1992 ਵਿਚ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਿਚ ਬਣਾਈ। 2002 ਵਿਚ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦਾ ਨਿਰਮਾਣ ਕਰਤਾ ਵੀ ਰਹੇ।

**ਸਾਹਿਤਕ ਪੁਰਸਕਾਰ:** ਉਹਨਾਂ ਨੂੰ ਪਹਿਲੀ ਕਾਵਿ-ਪੁਸਤਕ 'ਛੱਲਾਂ (1982)', ਪਹਿਲਾ ਉਪਨਿਆਸ 'ਭਰਮ ਭੁਲਾਈਆਂ (1987)' ,ਪਹਿਲਾ ਗ਼ਜ਼ਲ-ਸੰਗ੍ਰਹਿ 'ਕਿਰਚਾਂ (1991)' ਲਈ ਜੰਮੂ ਕਸ਼ਮੀਰ ਅਕੈਡਮੀ ਆਫ ਆਰਟ ਕਲਚਰ ਐਂਡ ਲੈਂਗਵੇਜਿਜ਼ ਵਲੋਂ ਪ੍ਰਥਮ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਉਹਨਾਂ ਨੂੰ ਵੱਖ-ਵੱਖ ਸਾਹਿਤਕ ਸੰਸਥਾਵਾਂ ਵਲੋਂ 'ਸਰਬ ਉੱਤਮ ਸਾਹਿਤਕਾਰ' ਦੇ ਪੁਰਸਕਾਰਾਂ ਨਾਲ ਨਿਵਾਜਿਆ ਗਿਆ। ਉਹਨਾਂ ਨੂੰ ਡਾ. ਮੋਹਨ ਸਿੰਘ ਪੁਰਸਕਾਰ ਵੀ ਹਾਸਿਲ ਹੋਇਆ। ਉਹਨਾਂ ਨੇ ਇੰਡੀਅਨ ਪੋਇਟਿਕਸ ਕਾਨਫਰੰਸ ਚੰਡੀਗੜ੍ਹ ਵਲੋਂ 2017 ਵਿਚ 'ਸਾਹਿਰ ਲੁਧਿਆਨਵੀ' ਪੁਰਸਕਾਰ ਵੀ ਪ੍ਰਾਪਤ ਕੀਤਾ। ਸੁਰਿੰਦਰ ਸੀਰਤ ਦੀ ਗ਼ਜ਼ਲਕਾਰੀ ਨੇ ਪੰਜਾਬੀ ਸਾਹਿਤ ਵਿਚ ਸੰਪੂਰਣਤਾ ਦੀ ਮੰਜ਼ਿਲ ਵੱਲ ਬਹੁਤ ਲੰਮੀਆਂ ਪੁਲਾਂਘਾਂ ਪੁੱਟੀਆਂ ਹਨ। ਉਹ ਆਪਣੇ ਅਸਤਿਤਵ ਦੇ ਹਰ ਪਹਿਲੂ ਬਾਰੇ ਗੂੜ੍ਹੀ ਜਾਣਕਾਰੀ ਰੱਖਦਾ ਹੈ। ਉਸ ਦੀ ਲਿਖ਼ਤ ਵਿਚ ਭਾਵਾਂ ਦਾ ਕਲਾਤਮਕ ਅਤੇ ਸ਼ਬਦ ਚਿਤਰਣ ਦੀ ਬਹੁਤ ਦਿਲਕਸ਼ ਢੰਗ ਨਾਲ ਪੇਸ਼ਕਾਰੀ ਹੋਈ ਹੈ। ਉਸ ਦੀ ਸ਼ਾਇਰੀ ਦੇ ਇਵਜ਼ ਵਿਚ ਮਰਿਹੂਮ ਗ਼ਜ਼ਲਗੋ ਡਾ. ਜਗਤਾਰ ਲਿਖਦੇ ਹਨ:

> "ਸੁਰਿੰਦਰ ਸੀਰਤ ਬਾਕਮਾਲ ਸ਼ਾਇਰ ਹੈ। ਉਸਦੇ ਸ਼ਿਅਰਾਂ ਵਿਚ ਤਾਜ਼ਗੀ ਹੈ। ਉਸ ਦੀ ਭਾਸ਼ਾ ਵਿਚ ਤਾਜ਼ਾ ਲਹੂ ਦੌੜ ਰਿਹਾ ਹੈ। ਜੋ ਪ੍ਰਚਲਿਤ ਮੁਹਾਵਰੇ ਤੋਂ ਕਾਫੀ ਭਿੰਨ ਹੈ। ਬਦੇਸ਼ਾਂ ਵਿਚ ਗ਼ਜ਼ਲ ਕਹਿ ਰਹੇ ਸਿਰਕੱਢ ਗ਼ਜ਼ਲਕਾਰਾਂ ਵਿਚੋਂ ਉਹ ਇਕ ਹੈ। ਜਿਸਦਾ ਨਿਵੇਕਲਾ ਅੰਦਾਜ਼ੇ-ਬਿਆਂ ਅਤੇ ਨਿਵੇਕਲਾ ਤਰਜ਼ੇ-ਫ਼ਿਕਰ ਹੈ।"

(ਸੂਰਤ ਸੀਰਤ ਅਤੇ ਸ਼ਰਾਬ 5)

**ਪੰਜਾਬੀ ਸਾਹਿਤ ਨੂੰ ਦੇਣ:** ਉਹਨਾਂ ਨੇ ਪੰਜਾਬੀ ਸਾਹਿਤ ਨੂੰ ਕਈ ਲਿਖ਼ਤਾਂ ਦਿੱਤੀਆਂ ਹਨ। ਜਿਨ੍ਹਾਂ ਵਿਚ ਕਾਵਿ-ਸੰਗ੍ਰਹਿ, ਗ਼ਜ਼ਲ-ਸੰਗ੍ਰਹਿ ਅਤੇ ਨਾਵਲ ਮੌਜੂਦ ਹਨ। ਉਹਨਾਂ ਨੇ ਆਪਣਾ ਸਾਹਿਤਕ ਸਫ਼ਰ ਕਾਵਿ-ਸੰਗ੍ਰਹਿ 'ਛੱਲਾਂ-1980' ਤੋਂ ਆਰੰਭ ਕੀਤਾ। ਦੂਜਾ ਕਾਵਿ-ਸੰਗ੍ਰਹਿ 'ਖ਼ਲਾਅ 'ਚ ਟੰਗੇ ਹਰਫ਼-1985', ਤੀਜਾ ਨਾਵਲ 'ਭਰਮ ਭੁਲਾਈਆਂ-1986', ਚੌਥਾ ਗ਼ਜ਼ਲ-ਸੰਗ੍ਰਹਿ 'ਕਿਰਚਾਂ-1990', ਪੰਜਵਾਂ ਕਾਵਿ ਅਤੇ ਗ਼ਜ਼ਲ ਸੰਗ੍ਰਹਿ 'ਕਿੱਕਰ ਕੰਡੇ-1992', ਛੇਂਵਾਂ ਗ਼ਜ਼ਲ-ਸੰਗ੍ਰਹਿ 'ਸੂਰਤ ਸੀਰਤ ਸਰਾਬ-2002', ਸੱਤਵਾਂ ਗ਼ਜ਼ਲ-ਸੰਗ੍ਰਹਿ 'ਸੇਜ ਸੂਲੀ ਤੇ ਸਲੀਬ-2007', ਅੱਠਵਾਂ ਗ਼ਜ਼ਲ-ਸੰਗ੍ਰਹਿ 'ਅਰੂਪੇ ਅੱਖਰਾਂ ਦਾ ਅਕਸ-2014' ਵਿਚ ਛਪੇ ਹਨ।

**ਤਾਹਿਰਾ ਸਰਾ ਸਾਹਿਤਕ ਸਫ਼ਰ:** ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਦਾ ਜਨਮ ਪਾਕਿਸਤਾਨ ਦੇ ਲਾਹੌਰ ਵਿਚ ਹੋਇਆ। 'ਸ਼ੀਸ਼ਾ' ਤਾਹਿਰਾ ਸਰਾ ਦੀ ਪਲੇਠੀ ਕਾਵਿ ਕਿਰਤ ਹੈ। ਇਸ ਤੋਂ ਪਹਿਲਾਂ ਉਹਨਾਂ ਨੂੰ ਯੂ-ਟਿਊਬ ਰਾਹੀਂ ਆਪਣੇ ਵਿਲੱਖਣ ਅੰਦਾਜ਼ ਵਿਚ ਮਹਿਫ਼ਲਾਂ ਵਿਚ ਕਲਾਮ ਪੜ੍ਹਦਿਆਂ ਸਰੋਤਿਆਂ ਵਲੋਂ ਵਾਹ ਵਾਹੀ ਕਰਵਾਉਂਦਿਆਂ ਵੇਖਿਆ

ਗਿਆ। ਉਸਨੇ ਆਪਣੇ ਇਸ ਨਿਵੇਕਲੇ ਅੰਦਾਜ਼ ਰਾਹੀਂ ਮੌਜੂਦਾ ਸ਼ਾਇਰਾਂ ਦੀ ਭੀੜ ਵਿਚੋਂ ਨਿਵੇਕਲੀ ਪਛਾਣ ਬਣਾਈ। ਉਹਨਾਂ ਬਾਰੇ ਪ੍ਰਸਿੱਧ ਸ਼ਾਇਰ ਤਰਲੋਕ ਬੀਰ ਲਿਖਦੇ ਹਨ:

> "ਪੰਜਾਬੀ ਸ਼ਾਇਰੀ ਵਿਚ ਜਿੱਥੇ ਬਾਬਾ ਫ਼ਰੀਦ, ਬੁੱਲੇ ਸ਼ਾਹ, ਬਾਹੂ ਤੇ ਬਾਬਾ ਨਾਨਕ ਸਮੇਤ ਕਈ ਹੋਰ ਅਜ਼ੀਮ ਸ਼ਾਇਰਾਂ, ਸ਼ਖਸੀਅਤਾਂ ਨੇ ਰੂਹਾਨੀ, ਰੂਮਾਨੀ ਤੇ ਸਮਾਜੀ ਵਿਸ਼ਿਆਂ ਉੱਤੇ ਆਪਣੀਆਂ ਸ਼ਾਇਰਾਨਾਂ ਕਿਰਤਾਂ ਨਾਲ ਪੰਜਾਬੀ ਕਾਵਿ ਸਾਹਿਤ ਨੂੰ ਮਾਲਾ-ਮਾਲ ਕੀਤਾ ਹੈ, ਉੱਤੇ ਇਕ ਓਧ ਨਾਂਅ ਨੂੰ ਛੱਡ ਪਿੱਛਲੇ ਜਜ਼ਾਰ ਕੁ ਸਾਲ 'ਚ ਕੋਈ ਸ਼ਾਇਰਾ ਸਾਹਮਣੇ ਨਹੀਂ ਆਈ। ਇਸ ਦਾ ਕਾਰਨ ਮਰਦ ਪ੍ਰਧਾਨ ਸਮਾਜੀ ਗਲਬਾ ਵੀ ਹੋ ਸਕਦਾ ਹੈ ਯਾ ਮੁੱਢ ਕਦੀਮ ਤੋਂ ਨਾਰੀ ਦਾ ਆਪਣੇ ਆਪ ਨੂੰ ਤਗੜਾ ਨਾ ਕਰ ਕੇ ਇਨਕਾਰੀ ਨਾ ਹੋਣਾ ਵੀ ਹੈ। ਜੋ ਵੀ ਹੋਵੇ ਤਾਹਿਰਾ ਸਰਾ ਸ਼ਾਇਰੀ ਦਾ ਆਗਾਜ਼ ਹੀ ਇਥੋਂ ਕਰਦੀ ਹੈ ਜਿਸ ਨੂੰ ਸਮਝਣ ਲਈ ਸਮਕਾਲੀ ਸ਼ਾਇਰਾਵਾਂ ਬਹੁਤ ਪੱਛੜ ਜਾਂਦੀਆਂ ਹਨ।"
>
> (*ਸ਼ੀਸ਼ਾ* 13)

ਸ਼ਾਇਰਾ ਤਾਹਿਰਾ ਸਰਾ 'ਸ਼ੀਸ਼ਾ' ਗ਼ਜ਼ਲ ਸੰਗ੍ਰਹਿ ਰਾਹੀਂ ਆਪਣੇ ਆਪ ਨੂੰ ਹੀ ਸ਼ੀਸ਼ਾ ਬਣਾਈ ਨਜ਼ਰ ਆਉਂਦੀ ਹੈ ਜਿਸ ਵਿਚੋਂ ਸ਼ਿਅਰ ਵਿਚਲਾ ਸੱਚ ਪੂਰਾ ਦ੍ਰਿਸ਼ਟੀਗੋਚਰ ਹੋਵੇ। ਆਪਣੀਆਂ ਰਚਨਾਵਾਂ ਰਾਹੀਂ ਉਹ ਸਮਾਜ ਦੇ ਸਾਰਿਆਂ ਵਿਸ਼ਿਆਂ ਨੂੰ ਪੂਰੀ ਤਰ੍ਹਾਂ ਛੂੰਹਦੀ ਹੈ ਅਤੇ ਆਪਣੇ ਅੰਦਰਲੀ ਤ੍ਰਾਸਦੀ ਨੂੰ ਸ਼ਬਦਾਂ ਰਾਹੀਂ ਬਿਆਨ ਕਰਦੀ ਹੈ। ਉਸ ਦੀ ਬਿਆਨਕਾਰੀ ਵਿਚ ਪੂਰਾ ਜਲੋਅ ਅਤੇ ਗੱਲ ਨੂੰ ਬਹੁਤ ਹੀ ਬੇਬਾਕੀ ਨਾਲ ਕਹਿਣ ਦੀ ਕਲਾ ਹੈ।

**ਪੰਜਾਬੀ ਸਾਹਿਤ ਨੂੰ ਦੇਣ:** ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਦੀ 'ਸ਼ੀਸ਼ਾ' ਗ਼ਜ਼ਲ ਸੰਗ੍ਰਹਿ ਇਕ ਪਲੇਠਾ ਗ਼ਜ਼ਲ-ਸੰਗ੍ਰਹਿ ਹੈ। ਜੋ ਸਾਲ 2019 ਵਿਚ ਪ੍ਰਕਾਸ਼ਿਤ ਹੋਇਆ। ਉਹਨਾਂ ਨੂੰ 14 ਮਾਰਚ 2022 ਨੂੰ ਲਾਹੌਰ ਵਿਖੇ ਸਰਵਸ਼੍ਰੇਸ਼ਠਸ਼ਾਇਰਾ ਦੇ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।

**ਗੌਤਮ ਸਾਹਿਤਕ ਸਫ਼ਰ:** ਕੈਨੇਡੀਅਨ ਪੰਜਾਬੀ ਸ਼ਾਇਰ ਗੌਤਮ ਦਾ ਜਨਮ ਨਕੋਦਰ ਪੰਜਾਬ ਵਿਖੇ ਹੋਇਆ। ਉਹਨਾਂ ਦੀ ਮੁੱਢਲੀ ਸਿੱਖਿਆ ਉਹਨਾਂ ਦੇ ਜੱਦੀ ਪਿੰਡ ਚੂਹੜ ਚੱਕ ਨਕੋਦਰ ਵਿਖੇ ਹੋਈ। ਉਸ ਤੋਂ ਬਾਅਦ ਉਹਨਾਂ ਨੇ ਬੀ. ਐਸ.ਸੀ ਮੈਡੀਕਲ ਸਾਇੰਸ ਦੀ ਪੜ੍ਹਾਈ ਕੀਤੀ ਅਤੇ ਫਿਰ ਮੋਹਾਲੀ ਵਿਖੇ ਐਮ. ਐਸ.ਸੀ ਫੋਰੈਂਸਿਕ ਸਾਇੰਸ ਵਿਚ ਕੀਤੀ। ਉਹਨਾਂ ਦਾ ਪੰਜਾਬੀ ਗ਼ਜ਼ਲ ਸੰਗ੍ਰਹਿ 'ਸੁਪਨੇ ਸੌਣ ਨਾ ਦਿੰਦੇ' ਪਲੇਠਾ ਗ਼ਜ਼ਲ ਸੰਗ੍ਰਹਿ ਹੈ। ਉਹਨਾਂ ਬਾਰੇ ਪ੍ਰਸਿੱਧ ਆਲੋਚਕ ਡਾ. ਧਨਵੰਤ ਕੌਰ ਜੀ ਲਿਖਦੇ ਹਨ:

> "ਸਾਹਿਤਕਾਰ ਦੀ ਟੇਕ ਸੱਚ, ਸਹਿਜ ਤੇ ਸੁਹਜ ਉੱਪਰ ਹੋਣੀ ਚਾਹੀਦੀ ਹੈ ਤਾਂ ਹੀ ਸਾਹਿਤ 'ਸਤਿਅਮ, ਸ਼ਿਵਮ, ਸੁੰਦਰਮ' ਦੇ ਧਰਮ ਨੂੰ ਨਿਭਾ ਸਕਦਾ ਹੈ। ਗੌਤਮ ਗੁਣਵਾਨ ਸ਼ਾਇਰ ਹੈ।

ਉਸਦੀ ਸ਼ਾਇਰੀ ਅਸਲੋਂ ਸੱਚ, ਸੁਹਜ ਤੇ ਸਹਿਜ ਦੀ ਸ਼ਾਇਰੀ ਹੈ। ਉਸ ਨੂੰ ਮਨੁੱਖੀ ਵਿਹਾਰ ਦੀਆਂ ਗਹਿਨ ਸੰਰਚਨਾਵਾਂ ਵਿਚ ਕੰਮ ਕਰਦੇ ਬਿੰਦੂਆਂ ਦਾ ਚਿੰਤਨੀ ਚਿਤਰਨ ਕਰਨਾ ਵੀ ਆਉਂਦਾ ਹੈ। ਸੱਚ ਨੂੰ ਸਾਹਿਤਕ ਸੁਹਜ ਵਿਚ ਦੀ ਲੰਘਾ ਕੇ ਸਹਿਜਤਾ ਨਾਲ ਆਪਣੀ ਰਚਨਾਤਮਕ ਕਲਪਨਾ ਦੀ ਤਾਕਤ ਨਾਲ ਸਿਰਜਣਾਤਮਕ ਰੂਪ ਦੇਣਾ ਵੀ ਆਉਂਦਾ ਹੈ ਤੇ ਦੱਸਣ ਨਾਲੋਂ ਦਰਸਾਉਣ ਦਾ ਗੌਤਮ ਦਾ ਅੰਦਾਜ਼ ਬਿਆਂ ਵੀ ਆਪਣਾ ਹੀ ਹੈ।"

(*ਸੁਪਨੇ ਸੌਣ ਨਾ ਦਿੰਦੇ* 4)

**ਪੰਜਾਬੀ ਸਾਹਿਤ ਨੂੰ ਦੇਣ:** ਕੈਨੇਡੀਅਨ ਪੰਜਾਬੀ ਸ਼ਾਇਰ ਗੌਤਮ ਦੀ ਪਹਿਲੀ ਪੰਜਾਬੀ ਗ਼ਜ਼ਲ ਸੰਗ੍ਰਹਿ 'ਸੁਪਨੇ ਸੌਣ ਨਾ ਦਿੰਦੇ' 2020 ਵਿਚ ਪ੍ਰਕਾਸ਼ਿਤ ਹੋਈ ਕਿਤਾਬ ਹੈ। ਜਿਸ ਵਿਚ ਉਹਨਾਂ ਨੇ ਸਮਾਜ ਦੇ ਹਰ ਇਕ ਪਹਿਲੂ ਨੂੰ ਬਾਖ਼ੂਬੀ ਨਿਭਾਇਆ ਹੈ। ਖ਼ਾਸ ਕਰ ਕੇ ਵਿਦੇਸ਼ੀ ਧਰਤੀ ਤੇ ਰਹਿੰਦੇ ਪੰਜਾਬੀਆਂ ਦੇ ਦਰਦ ਨੂੰ ਆਪਣੀਆਂ ਰਚਨਾਵਾਂ ਵਿਚ ਬਿਆਨ ਕੀਤਾ ਹੈ।

**ਵਿਸ਼ੇ ਨਾਲ ਸਬੰਧਤ ਚੁਣੇ ਹੋਏ ਗ਼ਜ਼ਲਕਾਰਾਂ ਨਾਲ ਮੁਲਾਕਾਤਾਂ:**

**ਸੁਰਜੀਤ ਸਖੀ ਨਾਲ ਮੁਲਾਕਾਤ:**

1.ਪ੍ਰਸ਼ਨ: ਵਿਸ਼ਵੀਕਰਨ ਦੇ ਦੌਰ ਵਿਚ ਲਿਖੀ ਜਾ ਰਹੀ ਪੰਜਾਬੀ ਗ਼ਜ਼ਲ ਪਰਿਵਾਰਕ ਰਿਸ਼ਤਿਆਂ ਨੂੰ ਕਿਵੇਂ ਬਿਆਨ ਕਰਦੀ ਹੈ?

ਉੱਤਰ: ਜੇ ਵਿਸ਼ਵੀਕਰਨ ਵਿਚ ਲਿਖੀ ਜਾ ਰਹੀ ਪੰਜਾਬੀ ਗ਼ਜ਼ਲ ਦੀ ਗੱਲ ਕਰਨੀ ਹੋਵੇ ਤਾਂ ਇਹ ਗਹਿਰੀ ਖੋਜ ਦਾ ਵਿਸ਼ਾ ਹੈ। ਇੱਥੇ ਮੈਂ ਕੇਵਲ ਆਪਣੀ ਗ਼ਜ਼ਲ ਦੀ ਹੀ ਗੱਲ ਕਰਾਂਗੀ। ਵਿਸ਼ਵੀਕਰਨ ਅਤੇ ਇਸ ਨਾਲ ਸਬੰਧਤ ਵਿਉਪਾਰ ਵਿਵਸਥਾ ਦਾ ਮਨੁੱਖੀ ਜੀਵਨ ਉੱਤੇ ਡੂੰਘਾ ਪ੍ਰਭਾਵ ਪਿਆ ਹੈ। ਪਰਿਵਾਰ ਤਣਾਅ ਦੀ ਭੇਂਟ ਚੜ੍ਹ ਰਹੇ ਹਨ। ਨਾ ਜੀਵਨ ਸ਼ੈਲੀ ਹੀ ਪਹਿਲਾਂ ਵਰਗੀ ਦੁੱਖ-ਸੁੱਖ ਦੀ ਭਾਈਵਾਲਤਾ, ਇੱਕਜੁੱਟਤਾ ਅਤੇ ਤਿਆਗ ਦੀ ਭਾਵਨਾ ਨਹੀਂ ਹੈ ਅਤੇ ਰਿਸ਼ਤੇ ਪਹਿਲਾਂ ਵਾਂਗ ਆਦਰਸ਼ਕ ਅਤੇ ਸੰਵੇਦਨਸ਼ੀਲ ਨਹੀਂ ਰਹੇ। ਜਿੱਥੇ ਵਿਸ਼ਵੀਕਰਨ ਦੇ ਬਹੁਤਸਾਰ ਹਾਂ-ਪੱਖੀ ਪ੍ਰਭਾਵ ਦੇਖਣ ਨੂੰ ਮਿਲਦੇ ਹਨ। ਜਿੱਥੇ ਸੂਚਨਾ ਤਕਨੀਕ, ਬਾਜ਼ਾਰ ਦੀ ਚਮਕ-ਦਮਕ ਅਤੇ ਆਧੁਨਿਕ ਸੁੱਖ-ਸੁਵਿਧਾਵਾਂ ਕਾਰਨ ਜੀਵਨ ਸੁਖਾਲਾ ਹੋ ਰਿਹਾ ਹੈ, ਉੱਥੇ ਪਰਿਵਾਰਕ ਰਿਸ਼ਤਿਆਂ ਵਿਚ ਬਦਲਾਅ ਅਤੇ ਬਿਖਰਾਅ ਵੀ ਵੱਧ ਗਿਆ ਹੈ। ਇਸ ਦਾ ਸਾਹਿਤ ਉੱਤੇ ਪ੍ਰਭਾਵ ਪੈਣਾ ਸੁਭਾਵਿਕ ਹੈ। ਗ਼ਜ਼ਲ ਵੀ ਇਸ ਤੋਂ ਅਛੂਤੀ ਨਹੀਂ ਰਹੀ। ਉਦਾਹਰਣ ਦੇ ਤੌਰ ਤੇ ਮੇਰੀਆਂ ਗ਼ਜ਼ਲਾਂ ਦੇ ਕੁੱਝ ਸ਼ਿਅਰ ਹਨ:

'ਉਸ ਦੀ ਵਪਾਰਕ ਸੋਚ ਨੇ, ਬੰਦੇ ਤੋਂ ਬੰਦਾ ਤੋਲਿਐ,
ਫਿਰ ਕਿਉਂ ਉਦਾ ਵਾਅਦਾ ਵੀ ਹੈ ਸਭ ਦੇ ਬਰਾਬਰ ਹੋਣ ਦਾ।'

'ਕਈ ਤਰ੍ਹਾਂ ਦੇ ਖੰਭ ਅੱਜ, ਨੇ ਵਿਕ ਰਹੇ ਬਾਜ਼ਾਰ ਵਿਚ,
ਵਿਸਾਰ ਦਿੱਤੀ ਤੋਰ ਵੀ ਉਡਾਰੀਆਂ ਦੀ ਆਸ ਨੇ।'

'ਤਹਿਜ਼ੀਬ ਦੇ ਪਹਿਰੇਦਾਰਾਂ ਲਈ, ਕਿਉਂ ਔਖੀ ਸਾਂਭ ਜਵਾਨੀ ਦੀ,
ਕੀ ਧੀਆਂ ਤੇ ਕੀ ਪੁੱਤਰਾਂ ਨੂੰ, ਕਿਉਂ ਉਮਰਾਂ ਦਾ ਪਰਵਾਸ ਮਿਲੇ।'

ਪਿਆਰ, ਮੁਹੱਬਤ, ਰਿਸ਼ਤੇ, ਨਾਤੇ ਸਾਂਝ ਪੁਰਾਣੀ ਸਦੀਆਂ ਦੀ,
ਸਭ ਕੁੱਝ ਵੇਖੋ ਵੇਚਣ ਲਾਇਆ ਬੰਦੇ ਦੀ ਖੁਦਗਰਜ਼ੀ ਨੇ।'

2. ਪ੍ਰਸ਼ਨ: ਤੁਹਾਡੀ ਗ਼ਜ਼ਲ ਸਮਾਜ-ਸਭਿਆਚਾਰ ਦੀ ਅਭਿਵਿਅਕਤੀ ਕਿਵੇਂ ਕਰਦੀ ਹੈ?

ਉੱਤਰ: ਮਨੁੱਖ ਸਮਾਜਿਕ ਪ੍ਰਾਣੀ ਹੈ। ਸਭਿਆਚਾਰ ਦੀ ਉੱਤਪਤੀ ਅਤੇ ਵਿਸਥਾਰ ਵੀ ਸਮਾਜ ਦੇ ਨਾਲ-ਨਾਲ ਹੀ ਚਲਦਾ ਰਹਿੰਦਾ ਹੈ। ਇਸ ਵਿਚ ਵਿਚਰਦਿਆਂ ਹੋਇਆਂ ਜੋ ਸਾਹਿਤ ਰਚਿਆ ਜਾਂਦਾ ਹੈ ਇਸ ਦਾ ਅਸਰ ਉਸ ਤੇ ਵੀ ਪੈਂਦਾ ਹੈ। ਇਹੀ ਉਸ ਦੀ ਅਭਿਵਿਅਕਤੀ ਹੁੰਦੀ ਹੈ। ਮਿਸਾਲ ਦੇ ਤੌਰ ਤੇ ਮੇਰੀਆਂ ਗ਼ਜ਼ਲਾਂ ਦੇ ਸ਼ਿਅਰ ਵੇਖੇ ਜਾ ਸਕਦੇ ਹਨ:

'ਪੀਂਘ ਤੋਂ ਲੈ ਕੇ, ਹਰੇ ਫੁਲਕਾਰੀਆਂ ਦੇ ਮੋਰ ਤੱਕ,
ਲੈ ਗਏ ਸਭ ਲੋਕ, ਕੰਧਾਂ ਘਰ ਦੀਆਂ ਕਮਜੋਰ ਤੱਕ।'

(*ਮੈਂ ਸਿਕੰਦਰ ਨਹੀਂ* 29)

ਜੇ ਸਾਰੇ ਨਕਸ਼ ਵਟਾਏ ਤਾਂ, ਰਹਿਣਾ ਵੀ ਸੌਖਾ ਹੋ ਜਾਣੈ,
ਘਰ ਦੀ ਤਸਵੀਰ ਪੁਰਾਣੀ ਵਿਚ, ਚਲ ਕੁੱਝ-ਕੁੱਝ ਨਵਾਂ ਕਰੀਏ।'

(*ਧੁੰਦ* 20)

'ਮੀਂਹ, ਗਰਦਿਸ਼, ਤੂਫਾਨ, ਹਨੇਰੀ, ਤੇਰੇ ਸਿਰ ਤੋਂ ਲੰਘੇ ਨੇ,
ਮਿੱਤਰਾ! ਫਿਰ ਵੀ ਝੂੰਮ-ਝੂੰਮ ਕਰਦੈ, ਰੰਗ ਤੇਰੀ ਫੁਲਕਾਰੀ ਦਾ।'

(*ਧੁੰਦ* 66)

'ਮੁੱਦਤ ਮਗਰੋਂ ਪਿੰਡ ਆਪਣਾ ਵੀ ਘੁੰਮ ਕੇ ਤੱਕਿਆ ਅੱਜ,
ਨਾ ਉਹ ਖਿੱਚ ਦਿਲਾਂ ਵਿਚ ਬਾਕੀ ਨਾ ਉਹ ਬੇਪਰਵਾਹੀਆਂ ਨੇ।'

(*ਧੁੰਦ* 76)

'ਪੁਰੇ ਦੀ ਪੌਣ ਚੱਲੇ, ਮੁੜ ਪਵੇ ਮੌਸਮ ਗੁਲਾਬਾਂ ਦਾ,
ਚਲੋ ਫਿਰ ਤੋਂ ਸ਼ੁਰੂ, ਗੀਤਾਂ ਦਾ ਉਹੀਓ ਸਿਲਸਿਲਾ ਕਰੀਏ।'

(*ਧੁੰਦ* 25)

'ਦੁਰਲੱਭ ਰੰਗਾਂ ਦੇ ਇਹ ਵਸਤਰ, ਮਿਲਦੇ ਕਾਸ਼ ਅਸਾਂ ਨੂੰ ਵੀ,
ਪੰਛੀਆਂ ਦੀ ਪੋਸ਼ਾਕ ਬਣਾਈ, ਖਬਰੇ ਕਿਹੜੇ ਦਰਜ਼ੀ ਨੇ।'

(*ਧੁੰਦ* 33)

3. ਪ੍ਰਸ਼ਨ: ਪੂੰਜੀਵਾਦੀ ਦੌਰ ਵਿਚ ਸਮਾਜ ਵਿਚਲੇ ਆਰਥਿਕ ਵਰਤਾਰੇ ਨੂੰ ਪੰਜਾਬੀ ਗ਼ਜ਼ਲ ਕਿਵੇਂ ਪੇਸ਼ ਕਰਦੀ ਹੈ?

ਉੱਤਰ: ਸਮੁੱਚੀ ਪੰਜਾਬੀ ਗ਼ਜ਼ਲ ਬਾਰੇ ਗੱਲ ਕਰਨੀ ਇੱਥੇ ਸੰਭਵ ਨਹੀਂ। ਮੈਂ ਕੇਵਲ ਆਪਣੀ ਗ਼ਜ਼ਲ ਦੀ ਹੀ ਗੱਲ ਕਰਾਂਗੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੂੰਜੀਵਾਦੀ ਦੌਰ ਵਿਚ ਜੀਵਨ ਸੁੰਦਰ ਅਤੇ ਹੋਰ ਸੁਖਾਵਾਂ ਹੋ ਗਿਆ ਹੈ ਪਰ ਇਸ ਨਾਲ ਸਮਾਜ ਦੇ ਹਰ ਖੇਤਰ ਵਿਚ ਪੈਸਾ ਪ੍ਰਧਾਨ ਹੋ ਗਿਆ ਹੈ। ਰਿਸ਼ਤੇ ਨਾਤੇ ਵੀ ਮੰਡੀਕਰਨ ਦਾ ਸ਼ਿਕਾਰ ਹੋ ਚੁੱਕੇ

ਹਨ। ਚਾਰੇ ਪਾਸੇ ਦਿਖਾਵੇ ਦਾ ਬੋਲਬਾਲਾ ਹੋਣ ਕਾਰਨ ਹਰ ਬੰਦਾ ਆਪਣੀ ਸਮਰੱਥਾ ਤੋਂ ਵੱਧ-ਚੜ੍ਹ ਕੇ ਪ੍ਰਦਰਸ਼ਨ ਕਰਨ ਦਾ ਯਤਨ ਕਰਦਾ ਹੈ। ਇਸ ਤਰ੍ਹਾਂ ਦੇ ਵਾਤਾਵਰਨ ਵਿਚ ਗ਼ਜ਼ਲ ਵੀ ਉਹੀ ਕੁੱਝ ਬਿਆਨ ਕਰਦੀ ਹੈ ਜੋ ਅਸਲੀਅਤ ਹੈ:

'ਹਰ ਆਦਮੀ ਦੇ ਪੈਰ ਅੱਜ, ਚਾਦਰ ਤੋਂ ਬਾਹਰ ਨੇ,
ਸ਼ਾਇਦ ਕਿਸੇ ਨੇ ਲਾਹ ਲਈ, ਕਾਤਰ ਜ਼ਰਾ-ਜ਼ਰਾ।'

(*ਮੈਂ ਸਿਕੰਦਰ ਨਹੀਂ* 42)

'ਇਹ ਸੂਰਜ ਚੰਦ ਵੀ ਵਿਕਦੇ ਪਏ ਬਾਜ਼ਾਰ ਵਿਚ ਅੱਜਕੱਲ੍ਹ,
ਤਿਰੀ ਕਿਸ ਕਿਸ ਅਦਾ ਦੀ ਜ਼ਿਦਗੀ! ਕੀਮਤ ਅਦਾ ਕਰੀਏ।'

(ਧੁੰਦ ਸਫਾ 25)

'ਉੱਚਿਆਂ ਮਹਿਲਾਂ ਤੱਕ ਪਹੁੰਚਣ ਲਈ,
ਸਭ ਟੇਢੀਆਂ-ਮੇਢੀਆਂ ਰਾਹਵਾਂ ਨੇ।'

(ਧੁੰਦ ਸਫਾ 36)

'ਇਮਾਰਤ ਖੋਖਲੀ ਹੈ, ਚਮਕਦੇ ਰੰਗਾਂ ਦਾ ਧੋਖਾ ਹੈ,
ਬੜੀ ਵਕਤੀ ਜਿਹੀ ਹੈ, ਇਹ ਜੋ ਖੁਸ਼ਹਾਲੀ ਨਜ਼ਰ ਆਵੇ।'

(ਧੁੰਦ ਸਫਾ 46)

'ਅਸਾਡੇ ਹੀ ਘਰਾਂ ਅੰਦਰ, ਕਦੇ ਝਾਤੀ ਨਹੀਂ ਪਾਉਂਦੀ,
ਹਮੇਸ਼ਾ ਜ਼ਿੰਦਗੀ ਬਾਜ਼ਾਰ 'ਚੋਂ, ਲੰਘਦੀ ਹੈ ਬਣ-ਠਣ ਕੇ।'

(ਧੁੰਦ ਸਫਾ 50)

4. ਪ੍ਰਸ਼ਨ: ਉਦਾਰਵਾਦੀ ਨਿਜੀਕਰਨ ਦੇ ਚਲਦੇ ਹੋਏ ਪੰਜਾਬੀ ਗ਼ਜ਼ਲ ਰਾਜਨੀਤੀ ਦੇ ਕਿਹੜੇ ਪੱਖਾਂ ਦਾ ਯਥਾਰਥ ਪੇਸ਼ ਕਰਦੀ ਹੈ?

ਉੱਤਰ ਵਿਸ਼ਵ ਬਾਜ਼ਾਰ ਹੁਣ ਇਕ ਖੁੱਲ੍ਹੀ ਮੰਡੀ ਬਣ ਗਈ ਹੈ। ਜਿਸ ਵਿਚ ਵਪਾਰੀ ਵਰਗ ਅਤੇ ਉਪਭੋਗਤਾ ਦੇ ਮੱਧ ਵਿਚ ਰਾਜਨੀਤਕ ਉਦਾਰਵਾਦੀ ਨੀਤੀਆਂ ਦਲਾਲੀ ਦਾ ਕੰਮ ਕਰਦੀਆਂ ਹਨ। ਸਾਰਾ ਅਰਥਚਾਰਾ ਕੁੱਝ ਕ ਤੱਥਾਂ ਤੱਕ ਸੀਮਤ ਹੋਣ ਲੱਗਦਾ ਹੈ। ਇਸ ਵਰਤਾਰੇ ਦਾ ਪ੍ਰਭਾਵ ਆਮ ਮਨੁੱਖ ਉੱਤੇ ਪੈਂਦਾ ਹੈ। ਕਲਾ ਦਾ ਹਰ ਮਾਧਿਅਮ ਸਿੱਧੇ-ਅਸਿੱਧੇ ਢੰਗ ਨਾਲ ਇਹ ਅਸਰ ਕਬੂਲਦੀ ਹੈ। ਇਹਨਾਂ ਸ਼ਿਅਰਾਂ ਚੋਂ ਮਨੁੱਖ ਦੀ ਤ੍ਰਾਸਦੀ ਝਲਕਦੀ ਹੈ।

'ਸ਼ੂਕਦੀ ਆਈ ਕਿਤੋਂ, ਤਾਮੀਰ ਦੀ ਅੰਨ੍ਹੀ ਨਦੀ,
ਕੀਮਤਾਂ ਕਦਰਾਂ ਦੇ ਖੰਡਰ ਵੀ ਵਹਾ ਕੇ ਲੈ ਗਈ।'

(ਮੈਂ ਸਿਕੰਦਰ ਨਹੀਂ ਸਫਾ 37)

'ਜਿੱਤਣ ਪਿੱਛੋਂ ਗਾਇਬ ਮਨ,
ਮੁੱਦਤ ਪਿਛੋਂ ਦਿਸੇ ਨੇ
ਐਨੀ ਵੱਡੀ ਚੋਰੀ ਦੇ ਵਿਚ,
ਕਿਸ ਦੇ ਕਿਸ ਦੇ ਹਿੱਸੇ ਨੇ?'

(ਧੁੰਦ ਸਫਾ 51)

5. ਪ੍ਰਸ਼ਨ: ਵਰਤਮਾਨ ਸਮੇਂ ਵਿਚ ਪੰਜਾਬੀ ਜੀਵਨ ਦੇ ਕਿਹੜੇ ਪਹਿਲੂਆਂ ਨੂੰ ਪੰਜਾਬੀ ਗ਼ਜ਼ਲ ਰਾਹੀਂ ਪੇਸ਼ ਕੀਤਾ ਜਾ ਰਿਹਾ ਹੈ?

ਉੱਤਰ: ਵਰਤਮਾਨ ਸਮੇਂ ਵਿਚ ਆਰਥਿਕ ਅਸਥਿਰਤਾ ਦੇ ਚਲਦਿਆਂ ਪੰਜਾਬੀ ਗ਼ਜ਼ਲ ਵਿਚ ਆਰਥਿਕ ਲੁੱਟ-ਖਸੁੱਟ, ਸਮਾਜਿਕ ਨਿਘਾਰ, ਰਿਸ਼ਤਿਆਂ ਦਾ ਵਪਾਰੀਕਰਨ ਅਤੇ ਪਰਵਾਸ ਵਰਗੇ ਵਿਸ਼ੇ ਪ੍ਰਮੁੱਖ ਹਨ। ਗ਼ਜ਼ਲ ਦੇ ਇਨ੍ਹਾਂ ਸ਼ਿਅਰਾਂ ਵਿਚ ਇਹ ਸਮੱਸਿਆਂਵਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ।

'ਹਰ ਇਕ ਦੇ ਸਿਰ ਤੇ ਹੈ ਸੂਰਜ,

ਹਰ ਇਕ ਦੇ ਪੈਰੀਂ ਮਾਰੂਥਲ

ਇਸ ਤਾਰਾਂ ਤਾਰਾਂ ਦਾਮਨ ਦੀ

ਕਿਸ ਕਿਸ ਦੇ ਸਿਰ ਤੇ ਛਾਂ ਕਰੀਏ।'

(ਧੁੰਦ ਸਫਾ 20)

ਨਵੇਂ ਮਹਿਮਾਨ ਹੈ ਇਹ, ਨਜ਼ਰਾਂ ਬਚਾ ਕੇ ਘਰਦਿਆਂ ਕੋਲੋਂ,

ਘਰਾਂ ਦੇ ਭੇਦ ਵੀ ਪੁੱਛਦੇ ਪਏ ਨੇ, ਪਰਦਿਆਂ ਕੋਲੋਂ।'

(ਧੁੰਦ ਸਫਾ 63)

ਸਿਮਰਤੀਆਂ ਵਿਚ ਜੰਗਲ ਵੱਸਦਾ, ਲੋਕੀਂ ਬਣੇ ਮਸ਼ੀਨਾਂ ਵਾਂਗ,

ਜਿਉਂ ਪਿੰਜਰੇ ਵਿਚ ਪੰਛੀ ਕੋਈ, ਸੁਪਨਾ ਲਵੇ ਉਡਾਰੀ ਦਾ।'

(ਧੁੰਦ ਸਫਾ 60)

6. ਪ੍ਰਸ਼ਨ: ਨਾਰੀਵਾਦ ਨੂੰ ਤੁਸੀਂ ਕਿਵੇਂ ਪਰਿਭਾਸ਼ਤ ਕਰਦੇ ਹੋ ਅਤੇ ਤੁਹਾਡੀ ਗ਼ਜ਼ਲ ਵਿਚ ਇਸਦੀ ਪੇਸ਼ਕਾਰੀ ਕਿਵੇਂ ਹੋਈ ਹੈ?

ਉੱਤਰ: ਨਾਰੀਵਾਦ ਦੇ ਮਸਲੇ ਨੂੰ ਮੇਰੀ ਗ਼ਜ਼ਲ ਵਿਚ ਪ੍ਰਤੀਕਾਤਮਕਤਾ ਰਾਹੀਂ ਵੱਖ-ਵੱਖ ਪਰਸਥਿਤੀਆਂ ਦੇ ਸੰਦਰਭ ਵਿਚ ਪੇਸ਼ ਕੀਤਾ ਗਿਆ ਹੈ। ਉਦਾਹਰਣ ਵਜੋਂ:

'ਫਿਰ ਇਹ ਸੂਰਜ, ਮਿਰੀ ਬੁਕਲ ਚ ਆ ਕੇ ਮੂੰਹ ਛੁਪਾਏਗਾ,

ਜੇ ਕਤਰੇ ਤੋਂ ਸਮੁੰਦਰ ਹੋਣ ਦੀ ਮੁਹਲਤ ਮਿਲੀ ਮੈਨੂੰ।' (ਮੈਂ ਸਿਕੰਦਰ ਨਹੀਂ ਸਫਾ-59)

ਦਾਜ ਦਾ ਸ਼ਿਵ-ਧਨੁਸ਼ ਆਪੇ ਤੋੜ ਕੇ,

ਅੱਜ ਦੀ ਸੀਤਾ ਚੁਣੇ ਤਾਂ ਵਰ ਚੁਣੇ।' (ਮੈਂ ਸਿਕੰਦਰ ਨਹੀਂ ਸਫਾ 73)

'ਨਿੱਤ ਆਲ੍ਹਣਿਆਂ ਵਿਚ ਖੁਸ਼ ਰਹਿਣਾ, ਹੁਣ ਚਿੜੀਆਂ ਦੀ ਤਕਦੀਰ ਨਹੀਂ

ਜੇ ਬਿਜਲੀ ਕੋਲੋਂ ਬਚੀਆਂ ਤਾਂ ਸ਼ਿਕਰੇ ਦੀ ਨਜ਼ਰੀਂ ਚੜ੍ਹੀਆਂ ਨੇ।'

(ਧੁੰਦ ਸਫਾ 14)

'ਇਨਕਲਾਬ ਦੀ ਜੋਤ ਜਗੇਗੀ, ਆਪਣੇ ਘਰ ਦੇ ਚੁੱਲ੍ਹੇ ਤੋਂ

ਹੱਕ ਵੀ ਆਪਣਾ ਲੈ ਹੀ ਲੈਣਾ, ਬੱਚਿਆਂ ਵਾਲੀਆਂ ਮਾਂਵਾਂ ਨੇ।'

(ਧੁੰਦ ਸਫਾ 17)

ਸੌਂਪੀ ਭਾਵੇਂ ਬੁੱਢੇ ਨੂੰ,

ਕੰਨਿਆਦਾਨ ਜ਼ਰੂਰੀ ਸੀ।'

(ਧੁੰਦ ਸਫਾ 73)

7. ਪ੍ਰਸ਼ਨ: ਗਲੋਬਲਾਈਜੇਸ਼ਨ ਨੇ ਮਨੁੱਖੀ ਵਰਤਾਰੇ ਵਿਚ ਕੀ ਬਦਲਾਅ ਲਿਆਂਦੇ ਹਨ?

ਉੱਤਰ: ਗਲੋਬਲਾਈਜੇਸ਼ਨ ਦਾ ਆਧਾਰ ਉਤਪਾਦਨ ਅਤੇ ਮੁਨਾਫਾ ਹੈ। ਇਸ਼ਤਿਹਾਰਬਾਜ਼ੀ ਰਾਹੀਂ ਪਹਿਲਾਂ ਮਨੁੱਖ ਨੂੰ ਕਿਸੇ ਲੋੜ ਦਾ ਅਨੁਭਵ ਕਰਵਾਉਣਾ ਅਤੇ ਫਿਰ ਉਸ ਲੋੜ ਦੀ ਪੂਰਤੀ ਦਾ ਭਰੋਸਾ ਦਿਵਾਉਣਾ। ਇਹ ਸਾਰਾ ਤਾਣਾ-ਬਾਣਾ ਇਸ

ਤਰ੍ਹਾਂ ਉਲਝਾਇਆ ਜਾਂਦਾ ਹੈ ਕਿ ਇਸ ਤੋਂ ਬੱਚ ਕੇ ਨਿਕਲਣਾ ਅਸੰਭਵ ਹੋ ਜਾਂਦਾ ਹੈ। ਮੀਡੀਆ ਇਸਸਾਰੀ ਪ੍ਰਕਿਰਿਆ ਵਿਚ ਅਹਿਮ ਰੋਲ ਅਦਾ ਕਰਦਾ ਹੈ। ਮੇਰੀਆਂ ਕੁੱਝ ਗ਼ਜ਼ਲਾਂ ਦੇ ਸ਼ਿਅਰ ਇਸ ਅਵਸਥਾ ਦੀ ਗੱਲ ਕਰਦੇ ਹਨ:

'ਜੰਗਲ ਜ਼ਰੂਰਤਾਂ ਦਾ, ਸਹੂਲਤ ਦਾ ਇਸ਼ਤਿਹਾਰ
ਕੁੱਲੀ ਕਿਸੇ ਫਕੀਰ ਦੀ ਲਿਖਵਾ ਕੇ ਲੈ ਗਿਆ।'

(ਮੈਂ ਸਿਕੰਦਰ ਨਹੀਂ ਸਫਾ 42)

'ਜੀਵਨ ਦੀ ਜਾਦੂ-ਨਗਰੀ ਨੇ,
ਉਹ ਨਾਗ ਵਲੇਵਾਂ ਹੈ ਪਾਇਆ
ਜੀਵਨ ਤਾਂ ਭਾਵੇਂ ਮੁੱਕ ਜਾਵੇ
ਨਾ ਕਰਮਾਂ ਤੋਂ ਸੰਨਿਆਸ ਮਿਲੇ।'

(ਧੁੰਦ ਸਫਾ 56)

8. ਪ੍ਰਸ਼ਨ: ਪੰਜਾਬੀ ਗ਼ਜ਼ਲ ਅਤੇ ਪਰਵਾਸੀ ਪੰਜਾਬੀ ਗ਼ਜ਼ਲ ਬਾਰੇ ਆਪਣੇ ਵਿਚਾਰ ਦੇਵੋ?

ਉੱਤਰ: ਜੇ ਸਮੁੱਚੀ ਗ਼ਜ਼ਲ ਅਤੇ ਪਰਵਾਸੀ ਪੰਜਾਬੀ ਗ਼ਜ਼ਲ ਬਾਰੇ ਗੱਲ ਕਰਨੀ ਹੋਵੇ ਤਾਂ ਖੋਜ ਬੀਨ ਉਪਰੰਤ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਗ਼ਜ਼ਲ ਵਿਚ ਆਉਣ ਵਾਲੇ ਵਿਸ਼ੇ ਵਸਤੂ ਲਗਭਗ ਇਕ ਹੀ ਤਰ੍ਹਾਂ ਦੇ ਹਨ। ਇਸਦੇ ਦੋ ਪ੍ਰਮੁੱਖ ਕਾਰਨ ਹਨ: 1. ਆਮਤੌਰ ਤੇ ਦੇਖਿਆ ਗਿਆ ਹੈ ਕਿ ਗ਼ਜ਼ਲਕਾਰ ਪਰਵਾਸ ਤੋਂ ਪਹਿਲਾਂ ਹੀ ਪੰਜਾਬੀ ਗ਼ਜ਼ਲ ਖੇਤਰ ਵਿਚ ਆਪਣੀਆਂ ਪੈੜ੍ਹਾਂ ਛੱਡ ਚੁੱਕੇ ਹੁੰਦੇ ਹਨ। 2. ਬੇਸ਼ਕ ਪਰਵਾਸ ਦਾ ਜੀਵਨ ਸੰਘਰਸ਼ਮਈ ਹੋਣ ਕਰ ਕੇ ਰਹਿਤਲ ਵਿਚ ਕਾਫੀ ਅੰਤਰ ਹੈ ਪਰ ਸਿਰਜਣਾਤਮਕ ਪਲਾਂ ਵਿਚ ਰਚਨਾਕਾਰ ਆਪਣੇ ਦਿਲ ਦਿਮਾਗ ਰਾਹੀਂ ਆਪਣੀ ਉਸੇ ਧਰਤੀ ਉੱਤੇ ਹੀ ਵਿਚਰ ਰਿਹਾ ਹੁੰਦਾ ਹੈ ਜਿੱਥੋਂ ਉਹ ਆਇਆ ਹੁੰਦਾ ਹੈ। ਜੇ ਪਰਵਾਸ ਦੀਆਂ ਔਕੜਾਂ ਦਾ ਜ਼ਿਕਰ ਆਉਂਦਾ ਵੀ ਹੈ ਤਾਂ ਉਹ ਸਿੱਧੇ-ਅਸਿੱਧੇ ਅਤੇ ਨਾ-ਮਾਤਰ ਰੂਪ ਵਿਚ ਪੰਜਾਬ ਦੇ ਵਸੇਬੇ ਦਾ ਹੀ ਪ੍ਰਤੀਰੂਪ ਕਿਹਾ ਜਾ ਸਕਦਾ ਹੈ। ਸੋ ਪਰਵਾਸੀ ਪੰਜਾਬੀ ਗ਼ਜ਼ਲ ਅਤੇ ਪੰਜਾਬੀ ਗ਼ਜ਼ਲ ਨੂੰ ਕਿਸੇ ਤਰ੍ਹਾਂ ਵੀ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ ਹੈ।

**ਅਜ਼ੀਮ ਸ਼ੇਖਰ ਨਾਲ ਮੁਲਾਕਾਤ:**

1. ਪ੍ਰਸ਼ਨ: ਵਿਸ਼ਵੀਕਰਨ ਵਿਚ ਲਿਖੀ ਜਾ ਰਹੀ ਪੰਜਾਬੀ ਗ਼ਜ਼ਲ ਪਰਿਵਾਰਕ ਰਿਸ਼ਤਿਆਂ ਨੂੰ ਕਿਵੇਂ ਪੇਸ਼ ਕਰਦੀ ਹੈ?

ਉੱਤਰ: ਸੰਸਾਰ ਭਰ ਵਿਚ ਲਿਖੀ ਜਾ ਰਹੀ ਪੰਜਾਬੀ ਗ਼ਜ਼ਲ ਪਰਿਵਾਰਕ ਰਿਸ਼ਤਿਆਂ ਦੇ ਹਰ ਪੱਖ ਤੋਂ ਵੱਖਰੇ-ਵੱਖਰੇ ਦ੍ਰਿਸ਼ਟੀਕੋਣ ਰਾਹੀਂ ਆਪਣੇ ਆਪ ਨੂੰ ਸ਼ਕਤੀਸ਼ਾਲੀ ਮਾਧਿਅਮ ਬਣਾਉਂਦੀ ਹੋਈ ਪ੍ਰਤੀਤ ਹੁੰਦੀ ਹੈ। ਮਨੁੱਖ ਜਨਮ ਤੋਂ ਮੌਤ ਤੱਕ ਦਾ ਪੂਰਾ ਸਫ਼ਰ ਖੁਸ਼ੀ ਅਤੇ ਗ਼ਮ ਦੀ ਘੜੀਆਂ ਦੇ ਚੱਕਰਵਿਊ ਵਿਚ ਪੂਰੀ ਜ਼ਿੰਦਗੀ ਘੁੰਮਦਾ ਆਪਣੀ ਹੋਂਦ ਨੂੰ ਸਾਂਭਣ ਦੇ ਆਹਰ ਵਿਚ ਹੀ ਲੱਗਿਆ ਰਹਿੰਦਾ ਹੈ। ਰਿਸ਼ਤਿਆਂ ਦੀਆਂ ਤੰਦਾਂ ਦੇ ਵਿਗਸਣ ਅਤੇ ਟੁੱਟਣ ਦੇ ਸਬੰਧ ਸ਼ਾਇਰੀ ਵਿਚ ਵੀ ਵੱਖ-ਵੱਖ ਅੰਦਾਜ਼ ਅਤੇ ਸ਼ਿੱਦਤ ਦੇ ਰੂਪ ਵਿਚ ਲਿਖੇ ਮਿਲਦੇ ਹਨ। ਹਰ ਸ਼ਾਇਰ ਆਪਣੇ ਹਿੱਸੇ ਦਾ ਸੱਚ ਕਹਿ ਕੇ ਮਨ ਦੇ ਬੋਝ ਤੋਂ ਸੁਰਖਰੂ ਹੋਣਾ ਆਪਣੀ ਜ਼ਿੰਮੇਦਾਰੀ ਸਮਝਦਾ ਹੈ। ਸਾਮੂਹਿਕ ਪਰਿਵਾਰ ਅੱਜ ਇਕ ਸੁਪਨਾ ਹੀ ਬਣ ਕੇ ਰਹਿ ਗਏ ਹਨ। ਵਕਤ ਅਤੇ ਬਦਲਦੇ ਹਾਲਾਤਾਂ ਨੇ ਅਸਲ ਵਿਚ ਛੋਟੇ ਪਰਿਵਾਰਾਂ ਅਤੇ ਉਹਨਾਂ ਦੇ ਹਰ ਖੇਤਰ ਵਿਚ ਆਉਂਦੀਆਂ ਚੁਣੌਤੀਆਂ ਨੂੰ ਹੋਰ ਵਿਕਰਾਲ ਕੀਤਾ ਹੈ। ਜਿਸ ਕਾਰਨ ਮਾਨਸਿਕ ਦਵੰਦ ਅਤੇ ਹਾਲਾਤ ਨਾਲ ਇਕ ਹੀ ਸਮੇਂ ਨਜਿੱਠਣ ਵਾਲੇ ਸਾਧਾਰਨ ਮਨੁੱਖ ਨੂੰ ਹੋਰ ਕਮਜ਼ੋਰ ਕੀਤਾ ਗਿਆ ਹੈ। ਇਸ ਸੰਦਰਭ ਵਿਚ ਮੇਰੀ ਗ਼ਜ਼ਲ ਦੇ ਸ਼ਿਅਰ ਹੇਂਠ ਲਿਖੇ ਹਨ:

'ਰਿਸ਼ਤਿਆਂ ਦੇ ਜ਼ਿਖਰ ਵਿਚ ਤਾਜ਼ਗੀ ਕਿੱਧਰ ਗਈ,

ਜ਼ਿੰਦਗੀ ਚੋਂ ਪਿੰਡ ਵਰਗੀ ਸਾਦਗੀ ਕਿਧਰ ਗਈ।'

'ਜ਼ਿੰਦਗੀ ਦਾ ਗੀਤ ਜਿਸ ਪਲ ਗਾਉਣਦੀ ਫੁਰਸਤ ਮਿਲੇ,

ਫੇਰ ਮੈਂ ਲੱਭਦਾ ਹਾਂ ਮੇਰੀ ਬਾਂਸੁਰੀ ਕਿਧਰ ਗਈ।'

ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਪਦਾਰਥਵਾਦੀ ਧਾਰਨਾ ਨੇ ਬੇਸ਼ਕ ਰਿਸ਼ਤਿਆਂ ਦੀ ਪਾਕੀਜ਼ਗੀ ਅਤੇ ਸਕੂਨ ਨੂੰ ਬੇਦਰਦੀ ਨਾਲ ਖੰਡਿਤ ਕੀਤਾ ਹੈ ਪਰ ਇਸਦੇ ਬਾਵਜੂਦ ਸ਼ਾਇਰ ਦਾ ਸੁਚੇਤ ਮਨ ਆਪਣੀ ਗੱਲ ਰਾਹੀਂ ਵਕਤ ਦੀ ਹਕੀਕਤ ਨੂੰ ਕਬੂਲਦਾ ਹੈ ਜਾਂ ਹਾਲਾਤ ਨੂੰ ਉਲਾਂਭਾ ਦੇਣਾ ਆਪਣਾ ਹੱਕ ਸਮਝਦਾ ਹੈ। ਉਦਾਹਰਣ ਵਜੋਂ:

ਆਦਮੀ ਦਾ ਖੂਨ ਜਿਸ ਦਿਨ ਪਾਣੀਓਂ ਸਸਤਾ ਪਿਆ,

ਵਕਤ ਨਾਲੋਂ ਫੇਰ ਮੈਨੂੰ ਤੋੜਨਾ ਰਿਸ਼ਤਾ ਪਿਆ।'

'ਜ਼ਿੰਦਗੀ ਨੂੰ ਵੀ ਨਹੀਂ ਕਰਦੀ ਕਦੇ ਕੋਈ ਸਵਾਲ,

ਹੁਣ ਘਰਾਂ ਦੀ ਚੁੱਪ ਵੀ ਕਿੰਨੀ ਸਿਆਣੀ ਹੋ ਗਈ।'

2. ਪ੍ਰਸ਼ਨ: ਤੁਹਾਡੀ ਗ਼ਜ਼ਲ ਸਮਾਜ-ਸਭਿਆਚਾਰ ਦੀ ਅਭਿਵਿਅਕਤੀ ਕਿਵੇਂ ਕਰਦੀ ਹੈ?

ਉੱਤਰ: ਮਨੁੱਖ ਆਪਣੀ ਜ਼ਿੰਦਗੀ ਕਈ ਪਰਤਾਂ ਵਿਚ ਹਢਾਉਂਦਾ ਹੈ। ਘਰ, ਮੁਲਕ, ਪਿੰਡ, ਦੁਨੀਆਂ ਅਤੇ ਬ੍ਰਹਿਮੰਡ ਹਰ ਮਨੁੱਖ ਦੇ ਸਰੋਤਾਂ, ਹਾਲਾਤਾਂ ਅਤੇ ਚਾਹਤਾਂ ਸੰਵਾਦ ਰਚਾਉਣ ਦਾ ਜ਼ਰੀਆ ਬਣਦੇ ਹਨ। ਸਮਾਜ ਅਤੇ ਸਭਿਆਚਾਰ ਦਾ ਸਾਡੀ ਜ਼ਿੰਦਗੀ ਨਾਲ ਸਿੱਧਾ ਸਬੰਧ ਹੋਣ ਕਾਰਨ ਇਸਦਾ ਵੱਖਰਾ ਪ੍ਰਭਾਵ ਕਬੂਲਦੇ ਹੋਏ ਇਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ। ਸ਼੍ਰੇਣੀ ਵੰਡ ਸਾਡੇ ਸਮਾਜ ਦਾ ਸਭ ਤੋਂ ਕਰੂਪ ਵਰਤਾਰਾ ਹੈ। ਜਿਸ ਨੇ ਹਰ ਕਾਲ ਵਿਚ ਸਮਾਜਿਕ ਤਾਣੇ-ਬਾਣੇ ਨੂੰ ਹੋਰ ਉਲਝਾਇਆ ਹੈ ਅਤੇ ਸਮਾਜਿਕ ਕਦਰਾਂ-ਕੀਮਤਾਂ ਦੀ ਅਮੀਰੀ ਨੂੰ ਬਹੁਤ ਸ਼ੈਤਾਨੀ ਚਾਲਾਂ ਨਾਲ ਢਾਹ ਲਾਈ ਹੈ। ਹਰ ਖੇਤਰ ਵਿਚ ਵੱਧ ਰਿਹਾ ਨਾਜਾਇਜ਼ ਪਾੜਾ ਇਕ ਜਾਗਰੂਕ ਮਨੁੱਖ ਲਈ ਬੇਹਦ ਬੇਚੈਨੀ ਦਾ ਕਾਰਨ ਬਣਦਾ ਹੈ। ਇਹੀ ਬੇਚੈਨੀ ਉਸ ਨੂੰ ਨਿਘਾਰ ਵੱਲ ਲਿਜਾ ਰਹੇ ਨਿਜ਼ਾਮ ਜਾਂ ਰਾਜ-ਪ੍ਰਬੰਧ ਦੇ ਵਿਰੋਧ ਵਿਚ ਬੁਲੰਦ ਬਾਗੀ ਸੋਚ ਦੇ ਰਸਤੇ ਉੱਤੇ ਚੱਲਣ ਲਈ ਤਿਆਰ ਅਤੇ ਮੁਕੰਮਲ ਕਰਦੀ ਹੈ। ਖ਼ੁਦਗਰਜ਼ੀ ਦੇ ਆਲਮ ਵਿਚ ਮਸਤ ਅਤੇ ਗੁਆਚਿਆ ਬੰਦਾ ਜੇ ਸਭ ਕੁਝ ਵੇਖ ਕੇ ਖਾਮੋਸ਼ ਹੈ ਤਾਂ ਭਵਿੱਖ ਅਜਿਹੇ ਲੋਕਾਂ ਦਾ ਨਾਮ 'ਮੁਰਦਿਆਂ ਦੀ ਬਸਤੀ ਦੇ ਬਾਸ਼ਿੰਦੇ' ਵਰਗਾ ਵਿਅੰਗ ਕਸਣ ਲਈ ਮਜਬੂਰ ਹੋ ਜਾਂਦਾ ਹੈ। ਉਦਾਹਰਣ ਦੇ ਤੌਰ ਤੇ:

> 'ਸਮੇਂ ਨੇ ਢਾਲ ਜਦ ਸਿੱਕਾ ਮੇਰੇ ਕੰਨਾਂ ਵਿਚ ਭਰ ਦਿੱਤਾ
>
> ਉਦੋਂ ਹੀ ਜੀਭ ਤੇ ਉਸ ਦੇ ਮੈਂ ਬਲਦਾ ਗੀਤ ਧਰ ਦਿੱਤਾ
>
> ਸਵਾ ਕੇ ਰੱਬ ਖੁਦ ਸੁੱਤੇ ਸੀ ਲੋਕੀਂ ਆਰਤੀ ਕਰ ਕੇ
>
> ਸੁਬਾਹ ਤੱਕ ਸ਼ਹਿਰ ਉਹਨਾਂ ਦਾ ਕਿਸੇ ਬਦਨਾਮ ਕਰ ਦਿੱਤਾ।'
>
> 'ਸ਼ਹਿਰ ਵਿਚ ਗੈਰ ਹਾਜ਼ਿਰ ਜੇ ਰਹਾਂ ਚੰਗਾ ਨਹੀਂ,
>
> ਸਿਆਣਿਆਂ ਵਿਚ ਇਕ ਵੀ ਪਾਗਲ ਰਹੇ ਤਾਂ ਠੀਕ ਹੈ।'

3. ਪ੍ਰਸ਼ਨ: ਪੂੰਜੀਵਾਦੀ ਦੌਰ ਵਿਚਲੇ ਆਰਥਿਕ ਵਰਤਾਰੇ ਨੂੰ ਪੰਜਾਬੀ ਗ਼ਜ਼ਲ ਕਿਵੇਂ ਪੇਸ਼ ਕਰਦੀ ਹੈ?

ਉੱਤਰ: ਆਰਥਿਕ ਨਾ ਬਰਾਬਰੀ ਸਾਡੇ ਸਮਾਜ ਨੂੰ ਇਕ ਵੱਡੀ ਚੁਣੌਤੀ ਹੈ। ਕੁਝ ਕੁ ਕਾਰਪੋਰੇਟ ਘਰਾਣਿਆਂ ਦਾ ਦਿਨ-ਬ-ਦਿਨ ਵੱਧ ਰਿਹਾ ਜਾਲ਼ ਦਿਨੋਂ ਦਿਨ ਵੱਡਾ ਹੋਣ ਕਰ ਕੇ ਆਮਮਨੁੱਖ ਦਾ ਜਿਊਣਾ ਔਖਾ ਹੋ ਰਿਹਾ ਹੈ। ਸੱਤਾ-ਪ੍ਰਬੰਧ, ਕਾਨੂੰਨ ਇੱਥੋਂ ਤੱਕ ਕਿ ਧਾਰਮਿਕ ਸੰਸਥਾਵਾਂ ਵੀ ਵੱਡੀਆਂ ਪੂੰਜੀਵਾਦੀ ਸ਼ਕਤੀਆਂ ਦੇ ਪ੍ਰਭਾਵ ਤੋਂ ਮੁਕਤ ਨਹੀਂ ਹਨ। ਲੋੜ, ਸ਼ੌਂਕ ਅਤੇ ਇੱਛਾ ਮਨੁੱਖ ਦੀਆਂ ਬੁਨਿਆਦੀ ਲੋੜਾਂ ਵਿਚ ਸਮਝੇ ਜਾਂਦੇ ਹਨ ਪਰ ਪਦਾਰਥਵਾਦੀ ਯੁੱਗ ਵਿਚ ਮਨੁੱਖ ਨੂੰ ਸਵੈ ਕੇਂਦਰਿਤ ਹੋਣ ਦੀ ਥਾਂ ਦੁਨਿਆਵੀ ਚੱਕਰਵਿਊ ਦੇ ਬੇਲੋੜੇ ਕਲੇਸ਼ ਵਿਚ ਉਲਝਾਉਣਾ ਪੂੰਜੀਵਾਦੀ ਦੌਰ ਦਾ ਮੁੱਖ ਉਦੇਸ਼ ਬਣਿਆ ਹੋਇਆ ਹੈ। ਜਿਸ ਲਈ ਮਨੁੱਖੀ ਹੋਂਦ ਦੀ ਸਥਾਪਤੀ ਲਈ ਸੰਘਰਸ਼ ਕਰਨਾ ਉਸ ਨੂੰ ਇਕੱਲਾ ਮਹਿਸੂਸ ਕਰਾ ਰਿਹਾ ਹੈ। ਪੂੰਜੀਵਾਦ ਦਾ ਪਸਾਰਾ ਸਮਾਜ ਨੂੰ ਹਰ ਖੇਤਰ ਤੋਂ ਪ੍ਰਭਾਵਿਤ ਕਰ ਰਿਹਾ ਹੈ। ਪੰਜਾਬੀ ਗ਼ਜ਼ਲ ਵਿਚ ਇਸ ਨੂੰ ਹੋਰ ਉਜਾਗਰ ਕਰਨ ਦੀ ਜ਼ਰੂਰਤ ਹੈ।

'ਉਹਦੀ ਆਦਤ ਜ਼ਮੀਨਾਂ ਦੀ ਹੈ ਲਾਉਂਦੀ ਭਾਅ ਜ਼ਮੀਰਾਂ ਦੇ,
ਮੇਰਾ ਪਿੰਡ ਵੀ ਸ਼ਹਿਰ ਵਰਗਾ ਹੈ ਜਿਊਂਦਾ ਬਾਣੀਆਂ ਕਰ ਕੇ।'

4. ਪ੍ਰਸ਼ਨ: ਉਦਾਰਵਾਦੀ ਨਿੱਜੀਕਰਨ ਦੇ ਚਲਦੇ ਹੋਏ ਪੰਜਾਬੀ ਗ਼ਜ਼ਲ ਰਾਜਨੀਤੀ ਦੇ ਕਿਹੜੇ ਪੱਖਾਂ ਦਾ ਯਥਾਰਥ ਪੇਸ਼ ਕਰਦੀ ਹੈ।

ਉੱਤਰ: ਰਾਜਨੀਤੀ ਸਾਡੇ ਸਮਾਜ ਦੇ ਨਕਸ਼ ਘੜਣ ਵਿਚ ਬਹੁਤ ਅਹਿਮ ਕਿਰਦਾਰ ਨਿਭਾਉਂਦੀ ਹੈ। ਉਦਾਰਵਾਦ ਵਿਅਕਤੀਗਤ ਆਜ਼ਾਦੀ ਦੇ ਸਮੱਰਥਨ ਦਾ ਰਾਜਨੀਤਕ ਦਰਸ਼ਨ ਮੰਨਿਆ ਜਾਂਦਾ ਹੈ। ਇਸ ਵਿਚਾਰਧਾਰਾ ਵਿਚ ਸਮੇਂ ਦੇ ਨਾਲ-ਨਾਲ ਪਰਿਵਰਤਨ ਆਉਂਦੇ ਰਹਿੰਦੇ ਹਨ ਇਹ ਪਰੰਪਰਾਵਾਦੀ ਵੀ ਹੋ ਸਕਦੇ ਹਨ ਅਤੇ ਸਮਕਾਲੀ ਵੀ।

ਰਾਜਨੀਤੀ ਦਾ ਵਿਸ਼ਾ ਅਜੋਕੇ ਸਮੇਂ ਵਿਚ ਹਮੇਸ਼ਾ ਤੋਂ ਹੀ ਵਿਵਾਦਿਤ ਹੋਣ ਕਾਰਨ ਹਰ ਵਿਧਾ ਦਾ ਲੇਖਕ ਨੂੰ ਚੁਣੌਤੀ ਬਣ ਕੇ ਟੱਕਰਦਾ ਹੈ। ਰਾਜਨੀਤੀ ਅਤੇ ਰਾਜ-ਪ੍ਰਬੰਧ ਮਨੁੱਖ ਦੇ ਬੁਨਿਆਦੀ ਹੱਕਾਂ ਨੂੰ ਅਕਸਰ ਹੀ ਨਜ਼ਰ ਅੰਦਾਜ਼ ਕਰਦਾ ਹੋਇਆ ਤਾਨਾਸ਼ਾਹੀ ਰਵੱਈਏ ਤੱਕ ਪਹੁੰਚਦਾ ਹੋਇਆ ਜਦੋਂ ਆਮ ਮਨੁੱਖ ਦੀ ਆਜ਼ਾਦੀ ਨੂੰ ਪੀੜ੍ਹਤ ਕਰਦਾ ਹੈ ਤਾਂ ਲੇਖਕਾਂ ਦੀ ਵੱਡੀ ਭੀੜ ਵਿਚੋਂ ਬਹੁਤ ਘੱਟ ਲੇਖਕਾਂ ਦੀ ਲਿਖਤਾਂ ਲੋਕਹਿਤ ਨੂੰ ਸਮਰਪਿਤ ਹੁੰਦੀਆਂ ਹਨ। ਪੰਜਾਬੀ ਗ਼ਜ਼ਲ ਵਿਚ ਵੀ ਇਸ ਪਾਸੇ ਵੱਲ ਹੋਰ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਭੋਲੇ-ਭਾਲੇ ਲੋਕਾਂ ਨੂੰ ਧਰਮ ਅਤੇ ਜਾਤੀ ਦੇ ਨਾਮ ਹੇਠ ਲੜਵਾ ਕੇ ਸਿਰਫ਼ ਆਪਣੀ ਕੁਰਸੀ ਮਹਿਫ਼ੂਜ਼ ਰੱਖਣ ਵਾਲੇ ਚਾਲਾਕ ਲੀਡਰਾਂ ਦਾ ਪਰਦਾਫ਼ਾਸ਼ ਕਰ ਕੇ ਆਵਾਮ ਨੂੰ ਲੋਕ ਏਕਤਾ ਲਈ ਲਾਮਬੰਦੀ ਦੇ ਰਾਹ ਤੋਰਨ ਲਈ ਜਾਗਰੂਕ ਕਰਨ ਵਾਲੀਆਂ ਰਚਨਾਵਾਂ ਦੀ ਬੇਹੱਦ ਲੋੜ ਹੈ। ਵਿਅੰਗ ਰੂਪ ਵਿਚ ਕੁੱਝ ਲੇਖਕਾਂ ਵੱਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਪੰਜਾਬੀ ਗ਼ਜ਼ਲ ਵਿਚ ਇਹ ਵੇਗ ਹੋਰ ਤੇਜ ਹੋਣਾ ਚਾਹੀਦਾ ਹੈ।

'ਨੇ ਵਿਕਦੇ ਲੋਕ ਵੀ ਅਕਸਰ ਤੇ ਸਸਤੀ ਜਾਨ ਹੈ ਏਥੇ,
ਬਣੀ ਹੁਣ ਸ਼ਹਿਰ ਮੇਰੇ ਦੀ ਏਹੋ ਪਹਿਚਾਨ ਹੈ ਏਥੇ
ਕਦੇ ਜਾਵੋ ਘਰਾਂ ਅੰਦਰ ਤੇ ਪੁੱਛੋ ਹਾਲ ਬਸਤੀ ਦਾ
ਕਿ ਜਿਸ ਦੀ ਸਿਰਫ਼ ਖ਼ਬਰਾਂ ਨੇ ਬਣਾਈ ਸ਼ਾਨ ਏਥੇ।'

5. ਪ੍ਰਸ਼ਨ: ਪਰਵਾਸ ਦੇ ਕਿਹੜੇ ਅਹਿਮ ਪੱਖ ਹਨ ਜੋ ਮਨੁੱਖ ਤੇ ਸਮਾਜ ਵਿਚ ਵੱਖਰੇਵਾਂ ਪੈਦਾ ਕਰ ਰਹੇ ਹਨ?

ਉੱਤਰ: ਪਰਵਾਸ ਦਾ ਮਨੁੱਖ ਨਾਲ ਸਦੀਆਂ ਪੁਰਾਣਾ ਰਿਸ਼ਤਾ ਹੈ। ਪਰਵਾਸ ਦੇ ਕਾਰਨ ਤਲਾਸ਼ਣ ਅਤੇ ਉਸ ਦੇ ਲੋੜੀਂਦੇ ਸਮਾਧਾਨ ਜੁਟਾਉਣ ਨਾਲੋਂ ਮਨੁੱਖ ਨੇ ਆਪਣੀਆਂ ਜੜ੍ਹਾਂ ਨਾਲੋਂ ਟੁੱਟਣ ਦਾ ਸੌਖਾ ਰਾਹ ਪਰਵਾਸ ਚੁਣ ਲਿਆ ਹੈ। ਇਕ ਹੀ ਜੀਵਨ ਨੂੰ ਭਰਭੂਰ ਜਿਊਣ ਦੀ ਆਰਜ਼ੀ ਚਾਹਤ ਪਰਵਾਸੀ ਨੂੰ ਹੱਦਾਂ-ਸਰਹੱਦਾਂ ਤੋਂ ਪਾਰ ਲੈ ਜਾਂਦੀ ਹੈ। ਭਾਸ਼ਾ, ਸਭਿਆਚਾਰ, ਰੰਗ, ਨਸਲ ਵਰਗੇ ਵਿਲੱਖਣ ਅਤੇ ਬਿਲਕੁਲ ਨਵੇਂ ਸਰੋਕਾਰ ਵੀ ਪਰਵਾਸੀ ਦੇ ਰਾਹ ਡੱਕਣ ਵਿਚ ਅਸਮਰੱਥ

ਰਹਿੰਦੇ ਹਨ। ਵਰਤਮਾਨ ਵਿਚ ਪਰਵਾਸ ਆਪਣੇ ਅਰਥਾਂ ਨੂੰ ਨਵੀਨੀਕਰਨ ਵੱਲ ਲੈ ਜਾਣ ਲਈ ਪਾਸਾ ਪਰਤ ਚੁੱਕਾ ਹੈ। ਥਾਵਾਂ ਨਾਲੋਂ ਮਨਾਂ ਵਿਚਲੇ ਖਲਾਅ ਵਿਚ ਗੁਆਚਿਆ ਬੰਦਾ ਬੇਗਾਨਗੀ ਵਿਚ ਜੀਅ ਰਿਹਾ ਹੈ। ਘਰ ਦਾ ਮੋਹ ਉੱਜਲੇ ਭਵਿੱਖ ਦੀ ਤਲਾਸ਼ ਵਿਚ ਉਡਾਰੀ ਭਰ ਰਹੇ ਮਨ ਲਈ ਬਹੁਤ ਸਸਤਾ ਹੋ ਗਿਆ ਜਾਪਦਾ ਹੈ। ਸਮੇਂ-ਸਮੇਂ ਅਨੁਸਾਰ ਪਰਵਾਸ ਦੇ ਕਾਰਨਾਂ ਵਿਚ ਮੁੱਖ ਤੌਰ 'ਤੇ ਸਥਾਨਕ ਰਾਜਨੀਤਕ ਬੇਰੁਜ਼ਗਾਰੀ ਅਤੇ ਸੋਹਣੇ ਮੁਲਕਾਂ ਦੇ ਸੁਚੱਜੇ ਰਾਜ ਪ੍ਰਬੰਧ ਵੀ ਮੰਨੇ ਜਾਂਦੇ ਹਨ। ਪੀੜ੍ਹੀ-ਦਰ-ਪੀੜ੍ਹੀ ਸਮਾਜਕ ਪਰਿਵਰਤਨ ਵਿਚ ਸਹਿਜ ਸੁਭਾਅ ਹੁੰਦੀਆਂ ਜਰਬਾਂ-ਤਕਸੀਮਾਂ ਨੇ ਭਾਵੇਂ ਮਨੁੱਖੀ ਚੇਤਨ ਅਤੇ ਪਦਾਰਥਵਾਦੀ ਸੋਚ ਨੇ ਜ਼ਿੰਦਗੀ ਨੂੰ ਆਪਣੇ ਅਨੁਸਾਰ ਢਾਲਣ ਦਾ ਹਰ ਸੰਭਵ ਯਤਨ ਕੀਤਾ ਹੈ ਪਰ ਪਰਵਾਸ ਤੋਂ ਬਾਅਦ ਭੂ-ਹੇਰਵੇ ਦਾ ਖਲਾਅ ਕਿਸੇ ਵੀ ਕੀਮਤ ਅਤੇ ਕਿਸੇ ਵੀ ਰੂਪ ਵਿਚ ਭਰਿਆ ਨਹੀਂ ਜਾ ਸਕਦਾ। ਅਚੇਤ ਮਨ ਦੀਆਂ ਖੁੱਲ੍ਹਦੀਆਂ ਪਰਤਾਂ ਆਪਣੇ ਅਤੀਤ ਨਾਲ ਸੰਵਾਦ ਰਚਾਉਂਦੀਆਂ ਆਪਣੀ ਕਹਾਣੀ ਦਾ ਕਿਰਦਾਰ ਜਿਊਂਦਾ ਰੱਖਦੀਆਂ ਹਨ। ਪੰਜਾਬੀ ਗ਼ਜ਼ਲ ਨੇ ਪਰਵਾਸ ਨੂੰ ਬਹੁਤ ਸਾਰੇ ਨੁਕਤਿਆਂ ਅਤੇ ਦ੍ਰਿਸ਼ਟੀਕੋਣਾਂ ਤੋਂ ਆਪਣੇ ਸੰਚਾਰ ਦਾ ਮਾਧਿਅਮ ਬਣਾਇਆ ਹੈ।

'ਹੁਣ ਰੋਜ਼ ਹੀ ਹਜ਼ਾਰਾਂ ਤੁਰਦੇ ਨੇ ਰਾਮ ਘਰ ਤੋਂ,

ਤੁਸੀਂ ਇਕੋ 'ਰਾਮ' ਦਾ ਕਿਉਂ ਬਨਵਾਸ ਪਰਖਦੇ ਹੋ?'

6. ਪ੍ਰਸ਼ਨ: ਨਾਰੀਵਾਦ ਜਿਹੇ ਭੱਖਵੇਂ ਮਸਲੇ ਨੂੰ ਤੁਹਾਡੀ ਗ਼ਜ਼ਲ ਕਿਵੇਂ ਕਬੂਲਦੀ ਹੈ?

ਉੱਤਰ: ਨਾਰੀਵਾਦ ਸਮੁੱਚੀ ਔਰਤ ਜਾਤੀ ਦੀ ਚੇਤੰਨ ਸੋਚ ਅਤੇ ਸਮਾਜਿਕ ਹੋਂਦ ਪ੍ਰਾਪਤੀ ਲਈ ਸੰਘਰਸ਼ ਦਾ ਰਸਤਾ ਹੈ। ਨਾਰੀਵਾਦ ਸੰਘਰਸ਼ ਦਾ ਉਹ ਰੂਪ ਹੈ ਜੋ ਨਾਰੀ ਅਤੇ ਮਰਦਾਂ ਵਿਚਕਾਰ ਰਾਜਨੀਤਕ, ਸਮਾਜਿਕ ਅਤੇ ਵਿਦਿਅਕ ਸਮਾਨਤਾ ਲਈ ਯਤਨਸ਼ੀਲ ਹੋਵੇ। ਨਾਰੀਵਾਦ ਬਾਰੇ ਖੋਜੀ ਦੱਸਦੇ ਹਨ ਕਿ ਇਸ ਸ਼ਬਦ ਦੀ ਸਭ ਤੋਂ ਪਹਿਲਾਂ ਵਰਤੋਂ 1871 ਈ. ਵਿਚ ਫਰੈਂਚ ਮੈਡੀਕਲ ਟੈਸਟ ਵਿਚ ਕੀਤੀ ਗਈ ਸੀ। ਪਰ ਸਮੇਂ ਦੇ ਨਾਲ-ਨਾਲ ਇਸ ਸ਼ਬਦ ਦਾ ਪ੍ਰਯੋਗ ਅਕਾਦਮਿਕ ਅਦਾਰਿਆਂ ਵਿਚ ਆਮ ਪ੍ਰਚਲਿਤ ਹੋ ਗਿਆ। ਬਹੁਤੀ ਵਾਰ ਨਾਰੀਵਾਦ ਦੇ ਅਰਥ ਇਕ ਪਾਸੜ ਜਿਹੇ ਉਲਾਰ ਸਮਝੇ ਜਾਂਦੇ ਹਨ ਕਿ ਇਹ ਸਿਰਫ ਨਾਰੀ ਦੇ ਹੱਕਾਂ ਜਾਂ ਫਿਰ ਫ਼ਰਜ਼ਾਂ ਦੀ ਗੱਲ ਕੀਤੀ ਜਾਂਦੀ ਹੈ ਪਰ ਹਕੀਕਤ ਇਹ ਹੈ ਕਿ ਇਹ ਆਪਣੀ ਪ੍ਰਤੀਨਿੱਧਤਾ ਪ੍ਰਤੀ ਜਾਗਰੂਕ ਹੋਣ ਦਾ ਲਖਾਇਕ ਹੈ। ਪੰਜਾਬੀ ਗ਼ਜ਼ਲ ਵਿਚ ਔਰਤ ਦੀ ਚੇਤਨਾ ਪ੍ਰਤੀ ਹਾਲੇ ਹੋਰ ਬਹੁਤ ਕੁੱਝ ਕਹਿਣਾ ਬਾਕੀ ਹੈ। ਇਕ ਆਜ਼ਾਦ ਸ਼ਹਿਰੀ ਦੇ ਤੌਰ 'ਤੇ ਨਾਰੀ ਪ੍ਰਤੀ ਸੰਵੇਦਨਸ਼ੀਲਤਾ ਬਿਆਨ ਕਰਦੀਆਂ ਲਿਖ਼ਤਾਂ ਸਮੇਂ ਦੀ ਵੱਡੀ ਮੰਗ ਹਨ।

'ਸ਼ੀਸ਼ੇ ਨੇੜੇ ਗਾਉਂਦੀਆਂ ਚਿੜ੍ਹੀਆਂ ਸੁਣ ਲੈਣਾ ਕੁੱਝ ਕਹਿਣਗੀਆਂ

ਨਹੀਂ ਤਾਂ ਖੁੱਲ੍ਹਾ ਬੂਹਾ ਲੱਭ ਕੇ ਹੋਰ ਕਿਤੇ ਜਾ ਬਹਿਣਗੀਆਂ।'

'ਪਿੰਜਰੇ ਦਾ ਦਰਵਾਜ਼ਾ ਖੋਲੋ ਹਰ ਬੁਲਬੁਲ ਆਜ਼ਾਦ ਕਰੋ,

ਇਹ ਕੰਧਾਂ ਦਾ ਰੰਗ ਘੋਲ ਕੇ ਕਦ ਤੱਕ ਪੀਂਦੀਆਂ ਰਹਿਣਗੀਆਂ।'

'ਜਿਸ ਨੇ ਸਾਗਰ ਦੀ ਹਿੱਕ ਉੱਤੇ ਲਿਖ ਦਿੱਤਾ ਸੀ ਨਾਮ ਕਿਤੇ,

ਸ਼ੀਸ਼ੇ ਦੇ ਪਾਣੀ ਵਿਚ ਡੁੱਬ ਜਾਏ ਉਹ ਬੇੜੀ ਹਰ ਸ਼ਾਮ ਕਿਤੇ।'

7. ਪ੍ਰਸ਼ਨ: ਗਲੋਬਲਾਈਜੇਸ਼ਨ ਨੇ ਮਨੁੱਖੀ ਵਰਤਾਰੇ ਵਿਚ ਕੀ ਬਦਲਾਅ ਲਿਆਂਦੇ ਹਨ?

ਉੱਤਰ: ਗਲੋਬਲਾਈਜੇਸ਼ਨ ਨੂੰ ਸੰਸਾਰੀਕਰਨ, ਵਿਸ਼ਵੀਕਰਨ ਅਤੇ ਭੂ-ਮੰਡਲੀਕਰਨ ਜਿਹੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਵਿਸ਼ਵੀਕਰਨ ਨੂੰ ਇਤਿਹਾਸਕ ਪਰਿਪੇਖਤੋਂ ਵੇਖਿਆਂ ਪਤਾ ਲੱਗਦਾ ਹੈ ਕਿ ਇਹ ਵਰਤਾਰਾ ਸਮਾਜਵਾਦੀ ਨਿਜ਼ਾਮ ਦੇ ਖਾਤਮੇ ਤੋਂ ਬਾਅਦ ਉੱਭਰਿਆ ਅਤੇ ਵਿਕਸਿਤ ਹੋਇਆ ਹੈ। ਅਜੋਕੇ ਸਮੇਂ ਵਿਚ ਵਿਸ਼ਵੀਕਰਨ ਦਾ ਆਗਾਜ਼ ਅਮਰੀਕਾ ਨੂੰ ਮੰਨਿਆ ਜਾਂਦਾ ਹੈ। ਗਲੋਬਲਾਈਜੇਸ਼ਨ ਤੋਂ ਮੁੱਖ ਤੌਰ ਤੇ ਭਾਵ ਕੌਮੀ ਹੱਦ ਬੰਦੀਆਂ ਤੋਂ ਬਿਨਾਂ ਨਿਰਧਾਰਿਤ ਪੂੰਜੀ ਅਤੇ ਹੋਰ ਬਹੁਤ ਸਾਰੀਆਂ ਜ਼ਰੂਰੀ ਸੇਵਾਵਾਂ ਦਾ ਆਦਾਨ-ਪ੍ਰਦਾਨ ਮੰਨਿਆ ਜਾਂਦਾ ਹੈ। ਮੂਲ ਰੂਪ ਵਿਚ ਇਸ ਸਿਧਾਂਤ ਦਾ ਅਰਥ ਸਾਰੇ ਸੰਸਾਰ ਦਾ ਇਕ ਹੋਣਾ ਮਿੱਥਿਆ ਗਿਆ ਹੈ। ਵਿਸ਼ਵੀਕਰਨ ਨੇ ਮਨੁੱਖੀ ਵਰਤਾਰੇ ਵਿਚ ਬਹੁਤ ਸਾਰੇ ਅਣਕਿਆਸੇ ਅਤੇ ਤੇਜਗਾਮੀ ਬਦਲਾਅ ਲਿਆਂਦੇ ਹਨ। ਜਿਸ ਕਾਰਨ ਜ਼ਿੰਦਗੀ ਨੇ ਵਾਜਬ ਅਤੇ ਗੈਰ ਵਾਜਬ ਦੋਵੇਂ ਤਰ੍ਹਾਂ ਦਾ ਪ੍ਰਭਾਵ ਕਬੂਲਿਆ ਹੈ। ਬੇਰੁਜ਼ਗਾਰੀ, ਮਹਿੰਗਾਈ, ਗਰੀਬੀ ਅਤੇ ਭ੍ਰਿਸ਼ਟਾਚਾਰ ਆਦਿ ਵਿਚ ਬੇਹਦ ਵਾਧਾ ਹੋਣ ਦੇ ਕਾਰਨ ਮਨੁੱਖਵਾਦੀ ਨਜ਼ਰੀਆ ਅਤੇ ਮੁਹੱਬਤੀ ਸੰਕਲਪ ਖੰਡਿਤ ਹੋ ਗਿਆ ਹੈ। ਵਿਸ਼ਵੀਕਰਨ ਜਾਂ ਮਸ਼ੀਨੀਕਰਨ ਨੇ ਮਨੁੱਖਾਂ ਨੂੰ ਆਮ ਸੁੱਖ ਸਹੂਲਤਾਂ ਪ੍ਰਦਾਨ ਕਰ ਕੇ ਇਕ ਨਵੇਂ ਯੁੱਗ ਵਿਚ ਲਿਆ ਖੜਾ ਕੀਤਾ ਹੈ ਪਰ ਆਰਥਿਕ ਪਾੜੇ ਦੀ ਦਰ ਦਿਨੋਂ ਦਿਨ ਹੋਰ ਵੱਡੀ ਹੋਣ ਦੇ ਕਾਰਨ ਵੀ ਪੂੰਜੀਵਾਦੀ ਭਾਈਵਾਲੀ ਵਲੋਂ ਬੁਨਿਆਦੀ ਲੋੜਾਂ ਨੂੰ ਮਜਬੂਤ ਕਰਨ ਦੀ ਥਾਂ ਨਿਮਨ ਵਰਗ ਦੀ ਜੇਬ ਕੁਤਰਨ ਵੱਲ ਜਿਆਦਾ ਤਵੱਜੋ ਦੇਣਾ ਹੀ ਹੈ। ਮਨੁੱਖੀ ਮਨ ਕਾਲਪਨਿਕ ਸੁਤੰਤਰਤਾ ਦੇ ਸੁਪਨੇ ਵੇਖਣ ਜੋਗਾ ਬਣਾ ਦਿੱਤਾ ਹੈ ਜਿਸ ਦਾ ਰਸਤਾ 'ਰੋਬੋਟ ਯੁੱਗ' ਵੱਲ ਜਾ ਰਿਹਾ ਹੈ।

8. ਪ੍ਰਸ਼ਨ: ਪੰਜਾਬੀ ਗ਼ਜ਼ਲ ਅਤੇ ਪਰਵਾਸੀ ਪੰਜਾਬੀ ਗ਼ਜ਼ਲ ਬਾਰੇ ਆਪਣੇ ਵਿਚਾਰ ਦੱਸੋ?

ਉੱਤਰ: ਪੰਜਾਬੀ ਸਾਹਿਤ ਦੀਆਂ ਮੁੱਖ ਵਿਧਾਵਾਂ ਵਿਚ ਪੰਜਾਬੀ ਗ਼ਜ਼ਲ ਦਾ ਇਕ ਮਹੱਤਵਪੂਰਨ ਸਥਾਨ ਸਥਾਪਿਤ ਹੋ ਚੁੱਕਾ ਹੈ। ਗ਼ਜ਼ਲ ਬੇਸ਼ਕ ਪੰਜਾਬੀ ਸੁਭਾਅ ਦੇ ਮੇਚ ਆਉਣ ਲਈ ਹਾਲੇ ਸਫ਼ਰ ਵਿਚ ਹੈ ਪਰ ਫੇਰ ਵੀ ਸ਼ਾਇਰਾਂ ਵਲੋਂ ਪਾਇਆ ਯੋਗਦਾਨ ਬਾ-ਕਮਾਲ ਹੈ। ਪੰਜਾਬ ਦੀ ਧਰਤੀ ਦਾ ਮੁੱਢ-ਕਦੀਮੋਂ ਗੀਤ ਨਾਲ ਬਾਵਾਸਤਾ ਰਹਿਣ ਕਾਰਨ ਪੰਜਾਬੀ ਗ਼ਜ਼ਲ ਸਾਧਾਰਨ ਮਨੁੱਖ ਦੇ ਸੁਹਜ ਸੁਆਦ ਅਤੇ ਪ੍ਰਗੀਤਕ ਭੁੱਖ ਦੀ ਪੂਰਤੀ ਦਾ ਅਨੁਭਵ ਕਰਵਾਉਣ ਤੋਂ ਹਾਲੇ ਵੀ ਪੱਛੜੀ ਹੋਈ ਹੈ। ਪਾਠਕਾਂ ਜਾਂ ਸਰੋਤਿਆਂ ਦੇ ਵਰਗੀਕਰਨ ਤੋਂ ਇਹ ਗੱਲ ਸਪੱਸ਼ਟ ਹੈ ਕਿ ਪੰਜਾਬੀ ਗ਼ਜ਼ਲਹਾਲੇ ਕਿਰਤੀ ਕਾਮਿਆਂ ਦੀ ਜ਼ੁਬਾਨ ਤੱਕ ਪਹੁੰਚਣ ਲਈ ਲੰਮਾ ਪੈਂਡਾ ਤੈਅ ਕਰਨ ਤੋਂ ਬਾਅਦ ਹੀ ਅਪਣੱਤ ਭਰੇ ਰਵੱਈਏ ਨੂੰ

ਆਪਣੀ ਪਹਿਚਾਣ ਦਾ ਪੂਰਕ ਬਣਾ ਸਕੇਗੀ। ਪੰਜਾਬੀ ਗ਼ਜ਼ਲ ਬੇਸ਼ੱਕ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਬੈਠੇ ਲੇਖਕ ਵੱਲੋਂ ਰਚੀ ਜਾ ਰਹੀ ਹੋਵੇ ਉਹ ਪੰਜਾਬੀ ਗ਼ਜ਼ਲ ਦਾ ਹਿੱਸਾ ਹੈ। ਆਲੋਚਕਾਂ ਦੀ ਸੌਖ ਅਤੇ ਕਈ ਪਰਵਾਸੀ ਲੇਖਕਾਂ ਦੀ ਚਾਹਤ ਵਿਚੋਂ ਹੀ 'ਪਰਵਾਸੀ ਲੇਖਕ', 'ਪਰਵਾਸੀ ਸਾਹਿਤ' ਅਤੇ 'ਪਰਵਾਸੀ ਪੰਜਾਬੀ ਗ਼ਜ਼ਲ' ਜਿਹੇ ਵਿਸ਼ੇਸ਼ਣ ਹੋਂਦ ਵਿਚ ਆਏ ਹਨ। ਜਦੋਂ ਕੋਈ ਲੇਖਕ ਪੰਜਾਬ ਜਾਂ ਭਾਰਤ ਤੋਂ ਦੂਰ ਬੈਠਾ ਪੰਜਾਬ ਨਾਲ ਜੁੜੇ ਫਿਕਰਾਂ ਪ੍ਰਤੀ ਚਿੰਤਤ ਹੋ ਕੇ ਆਪਣੇ ਵਿਸ਼ੇ ਚੁਣਦਾ ਹੈ ਤਾਂ ਲੇਖਕ ਦੀ ਹੱਦਾਂ-ਸਰਹੱਦਾਂ ਦੀ ਦੂਰੀ ਕੋਈ ਮਾਅਨੇ ਨਹੀਂ ਰੱਖਦੀ। ਜੇ ਕਰ ਇਸ ਨੂੰ ਅਮਲੀ ਰੂਪ ਵਿਚ ਸੱਚ ਮੰਨਿਆ ਜਾਵੇ ਤਾਂ ਪਰਵਾਸੀ ਲੇਖਕਾਂ ਦੀ ਦੂਜੀ ਪੀੜ੍ਹੀ ਲਈ ਪੰਜਾਬ ਵਿਚ ਵੱਸਦੇ ਲੇਖਕ ਵੀ ਪਰਵਾਸੀ ਲੇਖਕਾਂ ਦੀ ਸ਼੍ਰੇਣੀ ਵਿਚ ਆ ਖੜਣਗੇ। ਦੁਨੀਆਂ ਨੂੰ ਇਕ 'ਗਲੋਬਲ ਪਿੰਡ' ਸਮਝਣ ਵਾਲੀ ਧਾਰਨਾ ਨੂੰ ਵੀ ਇਸ ਸਾਹਿਤਕ ਵੰਡ ਪ੍ਰਤੀ ਸਪੱਸ਼ਟ ਹੋਣਾ ਚਾਹੀਦਾ ਹੈ। ਪੰਜਾਬ ਵਿਚ ਲਿਖੀ ਜਾ ਰਹੀ ਅਤੇ ਪੰਜਾਬ ਤੋਂ ਦੂਰ ਲਿਖੀ ਜਾ ਰਹੀ 'ਪੰਜਾਬੀ ਗ਼ਜ਼ਲ' ਨੂੰ ਸਿਰਫ ਗ਼ਜ਼ਲ ਦੇ ਸਫ਼ਰ ਵਿਚ ਬਣੀ ਪਹਿਚਾਣ ਵਿਚੋਂ ਹੀ ਪਰਖਿਆ ਜਾਵੇ ਤਾਂ ਸਮੁੱਚੇ ਪ੍ਰਭਾਵ ਦੀ ਆਭਾ ਵਿਲੱਖਣ ਲੋਅ ਵਾਲੀ ਹੋਵੇਗੀ।

**ਸੁਰਿੰਦਰ ਸੀਰਤ ਨਾਲ ਮੁਲਾਕਾਤ:**

ਪ੍ਰਸ਼ਨ: ਵਿਸ਼ਵੀਕਰਨ ਦੇ ਦੌਰ ਵਿਚ ਲਿਖੀ ਜਾ ਰਹੀ ਪੰਜਾਬੀ ਗ਼ਜ਼ਲ ਪਰਿਵਾਰਕ ਰਿਸ਼ਤਿਆਂ ਨੂੰ ਕਿਵੇਂ ਬਿਆਨ ਕਰਦੀ ਹੈ?

ਉੱਤਰ: ਰਿਸ਼ਤਿਆਂ ਦੀ ਇਕ ਸੀਮਤ ਹੁੰਦੀ ਜਾ ਰਹੀ ਸੋਚ ਹੈ ਜੋ ਆਪੋ-ਆਪਣੇ ਨਿੱਜੀ ਵਤੀਰਿਆਂ ਕਾਰਨ ਫੈਲਦੀ ਜਾ ਰਹੀ ਹੈ ਅਤੇ ਜਿਸਦਾ ਮਨੁੱਖੀ ਸੋਚ ਉੱਤੇ ਬਹੁਤ ਪ੍ਰਭਾਵ ਪੈ ਰਿਹਾ ਹੈ। ਜਦ ਇਕ ਲੇਖਕ, ਕਵੀ ਜਾਂ ਫਿਰ ਗ਼ਜ਼ਲਗੋ ਇਸ ਦੀ ਅਕਾਸੀ ਕਰਦਾ ਹੈ ਤਾਂ ਇਹ ਸਭ ਬੇਤਰਤੀਬ, ਅਣਕਿਆਸੇ ਅਤੇ ਅਣਗੋਲੇ ਰਹਿ ਜਾਣ ਵੱਲ ਸੰਕੇਤ ਕਰਦੇ ਹਨ। ਰਿਸ਼ਤਿਆਂ ਦਾ ਮੋਹ ਕਿਤੇ ਨਾ ਕਿਤੇ ਮਨੁੱਖ ਵਿਚ ਹਜੇ ਵੀ ਸਮੋਇਆ ਹੋਇਆ ਹੈ। ਪਰਵਾਸ ਵਿਚ ਤਾਂ ਇੰਨਾ ਨਹੀਂ ਪਰ ਭਾਰਤ ਵਿਚ ਫਿਰ ਵੀ ਕਿਤੇ ਨਾ ਕਿਤੇ ਦੇਖਣ ਨੂੰ ਜ਼ਰੂਰ ਮਿਲ ਜਾਂਦਾ ਹੈ। ਮੇਰਾ ਇਕ ਸ਼ਿਅਰ ਇਸਦੀ ਤਰਜ਼ਮਾਨੀ ਕਰਦਾ ਹੈ:

> 'ਗੱਲ ਪੈਰਾਂ ਤੋਂ ਪਰਾਂ ਤੱਕ ਪੁੱਜਦੀ ਵੀ ਕਿਸ ਤਰ੍ਹਾਂ,
>
> ਰਿਸ਼ਤਿਆਂ ਦਾ ਮੋਹ ਨਾ ਕਰਮਾਂ ਦੀ ਹੀ ਲਾਚਾਰੀ ਗਈ।'

ਪ੍ਰਸ਼ਨ: ਤੁਹਾਡੀ ਗ਼ਜ਼ਲ ਸਮਾਜ-ਸਭਿਆਚਾਰ ਦੀ ਅਭਿਵਿਅਕਤੀ ਕਿਵੇਂ ਕਰਦੀ ਹੈ?

ਉੱਤਰ: ਦਰਅਸਲ ਇਕ ਗ਼ਜ਼ਲਗੋ ਇਸੇ ਮਾਅਸ਼ਰੇ ਦਾ ਅੰਗ ਹੈ ਜਿਸ ਦੇ ਦ੍ਰਿਸ਼ਟੀਕੋਣ ਵਿਚ ਜੋ ਕੁੱਝ ਵੀ ਹੁੰਦਾ ਹੈ ਕੇਵਲ ਸਮਾਜ-ਸਭਿਆਚਾਰ ਹੀ ਹੁੰਦਾ ਹੈ ਜਿਸ ਨੂੰ ਆਪ ਮੁਹਾਰੇ ਹੀ ਗ਼ਜ਼ਲ ਦੀ ਬੰਦਿਸ਼ ਜਕੜ ਲੈਂਦੀ ਹੈ।ਇਸ ਸੰਦਰਭ ਵਿਚ ਮੇਰਾ ਇਕ ਸ਼ਿਅਰ ਹੈ:

'ਨਗਰ, ਜਲਥਲ, ਦਿਸ਼ਾਵਾਂ ਦੀ ਰਹੀ ਖਲਬਲ ਬਣੀ 'ਸੀਰਤ'

ਬੁਝੀ ਹਰ ਇਕ ਤਪਸ਼ ਭਾਵੇਂ ਰਿਹਾ ਤਲਖ਼ੀ ਚ ਘਰ ਮੇਰਾ।'

ਪ੍ਰਸ਼ਨ: ਪੂੰਜੀਵਾਦੀ ਦੌਰ ਵਿਚਲੇ ਆਰਥਿਕ ਵਰਤਾਰੇ ਨੂੰ ਪੰਜਾਬੀ ਗ਼ਜ਼ਲ ਕਿਵੇਂ ਪੇਸ਼ ਕਰਦੀ ਹੈ?

ਉੱਤਰ: ਪੂੰਜੀਵਾਦੀ ਦੌਰ ਵਿਚ ਆਰਥਿਕਤਾ ਇਕ ਪੇਚੀਦਾ ਪ੍ਰਸ਼ਨ ਹੈ। ਆਰਥਿਕ ਪ੍ਰਾਪਤੀ ਨੂੰ ਭਿੰਨ-ਭਿੰਨ ਅਰਥਚਾਰੇ ਵਿਚ ਵੇਖਿਆ ਜਾ ਸਕਦਾ ਹੈ। ਕੁੱਝ ਇਸਦੇ ਭੋਗ ਵਿਲਾਸ ਵਿਚ ਆਪਣੀ ਪਛਾਣ, ਆਪਣਾ ਵਿਰਸਾ, ਆਪਣੇ ਰਿਸ਼ਤੇ-ਨਾਤੇ, ਆਪਣਾ ਕਿਰਦਾਰ ਏਥੋਂ ਤੱਕ ਕਿ ਆਪਣਾ ਆਪ ਤੱਕ ਭੁਲਾ ਬੈਠੇ ਹਾਂ। ਜਿਵੇਂ ਮੇਰਾ ਇਕ ਸ਼ਿਅਰ ਆਪ-ਮੁਹਾਰੇ ਹੀ ਹੋ ਨਿਬੜਦਾ ਹੈ:

'ਲੁਕਾ ਸਕਿਆ ਨਹੀਂ ਤਹਿਰੀਕ ਆਪਣੀ ਦਾ ਤੂੰ ਸ਼ੜ-ਯੰਤਰ,

ਤਿਰੀ ਭਟਕਣ ਦੀ ਆਖਰਤਾ ਏ ਪੂੰਜੀਵਾਦ ਦੇ ਅੰਦਰ।'

ਪਰ ਕਿਧਰੇ ਇਸ ਪ੍ਰਾਪਤੀ ਨੂੰ ਆਪਣੀ ਸਭ ਤੋਂ ਵੱਡੀ ਘਾਟ ਦਰਸਾ ਜਾਂਦਾ ਹੈ। ਮੇਰਾ ਇਕ ਹੋਰ ਸ਼ਿਅਰ ਸ਼ਾਇਦ ਇਸ ਗੱਲ ਨੂੰ ਅੱਗੇ ਤੋਰ ਸਕੇ:

'ਰਾਤ, ਦਿਨ, ਸੁਭਹ, ਸ਼ਾਮ ਦਾ ਅੰਤਰ ਹੈ ਏਥੇ ਲਾਪਤਾ,

ਸਿੱਕਿਆਂ ਦਾ ਮਹਿ ਹੀ ਬੰਦੇ ਦੀ ਸ਼ਨਾਖ਼ਤ ਕਰ ਗਿਆ।'

ਪ੍ਰਸ਼ਨ: ਉਦਾਰਵਾਦੀ ਨਿੱਜੀਕਰਨ ਦੇ ਚਲਦੇ ਹੋਏ ਪੰਜਾਬੀ ਗ਼ਜ਼ਲ ਰਾਜਨੀਤੀ ਦੇ ਕਿਹੜੇ ਪੱਖਾਂ ਦਾ ਯਥਾਰਥ ਪੇਸ਼ ਕਰਦੀ ਹੈ।

ਉੱਤਰ: ਦਰਅਸਲ ਅਜੋਕੇ ਦੌਰ ਵਿਚ ਹਰ ਵਿਅਕਤੀ ਨੂੰ ਇਕ ਤਰ੍ਹਾਂ ਨਾਲ ਨਿੱਜੀ ਸੁਤੰਤਰਤਾ ਪ੍ਰਾਪਤ ਹੈ। ਉਸਦੀ ਆਪਣੀ ਭੂਮਿਕਾ ਇਸਵਿਚ ਅਨੇਕਾਂ ਰਾਹ ਟਟੋਲਦੀ ਹੈ ਜਿਸ ਰਾਹੀਂ ਉਹ ਆਪਣੀ ਮੰਦਹਾਲੀ ਨੂੰ ਬਹਾਲ ਕਰ ਸਕੇ। ਇਸ ਮਕਸਦ ਵਿਚ ਉਹ ਅਕਸਰ ਦਿਸ਼ਾਹੀਨ ਹੋ ਜਾਂਦਾ ਹੈ। ਅਪ੍ਰਾਪਤੀਆਂ ਦੇ ਇਸ ਸੰਗਰਾਮ ਵਿਚ ਉਹ ਜਾਂ ਤਾਂ ਸੱਤਾ ਤੇ ਭਾਰੂ ਹੋ ਜਾਂਦਾ ਹੈ ਜਾਂ ਫਿਰ ਸੱਤਾ ਉਸ ਉੱਤੇ। ਉਸ ਦੀ ਮਜਬੂਰੀ ਨੂੰ ਬਿਆਨ ਕਰਦਾ ਇਹ ਸ਼ਿਅਰ ਦੇਖੋ:

'ਮੈਂ ਬਿਰਖ਼ਾਂ ਤੋਂ ਘਟਾਵਾਂ ਤੋਂ ਹੈ ਮੰਗੀ,

ਕਿਸੇ ਦਿੱਤੀ ਨਾ ਮੈਨੂੰ ਛਾਂ ਉਧਾਰੀ।'

ਉਹ ਇਕ ਅਣਕਿਆਸੇ ਤਣਾਅ ਦਾ ਸ਼ਿਕਾਰ ਹੋ ਜਾਂਦਾ ਹੈ। ਇਕ ਐਸੀ ਪਰਸਥਿਤੀ ਵਿਚ ਜਿੱਥੇ ਇਹ ਮੰਨ ਕੇ ਤੁਰਨਾ ਪੈਂਦਾ ਹੈ ਕਿ ਸਾਡੀ ਰਾਜਨੀਤੀ, ਸੱਤਾ, ਅਨੁਸ਼ਾਸਨ ਵਿਚ ਭ੍ਰਿਸ਼ਟਾਚਾਰ, ਦੁਰਾਚਾਰ, ਅਨਿਆਂ ਆਦਿ ਜਿਹੇ ਆਤੰਕ ਸਾਡੇ ਸਿਆਸੀ ਪ੍ਰਬੰਧ ਨੂੰ ਚਿਮੜੀ ਬੈਠੇ ਹਨ। ਇਸ ਸੰਦਰਭ ਵਿਚ ਮੇਰੇ ਹੇਂਠ ਲਿਖੇ ਸ਼ਿਅਰ ਪੂਰੇ ਢੁੱਕਦੇ ਹੈ:

'ਸੁਣੀਂਦਾ ਹੀ ਨਹੀਂ ਇਕ ਸ਼ੋਰ, ਜਿਸ ਵਿਚ ਸੜ ਰਹੀ ਬਸਤੀ,

ਅਜੋਕੇ ਦੌਰ ਦਾ ਬੰਦਾ, ਫ਼ਕਤ ਨਿੱਜਤਾ ਦਾ ਪੱਥਰ ਹੈ।'

'ਦਸਤਕ ਵੀ ਦਿਉ ਤਾਂ ਕਿੱਥੇ ਲੋਅ ਭੇਜੋ ਤਾਂ ਕਿਸ ਵਿਥੋਂ,

ਆਤੰਕ ਦੇ ਘਰ ਅੰਦਰ ਬੂਹਾ ਹੈ ਨਾ ਬਾਰੀ ਹੈ।'

ਪ੍ਰਸ਼ਨ: ਪਰਵਾਸ ਦੇ ਕਿਹੜੇ ਅਹਿਮ ਪੱਖ ਹਨ ਜੋ ਮਨੁੱਖ ਤੇ ਸਮਾਜ ਵਿਚ ਵੱਖਰੇਂਵਾਂ ਪੈਦਾ ਕਰ ਰਹੇ ਹਨ?

ਉੱਤਰ: ਪਰਵਾਸੀ ਪੰਜਾਬੀ ਜੀਵਨ ਵਿਚ ਸਭ ਤੋਂ ਦਰਪੇਸ਼ ਮਸਲਿਆਂ ਵਿਚੋਂ ਸਭ ਤੋਂ ਉੱਤਮ ਮਸਲਾ ਆਪਣੀ ਪੰਜਾਬੀ ਭਾਸ਼ਾ ਨੂੰ ਆਪਣੀ ਅਗਲੀ ਪੀੜ੍ਹੀ ਵਿਚੋਂ ਗਵਾ ਲੈਣਾ ਹੈ। ਬੋਲੀ ਹੀ ਇਕ ਅਜਿਹਾ ਸੂਤਰ ਹੈ ਜੋ ਸਾਨੂੰ ਆਪਣੇ ਧਰਮ ਸਭਿਆਚਾਰ ਨਾਲ ਜੋੜ ਕੇ ਰੱਖ ਸਕਦਾ ਹੈ। ਜਦੋਂ ਮੈਂ ਸ਼ੁਰੂ-ਸ਼ੁਰੂ ਵਿਚ ਅਮਰੀਕਾ ਦੀ ਧਰਤੀ ਤੇ ਗਿਆ ਤਾਂ ਉੱਥੇ ਇਹ ਸ਼ਿਅਰ ਕਿਹਾ ਸੀ ਜੋ ਇਸ ਸੰਦਰਭ ਵਿਚ ਪੂਰਾ ਢੁੱਕਦਾ ਹੈ:

'ਕਮਾਇਆ ਕੀ ਗਵਾਇਆ ਹੈ, ਸਮੁੰਦਰੋਂ ਪਾਰ ਆ ਕੇ ਤੂੰ

ਨਾ ਬੋਲੀ ਹੀ ਰਹੀ ਸਾਬਤ, ਨਾ ਪੱਗ ਸਿਰ ਤੇ ਨਾ ਜੂੜਾ ਹੈ।'

ਹੋਰ ਅਨੇਕ ਮਸਲੇ ਹਨ ਜਿਨ੍ਹਾਂ ਦੇ ਕਾਰਨ ਪਰਵਾਸੀ ਜੀਵਨ ਵਿਚ ਕਈ ਪਰਿਵਰਤਨ ਆਉਂਦੇ ਹਨ। ਜਿਵੇਂ ਪਰਿਵਾਰ ਦੇ ਮਸਲਿਆਂ ਵਿਚ ਬੱਚਿਆਂ ਦੀ ਪਰਵਰਿਸ਼। ਖ਼ਾਸ ਤੌਰ ਤੇ ਉਨ੍ਹਾਂ ਪਰਿਵਾਰਾਂ ਲਈ ਜਿੱਥੇ ਮਾਂ-ਬਾਪ ਦੋਨੋਂ ਹੀ ਕੰਮ ਕਰਦੇ ਹਨ। ਉਹ ਬੱਚਿਆਂ ਲਈ ਬੇਬੀ ਸਿਟਰ ਦਾ ਪ੍ਰਬੰਧ ਕਰਦੇ ਹਨ। ਜਿਸ ਕਾਰਨ ਇਹ ਬੱਚੇ ਆਪਣੀ ਮਾਂ-ਬੋਲੀ, ਰਹਿਣ-ਸਹਿਣ ਅਤੇ ਪੰਜਾਬੀ ਵਿਰਸੇ ਤੋਂ ਵਾਂਝੇ ਰਹਿ ਜਾਂਦੇ ਹਨ। ਇੱਥੋਂ ਦੇ ਸਭਿਆਚਾਰ ਵਿਚ ਖੁੱਲ੍ਹੇਪਨ ਦਾ ਆਪਣਾ ਅਸਰ ਹੈ। ਇਸ ਦਾ ਅਸਰ ਯੂਥ ਤੇ ਵੱਧ ਹੋ ਰਿਹਾ ਹੈ। ਇਸ ਧਰਤੀ ਤੇ ਦੋ ਜੀਆਂ ਵਿਚ ਤਣਾਉ ਦਾ ਕਾਰਨ ਬਣਨ ਕਾਰਨ ਤਲਾਕਾਂ ਦੀ ਸੰਖਿਆ ਵੱਧਦੀ ਜਾਂਦੀ ਹੈ। ਜਵਾਨ ਹੋ ਰਹੇ ਬੱਚੇ ਮਾਂ-ਬਾਪ ਤੋਂ ਵੱਖ ਰਹਿਣਾ ਹੀ ਪਸੰਦ ਕਰਦੇ ਹਨ। ਇਸ ਤਰ੍ਹਾਂ ਪਰਿਵਾਰਕ ਤਣਾਅ ਸਿਖਰਾਂ ਤੇ ਹੁੰਦਾ ਹੈ। ਇਸ ਤੋਂ ਵੀ ਵੱਧ ਇਹ ਹੈ ਕਿ ਜਦ ਇਕ ਆਵਾਸੀ ਪਰਿਵਾਰ ਵਿਚ ਬੱਚੇ 18 ਸਾਲ ਤੋਂ ਉਪਰ ਹੋ ਜਾਂਦੇ ਹਨ ਤਾਂ ਉਹ ਮਾਂ-ਬਾਪ ਨਾਲ ਰਹਿਣਾ ਪਸੰਦ ਨਹੀਂ ਕਰਦੇ। ਹੁਣ ਸਵਾਲ ਇਹ ਉੱਠਦਾ ਹੈ ਕਿ ਪੰਜਾਬੀ ਗ਼ਜ਼ਲ ਕਿਹੜੇ-ਕਿਹੜੇ ਮਸਲਿਆਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਉਸ ਬਾਰੇ ਮੈਂ ਆਪਣੇ ਸ਼ਿਅਰਾਂ ਰਾਹੀਂ ਦੱਸਾਂਗਾ।

'ਗਵਾ ਰਹੇ ਹਾਂ ਸ਼ਰਾਬਾਂ 'ਚ ਆਰਸੀ ਆਪਣੀ

ਇਹ ਕਿਸ ਮੁਕਾਮ ਤੇ ਲੈ ਆਈ ਤਿਸ਼ਨਗੀ ਆਪਣੀ।'

'ਸਭੇ ਬੇਅਰਥ ਦਿਸਦੇ ਸਾਰਥਕ ਕੁੱਝ ਵੀ ਨਹੀਂ ਏਥੇ

ਨਾ ਆਈਆਂ ਰਾਸ ਘਰ-ਪਿੰਜਰੇ ਦੀਆਂ ਪਕਚੂਰੀਆਂ ਮੈਨੂੰ।'

'ਸਮੇਂ ਦੀ ਜਗਮਗਾਹਟ, ਰੌਸ਼ਨੀ, ਝਿਲਮਿਲ, ਚਕਾ-ਚੌਂਦੀ

ਪਛਾੜਨ ਰਾਹ ਨਹੀਂ ਦੇਣੀ ਇਨ੍ਹਾਂ ਬੇਨੂਰੀਆਂ ਮੈਨੂੰ।'

ਪ੍ਰਸ਼ਨ: ਨਾਰੀਵਾਦ ਜਿਹੇ ਭੱਖਵੇਂ ਮਸਲੇ ਨੂੰ ਤੁਹਾਡੀ ਗ਼ਜ਼ਲ ਕਿਵੇਂ ਕਬੂਲਦੀ ਹੈ?

ਉੱਤਰ: ਨਾਰੀਵਾਦ ਆਪਣੇ ਆਪ ਵਿਚ ਇਕ ਅੰਤਰ-ਰਾਸ਼ਟਰੀ ਤਹਿਰੀਕ ਹੈ। ਮਨੁੱਖੀ ਸਮਾਜ ਵਿਚ ਨਾਰੀ ਨੂੰ ਮਰਦ ਦੇ ਮੁਕਾਬਲੇ ਦੂਜੀ ਥਾਂ ਤੇ ਰੱਖਿਆ ਗਿਆ ਹੈ। ਇਸ ਦਾ ਕੇਵਲ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਨਾਰੀ ਮਰਦ ਦੇ ਮੁਕਾਬਲੇ ਵਿਚ ਇਕ ਤਾਂ ਬਲਹੀਨ ਹੈ ਦੂਜਾ ਇਹ ਕਿ ਨਾਰੀ ਦੀ ਨਾਜ਼ੁਕਤਾਈ ਉਸ ਦਾ ਹੁਸਨ ਤਾਂ ਹੈ ਪਰ ਕਠਿਨਾਈ ਭਰੇ ਜੀਵਨ ਸੰਘਰਸ਼ ਵਿਚ ਇਕ ਐਬ। ਆਰੰਭ ਤੋਂ ਹੀ ਨਾਰੀ ਮਰਦ ਦੇ ਅਧੀਨ ਰਹੀ ਹੈ। ਇਸ ਕਾਰਨ ਉਸ ਦੀ ਅਹਿਮੀਅਤ ਨੂੰ ਅਜੋਕੇ ਜੀਵਨ ਕਾਲ ਵਿਚ ਸਵੀਕਾਰਿਆ ਜਾਣਾ ਇਕ ਮਰਦ-ਮਨੋਵਿਗਿਆਨਕ ਸੋਚ ਵਿਚ ਅਪਣਾਇਆ ਜਾਣਾ ਸਹਿਜ ਸਾਬਿਤ ਨਹੀਂ ਹੋ ਰਿਹਾ। ਇਹ ਇਕ ਜਟਿਲ ਮਸਲਾ ਹੈ ਕਿ ਨਾਰੀ ਮਰਦ ਵਿਚ ਨਾ-ਬਰਾਬਰੀ ਕਿਥੋਂ ਤੱਕ ਸਾਰਥਕ ਹੈ। ਪਰ ਇਹ ਇਕ ਤੱਥ ਹੈ ਕਿ ਨਾਰੀ ਦੀ ਅਹਿਮੀਅਤ ਗਲੋਬਲ ਪੱਧਰ ਤੇ ਮਰਦ ਤੋਂ ਵੀ ਕਿਤੇ ਮੁੱਲਵਾਨ ਹੈ। ਜੇ ਨਾਰੀ ਨੂੰ ਘਰ-ਬਾਹਰ, ਧਰਮ-ਸਿਆਸਤ, ਕੰਮ-ਕਾਜ, ਕਾਰ-ਵਿਹਾਰ ਆਦਿ ਵਿਚ ਬਰਾਬਰਤਾ ਦਿੱਤੀ ਜਾਵੇ ਤਾਂ ਹੀ ਸਮੁੱਚਾ ਜੀਵਨ ਹੋਰ ਮੁੱਲਵਾਨ ਹੋ ਸਕਦਾ ਹੈ। ਇਕ ਦੂਜੀ ਗੱਲ ਇਹ ਹੈ ਕਿ ਸ਼ਾਇਰੀ ਤਥਾ ਗ਼ਜ਼ਲ ਵਿਚ ਨਾਰੀ ਨਾਲ ਗੱਲਾਂ, ਸ਼ਿਕਵੇ, ਸ਼ਿਕਾਇਤਾਂ, ਵਫਾ, ਜੁਦਾਈ, ਤਨਹਾਈ, ਤਿਸ਼ਨਗੀ ਆਦਿ ਜਿਹੇ ਅੰਸ਼ ਜੁੜੇ ਹਨ ਜਿਨ੍ਹਾਂ ਤੇ ਗਾਲਿਬ ਜਿਹੇ ਸ਼ਾਇਰ ਵੀ ਕੀ ਕੁਝ ਨਹੀਂ ਕਹਿ ਗਏ। ਮੈਂ ਆਪਣੀ ਸ਼ਾਇਰੀ ਵਿਚ ਬਹੁਤਾ ਕੁੱਝ ਨਹੀਂ ਕਹਿ ਸਕਿਆ ਪਰ ਕੁੱਝ ਸ਼ਿਅਰ ਸਿੱਧੇ-ਅਸਿੱਧੇ ਇੰਝ ਹਨ:

'ਮਿਰੇ ਮਨ ਦਾ ਪਰਿੰਦਾ ਫੜਫੜਾਉਂਦਾ ਹੀ ਰਿਹਾ ਏ
ਕਦੀ ਅਸਮਾਨ ਨਾ ਮਿਲਿਆ ਕਦੀ ਪਰ ਨਾ ਸੰਭਲੇ।'

'ਪਹੁੰਚ ਤੇਰੀ 'ਚ ਉਹ ਨਹੀਂ 'ਸੀਰਤ'
ਇਸ਼ਕ ਮੇਰਾ ਗਰੀਬ ਹੈ ਯਾਰੋ।'

ਪ੍ਰਸ਼ਨ: ਗਲੋਬਲਾਈਜੇਸ਼ਨ ਨੇ ਮਨੁੱਖੀ ਵਰਤਾਰੇ ਵਿਚ ਕੀ ਬਦਲਾਅ ਲਿਆਂਦੇ ਹਨ?

ਉੱਤਰ: ਬਦਲਾਅ ਇਕ ਸਿਹਤਮੰਦ ਉਪਰਾਲਾ ਹੈ। ਫਿਰ ਜਦੋਂ ਇਸ ਨੂੰ ਗਲੋਬਲਸਤਰ ਤੇ ਵੇਖਿਆ ਜਾਵੇ ਤਾਂ 20ਵੀਂ ਸਦੀ ਵਿਚ ਮਨੁੱਖੀ ਸਭਿਅਤਾ ਕਿਤੇ ਅੱਗੇ ਨਿਕਲ ਗਈ ਹੈ। ਇੰਟਰਨੈਟ ਰਾਹੀਂ ਹੁਣ ਤਾਂ ਗਲੋਬ ਦੀ ਵੱਖਰਤਾ ਕਹਿਣਯੋਗ ਹੀ ਰਹਿ ਗਈ ਹੈ। ਕਿਸੇ ਨਾਲ ਕਿਤੇ ਵੀ, ਕਦੀ ਵੀ ਸੰਪਰਕ ਕੀਤਾ ਜਾ ਸਕਦਾ ਹੈ। ਇਕ ਪਾਸੇ ਤਾਂ ਅੱਜ ਮਨੁੱਖ ਮਨੁੱਖ ਨਾਲ ਸੰਪਰਕ ਵਿਚ ਹੈ ਅਤੇ ਇਕੋ ਥਾਂ ਤੇ ਹੁੰਦਿਆਂ ਹੋਇਆਂ ਵੀ ਆਪੋ ਆਪਣੀ ਦੁਨੀਆਂ ਵਿਚ ਰੁੱਝਿਆ ਹੋਇਆ ਅਲੱਗ-ਅਲੱਗ ਵੀ। ਇਕੋ ਘਰ ਵਿਚ ਸਾਰੇ ਜੀਅ ਬਹੁਤਾ ਕਰ ਕੇ ਆਪੋ-ਆਪਣੇ ਇੰਟਰਨੈਟ ਫੋਨਾਂ ਤੇ ਵਿਅਸਤ ਰਹਿੰਦੇ ਹਨ ਅਤੇ ਜੋ ਕੁੱਝ ਸਾਂਝਾ ਕਰਨਾ ਹੋਵੇ ਤਾਂ ਵੀ ਇਸ ਰਾਹੀਂ ਕਰ ਲੈਂਦੇ ਹਨ। ਹੁਣ ਸਾਰੀ ਦੁਨੀਆਂ ਨੂੰ ਇੰਟਰਨੈਟ ਦੀ ਦੁਨੀਆਂ ਹੀ ਆਖੀ ਜਾ ਸਕਦੀ ਹੈ।

'ਮੈਂ ਤੋਂ ਮੇਰੇ ਤੀਕ ਹੈ ਭਰਮਾਂ ਦੀ ਭਟਕਣ ਦਾ ਸਫ਼ਰ
ਨਾਲ ਪਰਛਾਵਾਂ ਤੁਰੇ 'ਸੀਰਤ' ਐਪਰ ਬੋਲੇ ਨਹੀਂ।'

ਪ੍ਰਸ਼ਨ: ਪੰਜਾਬੀ ਗ਼ਜ਼ਲ ਅਤੇ ਪਰਵਾਸੀ ਪੰਜਾਬੀ ਗ਼ਜ਼ਲ ਬਾਰੇ ਆਪਣੇ ਵਿਚਾਰ ਦੱਸੋ?

ਉੱਤਰ: ਗ਼ਜ਼ਲ ਗ਼ਜ਼ਲ ਹੁੰਦੀ ਹੈ। ਪੰਜਾਬੀ ਜਾਂ ਪਰਵਾਸੀ ਨਹੀਂ ਪਰ ਜਿਵੇਂ ਕਿਸੇ ਵੀ ਰਚਨਾ ਦਾ ਆਧਾਰ ਉਸਦੇ ਸਮੇਂ, ਸਥਾਨ ਅਤੇ ਸਥਿਤੀ ਤੇ ਨਿਰਭਰ ਕਰਦਾ ਹੈ। ਇਸ ਲਈ ਵੱਖੋ-ਵੱਖ ਪਰਸਥਿਤੀਆਂ ਵਿਚ ਵਿਚਾਰਾਂ ਦੀ ਇਕਸਾਰਤਾ ਨਹੀਂ ਰਹਿ ਸਕਦੀ। ਫਿਰ ਵਿਭਿੰਨ ਸਰੋਕਾਰਾਂ ਦਾ ਆਪੋ-ਆਪਣਾ ਪਰਿਪੇਖ ਹੋ ਨਿਬੜਦਾ ਹੈ। ਪੰਜਾਬੀ ਗ਼ਜ਼ਲ ਵਿਚ ਤਾਂ ਇਕ ਲੰਮੀ ਚੌੜੀ ਗਿਣਤੀ ਵਿਚ ਗ਼ਜ਼ਲ ਕਹੀ ਗਈ। ਜੇ ਸਾਰਿਆਂ ਪੱਖਾਂ ਨੂੰ ਸਮਲਿਤ ਕਰ ਕੇ ਵੇਖਿਆ ਜਾਵੇ ਤਾਂ ਪਰਵਾਸੀ ਗ਼ਜ਼ਲ ਅਜੇ ਉਸ ਮੁਕਾਮ ਤੇ ਨਹੀਂ ਪਹੁੰਚੀ। ਕੁੱਝ ਕ ਸ਼ਾਇਰ ਜੋ ਭਾਰਤ ਵਿਚ ਜਾਣੇ-ਪਛਾਣੇ ਹੋਣ ਕਰ ਕੇ ਪਰਵਾਸ ਵਿਚ ਵੀ ਗਲੋਬਲ ਸੰਦਰਭ ਦੇ ਗ਼ਜ਼ਲਕਾਰ ਹਨ ਜੋ ਆਪੋ-ਆਪਣਾ ਵਿਲੱਖਣ ਮੁਕਾਮ ਰੱਖਦੇ ਹਨ। ਉਦਾਹਰਣ ਵਜੋਂ ਮੇਰਾ ਸ਼ਿਅਰ ਹੈ:

'ਹੌਲੀ-ਹੌਲੀ ਘਰ ਤਾਂ ਮੇਰਾ ਭਰ ਗਿਆ ਹੈ
ਸ਼ਖ਼ਸ ਜੋ ਰਹਿੰਦਾ ਸੀ ਇਸ ਵਿਚ ਮਰ ਗਿਆ।

## ਸਿੱਟੇ ਅਤੇ ਸਥਾਪਨਾਵਾਂ

ਸਾਹਿਤ ਇਕ ਸਿਰਜਣਾਤਮਕ ਅਮਲ ਹੈ ਜੋ ਮਨੁੱਖ ਦੀਆਂ ਆਂਤਰਿਕ ਭਾਵਨਾਵਾਂ ਦੀ ਤਰਜ਼ਮਾਨੀ ਕਰਦਾ ਹੈ। ਸਾਹਿਤਕਾਰ ਆਪਣੀ ਸਿਰਜਣਾਤਮਕ ਸ਼ਕਤੀ ਦੁਆਰਾ ਸਮਾਜ ਦੀਆਂ ਸਮੱਸਿਆਵਾਂ ਨੂੰ ਆਪਣੀ ਲੇਖਨੀ ਦਾ ਆਧਾਰ ਬਣਾ ਕੇ ਕੁੱਝ ਅਜਿਹਾ ਕਹਿਣ ਅਤੇ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਸ ਨਾਲ ਇਕ ਸਿਰਜਣਾਤਮਕ ਸਮਾਜ ਸਿਰਜਿਆ ਜਾ ਸਕੇ। ਸਾਹਿਤਕਾਰ ਆਮ ਸਾਧਾਰਣ ਵਿਅਕਤੀ ਨਾਲੋਂ ਵਧੇਰੇ ਸੰਵੇਦਨਸ਼ੀਲ ਅਤੇ ਚੇਤੰਨ ਪ੍ਰਾਣੀ ਹੈ। ਲੇਖਕ ਜਾਂ ਸਾਹਿਤਕਾਰ ਜਿਸ ਸਮਾਜ ਵਿਚ ਪੈਦਾ ਹੁੰਦਾ ਹੈ ਉਸ ਦੀ ਰਚਨਾਕਾਰੀ ਵਿਚ ਸਮਾਜਿਕ ਵਿਸ਼ੇ ਸਪੱਸ਼ਟ ਦਿਖਾਈ ਦੇਣ ਲੱਗ ਜਾਂਦੇ ਹਨ। ਸਮਾਜ ਵਿਚ ਵਿਚਰਦਿਆਂ ਲੇਖਕ ਦੇ ਮਨ ਵਿਚ ਸਮਾਜਿਕ ਸਥਿਤੀਆਂ ਸਬੰਧੀ ਜਿਹੜੇ ਰੋਧ-ਪ੍ਰਤੀਰੋਧ ਜਾਂ ਕਿਸੇ ਤਰ੍ਹਾਂ ਦੇ ਕੋਈ ਸ਼ੰਕੇ ਉਪਜਦੇ ਹਨ ਉਹ ਉਸ ਦੀ ਰਚਨਾ ਵਿਚੋਂ ਸਪੱਸ਼ਟ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਕੋਈ ਵੀ ਸਾਹਿਤਕ ਕਿਰਤ ਆਪਣੇ ਸਮਕਾਲੀ ਸਮਾਜ ਤੋਂ ਪ੍ਰੇਰਣਾ ਲੈ ਕੇ ਹੋਂਦ ਗ੍ਰਹਿਣ ਕਰਦੀ ਹੈ। ਕੋਈ ਵੀ ਲੇਖਕ ਸਮਕਾਲੀ ਸਮਾਜਿਕ ਨਿਯਮਾਂ ਨੂੰ ਬਦਲ ਤਾਂ ਨਹੀਂ ਸਕਦਾ ਪਰ ਆਪਣੀਆਂ ਰਚਨਾਵਾਂ ਰਾਹੀਂ ਉਹਨਾਂ ਸਮਾਜਿਕ ਸਮੱਸਿਆਵਾਂ ਨੂੰ ਪੇਸ਼ ਕਰ ਕੇ ਪਾਠਕਾਂ ਨੂੰ ਚੇਤੰਨ ਜ਼ਰੂਰ ਕਰ ਦਿੰਦਾ ਹੈ। ਇਸ ਦੇ ਸਿੱਟੇ ਵਜੋਂ ਕਈ ਵਾਰੀ ਆਲੋਚਕ ਜਾਂ ਪਾਠਕ ਕਿਸੇ ਰਚਨਾ ਨੂੰ ਪੜ੍ਹ ਕੇ ਲੇਖਕ ਦੀ ਦ੍ਰਿਸ਼ਟੀ ਨੂੰ ਅਚੇਤ ਮਨ ਵਿਚ ਹੀ ਆਪਣਾ ਲੈਂਦਾ ਹੈ। ਮਨੁੱਖ ਜਾਤੀ ਦੀ ਦੂਜੇ ਜੀਵਾਂ ਨਾਲੋਂ ਵਿਸ਼ੇਸ਼ਤਾ ਇਹ ਹੈ ਕਿ ਮਨੁੱਖ ਆਪਣੀਆਂ ਮੁੱਢਲੀਆਂ ਪਦਾਰਥਕ ਲੋੜਾਂ (ਕੁੱਲੀ, ਗੁੱਲੀ, ਜੁੱਲੀ) ਦੀ ਪੂਰਤੀ ਸਮਾਜ ਵਿਚੋਂ ਹੀ ਕਰਦਾ ਹੈ ਅਤੇ ਨਿੱਤ ਸਮਾਜਿਕ ਸਮੱਸਿਆਵਾਂ ਨੂੰ ਸਹਿਣ ਕਰਦਾ ਅੱਗੇ ਵੱਧਦਾ ਹੈ। ਇਸੇ ਆਧਾਰ ਤੇ ਸਮਾਜ ਦੀ ਉਸਾਰੀ ਸਮਾਜ ਵਿਚਲੇ ਵੱਖ-ਵੱਖ ਪਰਿਪੇਖਾਂ ਤੋਂ ਹੁੰਦੀ ਹੈ। ਜਿਸ ਵਿਚ ਸਮਾਜਿਕ ਢਾਂਚਾ, ਰਾਜਨੀਤਿਕ, ਧਾਰਮਿਕ, ਆਰਥਿਕ ਆਦਿ ਸ਼ਾਮਿਲ ਹਨ ਜਿਸ ਵਿਚਲੀਆਂ ਸਮੱਸਿਆਵਾਂ ਨੂੰ ਪੰਜਾਬੀ ਗ਼ਜ਼ਲਕਾਰਾਂ ਨੇ ਆਪਣੀਆਂ ਗ਼ਜ਼ਲਾਂ ਵਿਚ ਸ਼ਾਮਿਲ ਕੀਤਾ ਹੈ ਅਤੇ ਇਸ ਨੂੰ ਸਮਾਜ-ਸ਼ਾਸਤਰੀ ਕਸਵੱਟੀ ਤੋਂ ਪਰਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਜੋਕੇ ਦੌਰ ਵਿਚ ਪਰਵਾਸ ਅਤੇ ਨਾਰੀਵਾਦ ਜਿਹੇ ਭੱਖਵੇਂ ਮਸਲਿਆਂ ਤੋਂ ਅਜੋਕੀ ਪੰਜਾਬੀ ਗ਼ਜ਼ਲ ਅਛੂਤੀ ਨਹੀਂ ਹੈ। ਗ਼ਜ਼ਲ ਭਾਰਤੀ ਭਾਸ਼ਾ ਦਾ ਮੌਲਿਕ ਕਾਵਿ-ਰੂਪ ਨਹੀਂ ਹੈ। ਇਸ ਸਿਨਫ਼ ਦਾ ਫ਼ਾਰਸੀ ਸਾਹਿਤ ਵਿਚੋਂ ਆਰੰਭ ਹੋ ਕੇ ਉਰਦੂ ਨੂੰ ਮਾਧਿਅਮ ਬਣਾ ਕੇ ਪੰਜਾਬੀ ਸਾਹਿਤ ਵਿਚ ਆਗਮਨ ਹੋਇਆ। ਫ਼ਾਰਸੀ ਕਾਵਿ-ਰੂਪ 'ਗ਼ਜ਼ਲ' ਦੇ ਪੰਜਾਬੀ ਵਿਚ ਹੋਈ ਆਮਦ ਨਾਲ ਪੰਜਾਬੀ ਕਾਵਿ-ਜਗਤ ਵਿਚ ਅਥਾਹ ਨਵੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ। ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਪੰਜਾਬੀ ਗ਼ਜ਼ਲ ਦਾ ਮੁੱਢ ਤਾਂ ਸ਼ਾਹ ਮੁਰਾਦ ਨਾਲ 17ਵੀਂ ਸਦੀ ਵਿਚ ਬੰਨਿਆ ਗਿਆ ਮੰਨਿਆ ਜਾਂਦਾ ਹੈ ਪਰ ਇਸ ਵਿਚ ਮੌਲਿਕਤਾ ਅਤੇ ਸੰਜੀਦਗੀ 1960 ਤੋਂ ਬਾਅਦ ਹੀ ਆਉਣੀ ਸ਼ੁਰੂ ਹੋਈ। ਇਸ ਕਾਲ ਤੋਂ ਪਹਿਲਾਂ ਦੀ ਗ਼ਜ਼ਲਕਾਰੀ ਵਿਚ ਰਵਾਇਤੀ ਰੰਗ ਪ੍ਰਧਾਨ ਰਿਹਾ ਅਤੇ ਮੌਲਿਕਤਾ ਦੀ ਘਾਟ ਰਹੀ। ਪਰ ਜੇ ਕਰ ਗੱਲ ਇੱਕੀਵੀਂ ਸਦੀ ਦੀ ਕਰੀਏ ਤਾਂ ਇਸ ਵਿਚ ਪੰਜਾਬੀ ਗ਼ਜ਼ਲਕਾਰਾਂ ਨੇ ਗ਼ਜ਼ਲ ਨੂੰ ਰਵਾਇਤੀ ਧਰਾਤਲ ਤੋਂ ਉੱਪਰ ਚੁੱਕ ਕੇ ਇਸ ਦੇ ਦਾਇਰੇ ਨੂੰ ਵਸੀਹ ਕਰ ਕੇ ਇਸ ਨੂੰ ਯੁੱਗ ਦੇ ਹਾਣ ਦੀ ਬਣਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਅੱਗੋਂ ਹੋਰ ਵੀ ਨਵੇਂ ਗ਼ਜ਼ਲਗੋ ਇਸ ਸਿਨਫ਼ ਵਿਚ ਨਵੀਆਂ ਪਲਾਂਘਾਂ ਪੁੱਟ ਰਹੇ ਹਨ। ਇਸ ਤਰ੍ਹਾਂ ਪੰਜਾਬੀ ਗ਼ਜ਼ਲ ਆਪਣੇ ਆਰੰਭ ਤੋਂ ਹੁਣ ਤੱਕ ਵਿਸ਼ੇ ਪੇਸ਼ਕਾਰੀ ਅਤੇ ਦ੍ਰਿਸ਼ਟੀ ਪੱਖੋਂ ਨਿਰੰਤਰ ਵਿਕਾਸਸ਼ੀਲ ਰਾਹਾਂ 'ਤੇ ਵੱਧਦੀ ਜਾ ਰਹੀ ਹੈ। ਗ਼ਜ਼ਲ ਵਿਚ ਆਸ਼ਿਕਾਨਾ, ਰਿਦਾਨਾ, ਪੈਮਾਨਾ

ਆਦਿ ਤੋਂ ਬਹੁਤ ਕੁੱਝ ਉੱਪਰ ਉੱਠ ਚੁੱਕਿਆ ਹੈ ਜਿਸ ਵਿਚ ਨਵੇਂ ਵਿਸ਼ਿਆਂ ਦਾ ਆਗਮਨ ਹੋ ਚੁੱਕਿਆ ਹੈ। ਗ਼ਜ਼ਲ ਅਜੋਕੇ ਭੱਖਵੇਂ ਸਮਾਜਿਕ ਮਸਲਿਆਂ ਤੇ ਗੱਲ ਕਰਦੀ ਦ੍ਰਿਸ਼ਟੀਮਾਨ ਹੋ ਰਹੀ ਹੈ ਜਿਸ ਵਿਚ ਆਰਥਿਕਤਾ, ਮਾਨਵੀ ਸੰਵੇਦਨਾ ਅਤੇ ਰਿਸ਼ਤਿਆਂ ਦਾ ਵੱਖਰੇਵਾਂ, ਰਾਜਨੀਤਿਕਤਾ, ਪਰਵਾਸ ਧਾਰਨ, ਨਾਰੀ ਦੀ ਹੋਂਦ ਅਜਿਹੇ ਵਿਸ਼ੇ ਹਨ ਜਿਨ੍ਹਾਂ ’ਤੇ ਅਜੋਕੇ ਗ਼ਜ਼ਲਕਾਰਾਂ ਨੇ ਬੇਬਾਕੀ ਨਾਲ ਰਚਨਾਵਾਂ ਪੇਸ਼ ਕੀਤੀਆਂ ਹਨ। ਜਿਨ੍ਹਾਂ ਦਾ ਵਰਣਨ ਖੋਜ-ਪ੍ਰਬੰਧ ਦੇ ਵਿਸ਼ੇ ‘ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਦਾ ਸਮਾਜ-ਸ਼ਾਸਤਰੀ ਅਧਿਐਨ’ ਵਿਚ ਕੀਤਾ ਗਿਆ ਹੈ।

. ਅੱਜ ਦਾ ਮਨੁੱਖ ਰਿਸ਼ਤਿਆਂ ਦੀ ਟੁੱਟ-ਭੱਜ, ਬੇਗਾਨਗੀ ਦਾ ਅਹਿਸਾਸ, ਮਨੁੱਖ ਦਾ ਬਦਲਦਾ ਵਜੂਦ ਜਿਹੇ ਬੇਵਿਸਾਹੀ ਦੇ ਆਲਮ ਵਿਚੋਂ ਗੁਜ਼ਰਦਾ ਹੋਇਆ ਸਮਾਜਿਕ, ਆਰਥਿਕ ਅਤੇ ਮਾਨਸਿਕ ਸੰਤਾਪ ਭੋਗਦਾ ਹੈ ਅਤੇ ਇਸ ਤ੍ਰਾਸਦੀ ਵਿਚੋਂ ਨਿਕਲਣ ਲਈ ਛਟਪਟਾਉਂਦਾ ਹੈ ਉਸ ਦੀ ਪੇਸ਼ਕਾਰੀ ਇਸ ਦੌਰ ਦੀ ਗ਼ਜ਼ਲ ਵਿਚ ਬਹੁਤ ਹੀ ਖ਼ੂਬਸੂਰਤੀ ਨਾਲ ਕੀਤੀ ਗਈ ਹੈ।

. ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਮੁੱਢ ਤੋਂ ਹੀ ਹੁਕਮਰਾਨ ਧਿਰ ਧਰਮ ਦੇ ਨਾਂ ’ਤੇ ਭੋਲੀ-ਭਾਲੀ ਮਨੁੱਖਤਾ ਦਾ ਸ਼ੋਸ਼ਣ ਕਰਦੀ ਆਈ ਹੈ। ਅਜੋਕੀ ਪੰਜਾਬੀ ਗ਼ਜ਼ਲ ਦੇ ਪ੍ਰਸੰਗ ਵਿਚ ਧਾਰਮਿਕ ਸ਼ੋਸ਼ਣ ਤੋਂ ਮਨੁੱਖ ਨੂੰ ਚੌਕੰਨਾ ਰਹਿਣ ਦੀ ਤਾਕੀਦ ਕੀਤੀ ਗਈ ਹੈ।

. ਰਾਜਨੀਤੀ ਵਿਚ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਵਚਨਬੱਧ ਜ਼ਿੰਮੇਵਾਰ ਸਰਕਾਰ ਹੀ ਆਪਣੇ ਫ਼ਰਜ਼ਾਂ ਤੋਂ ਮੁਨਕਰ ਹੋ ਚੁੱਕੀ ਹੈ। ਜਿਸ ਨਿਜ਼ਾਮ ਵਿਚ ‘ਚੋਰ’ ਅਤੇ ‘ਪਹਿਰੇਦਾਰ’ ਦੋਨੋਂ ਇਕ ਹੀ ਸਰਕਾਰ ਲਈ ਕੰਮ ਕਰਦੇ ਹੋਣ ਉੱਥੇ ਆਮ ਜਨਤਾ ਦੇ ਹਿੱਤਾਂ ਦੀ ਰਾਖੀ ਅਸੰਭਵ ਜਿਹੀ ਗੱਲ ਲੱਗਦੀ ਹੈ। ਇਸ ਦੌਰ ਦੀ ਗ਼ਜ਼ਲ ਵਿਚ ਰਾਜਨੀਤਿਕ ਵਰਤਾਰੇ ਦਾ ਇਹ ਸੱਚ ਗ਼ਜ਼ਲਕਾਰਾਂ ਵਲੋਂ ਬੇਬਾਕੀ ਨਾਲ ਬਿਆਨ ਕੀਤਾ ਗਿਆ ਹੈ।

. ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਵਿਚ ‘ਪਰਵਾਸ’ ਜਿਹੇ ਭੱਖਵੇਂ ਮਸਲੇ ’ਤੇ ਵੀ ਗ਼ਜ਼ਲਕਾਰਾਂ ਵਲੋਂ ਗ਼ਜ਼ਲਕਾਰੀ ਕੀਤੀ ਗਈ ਹੈ। ਪੰਜਾਬ ਕੀ ਪੂਰਾ ਭਾਰਤ ਹੀ ਵਿਦੇਸ਼ੀ ਚਮਕ-ਦਮਕ ਵੱਲ ਖਿੱਚਿਆ ਵਿਦੇਸ਼ੀ ਧਰਤੀ ਦਾ ਵਸਨੀਕ ਬਣਨ ਦੀ ਰੁਚੀ ਦਿਖਾ ਰਿਹਾ ਹੈ। ਪਰ ਪਰਦੇਸਾਂ ਵਿਚ ਰੋਜ਼ੀ-ਰੋਟੀ ਕਮਾਉਣ ਗਏ ਵਿਅਕਤੀ ਨੂੰ ਆਪਣੀ ਧਰਤੀ ਛੱਡ ਕੇ ਬਹੁਤ ਅਣਸੁਖਾਵਾਂ ਮਹਿਸੂਸ ਹੁੰਦਾ ਹੈ ਕਿਉਂ ਕਿ ਉੱਥੇ ਵਿਅਕਤੀ ਨੂੰ ਸਭਿਆਚਾਰਕ ਵਿਗੋਚਾ ਬੇਗਾਨਗੀ ਦੇ ਅਹਿਸਾਸ ਵੱਲ ਧੱਕਦਾ ਹੈ ਅਤੇ ਭੂ-ਹੇਰਵਾ, ਪੀੜ੍ਹੀ-ਪਾੜਾ, ਨਸਲੀ ਵਿਤਕਰਾ ਉਸ ਦੇ ਸਕੂਨ ਦਾ ਦੁਸ਼ਮਣ ਬਣ ਜਾਂਦਾ ਹੈ। ਉਸ ਲਈ ਹਰ ਪਲ ਬੇਗਾਨੀ ਧਰਤੀ ’ਤੇ ਬੇਗਾਨੇ ਲੋਕਾਂ ਵਿਚ ਘਿਰੇ ਹੋਣ ਦਾ ਅਹਿਸਾਸ ਤਕਲੀਫ਼ਦਾਇਕ ਬਣਦਾ ਰਹਿੰਦਾ ਹੈ। ਮਨੁੱਖ ਦੇ ਇਸ ਦਰਦ ਦੀ ਪੇਸ਼ਕਾਰੀ ਅਤੇ ਉਸ ਦੇ ਅਜਿਹੇ ਖ਼ਿਆਲਾਂ ਦਾ ਪ੍ਰਗਟਾਵਾ ਵੱਖ-ਵੱਖ ਗ਼ਜ਼ਲਕਾਰਾਂ ਵਲੋਂ ਆਪਣੀਆਂ ਗ਼ਜ਼ਲਾਂ ਰਾਹੀਂ ਕੀਤਾ ਗਿਆ ਹੈ।

. ਇੱਕੀਵੀਂ ਸਦੀ ਦੀ ਪੰਜਾਬੀ ਗ਼ਜ਼ਲ ਵਿਚ ਨਾਰੀਵਾਦ ’ਤੇ ਗ਼ਜ਼ਲਕਾਰੀ ਨਾ ਕੀਤੀ ਗਈ ਹੋਵੇ ਇਹ ਅਤਿਕਥਨੀ ਲੱਗਦੀ ਹੈ ਕਿਉਂ ਕਿ ਕਿਸੇ ਵੀ ਸਾਹਿਤ ਵਿਧਾ ਵਿਚ ਨਾਰੀ ਦੀ ਹੋਂਦ ਨੂੰ ਮਨਫ਼ੀ ਨਹੀਂ ਕੀਤਾ ਜਾ ਸਕਦਾ। ਹਰ ਦੌਰ ਵਿਚ ਹਰ ਵਿਧਾ ਦੀ ਸਿਰਜਣਾ ਦਾ ਵਿਸ਼ਾ ਹੀ ‘ਨਾਰੀ’ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਰਹੀ ਹੈ। ਜੇ ਕਰ ਗੱਲ ਕੋਮਲ ਤੇ ਸੂਖ਼ਮ ਭਾਵਾਂ ਵਾਲੀ ਗ਼ਜ਼ਲ ਦੀ ਹੋਵੇ ਤਾਂ ਨਾਰੀ ਤੋਂ ਬਿਨਾਂ ਤਾਂ ਗ਼ਜ਼ਲ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਕਿਉਂ ਕਿ

ਜਿਸ ਦੀ ਹੋਂਦ ਦਾ ਆਧਾਰ ਹੀ 'ਸੁਖ਼ਨ-ਬ-ਜ਼ਨਾ-ਕਰਦਨ' ਭਾਵ 'ਮਹਿਬੂਬ ਨਾਲ ਮੁਹੱਬਤ ਭਰੀ ਵਾਰਤਾਲਾਪ' ਤੋਂ ਹੈ ਜਿਸ ਵਿਚ ਬੁਨਿਆਦੀ ਤੌਰ 'ਤੇ ਗ਼ਜ਼ਲ ਕਹੀ ਹੀ ਔਰਤ ਨੂੰ ਜਾਂਦੀ ਹੈ।

. ਪਹਿਲੀ ਗ਼ਜ਼ਲ ਨਾਰੀ ਦੇ ਹੁਸਨ ਦੀ ਤਾਰੀਫ਼ ਤੱਕ ਹੀ ਸੀਮਿਤ ਸੀ ਪਰੰਤੂ ਅਜੋਕੀ ਗ਼ਜ਼ਲ ਸਮਾਜਿਕ, ਆਰਥਕ ਰਾਜਨੀਤਿਕ ਧਾਰਮਕ ਵਿਸ਼ਿਆਂ ਦੀ ਪੇਸ਼ਕਾਰੀ ਵੀ ਕਰਦੀ ਹੈ।

. ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ ਨੂੰ ਨਾਰੀਵਾਦੀ ਸਰੋਕਾਰਾਂ ਪ੍ਰਤੀ ਚੇਤੰਨਤਾ ਲਿਆਉਣ ਵਾਲੀ ਪ੍ਰਭਾਵਸ਼ਾਲੀ ਵਿਧਾ ਦੇ ਰੂਪ ਵਿਚ ਵੀ ਜਾਣਿਆ ਜਾਂਦਾ ਹੈ। ਸਮੇਂ-ਸਮੇਂ ਸਿਰ ਲਿਖੀ ਪੰਜਾਬੀ ਗ਼ਜ਼ਲ ਵਿਚ ਔਰਤ ਦੀ ਖ਼ੂਬਸੂਰਤੀ, ਅਦਾਵਾਂ, ਮੁਹੱਬਤ, ਮਹਿਬੂਬ ਨੂੰ ਪਾਉਣ ਦੀ ਤਾਂਘ ਨਾਲ ਭਰਪੂਰ ਖ਼ਿਆਲ ਪੇਸ਼ ਕੀਤੇ ਗਏ ਹਨ ਪਰ ਵਿਚਾਰਾਧੀਨ ਕਾਲ ਵਿਚ ਪੁਰਸ਼ ਸ਼ਾਇਰਾਂ ਨੇ ਔਰਤ ਦੀ ਸਮਾਜਿਕ, ਆਰਥਿਕ, ਮਨੋਵਿਗਿਆਨਕ ਦਸ਼ਾ ਬਿਆਨ ਕੀਤੀ ਹੈ ਤਾਂ ਇਸ ਦੇ ਸਮਾਨਾਂਤਰ ਹੀ ਇਸਤਰੀ ਗ਼ਜ਼ਲਕਾਰਾਂ ਅਤੇ ਕਵਿੱਤਰੀਆਂ ਨੇ ਵੀ ਇਸ ਸਿਨਫ਼ ਦੀ ਸਿਰਜਣਾ ਵਿਚ ਜ਼ਿਕਰਯੋਗ ਯੋਗਦਾਨ ਪਾਇਆ ਹੈ। ਇਹਨਾਂ ਲੇਖਕਾਂ ਨੇ ਅਜੋਕੀ ਔਰਤ ਦੇ ਪਛਾਣ-ਮੂਲਕ ਅਤੇ ਹੋਂਦ-ਮੂਲਕ ਮਸਲੇ ਆਪਣੀਆਂ ਰਚਨਾਵਾਂ ਰਾਹੀਂ ਸਮਾਜ ਦੇ ਸਮਨੁੱਖ ਰੱਖੇ ਹਨ।

. ਗ਼ਜ਼ਲਕਾਰਾਂ ਨੇ ਭਾਵ-ਪ੍ਰਗਟਾਵੇ ਲਈ ਵਿਭਿੰਨ ਵਿਧੀਆਂ ਦੀ ਵਰਤੋਂ ਕੀਤੀ ਹੈ। ਸਵੈ-ਕਥਨ, ਸੰਬੋਧਨੀ ਸ਼ੈਲੀ, ਪ੍ਰਸ਼ਨੋਤਰੀ ਸ਼ੈਲੀ ਆਦਿ ਵਿਧੀਆਂ ਅਜੋਕੀ ਪੰਜਾਬੀ ਗ਼ਜ਼ਲ ਨੂੰ ਵਿਲੱਖਣ ਦਿੱਖ ਪ੍ਰਦਾਨ ਕਰਦੀਆਂ ਹਨ ਅਤੇ ਵੱਖ-ਵੱਖ ਸ਼ਾਇਰਾਂ ਦੀ ਬਿਆਨਕਾਰੀ ਨੂੰ ਵੀ ਰਲਗੱਡ ਨਹੀਂ ਹੋਣ ਦਿੰਦੀਆਂ।

. ਇੱਕੀਵੀਂ ਸਦੀ ਦੀ ਪੰਜਾਬੀ ਗ਼ਜ਼ਲ ਦਾ ਸਮਾਜ-ਸ਼ਾਸਤਰੀ ਪੱਖ ਤੋਂ ਅਧਿਐਨ ਕਰਦੇ ਦੇਖਿਆ ਹੈ ਕਿ ਸੰਵੇਦਨਹੀਣ ਮਨੁੱਖ ਸਵੈ-ਕੇਂਦਰਿਤ ਹੋਂਦ ਦੀ ਹੋਣੀ ਦਾ ਸ਼ਿਕਾਰ ਹੈ।

. ਆਰਥਿਕ ਮੰਦਹਾਲੀ ਭਰਿਆ ਜੀਵਨ ਜੀ ਰਿਹਾ ਮਨੁੱਖ ਸਮਾਜਿਕ ਮਸਲਿਆਂ ਦੀ ਤ੍ਰਾਸਦੀ ਵਿਚ ਆਪਣੇ ਆਪ ਨੂੰ ਗ੍ਰਸਤ ਮਹਿਸੂਸ ਕਰ ਰਿਹਾ ਹੈ। ਮਨੁੱਖ ਦੀ ਇਸ ਤਰ੍ਹਾਂ ਦੀ ਹਾਲਤ ਬਿਆਨ ਕਰਦੀਆਂ ਵੱਖ-ਵੱਲ਼ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਹਨ ਜਿਨ੍ਹਾਂ ਵਿਚ ਗੁਰਭਜਨ ਗਿੱਲ, ਜਗਵਿੰਦਰ ਜੋਧਾ, ਜਸਵਿੰਦਰ, ਪਰਵਾਸੀ ਗ਼ਜ਼ਲਗੋ ਸੁਰਜੀਤ ਸਖੀ, ਗੌਤਮ, ਅਜ਼ੀਮ ਸ਼ੇਖ਼ਰ ਅਤੇ ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਹਨ।

. ਅਜੋਕੇ ਮਨੁੱਖ ਵਿਚ ਧਾਰਮਿਕਤਾ ਤੋਂ ਮੋਹ ਭੰਗ ਹੋ ਚੁੱਕਿਆ ਹੈ ਕਿਉਂ ਕੁੱਝ ਧਾਰਮਿਕ ਆਗੂ ਲੋਕਾਂ ਨੂੰ ਧਰਮ ਦੇ ਨਾਮ ਤੇ ਇਕ ਦੂਜੇ ਨਾਲ ਲੜਾਉਂਦੇ ਹਨ। ਉਹਨਾਂ ਵਿਚ ਆਪਸੀ ਫ਼ੁੱਟ ਪੈਦਾ ਕੀਤੀ ਜਾਂਦੀ ਹੈ। ਧਾਰਮਿਕ ਸਮੱਸਿਆਵਾਂ ਨੂੰ ਪੰਜਾਬੀ ਗ਼ਜ਼ਲਗੋ ਸਤੀਸ਼ ਗੁਲਾਟੀ ਅਤੇ ਪਰਵਾਸੀ ਗ਼ਜ਼ਲਗੋ ਗੌਤਮ ਨੇ ਆਪਣੀਆਂ ਗ਼ਜ਼ਲਾਂ ਵਿਚ ਬਾਖ਼ੂਬੀ ਚਿਤਰਿਆ ਹੈ।

ਰਾਜਨੀਤੀ ਤੋਂ ਨਿਰਾਸ਼ਾ ਅਤੇ ਅਜੋਕੀ ਨਿਆਂ ਪ੍ਰਣਾਲੀ ਵਿਚ ਮੁਕੰਮਲ ਅਵਿਸ਼ਵਾਸ ਤਾਂ ਹੈ ਇਸ ਸਭ ਦੇ ਬਾਵਜੂਦ ਵੀ ਉਸ ਕੋਲ ਆਸ਼ਾਵਾਦੀ ਨਜ਼ਰੀਆ ਹੈ ਜੋ ਆਦਰਸ਼ ਸੰਸਾਰ ਦੀ ਕਲਪਨਾ ਕਰਦਾ ਨਜ਼ਰ ਆਉਂਦਾ ਹੈ। ਇਸ ਸਬੰਧ

ਵਿਚ ਵਿਸ਼ੇ ਨਾਲ ਸਬੰਧਤ ਗ਼ਜ਼ਲਕਾਰਾਂ ਨੇ ਆਪਣੀਆਂ ਗ਼ਜ਼ਲਾਂ ਰਾਹੀਂ ਰਾਜਨੀਤੀ ਦੇ ਭੱਖਵੇਂ ਮਸਲੇ ਨੂੰ ਚਿਤਰਿਤ ਕੀਤਾ ਹੈ।

. ਅਜੋਕੀ ਪੰਜਾਬੀ ਗ਼ਜ਼ਲ ਦੇ ਰਾਜਸੀ ਅਤੇ ਪਰਵਾਸੀ ਵਰਤਾਰਿਆਂ ਦਾ ਅਧਿਐਨ ਕਰ ਕੇ ਪਾਠਕਾਂ ਅਤੇ ਲੋਕਾਂ ਨੂੰ ਇਸ ਦੇ ਪ੍ਰਭਾਵਾਂ ਤੋਂ ਅਵਗਤ ਕਰਵਾਉਣਾ ਤਾਂ ਜੋ ਉਹ ਉਸ ਦੇ ਚੰਗੇ ਅਤੇ ਮਾੜੇ ਪ੍ਰਭਾਵਾਂ ਨੂੰ ਚੰਗੀ ਤਰ੍ਹਾਂ ਸਮਝਣ ਦੇ ਸਮਰੱਥ ਹੋ ਸਕਣ ਅਤੇ ਇਸ ਅਧੀਨ ਹੋਰ ਨਵੇਂ ਕਦਮ ਚੁੱਕੇ ਜਾਣ।

. ਅਜੋਕੀ ਪੰਜਾਬੀ ਗ਼ਜ਼ਲ ਵਿਚ ਨਾਰੀਵਾਦ ਦੇ ਸਰੂਪ ਅਤੇ ਸਰੋਕਾਰਾਂ ਦੀ ਨਿਸ਼ਾਨਦੇਹੀ ਕਰ ਕੇ ਉਸ ਦੇ ਪ੍ਰਭਾਵਾਂ ਨੂੰ ਪਾਠਕਾਂ ਦੇ ਸਨਮੁੱਖ ਰੱਖਿਆ। ਇਸ ਸਬੰਧ ਵਿਚ ਭਾਰਤੀ ਗ਼ਜ਼ਲਕਾਰ ਸੁਖਵਿੰਦਰ ਅੰਮ੍ਰਿਤ, ਜਗਵਿੰਦਰ ਜੋਧਾ, ਸਤੀਸ਼ ਗੁਲਾਟੀ, ਪਰਵਾਸੀ ਗ਼ਜ਼ਲਕਾਰ ਸੁਰਜੀਤ ਸਖੀ, ਅਜ਼ੀਮ ਸ਼ੇਖ਼ਰ, ਗੌਤਮ ਅਤੇ ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਨੇ ਆਪਣੀਆਂ ਗ਼ਜ਼ਲਾਂ ਦੇ ਸ਼ਿਆਰਾਂ ਵਿਚ ਨਾਰੀਵਾਦ ਦੀ ਤਸਵੀਰ ਨੂੰ ਪੇਸ਼ ਕੀਤਾ ਹੈ।

. ਵਿਸ਼ੇ ਨਾਲ ਸਬੰਧਤ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਦਾ ਤੁਲਨਾਤਮਕ ਅਧਿਐਨ ਕਰ ਕੇ ਉਹਨਾਂ ਦੁਆਰਾ ਵਰਤੀ ਭਾਸ਼ਾ, ਸ਼ੈਲੀ, ਵਿਸ਼ੇ ਅਤੇ ਕਲਾ ਪੱਖ ਤੋਂ ਪਾਠਕਾਂ ਦਾ ਧਿਆਨ ਕੇਂਦਰਿਤ ਕਰਵਾਇਆ।

. ਹਰ ਕਿਸੇ ਦਾ ਰਚਨਾ ਢੰਗ ਇਕ ਸਮਾਨ ਨਹੀਂ ਹੁੰਦਾ। ਖੋਜ-ਪ੍ਰਬੰਧ ਨਾਲ ਸਬੰਧਤ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਵਿਚ ਵਿਸ਼ੇ ਪੱਖੋਂ ਸਮਾਨਤਾ ਵੇਖੀ ਗਈ। ਸਾਰੇ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਵਿਚ ਅਜੋਕੇ ਭੱਖਵੇਂ ਮਸਲਿਆਂ ਦੀ ਤਸਵੀਰ ਨੂੰ ਪੇਸ਼ ਕੀਤਾ। ਇਸ ਵਿਸ਼ੇ ਨਾਲ ਸਬੰਧਿਤ ਗ਼ਜ਼ਲਕਾਰਾਂ ਦੀ ਗ਼ਜ਼ਲਾਂ ਵਿਚ ਵਿਸ਼ੇ ਪੱਖੋਂ (ਸਮਾਜਿਕ, ਧਾਰਮਿਕ, ਨਾਰੀਵਾਦੀ, ਪਰਵਾਸੀ, ਆਰਥਿਕ, ਰਾਜਨੀਤਿਕ) ਤਾਂ ਸਮਾਨਤਾ ਹੈ ਪਰ ਕਲਾ ਪੱਖੋਂ ਅਸਮਾਨਤਾਵਾਂ ਵੀ ਮਿਲਦੀਆਂ ਹਨ। ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਵਿਚ ਭਾਸ਼ਾ ਦੀ ਅਸਮਾਨਤਾ, ਸ਼ੈਲੀ, ਬਿੰਬਾਵਲੀ, ਅਲੰਕਾਰ ਆਦਿ।

. ਵੱਖ-ਵੱਖ ਸ਼ਾਇਰਾਂ ਵਲੋਂ ਉਹਨਾਂ ਦੀਆਂ ਆਪਣੀਆਂ ਰਚਨਾਵਾਂ ਵਿਚ ਪੰਜਾਬੀ ਤੋਂ ਬਿਨਾਂ ਹਿੰਦੀ, ਉਰਦੂ ਅਤੇ ਅੰਗਰੇਜ਼ੀ ਸ਼ਬਦਾਂ ਦੀ ਬਹੁਤਾਂਤ ਮਿਲਦੀ ਹੈ। ਭਾਰਤੀ ਗ਼ਜ਼ਲਗੋ ਬਰਜਿੰਦਰ ਚੌਹਾਨ ਅਤੇ ਪਰਵਾਸੀ ਗ਼ਜ਼ਲਗੋ ਗੌਤਮ ਦੀਆਂ ਗ਼ਜ਼ਲਾਂ ਵਿਚ ਅੰਗਰੇਜ਼ੀ ਭਾਸ਼ਾ ਵੇਖਣ ਨੂੰ ਮਿਲਦੀ ਹੈ। ਸਾਹਿਤ ਅਕਾਦਮੀ ਸਨਮਾਨ ਨਾਲ ਸਨਮਾਨਿਤ ਜਸਵਿੰਦਰ ਅਤੇ ਪਰਵਾਸੀ ਗ਼ਜ਼ਲਗੋ ਗੌਤਮ ਅਤੇ ਪਾਕਿਸਤਾਨੀ ਸ਼ਾਇਰਾ ਤਾਹਿਰਾ ਸਰਾ ਦੀਆਂ ਗ਼ਜ਼ਲਾਂ ਵਿਚ ਉਰਦੂ ਦੇ ਸ਼ਬਦਾਂ ਦੀ ਬਹੁਤਾਤ ਮਿਲਦੀ ਹੈ।

. ਤੁਲਨਾਤਮਕ ਵਿਸ਼ੇ ਪੱਖੋਂ ਦੇਖਿਆ ਜਾਵੇ ਤਾਂ ਪਰਵਾਸੀ ਗ਼ਜ਼ਲਕਾਰ ਸੁਰਿੰਦਰ ਸੀਰਤ, ਗੌਤਮ ਅਤੇ ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਦੀਆਂ ਗ਼ਜ਼ਲਾਂ ਵਿਚ ਸਵੈ ਕਥਨ ਸ਼ੈਲੀ ਮਿਲਦੀ ਹੈ।

. ਪਰਵਾਸੀ ਗ਼ਜ਼ਲਗੋ ਗੌਤਮ ਅਤੇ ਪਾਕਿਸਤਾਨੀ ਗ਼ਜ਼ਲਕਾਰਾ ਤਾਹਿਰਾ ਸਰਾ ਦੀਆਂ ਗ਼ਜ਼ਲਾਂ ਵਿਚ ਪ੍ਰਸ਼ਨੋਤਰੀ ਅਤੇ ਸੰਬੋਧਨੀ ਸ਼ੈਲੀ ਵੇਖਣ ਨੂੰ ਮਿਲਦੀ ਹੈ।

. ਸਾਹਿਤ ਅਤੇ ਸਮਾਜ ਦੇ ਅੰਤਰ ਸਬੰਧਾਂ ਤੋਂ ਪੈਦਾ ਹੋਏ ਪਰਿਪੇਖਾਂ ਦਾ ਸਮਾਜ-ਸ਼ਾਸਤਰੀ ਵਿਧੀ ਰਾਹੀਂ ਅਧਿਐਨ ਕਰ ਕੇ ਪਾਠਕਾਂ ਤੱਕ ਪਹੁੰਚਾਉਣ ਦਾ ਯਤਨ ਕਰਵਾਉਣਾ।

# ਪੁਸਤਕ ਸੂਚੀ

## ਪੰਜਾਬੀ ਪੁਸਤਕਾਂ


- ਓਮ ਪ੍ਰਕਾਸ਼. *ਅਲੰਕਾਰ ਵਿਧਾਨ*. ਪੰਜਾਬ ਯੂਨੀਵਰਸਿਟੀ ਟੈਕਸਟ ਬੁੱਕ-ਬੋਰਡ, ਚੰਡੀਗੜ, 1979.
- ਅਹੂਜਾ, ਰੌਸ਼ਨ ਲਾਲ (ਡਾ.). *ਸਾਹਿਤ ਸ਼ਾਸਤਰ*. ਹਿੰਦੀ ਪਬਲਿਸ਼ਰਜ਼ ਲਿਮਟਿਡ, ਜਲੰਧਰ, 1963.
- ਆਤਮਜੀਤ ਸਿੰਘ. *ਸਾਹਿਤ ਮੁਲਾਂਕਣ*. ਲਾਹੌਰ ਬੁੱਕ ਸ਼ਾਪ, ਲੁਧਿਆਣਾ, 1964.
- ਅਤਰ ਸਿੰਘ. *ਸਾਹਿਤ ਸੰਵੇਦਨਾ*. ਰਘਬੀਰ ਪ੍ਰਕਾਸ਼ਨ, ਚੰਡੀਗੜ੍ਹ, 1995.
- ਅੰਮ੍ਰਿਤ, ਸੁਖਵਿੰਦਰ. *ਪੁੰਨਿਆਂ*. ਲ਼ੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014.
- ਸੀਰਤ, ਸੁਰਿੰਦਰ. *ਅਰੂਪੇ ਅੱਖਰਾਂ ਦਾ ਅਕਸ*. ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2017.
- ਸਖੀ, ਸੁਰਜੀਤ. *ਧੁੰਦ*. ਚੇਤਨਾ ਪ੍ਰਕਾਸ਼ਨ, ਲੁਧਿਆਣਾ, 2018.
- ਸਰਾ, ਤਾਹਿਰਾ. *ਸ਼ੀਸ਼ਾ*. ਚੇਤਨਾ ਪ੍ਰਕਾਸ਼ਨ, ਲੁਧਿਆਣਾ, 2019.
- ਸਾਨੀ, ਜ਼ਰੀਨਾ. *ਆਈਨਾ-ਏ.ਗ਼ਜ਼ਲ*. ਸ਼੍ਰੀ ਮੰਗੇਸ਼ ਪ੍ਰਕਾਸ਼ਨ, ਨਾਗਪੁਰ, 1991.
- ਸਵਰਨ ਚੰਦਨ. *ਸੰਵੇਦਨਾ ਤੇ ਸਾਹਿਤ*. ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1983.
- ਸਚਦੇਵਾ. *ਸਮਾਜ ਵਿਗਿਆਨ*. ਪੈਪਸੂ ਬੁੱਕ ਡੀਪੂ, ਪਟਿਆਲਾ, 1982.
- ਸਤਿੰਦਰ ਸਿੰਘ. *ਤੁਲਨਾਤਮਕ ਭਾਰਤੀ ਸਾਹਿਤ*. ਗੁਰੁ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿੰਤਸਰ, 1990.
- ਹਮਦਰਦ, ਸਾਧੂ ਸਿੰਘ. *.ਗ਼ਜ਼ਲ ਜਨਮ ਤੇ ਵਿਕਾਸ.* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1984.
- ਹਰਭਜਨ ਸਿੰਘ. *ਸਾਹਿਤ ਅਧਿਐਨ*. ਗੁਰੁ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿੰਤਸਰ, 2002.
- ਹਰਪ੍ਰੀਤ ਕੌਰ. *ਨਾਰੀਵਾਦ*, ਲੋਕਗੀਤ ਪ੍ਰਕਾਸ਼ਨ, ਚੰਡੀਗੜ, 2003.
- ਕਿਸ਼ਨ ਸਿੰਘ. *ਸਾਹਿਤ ਦੀ ਸਮਝ*. ਸੇਧ ਪ੍ਰਕਾਸ਼ਨ, ਨਵੀਂ ਦਿੱਲੀ, 1974.
- ਕੰਚਨ ਸਿੰਘ. *.ਗ਼ਜ਼ਲ ਅਧਿਐਨ*. ਚੇਤਨਾ ਪ੍ਰਕਾਸ਼ਨ, ਲੁਧਿਆਣਾ, 2000.
- ਗੋਬਿੰਦਪੁਰੀ, ਚਾਨਣ. *ਪੰਜਾਬੀ .ਗ਼ਜ਼ਲ*. ਨੈਸ਼ਨਲ ਬੁਕ ਸ਼ਾਪ, ਦਿੱਲੀ, 1992.
- ਗੁਲਾਟੀ, ਸਤੀਸ਼. *ਚੁੱਪ ਜਿਹਾ ਸੰਵਾਦ*. ਚੇਤਨਾ ਪ੍ਰਕਾਸ਼ਨ, ਲੁਧਿਆਣਾ, 2016.
- ਗਿੱਲ, ਗੁਰਭਜਨ. *ਮਿਰਗਾਵਲੀ*. ਸੰਗਮ ਪਬਲੀਕੇਸ਼ਨਸ, ਪਟਿਆਲਾ, 2015.
- ਗਿੱਲ, ਗੁਰਭਜਨ. *ਗੁਲਨਾਰ*. ਸੰਗਮ ਪਬਲੀਕੇਸ਼ਨਸ, ਪਟਿਆਲਾ, 2016.
- ਗਿੱਲ, ਗੁਰਭਜਨ. *ਰਾਵੀ*. ਸੰਗਮ ਪਬਲੀਕੇਸ਼ਨਸ, ਪਟਿਆਲਾ, 2017.
- ਗੌਤਮ. *ਸੁਪਨੇ ਸੌਣ ਨਾ ਦਿੰਦੇ*. ਲਾਹੌਰ ਬੁੱਕ ਸ਼ਾਪ, ਲੁਧਿਆਣਾ, 2020.
- ਗੁਰਜੰਟ ਸਿੰਘ. *ਮਨੋਵਿਸ਼ਲੇਸ਼ਣਾਤਮਕ ਸਾਹਿਤ ਚਿੰਤਨ*. ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.
- ਚੌਹਾਨ, ਬਰਜਿੰਦਰ. *ਸ਼ਫ਼ਰ ਦੀ ਖ਼ੁਸ਼ਬੂ*. ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.

- ਜੋਸ਼ੀ, ਜੀਤ ਸਿੰਘ. *ਪੰਜਾਬੀ ਅਧਿਐਨ ਅਤੇ ਅਧਿਆਪਨ ਬਦਲਦੇ ਪਰਿਪੇਖ*. ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2004.
- ਜੋਗਿੰਦਰ ਸਿੰਘ. *ਪਿੰਗਲ ਤੇ ਅਰੂਜ਼*. ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1960.
- ਜਗਤਾਰ (ਡਾ.). *ਚਿੱਟਾ ਘਾਹ ਧੁਆਂਖੀਆਂ ਧੁੱਪਾਂ*. ਨਿਊਜ਼ ਬੁੱਕ ਸੈਂਟਰ, ਅਮ੍ਰਿੰਤਸਰ, 1976.
    - ਜਸਵਿੰਦਰ. *ਅਗਰਬੱਤੀ*. ਚੇਤਨਾ ਪ੍ਰਕਾਸ਼ਨ, ਲੁਧਿਆਣਾ, 2014.
    - ਜੋਧਾ, ਜਗਵਿੰਦਰ. *ਸਾਰੰਗੀ*. ਚੇਤਨਾਪ੍ਰਕਾਸ਼ਨ, ਲੁਧਿਆਣਾ, 2012.
    - ਜੋਧਾ, ਜਗਵਿੰਦਰ. *ਬੇਤਰਤੀਬੀਆਂ*. ਚੇਤਨਾਪ੍ਰਕਾਸ਼ਨ, ਲੁਧਿਆਣਾ, 2018.
    - ਜੈਤੋਈ, ਦੀਪਕ. *.ਗ਼ਜ਼ਲ ਕੀ ਹੈ?.* ਲਿਟਰੇਚਰ ਹਾਊਸ ਪੁਤਲੀ ਘਰ, ਅੰਮ੍ਰਿਤਸਰ, 1982.
    - ਜਸਵਿੰਦਰ ਸਿੰਘ. *ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ*. ਚੇਤਨਾ ਪ੍ਰਕਾਸ਼ਨ, ਲੁਧਿਆਣਾ, 2000.
    - ਡੇਵਿਸ, ਕਿੰਗਜ਼ਲੇ. *ਮਨੁੱਖੀ ਸਮਾਜ*. (ਅਨੁਵਾਦ.). ਡਾ. ਪ੍ਰਕਾਸ਼ ਸਿੰਘ ਜੰਮੂ. ਪੰਜਾਬੀ ਯੂਨੀਵਰਸਿਟੀ. ਪਟਿਆਲਾ, 1971.
    - ਤਖ਼ਤ ਸਿੰਘ (ਪ੍ਰਿ.). *ਮੇਰੀ .ਗ਼ਜ਼ਲ ਯਾਤਰਾ*. ਰਾਈਟਰਜ਼ ਪ੍ਰੈਸ, ਲੁਧਿਆਣਾ, 1974.
    - ਤਰਸੇਮ, ਐਸ. *.ਗ਼ਜ਼ਲ ਅਰੂਜ਼ ਤੇ ਪਿੰਗਲ*. ਲਾਹੌਰ ਬੁੱਕ ਸ਼ਾਪ, ਲੁਧਿਆਣਾ, 2002.
    - ਦੀਵਾਨ ਸਿੰਘ. *.ਗ਼ਜ਼ਲ ਅਤੇ ਪੰਜਾਬੀ .ਗ਼ਜ਼ਲ*. ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2001.
    - ਦੀਪ, ਦਲੀਪ ਸਿੰਘ. *ਬਿੰਬ ਵਿਧਾਨ*. ਪੰਜਾਬ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1976.
    - ਧੀਰ, ਕੁਲਦੀਪ ਸਿੰਘ. *ਤੁਲਨਾਤਮਕ ਸਾਹਿਤ ਸ਼ਾਸਤਰ*. ਪਬਲੀਕੇਸ਼ਨ ਬਿਊਰੋ. ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.
    - ਨਰੇਸ਼ (ਡਾ.). *.ਗ਼ਜ਼ਲ ਦੀ ਪਰਖ*. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1983.
    - ਨਰਿੰਦਰ ਕੌਰ.*ਐਸ. ਤਰਸੇਮ .ਗ਼ਜ਼ਲ ਰਚਨਾ*. ਪੰਜਾਬੀ ਕਲਾ ਕੇਂਦਰ, ਮਲੇਰਕੋਟਲਾ, 2000.
    - ਪ੍ਰੇਮ ਪ੍ਰਕਾਸ਼ ਸਿੰਘ. *ਭਾਰਤੀ ਕਾਵਿ-ਸ਼ਾਸਤਰ*. ਲਾਹੌਰ ਬੁੱਕ ਸ਼ਾਪ, ਲੁਧਿਆਣਾ, 1976.
    - ਪਿਆਰ ਸਿੰਘ. *ਖੋਜ: ਸਿਧਾਂਤ ਤੇ ਵਿਹਾਰ*. ਪਬਲੀਕੇਸ਼ਨ ਬਿਊਰੋ. ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.
    - ਫ਼ਰਾਇਡ, ਸਿੰਗਮੰਡ. *ਰਚਨਾਤਮਕ ਸਾਹਿਤ ਤੇ ਮਨੋਵਿਸ਼ਲੇਸ਼ਣ*. (ਅਨੁਵਾਦ.) ਹਰਜੀਤ ਸਿੰਘ ਮਾਂਗਟ. ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, 2003.
    - ਫ਼ਰੈਂਕ, ਗੁਰਬਖ਼ਸ਼ ਸਿੰਘ. *ਸਭਿਆਚਾਰ ਅਤੇ ਪੰਜਾਬੀ ਸਭਿਆਚਾਰ*. ਡਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2004.
    - ਬਟੋਮੋਰ, ਟੀ. ਬੀ. *ਸਮਾਜ ਵਿਗਿਆਨ ਦੀਆਂ ਸਮੱਸਿਆਵਾਂ ਤੇ ਸਾਹਿਤ ਨਾਲ ਜਾਣ-ਪਛਾਣ* (ਅਨੁਵਾਦ.). ਪ੍ਰਕਾਸ਼ ਸਿੰਘ. ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.

- ਭਾਰਤੀ, ਠਾਕੁਰ. *ਮੇਰੀ ਗ਼ਜ਼ਲ.* ਪ੍ਰਤਿਭਾ ਪ੍ਰਕਾਸ਼ਨ, ਹੁਸ਼ਿਆਰਪੁਰ, 1971.
- ਰਾਏ, ਡੀ. ਬੀ. *ਪੰਜਾਬੀ ਛੰਦ ਤੇ ਅਲੰਕਾਰ.* ਨਿਉ ਅਕੈਡਮਿਕ ਪਬਲਿਸ਼ਿੰਗ ਕੰਪਨੀ, ਜਲੰਧਰ, 1979.
- ਵਿਨੋਦ, ਟੀ. ਆਰ. *ਸਾਹਿਤ ਸਿਧਾਂਤ.* ਮਾਲਵਾ ਪ੍ਰਕਾਸ਼ਨ, ਫ਼ਰੀਦਕੋਟ, 1978.
- ਸ਼ੇਖਰ, ਅਜ਼ੀਮ. *ਹਵਾ ਨਾਲ ਖੁੱਲ੍ਹਦੇ ਬੂਹੇ.* ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011.

**ਹਿੰਦੀ ਪੁਸਤਕਾਂ:**

- ਗੌਤਮ, ਵੀ.ਡੀ. *ਸਮਾਜਿਕ ਪੁਨਰ ਨਿਰਮਾਣ ਕਾ ਸਮਾਜ ਸ਼ਾਸਤਰ ਔਰ ਸਾਹਿਤਯ.* ਸੀਤਾ ਪ੍ਰਕਾਸ਼ਨ, ਦਿੱਲੀ, 1987.
- ਨਿਵਾਸ, ਸ਼੍ਰੀ. ਐਮ. ਐਲ. *ਆਧੁਨਿਕ ਭਾਰਤ ਮੇਂ ਸਾਮਾਜਿਕ ਪਰਿਵਰਤਨ.* ਰਾਮ ਕਮਲ ਪ੍ਰਕਾਸ਼ਨ, ਨਵੀਂ ਦਿੱਲੀ, 1975.
- ਪਾਂਡੇ, ਮੈਨੇਜਰ. *ਸਾਹਿਤਯ ਕੇ ਸਮਾਜ-ਸ਼ਾਸਤਰ ਕੀ ਭੂਮਿਕਾ.* ਹਰਿਆਣਾ ਸਾਹਿਤ ਅਕਾਦਮੀ, ਪੰਚਕੁਲਾ, 2001.
- ਯਾਦਵ, ਰਾਜਿੰਦਰ. *ਸਵਰੂਪ ਔਰ ਸੰਵੇਦਨਾ.* ਨੈਸ਼ਨਲ ਪਬਲੀਸ਼ਰਜ਼, ਦਿੱਲੀ, 1968.

**ਅੰਗਰੇਜ਼ੀ ਪੁਸਤਕਾਂ:**

- Marx and Engles. *On Literature And Art.* Progress Publishers. Moscow, 1973.
- Williams, Raymond. *Marxism and Literature*. Oxford University Press, 1977.
- The Penguin Dictionary of Literature Terms and Literary Theory. Penguin Books, 1999.

ਕੋਸ਼

- ਮਿਸ਼ਰਾ, ਅਵਦੇਸ਼. *ਬਿਹਤਰੀਨ ਉਰਦੂ ਸ਼ਾਇਰੀ.* ਤਜ਼ਮ-ਏ. ਅਦੀਬਾਂ, ਇਲਾਹਾਬਾਦ, 1980.
- ਨਾਭਾ, ਕਾਹਨ ਸਿੰਘ. *ਮਹਾਨਕੋਸ਼.* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1960.
- *ਪੰਜਾਬੀ ਸਾਹਿਤ ਕੋਸ਼.* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.
- *ਫ਼ਾਰਸੀ ਪੰਜਾਬੀ ਕੋਸ਼.* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.
- *ਉਰਦੂ ਹਿੰਦੀ ਸ਼ਬਦ ਕੋਸ਼.* ਉੱਤਰ ਪ੍ਰਦੇਸ਼ ਹਿੰਦੀ ਸੰਸਥਾਨ, ਲਖਨਊ, 2001.